

**Reo-Bankowned Properties**
From San Jose to Sacramento
Call Master of Winners in Multiple Offers
510-304-9292
JASSI GILL
Broker/Owner
GOLDEN STATE REALTY

**Hardeep S.Rai** Attorney-at-Law
ਇੰਮੀਗਰੇਸ਼ਨ ਵਕੀਲ
➡ਨੌਵੀਂ ਸਰਕਟ ਕੋਰਟ ➡ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ ➡ਇਮੀਗ੍ਰੇਸ਼ਨ ਕੋਰਟ ਦੇ ਕੇਸ
➡ਡਿਪੋਰਟੇਸ਼ਨ ਦੇ ਕੇਸ ➡ਫੈਮਿਲੀ ਪਟੀਸ਼ਨਾਂ ➡ਲੇਬਰ ਦੇ ਕੇਸ ➡ਅਮੈਰਿਕਨ ਅੰਬੈਸੀ ਦੇ ਕੇਸ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Tenth Year in Publication    ਕੈਲੇਫੋਰਨੀਆ ਐਡੀਸ਼ਨ    Price 50¢
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 10, Issue 49, December 5, 2009    20451 N Plum Grove Rd. Palatine, IL 60074    Ph:847-359-0746, Fax:847-705-9388


## ਦੁਬਈ ਦੇ ਅਖੌਤੀ ਵਿਕਾਸ ਦਾ ਬੁਲਬੁਲਾ ਵੀ ਫਟਿਆ

**ਅਮਰਜੀਤ ਸਿੰਘ**

ਦੁਬਈ ਵਿਚ ਕਰਜ਼ ਅਦਾਇਗੀ ਵਿਚ ਦੇਰੀ ਦੀ ਸਮੱਸਿਆ ਨੇ ਆਰਥਿਕ ਮੰਦੇ ਤੋਂ ਉਭਰ ਰਹੇ ਦੁਨੀਆਂ ਭਰ ਦੇ ਅਰਥਚਾਰਿਆਂ ਨੂੰ ਸਖਤ ਝਟਕਾ ਦਿੱਤਾ ਹੈ। ਇਸ ਦਾ ਅਸਰ ਏਸ਼ੀਆਈ ਸ਼ੇਅਰ ਬਾਜ਼ਾਰ 'ਤੇ ਵੀ ਦੇਖਣ ਨੂੰ ਮਿਲਿਆ ਹੈ। ਬੈਂਕਿੰਗ ਅਤੇ ਰਿਐਲਟੀ ਖੇਤਰ ਦੀਆਂ ਕੰਪਨੀਆਂ ਨੂੰ ਭਾਰੀ



ਨੁਕਸਾਨ ਉਠਾਉਣਾ ਪੈ ਰਿਹਾ ਹੈ। ਵਿਸ਼ਵ ਅਰਥਵਿਵਸਥਾ ਦਾ ਆਪਣੇ ਮੰਦਵਾੜੇ ਦੇ ਦੌਰ ਵਿਚੋਂ ਨਿਕਲਣਾ ਹੋਰ ਔਖਾ ਹੁੰਦਾ ਮਹਿਸੂਸ ਹੋ ਰਿਹਾ ਹੈ।

ਭਾਵੇਂ ਵੱਖ-ਵੱਖ ਦੇਸ਼ਾਂ ਵਲੋਂ ਆਰਥਿਕ ਸੰਕਟ ਦਾ ਮੁਕਾਬਲਾ ਕਰਨ ਲਈ ਕਾਰਪੋਰੇਟ ਜਗਤ ਨੂੰ ਦਿੱਤੇ ਅਰਬਾਂ ਡਾਲਰਾਂ ਨਾਲ ਕਾਰਪੋਰੇਟ ਜਗਤ ਦੇ ਅਧਿਕਾਰੀ ਮੁੜ ਖੁਸ਼ਹਾਲੀ ਨੂੰ ਮੂੰਹ ਮਾਰਨ ਲੱਗੇ ਹਨ ਪਰ ਉਹ ਨਾ ਤਾਂ ਇਸ ਸੰਕਟ ਤੋਂ ਪਹਿਲਾਂ ਦੇ ਮੁਨਾਫਿਆਂ ਦੇ ਪੱਧਰ ਨੂੰ ਪ੍ਰਾਪਤ ਕਰ ਪਾਏ ਹਨ ਅਤੇ ਨਾ ਹੀ ਇਹ ਤੈਅ ਹੋ ਸਕਿਆ ਹੈ ਕਿ ਵਿਤੀ ਪ੍ਰੇਰਕਾਂ ਦੇ ਖਾਤਮੇ ਬਾਅਦ ਸਮੁੱਚੀ ਅਰਥਵਿਵਸਥਾ ਦੀ ਸਿਹਤ ਕਿੰਨੀ ਕੁ ਠੀਕ ਹੋਵੇਗੀ। ਫਿਰ ਵੀ ਜੋ ਕੁਝ ਸੁਧਾਰ ਹੋਇਆ ਹੈ ਉਹ ਲੋਕਾਂ ਤੋਂ ਬਹੁਤ ਦੂਰ ਹੈ ਅਤੇ ਬੇਰੋਜ਼ਗਾਰਾਂ ਦੀ ਗਿਣਤੀ 'ਚ ਹਾਲੇ ਵੀ ਵਾਧਾ ਹੋਣ ਦਾ ਰੁਝਾਨ ਚਲ ਰਿਹਾ ਹੈ।

ਦੁਬਈ ਦੀ ਬੁਨਿਆਦੀ ਸਹੂਲਤਾਂ ਨਾਲ ਸੰਬੰਧਤ ਖੇਤਰ ਦੀ ਉੱਘੀ ਸਰਕਾਰੀ ਕੰਪਨੀ 'ਦੁਬਈ ਵਰਲਡ' ਅਤੇ ਨਖੀਲ 'ਤੇ ਕੁੱਲ ਮਿਲਾ ਕੇ 80 ਅਰਬ ਡਾਲਰ ਦਾ ਕਰਜ਼ਾ ਹੈ। ਇਸ ਕਰਜ਼ੇ

*(ਬਾਕੀ ਸਫਾ 6 ਉਤੇ)*

## ਕੈਪਟਨ ਦੀ ਸਰਗਰਮੀ ਤੋਂ ਅਕਾਲੀ ਚਿੰਤਤ

**ਜਸਵੀਰ ਸਿੰਘ ਸ਼ੀਰੀ**

**ਜਲੰਧਰ:** ਪਿਛਲੇ ਕੁਝ ਦਿਨਾਂ ਤੋਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਾਫੀ ਸਰਗਰਮ ਵਿਖਾਈ ਦਿੰਦੇ ਹਨ। ਜਿਉਂ ਜਿਉਂ ਉਨ੍ਹਾਂ ਦੀ ਸਰਗਰਮੀ ਵਧ ਰਹੀ ਹੈ ਅਕਾਲੀਆਂ ਲਈ ਇਹ ਚਿੰਤਾ ਦਾ ਵਿਸ਼ਾ ਬਣ ਰਹੀ ਹੈ। ਭਾਵੇਂ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਹਾਲੇ ਕਾਂਗਰਸ ਹਾਈਕਮਾਨ ਨੇ ਪੰਜਾਬ ਕਾਂਗਰਸ ਦਾ ਪ੍ਰਧਾਨ ਨਹੀਂ ਥਾਪਿਆ, ਫਿਰ ਵੀ ਉਨ੍ਹਾਂ ਨੇ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ ਅਤੇ ਇਹੋ ਗੱਲ ਅਕਾਲੀ ਦਲ ਲਈ ਚਿੰਤਾ ਦੀ ਵਜ੍ਹਾ ਬਣ ਰਹੀ ਹੈ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਆਉਂਦੀ 8 ਦਸੰਬਰ ਤੋਂ ਪੂਰੇ ਪੰਜਾਬ ਦੀ ਆਪਣੀ ਯਾਤਰਾ ਸ਼ੁਰੂ ਕਰ ਰਹੇ ਹਨ। ਯਾਦ ਰਹੇ ਪੰਜਾਬ ਕਾਂਗਰਸ ਦੇ ਮੌਜੂਦਾ ਪ੍ਰਧਾਨ ਮਹਿੰਦਰ ਸਿੰਘ ਕੇਪੀ ਅਜਿਹੀ ਯਾਤਰਾ ਕਰਨ ਦਾ ਐਲਾਨ ਪਹਿਲਾਂ ਹੀ ਕਰ ਚੁੱਕੇ ਹਨ। ਕੈਪਟਨ ਨੇ ਬੀਤੀ 30 ਨਵੰਬਰ ਨੂੰ ਜਲੰਧਰ ਵਿਚ ਚਰਨ ਪਾਏ ਅਤੇ ਇਥੋਂ ਦੇ ਮੁੱਖ ਰੈਣਕ ਬਾਜ਼ਾਰ ਵਿਚ ਤਕਰੀਬਨ ਅੱਧਾ ਕਿਲੋਮੀਟਰ ਤੁਰ ਕੇ ਗਏ ਅਤੇ ਲੋਕਾਂ ਨੇ ਉਨ੍ਹਾਂ ਦਾ ਵਾਹ ਵਾਹ ਚਾਅ ਨਾਲ



ਸਵਾਗਤ ਕੀਤਾ। ਕੈਪਟਨ ਅਮਰਿੰਦਰ ਸਿੰਘ ਆਪਣੇ ਇਕ ਕਾਂਗਰਸੀ ਵਰਕਰ ਦੇ ਨਜ਼ਦੀਕੀ ਦੀ ਮੌਤ ਉੱਪਰ ਅਫਸੋਸ ਪ੍ਰਗਟ ਕਰਨ ਲਈ ਆਏ ਸਨ। ਇਸ ਦੌਰਾਨ ਉਨ੍ਹਾਂ ਨੇ ਧੜੱਲੇਦਾਰ ਬਿਆਨਬਾਜ਼ੀ ਕਰਦਿਆਂ ਸਪਸ਼ਟ ਸੰਕੇਤ ਦਿੱਤਾ ਕਿ ਕਾਂਗਰਸ ਸਰਕਾਰ ਬਣਨ ਉੱਤੇ ਅਕਾਲੀਆਂ ਨਾਲ ਹਿਸਾਬ ਬਰਾਬਰ ਕੀਤਾ ਜਾਵੇਗਾ ਅਤੇ ਕਾਂਗਰਸੀਆਂ ਵਿਰੁਧ ਕੀਤੇ ਗਏ ਹਜ਼ਾਰਾਂ ਝੂਠੇ ਮੁਕੱਦਮਿਆਂ ਦਾ ਹਿਸਾਬ ਚੁਕਤਾ ਕੀਤਾ ਜਾਵੇਗਾ।

ਉਨ੍ਹਾਂ ਨੇ ਸਿੱਧੇ ਢੰਗ ਨਾਲ ਅਕਾਲੀਆਂ ਦਾ ਪੱਖ ਪੂਰ ਰਹੀ ਅਫਸਰਸ਼ਾਹੀ ਨੂੰ ਵੀ ਖਬਰਦਾਰ ਕੀਤਾ ਕਿ ਉਹ ਬਾਜ ਆਉਣ ਨਹੀਂ ਤਾਂ ਕਾਂਗਰਸ ਸਰਕਾਰ ਆਉਣ 'ਤੇ ਉਨ੍ਹਾਂ ਦੇ ਖ਼ਿਲਾਫ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਉਨ੍ਹਾਂ ਨੇ ਇਹ ਵੀ ਕਿਹਾ ਕਿ ਬਠਿੰਡਾ ਰਿਫਾਈਨਰੀ ਨੂੰ ਹੋਰ ਰਿਆਇਤਾਂ ਦੇਣੀਆਂ ਗਲਤ ਹਨ। ਇਸਦੇ ਨਾਲ ਹੀ ਉਨ੍ਹਾਂ ਨੇ ਜਲੰਧਰ ਵਿਚ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਯਾਦ ਵਿਚ ਬਣੇ ਪੰਜਾਬ ਮੈਡੀਕਲ ਇੰਸਟੀਚਿਊਟ ਦਾ ਮੁੱਦਾ ਵੀ ਉਠਾਇਆ ਅਤੇ ਕਿਹਾ ਕਿ ਕਾਂਗਰਸ ਸਰਕਾਰ ਆਉਣ 'ਤੇ ਇਸ ਸੰਸਥਾ ਦੀ ਰੱਖੜਾ

*(ਬਾਕੀ ਸਫਾ 3 ਉਤੇ)*

## ਭਾਰਤ-ਅਮਰੀਕਾ ਸਬੰਧ ਗੂੜ੍ਹੇ ਹੋਣ ਵਲ

**ਬਿੰਦਰ ਬਸਰਾ**

ਭਾਰਤ ਅਤੇ ਅਮਰੀਕਾ ਵਲੋਂ ਕੌਮਾਂਤਰੀ ਅਤਿਵਾਦ ਦੀ ਚੁਣੌਤੀ ਦਾ ਸਾਂਝੇ ਤੌਰ 'ਤੇ ਮੁਕਾਬਲਾ ਕਰਨ ਲਈ ਕੀਤੇ ਸਮਝੌਤੇ ਨਾਲ ਦੋਹਾਂ ਦੇਸ਼ਾਂ ਵਿਚਾਲੇ ਆਪਸੀ ਸਹਿਯੋਗ ਦਾ ਇਕ ਨਵਾਂ ਦੌਰ ਸ਼ੁਰੂ ਕਰਨ ਵਲ ਪੇਸ਼ਕਦਮੀ ਕੀਤੀ ਗਈ ਹੈ। ਭਾਰਤ ਨੂੰ ਆਸ ਬੱਝੀ ਹੈ ਕਿ ਅਗਲੇ ਹਫਤੇ ਨਵੀਂ ਦਿੱਲੀ ਆ ਰਹੀ ਐਫ.ਬੀ.ਆਈ. ਦੀ ਇਕ ਉਚ-ਪੱਧਰੀ ਟੀਮ ਤੋਂ ਲਸ਼ਕਰ-ਏ-ਤੋਇਬਾ ਦੇ ਕਾਰਕੁਨ ਡੇਵਿਡ ਕੋਲਮੈਨ ਹੈਡਲੀ ਅਤੇ ਤਹੱਵੁਰ ਰਾਣਾ ਦੀਆਂ ਵਿਉਂਤਾਂ ਅਤੇ ਤਾਣੇ-ਬਾਣੇ ਬਾਰੇ ਜਾਂਚ ਦੇ ਵੇਰਵੇ ਮਿਲ ਜਾਣ ਨਾਲ ਸ਼ਾਇਦ 26/11 ਦੇ ਹਮਲੇ ਵਿਚ ਉਨ੍ਹਾਂ ਦੀ ਸ਼ਮੂਲੀਅਤ ਦਾ ਸੁਰਾਗ ਮਿਲ ਜਾਵੇ।

ਜ਼ਿਕਰਯੋਗ ਹੈ ਕਿ ਭਾਰਤੀ ਤਫਤੀਸ਼ਕਾਰ ਲਸ਼ਕਰ-ਏ-ਤੋਇਬਾ ਦੇ ਜ਼ੇਰੇ ਹਿਰਾਸਤ ਕਾਰਕੁਨਾਂ ਤੱਕ ਪਹੁੰਚ ਇਸ ਕਰਕੇ ਨਹੀਂ ਕਰ ਸਕੇ ਕਿਉਂਕਿ ਅਮਰੀਕਾ ਸਮਝਦਾ ਹੈ ਕਿ ਉਥੋਂ ਦੀ ਕਾਨੂੰਨੀ ਪ੍ਰਣਾਲੀ ਮੁਲਜ਼ਮਾਂ ਦੇ ਹੱਕਾਂ ਦੀ ਰਾਖੀ ਕਰਦੀ ਹੈ। ਭਾਰਤ ਅਤੇ ਅਮਰੀਕਾ ਵਿਚਾਲੇ ਸਿਵਲ ਪ੍ਰਮਾਣੂ ਕਰਾਰ ਅਧੀਨ ਇਕ ਅਹਿਮ ਸਮਝੌਤਾ 10-12 ਦਿਨਾਂ ਅੰਦਰ ਨੇਪਰੇ ਚਾੜ੍ਹ ਲਏ ਜਾਣ ਪਿੱਛੋਂ ਦੋਹਾਂ ਦੇਸ਼ਾਂ ਵਿਚਾਲੇ ਤਾਲੁਕਾਤ ਹੋਰ ਪੁਖਤਾ ਹੋਣ ਦੀ ਆਸ ਹੈ।

ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਐਮ.ਕੇ. ਨਾਰਾਇਣਨ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਅਮਰੀਕਾ, ਟ੍ਰਿਨੀਡਾਡ ਤੇ ਟੋਬੈਗੋ ਦੇ ਦੌਰੇ ਤੋਂ ਵਤਨ ਵਾਪਸੀ 'ਤੇ ਆਖਿਆ ਕਿ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ

*(ਬਾਕੀ ਸਫਾ 3 ਉਤੇ)*

### ਅੰਦਰ ਪੜ੍ਹੋ


ਲਿਖਤੁਮ-ਦੁਪਾਲਪੁਰ ਪੰਨਾ 16
ਸ਼ੈਰੀ ਦੀ ਡਾਇਰੀ
ਪ੍ਰੋ. ਰੋਮਾਣਾ-ਪੰਨਾ 24
ਨਾਲੀ ਦੇ ਮੰਡ 'ਚ ਵੱਸਿਆ ਪਿੰਡ
ਕੁੱਤੇਵੱਢ-ਪੰਨਾ 25
ਸਾਡੇ ਭਾਰਤ ਮਹਾਨ ਦੀ ਕਮਾਨ-
ਜਤਿੰਦਰ ਪੰਨੂ ਪੰਨਾ-22
ਗੱਲੀਂਬਾਤੀਂ
ਅਸ਼ੋਕ ਭੌਰਾ ਪੰਨਾ-27
ਦੰਗਿਆਂ ਦਾ ਸ਼ਿਕਾਰ ਹਰਵਿੰਦਰ ਸਿੰਘ
ਸਵਰਨ ਸਿੰਘ ਟਹਿਣਾ ਪੰਨਾ 26
ਸੰਪਾਦਕ ਦੀ ਡਾਕ ਪੰਨਾ 30





CALIFORNIA LOCATIONS
BAKERSFIELD @ HWY 58 & 184
FRESNO @ HWY 99, 5TH WHEEL TRUCK STOP
MADERA @ HWY 99, EXIT 18½ NEXT TO
RIPON @ HWY 99, EXIT JACK TONE @ JIMCO
WESTLEY @ HWY 5, JOE'S TRAVEL PLAZA
ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ
ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਦਿਓ
Call Gill 661-301-8978

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Raja Indian Cuisine & Bar
Ph: 510-264-9300
1275 W Winton Ave
Hayward, CA 94545
Wholesale and Retail
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of Manpreet S. Gahra
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ

Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਜਥੇਦਾਰ ਅਵਤਾਰ ਸਿੰਘ ਮੱਕੜ ਮੁੜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ

**ਅੰਮ੍ਰਿਤਸਰ:** ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਸਾਲਾਨਾ ਚੋਣ ਕਾਫੀ ਲੰਮੇ ਅਰਸੇ ਤੋਂ ਬਾਅਦ ਲਿਫਾਫਾ ਕਲਚਰ ਦੀ ਬਜਾਏ ਵੋਟਿੰਗ ਰਾਹੀਂ ਹੋਈ। ਲੰਘੀ 25 ਨਵੰਬਰ ਨੂੰ ਤੇਜਾ ਸਿੰਘ ਸਮੁੰਦਰੀ ਹਾਲ 'ਚ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਵਲੋਂ ਬੀਬੀ ਜਗੀਰ ਕੌਰ ਨੇ ਜਥੇਦਾਰ ਅਵਤਾਰ ਸਿੰਘ ਮੱਕੜ ਦਾ ਨਾਂ ਪ੍ਰਧਾਨਗੀ ਲਈ ਪੇਸ਼ ਕੀਤਾ।

ਦੂਜੇ ਪਾਸੇ ਇਸ ਦੇ ਵਿਰੋਧ 'ਚ ਪੰਥਕ ਮੋਰਚੇ ਦੀ ਤਰਫੋਂ ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ ਨੇ ਮੱਕੜ ਦੇ ਬਰਾਬਰ ਹਰਬੰਸ ਸਿੰਘ ਕੰਧੋਲਾ ਦਾ ਨਾਂ ਪੇਸ਼ ਕੀਤਾ। ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸਮਰਥਕ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਕੰਧੋਲਾ ਦੇ ਨਾਂ 'ਤੇ ਅਸਹਿਮਤੀ ਪ੍ਰਗਟਾਈ। ਇਸ ਉਪਰੰਤ ਸ. ਕਲਕੱਤਾ ਨੇ ਕਿਹਾ ਕਿ ਅਸੀਂ ਲਿਫਾਫੇ 'ਚੋਂ ਨਿਕਲਣ ਵਾਲੇ ਪ੍ਰਧਾਨ ਨੂੰ ਸਵੀਕਾਰ ਨਹੀਂ ਕਰਾਂਗੇ। ਇਸ ਲਈ ਵੋਟਾਂ ਪੁਆਈਆਂ ਜਾਣ।

ਸ. ਕਲਕੱਤਾ ਦੇ ਵਿਰੋਧ ਤੋਂ ਬਾਅਦ ਦੁਪਹਿਰ1.30 ਵਜੇ ਵੋਟਾਂ ਪਾਉਣ ਦੀ ਸ਼ੁਰੂ ਹੋਈ ਪ੍ਰਕਿਰਿਆ 3.00 ਵਜੇ ਤੱਕ ਮੁਕੰਮਲ ਹੋ ਗਈ। ਵੋਟਿੰਗ ਦੌਰਾਨ ਕੁੱਲ 164 ਮੈਂਬਰਾਂ 'ਚੋਂ 139 ਨੇ ਜਥੇਦਾਰ ਅਵਤਾਰ ਸਿੰਘ ਮੱਕੜ ਦੇ ਹੱਕ 'ਚ ਫਤਵਾ ਦਿੱਤਾ ਅਤੇ ਕੰਧੋਲਾ ਨੂੰ ਸਿਰਫ 25 ਵੋਟਾਂ ਹੀ ਮਿਲੀਆਂ। ਇਸ ਤਰ੍ਹਾਂ ਵੋਟਾਂ ਦੇ ਵੱਡੇ ਫਰਕ ਨਾਲ ਜਥੇਦਾਰ ਅਵਤਾਰ ਸਿੰਘ ਮੱਕੜ ਪੰਜਵੀਂ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ।

ਪ੍ਰਧਾਨਗੀ ਦੀ ਚੋਣ ਮੁਕੰਮਲ ਹੋਣ ਤੋਂ ਬਾਅਦ ਇਜਲਾਸ 'ਚ ਸੀਨੀਅਰ ਮੀਤ ਪ੍ਰਧਾਨ ਲਈ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਲਈ ਕੇਵਲ ਸਿੰਘ ਬਾਦਲ ਅਤੇ ਜਨਰਲ ਸਕੱਤਰ ਲਈ ਸੁਖਦੇਵ ਸਿੰਘ ਭੌਰ ਦੇ ਨਾਵਾਂ ਦਾ ਪੈਨਲ ਪੇਸ਼ ਕੀਤਾ ਗਿਆ।

## ਝੀਂਡਾ 'ਤੇ ਬਾਦਲ ਦੇ ਹੱਥਾਂ 'ਚ ਵਿਕਣ ਦਾ ਦੋਸ਼

ਇਨ੍ਹਾਂ ਦੇ ਵਿਰੋਧ 'ਚ ਕੋਈ ਹੋਰ ਦਾਅਵੇਦਾਰ ਨਾ ਹੋਣ ਕਾਰਨ ਉਪਰੋਕਤ ਨਿਯੁਕਤੀਆਂ ਨੂੰ ਸਵੀਕਾਰ ਕਰ ਲਿਆ ਗਿਆ। ਇਸ ਉਪਰੰਤ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ 11 ਮੈਂਬਰਾਂ ਦੀ ਚੋਣ ਕੀਤੀ, ਜਿਨ੍ਹਾਂ 'ਚ ਜਗਦੀਸ਼ ਸਿੰਘ ਝੀਂਡਾ ਦੀ ਤਰਫੋਂ ਹਰਿਆਣਾ 'ਚੋਂ ਬੀਬੀ ਰਵਿੰਦਰ ਕੌਰ ਅਤੇ ਭਾਈ ਰਜਿੰਦਰ ਸਿੰਘ ਮਹਿਤਾ, ਗੁਰਬਚਨ ਸਿੰਘ ਕਰਮੂਵਾਲ, ਕਰਨੈਲ ਸਿੰਘ ਪੰਜੋਲੀ, ਬੀਬੀ ਭਜਨ ਕੌਰ, ਸੰਤ ਟੇਕ ਸਿੰਘ ਧਨੌਲਾ, ਸੁਰਜੀਤ ਸਿੰਘ ਗੜ੍ਹੀ, ਸੂਬਾ ਸਿੰਘ ਡੱਬਵਾਲੀ, ਨਿਰਮਲ ਸਿੰਘ ਜੌਲ੍ਹਾਂ, ਮੋਹਨ ਸਿੰਘ ਤੇ ਦਿਆਲ ਸਿੰਘ ਆਦਿ ਸ਼ਾਮਲ ਹਨ।


ਅਵਤਾਰ ਸਿੰਘ ਮੱਕੜ

ਇਸੇ ਦੌਰਾਨ ਪੰਥਕ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਮੌਕੇ ਲਿਫਾਫਾ ਕਲਚਰ ਦਾ ਵਿਰੋਧ ਕਰਦਿਆਂ ਪ੍ਰਧਾਨਗੀ ਪਦ ਲਈ ਹਰਬੰਸ ਸਿੰਘ ਕੰਧੋਲਾ ਦਾ ਨਾਂ ਪੇਸ਼ ਕਰਕੇ ਵੋਟਿੰਗ ਪ੍ਰਣਾਲੀ ਨੂੰ ਮੁੜ ਸ਼ੁਰੂ ਕਰਵਾਇਆ। ਇਸ ਮੌਕੇ ਹਾਲਾਤ ਉਦੋਂ ਤਣਾਅਪੂਰਨ ਹੋ ਗਏ ਜਦੋਂ ਅੰਤ੍ਰਿੰਗ ਕਮੇਟੀ ਲਈ ਕਲਕੱਤਾ ਵਲੋਂ ਪੇਸ਼ ਕੀਤੇ ਗਏ ਦੋ ਮੈਂਬਰਾਂ ਦੇ ਨਾਵਾਂ ਨੂੰ ਠੁਕਰਾ ਦਿੱਤਾ ਗਿਆ।

ਜ਼ਿਕਰਯੋਗ ਹੈ ਕਿ ਸ. ਕਲਕੱਤਾ ਆਪਣੇ ਹਮਾਇਤੀਆਂ 'ਚੋਂ ਹਰਭਜਨ ਸਿੰਘ ਸ਼ੇਰਗਿੱਲ ਅਤੇ ਸਨਮੁਖ ਸਿੰਘ ਮੋਖਾ ਨੂੰ ਅੰਤ੍ਰਿੰਗ ਕਮੇਟੀ 'ਚ ਸ਼ਾਮਲ ਕਰਵਾਉਣਾ ਚਾਹੁੰਦੇ ਸਨ। ਇਸੇ ਦੌਰਾਨ ਸ. ਕਲਕੱਤਾ ਲਈ ਹਾਲਾਤ ਉਦੋਂ ਸਵੈ ਵਿਰੋਧੀ ਹੋ ਗਏ ਜਦੋਂ ਜਗਦੀਸ਼ ਸਿੰਘ ਝੀਂਡਾ ਨੇ ਬੋਲਦਿਆਂ ਕਿਹਾ ਕਿ ਸ. ਕਲਕੱਤਾ ਨੂੰ ਬੀਬੀ ਰਵਿੰਦਰ ਕੌਰ ਦਾ ਵਿਰੋਧ ਨਹੀਂ ਸੀ ਕਰਨਾ ਚਾਹੀਦਾ। ਇਸੇ ਦੌਰਾਨ ਪੰਥਕ ਮੋਰਚੇ ਦੇ ਆਗੂ ਮਨਜੀਤ ਸਿੰਘ ਕਲਕੱਤਾ ਹਾਊਸ 'ਚ ਸਾਥੀਆਂ ਨਾਲ ਸਲਾਹ ਮਸ਼ਵਰਾ ਕੀਤੇ ਬਿਨਾਂ ਹੀ ਵਾਕਆਊਟ ਕਰ ਗਏ।

ਇਸ ਦੌਰਾਨ ਅਕਾਲੀ ਦਲ 1920 ਦੇ ਸੀਨੀਅਰ ਆਗੂਆਂ ਨੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਐਡਹਾਕ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਹੈ ਕਿ ਉਹ ਬਾਦਲ ਤੋਂ ਪੈਸੇ ਚੁੱਕ ਕੇ ਉਨ੍ਹਾਂ ਦੇ ਹੱਕ ਵਿਚ ਭੁਗਤਿਆ ਹੈ, ਜਿਸ ਨਾਲ ਉਸਨੇ ਹਰਿਆਣਾ ਦੇ ਸਿੱਖਾਂ ਨਾਲ ਧ੍ਰੋਹ ਕਮਾਇਆ ਹੈ। ਇਨ੍ਹਾਂ ਆਗੂਆਂ ਨੇ ਜਿਥੇ ਹਰਿਆਣਾ ਦੇ ਸਿੱਖਾਂ ਨੂੰ ਝੀਂਡਾ ਨੂੰ ਮੂੰਹ ਨਾ ਲਾਉਣ ਦੀ ਅਪੀਲ ਕੀਤੀ ਹੈ ਉਥੇ ਦੀਦਾਰ ਸਿੰਘ ਨਲਵੀ ਨੂੰ ਸਾਫ ਸੁਥਰੇ ਅਕਸ ਵਾਲਾ ਆਗੂ ਕਰਾਰ ਦਿੱਤਾ ਹੈ।

ਅਕਾਲੀ ਦਲ 1920 ਦੇ ਸੀਨੀਅਰ ਮੀਤ ਪ੍ਰਧਾਨ ਰਘਬੀਰ ਸਿੰਘ ਰਾਜਾਸਾਂਸੀ, ਦਰਸ਼ਨ ਸਿੰਘ ਈਸਾਪੁਰ, ਜ਼ਿਲਾ ਪ੍ਰਧਾਨ ਦਲਜੀਤ ਸਿੰਘ, ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਜਥੇ. ਗੁਰਦੇਵ ਸਿੰਘ ਸ਼ਹੂਰਾ ਨੇ ਕਿਹਾ ਹੈ ਕਿ ਹਰਿਆਣਾ ਦੇ ਸਿੱਖਾਂ ਦੀ ਅਗਵਾਈ ਕਰਨ ਦਾ ਦਾਅਵਾ ਕਰਨ ਵਾਲਾ ਜਗਦੀਸ਼ ਸਿੰਘ ਝੀਂਡਾ ਬਾਦਲ ਦੇ ਹੱਥਾਂ 'ਚ ਵਿਕ ਗਿਆ ਹੈ। ਉਨ੍ਹਾਂ ਕਿਹਾ ਕਿ ਝੀਂਡਾ ਨੇ ਅਜਿਹਾ ਕਰਕੇ ਜਿੱਥੇ ਹਰਿਆਣਾ ਦੇ ਸਿੱਖਾਂ ਨਾਲ ਵਿਸ਼ਵਾਸਘਾਤ ਕੀਤਾ ਹੈ ਉਥੇ ਬਾਦਲ ਵਿਰੋਧੀ ਪੰਜਾਬ ਵਿਚਲੀਆਂ ਪੰਥਕ ਧਿਰਾਂ ਨਾਲ ਵੀ ਗੱਦਾਰੀ ਕੀਤੀ ਹੈ।

ਉਨ੍ਹਾਂ ਜਥੇਦਾਰ ਝੀਂਡਾ ਤੇ ਦੋਸ਼ ਲਗਾਇਆ ਕਿ ਬੀਬੀ ਰਵਿੰਦਰ ਕੌਰ ਨੂੰ ਅੰਤ੍ਰਿੰਗ ਕਮੇਟੀ ਦਾ ਮੈਂਬਰ ਬਣਾਉਣ ਲਈ ਝੀਂਡੇ ਨੇ ਰਘੂਜੀਤ ਸਿੰਘ ਵਿਰਕ ਅਤੇ ਜਥੇ. ਮੱਕੜ ਨਾਲ ਰਾਬਤਾ ਕਾਇਮ ਕੀਤਾ ਹੈ, ਜਦੋਂਕਿ ਇਨ੍ਹਾਂ ਨੇ ਬੀਬੀ ਰਵਿੰਦਰ ਕੌਰ ਦੇ ਖਿਲਾਫ ਕੁਰੂਕਸ਼ੇਤਰ ਪੁਲਸ ਥਾਣੇ 'ਚ ਗੁਰਦੁਆਰਾ ਸਾਹਿਬ ਤੇ ਕਬਜ਼ਾ ਕਰਨ ਦਾ ਫੌਜਦਾਰੀ ਕੇਸ ਦਰਜ ਕਰਵਾਇਆ ਸੀ। ਉਨ੍ਹਾਂ ਕਿਹਾ ਕਿ ਝੀਂਡਾ ਬਾਦਲ ਨਾਲ ਰਲ ਕੇ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਹੁੱਡਾ ਨੂੰ ਵੀ ਬਦਨਾਮ ਕਰ ਰਹੇ ਹਨ। ਉਨ੍ਹਾਂ ਹਰਿਆਣਾ ਦੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਲੇ ਸਾਲ ਹੋਣ ਵਾਲੀ ਚੋਣ ਵਿਚ ਝੀਂਡੇ ਦਾ ਸਾਥ ਨਾ ਦੇਣ। ਉਨ੍ਹਾਂ ਕਿਹਾ ਕਿ ਹਰਿਆਣੇ ਦੇ ਸਿੱਖਾਂ ਦੀ ਸਹੀ ਤਰਜ਼ਮਾਨੀ ਦੀਦਾਰ ਸਿੰਘ ਨਲਵੀ ਕਰ ਰਹੇ ਹਨ, ਉਨ੍ਹਾਂ ਦਾ ਸਾਥ ਦਿੱਤਾ ਜਾਵੇ ਕਿਉਂਕਿ ਬਾਦਲ ਨਾਲ ਸੌਦੇਬਾਜ਼ੀ ਕਰਨ ਉਪਰੰਤ ਝੀਂਡਾ ਨੂੰ ਹਰਿਆਣੇ ਦੇ ਸਿੱਖਾਂ ਦੀ ਅਗਵਾਈ ਕਰਨ ਦਾ ਕੋਈ ਹੱਕ ਨਹੀਂ ਰਿਹਾ।

ਉਨ੍ਹਾਂ ਇਹ ਵੀ ਕਿਹਾ ਕਿ ਹਰਬੰਸ ਸਿੰਘ ਕੰਧੋਲਾ ਦੇ ਹੱਕ ਵਿਚ 25 ਵੋਟਾਂ ਪੈਣ ਤੋਂ ਬਾਅਦ ਇਹ ਸਪਸ਼ਟ ਹੋ ਗਿਆ ਸੀ ਕਿ ਪੰਥਕ ਧਿਰਾਂ ਨਾਲ ਗੱਦਾਰੀ ਕਰਕੇ ਹਰਿਆਣੇ ਦੇ ਸਿੱਖਾਂ ਦੀ ਅਗਵਾਈ ਕਰਨ ਵਾਲੇ ਝੀਂਡਾ ਨੇ 4 ਵੋਟਾਂ ਮੱਕੜ ਨੂੰ ਪਾਈਆਂ ਹਨ, ਜਿਸਦੇ ਆਧਾਰ 'ਤੇ ਬਾਦਲ ਧੜੇ ਦੇ 9 ਅਤੇ ਪੰਥਕ ਧੜੇ ਦੇ 2 ਮੈਂਬਰ ਕਾਨੂੰਨੀ ਤੌਰ ਤੇ ਅੰਤ੍ਰਿੰਗ ਕਮੇਟੀ ਵਿਚ ਲੈਣੇ ਬਣਦੇ ਸਨ ਜੋ ਨਹੀਂ ਲਏ ਗਏ।

# ਨਾਨਕਸ਼ਾਹੀ ਕੈਲੰਡਰ ਵਿਰੁਧ ਸਾਧਾਂ ਨੇ ਅਕਾਲ ਤਖ਼ਤ ਨੂੰ ਲਿਖੀ ਲੰਮੀ ਚਿੱਠੀ

**ਅੰਮ੍ਰਿਸਤਰ:** ਨਾਨਕਸ਼ਾਹੀ ਕੈਲੰਡਰ ਨੂੰ ਹਰ ਹੀਲੇ ਰੱਦ ਕਰਾਉਣ 'ਤੇ ਉਤਾਰੂ ਹੋਏ ਸਾਧ ਲਾਣੇ ਨੇ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਨੂੰ ਚਿੱਠੀ ਲਿਖ ਕੇ ਨਾਨਕਸ਼ਾਹੀ ਕੈਲੰਡਰ ਵਿਚਲੀਆਂ ਕਥਿਤ ਤਰੁਟੀਆਂ ਤੋਂ ਜਾਣੂ ਕਰਵਾਇਆ ਹੈ। ਬੇਹੱਦ ਗਵਾਰੂ ਭਾਸ਼ਾ ਵਿਚ ਲਿਖੇ ਪੱਤਰ ਵਿਚ ਸਾਧ ਲਾਣੇ ਨੇ ਮੁੱਖ ਸੇਵਾਦਾਰ, ਸ਼੍ਰੋਮਣੀ ਕਮੇਟੀ ਤੇ ਹੋਰ ਪੰਥਕ ਸੰਸਥਾਵਾਂ ਜੋ ਨਾਨਕਸ਼ਾਹੀ ਕੈਲੰਡਰ ਨੂੰ ਸਵੀਕਾਰ ਕਰਦੀਆਂ ਹਨ, ਨੂੰ ਕਈ ਸਵਾਲਾਂ ਦੇ ਘੇਰੇ ਵਿਚ ਲਿਆਂਦਾ ਹੈ। ਸਾਧਾਂ ਦੀ ਇਸ ਹਰਕਤ ਕਾਰਨ ਕੈਲੰਡਰ ਦੇ ਨਿਰਮਾਤਾ ਪਾਲ ਸਿੰਘ ਪੁਰੇਵਾਲ ਦੀ ਕਾਰਗੁਜ਼ਾਰੀ ਵੀ ਸ਼ੱਕ ਦੇ ਘੇਰੇ ਵਿਚ ਆ ਗਈ ਹੈ।

ਸਾਧ ਲਾਣੇ ਅਨੁਸਾਰ ਉਨ੍ਹਾਂ ਨੂੰ ਸੁਣ ਕੇ ਬੜੀ ਹੈਰਾਨੀ ਹੁੰਦੀ ਹੈ ਕਿ ਨਾਨਕਸ਼ਾਹੀ ਕੈਲੰਡਰ ਸਿੱਖ ਕੌਮ ਦੀ ਵੱਖਰੀ ਪਛਾਣ ਦਾ ਪ੍ਰਤੀਕ ਹੈ। ਸਾਧਾਂ ਅਨੁਸਾਰ ਕੀ ਕੈਲੰਡਰ ਲਾਗੂ ਹੋਣ ਤੋਂ ਪਹਿਲਾਂ ਸਿੱਖ ਕੌਮ ਦੀ ਕੋਈ ਵਖਰੀ ਪਛਾਣ ਨਹੀਂ ਸੀ? ਸਾਧਾਂ ਨੇ ਕੈਲੰਡਰ ਵਿਰੁਧ ਇਤਰਾਜ਼ ਉਠਾਇਆ ਕਿ ਕੈਲੰਡਰ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਬਣਾਈ 11 ਮੈਂਬਰੀ ਕਮੇਟੀ ਦੇ ਤਿੰਨ ਮੈਂਬਰ ਡਾ. ਖੜਕ ਸਿੰਘ, ਸ. ਕ੍ਰਿਪਾਲ ਸਿੰਘ ਤੇ ਡਾ. ਬਲਵੰਤ ਸਿੰਘ ਵਲੋਂ ਲਿਖੀ ਕਿਤਾਬ 'ਹਿਸਟਰੀ ਆਫ਼ ਸਿੱਖਜ਼ ਐਂਡ ਦੇਅਰ ਰੀਲੀਜਨ' ਜਿਹੜੀ ਸ਼੍ਰੋਮਣੀ ਕਮੇਟੀ ਵਲੋਂ ਪੈਸੇ ਦੇ ਕੇ ਲਿਖਵਾਈ ਹੈ, ਨਾਲ ਵੀ ਗੁਰਪੁਰਬਾਂ ਦੀਆਂ ਤਰੀਕਾਂ ਮੇਲ ਨਹੀਂ ਖਾਂਦੀਆਂ। ਆਪਣੀ ਡੇਰੇਦਾਰਾਂ ਵਾਲੀ ਪ੍ਰਵਿਰਤੀ ਤੇ ਬ੍ਰਾਹਮਣਵਾਦੀ ਸੋਚ ਦਾ ਖੁਲ੍ਹਾ ਪ੍ਰਦਰਸ਼ਨ ਕਰਦਿਆਂ ਸਾਧ ਲਾਣੇ ਨੇ ਚਿੱਠੀ ਰਾਹੀਂ ਕੈਲੰਡਰ ਵਿਚ ਮੱਸਿਆ ਨੂੰ ਅਮਾਵਸ, ਪੂਰਨਮਾਸੀ ਨੂੰ ਪੂਰਨਿਮਾ ਅਤੇ ਸੰਗਰਾਂਦ ਨੂੰ ਸੰਕ੍ਰਾਂਤਿ ਤਕ ਲਿਖਣ ਲਈ ਮੁੱਖ ਸੇਵਾਦਾਰ 'ਤੇ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ।

ਸਾਧ ਲਾਣੇ ਨੇ ਇਕ ਹੋਰ ਸ਼ੁਰਲੀ ਛਡਦਿਆਂ ਲਿਖਿਆ ਕਿ ਜੋ ਕੈਲੰਡਰ ਪੰਜਾਬ ਦੀ ਧਰਤੀ 'ਤੇ ਬਣਿਆ ਅਤੇ ਪ੍ਰਚਲਤ ਹੋਇਆ ਅਤੇ ਜੋ ਅੰਗਰੇਜ਼ਾਂ ਵੇਲੇ ਦੇ ਪੁਰਾਣੇ ਪੰਜਾਬ ਤਕ ਹੀ ਸੀਮਤ ਹੈ, ਪੰਜਾਬ ਦੇ ਬਾਹਰਲੇ ਹਿੰਦੂ ਉਸ ਨੂੰ ਨਹੀਂ ਮੰਨਦੇ। ਪਹਿਲਾਂ ਇਸ ਦਾ ਨਾਮ ਮਾਲਵਾ ਸੰਮਤ ਸੀ ਫਿਰ ਬਿਕਰਮੀ ਪੈ ਗਿਆ। ਹਿੰਦੂਆਂ ਦਾ ਕੈਲੰਡਰ ਕਿਵੇਂ ਬਣ ਗਿਆ? ਇਹ ਤਾਂ ਪੰਜਾਬ ਵਿਚ ਵਸਦੀਆਂ ਕੌਮਾਂ ਦਾ ਕੈਲੰਡਰ ਹੈ। ਸਾਧਾਂ ਨੇ ਮੁੱਖ ਸੇਵਾਦਾਰ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਹਰ ਹੀਲੇ ਕੈਲੰਡਰ 'ਸੋਧ ਕੇ' ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ ਪੋਹ ਸੁਦੀ ਸਤਵੀਂ ਭਾਵ 24 ਦਸੰਬਰ ਤਕ ਲਾਗੂ ਕੀਤੇ ਜਾਣ ਦਾ ਇਕ ਤਰ੍ਹਾਂ ਨਾਲ ਆਦੇਸ਼ ਵੀ ਸੁਣਾ ਮਾਰਿਆ।

ਸਾਧਾਂ ਦੀ ਇਸ ਚਿੱਠੀ 'ਤੇ ਭਾਈ ਹਰਨਾਮ ਸਿੰਘ ਧੁੰਮਾ, ਹਰੀ ਸਿੰਘ ਰੰਧਾਵਾ, ਪਰਮਜੀਤ ਸਿੰਘ ਮਾਹਲਪੁਰੀ, ਲਖਬੀਰ ਸਿੰਘ ਰਤਵਾੜੇ ਦੇ ਦਸਤਖ਼ਤ ਹਨ।

# ਕੰਧੋਲਾ ਨੇ ਕਿਹਾ; ਹਾਈਕੋਰਟ ਤੇ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਕੋਲ ਮੁੱਦਾ ਚੁੱਕਾਂਗੇ

**ਅੰਮ੍ਰਿਤਸਰ :** ਪ੍ਰਧਾਨ ਦੀ ਚੋਣ ਦੌਰਾਨ ਵਿਰੋਧੀ ਧਿਰ ਦੇ ਪ੍ਰਧਾਨਗੀ ਅਹੁਦੇ ਦੇ ਉਮੀਦਵਾਰ ਸ. ਹਰਬੰਸ ਸਿੰਘ ਕੰਧੋਲਾ ਨੇ ਪੂਰੀ ਚੋਣ ਪ੍ਰਕਿਰਿਆ ਨੂੰ ਨਕਾਰਦਿਆਂ ਗੁਰਦੁਆਰਾ ਐਕਟ ਅਨੁਸਾਰ ਇਸ ਚੋਣ ਦੇ ਮੁੱਖ ਅਧਿਕਾਰੀ, ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਤੋਂ ਮੰਗ ਕੀਤੀ ਕਿ ਇਸ ਚੋਣ ਤੋਂ ਬਾਅਦ ਨਵੇਂ ਮੈਂਬਰਾਂ ਦੇ ਕੰਮ ਕਾਜ 'ਤੇ ਰੋਕ ਲਗਾਈ ਜਾਵੇ। ਸ. ਹਰਬੰਸ ਸਿੰਘ ਕੰਧੋਲਾ ਨੇ ਕਿਹਾ ਕਿ ਅੱਜ ਸਾਡੇ ਨਾਲ ਬਹੁਤ ਵੱਡਾ ਧੱਕਾ ਹੋਇਆ ਹੈ।

ਸਾਨੂੰ 25 ਵੋਟਾਂ ਪਈਆਂ ਹਨ। ਐਕਟ ਅਨੁਸਾਰ ਸਾਡੇ 2 ਮੈਂਬਰ ਅੰਤ੍ਰਿੰਗ ਕਮੇਟੀ ਵਿਚ ਸ਼ਾਮਲ ਹੋਣੇ ਚਾਹੀਦੇ ਸਨ। ਉਨ੍ਹਾਂ ਕਿਹਾ ਕਿ ਅਸੀਂ ਸ. ਅਵਤਾਰ ਸਿੰਘ ਮੱਕੜ ਨੂੰ ਦੋ ਮੈਂਬਰਾਂ ਸ. ਸਨਮੁਖ ਸਿੰਘ ਅਤੇ ਸ. ਭਜਨ ਸਿੰਘ ਸ਼ੇਰਗਿੱਲ ਦਾ ਨਾਂ ਅੰਤ੍ਰਿੰਗ ਕਮੇਟੀ ਮੈਂਬਰਾਂ ਵਜੋਂ ਸ਼ਾਮਲ ਕਰਨ ਲਈ ਪਰਚੀ ਭੇਜੀ ਸੀ। ਸ. ਕੰਧੋਲਾ ਨੇ ਕਿਹਾ ਕਿ ਸ. ਮੱਕੜ ਨੇ ਗੈਰ-ਜ਼ਿੰਮੇਵਾਰਾਨਾ ਤਰੀਕੇ ਨਾਲ ਕੰਮ ਕਰਦਿਆਂ ਹਰਿਆਣਾ ਦਾ ਮੈਂਬਰ ਸ਼ਾਮਲ ਕਰ ਲਿਆ। ਉਨ੍ਹਾਂ ਦਾਅਵਾ ਕੀਤਾ ਕਿ ਇਹ ਕਾਨੂੰਨੀ ਤੌਰ 'ਤੇ ਗਲਤ ਹੋਇਆ ਹੈ।

ਉਨ੍ਹਾਂ ਦੱਸਿਆ, "ਸਾਡੀ ਆਪਸ ਵਿਚ ਗੱਲਬਾਤ ਹੋਣ ਪਿਛੋਂ ਇਸ ਬਾਰੇ ਸਹਿਮਤੀ ਬਣ ਗਈ ਸੀ।" ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ ਨੂੰ ਹਾਈਕੋਰਟ ਵਿਚ ਵੀ ਲੈ ਕੇ ਜਾਣਗੇ ਅਤੇ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਕੋਲ ਵੀ ਪਹੁੰਚ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਪਾਸੇ ਸ. ਜਗਦੀਸ਼ ਸਿੰਘ ਝੀਂਡਾ ਬਾਦਲ ਧੜੇ ਦੇ ਆਗੂਆਂ ਨੂੰ ਵਧਾਈਆਂ ਦੇ ਰਿਹਾ ਹੈ, ਦੂਜੇ ਪਾਸੇ ਅੰਤ੍ਰਿੰਗ ਕਮੇਟੀ ਦੀ ਮੈਂਬਰੀ ਲੈਂਦਾ ਹੈ।" ਉਨ੍ਹਾਂ ਕਿਹਾ ਕਿ ਝੀਂਡਾ ਪਹਿਲਾਂ ਸਪੱਸ਼ਟ ਕਰੇ ਕਿ ਸ਼੍ਰੋਮਣੀ ਅਕਾਲੀ ਦਲ ਵਿਰੁਧ ਲੜਨਾ ਹੈ ਜਾਂ ਬਾਦਲ ਦੇ ਮੋਢੇ ਨਾਲ ਮੋਢਾ ਡਾਹ ਕੇ ਚੱਲਣਾ ਹੈ। ਉਨ੍ਹਾਂ ਕਿਹਾ ਕਿ ਅਸੀਂ ਹੁਣ ਬਾਦਲ ਅਤੇ ਮਾਨ ਦਲ ਨਾਲ ਬਰਾਬਰੀ ਦੀ ਦੂਰੀ ਬਣਾ ਕੇ ਲੜਾਂਗੇ।







## ਸਿੱਖ ਭਾਈਚਾਰਾ ਮਨੁੱਖੀ ਹੱਕਾਂ ਦਾ ਦਿਨ ਮੋਮਬੱਤੀਆਂ ਬਾਲ ਕੇ ਮਨਾਏਗਾ

ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ): ਬੇ-ਏਰੀਆ ਦਾ ਸਿੱਖ ਭਾਈਚਾਰਾ ਮਾਨਵੀ ਅਧਿਕਾਰਾਂ ਦੇ ਦਿਨ 10 ਦਸੰਬਰ ਨੂੰ ਇਥੇ ਫਰੀਮਾਂਟ ਬੁਲੇਵਾਰਡ ਅਤੇ ਮੌਰੀ ਐਵਨਿਊ ਦੀ ਕਰਾਸਿੰਗ ਉਤੇ ਮੋਮਬੱਤੀਆਂ ਬਾਲ ਕੇ ਮਨੁੱਖੀ ਹੱਕਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰੇਗਾ।

ਇਥੇ ਜਾਰੀ ਇਕ ਬਿਆਨ ਵਿਚ ਖਾਲਸਾ ਜਾਗ੍ਰਿਤੀ ਲਹਿਰ ਦੇ ਕਨਵੀਨਰ ਸ੍ਰੀ ਕਰਨੈਲ ਸਿੰਘ ਖਾਲਸਾ ਨੇ ਆਖਿਆ ਕਿ ਭਾਰਤ ਵਿਚ ਘੱਟ ਗਿਣਤੀਆਂ ਦੇ ਮਨੁੱਖੀ ਅਧਿਕਾਰਾਂ ਦਾ ਲਗਾਤਾਰ ਕਤਲ ਹੋ ਰਿਹਾ ਹੈ। ਇਸ ਦਾ ਸਭ ਤੋਂ ਵੱਡਾ ਸਬੂਤ ਤਾਂ ਇਹ ਹੈ ਕਿ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਦਿੱਤੀਆਂ ਗਈਆਂ। ਇਸ ਮੁਜਾਹਰੇ ਸਮੇਂ 1984 ਦੇ ਕਤਲੇਆਮ ਦੀਆਂ ਤਸਵੀਰਾਂ ਅਤੇ ਬੈਨਰਾਂ ਰਾਹੀਂ ਰੋਸ ਪ੍ਰਗਟ ਕੀਤਾ ਜਾਏਗਾ। ਹੋਰ ਜਾਣਕਾਰੀ ਫੋਨ 510-557-9168 ਜਾਂ 510-364-8134 ਤੋਂ ਹਾਸਲ ਕੀਤੀ ਜਾ ਸਕਦੀ ਹੈ।

# ਅਮਰਿੰਦਰ ਸਿੰਘ ਦੀ ਸਰਗਰਮੀ ਤੋਂ ਅਕਾਲੀ ਚਿੰਤਤ

ਟੱਬਰ ਨਾਲ ਸਬੰਧਤ ਕੰਪਨੀ ਨੂੰ ਕੀਤੀ ਗਈ ਅਲਾਟਮੈਂਟ ਰੱਦ ਕੀਤੀ ਜਾਵੇਗੀ।

ਦਿਲਚਸਪ ਗੱਲ ਹੈ ਕਿ ਇਸੇ ਹੀ ਦਿਨ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਚੰਡੀਗੜ੍ਹ ਸ਼ਹਿਰ ਉਤੇ ਪੰਜਾਬ ਦੇ ਅਧਿਕਾਰ ਅਤੇ ਪੰਜਾਬ ਦੇ ਪਾਣੀਆਂ ਅਤੇ ਬਿਜਲੀ ਦਾ ਮੁੱਦਾ ਜ਼ੋਰ ਨਾਲ ਉਠਾਇਆ। ਇਥੇ ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ ਕਿ ਪਿਛਲੇ ਕੁਝ ਕੁ ਦਿਨਾਂ ਤੋਂ ਦੋਵੇਂ ਬਾਦਲ ਪੰਜਾਬ ਦੇ ਦਰਿਆਈ ਪਾਣੀਆਂ, ਬਿਜਲੀ ਅਤੇ ਚੰਡੀਗੜ੍ਹ ਦੇ ਮਸਲੇ ਦੀ ਗੱਲ ਕਾਫੀ ਠੋਕ ਵਜਾ ਕੇ ਕਰ ਰਹੇ ਹਨ।

ਪੰਜਾਬ ਦੀ ਸਿਆਸਤ ਨੂੰ ਨੀਝ ਨਾਲ ਦੇਖਣ ਵਾਲੇ ਲੋਕ ਮਹਿਸੂਸ ਕਰਦੇ ਹਨ ਕਿ ਬਾਦਲ ਟੱਬਰ, ਜਿਹੜਾ 1996 ਦੀ ਮੋਗਾ ਕਾਨਫਰੰਸ ਤੋਂ ਬਾਅਦ ਪੰਜਾਬ ਦੇ ਤਕਰੀਬਨ ਸਾਰੇ ਮਸਲੇ ਵਿਸਾਰ ਚੁੱਕਾ ਸੀ, ਹੁਣ ਇਨ੍ਹਾਂ ਨੂੰ ਮੁੜ ਤੋਂ ਚੁਕਣ ਲੱਗਾ ਹੈ। ਇਸ ਦਾ ਕਾਰਨ ਇਹ ਵੇਖਿਆ ਜਾ ਰਿਹਾ ਹੈ ਕਿ ਆਪਣੀ ਸਰਕਾਰ ਦੇ ਪਿਛਲੇ ਢਾਈ ਸਾਲਾਂ ਵਿਚ ਅਕਾਲੀਆਂ ਦੀ ਕੋਈ ਚੱਜ ਦੀ ਕਾਰਗੁਜ਼ਾਰੀ ਸਾਹਮਣੇ ਨਹੀਂ ਆਈ। ਅਕਾਲੀ-ਭਾਜਪਾ ਸਰਕਾਰ ਤਕਰੀਬਨ ਹਰ ਫਰੰਟ ਤੇ ਫੇਲ੍ਹ ਸਾਬਤ ਹੋ ਰਹੀ ਹੈ ਅਤੇ ਨਵੀਂ ਹਾਲਤ ਵਿਚ ਆਮ ਲੋਕਾਂ ਦਾ ਮੋਹ ਇਸ ਸਰਕਾਰ ਤੋਂ ਭੰਗ ਹੋ ਰਿਹਾ ਹੈ। ਇਥੋਂ ਤੱਕ ਕਿ ਅਕਾਲੀਆਂ ਦੇ ਵੋਟ ਬੈਂਕ ਸਮਝੇ ਜਾਂਦੇ ਕਿਸਾਨੀ ਤਬਕੇ ਵੀ ਇਸ ਰਾਜਭਾਗ ਤੋਂ ਪਰ੍ਹੇ ਖਿਸਕ ਰਹੇ ਹਨ। ਇਸ ਤੋਂ ਇਲਾਵਾ ਆਮ ਲੋਕਾਂ ਦੀਆਂ ਰੁਜਗਾਰ ਅਤੇ ਰੋਜ਼ੀ-ਰੋਟੀ ਦੀਆਂ ਸਮੱਸਿਆਵਾਂ ਵੀ ਹਰ ਰੋਜ਼ ਵਧ ਰਹੀਆਂ ਹਨ ਅਤੇ ਮਹਿੰਗਾਈ ਅਸਮਾਨ ਵੱਲ ਵਧ ਰਹੀ ਹੈ, ਜਿਸ ਉਪਰ ਨਾ ਤਾਂ ਕੇਂਦਰ ਸਰਕਾਰ ਤੋਂ ਕਾਬੂ ਪਾਇਆ ਜਾ ਰਿਹਾ ਹੈ ਅਤੇ ਨਾ ਹੀ ਰਾਜ ਸਰਕਾਰਾਂ ਇਸ ਉੱਪਰ ਕਾਬੂ ਪਾਉਣ ਦੇ ਸਮਰੱਥ ਹੋ ਰਹੀਆਂ ਹਨ। ਸੋਕੇ ਦੇ ਬਾਵਜੂਦ ਝੋਨੇ ਅਤੇ ਹੋਰ ਫਸਲਾਂ ਦੀ ਵੱਡੀ ਪੈਦਾਵਾਰ ਹੋਈ ਹੈ। ਫਿਰ ਵੀ ਕੀਮਤਾਂ ਹੇਠਾਂ ਨਹੀਂ ਡਿਗ ਰਹੀਆਂ। ਇਸ ਦਾ ਮੁੱਖ ਕਾਰਨ ਆਰਥਿਕ ਵਿਸ਼ਲੇਸ਼ਣਕਾਰ ਇਹ ਸਮਝਦੇ ਹਨ ਕਿ ਦੇਸ਼ ਦੇ ਵੱਡੇ ਬਾਣੀਏ ਜਖ਼ੀਰੇਬਾਜ ਬਣ ਗਏ ਹਨ। ਵੱਡੀ ਪੱਧਰ 'ਤੇ ਖਾਦ ਖੁਰਾਕ ਦੀਆਂ ਵਸਤਾਂ ਦੀ ਜ਼ਖੀਰੇਬਾਜ਼ੀ ਹੀ ਕੀਮਤਾਂ ਦੇ ਵਧਣ ਦਾ ਪ੍ਰਮੁੱਖ ਕਾਰਨ ਹੈ। ਇਸ ਜ਼ਖੀਰੇਬਾਜ਼ੀ ਉੱਪਰ ਕਾਬੂ ਪਾਉਣ ਤੋਂ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਨੇ ਲਗਭਗ ਬੇਵਸੀ ਜ਼ਾਹਿਰ ਕਰ ਦਿੱਤੀ ਹੈ। ਕਾਰਨ ਇਸਦਾ ਇਹ ਹੈ ਕਿ ਇਹੋ ਜ਼ਖੀਰੇਬਾਜ਼ ਹਨ ਜਿਨ੍ਹਾਂ ਤੋਂ ਪੈਸੇ ਲੈ ਕੇ ਸਿਆਸਤਦਾਨ ਚੋਣਾਂ ਲੜਦੇ ਹਨ। ਇੰਜ ਮਹਿੰਗਾਈ ਦੇ ਵਧਦੇ ਦਬਾਅ ਦੇ ਅੱਗੇ ਸਿਆਸਤਦਾਨਾਂ ਅਤੇ ਸਰਕਾਰਾਂ ਨੇ ਆਮ ਲੋਕਾਂ ਨੂੰ ਲਾਵਾਰਿਸ ਛੱਡ ਦਿੱਤਾ ਹੈ।

ਇਸ ਸਥਿਤੀ ਦਾ ਖਮਿਆਜ਼ਾ ਜਿਥੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਕੇਂਦਰ ਅਤੇ ਕਾਂਗਰਸ ਨੂੰ ਭੁਗਤਣਾ ਪੈਣਾ ਹੈ ਉਥੇ ਪੰਜਾਬ ਵਿਚ ਅਕਾਲੀ ਸਰਕਾਰ ਲਾਜ਼ਮੀ ਇਨ੍ਹਾਂ ਸਥਿਤੀਆਂ ਦਾ ਸਾਹਮਣਾ ਕਰੇਗੀ। ਲੋਕ ਸਭਾ ਚੋਣਾਂ ਅਜੇ ਦੂਰ ਹਨ ਪਰ ਇਸ ਸਥਿਤੀ ਵਿਚ ਅਕਾਲੀਆਂ ਨੇ ਇਹੋ ਬਿਹਤਰ ਸਮਝਿਆ ਕਿ ਪੰਜਾਬ ਦੇ ਲੋਕਾਂ, ਖਾਸ ਕਰਕੇ ਸਿੱਖ ਕਿਸਾਨੀ ਦੇ ਜਜ਼ਬਾਤ ਨਾਲ ਜੁੜੇ ਮਸਲਿਆਂ ਨੂੰ ਮੁੜ ਤੋਂ ਉਭਾਰਿਆ ਜਾਵੇ। ਕੈਪਟਨ ਅਮਰਿੰਦਰ ਸਿੰਘ ਦੀ ਤਿੱਖੀ ਹੋ ਰਹੀ ਬਿਆਨਬਾਜ਼ੀ ਦੇ ਸਾਹਮਣੇ ਅਕਾਲੀ ਦਲ (ਬਾਦਲ) ਨੇ ਹੁਣ ਪੰਜਾਬ ਦੇ ਦਰਿਆਈ ਪਾਣੀਆਂ, ਪੰਜਾਬ ਦੀ ਬਿਜਲੀ ਅਤੇ ਚੰਡੀਗੜ੍ਹ ਦੇ ਮਸਲੇ ਮੁੜ ਤੋਂ ਚੁਕਣੇ ਸ਼ੁਰੂ ਕੀਤੇ ਹਨ। ਸੁਖਬੀਰ ਬਾਦਲ ਨੇ ਪਿਛਲੇ ਦਿਨੀਂ ਇਕ ਬਿਆਨ ਵਿਚ ਕਿਹਾ ਕਿ ਕੇਂਦਰ ਸਰਕਾਰ ਨੂੰ ਚੰਡੀਗੜ੍ਹ ਦਾ ਕੇਂਦਰੀ ਪ੍ਰਸ਼ਾਸਕ ਨਿਯੁਕਤ ਨਹੀਂ ਕਰਨਾ ਚਾਹੀਦਾ ਕਿਉਂਕਿ ਚੰਡੀਗੜ੍ਹ ਉੱਪਰ ਪੰਜਾਬ ਦਾ ਕਾਨੂੰਨੀ ਅਧਿਕਾਰ ਹੈ।

ਇਸਦੇ ਨਾਲ ਹੀ ਵੱਡੇ ਬਾਦਲ ਨੇ ਜੁੜਵਾਂ ਬਿਆਨ ਦਿੱਤਾ ਅਤੇ ਕਿਹਾ ਕਿ ਹਰਿਆਣਾ ਨੂੰ ਆਪਣੀ ਵੱਖਰੀ ਹਾਈਕੋਰਟ ਚੰਡੀਗੜ੍ਹ ਵਿਚ ਨਹੀਂ ਸਗੋਂ ਆਪਣੇ ਕਿਸੇ ਹੋਰ ਸ਼ਹਿਰ ਵਿਚ ਵਸਾਉਣੀ ਚਾਹੀਦੀ ਹੈ ਕਿਉਂਕਿ ਚੰਡੀਗੜ੍ਹ ਕਾਨੂੰਨੀ ਤੌਰ 'ਤੇ ਪੰਜਾਬ ਦਾ ਸ਼ਹਿਰ ਹੈ ਅਤੇ ਪੰਜਾਬ ਦੇ ਲੋਕਾਂ ਦੀਆਂ ਇਸ ਸ਼ਹਿਰ ਨਾਲ ਭਾਵਨਾਵਾਂ ਜੁੜੀਆਂ ਹੋਈਆਂ ਹਨ। ਉਨ੍ਹਾਂ ਨੇ ਕੇਂਦਰੀ ਕਾਨੂੰਨ ਮੰਤਰੀ ਨੂੰ ਲਿਖੇ ਆਪਣੇ ਇਕ ਯਾਦ ਪੱਤਰ ਵਿਚ ਕਿਹਾ ਕਿ ਦੇਸ਼ ਦੀ ਵੰਡ ਮਗਰੋਂ ਚੰਡੀਗੜ੍ਹ ਦੀ ਉਸਾਰੀ ਪੰਜਾਬ ਦੀ ਰਾਜਧਾਨੀ ਦੇ ਤੌਰ 'ਤੇ ਕੀਤੀ ਗਈ ਸੀ, ਪਰ ਪੰਜਾਬ ਪੁਨਰਗਠਨ ਐਕਟ 1966 ਦੇ ਤਹਿਤ ਇਸਨੂੰ ਯੂ.ਟੀ. ਬਣਾ ਦਿੱਤਾ ਗਿਆ। ਪੰਜਾਬ ਦੇ ਲੋਕਾਂ ਨੇ ਚੰਡੀਗੜ੍ਹ ਉਤੇ ਪੰਜਾਬ ਦੇ ਦਾਅਵੇ ਨੂੰ ਕਦੇ ਵੀ ਨਹੀਂ ਤਿਆਗਿਆ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਿਲ ਕਰਨ ਲਈ ਹਜਾਰਾਂ ਲੋਕਾਂ ਨੇ ਸੰਘਰਸ਼ ਕੀਤਾ ਅਤੇ ਗ੍ਰਿਫਤਾਰੀਆਂ ਦਿੱਤੀਆਂ ਸਨ। ਉਨ੍ਹਾਂ ਹੋਰ ਕਿਹਾ ਕਿ ਚੰਡੀਗੜ੍ਹ ਪੰਜਾਬ ਵਲ ਤਬਦੀਲ ਨਾ ਕਰਨਾ ਇਸ ਰਾਜ ਦੇ ਜ਼ਖਮਾਂ ਨੂੰ ਰਿਸਦੇ ਰੱਖਣਾ ਹੈ।

ਸਪਸ਼ਟ ਹੈ ਕਿ ਅਕਾਲੀ ਲੀਡਰਸ਼ਿਪ ਕੈਪਟਨ ਅਮਰਿੰਦਰ ਸਿੰਘ ਦੇ ਵਧਦੇ ਦਬਾਅ ਦੇ ਅਧੀਨ ਆਉਣ ਵਾਲੇ ਸਮੇਂ ਵਿਚ ਪੰਜਾਬ ਦੇ ਖੇਤਰੀ ਮਸਲੇ ਉਠਾਉਣ ਵਲ ਵਧ ਸਕਦੀ ਹੈ। ਕੈਪਟਨ ਅਮਰਿੰਦਰ ਸਿੰਘ ਕਾਂਗਰਸ ਵਿਚ ਪੰਜਾਬ ਪੱਖੀ ਲਾਬੀ ਦੇ ਆਗੂ ਸਮਝੇ ਜਾਂਦੇ ਹਨ ਅਤੇ ਕੱਟੜ ਸਿੱਖ ਧਿਰਾਂ ਵਿਚ ਵੀ ਉਨ੍ਹਾਂ ਨੂੰ ਬਾਦਲ ਅਤੇ ਉਨ੍ਹਾਂ ਦੇ ਟੱਬਰ ਨਾਲੋਂ ਵਧੇਰੇ ਮਾਨਤਾ ਹਾਸਿਲ ਹੈ। ਇਸ ਤੋਂ ਇਲਾਵਾ ਪੰਜਾਬ ਵਿਚ ਮੀਡੀਏ ਦਾ ਇਕ ਵੱਡਾ ਹਿੱਸਾ ਵੀ ਉਨ੍ਹਾਂ ਦੇ ਪੱਖ ਵਿਚ ਖਲੋਂਦਾ ਹੈ। ਕੈਪਟਨ ਵਲੋਂ ਆਪਣੇ ਕਾਰਜਕਾਲ ਦੌਰਾਨ ਪੰਜਾਬ ਦੇ ਦਰਿਆਈ ਪਾਣੀਆਂ ਦੇ ਮਾਮਲੇ ਵਿਚ ਪਾਸ ਕੀਤੇ ਗਏ ਬਿੱਲ ਨੇ ਵੀ ਉਨ੍ਹਾਂ ਨੂੰ ਪੰਜਾਬ ਦੇ ਕਿਸਾਨੀ ਤਬਕਿਆਂ ਵਿਚ ਕਾਫੀ ਮਕਬੂਲ ਕਰ ਦਿੱਤਾ ਸੀ। ਜੇ ਪੰਜਾਬ ਕਾਂਗਰਸ ਦੀ ਲੀਡਰਸ਼ਿਪ ਕੈਪਟਨ ਧੜੇ ਦੇ ਹੱਥ ਵਿਚ ਆ ਜਾਂਦੀ ਹੈ ਤਾਂ ਆਉਣ ਵਾਲੇ ਦਿਨਾਂ ਵਿਚ ਆਪਣੀ ਸੱਤਾ ਬਚਾਉਣ ਅਤੇ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਦੇ ਲੋਕਾਂ, ਖਾਸ ਕਰਕੇ ਸਿੱਖ ਕਿਸਾਨੀ ਨੂੰ ਆਪਣੇ ਪੱਖ ਵਿਚ ਜਿੱਤਣ ਲਈ ਅਕਾਲੀ ਦਲ (ਬਾਦਲ) ਦੇ ਆਗੂ ਪੰਜਾਬ ਦੀਆਂ ਪੁਰਾਣੀਆਂ ਸਮੱਸਿਆਵਾਂ ਨੂੰ ਮੁੜ ਉਭਾਰਨ ਵਲ ਤੁਰ ਸਕਦੇ ਹਨ। ਇਹ ਅਕਾਲੀ ਲੀਡਰਸ਼ਿਪ ਵਲੋਂ ਪੰਜਾਬ ਦੇ ਲੋਕਾਂ ਦੇ ਜਜ਼ਬਾਤ ਨੂੰ ਵਰਤਣ ਦੀ ਇੱਕ ਨਵੀਂ ਜੁਗਤ ਹੋਵੇਗੀ।

## ਭਾਰਤ-ਅਮਰੀਕਾ ਸਬੰਧ ਗੂੜ੍ਹੇ ਹੋਣ ਵਲ

ਪ੍ਰਧਾਨ ਮੰਤਰੀ ਨੂੰ ਦੱਸਿਆ ਹੈ ਕਿ ਹੈਡਲੀ ਤੇ ਰਾਣਾ ਦਾ ਕੇਸ ਉਨ੍ਹਾਂ ਆਪਣੇ ਹੱਥਾਂ ਵਿਚ ਲੈ ਲਿਆ ਹੈ ਤੇ ਉਹ ਇਕ ਹਫਤੇ ਦੇ ਅੰਦਰ-ਅੰਦਰ ਸਾਰੇ ਵੇਰਵਿਆਂ ਸਹਿਤ ਐਫ.ਬੀ.ਆਈ. ਦੀ ਇਕ ਉਚ ਪੱਧਰੀ ਟੀਮ ਨਵੀਂ ਦਿੱਲੀ ਭੇਜਣਗੇ। ਸ੍ਰੀ ਓਬਾਮਾ ਦੇ ਭਰੋਸੇ ਪਿੱਛੋਂ ਇਸ ਗੱਲ ਦੀ ਆਸ ਬਣੀ ਹੈ ਕਿ ਐਫ.ਬੀ.ਆਈ. ਦੀ ਟੀਮ ਭਾਰਤ ਵਿਚ ਹੈਡਲੀ ਤੇ ਰਾਣਾ ਦੀਆਂ ਯੋਜਨਾਵਾਂ ਅਤੇ ਉਨ੍ਹਾਂ ਦੇ ਤਾਣੇ-ਬਾਣੇ ਬਾਰੇ ਸਾਰੇ ਵੇਰਵੇ ਮੁਹੱਈਆ ਕਰਾਵੇਗੀ।

ਐਫ.ਬੀ.ਆਈ. ਭਾਰਤ ਨੂੰ ਕਿਹੜੀ ਸੂਚਨਾ ਪ੍ਰਧਾਨ ਕਰਦੀ ਹੈ, ਇਸ ਗੱਲ ਤੋਂ ਦੋਹਾਂ ਦੇਸ਼ਾਂ ਵਿਚਾਲੇ ਹੋਏ ਅਤਿਵਾਦ ਵਿਰੋਧੀ ਸਮਝੌਤੇ ਦੀ ਮੁੱਢਲੀ ਪਰਖ ਹੋ ਸਕੇਗੀ। ਜ਼ਿਕਰਯੋਗ ਹੈ ਕਿ ਐਫ.ਬੀ.ਆਈ.ਨੇ ਪਾਕਿਸਤਾਨ ਦੇ ਜੰਮਪਲ ਅਤੇ ਅਮਰੀਕੀ ਸ਼ਹਿਰੀ ਹੈਡਲੀ ਅਤੇ ਕੈਨੇਡਾ ਵਾਸੀ ਰਾਣਾ ਨੂੰ ਅਕਤੂਬਰ ਵਿਚ ਗ੍ਰਿਫਤਾਰ ਕੀਤਾ ਸੀ। ਭਾਰਤੀ ਅਧਿਕਾਰੀਆਂ ਨੂੰ ਸ਼ੱਕ ਹੈ ਕਿ ਹੈਡਲੀ ਤੇ ਰਾਣਾ 26 ਨਵੰਬਰ, 2008 ਵਾਲੇ ਮੁੰਬਈ ਹਮਲੇ ਵਿਚ ਵੀ ਸ਼ਾਮਲ ਹੋ ਸਕਦੇ ਹਨ, ਪਰ ਹਾਲੇ ਤੱਕ ਇਸ ਬਾਰੇ ਉਨ੍ਹਾਂ ਨੂੰ ਕੋਈ ਠੋਸ ਸਬੂਤ ਨਹੀਂ ਮਿਲਿਆ, ਇਸਦੇ ਲਈ ਉਹ ਅੱਕੀਂ-ਪਲਾਹੀਂ ਹੱਥ ਮਾਰਦੇ ਫਿਰਦੇ ਹਨ।

ਕੌਮੀ ਸੁਰੱਖਿਆ ਸਲਾਹਕਾਰ ਜੇਮਸ ਜੋਨਸ ਦੇ ਹਵਾਲੇ ਨਾਲ ਅਮਰੀਕਾ ਨੇ ਭਾਰਤ ਨੂੰ ਇਹ ਵੀ ਆਸ ਬੰਨ੍ਹਾਈ ਹੈ ਕਿ ਉਹ ਉਸ ਪਾਕਿਸਤਾਨੀ ਨਾਗਰਿਕ ਦੀ ਤਲਾਸ਼ ਵਿਚ ਹੈ, ਜੋ ਹੈਡਲੀ ਤੇ ਰਾਣਾ ਅਤੇ ਪਾਕਿਸਤਾਨ ਵਿਚ ਉਨ੍ਹਾਂ ਦੇ ਸੰਚਾਲਕਾਂ ਵਿਚਾਲੇ ਕੜੀ ਦਾ ਕੰਮ ਦਿੰਦਾ ਸੀ। ਰਾਸ਼ਟਰਪਤੀ ਬਰਾਕ ਓਬਾਮਾ ਅਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਿਚਾਲੇ ਹੋਈ ਮੀਟਿੰਗ ਵਿਚ ਪ੍ਰਧਾਨ ਮੰਤਰੀ ਨੇ ਭਾਰਤ ਦੇ ਗੁਆਂਢ ਵਿਚ ਦਹਿਸ਼ਤਗਰਦੀ ਦੇ ਬਣ ਰਹੇ ਨਵੇਂ ਅੱਡਿਆਂ 'ਤੇ ਚਿੰਤਾ ਪ੍ਰਗਟ ਕੀਤੀ ਸੀ। ਇਧਰ ਭਾਰਤ ਦੇ ਕੇਂਦਰੀ ਗ੍ਰਹਿ ਸਕੱਤਰ ਜੀ. ਕੇ. ਪਿੱਲੇ ਨੇ ਕਿਹਾ ਕਿ ਹੈਡਲੀ ਤੇ ਰਾਣਾ ਖਿਲਾਫ ਅਮਰੀਕਾ ਵਿਚ ਦੋਸ਼ ਆਇਦ ਹੋਣ ਤੋਂ ਬਾਅਦ ਭਾਰਤ ਨੂੰ ਉਨ੍ਹਾਂ ਤੋਂ ਪੁੱਛ-ਪੜਤਾਲ ਕਰਨ ਦੀ ਖੁੱਲ੍ਹ ਮਿਲਣ ਦੀ ਆਸ ਹੈ। ਉਨ੍ਹਾਂ ਕਿਹਾ ਕਿ ਹੈਡਲੀ ਤੇ ਰਾਣਾ ਦੇ ਭਾਰਤੀ ਸਬੰਧਾਂ ਬਾਰੇ ਜਾਂਚ 3-4 ਹਫਤਿਆਂ ਵਿਚ ਪੂਰੀ ਹੋ ਜਾਵੇਗੀ।

ਭਾਰਤ ਜਿਥੇ ਮੁੰਬਈ 26/11 ਦੀ ਅਤਿਵਾਦ ਦੀ ਘਟਨਾ ਨਾਲ ਦੋ-ਚਾਰ ਹੋ ਰਿਹਾ ਹੈ ਉਥੇ ਅਮਰੀਕਾ ਅਫਗਾਨਿਸਤਾਨ ਵਿਚ ਘਿਰਿਆ ਮਹਿਸੂਸ ਕਰ ਰਿਹਾ ਹੈ ਜਿਸ ਦੇ ਲਈ ਉਸਨੂੰ ਭਾਰਤ ਤੋਂ ਸਹਿਯੋਗ ਦੀ ਲੋੜ ਹੈ। ਅਫਗਾਨਿਸਤਾਨ ਵਿਚ ਅਮਰੀਕੀ ਫੌਜ ਦੇ ਮੁਖੀ ਨੇ ਰਾਸ਼ਟਰਪਤੀ ਕੋਲੋਂ ਹੋਰ ਚਾਲੀ ਹਜ਼ਾਰ ਫੌਜੀਆਂ ਦੀ ਮੰਗ ਕੀਤੀ ਹੈ। ਦੂਜੇ ਪਾਸੇ ਅਫਗਾਨਿਸਤਾਨ 'ਚ ਹਰ ਰੋਜ਼ ਤਿੰਨ-ਚਾਰ ਫੌਜੀਆਂ ਦੀਆਂ ਲਾਸ਼ਾਂ ਅਮਰੀਕਾ ਪਹੁੰਚ ਰਹੀਆਂ ਹਨ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਾਰਜ ਬੁਸ਼ ਜਿਥੇ ਅਫਗਾਨਿਸਤਾਨ ਅਤੇ ਇਰਾਕ ਦੀ ਲੜਾਈ ਦੇ ਪੱਖ ਵਿਚ ਸਨ ਉਥੇ ਬਰਾਕ ਓਬਾਮਾ ਉਥੋਂ ਫੌਜਾਂ ਕੱਢਣ ਦੇ ਹੱਕ ਵਿਚ ਹਨ। ਡਾ. ਮਨਮੋਹਨ ਸਿੰਘ ਨੇ ਰਾਸ਼ਟਰਪਤੀ ਓਬਾਮਾ ਨੂੰ ਮਸ਼ਵਰਾ ਦਿੱਤਾ ਹੈ ਕਿ ਅਫਗਾਨਿਸਤਾਨ ਵਿਚੋਂ ਜਲਦਬਾਜ਼ੀ ਨਾਲ ਫੌਜਾਂ ਕੱਢਣੀਆਂ ਸਰਾਸਰ ਗਲਤੀ ਹੋਵੇਗੀ। ਅਤਿਵਾਦ ਵਿਰੁਧ ਦੋਹਾਂ ਦੇਸ਼ਾਂ ਵਿਚਾਲੇ ਅਜਿਹਾ ਆਦਾਨ-ਪ੍ਰਦਾਨ ਉਨ੍ਹਾਂ ਲਈ ਲਾਹੇਵੰਦ ਰਹੇਗਾ ਅਤੇ ਉਨ੍ਹਾਂ ਦਰਮਿਆਨ ਸਬੰਧ ਹੋਰ ਮਜਬੂਤ ਹੋਣਗੇ। ਰਣਨੀਤਕ ਭਾਈਵਾਲੀ ਦੇ ਨਵੇਂ ਦੌਰ ਦੀ ਸ਼ੁਰੂਆਤ ਕਰਨ ਦੇ ਮਨਸ਼ੇ ਨਾਲ ਅਮਰੀਕੀ ਰਾਸ਼ਟਰਪਤੀ ਨੇ ਪਾਕਿਸਤਾਨ 'ਤੇ ਦਬਾਅ ਵਧਾਉਂਦਿਆਂ ਕਿਹਾ ਹੈ ਕਿ ਮੁੰਬਈ 'ਚ ਅਤਿਵਾਦੀ ਹਮਲਿਆਂ ਲਈ ਜ਼ਿੰਮੇਵਾਰ ਲੋਕਾਂ ਵਿਰੁਧ ਕਾਰਵਾਈ ਕੀਤੇ ਜਾਣਾ ਬਹੁਤ ਜ਼ਰੂਰੀ ਹੈ। ਪਾਕਿਸਤਾਨ ਅਤੇ ਅਫਗਾਨਿਸਤਾਨ 'ਚ ਅਤਿਵਾਦੀਆਂ ਦੀਆਂ ਪਨਾਹਗਾਹਾਂ ਨੂੰ ਖਤਮ ਕਰਨ ਲਈ ਠੋਸ ਅਤੇ ਭਰੋਸੇਯੋਗ ਕਾਰਵਾਈ ਕੀਤੇ ਜਾਣ ਦੀ ਲੋੜ 'ਤੇ ਜ਼ੋਰ ਦੇਣ ਨਾਲ ਅਮਰੀਕਾ ਦੇ ਭਾਰਤ ਪ੍ਰਤੀ ਬਦਲ ਰਹੇ ਨਜ਼ਰੀਏ ਦੀ ਝਲਕ ਮਿਲਦੀ ਹੈ।

ਇਥੇ ਜ਼ਿਕਰਯੋਗ ਹੈ ਕਿ ਭਾਰਤ ਅਤੇ ਅਮਰੀਕਾ ਵਲੋਂ ਆਪਸੀ ਸਬੰਧਾਂ 'ਚ ਮਜ਼ਬੂਤੀ ਲਿਆਉਣ ਲਈ ਅਤਿਵਾਦ ਦੇ ਮੁਕਾਬਲੇ ਸਮੇਤ 6 ਸਮਝੌਤੇ ਸਹੀਬੰਦ ਕੀਤੇ ਗਏ ਹਨ। ਕੌਮਾਂਤਰੀ ਸੁਰੱਖਿਆ ਅਤੇ ਅਤਿਵਾਦ ਦੇ ਖਾਤਮੇ ਲਈ ਆਪਸੀ ਸਹਿਯੋਗ ਸਬੰਧੀ ਸਮਝੌਤੇ ਦੇ ਨਾਲ-ਨਾਲ ਦੋਹਾਂ ਦੇਸ਼ਾਂ ਵਲੋਂ ਸਿੱਖਿਆ ਅਤੇ ਵਿਕਾਸ, ਸਿਹਤ ਸਹਿਯੋਗ, ਆਰਥਿਕ ਵਪਾਰ ਅਤੇ ਖੇਤੀਬਾੜੀ ਦੇ ਨਾਲ-ਨਾਲ ਸਾਫ ਸੁਥਰੀ ਊਰਜਾ, ਜਲਵਾਯੂ, ਤਬਦੀਲੀ ਅਤੇ ਖੁਰਾਕ ਸੁਰਖਿਆ ਦੇ ਖੇਤਰ 'ਚ ਗਰੀਨ ਪਾਰਟਨਰਸ਼ਿਪ ਬਾਰੇ ਸਹਿਮਤੀ-ਪੱਤਰਾਂ 'ਤੇ ਦਸਤਖਤ ਕਰਕੇ ਨਵੇਂ ਕਾਂਡ ਦੀ ਸ਼ੁਰੂਆਤ ਕੀਤੀ ਹੈ।

ਅਮਰੀਕਾ ਤੋਂ ਇਲਾਵਾ ਬਰਤਾਨੀਆ ਤੇ ਫਰਾਂਸ ਨੇ ਵੀ ਭਾਰਤ ਦੇ ਹੱਕ 'ਚ ਆਵਾਜ਼ ਬੁਲੰਦ ਕੀਤੀ ਹੈ। ਬਰਤਾਨੀਆ ਦੇ ਪ੍ਰਧਾਨ ਮੰਤਰੀ ਗੋਰਡਨ ਬਰਾਊਨ ਤੇ ਫਰਾਂਸ ਦੇ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਨੇ ਡਾ. ਮਨਮੋਹਨ ਸਿੰਘ ਨਾਲ ਵੱਖੋ-ਵੱਖਰੀਆਂ ਮੀਟਿੰਗਾਂ ਦੌਰਾਨ ਕਿਹਾ ਕਿ ਅਤਿਵਾਦ ਵਿਰੁਧ ਲੜਾਈ 'ਚ ਦੋਹਰੇ ਮਾਪਦੰਡ ਨਹੀਂ ਅਪਨਾਏ ਜਾਣੇ ਚਾਹੀਦੇ ਅਤੇ ਅਜਿਹਾ ਵਰਤਾਰਾ ਪਾਕਿਸਤਾਨ ਦੇ ਸੰਦਰਭ 'ਚ ਦੇਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅਫਗਾਨਿਸਤਾਨ ਅਤੇ ਪਾਕਿਸਤਾਨ 'ਚ ਅਤਿਵਾਦ ਦੇ ਖਾਤਮੇ ਲਈ ਮੁੰਬਈ ਹਮਲਿਆਂ ਦੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ।

ਡਾ. ਮਨਮੋਹਨ ਸਿੰਘ ਦੇ ਅਮਰੀਕੀ ਦੌਰੇ ਦੇ ਜਿਹੜੇ ਅਹਿਮ ਪਹਿਲੂ ਸਾਹਮਣੇ ਆਏ ਹਨ, ਉਨ੍ਹਾਂ ਨੂੰ ਦੇਖਦਿਆਂ ਆਸ ਬੱਝਦੀ ਹੈ ਕਿ ਭਵਿੱਖ 'ਚ ਭਾਰਤ-ਅਮਰੀਕਾ ਸਬੰਧ ਹੋਰ ਗੂੜ੍ਹੇ ਹੋਣਗੇ। ਅਤਿਵਾਦ ਦੇ ਨਾਲ-ਨਾਲ ਹੋਰ ਖੇਤਰਾਂ 'ਚ ਸਹਿਯੋਗ ਨਾਲ ਦੇਸ਼ ਹਰ ਕਿਸਮ ਦੀ ਚੁਣੌਤੀ ਦਾ ਮੁਕਾਬਲਾ ਕਰਨ ਦੇ ਯੋਗ ਹੋ ਸਕਣਗੇ ਅਤੇ ਕੌਮਾਂਤਰੀ ਪੱਧਰ 'ਤੇ ਅਸਰਦਾਰ ਰੋਲ ਨਿਭਾ ਸਕਣਗੇ।

## ਗਦਰ ਮੈਮੋਰੀਅਲ ਫਾਊਂਡੇਸ਼ਨ ਦੀ ਚੋਣ, ਕੁਲਦੀਪ ਸਿੰਘ ਧਾਲੀਵਾਲ ਚੇਅਰਮੈਨ ਬਣੇ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ ਦੀ ਪ੍ਰਬੰਧਕੀ ਕਮੇਟੀ ਦੀ ਇਥੇ ਸ੍ਰੀ ਜਰਨੈਲ ਸਿੰਘ ਮੰਡੇਰ ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਵਿਚ ਜਥੇਬੰਦੀ ਦੇ ਨਵੇਂ ਅਹੁਦੇਦਾਰਾਂ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ। ਇਸ ਚੋਣ ਮੁਤਾਬਕ ਚੇਅਰਮੈਨ ਕੁਲਦੀਪ ਸਿੰਘ ਧਾਲੀਵਾਲ, ਵਾਈਸ ਚੇਅਰਮੈਨ ਕੁਲਦੀਪ ਸਿੰਘ ਅਟਵਾਲ, ਪ੍ਰਧਾਨ ਚਰਨ ਸਿੰਘ ਜੱਜ, ਸੀਨੀਅਰ ਮੀਤ ਪ੍ਰਧਾਨ ਗੁਲਿੰਦਰ ਸਿੰਘ ਗਿੱਲ ਅਤੇ ਜਰਨੈਲ ਸਿੰਘ ਮੰਡੇਰ, ਜਨਰਲ ਸਕੱਤਰ ਜਗਜੀਤ ਸਿੰਘ ਕੰਦੋਲਾ, ਸਕੱਤਰ ਜਨਕ ਰਾਜ ਸਿੱਧਰਾ, ਵਿੱਤ ਸਕੱਤਰ ਗੁਰਦੀਪ ਗਿੱਲ ਅਤੇ ਬਲਵਿੰਦਰ ਸਿੰਘ ਢੁਲਕੂ ਬਣਾਏ ਗਏ ਹਨ। ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ ਇਹ ਕਮੇਟੀ ਅਗਲੇ ਪੰਜ ਸਾਲ ਫਾਊਂਡੇਸ਼ਨ ਦੇ ਕਾਰਜ ਸੰਭਾਲੇਗੀ ਅਤੇ ਗਦਰ ਲਹਿਰ ਦੀ ਪਹਿਲੀ ਸ਼ਤਾਬਦੀ ਦੇ ਜਸ਼ਨ ਵੀ ਇਸੇ ਕਮੇਟੀ ਦੀ ਅਗਵਾਈ ਹੇਠ ਮਨਾਏ ਜਾਣਗੇ। ਇਸ ਕਮੇਟੀ ਵਿਚ ਹੋਰ ਵਾਧਾ-ਘਾਟਾ ਨਹੀਂ ਹੋਵੇਗਾ। ਪਰ ਹਰ ਸਾਲ ਕਰਾਏ ਜਾਂਦੇ ਮੇਲੇ ਅਤੇ ਕਾਨਫਰੰਸ ਲਈ ਇਕ ਅਸਥਾਈ ਕਮੇਟੀ ਕਾਇਮ ਕੀਤੀ ਜਾਵੇਗੀ।

ਸ੍ਰੀ ਗੁਲਿੰਦਰ ਸਿੰਘ ਗਿੱਲ ਅਤੇ ਜਰਨੈਲ ਸਿੰਘ ਮੰਡੇਰ ਵਲੋਂ ਜਾਰੀ ਬਿਆਨ ਅਨੁਸਾਰ ਦੂਸਰੀ ਗਦਰ ਮੈਮੋਰੀਅਲ ਪੰਜਾਬੀ ਕਾਨਫਰੰਸ 10 ਜੁਲਾਈ 2010 ਨੂੰ ਹੋਵੇਗੀ। ਇਸ ਕਾਨਫਰੰਸ ਵਿਚ ਭਾਰਤ, ਯੂਰਪ ਅਤੇ ਉਤਰੀ ਅਮਰੀਕਾ ਤੋਂ ਵਿਦਵਾਨਾਂ ਨੂੰ ਸ਼ਰੀਕ ਹੋਣ ਲਈ ਸੱਦੇ ਜਲਦ ਹੀ ਭੇਜ ਦਿੱਤੇ ਜਾਣਗੇ।

## ਸ. ਬਖਸ਼ੀਸ਼ ਸਿੰਘ ਧੁੱਗਾ:ਇਕ ਫੌਜੀ, ਖਿਡਾਰੀ ਅਤੇ ਗੁਰਮੁਖ ਪਿਆਰਾ

**ਸ਼ਰਧਾਂਜਲੀ**

**ਹੇਵਰਡ, ਕੈਲੀਫੋਰਨੀਆ:** ਦੂਜੀ ਸੰਸਾਰ ਜੰਗ ਵਿਚ ਬਰਤਾਨਵੀ ਫੌਜ ਦੀ ਤਰਫੋਂ ਬਰਮਾ ਦੇ ਮੁਹਾਜ ਉਤੇ ਸਿਰਲੱਥ ਯੋਧਿਆਂ ਦੀ ਤਰ੍ਹਾਂ ਲੜੇ, ਹਾਕੀ ਖਿਡਾਰੀ ਅਤੇ ਗੁਰਮੁਖ ਪਿਆਰੇ ਸ. ਬਖਸ਼ੀਸ਼ ਸਿੰਘ ਧੁੱਗਾ 28 ਨਵੰਬਰ ਨੂੰ 87 ਸਾਲ ਦੀ ਭਰਪੂਰ ਉਮਰ ਭੋਗ ਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਉਹ ਬੇ-ਏਰੀਏ ਦੇ ਉਘੇ ਪਤਵੰਤੇ, ਕੈਸ਼ ਫੈਬਰਿਕਸ ਦੇ ਮਾਲਕ ਅਤੇ ਹਾਕੀ ਖਿਡਾਰੀ ਕਸ਼ਮੀਰ ਸਿੰਘ ਧੁੱਗਾ ਦੇ ਪਿਤਾ ਜੀ ਸਨ।



ਸ. ਬਖਸ਼ੀਸ਼ ਸਿੰਘ ਦਾ ਜਨਮ ਜਿਲਾ ਹੁਸ਼ਿਆਰਪੁਰ ਦੇ ਪਿੰਡ ਧੁੱਗਾ ਵਿਚ 6 ਅਗਸਤ 1922 ਨੂੰ ਪਿਤਾ ਉਧਮ ਸਿੰਘ ਦੇ ਘਰ ਮਾਤਾ ਬੰਤੀ ਕੌਰ ਦੀ ਕੁਖੋਂ ਹੋਇਆ। ਖਾਲਸਾ ਕਾਲਜ ਹੁਸ਼ਿਆਰਪੁਰ ਤੋਂ ਬੀ ਏ ਪਾਸ ਕਰਨ ਉਪਰੰਤ ਉਨ੍ਹਾਂ ਬਰਤਾਨਵੀ ਫੌਜ ਵਿਚ ਕਮਿਸ਼ਨ ਲੈ ਲਿਆ ਅਤੇ ਦੂਜੀ ਸੰਸਾਰ ਜੰਗ ਵਿਚ ਬਰਮਾ ਦੇ ਮੁਹਾਜ ਉਤੇ ਇਤਿਹਾਦੀ ਫੌਜਾਂ ਦੀ ਤਰਫੋਂ ਬਹਾਦਰੀ ਨਾਲ ਲੜੇ। ਜੰਗ ਦੀ ਸਮਾਪਤੀ ਪਿਛੋਂ ਉਨ੍ਹਾਂ ਫੌਜ ਤੋਂ ਰਿਟਾਇਰਮੈਂਟ ਲੈ ਲਈ ਪਰ ਝੱਟ ਹੀ ਬਾਅਦ ਉਹ ਭੂਟਾਨ ਵਿਚ ਭੇਜੀਆਂ ਗਈਆਂ ਭਾਰਤੀ ਫੌਜਾਂ ਦੀਆਂ ਪਹਿਲੀਆਂ ਟੁਕੜੀਆਂ ਵਿਚ ਸ਼ਾਮਲ ਹੋ ਕੇ ਫਿਰ ਦੇਸ਼ ਦੀ ਸੇਵਾ ਵਿਚ ਰੁਝ ਗਏ। ਭੂਟਾਨ ਵਿਚ ਗੜਬੜ ਦਾ ਦੌਰ 1960 ਦੇ ਦਹਾਕੇ ਦੇ ਸ਼ੁਰੂ ਵਿਚ ਖਤਮ ਹੋਇਆ ਤਾਂ ਉਹ ਪ੍ਰਵਾਸ ਕਰਕੇ ਪਰਿਵਾਰ ਸਮੇਤ ਇੰਗਲੈਂਡ ਚਲੇ ਗਏ।

ਸ. ਬਖਸ਼ੀਸ਼ ਸਿੰਘ ਧੁੱਗਾ ਆਪਣੇ ਸਕੂਲ ਦੇ ਸਮੇਂ, ਕਾਲਜ ਅਤੇ ਫਿਰ ਫੌਜ ਦੀ ਨੌਕਰੀ ਸਮੇਂ ਵੀ ਹਾਕੀ ਅਤੇ ਫੁਟਬਾਲ ਦੇ ਵਧੀਆ ਖਿਡਾਰੀ ਰਹੇ। ਇੰਗਲੈਂਡ ਵਿਚ ਰਹਿੰਦਿਆਂ ਉਨ੍ਹਾਂ ਇਕ ਬੇਕਰੀ ਵਿਚ ਕੰਮ ਕਰਦਿਆਂ ਸੈਂਕੜੇ ਵਰਕਰਾਂ ਦੀ ਰਹਿਨੁਮਾਈ ਕੀਤੀ ਅਤੇ ਪੰਜਾਬੋਂ ਨਵੇਂ ਆਏ ਪ੍ਰਵਾਸੀਆਂ ਨੂੰ ਰੁਜਗਾਰ ਦਵਾਇਆ। ਵਰਕਰਾਂ 'ਚ ਉਹ ਇਕ ਨਿਹਾਇਤ ਹਮਦਰਦ ਸੁਪਰਵਾਈਜ਼ਰ ਵਜੋਂ ਜਾਣੇ ਜਾਂਦੇ ਸਨ।

1970 ਵਿਚ ਸ. ਬਖਸ਼ੀਸ਼ ਸਿੰਘ ਧੁੱਗਾ ਆਪਣੇ ਪਰਿਵਾਰ ਨੂੰ ਲੈ ਕੇ ਅਮਰੀਕਾ ਵਿਚ ਯੂਬਾ ਸਿਟੀ ਆ ਵਸੇ। ਯੂਬਾ ਸਿਟੀ ਦੇ ਫਾਰਮਾਂ ਵਿਚ ਕੁਝ ਵਰ੍ਹੇ ਕੰਮ ਕਰਨ ਉਪਰੰਤ ਉਹ ਬੇ-ਏਰੀਆ ਚਲੇ ਆਏ। ਹੇਵਰਡ ਵਿਚ ਵੱਸਣ ਵਾਲੇ ਉਹ ਪਹਿਲੇ ਪੰਜਾਬੀ ਪਰਿਵਾਰਾਂ ਵਿਚੋਂ ਸਨ। ਬੇ-ਏਰੀਆ ਵਿਚ ਉਹ ਪਹਿਲੇ ਭਾਰਤੀ ਸਨ ਜਿਨ੍ਹਾਂ ਨੇ ਰੀਅਲ ਐਸਟੇਟ ਵਿਚ ਨਿਵੇਸ਼ਕਾਰੀ ਸ਼ੁਰੂ ਕੀਤੀ। ਦੂਜਿਆਂ ਦੀ ਮਦਦ ਕਰਨ ਦੀ ਆਪਣੀ ਪੁਰਾਣੀ ਆਦਤ ਉਤੇ ਚਲਦਿਆਂ ਉਨ੍ਹਾਂ ਕਿੰਨੇ ਹੀ ਲੋਕਾਂ ਨੂੰ ਘਰਾਂ ਦੀ ਖਰੀਦ ਅਤੇ ਹੋਰ ਜਾਇਦਾਦ ਲੈਣ ਵਾਲੇ ਪਾਸੇ ਲਾਇਆ। ਇਨ੍ਹਾਂ ਸਾਲਾਂ ਦੌਰਾਨ ਉਨ੍ਹਾਂ ਸਖਤ ਮਿਹਨਤ ਕੀਤੀ। ਆਪਣੀ ਪਤਨੀ ਅਤੇ ਪੰਜ ਬੱਚੇ ਉਨ੍ਹਾਂ ਦੇ ਜੀਵਨ ਦੇ ਕਾਰਜ ਖੇਤਰ ਦਾ ਧੁਰਾ ਬਣ ਗਏ।

ਜਦੋਂ ਬੇ-ਏਰੀਏ ਵਿਚ ਗੁਰੂਘਰ ਬਣਾਉਣ ਦੀ ਗੱਲ ਤੁਰੀ ਤਾਂ ਗੁਰਦਵਾਰਾ ਫਰੀਮਾਂਟ ਲਈ ਥਾਂ ਲੱਭਣ ਵਾਲੀ ਸਥਾਪਨਾ ਕਮੇਟੀ ਵਿਚ ਉਹ ਵੀ ਸ਼ਾਮਲ ਸਨ। ਆਪਣੇ ਪਿਛਲੇਰੇ ਜੀਵਨ ਵਿਚ ਉਨ੍ਹਾਂ ਆਪਣਾ ਸਾਰਾ ਧਿਆਨ ਪ੍ਰਭੂ-ਭਗਤੀ ਅਤੇ ਅਧਿਆਤਮਵਾਦ ਵਲ ਲਾ ਲਿਆ। ਕਈ ਵਾਰ ਜਦੋਂ ਉਹ ਭਗਤੀ ਵਿਚ ਲੀਨ ਬੈਠੇ ਹੁੰਦੇ ਤਾਂ ਉਨ੍ਹਾਂ ਦੇ ਚਿਹਰੇ ਤੋਂ ਨੂਰ ਟਪਕਦਾ ਦੇਖਿਆ ਜਾ ਸਕਦਾ ਹੁੰਦਾ। ਉਨ੍ਹਾਂ ਲਈ ਪ੍ਰੇਮਾ-ਭਗਤੀ ਦੇ ਅਰਥ ਦੂਜਿਆਂ ਨਾਲ ਪ੍ਰੇਮ ਕਰਨਾ, ਖਿਮਾ ਕਰਨਾ ਅਤੇ ਹਮਦਰਦੀ ਪ੍ਰਗਟਾਉਣਾ ਸਨ।

ਉਹ ਆਪਣੇ ਪਿਛੇ ਪਤਨੀ ਗੁਰਵੰਤ ਕੌਰ, ਦੋ ਪੁਤਰ (ਕਸ਼ਮੀਰ ਸਿੰਘ ਅਤੇ ਅਜੀਬ ਸਿੰਘ), ਨੂੰਹਾਂ (ਗੁਰਜੀਤ ਕੌਰ ਅਤੇ ਮਿੰਦਰ ਕੌਰ), ਤਿੰਨ ਧੀਆਂ (ਮਨਜੀਤ ਕੌਰ ਜੰਡਾ, ਤਸਬੀਰ ਕੌਰ ਅਤੇ ਨੀਲਾ ਧੁੱਗਾ), ਜਵਾਈ (ਜੋ ਸਿੰਘ ਜੰਡਾ ਅਤੇ ਚਰਨਜੀਤ ਸਿੰਘ ਢਿਲੋਂ) ਅਤੇ ਪੋਤਰਿਆਂ-ਪੜਪੋਤਰਿਆਂ, ਦੋਹਤਰਿਆਂ ਦਾ ਭਰਿਆ ਪਰਿਵਾਰ ਛਡ ਗਏ ਹਨ। ਸ. ਧੁੱਗਾ ਦਾ ਸਸਕਾਰ 5 ਦਸੰਬਰ ਨੂੰ ਇਥੇ ਚੈਪਲ ਆਫ ਚਾਈਮਜ਼ (32992 ਮਿਸ਼ਨ ਬੁਲੇਵਾਰਡ) ਵਿਚ ਸਵੇਰੇ 10 ਵਜੇ ਹੋਵੇਗਾ। ਉਪਰੰਤ ਉਨ੍ਹਾਂ ਨਮਿਤ ਅੰਤਿਮ ਅਰਦਾਸ ਉਸੇ ਦਿਨ ਦੁਪਹਿਰ ਫਰੀਮਾਂਟ ਗੁਰੂ ਘਰ ਵਿਖੇ ਹੋਵੇਗੀ। ਹੋਰ ਜਾਣਕਾਰੀ ਫੋਨ 510-541-7900 ਤੋਂ ਹਾਸਲ ਕੀਤੀ ਜਾ ਸਕਦੀ ਹੈ।

## ਬਾਦਲ ਦੀ ਬੱਸ ਹੇਠ ਆ ਕੇ ਦਾਦੇ-ਪੋਤੇ ਦੀ ਮੌਤ

**ਰਾਏਕੋਟ :** ਇੱਥੋਂ ਨਜ਼ਦੀਕੀ ਪਿੰਡ ਜਲਾਲਦੀਵਾਲ ਨੇੜੇ ਲੁਧਿਆਣਾ-ਬਠਿੰਡਾ ਰਾਜ ਮਾਰਗ ’ਤੇ ਹੋਏ ਹਾਦਸੇ ਵਿਚ ਔਰਬਿੱਟ ਬੱਸ ਨੇ ਦਾਦੇ-ਪੋਤੇ ਨੂੰ ਪੂਰੀ ਤਰ੍ਹਾਂ ਕੁਚਲ ਦਿੱਤਾ ਅਤੇ ਦੋਵਾਂ ਦੀ ਮੌਕੇ ‘ਤੇ ਹੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਬਾਦਲ ਦੀ ਕੰਪਨੀ ਦੀ ਔਰਬਿੱਟ ਬੱਸ ਨੇ ਦਾਦੇ-ਪੋਤੇ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ।

ਔਰਬਿੱਟ ਕੰਪਨੀ ਦੀ ਏ.ਸੀ.ਬੱਸ ਜਿਹੜੀ ਬਠਿੰਡਾ ਤੋਂ ਜਲੰਧਰ ਜਾ ਰਹੀ ਸੀ, ਜਦੋਂ ਨੇੜਲੇ ਪਿੰਡ ਜਲਾਲਦੀਵਾਲ ਨੇੜੇ ਪੁੱਜੀ ਤਾਂ ਸੜਕ ਪਾਰ ਕਰਦੇ ਸਮੇਂ ਸਾਈਕਲ ਸਵਾਰ ਦਾਦਾ-ਪੋਤਾ ਇਸ ਦੀ ਲਪੇਟ ਵਿਚ ਆ ਗਏ। ਦੋਵਾਂ ਦੀ ਮੌਕੇ ‘ਤੇ ਹੀ ਮੌਤ ਹੋ ਗਈ ਅਤੇ ਨੌਜਵਾਨ ਦੇ ਧੜ ਦੇ ਦੋ ਹਿੱਸੇ ਹੋ ਗਏ। ਹਾਦਸੇ ਤੋਂ ਬਾਅਦ ਡਰਾਈਵਰ ਅਤੇ ਕੰਡੈਕਟਰ ਫਰਾਰ ਹੋ ਗਏ। ਮ੍ਰਿਤਕਾਂ ਦੀ ਪਛਾਣ ਗੁਰਦੀਪ ਸਿੰਘ (15) ਪੁੱਤਰ ਨਰਾਇਣ ਸਿੰਘ ਅਤੇ ਚੰਦ ਸਿੰਘ (62) ਵਾਸੀ ਨਵੀਂ ਆਬਾਦੀ ਨਿਊ ਦਸਮੇਸ਼ ਨਗਰ ਜਲਾਲਦੀਵਾਲ ਵਜੋਂ ਹੋਈ।

# ਰੁਲਦਾ ਸਿੰਘ ਕੇਸ ’ਚ ਦੋ ਪਰਵਾਸੀ ਸਿੱਖ ਨਾਮਜ਼ਦ

**ਚੰਡੀਗੜ੍ਹ :** ਪੰਜਾਬ ਪੁਲੀਸ ਨੇ ਰਾਸ਼ਟਰੀ ਸਿੱਖ ਸੰਗਤ ਦੀ ਪੰਜਾਬ ਇਕਾਈ ਦੇ ਮੁਖੀ ਰੁਲਦਾ ਸਿੰਘ ਦੀ ਹੱਤਿਆ ਦੇ ਮਾਮਲੇ ‘ਚ ਵਿਦੇਸ਼ ਵਿਚ ਵਸੇ ਦੋ ਸਿੱਖਾਂ ਨੂੰ ਨਾਮਜ਼ਦ ਕਰ ਦਿੱਤਾ ਹੈ। ਪੁਲੀਸ ਸੂਤਰਾਂ ਨੇ ਦੱਸਿਆ ਕਿ ਰੁਲਦਾ ਸਿੰਘ ਉੱਪਰ ਗੋਲੀਆਂ ਚਲਾਉਣ ਵਾਲੇ ਵਿਅਕਤੀ ਦੀ ਪਹਿਚਾਣ ਗੁਰਸ਼ਰਨਜੀਤ ਸਿੰਘ ਸੰਮੀ ਪੁੱਤਰ ਇੰਦਰਜੀਤ ਸਿੰਘ ਵਾਸੀ ਕਵੈਂਟਰੀ (ਲੰਡਨ), ਇੰਗਲੈਂਡ ਵਜੋਂ ਹੋਈ ਹੈ ਜਦੋਂਕਿ ਦੂਸਰੇ ਦੀ ਪਛਾਣ ਮਨਜੀਤ ਸਿੰਘ ਵਜੋਂ ਹੋਈ ਹੈ। ਆਪਣੇ ਲਈ ਵਕਾਰ ਦਾ ਸਵਾਲ ਬਣੇ ਇਸ ਕੇਸ ਲਈ ਕਥਿਤ ਦੋਸ਼ੀ ਦੀ ਪਛਾਣ ਨੂੰ ਪੰਜਾਬ ਪੁਲੀਸ ਆਪਣੀ ਵੱਡੀ ਪ੍ਰਾਪਤੀ ਦੱਸ ਰਹੀ ਹੈ। ਪੁਲੀਸ ਦੇ ਉੱਚ ਅਧਿਕਾਰੀਆਂ ਦਾ ਦਾਅਵਾ ਹੈ ਕਿ ਇਨ੍ਹਾਂ ਖੁਲਾਸਿਆਂ ਤੋਂ ਬਾਅਦ ਅਤਿਵਾਦੀ ਗਤੀਵਿਧੀਆਂ ਨਾਲ ਜੁੜੇ ਹੋਰਨਾਂ ਵਿਅਕਤੀਆਂ ਤੱਕ ਵੀ ਪਹੁੰਚ ਕੀਤੀ ਜਾ ਸਕਦੀ ਹੈ। ਪੁਲੀਸ ਨੇ ਐਫ.ਆਈ.ਆਰ. ‘ਚ ਦੋਵਾਂ ਵਿਅਕਤੀਆਂ ਦੇ ਨਾਂ ਸ਼ਾਮਲ ਕਰ ਦਿੱਤੇ ਹਨ। ਸੂਤਰਾਂ ਮੁਤਾਬਕ ਪੁਲੀਸ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਗੁਰਸ਼ਰਨਜੀਤ ਸਿੰਘ ਇੰਗਲੈਂਡ ਦਾ ਹੀ ਜੰਮਪਲ ਹੈ। ਉਂਜ ਉਸਦਾ ਪਿਛੋਕੜ ਰਾਜਸਥਾਨ ਦੇ ਗੰਗਾਨਗਰ ਇਲਾਕੇ ਨਾਲ ਜੁੜਿਆ ਹੋਇਆ ਹੈ। ਦੋਵਾਂ ਵਿਅਕਤੀਆਂ ਦੀਆਂ ਫੋਟੋਆਂ ਅਤੇ ਹੋਰ ਦਸਤਾਵੇਜ਼ ਪੁਲੀਸ ਨੇ ਹਾਸਲ ਕਰ ਲਏ ਹਨ। ਪੰਜਾਬ ਪੁਲੀਸ ਨੇ ਇਹ ਸਾਰਾ ਰਿਕਾਰਡ ਇਮੀਗਰੇਸ਼ਨ ਅਧਿਕਾਰੀਆਂ ਰਾਹੀਂ ਹਾਸਲ ਕੀਤਾ ਹੈ। ਦੋਵਾਂ ਦੀ ਹਵਾਲਗੀ ਲਈ ਪੁਲੀਸ ਵਲੋਂ ਇੰਟਰਪੋਲ ਦੀ ਮਦਦ ਲਈ ਜਾ ਰਹੀ ਹੈ। ਪੁਲੀਸ ਸੂਤਰਾਂ ਦਾ ਤਾਂ ਇਹ ਵੀ ਦੱਸਣਾ ਹੈ ਕਿ ਇਸ ਕਤਲ ਦੀ ਸਾਜ਼ਿਸ਼ ਰਚਣ ਵਾਲੇ ਅਤੇ ਸੁਪਾਰੀ ਦੇਣ ਵਾਲੇ ਵਿਅਕਤੀਆਂ ਦੀ ਹਵਾਲਗੀ ਲਈ ਵੀ ਬਰਤਾਨਵੀ ਸਰਕਾਰ ਤੱਕ ਪਹੁੰਚ ਕੀਤੀ ਜਾਵੇਗੀ। ਇਸ ਕਤਲ ਕੇਸ ਦੀ ਇਸ ਤਫ਼ਤੀਸ਼ ਲਈ ਭਾਵੇਂ ਡੀ.ਆਈ.ਜੀ. ਰੈਂਕ ਦੇ ਅਧਿਕਾਰੀ ਦੀ ਅਗਵਾਈ ‘ਚ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਗਿਆ ਸੀ, ਫੇਰ ਵੀ ਪੰਜਾਬ ਪੁਲੀਸ ਦੇ ਸੀ.ਆਈ.ਡੀ. ਵਿੰਗ ਦੇ ਸੀਨੀਅਰ ਅਧਿਕਾਰੀਆਂ ਨੇ ਬੜੀ ਅਹਿਮ ਭੂਮਿਕਾ ਨਿਭਾਈ। ਪੁਲੀਸ ਸੂਤਰਾਂ ਮੁਤਾਬਕ ਦੋਵੇਂ ਵਿਅਕਤੀ ਇੰਗਲੈਂਡ ਤੋਂ ਭਾਰਤ ਸਿਰਫ ਰੁਲਦਾ ਸਿੰਘ ਨੂੰ ਹੀ ਕਤਲ ਕਰਨ ਆਏ ਸਨ ਤੇ ਵਾਰਦਾਤ ਕਰਨ ਤੋਂ ਅਗਲੇ ਹੀ ਦਿਨ ਵਿਦੇਸ਼ ਵਾਪਸ ਪਰਤ ਗਏ, ਜਿਸ ਕਾਰਨ ਪੁਲੀਸ ਲੰਬਾ ਸਮਾਂ ਹਨੇਰੇ ‘ਚ ਹੱਥ ਪੈਰ ਮਾਰਦੀ ਰਹੀ।



ਜ਼ਿਕਰਯੋਗ ਹੈ ਕਿ ਰਾਸ਼ਟਰੀ ਸਿੱਖ ਸੰਗਤ ਦੀ ਪੰਜਾਬ ਇਕਾਈ ਦੇ ਮੁਖੀ ਨੂੰ ਦੋ ਅਣਪਛਾਤੇ ਨਕਾਬਪੋਸ਼ ਵਿਅਕਤੀਆਂ ਨੇ 28 ਜੁਲਾਈ ਨੂੰ ਪਟਿਆਲਾ ਸ਼ਹਿਰ ‘ਚ ਗੋਲੀਆਂ ਮਾਰ ਕੇ ਜ਼ਖਮੀ ਕਰ ਦਿੱਤਾ ਸੀ। ਪੀ.ਜੀ.ਆਈ. ਚੰਡੀਗੜ੍ਹ ‘ਚ ਕਈ ਦਿਨ ਜ਼ੇਰੇ ਇਲਾਜ ਰਹਿਣ ਤੋਂ ਬਾਅਦ ਰੁਲਦਾ ਸਿੰਘ ਦੀ 15 ਅਗਸਤ ਨੂੰ ਮੌਤ ਹੋ ਗਈ ਸੀ। ਇਸ ਤੋਂ ਬਾਅਦ ਪਟਿਆਲਾ ਪੁਲੀਸ ਨੇ ਅਚਨਚੇਤ ਹੀ ਜਗਮੋਹਨ ਸਿੰਘ ਰਿੰਕੂ ਅਤੇ ਦਰਸ਼ਨ ਸਿੰਘ ਮਕਾਲੋਪੁਰ ਨਾਂ ਦੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਦਾਅਵਾ ਕੀਤਾ ਸੀ ਕਿ ਰੁਲਦਾ ਸਿੰਘ ਦੇ ਕਤਲ ਲਈ ਬ੍ਰਿਟਿਸ਼ ਸਿੱਖ ਕੌਂਸਲ ਨੇ ਸੁਪਾਰੀ ਦਿੱਤੀ ਸੀ। ਫੜੇ ਵਿਅਕਤੀਆਂ ਤੋਂ ਤਫ਼ਤੀਸ਼ ਦੌਰਾਨ ਪੁਲੀਸ ਨੇ ਦਾਅਵਾ ਕੀਤਾ ਸੀ ਕਿ ਗੁਰਸ਼ਰਨਜੀਤ ਸਿੰਘ ਸੰਮੀ ਅਤੇ ਇਕ ਹੋਰ ਵਿਦੇਸ਼ੀ ਨਾਗਰਿਕ ਨੇ ਰੁਲਦਾ ਸਿੰਘ ਦਾ ਕਤਲ ਕੀਤਾ। ਇਹ ਵਿਅਕਤੀ ਕੁਝ ਦਿਨ ਹੀ ਭਾਰਤ ਰਹੇ ਸਨ। ਦੂਜੇ ਪਾਸੇ ਬ੍ਰਿਟਿਸ਼ ਸਿੱਖ ਕੌਂਸਲ ਦੇ ਆਗੂ ਪੁਲੀਸ ਦੇ ਦਾਅਵਿਆਂ ਦਾ ਖੰਡਨ ਕਰ ਚੁੱਕੇ ਹਨ।

ਜਾਂਚ ਟੀਮ ਦੇ ਮੁਖੀ ਤੇ ਪਟਿਆਲਾ ਦੇ ਡੀ.ਆਈ.ਜੀ. ਸਤੀਸ਼ ਕੁਮਾਰ ਅਸਥਾਨਾ ਨੇ ਗੁਰਸ਼ਰਨਜੀਤ ਸਿੰਘ ਅਤੇ ਮਨਜੀਤ ਸਿੰਘ ਨੂੰ ਐਫ.ਆਈ.ਆਰ. ‘ਚ ਨਾਮਜ਼ਦ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ। ਹੋਰ ਕੋਈ ਜਾਣਕਾਰੀ ਦੇਣ ਤੋਂ ਨਾਂਹ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਕੇਸ ਦੀ ਤਫ਼ਤੀਸ਼ ਅਜੇ ਚੱਲ ਰਹੀ ਹੈ।

# ਪੰਜਾਬ ਦੇ ਮੰਤਰੀਆਂ ਦੀਆਂ ਤਨਖਾਹਾਂ ਵਿਚ ਵਾਧਾ ਰੁਕਿਆ

**ਜਲੰਧਰ :** ਪੰਜਾਬ ਦੇ ਮੁੱਖ ਮੰਤਰੀ, ਉਪ ਮੁੱਖ ਮੰਤਰੀ ਅਤੇ ਮੰਤਰੀਆਂ ਦੀਆਂ ਤਨਖਾਹਾਂ ਵਿਚ ਵਾਧਾ ਚਾਲੂ ਵਿੱਤੀ ਸਾਲ ਦੌਰਾਨ ਨਹੀਂ ਹੋਵੇਗਾ। ਸਰਕਾਰੀ ਹਲਕਿਆਂ ਤੋਂ ਪਤਾ ਲੱਗਾ ਹੈ ਕਿ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਵਿੱਤ ਵਿਭਾਗ ਤੋਂ ਜੋ ਪ੍ਰਸਤਾਵ ਪਾਸ ਕਰਵਾ ਕੇ ਸਰਕਾਰ ਨੂੰ ਭੇਜਿਆ ਹੋਇਆ ਹੈ, ਉਸ ਵਿਚ ਕਿਹਾ ਗਿਆ ਹੈ ਕਿ ਸੂਬੇ ਦੀ ਮਾੜੀ ਵਿੱਤੀ ਹਾਲਤ ਨੂੰ ਵੇਖਦੇ ਹੋਏ ਸਰਕਾਰ ਨੂੰ ਚਾਲੂ ਵਿੱਤੀ ਸਾਲ ਦੌਰਾਨ ਮੁੱਖ ਮੰਤਰੀ ਅਤੇ ਮੰਤਰੀਆਂ ਦੀਆਂ ਤਨਖਾਹਾਂ ਅਤੇ ਭੱਤਿਆਂ ਵਿਚ ਵਾਧੇ ਦਾ ਭਾਰ ਨਹੀਂ ਉਠਾਉਣਾ ਚਾਹੀਦਾ। ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਬੀਤੇ ਦਿਨੀਂ ਕਿਹਾ ਸੀ ਕਿ ਸੂਬੇ ਉਤੇ ਕਰਜ਼ਿਆਂ ਦਾ ਭਾਰ ਵਧ ਕੇ 63 ਹਜ਼ਾਰ ਕਰੋੜ ਰੁਪਏ ਤਕ ਪਹੁੰਚ ਚੁੱਕਾ ਹੈ। ਸਰਕਾਰ ਨੂੰ ਹਰ ਮਹੀਨੇ ਕਰਜ਼ੇ ‘ਤੇ ਵਿਆਜ ਦਾ ਭੁਗਤਾਨ ਵੀ ਕਰਨਾ ਪੈਂਦਾ ਹੈ।



ਵਿੱਤ ਵਿਭਾਗ ਦੇ ਅਧਿਕਾਰੀਆਂ ਦਾ ਇਹ ਮੰਨਣਾ ਹੈ ਕਿ ਮੁੱਖ ਮੰਤਰੀ ਅਤੇ ਮੰਤਰੀਆਂ ਦੀਆਂ ਤਨਖਾਹਾਂ ਅਤੇ ਭੱਤਿਆਂ ਵਿਚ ਵਾਧੇ ਨੂੰ ਫਿਲਹਾਲ ਰੋਕਣ ਲਈ ਇਸ ਲਈ ਵੀ ਵਿੱਤ ਮੰਤਰੀ ਨੇ ਦਲੀਲ ਦਿੱਤੀ ਹੈ ਕਿਉਂਕਿ ਉਨ੍ਹਾਂ ਦਾ ਇਹ ਮੰਨਣਾ ਹੈ ਕਿ ਕੈਬਨਿਟ ਮੰਤਰੀਆਂ ਨੂੰ ਪਹਿਲਾਂ ਹੀ ਸਰਕਾਰ ਤੋਂ ਕਾਫੀ ਸਹੂਲਤਾਂ ਮਿਲ ਰਹੀਆਂ ਹਨ। ਇਸੇ ਤਰ੍ਹਾਂ ਮੁੱਖ ਮੰਤਰੀ ਕੋਲ ਵੀ ਕਾਫੀ ਸਰਕਾਰੀ ਸਹੂਲਤਾਂ ਹਨ। ਮੁੱਖ ਮੰਤਰੀ ਅਤੇ ਮੰਤਰੀਆਂ ਵਲੋਂ ਤਨਖਾਹਾਂ ਵਿਚ ਵਾਧੇ ਦੀ ਮੰਗ ਘੱਟ ਹੀ ਆਈ ਸੀ। ਵਿੱਤ ਵਿਭਾਗ ਦਾ ਇਹ ਮੰਨਣਾ ਹੈ ਕਿ ਅਗਲੇ ਸਾਲ ਕੇਂਦਰ ਵਲੋਂ ਜੀ.ਐੱਸ.ਟੀ.ਲਾਗੂ ਕਰਨ ਨਾਲ ਪੰਜਾਬ ਦੀ ਆਮਦਨ ਵਿਚ ਵਾਧਾ ਹੋ ਸਕਦਾ ਹੈ। ਉਸ ਹਾਲਤ ਵਿਚ ਸਰਕਾਰ ਮੰਤਰੀਆਂ ਦੀਆਂ ਤਨਖਾਹਾਂ ਵਿਚ ਵਾਧੇ ਕਾਰਨ ਹੋਣ ਵਾਲੇ ਭਾਰ ਨੂੰ ਸਹਿਣ ਕਰਨ ਵਿਚ ਸਮਰੱਥ ਹੋਵੇਗੀ। ਉਦੋਂ ਤਕ ਫ਼ੈਸਲਾ ਟਾਲਣਾ ਹੀ ਚੰਗਾ ਹੋਵੇਗਾ। ਸਰਕਾਰੀ ਸੂਤਰਾਂ ਮੁਤਾਬਕ ਵਿੱਤ ਮੰਤਰੀ ਵਲੋਂ ਪਹਿਲਾਂ ਹੀ ਕੇਂਦਰ ਸਰਕਾਰ ਦੇ ਬੇਲੋੜੇ ਖ਼ਰਚਿਆਂ ਨੂੰ ਰੋਕਣ ਲਈ ਵਿੱਤ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਨੂੰ ਨਿਰਦੇਸ਼ ਦਿੱਤੇ ਹੋਏ ਹਨ। ਇਹ ਕਦਮ ਵਿੱਤੀ ਸੰਕਟ ਕਾਰਨ ਚੁੱਕਿਆ ਗਿਆ ਸੀ।

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**

***ਪ੍ਰੋ. ਦਰਸ਼ਨ ਸਿੰਘ ਦੇ ਮਾਮਲੇ ‘ਚ ਬਿਆਨਬਾਜ਼ੀ ਤੋਂ ਗੁਰੇਜ਼ ਕੀਤਾ ਜਾਵੇ-ਜਥੇਦਾਰ ਗੁਰਬਚਨ ਸਿੰਘ**

-ਨਾਲੇ ਕੁੱਟਦੇ ਐ ਨਾਲੇ ਰੋਣ ਵੀ ਨਹੀਂ ਦਿੰਦੇ।

***ਡਾ. ਮਨਮੋਹਨ ਸਿੰਘ ਜੀ ਭਾਰਤ ਵਿਚ ਮਨੁੱਖੀ ਅਧਿਕਾਰਾਂ ਲਈ ਤੁਸੀਂ ਕਦੋਂ ਕਦਮ ਚੁੱਕੋਂਗੇ?**

-ਮੈਡਮ ਸੋਨੀਆ ਜੀ ਨੂੰ ਪੁੱਛ ਕੇ ਦੱਸਾਂਗਾ।

***ਪੰਜਾਬ ਦੇ ਪਾਣੀ ਦੀ ਇਕ ਇਕ ਬੂੰਦ ਦੀ ਰਾਖੀ ਕਰਾਂਗੇ-ਸੁਖਬੀਰ ਬਾਦਲ**

-ਹਾਂਸੀ-ਬੁਲਾਣਾ ਨਹਿਰ ਨਿਕਲਣ ਤੋਂ ਬਾਅਦ?

***ਪ੍ਰੋ. ਦਰਸ਼ਨ ਸਿੰਘ ਵਿਰੁਧ ਸਖ਼ਤ ਕਾਰਵਾਈ ਕੀਤੀ ਜਾਵੇ-ਭਾਈ ਧੁੰਮਾਂ**

-ਫਾਂਸੀ ਲਾ ਦਈਏ ਪ੍ਰੋਫੈਸਰ ਨੂੰ? ਤਾਂ ਕਿ ਤੁਹਾਡੇ ਤੇ ਆਰ.ਐਸ.ਐਸ. ਦੇ ਕਾਲਜੇ ਠੰਡ ਪੈ ਜਾਵੇ।

***ਭਾਰਤ-ਪਾਕਿ ਸਰਹੱਦ ‘ਤੇ ਨਵੀਂ ਕੰਡਿਆਲੀ ਵਾੜ ਲੱਗੇਗੀ।**

-ਚੀਨ ਬਾਰੇ ਕੀ ਖਿਆਲ ਐ?

***ਸ. ਬਾਦਲ ਲਾਮ-ਲਸ਼ਕਰ ਨਾਲ ਪਹੁੰਚੇ ਟੰਡਨ ਦੇ ਘਰ।**

-ਇਹੋ ਜਿਹੇ ਖੇਖਣਾਂ ‘ਚ ਭਾਵੇਂ ਸ. ਬਾਦਲ ਪੀ.ਐਚ.ਡੀ. ਕਰ ਲੈਣ।

***ਪੰਜਾਬ ਦਾ ਸਮੁੱਚਾ ਜ਼ਮੀਨੀ ਰਿਕਾਰਡ ਕੰਪਿਊਟਰ ‘ਤੇ ਜਲਦੀ।**

-ਚਲੋਂ ਭੂ-ਮਾਫੀਏ ਨੂੰ ਕਬਜ਼ੇ ਕਰਨ ‘ਚ ਸੌਖ ਹੋਜੂ।

*Visit us on the web:*
***punjabtimesusa.com***





WELLS FARGO | HOME MORTGAGE

**Your goals deserve our attention**

**Every year, millions of Americans enjoy the rewards of homeownership. And they trust their homeownership goals to Wells Fargo Home Mortgage. With our exclusive programs and dedication to personal service, you can feel confident that we will help you choose the home financing that is tailored to fit your current needs and future goals.**

- **Priority Buyer ® preapproval**
- **Low down payment options for qualified borrowers**
- **Purchases and refinances**
- **Wells Fargo Closing Guarantee** SM1



*Contact **Jag Jiwan Bhangu** to put your goals into action today.*
3010 Lava Ridge Ct. Roseville, CA
**Ph: 1-866-490-9758 (Ext. 127)**
**Fax: 1-866-972-2179**
**Cell: 408-598-9605, 916-759-1923**
jagjiwan.bhangu@wellsfargo.com

EQUAL HOUSING LENDER

1. Available on qualified purchase transactions. Other terms and conditions apply. See a homemortgage consultant for details.Wells Fargo Home Mortgage is a division of Wells Fargo Bank, N.A.
© 2009 Wells Fargo Bank,N.A. All rights reserved. #6749110/09-1/10

# ਵੱਖਰੀ ਰਾਜਸਥਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ

**ਸ੍ਰੀ ਗੰਗਾਨਗਰ:** ਰਾਜਸਥਾਨ ਦੇ ਸਿੱਖਾਂ ਨੇ ਆਪਣੀ ਵੱਖਰੀ 53 ਮੈਂਬਰੀ ਰਾਜਸਥਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦਾ ਗਠਨ ਕਰਕੇ ਆਪਣਾ ਧਾਰਮਿਕ, ਰਾਜਨੀਤਕ, ਸਮਾਜਿਕ ਅਤੇ ਆਰਥਿਕ ਏਜੰਡਾ ਜਾਰੀ ਕੀਤਾ ਹੈ। ਗੁਰਦੁਆਰਾ ਸਿੰਘ ਸਭਾ ਵਿਚ ਹੋਈ ਬੈਠਕ ਵਿਚ ਰਾਜਸਥਾਨ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਇਕੱਠੇ ਹੋਏ ਸਿੱਖਾਂ ਨੇ ਸ. ਹਰਦੀਪ ਸਿੰਘ ਡਿਬਡਿਬਾ ਨੂੰ ਰਾਜਸਥਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣਿਆ ਹੈ।

ਤ੍ਰਿਲੋਚਨ ਸਿੰਘ ਰਾਜਸਿੰਘਪੁਰਾ, ਬਾਬਾ ਮੋਹਨ ਸਿੰਘ ਰਾਏਪੁਰ (ਝਾਲਾਵਾੜ), ਬਲਜਿੰਦਰ ਸਿੰਘ ਮੋਰਜੰਡ (ਹਨੂੰਮਾਨਗੜ੍ਹ), ਜਸਬੀਰ ਸਿੰਘ ਅਤੇ ਹਰਜਿੰਦਰ ਸਿੰਘ ਅਨੂਪਗੜ੍ਹ ਨੂੰ ਉਪ ਪ੍ਰਧਾਨ, ਸ. ਸੰਤਜੀਤ ਸਿੰਘ ਲਖੀਆਂ, ਚਮਕੌਰ ਸਿੰਘ ਗਜਸਿੰਘਪੁਰ,ਅਮਰਜੀਤ ਸਿੰਘ (ਭਰਤਪੁਰ), ਸੁਖਵਿੰਦਰ ਸਿੰਘ ਖਾਜੂ ਵਾਲਾ (ਬੀਕਾਨੇਰ) ਅਤੇ ਸੁਖਵਿੰਦਰ ਸਿੰਘ ਕਰਨਪੁਰ ਨੂੰ ਜਨਰਲ ਸਕੱਤਰ ਬਣਾਇਆ ਗਿਆ ਹੈ। ਆਸਾ ਸਿੰਘ ਸਾਦੂਲ ਸ਼ਹਿਰ, ਬਲਜਿੰਦਰ ਸਿੰਘ ਮੋਹਨਗੜ੍ਹ (ਜੈਸਲਮੇਰ), ਜਰਨੈਲ ਸਿੰਘ (ਬਾਰਾਂ), ਜਸਬੀਰ ਸਿੰਘ (ਜੈਪੁਰ), ਗੁਰਜੰਟ ਸਿੰਘ ਧੌਲੀਪਾਲ ਨੂੰ ਸਕੱਤਰ, ਰਣਜੋਧ ਸਿੰਘ ਸ੍ਰੀ ਗੰਗਾਨਗਰ ਨੂੰ ਖਜ਼ਾਨਚੀ, ਪ੍ਰੀਤਪਾਲ ਸਿੰਘ ਅਨੂਪੜ੍ਹ ਨੂੰ ਆਡੀਟਰ ਅਤੇ ਤ੍ਰਿਲੋਚਨ ਸਿੰਘ ਸੂਰਤਗੜ੍ਹ, ਰਾਜਲਖਵੀਰ ਸਿੰਘ, ਹਰਪਾਲ ਸਿੰਘ ਨਾਮਧਾਰੀ ਅਤੇ ਬਲਵੀਰ ਸਿੰਘ ਨੂੰ ਵਿਸ਼ੇਸ਼ ਸੱਦੇ ਹੋਏ ਮੈਂਬਰਾਂ ਵਜੋਂ ਸ਼ਾਮਿਲ ਕੀਤਾ ਗਿਆ ਹੈ। ਇਸਤੋਂ ਬਿਨਾਂ ਕਾਰਜਕਾਰਣੀ ਵਿਚ 31 ਮੈਂਬਰ ਹੋਰ ਸ਼ਾਮਿਲ ਕੀਤੇ ਗਏ ਹਨ। ਉਪ-ਪ੍ਰਧਾਨ ਬਲਜਿੰਦਰ ਸਿੰਘ ਮੋਰਜੰਡ ਅਨੁਸਾਰ ਅਗਲੇ ਇਕ ਸਾਲ ਵਿਚ ਰਾਜਸਥਾਨ ਗੁਰਦੁਆਰਾ ਐਕਟ ਬਣਾ ਕੇ ਲੋਕਤੰਤਰ ਤਰੀਕੇ ਨਾਲ ਚੁਣੀ ਗਈ ਕਮੇਟੀ ਨੂੰ ਪ੍ਰਬੰਧ ਸੌਂਪ ਦਿੱਤਾ ਜਾਵੇਗਾ। ਗੌਰਤਲਬ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵਲੋਂ ਰਾਜਸਥਾਨ ਦੇ ਸਿੱਖਾਂ ਦੀ ਕੀਤੀ ਜਾ ਰਹੀ ਕਥਿਤ ਅਣਦੇਖੀ ਦੇ ਮੱਦੇਨਜ਼ਰ ਹੀ ਰਾਜਸਥਾਨ ਦੇ ਸਿੱਖਾਂ ਨੇ ਆਪਣੀ ਵੱਖਰੀ ਕਮੇਟੀ ਬਣਾਈ ਹੈ। ਰਾਜਸਥਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜਾਰੀ ਧਾਰਮਿਕ ਏਜੰਡੇ ਅਨੁਸਾਰ ਕਮੇਟੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੈ। ਇਹ ਰਾਜਸਥਾਨ ਗੁਰਦੁਆਰਾ ਐਕਟ ਬਣਵਾਉਣ ਲਈ ਸੰਘਰਸ਼ ਕਰੇਗੀ, ਧਾਰਮਿਕ ਸਮਾਗਮ ਕਰਵਾਏਗੀ, ਗੁਰਮਤਿ ਸਕੂਲ ਖੋਲ੍ਹੇਗੀ, ਰੁਜ਼ਗਾਰ ਮੁਖੀ ਸਕੂਲ ਕਾਲਜ ਖੋਲ੍ਹੇਗੀ, ਰਾਜਸਥਾਨ ਦੇ ਸਮੂਹ ਗੁਰਦੁਆਰਿਆਂ, ਸੇਵਾ ਸੁਸਾਇਟੀਆਂ ਨੂੰ ਇਕ ਮੰਚ ‘ਤੇ ਇਕੱਠਾ ਕਰੇਗੀ, ਸਹਿਜਧਾਰੀਆਂ ਨੂੰ ਮੁੱਖ ਧਾਰਾ ਵਿਚ ਲਿਆਏਗੀ, ਆਲ ਇੰਡੀਆ ਗੁਰਦੁਆਰਾ ਅਤੇ ਆਨੰਦ ਮੈਰਿਜ ਐਕਟ ਲਾਗੂ ਕਰਵਾਉਣ ਲਈ ਯਤਨ ਕਰੇਗੀ, 84 ਦੇ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਸੰਘਰਸ਼ ਕਰੇਗੀ। ਕਮੇਟੀ ਦੇ ਅਹੁਦੇਦਾਰਾਂ ਅਨੁਸਾਰ ਪੰਜਾਬੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਅਕੈਡਮੀ ਸਥਾਪਤ ਕੀਤੀ ਜਾਵੇਗੀ।ਬੁੱਢਾ ਜੌਹੜ ਅਤੇ ਪੁਸ਼ਕਰ ਦੇ ਸਿੱਖ ਧਾਰਮਿਕ ਸਥਾਨਾਂ ਦੀ ਸੇਵਾ ਕਰਵਾਏਗੀ, ਨਸ਼ਾ ਮੁਕਤ ਸਮਾਜ ਲਈ ਸਪੋਰਟਸ ਕਲੱਬ ਖੋਲ੍ਹੇਗੀ, ਸਮਾਜਿਕ ਏਜੰਡੇ ਤਹਿਤ ਨਸ਼ੇ, ਭਰੂਣ ਹੱਤਿਆ ਖ਼ਿਲਾਫ਼ ਅਤੇ ਵਾਤਾਵਰਣ ਬਚਾਉਣ ਲਈ ਜਨ ਚੇਤਨਾ ਲਹਿਰ ਚਲਾਏਗੀ। ਰਾਜਨੀਤਕ ਏਜੰਡੇ ਤਹਿਤ ਵੱਖ-ਵੱਖ ਪਾਰਟੀਆਂ ਤੋਂ ਸਿੱਖਾਂ ਲਈ ਅਹੁਦੇਦਾਰੀਆਂ ਅਤੇ ਬੋਰਡਾਂ, ਕਾਰਪੋਰੇਸ਼ਨਾਂ ਵਿਚ ਪ੍ਰਤੀਨਿਧ ਲਿਆ ਜਾਵੇਗਾ। ਆਰਥਿਕ ਏਜੰਡੇ ਤਹਿਤ ਹਿੰਦੂਮਲਕੋਟ (ਅਬੋਹਰ ਤੋਂ ਕਰਾਚੀ) ਰੇਲ ਲਿੰਕ ਪਾਕਿਸਤਾਨ ਨਾਲ ਖੋਲ੍ਹਣ, ਪਾਣੀ ਦੀ ਬੱਚਤ ਵਾਲੀਆਂ ਸਿੰਚਾਈ ਤਕਨੀਕਾਂ ਅਤੇ ਕਿੰਨੂ ਦੀ ਕਾਸ਼ਤ ਲਈ ਸਰਕਾਰੀ ਸਹਾਇਤਾ, ਉਦਯੋਗਾਂ ਲਈ ਛੂਟ, ਫ਼ਸਲਾਂ ਦੀ ਸਰਕਾਰੀ ਖ਼ਰੀਦ ਯਕੀਨੀ ਬਣਾਉਣ ਅਤੇ ਸ੍ਰੀਗੰਗਾਨਗਰ ਸ਼ੂਗਰ ਮਿੱਲ ਛੇਤੀ ਸ਼ੁਰੂ ਕਰਨ ਦੀ ਮੰਗ ਕਰੇਗੀ। ਗੌਰਤਲਬ ਹੈ ਕਿ ਰਾਜਸਥਾਨ ਵਿਚ ਜ਼ਿਲ੍ਹਾ ਹਨੂੰਮਾਨਗੜ੍ਹ ਅਤੇ ਸ੍ਰੀਗੰਗਾਨਗਰ ਵਿਚ ਮੁੱਖ ਤੌਰ ‘ਤੇ ਅਤੇ ਬਾਕੀ ਜ਼ਿਲ੍ਹਿਆਂ ਵਿਚ ਚੋਖੀ ਗਿਣਤੀ ਵਿਚ ਸਿੱਖ ਰਹਿੰਦੇ ਹਨ।

## ਇੰਗਲੈਂਡ ਦੀ ਸੰਸਦੀ ਡਿਊਢੀ ’ਚ ਸਿੱਖਾਂ ਵਲੋਂ ਪ੍ਰਦਰਸ਼ਨ

**ਚੰਡੀਗੜ੍ਹ :** ਅਖੀਰ ਸਿੱਖਾਂ ਨੇ ਇੰਗਲੈਂਡ ਸਰਕਾਰ ਦੇ ਰਵੱਈਏ ਵਿਰੁੱਧ ਬੀਤੇ ਦਿਨੀਂ ਸੰਸਦ ਦੀ ਡਿਓਢੀ ਵਿਚ ਧਰਨਾ ਦੇ ਕੇ ਪਹਿਲਾ ਰੋਸ ਪ੍ਰਦਰਸ਼ਨ ਕੀਤਾ। ਰੋਸ ਪ੍ਰਦਰਸ਼ਨ ਦਾ ਮੁੱਖ ਮਕਸਦ ਸਰਕਾਰ ਨੂੰ ਦੱਸਣਾ ਸੀ ਕਿ ਵਿਸ਼ਵ ਭਰ ਦੇ ਸਿੱਖ ਉਸ ਤੋਂ ਇਸ ਲਈ ਖਫਾ ਹਨ ਕਿਉਂਕਿ ਉਨ੍ਹਾਂ ਦੀਆਂ ਚਿਰਾਂ ਤੋਂ ਲਟਕ ਰਹੀਆਂ ਮੰਗਾਂ ਨੂੰ ਪ੍ਰਵਾਨ ਨਹੀਂ ਕੀਤਾ ਜਾ ਰਿਹਾ।

70 ਸਾਲਾਂ ਦੇ ਇਕ ਗਰੁੱਪ ਨੇ ਸਿੱਖਾਂ ਦੀ ਵੱਖਰੀ ਹੋਂਦ ਸਵੀਕਾਰ ਕਰਨ ਲਈ ਧਾਰਮਿਕ ਚਿੰਨਾ ਨੂੰ ਸਜਾਉਣ ਦੀ ਆਜ਼ਾਦੀ, ਸਮੁੱਚੇ ਯੂਰਪ ਵਿਚ ਸਿੱਖਾਂ ਵਿਰੁੱਧ ਵਿਤਕਰੇਬਾਜ਼ੀ ਨੂੰ ਰੋਕਦ, ਪ੍ਰੋ. ਦੇਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ ਕਰਵਾਉਣ, 84 ਦੇ ਸਿੱਖ ਕਤਲੇਆਮ ਵਿਚ ਦੋਸ਼ੀ ਪਾਏ ਗਏ ਲੋਕਾਂ ਨੂੰ ਇੰਗਲੈਂਡ ਤੋਂ ਬਾਹਰ ਭੇਜਣ ਦੀ ਮੰਗ ਕਰਦਿਆਂ ਵੇਸਟ ਮੀਨਿਸਟਰ ਦੇ ਪੈਲੇਸ ਦੀ ਕੇਂਦਰੀ ਡਿਓਢੀ ਵਿਚ 10 ਮਿੰਟ ਲਈ ਧਰਨਾ ਦੇ ਕੇ ਰੋਸ ਪ੍ਰਦਰਸ਼ਨ ਕੀਤਾ। ਸਿੱਖਾਂ ਨੇ ਮੰਗ ਕੀਤੀ ਕਿ ਵਿਸ਼ਵ ਪੱਧਰ ‘ਤੇ ਉਨ੍ਹਾਂ ਨਾਲ ਕੀਤੀਆ ਜਾ ਰਹੀਆਂ ਵਧੀਕੀਆਂ ਨੂੰ ਖ਼ਤਮ ਕਰਨ ਲਈ ਇੰਗਲੈਂਡ ਸਰਕਾਰ ਸਰਗਰਮ ਭੂਮਿਕਾ ਨਿਭਾਵੇ।

# ਸ਼੍ਰੋਮਣੀ ਕਮੇਟੀ ਚੋਣਾਂ ਲਈ ਇਸ ਵਾਰ 50 ਹਲਕੇ ਰਾਖਵੇਂ

**ਮਾਲੇਰਕੋਟਲਾ:** ਭਾਰਤ ਸਰਕਾਰ ਦੇ ਬੀਤੀ 17 ਮਈ ਨੂੰ ਜਾਰੀ ਇਕ ਨੋਟੀਫਿਕੇਸ਼ਨ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਲਈ 50 ਚੋਣ ਹਲਕੇ ਅਨੁਸੂਚਿਤ ਜਾਤੀ, ਆਮ ਔਰਤਾਂ ਅਤੇ ਅਨੁਸੂਚਿਤ ਜਾਤੀ ਔਰਤਾਂ ਲਈ ਰਾਖਵੇਂ ਕੀਤੇ ਗਏ ਹਨ। ਰਾਖਵੇਂ ਕੀਤੇ ਇਨ੍ਹਾਂ ਹਲਕਿਆਂ ਦੇ ਵੋਟਰ ਦੋ-ਦੋ ਮੈਂਬਰਾਂ ਦੀ ਚੋਣ ਕਰਨਗੇ ਜਿਨ੍ਹਾਂ ਵਿਚ ਇਕ ਮੈਂਬਰ ਰਾਖਵੇਂ ਵਰਗ ਨਾਲ ਸੰਬੰਧਿਤ ਹੋਵੇਗਾ। ਰਾਖਵੇਂ ਕਰਨ ਅਧੀਨ ਦੋਹਰੇ ਮੈਂਬਰਾਂ ਵਾਲੇ ਇਨ੍ਹਾਂ ਹਲਕਿਆਂ ਵਿਚ ਅਨੁਸੂਚਿਤ ਜਾਤੀ ਲਈ ਦੂਹਰੇ ਐਲਾਨ ਕੀਤੇ ਗਏ ਹਲਕਿਆਂ ਵਿਚ ਅੰਬਾਲਾ (ਹਰਿਆਣਾ), ਮਲੋਟ, ਫਿਰੋਜ਼ਪੁਰ, ਮੋਗਾ, ਭਗਤਾ, ਮਾਨਸਾ, ਲੌਂਗੋਵਾਲ, ਚੰਨਣਵਾਲਾ, ਡਕਾਲਾ, ਬਸੀ ਪਠਾਣਾ, ਦੋਰਾਹਾ, ਮੁੱਲਾਂਪੁਰ ਦਾਖਾ, ਬਲਾਚੌਰ, ਸ਼ਾਹਕੋਟ, ਖਡੂਰ ਸਾਹਿਬ, ਵੇਰਕਾ, ਜੰਡਿਆਲਾ, ਬਟਾਲਾ, ਸ਼ਾਮ ਚੁਰਾਸੀ ਅਤੇ ਅਨੰਦਪੁਰ ਸਾਹਿਬ ਹਲਕੇ ਸ਼ਾਮਿਲ ਹਨ। ਆਮ ਔਰਤਾਂ ਲਈ ਦੂਹਰੇ ਐਲਾਨ ਕੀਤੇ ਹਲਕਿਆਂ ਵਿਚ ਯਮੁਨਾ ਨਗਰ (ਹਰਿਆਣਾ), ਹਿਸਾਰ (ਹਰਿਆਣਾ), ਗਿੱਦੜਬਾਹਾ, ਅਬੋਹਰ, ਤਲਵੰਡੀ ਭਾਈ, ਬੱਧਨੀ ਕਲਾਂ, ਘੱਲ ਕਲਾਂ, ਫਰੀਦਕੋਟ, ਰਾਮਪੁਰਾ ਫੂਲ, ਬੁਢਲਾਡਾ, ਸੁਨਾਮ, ਦਿੜ੍ਹਬਾ, ਨਾਭਾ, ਸਨੌਰ, ਲੁਧਿਆਣਾ ਸਹਿਰ (ਪੱਛਮੀਂ), ਸਮਰਾਲਾ, ਆਦਮਪੁਰ, ਕਰਤਾਰਪੁਰ, ਫਗਵਾੜਾ, ਅੰਮ੍ਰਿਤਸਰ ਸ਼ਹਿਰ (ਪੱਛਮੀਂ), ਚੌਗਾਵਾਂ, ਗੁਰੂ ਕਾ ਬਾਗ, ਧਾਰੀਵਾਲ, ਗੜ੍ਹਸ਼ੰਕਰ ਅਤੇ ਮੋਹਾਲੀ ਹਲਕੇ ਰੱਖੇ ਗਏ ਹਨ। ਆਮ ਮੈਂਬਰਾਂ ਦੇ ਨਾਲ ਅਨੁਸੂਚਿਤ ਜਾਤੀ (ਬੀਬੀਆਂ) ਲਈ ਦੂਹਰੇ ਕੀਤੇ ਹਲਕਿਆਂ ਵਿਚ ਬੱਲੂਆਣਾ, ਧੂਰੀ, ਜਗਰਾਉਂ, ਪੱਟੀ ਅਤੇ ਡੇਰਾ ਬਾਬਾ ਨਾਨਕ ਹਲਕੇ ਸ਼ਾਮਿਲ ਹਨ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਸਾਰੀਆਂ ਸੀਟਾਂ ਲਈ ਚੋਣ ਲੜੇਗੀ। ਉਨ੍ਹਾਂ ਕਿਹਾ ਕਿ ਪਾਰਟੀ ਵਲੋਂ ਖਾਲਿਸਤਾਨ ਦੇ ਏਜੰਡੇ ’ਤੇ ਚੋਣ ਲੜੀ ਜਾਵੇਗੀ।

### ਮਾਨ ਵਲੋਂ ਸਾਰੀਆਂ ਸੀਟਾਂ ਲੜਨ ਦਾ ਐਲਾਨ



ਇਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਅੰਗਰੇਜ਼ਾਂ ਨੇ ਸਿੱਖਾਂ ਦਾ ਰਾਜ, ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਤਬਾਹ ਕਰ ਦਿੱਤਾ ਸੀ ਪਰ ਇਸਦੀ ਪ੍ਰਾਪਤੀ ਲਈ ਲੜਾਈ ਜਾਰੀ ਹੈ।

ਉਨ੍ਹਾਂ ਕਿਹਾ ਕਿ ਮੁਲਕ ਦੀ ਵੰਡ ਵੇਲੇ ਸਿੱਖਾਂ ਨਾਲ ਧੋਖਾ ਹੋਇਆ ਸੀ ਪਰ ਸਭ ਤੋਂ ਵਧ ਜਾਨੀ ਨੁਕਸਾਨ ਵੰਡ ਵੇਲੇ ਸਿੱਖਾਂ ਦਾ ਹੋਇਆ ਸੀ। ਸਮੇਂ-ਸਮੇਂ ਪੰਜਾਬੀ ਸੂਬੇ ਲਈ ਲਹਿਰਾਂ ਚਲੀਆਂ ਪਰ ਸੂਬਾ ਬਣਨ ਵੇਲੇ ਪੰਜਾਬ ਨਾਲ ਵਿਤਕਰਾ ਕੀਤਾ ਗਿਆ। ਪੰਜਾਬੀ ਬੋਲਦੇ ਇਲਾਕੇ ਅਤੇ ਦਰਿਆਈ ਪਾਣੀ ਪੰਜਾਬ ਦਾ ਖੋਹਿਆ ਗਿਆ। ਉਨ੍ਹਾਂ ਇਹ ਵੀ ਕਿਹਾ ਕਿ ਉਹ ਹਰ ਤਰ੍ਹਾਂ ਦੀ ਦਹਿਸ਼ਤਗਰਦੀ ਦੇ ਖ਼ਿਲਾਫ ਹਨ ਅਤੇ ਆਪਣੇ ਨਿਸ਼ਾਨੇ ਦੀ ਪੂਰਤੀ ਸ਼ਾਂਤਮਈ ਢੰਗ ਨਾਲ ਹਾਸਲ ਕਰਨ ਦੇ ਹੱਕ ਵਿਚ ਹਨ। ਇਕ ਸਵਾਲ ਦੇ ਜੁਆਬ ਵਿਚ ਉਨ੍ਹਾਂ ਕਿਹਾ ਕਿ ਕਿ ਸਿੱਖ ਸੁਚੇਤ ਨਾ ਹੋਣ ਕਾਰਨ ਹੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਮੇਂ ਸਿਰ ਨਹੀਂ ਹੋ ਰਹੀਆਂ। ਉਨ੍ਹਾਂ ਕਿਹਾ ਕਿ ਉਹ ਸਾਰੀਆਂ ਸੀਟਾਂ ਲਈ ਚੋਣ ਲੜਨਗੇ ਅਤੇ ਜੇ ਕੋਈ ਹੋਰ ਧੜਾ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤ ਹੈ ਤਾਂ ਉਹ ਨਾਲ ਲੈ ਸਕਦੇ ਹਨ।

ਉਨ੍ਹਾਂ ਨੇ ਦੁੱਖ ਪ੍ਰਗਟ ਕੀਤਾ ਕਿ ਅਕਾਲੀ ਧੜੇ ਕਾਂਗਰਸ ਜਾਂ ਭਾਜਪਾ ਦੀ ਮਦਦ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਮਨਜੀਤ ਸਿੰਘ ਕਲਕੱਤਾ ਅਤੇ ਕਈ ਹੋਰ ਕਾਂਗਰਸ ਦੀ ਮਦਦ ਕਰ ਰਹੇ ਹਨ, ਇਸ ਲਈ ਅਜਿਹੇ ਧੜਿਆਂ ਨਾਲ ਸਾਂਝ ਨਹੀਂ ਹੋ ਸਕਦੀ।

### ਦਰਬਾਰ ਸਾਹਿਬ ’ਚ ਅਸਲੀ ਸੋਨਾ ਹੋਣ ਬਾਰੇ ਪੁੱਛਿਆ ਹਾਰਪਰ ਨੇ



**ਟੋਰਾਂਟੋ :** ਬੀਤੇ ਦਿਨੀਂ ਭਾਰਤ ਦੇ ਦੌਰੇ ‘ਤੇ ਆਏ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਲਈ ਇਹ ਯਕੀਨ ਕਰਨਾ ਔਖਾ ਸੀ ਕਿ ਅੰਮ੍ਰਿਤਸਰ ਦੇ ਸ੍ਰੀ ਦਰਬਾਰ ਸਾਹਿਬ ਵਿਖੇ ਲੱਗਾ ਸੋਨਾ ਅਸਲੀ ਹੈ? ਸ੍ਰੀ ਹਾਰਪਰ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਇਸ ਹੱਦ ਤੱਕ ਹੈਰਾਨ ਹੋਏ ਕਿ ਉਨ੍ਹਾਂ ਉਥੇ ਮੌਜੂਦ ਇਕ ਸ਼ਰਧਾਲੂ ਕੋਲੋਂ ਪੁੱਛਿਆ ਕਿ ਕੀ ਇਹ ਸੋਨਾ ਅਸਲੀ ਹੈ? ਜਦੋਂ ਜਵਾਬ ਹਾਂ ਵਿਚ ਮਿਲਿਆ ਤਾਂ ਉਹ ਹੋਰ ਵੀ ਹੈਰਾਨ ਹੋ ਗਏ। ਅੰਮ੍ਰਿਤਸਰ ਵਿਚ ਪੈਦਾ ਹੋਏ ਡਾ. ਵਰਿੰਦਰ ਸਿੰਘ ਆਹਲੂਵਾਲੀਆ ਉਨ੍ਹਾਂ 8 ਭਾਰਤੀ ਮੂਲ ਦੇ ਕੈਨੇਡੀਆਈ ਲੋਕਾਂ ਵਿਚ ਸ਼ਾਮਲ ਸਨ ਜਿਹੜੇ ਪ੍ਰਧਾਨ ਮੰਤਰੀ ਹਾਰਪਰ ਨਾ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਆਏ ਸਨ। ਟੋਰਾਂਟੋ ਦੇ ਰਹਿਣ ਵਾਲੇ ਸ੍ਰੀ ਆਹਲੂਵਾਲੀਆ ਨੇ ਕਿਹਾ ਕਿ ਸ੍ਰੀ ਹਾਰਪਰ ਨੇ ਜਦੋਂ ਸ੍ਰੀ ਦਰਬਾਰ ਸਾਹਿਬ ਪਹਿਲੀ ਵਾਰ ਦੇਖਿਆ ਤਾਂ ਉਨ੍ਹਾਂ ਆਪਣੇ ਕੋਲ ਖੜ੍ਹੇ ਇਕ ਵਿਅਕਤੀ ਕੋਲੋਂ ਪੁੱਛਿਆ ਕਿ ਕੀ ਇਹ ਸੋਨਾ ਅਸਲੀ ਹੈ? ਉਸ ਵਿਅਕਤੀ ਨੇ ਕਿਹਾ ਕਿ ਇਹ ਬਿਲਕੁਲ ਅਸਲੀ ਹੈ। ਸ੍ਰੀ ਆਹਲੂਵਾਲੀਆ ਮੁਤਾਬਕ ਸ੍ਰੀ ਦਰਬਾਰ ਸਾਹਿਬ ਦੀ ਸੁੰਦਰਤਾ ਦੇਖ ਕੇ ਕੈਨੇਡੀਆਈ ਪ੍ਰਧਾਨ ਮੰਤਰੀ ਹੈਰਾਨ ਰਹਿ ਗਏ ਤੇ ਉਸਨੂੰ ਦੇਖਦੇ ਹੀ ਰਹਿ ਗਏ।

## Matrimonials

ਜੱਟ ਸਿੱਖ, 22 ਸਾਲ, 6 ਫੁੱਟ ਅਮਰੀਕਨ ਇਮੀਗ੍ਰਾਂਟ ਲੜਕੇ ਲਈ ਇੰਡੀਆ ਰਹਿੰਦੀ ਲੜਕੀ ਦੀ ਲੋੜ ਹੈ। ਲੜਕੇ ਦੇ ਇੰਡੀਆ ਰਹਿੰਦੇ ਇਕੱਲੇ ਭਰਾ, 24 ਸਾਲ, 5’12” ਲਈ ਅਮਰੀਕਨ ਸਿਟੀਜ਼ਨ ਲੜਕੀ ਦੀ ਜ਼ਰੂਰਤ ਹੈ। ਸੰਪਰਕ ਕਰੋ: 317-313-5909 ਜਾਂ 317-217-9930

---

ਚੰਡੀਗੜ੍ਹ ਦੀ ਜੰਮਪਲ, ਸੈਣੀ ਸਿੱਖ, 28 ਸਾਲ, 5’3”, ਐਮ.ਏ. (ਸਾਇਕੌਲੋਜੀ), ਬੀ ਐਡ, ਯੂ.ਜੀ.ਸੀ. ਨੈਟ ਪਾਸ, ਅਲਾਇੰਸ ਫਰੌਂਸੇ ਤੋਂ ਫਰੈਂਚ ਭਾਸ਼ਾ ਦੀ ਉਚ ਡਿਗਰੀ ਦੇ 7 ਲੈਵਲ ਪਾਸ, ਯੂਨੀਵਰਸਿਟੀ ਕਾਲਜ ਲੈਕਚਰਰ, ਤਨਖਾਹ 30,000 ਰੁ, ਰੰਗ ਗੋਰਾ, ਸੋਹਣੇ ਨੈਣ ਨਕਸ਼, ਸੁਚੱਜੀ ਤੇ ਸੁਸ਼ੀਲ ਲੜਕੀ ਲਈ ਯੋਗ ਸਿੱਖ ਲੜਕੇ ਦੀ ਜ਼ਰੂਰਤ ਹੈ। ਪਿਤਾ ਕਾਲਜ ਲੈਕਚਰਰ, ਧੜਮੈਤ, ਮਾਂ ਔਜਲਾ। ਸੰਪਰਕ:ਮੋਬਾਇਲ-91-94171-32373, ਘਰ (ਸਿਰਫ ਐਤਵਾਰ):91-172-2703943

---

Ramgariah Sikh Family looking for suitable match for their son, performing residency (DPM). Girl should be well educated and belong to ramgariah family. Send photograph/biodata to angelhavok@aol.com

---

Sikh Parents seeking a Jatt Skih match for beautiful, U.S. Citizen daughter, Born and raised in India, Feb 1978, 5' 7", Licensed Vocational Nurse, California; working as LVN and studying for Regd Nursing Diploma. Family settled in United States. Looking for qualified match within U.S. someone with Student visa, H1B visa are also welcomed. Please send your info along with your most current photo to sunny@prolynks.com or call 408-661-7285

---

Parents seek suitable match for 27 years 5 feet 8.5 inches tall Jat Sikh Electrical Engineer boy and 25 years 5 feet 3 inches High school girl, US Citizen, family well settled in Ludhiana and US. Please contact jspludhiana1@gmail.com or (510)715-9045

---

**ਆਦਿ ਧਰਮੀ, 34 ਸਾਲ, 5’ 7”, ਵੈਸ਼ਨੂੰ, ਵਰਕ ਪਰਮਿਟ ’ਤੇ ਰਹਿ ਰਹੇ ਲੜਕੇ ਲਈ ਲੜਕੀ ਦੀ ਲੋੜ ਹੈ। ਸੰਪਰਕ ਕਰੋ:ਫੋਨ 916-730-8029**

---

Medico Jat Sikh match for, 27, 5'0'/smart girl doing DDS in USA. Respond with place and time of birth. contact:219-878-1008 e-mail:sur_malhi@yahoo.co.in

*Visit us on the web:*
***punjabtimesusa.com***
***To Advertise with us call:***
***847-359-0746***

ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???



ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



✔ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
✔ ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
✔ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
✔ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States

East to West Realty
A Real Estate & Investment Agency

ਦਿਆਨਤਦਾਰ ਅਤੇ ਭਰੋਸੇਮੰਦ ਰੀਅਲ ਐਸਟੇਟ ਸੇਵਾਵਾਂ ਲਈ ਕਾਲ ਕਰੋ

(916) 501-3974
(916) 729-5453

Email:nandsbrar@gmail.com

*Hiring New Realtors*



Nand S. Brar
Broker/Owner
DRE Lic No: 01816328

**Punjab Times**

**Established in 2000**
**10th Year of Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu

**Astt. Editor:**
Jaspreet Kaur
Kuljeet Singh

**Graphics:**
Mandeep Singh

**California Bureau:**
Ashok Bhaura
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664
Mandeep Mann
661-889-1927

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 75 ਡਾਲਰ,**
**ਪੰਜ ਸਾਲ ਲਈ: 350 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬੇਕਰਜ਼ਫੀਲਡ ਵਿਚ ਬੇਨਾਮੀ ਚਿੱਠੀਆਂ ਦੀ ਮੁੜ ਚਰਚਾ

**ਬੇਕਰਜ਼ਫੀਲਡ (ਪੰਜਾਬ ਟਾਈਮਜ਼ ਬਿਊਰੋ):** ਅੰਗੂਰਾਂ, ਸੌਗੀ, ਗਾਜਰਾਂ, ਸੰਘਣੇ ਪੰਜਾਬੀ ਭਾਈਚਾਰੇ ਅਤੇ ਗੁਰਦੁਆਰਾ ਲੜਾਈਆਂ ਕਰਕੇ ਜਾਣਿਆ ਜਾਂਦਾ ਕੈਲੀਫੋਰਨੀਆ ਦਾ ਇਹ ਸ਼ਹਿਰ ਜਲਦ ਹੀ ਬੇਨਾਮੀ ਚਿੱਕੜਉਛਾਲੂ ਚਿੱਠੀਆਂ ਲਿਖਣ ਲਈ ਮਸ਼ਹੂਰ ਹੋ ਜਾਵੇਗਾ। ਪਿਛਲੇ ਕੁਝ ਸਾਲਾਂ ਵਿਚ ਇਕ ਪਿੱਛੋਂ ਇਕ ਪੰਜਾਬੀ ਵਿਚ ਕੱਢੀਆਂ ਗਈਆਂ ਇਨ੍ਹਾਂ ਚਿੱਠੀਆਂ ਵੱਲ ਵੇਖੀਏ ਤਾਂ ਇਸੇ ਹੀ ਨਤੀਜੇ 'ਤੇ ਪਹੁੰਚੀਦਾ ਹੈ। ਇਹ ਵੀ ਦਿਲਚਸਪ ਹੈ ਕਿ ਇਹ ਚਿੱਠੀਆਂ ਅਕਸਰ ਨਗਰ ਕੀਰਤਨਾਂ ਦੇ ਨੇੜੇ ਤੇੜੇ ਹੀ ਨਿਕਲਦੀਆਂ ਹਨ। ਇਹ ਗੱਲ ਵੀ ਦਿਲਚਸਪੀ ਤੋਂ ਖਾਲੀ ਨਹੀਂ ਕਿ ਇਸ ਸ਼ਹਿਰ ਵਿਚ ਹਫਤੇ, ਦੋ ਹਫਤਿਆਂ ਦੇ ਵਕਫੇ ਨਾਲ ਦੋ-ਦੋ ਨਗਰ ਕੀਰਤਨ ਨਿਕਲਦੇ ਹਨ। ਜੇ ਕੋਈ ਇਹ ਸਮਝੇ ਕਿ ਇਥੋਂ ਦੀ ਸਿੱਖ ਸੰਗਤ ਵਿਚ ਸ਼ਰਧਾ ਭਾਵਨਾ ਕੁਝ ਜ਼ਿਆਦਾ ਹੀ ਉਬਾਲੇ ਮਾਰ ਰਹੀ ਹੈ ਤਾਂ ਇਹ ਵੀ ਇਕ ਭੁਲੇਖਾ ਹੀ ਹੋਵੇਗਾ। ਕਿਉਂਕਿ ਸੱਚ ਤਾਂ ਇਹ ਹੈ ਕਿ ਇਹ ਵੱਖੋ ਵੱਖਰੇ ਨਗਰ ਕੀਰਤਨ ਭਾਈਚਾਰੇ ਦੇ ਚੌਧਰੀਆਂ ਵਲੋਂ ਆਪਣੀ ਹਉਮੈ ਉਤੇ ਕਾਬੂ ਨਾ ਪਾ ਸਕਣ ਦਾ ਹੀ ਨਤੀਜਾ ਹੈ। ਨਗਰ ਕੀਰਤਨ ਕਹਿਣ ਨੂੰ ਤਾਂ ਕੱਢੇ ਜਾਂਦੇ ਹਨ ਧਾਰਮਿਕ ਭਾਵਨਾ ਨਾਲ ਪਰ ਪੱਠੇ ਪਾਏ ਜਾਂਦੇ ਹਨ ਆਪੋ ਆਪਣੀ ਹਉਮੈ ਨੂੰ।

ਇਨ੍ਹਾਂ ਚਿੱਠੀਆਂ ਵਿਚ ਕਿਸੇ ਇਕ ਜਾਂ ਵੱਧ ਵਿਅਕਤੀਆਂ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਉਪਰ ਤਰ੍ਹਾਂ ਤਰ੍ਹਾਂ ਦੇ ਦੋਸ਼ ਲਾਏ ਜਾਂਦੇ ਹਨ ਅਤੇ ਉਨ੍ਹਾਂ ਨੂੰ ਗੰਦੇ ਤੋਂ ਗੰਦਾ ਬੰਦਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅਜਿਹੀ ਹੀ ਇਕ ਚਿੱਠੀ ਸੰਨ 2003 ਦੇ ਗੇੜ ਵਿਚ ਨਿਕਲੀ ਸੀ ਜਦੋਂ ਸੰਗਤ ਦੀ ਪਾਟੋਧਾੜ ਕਾਰਨ ਇਥੇ ਇਕ ਗੁਰਦੁਆਰਾ ਏ ਐਮ ਅਤੇ ਪੀ ਐਮ-ਦੋ ਸ਼ਿਫਟਾਂ ਵਿਚ ਲੱਗਦਾ ਹੁੰਦਾ ਸੀ। ਮੌਕਾ ਉਦੋਂ ਵੀ ਨਗਰ ਕੀਰਤਨ ਦਾ ਹੀ ਸੀ ਅਤੇ ਚਿੱਠੀ ਦਾ ਸਿਰਲੇਖ ਰੱਖਿਆ ਗਿਆ ਸੀ 'ਪ੍ਰਧਾਨਾਂ ਦੀ ਪਨਸੇਰੀ'। ਪਰ ਉਸ ਸਮੇਂ ਗਨੀਮਤ ਇਹ ਸੀ ਕਿ ਚਿੱਠੀ ਵਿਚ ਕਿਸੇ ਇਕ ਵਿਅਕਤੀ ਵਿਸ਼ੇਸ਼ ਨੂੰ ਨਿਸ਼ਾਨਾ ਨਹੀਂ ਸੀ ਬਣਾਇਆ ਗਿਆ। ਫਿਰ ਇਸ ਤੋਂ ਬਾਅਦ ਵੀ ਅਜਿਹੀਆਂ ਕਈ ਚਿੱਠੀਆਂ ਨਿਕਲੀਆਂ ਜਿਨ੍ਹਾਂ ਵਿਚ ਨਿਸ਼ਾਨਾ ਵਿਅਕਤੀ ਬਣਨ ਲੱਗੇ। ਕੁਝ ਹੀ ਹਫਤੇ ਪਹਿਲਾਂ ਗੁਰਦੁਆਰਾ ਅੰਗਦ ਦਰਬਾਰ ਦੇ ਇਕ ਗ੍ਰੰਥੀ ਭਾਈ ਬਲਰਾਜ ਸਿੰਘ ਦੇ ਖਿਲਾਫ ਅਜਿਹੀ ਹੀ ਚਿੱਠੀ ਸਾਹਮਣੇ ਆਈ। ਉਦੋਂ ਵੀ ਨਗਰ ਕੀਰਤਨ ਦਾ ਹੀ ਮੌਕਾ ਸੀ।

ਦੋ ਕੁ ਹਫਤੇ ਪਹਿਲਾਂ ਇਥੋਂ ਦੇ ਇਕ ਨੌਜਵਾਨ ਬਿਜਨਸਮੈਨ ਅਤੇ ਪੰਜਾਬ ਟਾਈਮਜ਼ ਦੇ ਨੁਮਾਇੰਦੇ ਮਨਦੀਪ ਸਿੰਘ ਮਾਨ ਵਿਰੁਧ ਵੀ ਇਕ ਚਿੱਠੀ ਨਿਕਲੀ ਹੈ। ਇਸ ਇਕ ਸਫੇ ਦੀ ਟਾਈਪ ਕੀਤੀ ਹੋਈ ਚਿੱਠੀ ਵਿਚ ਮਨਦੀਪ ਮਾਨ ਦੀ ਸ਼ਖਸੀਅਤ ਉਤੇ ਕਈ ਤਰ੍ਹਾਂ ਦੇ ਚਿੱਕੜ ਉਛਾਲਣ ਅਤੇ ਉਸ ਨੂੰ ਮਹਾਂ ਗੁੰਡੇ ਦਾ ਖਿਤਾਬ ਦੇਣ ਉਪਰੰਤ ਉਸ ਦੇ ਬਾਈਕਾਟ ਦਾ ਸੱਦਾ ਦਿੱਤਾ ਗਿਆ ਹੈ। ਮਨਦੀਪ ਮਾਨ ਨੇ ਇਸ ਚਿੱਠੀ ਉਤੇ ਟਿੱਪਣੀ ਕਰਦਿਆਂ ਕਿਹਾ ਹੈ ਕਿ ਅਜਿਹੀਆਂ ਬੇਨਾਮੀ, ਬੇਹੂਦਾ ਚਿੱਠੀਆਂ ਕੱਢਣਾ ਉਨ੍ਹਾਂ ਨਿਪੁੰਸਕ ਲੋਕਾਂ ਦਾ ਕੰਮ ਹੈ ਜਿਨ੍ਹਾਂ ਵਿਚ ਸਾਹਮਣੇ ਆ ਕੇ ਗੱਲ ਕਰਨ ਦਾ ਦਮ ਨਹੀਂ ਹੁੰਦਾ। ਸ੍ਰੀ ਮਾਨ ਨੇ ਅਜਿਹੀਆਂ ਚਿੱਠੀਆਂ ਲਿਖਣ ਵਾਲਿਆਂ ਨੂੰ ਵੰਗਾਰ ਦਿੱਤੀ ਕਿ ਜੇ ਉਨ੍ਹਾਂ ਵਿਚ ਦਮ ਹੈ ਤਾਂ ਉਹ ਆਪਣੇ ਨਾਂ, ਪਤੇ ਅਤੇ ਫੋਨ ਦੇ ਕੇ ਅਜਿਹੀਆਂ ਚਿੱਠੀਆਂ ਛਾਪਣ। ਸੱਚ ਦਾ ਨਿਤਾਰਾ ਵੀ ਹੋ ਜਾਵੇਗਾ ਅਤੇ ਅਜਿਹੇ ਸ਼ਰਾਰਤੀ ਲੋਕਾਂ ਦੀ ਔਕਾਤ ਵੀ ਸਾਹਮਣੇ ਆ ਜਾਵੇਗੀ। ਸ੍ਰੀ ਮਾਨ ਨੇ ਇਹ ਵੀ ਕਿਹਾ ਕਿ ਉਨ੍ਹਾਂ ਦਾ ਸ਼ੱਕ ਬੇਕਰਜ਼ਫੀਲਡ ਦੇ ਕੁਝ ਅਖੌਤੀ ਚੌਧਰੀਆਂ ਵੱਲ ਜਾਂਦਾ ਹੈ ਜਿਹੜੇ ਇਥੋਂ ਦੇ ਪੰਜਾਬੀ ਭਾਈਚਾਰੇ ਦੀ ਹਰ ਲੜਾਈ ਅਤੇ ਪਾਟੋਧਾੜ ਦਾ ਕਾਰਨ ਬਣਦੇ ਹਨ। ਸ੍ਰੀ ਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਅਜਿਹੀਆਂ ਚਿੱਠੀਆਂ ਨਾਲ ਕੋਈ ਫਰਕ ਨਹੀਂ ਪੈਂਦਾ ਅਤੇ ਉਹ ਆਪਣਾ ਧਿਆਨ ਉਸਾਰੂ ਕੰਮਾਂ ਵੱਲ ਜਾਰੀ ਰੱਖਣਗੇ।

# ਦੁਬਈ ਦੇ ਵਿਕਾਸ ਦਾ ਬੁਲਬੁਲਾ ਵੀ ਫਟਿਆ

ਦਾ ਅਗਸਤ ਵਿਚ ਭੁਗਤਾਨ ਕੀਤਾ ਜਾਣਾ ਸੀ ਪਰ ਇਨ੍ਹਾਂ ਦੋਹਾਂ ਕੰਪਨੀਆਂ ਨੇ ਕਰਜ਼ੇ ਦੀ ਅਦਾਇਗੀ ਦੇ ਪੁਨਰਗਠਨ ਦੀ ਬੇਨਤੀ ਕੀਤੀ ਹੈ। ਇਸ ਤਰ੍ਹਾਂ ਕਰਜ਼ਾ ਅਦਾਇਗੀ ਵਿਚ ਦੇਰੀ ਨਾਲ ਨਿਵੇਸ਼ਕਾਂ, ਵਿਸ਼ੇਸ਼ ਕਰ ਬੈਂਕਿੰਗ ਅਤੇ ਰਿਐਲਟੀ ਖੇਤਰ ਦੀਆਂ ਕੰਪਨੀਆਂ ਦੀ ਮਾਲੀ ਹਾਲਤ 'ਤੇ ਬੁਰਾ ਅਸਰ ਪਿਆ ਹੈ।

ਇਹ ਸੰਕਟ ਉਦੋਂ ਸ਼ੁਰੂ ਹੋਇਆ ਜਦੋਂ ਉਥੋਂ ਦੇ ਸ਼ਾਸਕਾਂ ਦੀ ਮਾਲਕੀ ਵਾਲੀ ਵੱਡੀ ਕੰਪਨੀ 'ਦੁਬਈ ਵਰਲਡ' ਨੇ ਐਲਾਨ ਕੀਤਾ ਕਿ ਉਹ 65 ਅਰਬ ਡਾਲਰ ਦੇ ਹਾਸਲ ਕੀਤੇ ਕਰਜ਼ੇ ਦੀਆਂ ਕਿਸ਼ਤਾਂ 'ਤੇ ਵਿਆਜ ਦੀ ਅਦਾਇਗੀ ਆਉਂਦੇ ਛੇ ਮਹੀਨਿਆਂ ਤੱਕ ਨਹੀਂ ਕਰ ਸਕੇਗੀ। ਇਸ ਕੰਪਨੀ ਅਤੇ ਦੂਜੇ ਅਦਾਰਿਆਂ ਵਲੋਂ ਕੀਤੀਆਂ ਉਸਾਰੀਆਂ ਦੇ ਪ੍ਰਾਜੈਕਟਾਂ ਵਿਚ ਸੰਸਾਰ ਭਰ ਦੇ ਵੱਡੇ ਬੈਂਕਾਂ, ਜਿਨ੍ਹਾਂ ਵਿਚ ਭਾਰਤੀ ਬੈਂਕ ਵੀ ਆਉਂਦੇ ਹਨ, ਨੇ ਅਰਬਾਂ ਡਾਲਰ ਦੀਆਂ ਰਕਮਾਂ ਨਿਵੇਸ਼ ਕੀਤੀਆਂ ਸਨ। ਇਸ ਸੰਕਟ ਕਾਰਨ ਏਥੇ ਨਿਵੇਸ਼ ਕਰਨ ਵਾਲੇ ਬੈਂਕਾਂ ਤੇ ਨਿਵੇਸ਼ਕਾਂ ਨੂੰ ਨੁਕਸਾਨ ਪੁੱਜੇਗਾ। ਦੁਬਈ ਸੰਕਟ ਨੇ ਇਹ ਗੱਲ ਸਾਹਮਣੇ ਲਿਆਂਦੀ ਹੈ ਕਿ ਉਦਾਰਵਾਦੀ ਆਰਥਿਕਤਾ ਦੇ ਦੌਰ ਵਿਚ ਬੈਂਕਾਂ ਤੇ ਨਿਵੇਸ਼ਕਾਂ ਨੂੰ ਪ੍ਰਚਲਤ ਨਿਯਮਾਂ ਕਾਨੂੰਨਾਂ ਤੇ ਜ਼ਾਬਤਿਆਂ ਨੂੰ ਉਲੰਘਣਾ ਦੀ ਜਿਹੜੀ ਖੁੱਲ੍ਹ ਦਿੱਤੀ ਗਈ ਸੀ, ਉਹ ਕੌਮਾਂਤਰੀ ਅਰਥਚਾਰੇ ਲਈ ਮਾਰੂ ਸਿੱਧ ਹੋ ਰਹੀ ਹੈ। 1930 ਦੇ ਮੰਦਵਾੜੇ ਤੋਂ ਬਾਅਦ ਦੂਸਰੇ ਸਭ ਤੋਂ ਵੱਡੇ ਆਰਥਿਕ ਸੰਕਟ ਤੋਂ ਆਲਮੀ ਅਰਥਵਿਵਸਥਾ ਭਾਵੇਂ ਉਭਰਦੀ ਹੋਈ ਨਜ਼ਰ ਆ ਰਹੀ ਹੈ,ਪਰ ਦੁਬਈ ਮਾਮਲੇ ਨੇ ਇਸ ਨੂੰ ਕਿਸੇ ਹੱਦ ਤੱਕ ਨਵੇਂ ਸਿਰਿਓਂ ਪ੍ਰਭਾਵਤ ਕੀਤਾ ਹੈ।

'ਦੁਬਈ ਵਰਲਡ' ਮਾਮਲੇ ਦਾ ਅਸਰ ਭਾਰਤੀ ਸ਼ੇਅਰ ਬਾਜ਼ਾਰ 'ਤੇ ਵੀ ਦੇਖਣ ਨੂੰ ਮਿਲਿਆ ਹੈ ਜਿਸ 'ਚ ਇਕਦਮ ਗਿਰਾਵਟ ਆ ਗਈ। 'ਦੁਬਈ ਵਰਲਡ' ਨੇ ਬੈਂਕਾਂ, ਅਚਲ ਜਾਇਦਾਦ ਅਤੇ ਟਰਾਂਸਪੋਰਟ ਦੇ ਖੇਤਰ 'ਚ ਵਿਸਥਾਰ ਲਈ 59 ਅਰਬ ਡਾਲਰ ਦਾ ਕਰਜ਼ਾ ਲਿਆ ਹੋਇਆ ਹੈ। ਅਰਥਚਾਰੇ ਦੇ ਮਾਹਿਰਾਂ ਅਨੁਸਾਰ ਇਹ ਸੰਕਟ ਭਾਰਤ ਨੂੰ ਆਪਣੀ ਲਪੇਟ 'ਚ ਲੈ ਸਕਦਾ ਹੈ ਕਿਉਂਕਿ ਭਾਰਤ ਤੋਂ ਵੱਡੀ ਗਿਣਤੀ 'ਚ ਲੋਕ ਮੱਧ ਪੂਰਬ 'ਚ ਕੰਮ ਕਰਦੇ ਹਨ। ਜੇ ਉਥੋਂ ਦੀ ਅਰਥਵਿਵਸਥਾ ਲਈ ਸੰਕਟ ਵਧਿਆ, ਤਾਂ ਇਸਦਾ ਰੁਜ਼ਗਾਰ ਤੇ ਵੀ ਅਸਰ ਲਾਜ਼ਮੀ ਪਵੇਗਾ। ਪ੍ਰਵਾਸੀ ਭਾਰਤੀ ਦੇਸ਼ ਵਿਚ ਜਿੰਨਾ ਪੈਸਾ ਭੇਜਦੇ ਹਨ ਉਸ 'ਚੋਂ ਇਕ ਚੌਥਾਈ ਸੰਯੁਕਤ ਅਰਬ ਅਮੀਰਾਤ ਤੋਂ ਆਉਂਦਾ ਹੈ। ਭਾਰਤ ਦੇ ਲੱਖਾਂ ਮਜ਼ਦੂਰ ਉਥੇ ਕੰਮ ਕਰਦੇ ਹਨ। ਦੁਬਈ 'ਚ ਕਰਜ਼ੇ ਦੀ ਅਦਾਇਗੀ 'ਚ ਹੋਈ ਦੇਰੀ ਦੀ ਸਮੱਸਿਆ ਨਾਲ ਦੁਨੀਆਂ ਭਰ ਦੀ ਅਰਥਵਿਵਸਥਾ ਨੂੰ ਡੂੰਘਾ ਝਟਕਾ ਲੱਗਾ ਹੈ ਅਤੇ ਇਸ ਦਾ ਅਸਰ ਏਸ਼ੀਆਈ ਸ਼ੇਅਰ ਬਾਜ਼ਾਰਾਂ ਤੇ ਵੀ ਦੇਖਣ ਨੂੰ ਮਿਲਿਆ ਹੈ। ਇਸ ਨਾਲ ਬੈਂਕਾਂ ਅਤੇ ਅਚੱਲ ਖੇਤਰ ਦੀਆਂ ਕੰਪਨੀਆਂ ਨੂੰ ਭਾਰੀ ਨੁਕਸਾਨ ਹੋਇਆ ਹੈ।

ਦੂਜੇ ਪਾਸੇ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਕਿਹਾ ਕਿ ਦੁਬਈ ਦੇ ਕਰਜ਼ਾ ਸੰਕਟ ਨਾਲ ਦੇਸ਼ ਦੀ ਅਰਥਵਿਵਸਥਾ ਉਤੇ ਕਿਸੇ ਵੀ ਤਰ੍ਹਾਂ ਦਾ ਕੋਈ ਅਸਰ ਨਹੀਂ ਪਵੇਗਾ ਅਤੇ ਇਸ ਨੂੰ ਲੈ ਕੇ ਘਬਰਾਉਣ ਦੀ ਲੋੜ ਨਹੀਂ ਹੈ। ਵਿੱਤੀ ਸੰਕਟ ਦੇ ਬਾਅਦ ਏਸ਼ੀਆਈ ਅਰਥ ਵਿਵਸਥਾ ਵਿਸ਼ੇ ਉਤੇ ਕਰਵਾਏ ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਦੁਬਈ ਸੰਕਟ ਦੇ ਪੂਰੇ ਅਸਰ ਦਾ ਅਜੇ ਮੁਲਾਂਕਣ ਕੀਤਾ ਜਾਣਾ ਬਾਕੀ ਹੈ। ਇਸ ਤੋਂ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਸਭ ਤੋਂ ਪਹਿਲੀ ਗੱਲ ਇਹ ਹੈ ਕਿ ਰਕਮ ਬਹੁਤ ਛੋਟੀ ਨਹੀਂ ਹੈ ਅਤੇ ਦੂਸਰੀ ਇਹ ਕਿ ਸਾਡੇ ਬੈਂਕਾਂ ਦਾ ਦੁਬਈ ਦੇ ਖਜ਼ਾਨਾਤੰਤਰ ਨਾਲ ਲੈਣ-ਦੇਣ ਸੀਮਤ ਹੈ। ਸ਼ੁਰੂਆਤ ਵਿਚ ਇਸ ਦਾ ਕੁਝ ਅਸਰ ਸ਼ੇਅਰ ਮਾਰਕਿਟ ਉਤੇ ਜ਼ਰੂਰ ਪੈ ਸਕਦਾ ਹੈ। ਵਿਤ ਮੰਤਰੀ ਦਾ ਅਨੁਮਾਨ ਹੈ ਕਿ ਇਸ ਨਾਲ ਖੇਤਰ ਵਿਚ ਭਾਰਤੀ ਨਿਰਯਾਤ ਉਤੇ ਕੋਈ ਖਾਸ ਅਸਰ ਨਹੀਂ ਪਵੇਗਾ।

ਵਿੱਤ ਮੰਤਰੀ ਨੇ ਕਿਹਾ ਕਿ ਵਿਦੇਸ਼ੀ ਮੁਦਰਾ ਦੇ ਦੇਸ਼ ਵਿਚ ਆਉਣ ਤੇ ਕੁਝ ਪ੍ਰਭਾਵ ਪਵੇਗਾ ਅਤੇ ਨਾਲ ਹੀ ਉਥੇ ਬੇਰੁਜ਼ਗਾਰੀ ਵਧ ਸਕਦੀ ਹੈ। ਉਨ੍ਹਾਂ ਦੁਬਈ ਵਿਚ ਕੰਮ ਕਰਨ ਗਏ ਪਰਵਾਸੀ ਭਾਰਤੀਆਂ ਦੇ ਪਰਿਵਾਰਾਂ ਨੂੰ ਭਰੋਸਾ ਦਿੰਦੇ ਹੋਏ ਕਿਹਾ ਕਿ ਭਾਰਤ ਸਰਕਾਰ ਇਸ ਮਾਮਲੇ 'ਤੇ ਪੂਰੀ ਤਰ੍ਹਾਂ ਨਜ਼ਰ ਰੱਖ ਰਹੀ ਹੈ। ਕੇਂਦਰੀ ਵਿਤ ਮੰਤਰੀ ਨੇ ਕਿਹਾ ਕਿ ਮੈਨੂੰ ਨਹੀਂ ਲਗਦਾ ਕਿ ਦੁਬਈ ਸੰਕਟ ਦਾ ਕਿਸੇ ਵੀ ਤਰ੍ਹਾਂ ਦਾ ਭਾਰਤੀਆਂ 'ਤੇ ਕੋਈ ਵੱਡਾ ਅਸਰ ਪਵੇਗਾ।

# ਸਰਕਾਰ ਵਲੋਂ ਪੰਜਾਬੀ ਭਾਸ਼ਾ ਟ੍ਰਿਬਿਊਨਲ ਸਥਾਪਤ ਕਰਨ ਦੀ ਸਹਿਮਤੀ

**ਚੰਡੀਗੜ੍ਹ :** ਪੰਜਾਬ ਸਰਕਾਰ ਰਾਜ ਦੇ ਸਾਰੇ ਦਫਤਰਾਂ ਬੋਰਡਾਂ, ਨਿਗਮਾਂ, ਵਿੱਦਿਅਕ ਸੰਸਥਾਵਾਂ ਅਤੇ ਸੁਬਾਰਡੀਨੇਟ ਅਦਾਲਤਾਂ ਵਿਚ ਪੰਜਾਬ ਰਾਜ ਭਾਸ਼ਾ ਐਕਟ 1967 ਅਤੇ ਪੰਜਾਬ, ਪੰਜਾਬੀ ਅਤੇ ਹੋਰ ਭਾਸ਼ਾਵਾਂ ਸਿੱਖਣ ਐਕਟ 2008 ਤਹਿਤ ਪੰਜਾਬੀ ਭਾਸ਼ਾ ਦੇ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਪੰਜਾਬੀ ਭਾਸ਼ਾ ਟ੍ਰਿਬਿਊਨਲ ਦੀ ਸਥਾਪਨਾ ਕਰੇਗੀ।

ਇਸ ਸਬੰਧੀ ਭਰੋਸਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬੀ ਸਾਹਿਤ ਅਕਾਦਮੀ ਦੀ ਪ੍ਰਧਾਨ ਦਲੀਪ ਕੌਰ ਟਿਵਾਣਾ ਦੀ ਅਗਵਾਈ ਵਿਚ ਇੱਕ ਵਫਦ ਨਾਲ ਬੀਤੀ 30 ਨਵੰਬਰ ਦੀ ਸ਼ਾਮ ਪੰਜਾਬ ਭਵਨ ਵਿਖੇ ਕੀਤੀ ਮੀਟਿੰਗ ਦੌਰਾਨ ਦਿੱਤਾ।

ਗੱਲਬਾਤ ਵਿਚ ਹਿੱਸਾ ਲੈਂਦੇ ਹੋਏ ਸ. ਬਾਦਲ ਨੇ ਕਿਹਾ ਕਿ ਇਸ ਟ੍ਰਿਬਿਊਨਲ ਵਲੋਂ ਇਸ ਕਾਨੂੰਨ ਦੀ ਸਖਤੀ ਨਾਲ ਪਾਲਣਾ ਲਈ ਯੋਗ ਉਪਰਾਲੇ ਕੀਤੇ ਜਾਣਗੇ ਅਤੇ ਇਸ ਕਾਨੂੰਨ ਨਾਲ ਸਬੰਧਤ ਵੱਖ-ਵੱਖ ਮੁੱਦਿਆਂ 'ਤੇ ਕਾਨੂੰਨੀ ਵਿਚਾਰ ਵੀ ਦਿੱਤੇ ਜਾਣਗੇ। ਉਨ੍ਹਾਂ ਮੁੱਖ ਸਕੱਤਰ ਨੂੰ ਇਸ ਟ੍ਰਿਬਿਊਨਲ ਦੀ ਸਥਾਪਨਾ ਲਈ ਸਾਰੀ ਰੂਪ-ਰੇਖਾ ਮੁਕੰਮਲ ਕਰਨ ਲਈ ਕਿਹਾ ਤਾਂ ਜੋ ਉਕਤ ਕਾਨੂੰਨ ਹੂ-ਬ-ਹੂ ਲਾਗੂ ਕੀਤਾ ਜਾ ਸਕੇ।

ਇਸ ਮੌਕੇ ਡਾ. ਦਲੀਪ ਕੌਰ ਟਿਵਾਣਾ ਨੇ ਕਿਹਾ ਕਿ ਇਸ ਟ੍ਰਿਬਿਊਨਲ ਦੀ ਸਥਾਪਨਾ ਇਸ ਇਤਿਹਾਸਕ ਵਿਧਾਨ ਦੇ ਲਾਗੂ ਕਰਨ ਲਈ ਇੱਕ ਮੀਲ ਪੱਥਰ ਸਾਬਤ ਹੋਵੇਗੀ, ਜਿਸ ਨਾਲ ਪੰਜਾਬੀ ਭਾਸ਼ਾ ਨੂੰ ਵੀ ਬਣਦਾ ਸਤਿਕਾਰ ਮਿਲੇਗਾ। ਉਨ੍ਹਾਂ ਪੰਜਾਬੀ ਭਾਸ਼ਾ ਦੀ ਪ੍ਰਗਤੀ ਲਈ ਪੰਜਾਬੀ ਸਾਹਿਤ ਅਕਾਦਮੀ ਦੀ ਤਰਫੋਂ ਰਾਜ ਸਰਕਾਰ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਉਨ੍ਹਾਂ ਸਿੱਖਿਆ ਅਤੇ ਭਾਸ਼ਾ ਮੰਤਰੀ ਡਾ. ਉਪਿੰਦਰਜੀਤ ਕੌਰ ਦਾ ਵੀ ਪੰਜਾਬੀ ਭਾਸ਼ਾ ਟ੍ਰਿਬਿਊਨਲ ਦੀ ਸਥਾਪਨਾ ਦਾ ਕੇਸ ਚਲਾਉਣ ਲਈ ਧੰਨਵਾਦ ਕੀਤਾ। ਇਸ ਮੌਕੇ ਮੁੱਖ ਮੰਤਰੀ ਨੇ 10 ਲੱਖ ਰੁਪਏ ਦਾ ਚੈਕ ਸਾਹਿਤ ਅਕਾਦਮੀ ਨੂੰ ਦਿੱਤਾ ਅਤੇ ਬਕਾਇਆ 15 ਲੱਖ ਰੁਪਏ ਅਗਲੇ ਵਿੱਤੀ ਸਾਲ ਦੌਰਾਨ ਦੇਣ ਦਾ ਵਾਅਦਾ ਕੀਤਾ। ਉਨ੍ਹਾਂ ਨੇ ਅਕਾਦਮੀ ਵੱਲੋਂ ਲੁਧਿਆਣਾ ਵਿਖੇ ਕਿਤਾਬ ਬਾਜ਼ਾਰ ਦੀ ਸਥਾਪਨਾ ਦਾ ਸਮਰਥਨ ਕੀਤਾ, ਜਿਸ ਵਿੱਚ 6 ਪੰਜਾਬੀ ਕਿਤਾਬਾਂ ਦੀਆਂ ਦੁਕਾਨਾਂ ਅਤੇ ਇੱਕ-ਇੱਕ ਅੰਗਰੇਜ਼ੀ, ਹਿੰਦੀ ਅਤੇ ਉਰਦੂ ਕਿਤਾਬਾਂ ਦੀਆਂ ਦੁਕਾਨਾਂ ਹਨ। ਉਨ੍ਹਾਂ ਕਿਹਾ ਕਿ ਅਕਾਦਮੀ ਦੇ ਇਸ ਉਪਰਾਲੇ ਨਾਲ ਜਨਤਾ ਦਰਮਿਆਨ ਪੜ੍ਹਨ ਦੀ ਰੁਚੀ ਵਧੇਗੀ।

ਇਸ ਦੌਰਾਨ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਚੂਹੜਚੱਕ ਤੋਂ ਪੰਜਾਬੀ ਭਾਸ਼ਾ ਨੂੰ ਲਾਗੂ ਕਰਵਾਉਣ ਲਈ ਚਲਾਇਆ ਸੰਘਰਸ਼ ਹੋਰ ਤੇਜ਼ ਕਰਨ ਦਾ ਅਹਿਦ ਕੀਤਾ ਹੈ। ਕੇਂਦਰੀ ਸਭਾ ਦਸੰਬਰ ਮਹੀਨੇ ਵਿਚ ਸਮੁੱਚੇ ਪੰਜਾਬ ਦੇ ਪੰਜ ਜ਼ੋਨ ਬਣਾਕੇ ਪ੍ਰਦਰਸ਼ਨ ਕਰਦੀ ਹੋਈ ਭਾਸ਼ਾ ਅਧਿਕਾਰਤ ਕਮੇਟੀਆਂ ਦੇ ਚੇਅਰਮੈਨਾਂ ਨੂੰ ਭਾਸ਼ਾ ਟ੍ਰਿਬਿਊਨਲ ਦੀ ਸਥਾਪਨਾ ਹਿੱਤ ਮੈਮੋਰੰਡਮ ਦਿੱਤੇ ਜਾਣਗੇ। 13 ਦਸੰਬਰ ਨੂੰ ਬਠਿੰਡਾ, ਮਾਨਸਾ, ਮੁਕਤਸਰ, ਬਰਨਾਲਾ ਅਤੇ ਸੰਗਰੂਰ ਜ਼ਿਲ੍ਹੇ ਦੇ ਲੇਖਕ ਬਠਿੰਡਾ ਵਿਖੇ ਪ੍ਰਦਰਸ਼ਨ ਕਰਕੇ ਮੈਮੋਰੰਡਮ ਦੇਣਗੇ। 13 ਦਸੰਬਰ ਨੂੰ ਹੀ ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹੇ ਦੇ ਲੇਖਕ ਅੰਮ੍ਰਿਤਸਰ ਵਿਖੇ ਮੈਮੋਰੰਡਮ ਦੇਣਗੇ। 20 ਦਸੰਬਰ ਨੂੰ ਚੰਡੀਗੜ੍ਹ ਪਟਿਆਲਾ, ਮੋਹਾਲੀ, ਰੋਪੜ ਅਤੇ ਫਤਹਿਗੜ੍ਹ ਸਾਹਿਬ ਦੇ ਲੇਖਕ ਪਟਿਆਲਾ ਵਿਖੇ ਮੈਮੋਰੰਡਮ ਦੇਣਗੇ। 27 ਦਸੰਬਰ ਨੂੰ ਮੋਗਾ, ਫਰੀਦਕੋਟ ਅਤੇ ਫਿਰੋਜ਼ਪੁਰ ਦੇ ਲੇਖਕ ਮੋਗਾ ਵਿਖੇ ਮੈਮੋਰੰਡਮ ਦੇਣਗੇ। 3 ਜਨਵਰੀ ਨੂੰ ਜਲੰਧਰ ਵਿਖੇ ਹੁਸ਼ਿਆਰਪੁਰ ਅਤੇ ਨਵਾਂ ਸ਼ਹਿਰ ਦੇ ਲੇਖਕ ਜਲੰਧਰ 'ਚ ਮੈਮੋਰੰਡਮ ਦੇਣ ਬਾਅਦ ਸਮੁੱਚੇ ਪੰਜਾਬ ਦੇ ਲੇਖਕ ਜਲੰਧਰ ਤੋਂ ਕਪੂਰਥਲਾ ਤੱਕ ਜਨਤਕ ਮਾਰਚ ਕਰਕੇ ਬੀਬੀ ਉਪਿੰਦਰਜੀਤ ਕੌਰ ਸਿੱਖਿਆ ਅਤੇ ਭਾਸ਼ਾ ਮੰਤਰੀ ਨੂੰ ਉਨ੍ਹਾਂ ਦੇ ਨਿਵਾਸ ਉੱਪਰ ਮੈਮੋਰੰਡਮ ਦੇਣਗੇ।

## ਨਕਸਲਵਾਦ ਪੰਜਾਬ ਵਿਚ ਪੈਰ ਪਸਾਰ ਰਿਹਾ?

**ਪਟਿਆਲਾ :** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦੇਸ਼ ਵਿੱਚ ਫੈਲ ਰਹੇ ਨਕਸਲਵਾਦ ਬਾਰੇ ਕੇਂਦਰ ਸਰਕਾਰ ਨੂੰ ਦੋਸ਼ੀ ਠਹਿਰਾਉਂਦਿਆ ਕਿ ਪੰਜਾਬ ਵਿਚ ਵੀ ਹੁਣ ਨਕਸਲਵਾਦ ਆਪਣੇ ਪੈਰ ਫੈਲਾਉਣੇ ਸ਼ੁਰੂ ਕਰ ਰਿਹਾ ਹੈ, ਪਰ ਇਹ ਸਮੱਸਿਆ ਸਾਰੇ ਦੇਸ਼ ਦੇ ਬਹੁਤ ਸਾਰੇ ਸੂਬਿਆਂ ਵਿਚ ਫੈਲੀ ਹੋਈ ਹੈ, ਜਿਸ ਲਈ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ, ਵਿਸ਼ੇਸ਼ ਤੌਰ 'ਤੇ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਆਜ਼ਾ ਹੋਇਆਂ 60 ਸਾਲ ਤੋਂ ਵੱਧ ਸਮਾਂ ਹੋ ਗਿਆ ਹੈ, ਪਰ ਕੇਂਦਰ ਨੇ ਬੇਰੁਜ਼ਗਾਰੀ ਅਤੇ ਅਨਪੜ੍ਹਤਾ ਨੂੰ ਦੂਰ ਕਰਨ ਲਈ ਕੋਈ ਵਿਸ਼ੇਸ਼ ਉਪਰਾਲਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਜਿੱਥੇ ਵੀ ਅਨਪੜ੍ਹਤਾ ਅਤੇ ਬੇਰੁਜ਼ਗਾਰੀ ਹੋਵੇਗੀ, ਉਥੇ ਵੱਖਵਾਦ ਜਾਂ ਨਕਸਲਵਾਦ ਦਾ ਪਨਪਨਾ ਸੁਭਾਵਿਕ ਹੈ। ਬਾਦਲ ਨੇ ਕਿਹਾ ਕਿ ਕੇਂਦਰ ਸਰਕਾਰ, ਜੋ ਸੂਬਿਆਂ ਨੂੰ ਸਬਸਿਡੀਆਂ ਦੇ ਰਿਹਾ ਹੈ, ਉਸ ਨਾਲ ਲੋਕਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਨਹੀਂ ਹੁੰਦੀਆਂ, ਸਗੋਂ ਕੇਂਦਰ ਨੂੰ ਚਾਹੀਦਾ ਹੈ ਕਿ ਕੋਈ ਠੋਸ ਨੀਤੀ ਬਣਾ ਕੇ ਅਜਿਹਾ ਪ੍ਰੋਗਰਾਮ ਉਲੀਕਿਆ ਜਾਵੇ, ਜਿਸ ਨਾਲ ਅਨਪੜ੍ਹਤਾ ਅਤੇ ਬੇਰੁਜ਼ਗਾਰੀ ਦੂਰ ਹੋ ਸਕੇ, ਜੋ ਕਿ ਦੇਸ਼ ਵਿੱਚ ਵਧ ਰਹੀ ਗਰੀਬੀ ਦਾ ਮੁੱਖ ਕਾਰਨ ਹੈ। ਬਾਦਲ ਪਿੰਡ ਰੱਖੜਾ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਐਨ.ਆਰ.ਆਈ.ਵਿੰਗ ਦੇ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸੁਰਜੀਤ ਸਿੰਘ ਰੱਖੜਾ ਦੇ ਪਿਤਾ ਸੂਬੇਦਾਰ ਕਰਤਾਰ ਸਿੰਘ ਦੀ 13ਵੀਂ ਬਰਸੀ ਮੌਕੇ ਸ਼ਰਧਾਂਜਲੀ ਦੇਣ ਸਮੇਂ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦੇ ਰਹੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ

ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਅਕਾਲੀਆਂ ਵਲੋਂ ਅਮਰਿੰਦਰ ਦੇ ਪੁਰਖਿਆਂ ਦੇ ਪਿੰਡ 'ਤੇ ਧਾਵਾ

**ਰਾਮਪੁਰਾ ਫੂਲ :** ਸ਼੍ਰੋਮਣੀ ਅਕਾਲੀ ਦਲ ਬਾਦਲ ਵਲੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੁਰਖਿਆਂ ਦੇ ਪਿੰਡ ਮਹਿਰਾਜ 'ਤੇ ਧਾਵਾ ਬੋਲ ਦਿੱਤਾ ਗਿਆ ਹੈ। ਲੋਕ ਜੋੜੋ ਮੁਹਿੰਮ ਤਹਿਤ ਅਕਾਲੀ ਦਲ ਵਲੋਂ ਵਿੱਢੀ ਗਈ ਮੁਹਿੰਮ ਨੂੰ ਉਸ ਸਮੇਂ ਭਰਵਾਂ ਹੁੰਗਾਰਾ ਮਿਲਿਆ ਜਦ ਕਾਂਗਰਸ ਪਾਰਟੀ ਦੇ ਸੈਂਕੜੇ ਪਰਿਵਾਰ ਅਕਾਲੀ ਦਲ 'ਚ ਸ਼ਾਮਲ ਹੋ ਗਏ। ਕੈਪਟਨ ਸਿੰਘ ਦੇ ਗਲਬੇ ਨੂੰ ਤੋੜਣ ਲਈ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅਤੇ ਜ਼ਿਲ੍ਹਾ ਜਥੇਦਾਰ ਸਿਕੰਦਰ ਸਿੰਘ ਮਲੂਕਾ ਨੇ ਇਸ ਪਿੰਡ ਨੂੰ ਇਕ ਮਿਸ਼ਨ ਵਜੋਂ ਲਿਆ ਹੈ। ਪਿੰਡ 'ਚ ਵੱਖ-ਵੱਖ ਥਾਵਾਂ 'ਤੇ ਹੋਏ ਸਮਾਗਮਾਂ 'ਚ ਕਰੀਬ 100 ਘਰਾਂ ਨੇ ਕਾਂਗਰਸ ਪਾਰਟੀ ਨਾਲੋਂ ਨਾਤਾ ਤੋੜ ਕੇ ਅਕਾਲੀ ਦਲ ਨਾਲ ਸਾਂਝ ਪਾ ਲਈ ਹੈ। ਇਸ ਮੌਕੇ ਹੋਏ ਇਕੱਠਾਂ ਨੂੰ ਸੰਬੋਧਨ ਕਰਦਿਆਂ ਸ. ਮਲੂਕਾ ਨੇ ਕਾਂਗਰਸੀ ਉਮੀਦਵਾਰ ਨੂੰ ਕਰੜੇ ਹੱਥੀ ਲੈਂਦਿਆਂ ਕਿਹਾ ਕਿ ਚੋਣ ਜਿੱਤਣ ਤੋਂ ਬਾਅਦ ਵਿਧਾਇਕ ਗੁਰਪ੍ਰੀਤ ਸਿੰਘ ਕਾਂਗੜ ਨੇ ਲੋਕਾਂ ਦੀ ਬਾਤ ਤੱਕ ਨਹੀਂ ਪੁੱਛੀ। ਇਥੋਂ ਤੱਕ ਕਿ ਲੋਕਾਂ ਦੇ ਸੁੱਖ-ਦੁੱਖ ਵਿਚ ਵੀ ਆ ਕੇ ਨਹੀਂ ਖੜ੍ਹਿਆ। ਉਨ੍ਹਾਂ ਪਿੰਡ ਦੇ ਵਿਕਾਸ 'ਚ ਆਈ ਖੜੋਤ ਨੂੰ ਤੋੜਦਿਆਂ ਮੌਕੇ 'ਤੇ ਵੱਖ-ਵੱਖ ਪੰਚਾਇਤਾਂ ਨੂੰ 25 ਲੱਖ ਰੁਪਏ ਦੇ ਚੈੱਕ ਵੰਡੇ। ਪਿੰਡ ਵਾਸੀਆਂ ਵਲੋਂ ਸੀਵਰੇਜ ਦੀ ਉਠਾਈ ਗਈ ਸਮੱਸਿਆ ਬਾਰੇ ਸ. ਮਲੂਕਾ ਨੇ ਕਿਹਾ ਕਿ ਇਸ ਬਾਰੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੂੰ ਆਦੇਸ਼ ਜਾਰੀ ਕਰ ਦਿੱਤੇ ਜਾਣਗੇ।

## ਜਸਟਿਸ ਮਹਿਤਾਬ ਸਿੰਘ ਗਿੱਲ ਐਕਟਿੰਗ ਚੀਫ ਜਸਟਿਸ ਹੋਣਗੇ

**ਚੰਡੀਗੜ੍ਹ:** ਜਸਟਿਸ ਮਹਿਤਾਬ ਸਿੰਘ ਗਿੱਲ, ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਐਕਟਿੰਗ ਚੀਫ ਜਸਟਿਸ ਲਾਏ ਗਏ ਹਨ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਭ ਤੋਂ ਸੀਨੀਅਰ ਜੱਜ ਸ੍ਰੀ ਗਿੱਲ, ਵਰਤਮਾਨ ਜਸਟਿਸ ਜਸਦੀਸ਼ ਸਿੰਘ ਖਹਿਰਾ ਦੇ ਚਾਰਜ ਛੱਡਦਿਆਂ ਹੀ ਕੰਮ-ਕਾਜ ਸੰਭਾਲ ਲੈਣਗੇ। ਜਸਟਿਸ ਖਹਿਰਾ ਨੂੰ ਉਤਰਾਖੰਡ ਹਾਈ ਕੋਰਟ ਦੇ ਚੀਫ ਜਸਟਿਸ ਲਾਏ ਜਾਣ ਨੂੰ ਪ੍ਰਵਾਨਗੀ ਮਿਲ ਚੁੱਕੀ ਹੈ ਅਤੇ ਉਨ੍ਹਾਂ ਨੇ ਅਹੁਦੇ ਦੀ ਸਹੁੰ ਚੁਕ ਲਈ ਹੈ। ਜਸਟਿਸ ਗਿੱਲ ਨੂੰ ਐਕਟਿੰਗ ਚੀਫ ਜਸਟਿਸ ਲਾਏ ਸਬੰਧੀ ਸੁਨੇਹਾ ਹਾਈ ਕੋਰਟ ਨੂੰ ਮਿਲਿਆ ਹੈ। ਦਿੱਲੀ ਹਾਈ ਕੋਰਟ ਦੇ ਜਸਟਿਸ ਮੁਕੁਲ ਮੁਦਗਲ ਦੇ ਚੀਫ ਜਸਟਿਸ ਬਣਨ ਤਕ ਜਸਟਿਸ ਗਿੱਲ ਇਹ ਕਾਰਜਭਾਰ ਸੰਭਾਲਣਗੇ।

# ਅਮਰਿੰਦਰ ਸਿੰਘ ਦੇ ਮੁੜ ਸਰਗਰਮ ਹੋਣ ਦੇ ਸੰਕੇਤ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਜਲੰਧਰ :** ਅਕਾਲੀ-ਭਾਜਪਾ ਸਰਕਾਰ ਨੂੰ ਖੁਸ਼ ਕਰਨ ਲਈ ਕਾਂਗਰਸੀ ਆਗੂਆਂ ਅਤੇ ਵਰਕਰਾਂ ਖ਼ਿਲਾਫ਼ ਝੂਠੇ ਕੇਸ ਦਰਜ ਕਰਨ ਵਾਲੇ ਅਫ਼ਸਰਾਂ ਤੋਂ ਕਾਂਗਰਸ ਸਰਕਾਰ ਆਉਣ 'ਤੇ ਜਵਾਬ ਮੰਗਿਆ ਜਾਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਲਕਾ ਭੁਲੱਥ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਵਲੋਂ ਆਯੋਜਿਤ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ। ਸ. ਖਹਿਰਾ ਨੇ ਇਹ ਕਾਨਫਰੰਸ ਹਲਕਾ ਭੁਲੱਥ ਤੇ ਪੰਜਾਬ 'ਚ ਕਾਂਗਰਸੀਆਂ 'ਤੇ ਹੋ ਰਹੇ ਤਸ਼ੱਦਦ ਦੇ ਮੱਦੇਨਜ਼ਰ ਕੀਤੀ ਸੀ। ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੈਪਟਨ ਨੇ ਕਿਹਾ ਕਿ ਜਦੋਂ ਤੋਂ ਅਕਾਲੀ-ਭਾਜਪਾ ਸਰਕਾਰ ਸੱਤਾ 'ਚ ਆਈ ਹੈ, ਉਦੋਂ ਤੋਂ ਹੀ ਕਾਂਗਰਸੀ ਵਰਕਰਾਂ 'ਤੇ ਝੂਠੇ ਮੁਕੱਦਮੇ ਦਰਜ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸੀ ਵਰਕਰਾਂ 'ਤੇ ਕੀਤੇ ਜਾ ਰਹੇ ਤਸ਼ੱਦਦ ਦਾ ਜਵਾਬ ਲੋਕ ਆਉਣ ਵਾਲੀਆਂ ਚੋਣਾਂ 'ਚ ਦੇਣਗੇ। ਉਨ੍ਹਾਂ ਸਰਕਾਰੀ ਅਫ਼ਸਰਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਸੂਬਾ ਸਰਕਾਰ ਕੋਲ ਗਲਤ ਅਫ਼ਸਰਾਂ ਨੂੰ ਕਾਨੂੰਨ ਮੁਤਾਬਕ ਸਜ਼ਾ ਦੇਣ ਦਾ ਅਧਿਕਾਰ ਹੁੰਦਾ ਹੈ ਤੇ ਉਹ ਦਿਨ ਦੂਰ ਨਹੀਂ ਜਦੋਂ ਇਹ ਅਫ਼ਸਰ ਆਪਣੇ ਕੀਤਿਆਂ ਦੀ ਸਜ਼ਾ ਭੁਗਤਣਗੇ। ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਵਲੋਂ ਮੈਂਬਰ ਪਾਰਲੀਮੈਂਟ ਸੰਤੋਸ਼ ਚੌਧਰੀ ਨੂੰ ਨਜ਼ਰ ਅੰਦਾਜ਼ ਕਰਨ ਬਾਰੇ ਕੈਪਟਨ ਨੇ ਕਿਹਾ ਕਿ ਇਹ ਸਭ ਕੁਝ ਅਕਾਲੀ ਸਰਕਾਰ ਨੂੰ ਖੁਸ਼ ਕਰਨ ਲਈ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਸੀਂ ਸਮੂਹ ਅਕਾਲੀ ਪੱਖੀ ਅਧਿਕਾਰੀਆਂ ਦੀਆਂ ਗਤੀਵਿਧੀਆਂ ਨੂੰ ਨੋਟ ਕਰ ਰਹੇ ਹਾਂ।

ਉਨ੍ਹਾਂ ਇਸ ਮੌਕੇ ਬੇਅੰਤ ਸਿੰਘ ਦੇ ਨਾਂ 'ਤੇ ਬਣੇ ਮੈਡੀਕਲ ਕਾਲਜ ਸਬੰਧੀ ਅਕਾਲੀ-ਭਾਜਪਾ ਸਰਕਾਰ ਵਲੋਂ ਕੀਤੇ ਸਮਝੌਤੇ ਨੂੰ ਰੱਦ ਕਰਨ ਦੀ ਗੱਲ ਵੀ ਕਹੀ। ਇਸ ਮੌਕੇ ਕਾਂਗਰਸੀ ਵਰਕਰਾਂ ਨੇ ਹੱਥਾਂ 'ਚ ਕੁਝ ਤਖ਼ਤੀਆਂ ਫੜੀਆਂ ਹੋਈਆਂ ਸਨ। ਇਨ੍ਹਾਂ ਤਖ਼ਤੀਆਂ 'ਤੇ 'ਬਦਲਾਖ਼ੋਰੀ ਦਾ ਦੂਜਾ ਨਾਂ ਸੁਖਬੀਰ ਬਾਦਲ' ਅਤੇ 'ਨਵੀਂ ਡੀ ਐਸ ਪੀ ਭੁਲੱਥ ਬੀਬੀ ਜਗੀਰ ਕੌਰ' ਲਿਖਿਆ ਹੋਇਆ ਸੀ। ਲੰਘੀ 30 ਨਵੰਬਰ ਦੀ ਕਾਨਫਰੰਸ 'ਚ ਜਿੱਥੇ ਭੱਠਲ ਧੜਾ ਗੈਰ ਹਾਜ਼ਰ ਸੀ ਉਥੇ ਚੌਧਰੀ ਸੰਤੋਖ਼ ਸਿੰਘ, ਤਜਿੰਦਰ ਸਿੰਘ ਬਿੱਟੂ, ਸੀਡੀ ਕੰਬੋਜ, ਸੁਭਾਸ਼ ਸੋਧੀ, ਚੌਧਰੀ ਜਗਜੀਤ ਸਿੰਘ, ਰਾਮ ਲੁਭਾਇਆ, ਕੰਵਲਜੀਤ ਲਾਲੀ ਆਦਿ ਕਾਂਗਰਸੀ ਆਗੂ ਹਾਜ਼ਰ ਸਨ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਉਹ 8 ਦਸੰਬਰ ਨੂੰ ਪੰਜਾਬ ਦੌਰੇ 'ਤੇ ਜਾ ਰਹੇ ਹਨ ਅਤੇ ਇਸ ਦੌਰਾਨ ਉਨ੍ਹਾਂ ਦਾ ਸਾਰੇ ਜ਼ਿਲ੍ਹਿਆਂ 'ਚ ਜਾ ਕੇ ਕਾਂਗਰਸ ਦੀ ਭਰਤੀ ਮੁਹਿੰਮ ਦਾ ਜਾਇਜ਼ਾ ਲੈਣ ਸਮੇਤ ਕਾਂਗਰਸੀ ਵਰਕਰਾਂ ਨਾਲ ਮੀਟਿੰਗਾਂ ਦਾ ਪ੍ਰੋਗਰਾਮ ਹੈ। ਇਕ ਗੈਰ ਰਸਮੀ ਗੱਲਬਾਤ ਦੌਰਾਨ ਕੈਪਟਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪੰਜਾਬ ਦੌਰੇ ਦਾ ਪ੍ਰੋਗਰਾਮ ਪੂਰੀ ਤਰ੍ਹਾਂ ਤੈਅ ਹੈ ਅਤੇ ਇਸ 'ਚ ਕੋਈ ਤਬਦੀਲੀ ਨਹੀਂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਰਾਜ ਵਿਚ ਪੰਜਾਬ ਕਾਂਗਰਸ ਦੀ ਭਰਤੀ ਮੁਹਿੰਮ ਨੂੰ ਲੋਕਾਂ ਵਲੋਂ ਭਰਵਾਂ ਹੁੰਗਾਰਾ ਮਿਲਿਆ ਹੈ ਅਤੇ ਸਾਰੇ ਜ਼ਿਲ੍ਹਿਆਂ 'ਚ 43 ਲੱਖ ਫਾਰਮ ਵੰਡੇ ਜਾ ਚੁੱਕੇ ਹਨ। ਜਦੋਂ ਕਿ ਪਿਛਲੀ ਵਾਰ ਕਾਂਗਰਸ ਨੂੰ 54 ਲੱਖ ਦੇ ਕਰੀਬ ਵੋਟਾਂ ਪਈਆਂ ਸਨ। ਉਨ੍ਹਾਂ ਕਿਹਾ ਕਿ ਜੇਕਰ ਆਪਾਂ ਇਸ ਨਵੀਂ ਭਰਤੀ ਮੁਹਿੰਮ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਆਉਣ ਵਾਲੇ ਸਮੇਂ 'ਚ ਕਾਂਗਰਸ ਹੋਰ ਮਜ਼ਬੂਤ ਸਥਿਤੀ ਵਿਚ ਹੋਵੇਗੀ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ 7 ਦਸੰਬਰ ਤੋਂ ਉਨ੍ਹਾਂ ਨੇ ਪੰਜਾਬ ਦਾ ਦੌਰਾ ਸ਼ੁਰੂ ਕਰਨਾ ਹੈ, ਉਸੇ ਦਿਨ ਤੋਂ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਸ਼ੁਰੂ ਹੋਣ ਜਾ ਰਿਹਾ ਹੈ, ਜੋ ਕਿ 11 ਦਸੰਬਰ ਤੱਕ ਚਲੇਗਾ। ਪਰ ਇਸ ਨਾਲ ਉਨ੍ਹਾਂ ਦੇ ਪ੍ਰੋਗਰਾਮ 'ਤੇ ਕੋਈ ਅਸਰ ਨਹੀਂ ਪਵੇਗਾ, ਕਿਉਂਕਿ ਕਈ ਹਲਕਿਆਂ ਵਿਚ ਜਿੱਥੇ ਕਾਂਗਰਸ ਦੇ ਵਿਧਾਇਕ ਨਹੀਂ ਹਨ, ਉਨ੍ਹਾਂ ਦੇ ਦੌਰੇ ਪਹਿਲਾਂ ਕੀਤੇ ਜਾਣਗੇ। ਪੰਜਾਬ ਦੌਰੇ ਬਾਰੇ ਗੱਲਬਾਤ ਕਰਦਿਆਂ ਕੈਪਟਨ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਦੌਰੇ ਦਾ ਮੁੱਖ ਮਕਸਦ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ 'ਚ ਕਾਂਗਰਸੀਆਂ ਨਾਲ ਹੋਈਆਂ ਧੱਕੇਸ਼ਾਹੀਆਂ ਦਾ ਕੱਚਾ ਚਿੱਠਾ ਤਿਆਰ ਕਰਨਾ ਅਤੇ ਕਾਂਗਰਸੀ ਵਰਕਰਾਂ ਨੂੰ ਅਕਾਲੀ-ਭਾਜਪਾ ਸਰਕਾਰ ਦੀਆਂ ਵਧੀਕੀਆਂ ਖਿਲਾਫ ਲਾਮਬੰਦ ਕਰਨਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸੀ ਵਰਕਰਾਂ 'ਤੇ ਹੁਣ ਹੋਰ ਧੱਕੇਸ਼ਾਹੀਆਂ ਬਰਦਾਸ਼ਤ ਨਹੀਂ ਕਰਾਂਗੇ ਅਤੇ ਖੁੱਲ੍ਹੇ ਮੈਦਾਨ 'ਚ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ।



ਪੰਜਾਬ 'ਚ ਕੋਈ ਵੱਡੀ ਰੈਲੀ ਦਾ ਸੰਕੇਤ ਦਿੰਦਿਆਂ ਉਨ੍ਹਾਂ ਕਿਹਾ ਪੰਜਾਬ ਦੌਰੇ ਤੋਂ ਬਾਅਦ ਹੀ ਰੈਲੀ ਦਾ ਪ੍ਰੋਗਰਾਮ ਉਲੀਕਿਆ ਜਾਵੇਗਾ। ਪੰਜਾਬ ਕਾਂਗਰਸ ਦੀ ਪ੍ਰਧਾਨਗੀ ਸਬੰਧੀ ਪੁੱਛੇ ਇਕ ਸਵਾਲ ਦੇ ਜਵਾਬ ਵਿਚ ਕੈਪਟਨ ਸਿੰਘ ਨੇ ਕਿਹਾ ਕਿ ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਦਾ ਫੈਸਲਾ ਹਾਈਕਮਾਂਡ ਨੇ ਕਰਨਾ ਹੈ ਅਤੇ ਉਮੀਦ ਹੈ ਕਿ ਆਉਣ ਵਾਲੇ ਦਿਨਾਂ ਵਿਚ ਹਾਈਕਮਾਂਡ ਇਸ ਸਬੰਧੀ ਪੰਜਾਬ ਦੇ ਲੋਕਾਂ ਦੀਆਂ ਉਮੀਦਾਂ ਨੂੰ ਮੁੱਖ ਰੱਖ ਕੇ ਹੀ ਕੋਈ ਫੈਸਲਾ ਕਰੇਗੀ।

ਲੁਧਿਆਣਾ ਦੀ ਇਕ ਔਰਤ ਵਲੋਂ ਲਾਏ ਦੋਸ਼ਾਂ ਨੂੰ ਮੁੱਢੋਂ ਨਕਾਰਦਿਆਂ ਉਨ੍ਹਾਂ ਕਿਹਾ ਕਿ ਝੂਠ ਦਾ ਕੋਈ ਆਧਾਰ ਨਹੀਂ ਹੁੰਦਾ ਅਤੇ ਇਸ ਦੀ ਸਾਰੀ ਸਚਾਈ ਪੰਜਾਬ ਦੇ ਲੋਕਾਂ ਸਾਹਮਣੇ ਆ ਚੁੱਕੀ ਹੈ ਅਤੇ ਜਲਦ ਹੀ ਇਸ ਦਾ ਹੋਰ ਵੀ ਪਰਦਾਫਾਸ਼ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਨੂੰ ਬਦਨਾਮ ਕਰਨ ਦੀ ਵਿਰੋਧੀਆਂ ਦੀ ਸਿਰਫ ਇੱਕ ਸਾਜਿਸ਼ ਸੀ, ਜਿਸ ਦਾ ਕੋਈ ਵੀ ਆਧਾਰ ਨਹੀਂ ਸੀ। ਪੰਜਾਬ ਕਾਂਗਰਸ 'ਚ ਧੜੇਬੰਦੀ ਸਬੰਧੀ ਪੁੱਛੇ ਗਏ ਇਕ ਹੋਰ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਕਾਂਗਰਸ 'ਚ ਕਿਸੇ ਵੀ ਤਰ੍ਹਾਂ ਦੀ ਕੋਈ ਧੜੇਬੰਦੀ ਨਹੀਂ ਹੈ ਅਤੇ ਉਹ ਸਾਰਿਆਂ ਨੂੰ ਨਾਲ ਲੈ ਕੇ ਚੱਲ ਰਹੇ ਹਨ ਪ੍ਰੰਤੂ ਕੁਝ ਬਾਹਰੀ ਅਨਸਰਾਂ ਵਲੋਂ ਜਾਣਬੁਝ ਕੇ ਪਾਰਟੀ 'ਚ ਧੜੇਬੰਦੀ ਬਣਾਉਣ ਦਾ ਯਤਨ ਕਰਵਾਇਆ ਜਾਂਦਾ ਹੈ ਜਿਸ ਨੂੰ ਉਹ ਕਦੇ ਵੀ ਕਾਮਯਾਬ ਨਹੀਂ ਹੋਣ ਦੇਣਗੇ।

## ਕੈਪਟਨ ਕਾਰਨ ਜਗੇੜੇ ਵਾਲੇ ਸਾਧ ਦਾ ਜੁਗਾੜ ਹਿੱਲਿਆ

**ਲੁਧਿਆਣਾ :** ਸੰਤ ਸਿਪਾਹੀ ਦਲ ਦੇ ਪੰਜਾਬ ਦੇ ਅਹੁਦੇਦਾਰਾਂ, ਜਿਨ੍ਹਾਂ ਵਿਚ ਸੁਰਿੰਦਰਪਾਲ ਸਿੰਘ ਕੰਡਾ ਸੂਬਾ ਪ੍ਰਧਾਨ, ਜੁਗਿੰਦਰ ਕੌਰ ਸਿੱਧੂ ਕੋਆਰਡੀਨੇਟਰ, ਪ੍ਰਿੰਸੀਪਲ ਗੁਰਮੁੱਖ ਸਿੰਘ ਸੰਧੂ ਜਨਰਲ ਸਕੱਤਰ ਅਤੇ ਹੋਰਨਾਂ ਨੇ ਇੱਥੇ ਇਕ ਪ੍ਰੈਸ ਕਾਨਫਰੰਸ ਦੌਰਾਨ ਸੰਤ ਸਿਪਾਹੀ ਦਲ ਨੂੰ ਛਡ ਕੇ ਆਪਣਾ ਨਵਾਂ ਦਲ 'ਸੰਤ ਸਿਪਾਹੀ ਸੇਵਾ ਦਲ' ਬਣਾਉਣ ਦਾ ਐਲਾਨ ਕੀਤਾ ਅਤੇ ਸੰਤ ਸ਼ਮਸ਼ੇਰ ਸਿੰਘ ਜੁਗੇੜਾ ਨੂੰ ਝੂਠਾ ਕਰਾਰ ਦਿੰਦਿਆਂ ਕਿਹਾ ਕਿ ਉਹ ਸਿਰਫ ਪੈਸਿਆਂ ਦੇ ਲਾਲਚ ਵਿਚ ਇਕ ਔਰਤ ਦੇ ਕੈਪਟਨ ਅਮਰਿੰਦਰ ਖ਼ਿਲਾਫ ਲਗਾਏ ਬਿਆਨਾਂ ਦਾ ਸਾਥ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਸੰਤ ਜੁਗੇੜਾ ਪਹਿਲਾਂ ਤਾਂ ਇਕ ਟੁੱਟੇ ਸਕੂਟਰ 'ਤੇ ਕਚਹਿਰੀ ਆਉਂਦਾ ਸੀ ਤੇ ਲੁਧਿਆਣਾ ਦੀ ਪ੍ਰੈਸ ਕਾਨਫਰੰਸ ਤੋਂ ਦੋ ਦਿਨ ਪਹਿਲਾਂ ਹੀ ਉਸ ਕੋਲ ਨਵੀਂ ਆਲਟੋ ਕਾਰ ਕਿੱਥੋਂ ਆ ਗਈ?

ਐਡਵੋਕੇਟ ਕੰਡਾ ਨੇ ਜੁਗੇੜਾ ਨੂੰ ਕਿਸੇ ਵੀ ਟੀ ਵੀ ਚੈਨਲ 'ਤੇ ਆਪਣੇ ਨਾਲ ਖੁੱਲ੍ਹੀ ਬਹਿਸ ਲਈ ਲਲਕਾਰਦਿਆਂ ਕਿਹਾ ਕਿ ਸੰਤ ਜੁਗੇੜਾ ਝੂਠ ਦਾ ਨਿਰ੍ਹਾ ਪੁਲੰਦਾ ਹੈ।

ਖਾਲਸਾ ਲੋਕ ਭਲਾਈ ਟਰੱਸਟ, ਕਾਲੇਕੇ (ਬਰਨਾਲਾ)

ਪੰਜਾਬ ਵਿਚ ਗਰੀਬ ਲੜਕੀਆਂ ਦੇ ਵਿਆਹ ਕਰਨ ਲਈ

ਦਾਨੀ ਸੱਜਣਾਂ ਨੂੰ ਬੇਨਤੀ

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨ ਕਿਰਪਾ ਨਾਲ ਸੰਤ ਬਾਬਾ ਅਤਰ ਸਿੰਘ ਮਸਤੂਆਣਾ ਸਾਹਿਬ ਵਾਲਿਆਂ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਖਾਲਸਾ ਲੋਕ ਭਲਾਈ ਟਰੱਸਟ (ਕਾਲੇਕੇ) ਵਲੋਂ ਪਿੰਡ ਕਾਲੇਕੇ (ਤਹਿਸੀਲ ਧਨੌਲਾ, ਜ਼ਿਲਾ ਬਰਨਾਲਾ) ਦਾਣਾ ਮੰਡੀ 'ਚ 7 ਫਰਵਰੀ, 2010 (ਦਿਨ ਐਤਵਾਰ) ਨੂੰ ਗਰੀਬ ਲੜਕੀਆਂ ਦੇ ਵਿਆਹ ਕੀਤੇ ਜਾ ਰਹੇ ਹਨ। ਜੇ ਕੋਈ ਦਾਨੀ ਸੱਜਣ ਇਸ ਯੱਗ ਵਿਚ ਆਪਣੇ ਦਸਵੰਧ ਰਾਹੀਂ ਹਿੱਸਾ ਪਾਉਣਾ ਚਾਹੁੰਦਾ ਹੈ ਤਾਂ ਹੇਠਾਂ ਦਿੱਤੇ ਫੋਨ ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਹੋਰ ਜਾਣਕਾਰੀ ਲਈ ਸੰਪਰਕ ਕਰੋ

ਬਾਬਾ ਬਲਬੀਰ ਸਿੰਘ ਕਾਲੇਕੇ

ਫੋਨ:971-240-3350

Real Estate & Loans Under One Roof

Call:Sam Chahal Tel: 916-612-5773

*For Buying and Selling Residential, Commercial property and for Loans in Sacramento area*

Multi-Million Dollars Producer-2007-08



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

Reo-Bankowned Properties
Serving from Bay Area to Sacramento

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

We Help You Buy/Sell Business & Homes

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਅਕਾਲੀਆਂ ਨੇ ਦਰਿਆਈ ਪਾਣੀਆਂ ਦਾ ਮੁੱਦਾ ਮੁੜ ਚੁੱਕਣਾ ਸ਼ੁਰੂ ਕੀਤਾ

**ਪਟਿਆਲਾ :** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਦੇ ਸਾਰੇ ਮਾਮਲਿਆਂ ਨੂੰ ਜਾਣਬੁਝ ਕੇ ਵਿਗਾੜਨਾ ਚਾਹੁੰਦੀ ਹੈ ਜਿਸ ਦੇ ਮਾੜੇ ਨਤੀਜੇ ਭੁਗਤਣੇ ਪੈ ਸਕਦੇ ਹਨ। ਚੰਡੀਗੜ੍ਹ ਪੰਜਾਬ ਨੂੰ ਦੇਣ ਅਤੇ ਪੰਜਾਬ ਦੇ ਪਾਣੀਆਂ ਅਤੇ ਹੋਰ ਹੱਕੀ ਮੰਗਾਂ ਸਬੰਧੀ ਉਸ ਦੀ ਨੀਤੀ ਹਮੇਸ਼ਾ ਪੰਜਾਬ ਵਿਰੋਧੀ ਰਹੀ ਹੈ। ਸ. ਬਾਦਲ ਲੰਘੀ 28 ਨਵੰਬਰ ਨੂੰ ਪਿੰਡ ਰੱਖੜਾ ਵਿਖੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸੁਰਜੀਤ ਸਿੰਘ ਰੱਖੜਾ ਦੇ ਪਿਤਾ ਸਵ. ਸੂਬੇਦਾਰ ਕਰਤਾਰ ਸਿੰਘ ਦੀ 13ਵੀਂ ਬਰਸੀ ਮੌਕੇ ਸ਼ਰਧਾਂਜਲੀ ਦੇਣ ਲਈ ਪੁੱਜੇ ਹੋਏ ਸਨ। ਇਸ ਸਮੇ ਉਨਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੇ ਕੇਂਦਰ ਵਿਚਲੀ ਕਾਂਗਰਸ ਸਰਕਾਰ ਨੇ ਚੰਡੀਗੜ੍ਹ ਵਿਚ ਪ੍ਰਸ਼ਾਸਕ ਲਗਾਉਣ ਦੀ ਨੀਤੀ ਹੀ ਅਪਣਾ ਕੇ ਰੱਖੀ ਤਾਂ ਪੰਜਾਬ ਵਿਚਲੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਸਾਂਝੀ ਸਰਕਾਰ ਇਸ ਦਾ ਡੱਟ ਕੇ ਵਿਰੋਧ ਕਰੇਗੀ। ਉਹਨਾਂ ਕਿਹਾ ਕਿ ਉਹਨਾਂ ਨੇ ਇਸ ਸਬੰਧੀ ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਕੋਲ ਲਿਖਤੀ ਤੌਰ 'ਤੇ ਪਹਿਲਾਂ ਹੀ ਇਤਰਾਜ ਪ੍ਰਗਟਾ ਦਿੱਤਾ ਹੈ ਅਤੇ ਜੇਕਰ ਲੋੜ ਪਈ ਤਾਂ ਉਹ ਛੇਤੀ ਹੀ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੂੰ ਨਿੱਜੀ ਤੌਰ 'ਤੇ ਮਿਲਣਗੇ।

ਸ. ਬਾਦਲ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਹਮੇਸ਼ਾ ਬਦਲਾਖੋਰੀ ਵਾਲੀ ਨੀਤੀ ਅਪਣਾ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਨਿਸ਼ਾਨਾ ਬਣਾਇਆ ਹੈ ਜਦਕਿ ਉਸ ਨੇ 60 ਸਾਲ ਬੀਤ ਜਾਣ ਦੇ ਬਾਵਜੂਦ ਵੀ ਦੇਸ਼ ਨੂੰ ਗਰੀਬੀ, ਭੁੱਖਮਰੀ ਅਤੇ ਬੇਰੁਜ਼ਗਾਰੀ ਤੋਂ ਸਿਵਾਏ ਕੁਝ ਨਹੀਂ ਦਿੱਤਾ। ਜੰਮੂ ਅਤੇ ਕਸ਼ਮੀਰ ਰਾਜ ਵਲੋਂ ਪੰਜਾਬ ਦੇ ਪਾਣੀਆਂ ਵਿਚੋਂ ਹਿੱਸਾ ਮੰਗਣ ਦੇ ਸਵਾਲ ਦੇ ਜਵਾਬ ਵਿਚ ਉਹਨਾਂ ਕਿਹਾ ਕਿ ਰਿਪੇਅਰੀਅਨ ਕਾਨੂੰਨ ਮੁਤਾਬਿਕ ਪਾਣੀ 'ਤੇ ਹੱਕ ਉਸੇ ਰਾਜ ਦਾ ਹੁੰਦਾ ਹੈ, ਜਿੱਥੇ ਉਹ ਦਰਿਆ ਵਹਿੰਦਾ ਹੈ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਪੰਜਾਬ ਵਿਚ ਰੋਡ ਸ਼ੋਅ ਦੇ ਕੀਤੇ ਐਲਾਨ ਸਬੰਧੀ ਪੱਤਰਕਾਰਾਂ ਵਲੋਂ ਪੁੱਛੇ ਸਵਾਲ ਦੇ ਜਵਾਬ ਵਿਚ ਸ. ਬਾਦਲ ਨੇ ਕਿਹਾ ਕਿ ਅਮਰਿੰਦਰ ਸਿੰਘ ਕੋਲ ਨਾ ਹੀ ਕੋਈ ਅਹੁਦਾ ਅਤੇ ਨਾ ਹੀ ਉਸ ਦਾ ਕੋਈ ਅਧਾਰ ਹੈ। ਇਸ ਲਈ ਉਸ ਦੀਆਂ ਸਰਗਰਮੀਆਂ ਦਾ ਸਾਡੀ ਸਰਕਾਰ ਨੂੰ ਕੋਈ ਅਸਰ ਨਹੀਂ ਹੈ।

ਉਹਨਾਂ ਕਿਹਾ ਕਿ ਪ੍ਰਨੀਤ ਕੌਰ ਇਕ ਕੇਂਦਰੀ ਮੰਤਰੀ ਹਨ ਇਸ ਲਈ ਉਨ੍ਹਾਂ ਨੂੰ ਪੰਜਾਬ ਲਈ ਕੇਂਦਰ ਤੋਂ ਕੋਈ ਵੱਡਾ ਪ੍ਰੋਜੈਕਟ ਲਿਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ 'ਤੇ ਪੰਜ ਸਾਲ ਰਾਜ ਕੀਤਾ ਹੈ, ਉਹਨਾਂ ਨੇ ਕੇਂਦਰ ਤੋਂ ਪੰਜਾਬ ਲਈ ਕੋਈ ਪ੍ਰੋਜੈਕਟ ਤਾਂ ਕੀ ਲਿਆਉਣਾ ਸੀ ਉਹ ਤਾਂ ਆਪਣੇ ਜੱਦੀ ਹਲਕੇ ਪਟਿਆਲਾ ਲਈ ਵੀ ਕੁਝ ਨਹੀਂ ਕਰ ਸਕੇ।





ਉਹਨਾਂ ਕਿਹਾ ਕਿ ਸਾਡੀ ਸਰਕਾਰ ਵਲੋਂ ਸ਼ਾਹਪੁਰ ਕੰਢੀ ਪ੍ਰੋਜੈਕਟ ਸਮੇਤ ਪੰਜਾਬ ਵਿਚ ਚਾਰ ਵੱਡੇ ਥਰਮਲ ਪਲਾਂਟ ਲਗਾਏ ਜਾ ਰਹੇ ਹਨ ਜਿਸ ਨਾਲ ਪੰਜਾਬ ਵਿਚ ਹੁਣ ਬਿਜਲੀ ਦੀ ਕੋਈ ਘਾਟ ਨਹੀਂ ਰਹੇਗੀ। ਸਾਡੀ ਸਰਕਾਰ ਵਲੋਂ ਪੰਜਾਬ ਵਿਚ ਵੱਡੇ ਪੱਧਰ 'ਤੇ ਵਿਕਾਸ ਪ੍ਰੋਜੈਕਟ ਸ਼ੁਰੂ ਕਰਵਾਏ ਹਨ। ਪਟਿਆਲਾ ਦੇ ਨਗਰ ਨਿਗਮ ਵਿਚ ਚੱਲ ਰਹੇ ਵਿਵਾਦ ਸਬੰਧੀ ਉਹਨਾਂ ਕਿਹਾ ਕਿ ਇਹ ਬੜੇ ਦੁੱਖ ਦੀ ਗੱਲ ਹੈ ਅਤੇ ਛੇਤੀ ਹੀ ਉਹਨਾਂ ਵਲੋਂ ਸਥਾਪਤ ਕੀਤੀ ਗਈ ਦੋ ਮੈਂਬਰੀ ਕਮੇਟੀ ਇਸ ਦੇ ਢੁਕਵੇਂ ਹੱਲ ਲਈ ਰਿਪੋਰਟ ਸੌਂਪੇਗੀ।

ਇਸੇ ਦੌਰਾਨ ਪੰਜਾਬ ਦੇ ਉਪ ਮੁਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਥੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਰਿਪੇਰੀਅਨ ਸਿਧਾਂਤ ਤਹਿਤ ਦਰਿਆਈ ਪਾਣੀਆਂ 'ਚ ਪੰਜਾਬ ਦੇ ਬਣਦੇ ਹਿੱਸੇ ਲਈ ਹਰ ਤਰ੍ਹਾਂ ਦੀ ਸਿਆਸੀ ਤੇ ਕਾਨੂੰਨੀ ਲੜਾਈ ਲੜਣ ਲਈ ਵਚਨਬੱਧ ਹੈ।

ਹਰਿਆਣਾ ਵਲੋਂ ਸਤਲੁਜ-ਯਮਨਾ ਸੰਪਰਕ ਨਹਿਰ ਨੂੰ ਜਲਦੀ ਮੁਕੰਮਲ ਕਰਨ ਲਈ ਕੇਂਦਰ ਸਰਕਾਰ 'ਤੇ ਦਬਾਅ ਬਣਾਉਣ ਅਤੇ ਜੰਮੂ-ਕਸ਼ਮੀਰ ਵਲੋਂ ਥੀਮ ਡੈਮ ਦੇ ਪਾਣੀ 'ਤੇ ਕੀਤੇ ਗਏ ਦਾਅਵੇ ਬਾਰੇ ਪੱਤਰਕਾਰਾਂ ਵਲੋਂ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਸ. ਬਾਦਲ ਨੇ ਕਿਹਾ ਕਿ ਕਾਂਗਰਸ ਵਲੋਂ ਪੰਜਾਬ ਤੋਂ ਇਸ ਦੇ ਪਾਣੀ ਲੁੱਟਣ ਲਈ ਬਣੀਆਂ ਗਈਆਂ ਕੋਝੀਆਂ ਵਿਉਂਤਾਂ ਵਿਰੁਧ ਸ਼੍ਰੋਮਣੀ ਅਕਾਲੀ ਦਲ ਨੇ ਕਪੂਰੀ ਮੋਰਚੇ ਤੋਂ ਹੀ ਸੰਘਰਸ਼ ਵਿੱਢਿਆ ਹੋਇਆ ਹੈ ਅਤੇ ਪਾਰਟੀ ਸਮੇਂ-ਸਮੇਂ 'ਤੇ ਕਾਂਗਰਸ ਦੀਆਂ ਹਰ ਤਰ੍ਹਾਂ ਦੀਆਂ ਲੂੰਬੜ ਚਾਲਾਂ ਨੂੰ ਮਾਤ ਪਾਉਣ ਲਈ ਸਿਆਸੀ ਤੇ ਕਾਨੂੰਨੀ ਕਦਮ ਪੁੱਟਦੀ ਰਹੀ ਹੈ। ਸ. ਬਾਦਲ ਨੇ ਕਿਹਾ ਕਿ ਰਿਪੇਰੀਅਨ ਸਿਧਾਂਤ ਤਹਿਤ ਹਰਿਆਣਾ ਜਾਂ ਕਿਸੇ ਹੋਰ ਰਾਜ ਦਾ ਪੰਜਾਬ ਦੇ ਪਾਣੀਆਂ 'ਤੇ ਕੋਈ ਕਾਨੂੰਨੀ ਹੱਕ ਨਹੀਂ ਹੈ। ਉਨ੍ਹਾਂ ਕਿਹਾ ਹੋਰ ਤਾਂ ਹੋਰ ਖੇਤੀਬਾੜੀ ਖੇਤਰ ਲਈ ਵਧਦੀਆਂ ਜ਼ਰੂਰਤਾਂ ਦੇ ਮੱਦੇਨਜ਼ਰ ਪੰਜਾਬ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਪਾਣੀ ਦੀ ਇਕ ਬੂੰਦ ਵੀ ਵਾਧੂ ਨਹੀਂ ਹੈ।

# ਪਾਣੀ ਲਈ ਹਰਿਆਣਾ ਵਲੋਂ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਜਾਵੇਗੀ

**ਰੋਹਤਕ :** ਵਿਵਾਦ ਗ੍ਰਸਤ ਹਾਂਸੀ ਬੁਟਾਣਾ ਸੰਪਰਕ ਨਹਿਰ 'ਚੋਂ ਪਾਣੀ ਲੈਣ ਸਬੰਧੀ ਹਰਿਆਣਾ ਛੇਤੀ ਹੀ ਸੁਪਰੀਮ ਕੋਰਟ ਤੱਕ ਪਹੁੰਚ ਕਰੇਗਾ। ਉਕਤ ਜਾਣਕਾਰੀ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਭੁਪਿੰਦਰ ਸਿੰਘ ਹੁੱਡਾ ਨੇ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਦਿੱਤੀ। ਸ੍ਰੀ ਹੁੱਡਾ ਨੇ ਕਿਹਾ ਕਿ ਸੂਬੇ ਦੇ ਸਾਰੇ ਕਿਸਾਨ ਉਨ੍ਹਾਂ ਲਈ ਇਕ ਸਾਮਾਨ ਹਨ ਅਤੇ ਬਿਨਾਂ ਕਿਸੇ ਵਿਤਕਰੇ ਦੇ ਸਾਰਿਆਂ ਨੂੰ ਬਰਾਬਰ ਸਿੰਚਾਈ ਲਈ ਪਾਣੀ ਮੁਹੱਈਆ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਅੰਤਰਰਾਜੀ ਮੁੱਦਿਆਂ ਦੇ ਹੱਲ ਲਈ ਗੰਭੀਰ ਹੈ। ਹਰਿਆਣਾ ਲਈ ਵੱਖਰੀ ਹਾਈ ਕੋਰਟ ਦੇ ਦਾਅਵੇ ਨੂੰ ਮਜ਼ਬੂਤ ਕਰਾਰ ਦਿੰਦਿਆਂ ਸ੍ਰੀ ਹੁੱਡਾ ਨੇ ਕਿਹਾ ਕਿ ਹਰਿਆਣਾ ਚੰਡੀਗੜ੍ਹ 'ਚ ਆਪਣੀ ਵੱਖਰੀ ਹਾਈ ਕੋਰਟ ਬਣਵਾਉਣ ਲਈ ਯਤਨਸ਼ੀਲ ਹੈ। ਵਿਧਾਇਕਾਂ ਦੀ ਖ਼ਰੀਦੋ ਫਰੋਖ਼ਤ ਦੇ ਲੱਗੇ ਦੋਸ਼ਾਂ ਨੂੰ ਗਲਤ ਕਰਾਰ ਦਿੰਦਿਆਂ ਸ੍ਰੀ ਹੁੱਡਾ ਨੇ ਕਿਹਾ ਕਿ ਉਨ੍ਹਾਂ ਨੇ ਆਜ਼ਾਦ ਵਿਧਾਇਕਾਂ ਤਕ ਪਹੁੰਚ ਨਹੀਂ ਕੀਤੀ ਬਲਕਿ ਆਜ਼ਾਦ ਵਿਧਾਇਕਾਂ ਨੇ ਖ਼ੁਦ ਉਨ੍ਹਾਂ ਤੱਕ ਪਹੁੰਚ ਕੀਤੀ ਸੀ।



ਇਸ ਦੌਰਾਨ ਪਤਾ ਲਗਾ ਹੈ ਕਿ ਹਾੜ੍ਹੀ ਦੀ ਬੀਜਾਈ ਲਈ ਕਿਸਾਨਾਂ ਨੂੰ ਪੂਰੀ ਮਾਤਰਾ 'ਚ ਨਹਿਰੀ ਪਾਣੀ ਨਾ ਮਿਲਣ ਦੇ ਕਾਰਨ ਕਿਸਾਨਾਂ ਦੀ ਚਿੰਤਾ ਲਗਾਤਾਰ ਵਧਦੀ ਜਾ ਰਹੀ ਹੈ। ਹੁਣ ਤੱਕ ਕਿਸਾਨ 60 ਫੀਸਦੀ ਹੀ ਹਾੜ੍ਹੀ ਦੀ ਬੀਜਾਈ ਕਰ ਸਕੇ ਹਨ। ਸਮੇਂ ਸਿਰ ਕਣਕ ਦੀ ਬੀਜਾਈ ਨਾ ਹੋਣ ਦਾ ਅਸਰ ਕਣਕ ਦੇ ਝਾੜ 'ਤੇ ਪੈਣ ਦਾ ਖਦਸ਼ਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਖੇਤੀ ਵਿਭਾਗ ਵਲੋਂ ਜ਼ਿਲ੍ਹੇ ਵਿਚ ਕਣਕ ਦੀ ਬੀਜਾਈ ਲਈ 2.75 ਲੱਖ ਹੈਕਟੇਅਰ ਰਕਬੇ ਦਾ ਟੀਚਾ ਰੱਖਿਆ ਹੋਇਆ ਹੈ। ਇਸ ਰਕਬੇ ਚੋਂ ਹੁਣ ਤੱਕ ਸਿਰਫ 1.70 ਲੱਖ ਹੈਕਟੇਅਰ 'ਤੇ ਹੀ ਕਣਕ ਦੀ ਬੀਜਾਈ ਹੋ ਸਕੀ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਸਮੇਂ ਸਿਰ ਪਾਣੀ ਨਾ ਮਿਲਣ ਕਾਰਨ ਹੀ ਕਣਕ ਦੀ ਬੀਜਾਈ ਪਿਛੇਤੀ ਹੋ ਰਹੀ ਹੈ। ਉਨ੍ਹਾਂ ਨੇ ਦੱਸਿਆ ਹੈ ਕਿ ਨਰਵਾਣਾ ਹੈਡ ਵਿਚ ਪਿਛੋਂ ਪਾਣੀ ਨਾ ਆਉਣ ਦੇ ਕਾਰਨ ਹੀ ਸ਼ੇਰਾਂਵਾਲੀ ਨਹਿਰ, ਬਰੂਵਾਲੀ ਫੀਡਰ, ਸਿਰਸਾ ਮੇਜਰ ਡਿਸਟੀਬਿਊਟਰੀ ਆਦਿ ਨਹਿਰਾਂ ਬੰਦ ਪਈਆਂ ਹਨ। ਨਹਿਰਾਂ 'ਚ ਪਾਣੀ ਨਾ ਆਉਣ ਦੇ ਸਿੱਟੇ ਵਜੋਂ ਕਿਸਾਨ ਕਣਕ ਦੇ ਲਈ ਰੌਣੀ ਨਹੀਂ ਕਰ ਪਾ ਰਹੇ ਸਨ। ਉਨ੍ਹਾਂ ਨੇ ਦੱਸਿਆ ਕਿ ਨਹਿਰਾਂ 'ਚ 8 ਦਿਨ ਪਾਣੀ ਆਉਂਦਾ ਹੈ ਤਾਂ 24 ਦਿਨ ਇਹ ਨਹਿਰਾਂ ਬੰਦ ਰਹਿੰਦੀਆਂ ਹਨ।

ਕਿਸਾਨਾਂ ਨੇ ਦੱਸਿਆ ਕਿ ਜੇਕਰ 15 ਦਸੰਬਰ ਤੱਕ ਕਣਕ ਦੀ ਬੀਜਾਈ ਨਾ ਹੋਈ ਤਾਂ ਫਿਰ ਕਣਕ ਦੀ ਬੀਜਾਈ ਪਿਛੇਤੀ ਹੋ ਜਾਵੇਗੀ ਅਤੇ ਉਸ ਦੇ ਝਾੜ 'ਤੇ ਕਾਫੀ ਅਸਰ ਪੈ ਜਾਵੇਗਾ। ਕਿਸਾਨਾਂ ਨੇ ਦੱਸਿਆ ਕਿ ਟੇਲ 'ਤੇ ਪੈਣ ਵਾਲੇ ਕਿਸਾਨਾਂ ਦੀ ਸਥਿਤੀ ਹੋਰ ਵੀ ਜਿਆਦਾ ਪਤਲੀ ਹੈ। ਇਸ ਸੰਬਧੀ ਜਦੋਂ ਸਿੰਜਾਈ ਵਿਭਾਗ ਦੇ ਐਕਸੀਅਨ ਸਤਿਆਪ੍ਰਕਾਸ਼ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਦੱਸਿਆ ਕਿ ਨਹਿਰਾਂ 24 ਦਿਨ ਬੰਦ ਰਹਿੰਦੀਆਂ ਹਨ ਅਤੇ 8 ਦਿਨ ਉਨ੍ਹਾਂ 'ਚ ਪਾਣੀ ਛੱਡਿਆ ਜਾਂਦਾ ਹੈ।

# ਅਜਮੇਰ ਸਿੱਧੂ ਦੀ ਪੁਸਤਕ 'ਬਾਬਾ ਬੂਝਾ ਸਿੰਘ-ਗ਼ਦਰ ਤੋਂ ਨਕਸਲਬਾੜੀ ਤੱਕ' ਬਾਰੇ ਚਰਚਾ

**ਬਰਨਾਲਾ (ਪਰਸ਼ੋਤਮ ਬੱਲੀ):** ਗ਼ਦਰੀ ਸੂਰਬੀਰਾਂ ਦੀ ਸੋਚ ਦਾ ਕੈਨਵਸ ਬਹੁਤ ਵਿਸ਼ਾਲ ਸੀ ਅਤੇ ਉਨ੍ਹਾਂ ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਕੌਮਾਂਤਰੀ ਪੱਧਰ ਤੱਕ ਦੇ ਸਮੁੱਚੇ ਹਾਲਾਤ ਨੂੰ ਹੰਘਾਲ ਕੇ ਆਪਣੀਆਂ ਧਾਰਨਾਵਾਂ ਬਣਾਈਆਂ। ਫਿਰ ਇਨ੍ਹਾਂ ਧਾਰਨਾਵਾਂ ਉੱਤੇ ਡਟ ਕੇ ਪਹਿਰਾ ਦਿੱਤਾ ਅਤੇ ਜਾਨ ਤੱਕ ਵਾਰ ਦਿੱਤੀ। ਇਹ ਵਿਚਾਰ ਇਥੇ ਐਸ.ਡੀ. ਕਾਲਜ ਵਿਖੇ ਕੇਂਦਰੀ ਲੇਖਕ ਸਭਾ, ਪੰਜਾਬ ਲੋਕ ਸਭਿਆਚਾਰਕ ਮੰਚ ਤੇ ਹੋਰ ਸੰਸਥਾਵਾਂ ਵੱਲੋਂ ਕਹਾਣੀਕਾਰ ਅਜਮੇਰ ਸਿੱਧੂ ਦੀ ਖੋਜ ਪੁਸਤਕ 'ਬਾਬਾ ਬੂਝਾ ਸਿੰਘ-ਗ਼ਦਰ ਤੋਂ ਨਕਸਲਬਾੜੀ ਤੱਕ' ਬਾਰੇ ਕਰਵਾਈ ਵਿਚਾਰ ਗੋਸ਼ਟੀ ਦੌਰਾਨ ਵੱਖ ਵੱਖ ਬੁਲਾਰਿਆਂ ਨੇ ਪ੍ਰਗਟ ਕੀਤੇ।

ਵਿਚਾਰ ਗੋਸ਼ਟੀ ਦੌਰਾਨ ਮੁੱਖ ਭਾਸ਼ਨ ਦਿੰਦਿਆਂ 'ਪੰਜਾਬੀ ਟ੍ਰਿਬਿਊਨ' ਦੇ ਸੀਨੀਅਰ ਉਪ ਸੰਪਾਦਕ ਜਸਵੀਰ ਸਮਰ ਨੇ ਕਿਹਾ ਕਿ ਇਸ ਪੁਸਤਕ ਵਿਚ ਪਹਿਲੀ ਸੰਸਾਰ ਜੰਗ ਤੋਂ ਲੈ ਕੇ 70ਵਿਆਂ ਵਿਚ ਉੱਠੀ ਵਿਦਰੋਹੀ ਨਕਸਲਵਾਦੀ ਲਹਿਰ ਤੱਕ ਤਕਰੀਬਨ ਪੌਣੀ ਸਦੀ ਦੇ ਪੰਜਾਬ ਦਾ ਜੁਝਾਰੂ ਇਤਿਹਾਸ ਸਮੋਇਆ ਪਿਆ ਹੈ। ਪੁਸਤਕ ਵਿਚ ਤੱਥ ਇਸ ਢੰਗ ਨਾਲ ਬੀੜੇ ਗਏ ਹਨ ਕਿ ਇਸ ਇਤਿਹਾਸ ਵਿਚੋਂ ਬਾਬਾ ਬੂਝਾ ਸਿੰਘ ਦੇ ਜਿਹੜੇ ਨਕਸ਼ ਉੱਭਰਦੇ ਹਨ, ਉਹ ਬਹੁਤ ਪ੍ਰੇਰਨਾਮਈ ਹਨ।

ਇਤਿਹਾਸਕ ਘਟਨਾਵਾਂ ਦੇ ਬਿਆਨ ਢੰਗ ਬਾਰੇ ਉਨ੍ਹਾਂ ਆਪਣੀ ਰਾਇ ਸ਼ਹੀਦ ਭਗਤ ਸਿੰਘ ਦੇ ਹਵਾਲੇ ਨਾਲ ਦਿੱਤੀ ਕਿ ਇਨ੍ਹਾਂ ਘਟਨਾਵਾਂ ਅਤੇ ਪਾਤਰਾਂ ਨੂੰ ਹੂ-ਬ-ਹੂ ਪੇਸ਼ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਇਤਿਹਾਸ ਦੀ ਸਹੀ ਪ੍ਰਸੰਗ ਵਿਚ ਪੁਣਛਾਣ ਕਰਕੇ ਅਗਾਂਹ ਦੀਆਂ ਲੜਾਈਆਂ ਲਈ ਮੋਕਲਾ ਪਿੜ ਬੰਨ੍ਹਣ ਲਈ ਨਵੇਂ ਰਾਹ ਬਣ ਸਕਣ। ਭਗਤ ਸਿੰਘ ਨੇ ਭਾਵੇਂ ਕੂਕਿਆਂ ਬਾਰੇ ਲਿਖਿਆ ਜਾਂ ਗ਼ਦਰੀਆਂ ਬਾਰੇ, ਤੇ ਜਾਂ ਫਿਰ ਮਦਨ ਲਾਲ ਢੀਂਗਰਾ ਬਾਰੇ, ਉਸ ਨੇ ਇਨ੍ਹਾਂ ਉੱਤੇ ਆਪਣੀ ਵਿਚਾਰਧਾਰਾ ਥੋਪਣ ਜਾਂ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦਾ ਯਤਨ ਨਹੀਂ ਕੀਤਾ। ਇਤਿਹਾਸ ਵੱਲ ਏਨੀ ਦਿਆਨਤਦਾਰੀ ਨਾਲ ਹੀ ਭਵਿੱਖ ਦੀਆਂ ਨੀਤੀਆਂ ਤੈਅ ਕੀਤੀਆਂ ਜਾ ਸਕਦੀਆਂ ਹਨ। ਭਗਤ ਸਿੰਘ ਇਤਿਹਾਸ ਦੇ ਇਸ ਰੋਲ ਬਾਰੇ ਬਹੁਤ ਸੁਚੇਤ ਸੀ।

ਸ੍ਰੀ ਸਮਰ ਨੇ ਕਿਹਾ ਕਿ ਗ਼ਦਰੀਆਂ ਨੂੰ ਮਹਿਜ ਸਿੱਖ ਬਣਾ ਕੇ ਪੇਸ਼ ਕਰਨਾ ਇਤਿਹਾਸ ਨਾਲ ਹੀ ਨਹੀਂ, ਉਨ੍ਹਾਂ ਜੁਝਾਰੂਆਂ ਨਾਲ ਵੀ ਜ਼ਿਆਦਤੀ ਹੈ ਕਿਉਂਕਿ ਉਸ ਵੇਲੇ ਜੋ ਹਾਲਾਤ ਸਨ, ਉਸ ਨੂੰ ਧਿਆਨ ਵਿਚ ਰੱਖ ਕੇ ਹੀ ਉਨ੍ਹਾਂ ਜਥੇਬੰਦਕ ਫ਼ੈਸਲੇ ਕੀਤੇ ਸਨ ਜਿਸ ਵਿਚ ਧਰਮ ਬਾਰੇ ਪਹੁੰਚ ਦਾ ਮਾਮਲਾ ਵੀ ਸ਼ਾਮਲ ਸੀ। ਬਾਬਾ ਬੂਝਾ ਸਿੰਘ ਵਾਲੇ ਦੌਰ, ਜੋ ਗ਼ਦਰੀਆਂ ਦੇ ਦੂਜੇ ਹੰਭਲੇ ਵਜੋਂ ਮਸ਼ਹੂਰ ਹੈ, ਦੇ ਪਿਛੋਕੜ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਸ ਵੇਲੇ ਪੰਜਾਬ ਕਰਵਟ ਬਦਲ ਰਿਹਾ ਸੀ। ਲਾਹੌਰ ਸਰਗਰਮੀਆਂ ਦਾ ਕੇਂਦਰ ਬਣ ਚੁੱਕਾ ਸੀ। ਸਾਹਿਤ, ਸੰਗੀਤ, ਕਲਾ, ਚਿੱਤਰਕਲਾ ਤੇ ਸਿਆਸਤ ਹਰ ਖੇਤਰ ਵਿਚ ਨਵੇਂ ਵਿਚਾਰ ਉੱਠ ਰਹੇ ਸਨ। ਸਿਆਸਤ ਵਿਚ ਭਗਤ ਸਿੰਘ ਤੇ ਸਾਥੀ, ਮਹਾਤਮਾ ਗਾਂਧੀ ਦੀ ਸਿਆਸਤ ਦੇ ਬਰਾਬਰ ਸਿਆਸਤ ਕਰ ਰਹੇ ਸਨ। ਹਰ ਸ਼ੈਅ ਦਾ ਬਦਲ ਉੱਭਰ ਰਿਹਾ ਸੀ। ਕੌਮਾਂਤਰੀ ਪੱਧਰ 'ਤੇ ਰੂਸੀ ਆਗੂ ਸਤਾਲਿਨ ਦੀ ਅਗਵਾਈ ਵਿਚ ਵਰਤਮਾਨ ਅੰਗੜਾਈਆਂ ਲੈ ਰਿਹਾ ਸੀ। ਇਸ ਨਾਲ ਆਜ਼ਾਦੀ ਲਈ ਜੂਝ ਰਹੇ ਲੋਕਾਂ ਨੂੰ ਹੁਲਾਰਾ ਮਿਲ ਰਿਹਾ ਸੀ। ਅਜਿਹੇ ਹਾਲਾਤ ਵਿਚ ਗ਼ਦਰੀਆਂ ਨੇ ਬੀਤੇ ਦੀਆਂ ਤੰਦਾਂ ਜੋੜੀਆਂ, ਰੂਸ ਨਾਲ ਰਾਬਤਾ ਬਣਾਇਆ, ਇੱਥੋਂ ਤੱਕ ਕਿ ਕਾਂਗਰਸ ਦੇ ਤੱਤੇ ਆਗੂ ਸੁਭਾਸ਼ ਚੰਦਰ ਬੋਸ ਦਾ ਰੂਸੀ ਆਗੂਆਂ ਨਾਲ ਮੇਲ ਕਰਵਾਉਣ ਦਾ ਯਤਨ ਕੀਤਾ। ਇਹ ਕੰਮ ਬਾਬਾ ਬੂਝਾ ਸਿੰਘ ਦੇ ਜ਼ਿੰਮੇ ਲੱਗਿਆ ਸੀ। ਜੇ ਕਿਤੇ ਬੋਸ ਦੀ ਗ੍ਰਿਫ਼ਤਾਰੀ ਨਾ ਹੁੰਦੀ ਤਾਂ ਬੋਸ ਨੇ ਰੂਸ ਪੁੱਜ ਜਾਣਾ ਸੀ ਅਤੇ ਫਿਰ ਭਾਰਤ ਦਾ ਸਰੂਪ ਉਹ ਨਹੀਂ ਸੀ ਹੋਣਾ ਜੋ ਅੱਜ ਹੈ। ਗ਼ਦਰੀਆਂ ਦੀ ਇਸ ਕੌਮਾਂਤਰੀ ਸਮਝ ਅਤੇ ਸਰਗਰਮੀ ਨੂੰ ਖੁੱਲ੍ਹੇ ਦਿਲ-ਦਿਮਾਗ ਨਾਲ ਇਸ ਪ੍ਰਸੰਗ ਵਿਚ ਸਮਝਣ ਦੀ ਲੋੜ ਹੈ।



*ਗੋਸ਼ਟੀ ਦੌਰਾਨ ਸੰਬੋਧਨ ਕਰ ਰਹੇ (ਖੱਬਿਓਂ) ਨਰਾਇਣ ਦੱਤ, ਸੁਖਦਰਸ਼ਨ ਨੱਤ, ਬੂਟਾ ਸਿੰਘ, ਅਜਮੇਰ ਸਿੱਧੂ ਤੇ ਜਸਵੀਰ ਸਮਰ*

ਸ੍ਰੀ ਸਮਰ ਨੇ ਬਾਬਾ ਬੂਝਾ ਸਿੰਘ ਵੱਲੋਂ ਗ਼ਦਰ ਲਹਿਰ, ਕਿਰਤੀ ਲਹਿਰ, ਲਾਲ ਕਮਿਊਨਿਸਟ ਪਾਰਟੀ, ਭਾਰਤੀ ਕਮਿਊਨਿਸਟ ਪਾਰਟੀ, ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਤੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਵਿਚ ਪਾਏ ਯੋਗਦਾਨ ਦਾ ਵਿਸਥਾਰ ਸਹਿਤ ਜ਼ਿਕਰ ਕਰਦਿਆਂ ਲਾਲ ਕਮਿਊਨਿਸਟ ਪਾਰਟੀ ਵੱਲੋਂ ਜਨਵਰੀ 1948 ਵਿਚ ਪਾਸ ਮਤੇ ਦਾ ਉਚੇਚਾ ਜ਼ਿਕਰ ਕੀਤਾ ਜਿਸ ਵਿਚ ਕਿਹਾ ਗਿਆ ਸੀ ਕਿ ਰੂਸ-ਚੀਨ ਕੈਂਪ ਦੇ ਹੇਠਾਂ ਲੱਗਣ ਦੀ ਥਾਂ ਬਰਾਬਰੀ ਦੇ ਆਧਾਰ 'ਤੇ ਜਮਹੂਰੀ ਇਨਕਲਾਬੀ ਫਰੰਟ ਕਾਇਮ ਕੀਤਾ ਜਾਵੇ। ਇਹ ਰਵਾਇਤੀ ਕਮਿਊਨਿਸਟਾਂ ਦੇ ਪਿਛਲੱਗਪੁਣੇ 'ਤੇ ਤਿੱਖੀ ਚੋਟ ਸੀ। ਸਤਾਲਿਨ ਦੀ ਮੌਤ ਤੋਂ ਬਾਅਦ ਉੱਥੋਂ ਦੇ ਆਗੂਆਂ ਵੱਲੋਂ ਲੀਹ ਬਦਲਣ ਬਾਰੇ ਟਿੱਪਣੀ ਕਰਦਿਆਂ ਬਾਬਾ ਬੂਝਾ ਸਿੰਘ ਨੇ ਲੰਡਨ ਵਿਚ ਇਕ ਕੌਮਾਂਤਰੀ ਕਾਨਫਰੰਸ ਦੌਰਾਨ 1956 ਵਿਚ ਹੀ ਸੋਵੀਅਤ ਰੂਸ ਦੇ ਢਹਿ-ਢੇਰੀ ਹੋਣ ਬਾਬਤ ਪੇਸ਼ੀਨਗੋਈ ਕਰ ਦਿੱਤੀ ਸੀ। ਉਨ੍ਹਾਂ ਬਾਬੇ ਦੇ ਜੀਵਨ ਦੇ ਇਕ ਹੋਰ ਅਹਿਮ ਪੱਖ-ਸਕੂਲ ਲਾਉਣ ਬਾਰੇ-ਵੀ ਵਿਸਥਾਰ ਨਾਲ ਦੱਸਿਆ ਕਿ ਬਾਬੇ ਦਾ ਸਿਰਫ ਇਕ ਦਿਨ ਹੀ ਸਕੂਲ ਲਾਉਣ ਵਾਲਾ ਬੰਦਾ ਕਿਸ ਤਰ੍ਹਾਂ ਸੀਸ ਤਲੀ ਉੱਤੇ ਰੱਖ ਕੇ ਤੁਰ ਪੈਂਦਾ ਸੀ।

ਉਨ੍ਹਾਂ ਕਿਹਾ ਕਿ ਸਾਰੀ ਉਮਰ ਲੋਕ ਲਹਿਰਾਂ ਦੇ ਲੇਖੇ ਲਾਉਣ ਵਾਲਾ ਬਾਬਾ ਬੂਝਾ ਸਿੰਘ ਜੇ ਪਿਛਲੀ ਉਮਰੇ (80 ਸਾਲ ਦੀ ਉਮਰ ਵਿਚ) ਹਥਿਆਰਬੰਦ ਸੰਘਰਸ਼ ਦੇ ਮੈਦਾਨ ਵਿਚ ਕੁੱਦਦਾ ਹੈ ਤਾਂ ਇਸ ਦੇ ਵਿਸ਼ੇਸ਼ ਮਾਅਨੇ ਹਨ। ਉਸ ਨੇ ਸੰਘਰਸ਼ ਦੇ ਕਿਸੇ ਰੂਪ ਨੂੰ ਕਦੀ ਰੱਦ ਨਹੀਂ ਸੀ ਕੀਤਾ। ਖੂਬਸੂਰਤੀ ਇਹ ਹੈ ਕਿ ਜਿਸ ਵੇਲੇ ਜਿਸ ਤਰੀਕੇ ਦੀ ਲੋੜ ਹੁੰਦੀ ਸੀ, ਉਹ ਪੂਰੇ ਜ਼ੋਰ ਨਾਲ ਵਰਤਦਾ ਸੀ। ਇਸ ਮਾਮਲੇ ਵਿਚ ਭਗਤ ਸਿੰਘ ਉਸ ਦਾ ਆਦਰਸ਼ ਸੀ ਜਿਸ ਦੇ ਚਾਰ ਰੂਪਾਂ ਦੀ ਚਰਚਾ ਅਕਸਰ ਹੁੰਦੀ ਹੈ। ਇਹ ਰੂਪ ਹਥਿਆਰਬੰਦ ਸੰਗਰਾਮੀਏ, ਮਿਸਾਲੀ ਜਥੇਬੰਦਕ (ਭਾਰਤ ਨੌਜਵਾਨ ਸਭਾ), ਕੌਮੀ ਨਾਇਕ ਤੇ ਚਿੰਤਕ ਦੇ ਹਨ। ਇਹ ਦਰਅਸਲ ਇਨਕਲਾਬੀਆਂ ਦੇ ਭੱਥੇ ਵਿਚ ਪਏ ਚਾਰ ਤੀਰ ਹਨ ਜਿਨ੍ਹਾਂ ਨੂੰ ਉਹ ਮੌਕੇ ਮੁਤਾਬਕ ਚਲਾਉਣ ਲਈ ਕੱਢਦੇ ਹਨ।

ਪੁਸਤਕ ਦੀ ਤਾਰੀਫ਼ ਕਰਦਿਆਂ ਉਨ੍ਹਾਂ ਦੱਸਿਆ ਕਿ ਇਹ ਇਸ ਪੁਸਤਕ ਦਾ ਹੀ ਕਮਾਲ ਹੈ ਕਿ ਨਾਟਕਾਂ-ਫ਼ਿਲਮਾਂ ਨਾਲ ਜੁੜੇ ਲੇਖਕ-ਪੱਤਰਕਾਰ ਬਖ਼ਸ਼ਿੰਦਰ ਨੇ ਇਸ ਪੁਸਤਕ ਦੇ ਆਧਾਰ 'ਤੇ ਪੂਰੀ ਫੀਚਰ ਫ਼ਿਲਮ 'ਬਾਬਾ ਇਨਕਲਾਬ ਸਿੰਘ' ਦੀ ਪਟਕਥਾ ਲਿਖ ਲਈ ਹੈ। ਜਿਸ ਦਿਨ ਇਹ ਫ਼ਿਲਮ ਮੁਕੰਮਲ ਹੋਈ, ਬਾਬਾ ਬੂਝਾ ਸਿੰਘ ਅਤੇ ਇਨਕਲਾਬ ਦੇ ਬਿੰਬ ਨੂੰ ਹੁਲਾਰਾ ਮਿਲੇਗਾ। ਬਾਬੇ ਦਾ ਇਨਕਲਾਬ ਦੇ ਰਾਹ ਸਾਬਤ ਕਦਮ ਤੁਰਦੇ ਰਹਿਣਾ ਇਨਕਲਾਬਪਸੰਦਾਂ ਨੂੰ ਪ੍ਰੇਰਦਾ ਰਹੇਗਾ।

ਇਸ ਗੋਸ਼ਟੀ ਵਿਚ ਬੋਲਦਿਆਂ ਨਕਸਲੀ ਆਗੂ ਹਾਕਮ ਸਿੰਘ ਸਮਾਓਂ ਬਾਰੇ ਪੁਸਤਕ ਦੇ ਸੰਪਾਦਕ ਸੁਖਦਰਸ਼ਨ ਨੱਤ ਨੇ ਕਿਹਾ ਕਿ ਕਮਿਊਨਿਸਟ ਅਤੇ ਇਨਕਲਾਬੀ ਲਹਿਰਾਂ ਦੇ ਇਤਿਹਾਸ ਦੀ ਅਣਹੋਂਦ ਤਾਂ ਹੈ ਹੀ, ਸਮੁੱਚੇ ਇਤਿਹਾਸ ਵਿਚ ਵੀ ਪੰਜਾਬ ਨਾਲ ਬੇਇਨਸਾਫ਼ੀ ਹੋਈ ਹੈ। ਇਸ ਦਾ ਇਕ ਕਾਰਨ ਪੰਜਾਬ ਘੱਟਗਿਣਤੀ ਦੀ ਬਹੁਲਤਾ ਵਾਲਾ ਅਤੇ ਵੱਖਰੇ ਸਭਿਆਚਾਰ ਵਾਲਾ ਖਿੱਤਾ ਹੋਣਾ ਵੀ ਹੋ ਸਕਦਾ ਹੈ। ਆਜ਼ਾਦੀ ਦੇ ਸੰਘਰਸ਼ ਵਿਚ ਸਭ ਤੋਂ ਵੱਧ ਯੋਗਦਾਨ ਪਾਉਣ ਵਾਲੇ ਪੰਜਾਬ ਨੂੰ ਅਣਗੌਲਿਆਂ ਕੀਤਾ ਗਿਆ। ਇਸ ਮਾਮਲੇ ਵਿਚ ਅਜਮੇਰ ਸਿੱਧੂ ਦੀ ਇਹ ਪੁਸਤਕ ਅਹਿਮ ਹੈ।

ਇਸ ਮੌਕੇ ਲਿਖਾਰੀ ਸਭਾ ਦੇ ਜਨਰਲ ਸਕੱਤਰ ਜਗੀਰ ਸਿੰਘ ਜਗਤਾਰ, ਬਾਬਾ ਬੂਝਾ ਸਿੰਘ ਪ੍ਰਕਾਸ਼ਨ ਦੇ ਸੰਚਾਲਕ ਬੂਟਾ ਸਿੰਘ, ਮੁਖਤਿਆਰ ਪੂਹਲਾ, ਕੇਂਦਰੀ ਲੇਖਕ ਸਭਾ ਵੱਲੋਂ ਐਸ. ਤਰਸੇਮ ਨੇ ਵੀ ਸੰਬੋਧਨ ਕੀਤਾ। ਪੁਸਤਕ ਦੇ ਲੇਖਕ ਅਜਮੇਰ ਸਿੱਧੂ ਨੇ ਪਹਿਲਾਂ ਕਾਮਰੇਡ ਦਰਸ਼ਨ ਦੁਸਾਂਝ ਅਤੇ ਹੁਣ ਬਾਬਾ ਬੂਝਾ ਸਿੰਘ ਬਾਰੇ ਲਿਖਣ ਦੇ ਮਾਮਲੇ ਵਿਚ ਦਰਪੇਸ਼ ਸਮੱਸਿਆਵਾਂ ਦਾ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਅਜਿਹੇ ਇਨਕਲਾਬੀਆਂ ਅਤੇ ਇਨਕਲਾਬੀ ਲਹਿਰਾਂ ਬਾਰੇ ਦਸਤਾਵੇਜ਼ ਜੁਟਾਉਣ ਵਿਚ ਬਹੁਤ ਮੁਸ਼ਕਿਲ ਪੇਸ਼ ਆਉਂਦੀ ਹੈ। ਇਸ ਲਈ ਜਿਸ ਕਿਸੇ ਕੋਲ ਜੋ ਜੋ ਸਮੱਗਰੀ ਹੋਵੇ, ਉਸ ਨੂੰ ਨਸ਼ਰ ਕਰਨਾ ਚਾਹੀਦਾ ਹੈ ਤਾਂ ਕਿ ਸੰਘਰਸ਼ ਦੇ ਦਿਨਾਂ ਨੂੰ ਵਧੀਆ ਢੰਗ ਨਾਲ ਫਰੋਲਿਆ ਜਾ ਸਕੇ।

ਪੰਜਾਬ ਲੋਕ ਸਭਿਆਚਾਰਕ ਮੰਚ ਵੱਲੋਂ ਸਭ ਦਾ ਧੰਨਵਾਦ ਕਰਦਿਆਂ ਨਰਾਇਣ ਦੱਤ ਨੇ ਬਰਨਾਲਾ ਵਿਚ ਅਜਿਹੀਆਂ ਸਾਹਿਤਕ ਸਰਗਰਮੀਆਂ ਲਈ ਵਿਸ਼ਾਲ ਮੰਚ ਉਸਾਰਨ ਦਾ ਹੋਕਾ ਦਿੱਤਾ। ਇਕ ਮਤੇ ਰਾਹੀਂ ਮਾਓਵਾਦੀਆਂ ਦੇ ਨਾਂ ਉੱਤੇ ਆਦਿਵਾਸੀਆਂ ਅਤੇ ਦੇਸ਼ ਵਿਚ ਜਨਤਕ ਲਹਿਰਾਂ ਉੱਤੇ ਸਰਕਾਰ ਵੱਲੋਂ ਕੀਤੇ ਜਾ ਰਹੇ ਜਬਰ ਦੀ ਨਿੰਦਾ ਕੀਤੀ ਗਈ। ਮੰਚ ਸੰਚਾਲਨ ਮਾਸਟਰ ਹਰਭਗਵਾਨ ਅਤੇ ਰਾਜੀਵ ਨੇ ਕੀਤਾ।

# ਕਰਜ਼ੇ ਮਾਰੇ ਕਿਸਾਨਾਂ ਦੀਆਂ ਗ੍ਰਿਫਤਾਰੀਆਂ ਵਿਰੁਧ ਨੋਟਿਸ

**ਚੰਡੀਗੜ੍ਹ :** ਪੰਜਾਬ ਹਿਊਮਨ ਰਾਈਟਸ ਕਮਿਸ਼ਨ ਨੇ ਲੰਘੀ 30 ਨਵੰਬਰ ਨੂੰ ਕਰਜ਼ ਦੇ ਮਾਰੇ ਕਿਸਾਨਾਂ ਦੀਆਂ ਗ੍ਰਿਫਤਾਰੀਆਂ 'ਤੇ ਪੰਜਾਬ ਸਰਕਾਰ, ਪੰਜਾਬ ਦੇ ਡੀਜੀਪੀ ਤੇ ਪੰਜਾਬ ਖੇਤੀਬਾੜੀ ਵਿਕਾਸ ਬੈਂਕ ਦੇ ਮੈਨੇਜਿੰਗ ਡਾਇਰੈਕਟਰ ਨੂੰ 10 ਜਨਵਰੀ ਲਈ ਨੋਟਿਸ ਜਾਰੀ ਕੀਤਾ ਹੈ। ਇਸ ਸਬੰਧੀ ਇਹ ਸ਼ਿਕਾਇਤ ਸਮਾਜ ਸੇਵੀ ਅਤੇ ਵਕੀਲ ਐਚ ਸੀ ਅਰੋੜਾ ਨੇ ਦਾਇਰ ਕੀਤੀ ਸੀ। ਆਪਣੀ ਸ਼ਿਕਾਇਤ 'ਚ ਅਰੋੜਾ ਨੇ ਕਿਸਾਨਾਂ ਦੀਆਂ ਗ੍ਰਿਫ਼ਤਾਰੀਆਂ ਨੂੰ ਨਾਜਾਇਜ਼ ਦੱਸਦਿਆਂ ਅੰਤਰਰਾਸ਼ਟਰੀ ਕਾਨੂੰਨ ਦਾ ਵੀ ਹਵਾਲਾ ਦਿੱਤਾ, ਜਿਸ 'ਤੇ ਭਾਰਤ ਸਰਕਾਰ ਨੇ ਵੀ ਦਸਤਖਤ ਕੀਤੇ ਹੋਏ ਹਨ। ਅਰੋੜਾ ਨੇ ਗ੍ਰਿਫ਼ਤਾਰੀਆਂ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਮਾਮਲਾ ਦੱਸਦਿਆਂ ਕਰਜ਼ ਲੈਣ ਵੇਲੇ ਕੀਤੇ ਕਰਾਰ 'ਚ ਕਿਧਰੇ ਵੀ ਕਰਜ਼ ਨਾ ਮੋੜਨ 'ਤੇ ਕਿਸਾਨਾਂ ਦੇ ਵਾਰੰਟ ਕੱਢਣ ਬਾਰੇ ਕੋਈ ਕਰਾਰ ਨਹੀਂ ਹੋਇਆ, ਪਰ ਫਿਰ ਵੀ ਪੰਜਾਬ ਦੇ ਕਿਸਾਨਾਂ ਦੇ ਵਾਰੰਟ ਕੱਢੇ ਗਏ ਤੇ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਇਸ ਤੋਂ ਇਲਾਵਾ ਵਕੀਲ ਅਰੋੜਾ ਨੇ ਪੰਜਾਬ ਰਾਜ ਲਾਅ ਕਮਿਸ਼ਨ 'ਚ ਵੀ ਸ਼ਿਕਾਇਤ ਦਿੰਦਿਆਂ ਕਰੀਬ 1100 ਤੋਂ ਵਧ ਕਰਜ਼ਦਾਰ ਕਿਸਾਨਾਂ ਦੀਆਂ ਗ੍ਰਿਫ਼ਤਾਰੀਆਂ ਨੂੰ ਇਕ ਗੰਭੀਰ ਮਸਲਾ ਦੱਸਿਆ। ਅਰੋੜਾ ਨੇ ਕਿਹਾ ਕਿ ਕਮਿਸ਼ਨ ਪੰਜਾਬ ਸਰਕਾਰ ਨੂੰ ਇਹ ਸਿਫਾਰਿਸ਼ ਕਰੇ ਕਿ ਪੰਜਾਬ ਲੈਂਡ ਰੈਵੇਨਿਊ ਐਕਟ ਦੀ ਧਾਰਾ 67 ਅਤੇ 68 ਨੂੰ ਖਤਮ ਕੀਤਾ ਜਾਵੇ ਤਾਂ ਜੋ ਇਸ ਦੀ ਦੁਰਵਰਤੋਂ ਨਾ ਹੋਵੇ।

ਇਸ ਦੌਰਾਨ ਪੰਜਾਬ ਵਿਚ ਕਰਜ਼ੇ ਨਾ ਮੋੜਨ ਜਾਂ ਕੋ-ਆਪਰੇਟਿਵ ਬੈਂਕਾਂ ਦੀ ਕਿਸ਼ਤ ਵਿਚ ਦੇਰੀ ਹੋ ਜਾਣ ਦੇ ਦੋਸ਼ ਵਿਚ ਸੈਂਕੜੇ ਕਿਸਾਨਾਂ ਦੀਆਂ ਗ੍ਰਿਫ਼ਤਾਰੀਆਂ ਦਾ ਗੰਭੀਰ ਨੋਟਿਸ ਲੈਂਦਿਆਂ ਕੇਂਦਰੀ ਖੇਡ ਮੰਤਰੀ ਅਤੇ ਲੰਬਾ ਸਮਾਂ ਪੰਜਾਬ ਦੇ ਕਿਸਾਨੀ ਮਸਲਿਆਂ ਨਾਲ ਜੁੜੇ ਰਹੇ ਸ. ਮਨੋਹਰ ਸਿੰਘ ਗਿੱਲ ਨੇ ਕਿਹਾ ਕਿ ਕਿਸਾਨਾਂ ਦੀਆਂ ਗ੍ਰਿਫ਼ਤਾਰੀਆਂ ਦੀ ਘਟਨਾ ਅਤੀ ਮੰਦਭਾਗੀ ਹੈ।

ਉਨ੍ਹਾਂ ਨੇ ਕਿਹਾ ਕਿਸਾਨਾਂ ਦੀਆਂ ਗ੍ਰਿਫ਼ਤਾਰੀਆਂ ਇਕ ਸਾਜ਼ਸ਼ ਅਧੀਨ ਹੋ ਰਹੀਆਂ ਹਨ। ਉਨ੍ਹਾਂ ਇਤਿਹਾਸ ਦਾ ਹਵਾਲਾ ਦਿੰਦਿਆਂ ਕਿਹਾ ਕਿ ਜਦੋਂ 1930-45 ਦੇ ਸਮੇਂ ਵੇਲੇ ਪੰਜਾਬ ਵਿਚ ਯੂਨੀਅਨਿਸਟ ਸਰਕਾਰ ਸੀ ਤਾਂ ਸਰਕਾਰ ਅਤੇ ਛੋਟੂ ਰਾਮ ਨੇ ਕਿਸਾਨਾਂ ਨੂੰ ਸ਼ਾਹੂਕਾਰਾਂ ਦੀ ਲੁੱਟ ਤੋਂ ਬਚਾਉਣ ਲਈ ਅਹਿਮ ਕਦਮ ਚੁਕੇ ਸਨ। ਉਦੋਂ ਹਰ ਤਹਿਸੀਲ ਵਿਚ 'ਕਰਜ਼ਾ ਸੁਲਝਾਊ ਬੋਰਡ' ਗਠਤ ਕੀਤੇ ਗਏ ਜਿਨ੍ਹਾਂ ਵਿਚ ਮਾਲ ਮਹਿਕਮੇ ਦੇ ਅਧਿਕਾਰੀਆਂ ਤੋਂ ਇਲਾਵਾ ਆਮ ਸੱਜਣਾਂ ਨੂੰ ਸ਼ਾਮਲ ਕੀਤਾ ਗਿਆ। ਇਨ੍ਹਾਂ ਬੋਰਡਾਂ ਨੇ ਸ਼ਾਹੂਕਾਰਾਂ ਨੂੰ ਸੱਦ ਕੇ ਕਿਸਾਨਾਂ ਦੇ ਕਰਜ਼ਿਆਂ ਉਤੇ ਲੀਕ ਮਰਵਾ ਦਿਤੀ ਅਤੇ ਮੂਲ ਰਾਸ਼ੀ ਦੀਆਂ 10-15 ਕਿਸ਼ਤਾਂ ਬਣਵਾ ਦਿਤੀਆਂ ਤਾਂ ਕਿ ਕਿਸਾਨ ਆਸਾਨੀ ਨਾਲ ਫ਼ਸਲ ਉਗਾ ਕੇ ਕਰਜ਼ਾ ਵਾਪਸ ਕਰ ਸਕਣ। ਉਨ੍ਹਾਂ ਦਸਿਆ ਕਿ ਕਿਸਾਨਾਂ ਨੂੰ ਕੈਦ ਕਰਨ ਦੀ ਸਪੱਸ਼ਟ ਤੌਰ 'ਤੇ ਮਨਾਹੀ ਸੀ। ਇਸ ਕਰ ਕੇ ਕਿਸਾਨ ਦੀ ਜ਼ਮੀਨ, ਕਾਸ਼ਤ ਕਰਨ ਦੇ ਸਾਧਨ ਅਤੇ ਉਸ ਦੇ ਚੁੱਲੇ ਚੌਂਕੇ ਨੂੰ ਕੋਈ ਬੁਰੀ ਨਜ਼ਰ ਨਾਲ ਨਹੀਂ ਵੇਖਦਾ ਸੀ। 1937 ਵਿਚ ਕਿਸਾਨਾਂ ਦੇ ਘਰਾਂ ਉਤੇ ਛਾਪੇ ਮਾਰਨੇ ਪੂਰੀ ਤਰ੍ਹਾਂ ਬੰਦ ਕਰਵਾ ਦਿਤੇ ਗਏ, ਫਿਰ ਖੇਤੀਬਾੜੀ ਕਰ ਕੇ ਕਿਸਾਨਾਂ ਨੇ ਸ਼ਾਹੂਕਾਰਾਂ ਦੇ ਕਰਜ਼ੇ ਵਾਪਸ ਕਰ ਦਿਤੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨ ਵੀ ਬੈਂਕਾਂ ਦੇ ਕਰਜ਼ੇ ਵਾਪਸ ਕਰ ਸਕਦੇ ਹਨ, ਬਸ਼ਰਤੇ ਕਿ ਉਨ੍ਹਾਂ ਦੀਆਂ ਜ਼ਮੀਨਾਂ ਅਤੇ ਘਰਾਂ ਦੀ ਕੁਰਕੀ ਸਖ਼ਤੀ ਨਾਲ ਰੋਕੀ ਜਾਵੇ ਅਤੇ ਬਿਨਾ ਉਨ੍ਹਾਂ ਦੀ ਇੱਛਾ ਦੇ ਉਨ੍ਹਾਂ ਦੀ ਜ਼ਮੀਨ ਐਕਵਾਇਰ ਨਾ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਗ਼ਰੀਬ ਅਤੇ ਮਿਹਨਤੀ ਕਿਸਾਨ ਨੇ ਕਦੇ ਵੀ ਬੈਂਕ ਦਾ ਪੈਸਾ ਨਹੀਂ ਹੜਪਿਆ। ਬੈਂਕਾਂ ਦਾ ਪੈਸਾ ਹਮੇਸ਼ਾ ਵੱਡੇ ਧਨਾਡ ਕਿਸਾਨਾਂ ਜਾਂ ਸ਼ਾਹੂਕਾਰਾਂ ਨੇ ਹੀ ਲੁਟਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਦੀਆਂ ਗ੍ਰਿਫ਼ਤਾਰੀਆਂ ਨੂੰ ਤੁਰਤ ਰੋਕਿਆ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਵਿਆਜ ਉਤੇ ਲੀਕ ਮਾਰ ਕੇ ਮੂਲ ਧਨ ਦੀਆਂ ਆਸਾਨ ਕਿਸ਼ਤਾਂ ਬਣਾ ਦੇਣੀਆਂ ਚਾਹੀਦੀਆਂ ਤਾਕਿ ਉਹ ਫ਼ਸਲ ਬੀਜ ਕੇ ਕਰਜ਼ੇ ਨੂੰ ਉਤਾਰ ਸਕਣ।

## ਹਿਜੜਿਆਂ ਨੂੰ ਰਾਖਵੇਂਕਰਨ 'ਤੇ ਕੇਂਦਰ ਨੂੰ ਝਾੜ

**ਚੰਡੀਗੜ੍ਹ:**ਪੰਜਾਬ-ਹਰਿਆਣਾ ਹਾਈਕੋਰਟ ਦੇ ਕਾਰਜਵਾਹਕ ਚੀਫ ਜਸਟਿਸ ਜੇ.ਐੱਸ.ਖੇਰ ਤੇ ਜਸਟਿਸ ਏ.ਕੇ. ਮਿੱਤਲ 'ਤੇ ਆਧਾਰਤ ਬੈਂਚ ਨੇ ਹਿਜੜਿਆਂ ਨੂੰ ਨੌਕਰੀ ਆਦਿ 'ਚ ਅੰਗਹੀਣਤਾ ਦੇ ਆਧਾਰ 'ਤੇ ਰਾਖਵਾਂਕਰਨ ਦੇਣ ਸੰਬੰਧੀ ਮੁੱਦੇ ਨੂੰ ਲੈ ਕੇ ਕਾਜਲ ਮੰਗਲ ਮੁਖੀ ਵਲੋਂ ਦਾਇਰ ਜਨਹਿਤ ਪਟੀਸ਼ਨ 'ਤੇ ਸੁਣਵਾਈ ਦੌਰਾਨ ਕੇਂਦਰ ਸਰਕਾਰ ਨੂੰ ਖਾਸੀ ਝਾੜ ਲਾਈ। ਬੈਂਚ ਨੇ ਇਥੋਂ ਤਕ ਕਹਿ ਦਿੱਤਾ ਕਿ ਜਾਂ ਤਾਂ ਕੇਂਦਰ ਸਰਕਾਰ ਦਾ ਸੰਬੰਧਤ ਮੰਤਰਾਲਾ ਜਵਾਬ ਦਾਇਰ ਕਰੇ, ਨਹੀਂ ਤਾਂ ਅਸੀਂ ਦਸਾਂਗੇ ਕਿ ਜਵਾਬ ਕਿਵੇਂ ਦਾਇਰ ਕੀਤਾ ਜਾਂਦਾ ਹੈ।

ਪਹਿਲਾਂ ਤਾਂ ਪੰਜਾਬ ਸਰਕਾਰ ਨੇ ਆਪਣੇ ਰਾਜ ਵਿਚ ਹਿਜੜਿਆਂ ਨੂੰ ਰਾਖਵਾਂਕਰਨ ਦੇ ਮੁੱਦੇ 'ਤੇ ਜਵਾਬ ਦੇਣ ਲਈ ਕੁਝ ਸਮਾਂ ਮੰਗਿਆ, ਜਿਸ 'ਤੇ ਬੈਂਚ ਨੇ ਨਾਰਾਜ਼ਗੀ ਪ੍ਰਗਟਾਉਂਦੇ ਹੋਏ ਕਿਹਾ ਕਿ ਜਵਾਬ ਦਾਇਰ ਹੋਣਾ ਚਾਹੀਦਾ ਸੀ। ਹਾਲੇ ਬੈਂਚ ਕੁਝ ਕਹਿਣ ਹੀ ਜਾ ਰਹੀ ਸੀ ਕਿ ਐਡਵੋਕੇਟ ਜਨਰਲ ਐੱਚ.ਐੱਸ.ਮੱਤੇਵਾਲ ਖੜ੍ਹੇ ਹੋ ਗਏ ਅਤੇ ਚੀਫ ਜਸਟਿਸ ਨੇ ਕਿਹਾ ਕਿ ਹੁਣ ਮੱਤੇਵਾਲ ਅਜਿਹੀ ਦਲੀਲ ਦੇਣਗੇ ਕਿ ਅਸੀਂ ਫਸ ਜਾਵਾਂਗੇ, ਇਸ ਲਈ ਬੇਹਤਰ ਹੋਵੇਗਾ ਕਿ ਮੱਤੇਵਾਲ ਬੈਠੇ ਹੀ ਰਹਿਣ। ਬੈਂਚ ਨੇ ਜਦੋਂ ਪੰਜਾਬ ਸਰਕਾਰ 'ਤੇ ਕੁਝ ਸੁਆਲਾਂ ਦੀ ਵਾਛੜ ਕੀਤੀ ਤਾਂ ਇਕ ਵਾਰ ਫਿਰ ਮੱਤੇਵਾਲ ਖੜ੍ਹੇ ਹੋਏ, ਪਰ ਬੈਂਚ ਨੇ ਫਿਰ ਉਨ੍ਹਾਂ ਨੂੰ ਕਹਿ ਦਿੱਤਾ ਕਿ ਅਜਿਹੇ ਕੇਸਾਂ ਲਈ ਐਡਵੋਕੇਟ ਜਨਰਲ ਮੱਤੇਵਾਲ ਵਰਗੇ ਸੀਨੀਅਰ ਕਾਨੂੰਨ ਅਧਿਕਾਰੀਆਂ ਦੀ ਲੋੜ ਨਹੀਂ ਹੈ। ਬੈਂਚ ਨੇ ਪਟੀਸ਼ਨਕਰਤਾ ਦੇ ਵਕੀਲ ਦੇ ਵੀ ਪੇਸ਼ ਨਾ ਹੋਣ ਤੇ ਇਤਰਾਜ਼ ਜਤਾਇਆ। ਇਸ ਤੋਂ ਬਾਅਦ ਬੈਂਚ ਨੇ ਕਹਿ ਦਿੱਤਾ ਕਿ ਕੇਂਦਰ ਸਰਕਾਰ ਕੁਝ ਨਹੀਂ ਕਰਦੀ। ਸਿਰਫ ਇਕ ਮੰਤਰਾਲੇ ਤੋਂ ਦੂਜੇ ਮੰਤਰਾਲੇ ਤਕ ਫਾਈਲ ਘੁੰਮਦੀ ਰਹਿੰਦੀ ਹੈ। ਸਾਨੂੰ ਅਗਲੀ ਤਰੀਕ ਤਕ ਕੇਂਦਰ ਸਰਕਾਰ ਦਾ ਜਵਾਬ ਚਾਹੀਦਾ ਹੈ। ਜੇਕਰ ਨਾ ਹੋਇਆ ਤਾਂ ਅਸੀਂ ਦੱਸਾਂਗੇ ਕਿ ਜਵਾਬ ਕਿਵੇਂ ਦਾਇਰ ਕੀਤਾ ਜਾਂਦਾ ਹੈ। ਮਾਮਲੇ 'ਤੇ ਅਗਲੀ ਸੁਣਵਾਈ 7 ਜਨਵਰੀ ਨੂੰ ਹੋਵੇਗੀ।

## ਸ਼੍ਰੋਮਣੀ ਕਮੇਟੀ ਚੋਣਾਂ ਮਈ 'ਚ ਹੋਣਗੀਆਂ?

**ਚੰਡੀਗੜ੍ਹ :**ਸ਼੍ਰੋਮਣੀ ਅਕਾਲੀ ਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਮਈ ਮਹੀਨੇ ਕਰਾਉਣ ਦਾ ਮਨ ਬਣਾ ਲਿਆ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨਿਵਾਸ 'ਤੇ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਫੈਸਲਾ ਲਿਆ ਗਿਆ ਕਿ ਪਾਰਟੀ ਆਗੂਆਂ ਨੂੰ ਇਨ੍ਹਾਂ ਚੋਣਾਂ ਲਈ ਤਿਆਰ ਕਰ ਦਿੱਤਾ ਜਾਵੇ।

ਪਾਰਟੀ ਦੇ ਇਕਦਮ ਹਰਕਤ ਵਿਚ ਆਉਣ ਤੋਂ ਬਾਅਦ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਅਗਲੇ ਸਾਲਮਈ ਦੌਰਾਨ ਹੋ ਸਕਦੀਆਂ ਹਨ।

## ਸੈਨ ਹੋਜ਼ੇ ਗੁਰਦੁਆਰਾ ਪ੍ਰਬੰਧਕਾਂ ਖਿਲਾਫ ਇਸ਼ਤਿਹਾਰਾਂ ਨਾਲ ਸਬੰਧ ਨਹੀਂ

**ਸੈਨ ਹੋਜ਼ੇ (ਸਰਬਜੋਤ ਸਿੰਘ ਸਵੱਦੀ):** ਕੁਝ ਰਾਜਨੀਤਕ ਲੋਕਾਂ ਵਲੋਂ ਬੇ-ਏਰੀਏ ਤੋਂ ਛਪਦੇ ਕੁਝ ਪੰਜਾਬੀ ਅਖਬਾਰਾਂ ਵਿਚ ਇਕ ਸਾਜ਼ਿਸ਼ ਤਹਿਤ 'ਗੁਰੂ ਘਰ ਦੇ ਫੰਡਾਂ ਦੀ ਦੁਰਵਰਤੋਂ ਵਿਰੁਧ ਪ੍ਰਬੰਧਕਾਂ ਨੂੰ ਚਿਤਾਵਨੀ' ਸਿਰਲੇਖ ਹੇਠ, ਸੈਨ ਹੋਜ਼ੇ ਗੁਰਦੁਆਰਾ ਦੇ ਪ੍ਰਬੰਧਕਾਂ ਖਿਲਾਫ ਛਪਵਾਏ ਇਸ਼ਤਿਹਾਰਾਂ ਨਾਲ ਸਾਡਾ ਕੋਈ ਸਬੰਧ ਨਹੀਂ ਹੈ। ਇਹ ਪ੍ਰਗਟਾਵਾ ਭਾਈ ਸਤਿੰਦਰ ਸਿੰਘ ਮੰਘਰ, ਭਾਈ ਗੁਰਮੇਲ ਸਿੰਘ ਬਾਠ, ਭਾਈ ਭੁਪਿੰਦਰ ਸਿੰਘ (ਚੀਮਾ), ਭਾਈ ਧਰਮ ਸਿੰਘ ਅਤੇ ਭਾਈ ਬਲਕਾਰ ਸਿੰਘ ਨੇ ਕੀਤਾ ਹੈ।

ਸੈਨ ਹੋਜ਼ੇ ਗੁਰਦੁਆਰਾ ਦੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਉਕਤ ਆਗੂਆਂ ਨੇ ਦੱਸਿਆ ਕਿ ਕੁੱਝ ਲੋਕਾਂ ਨੇ ਆਪਣੇ ਆਪ ਨੂੰ ਨਿਰਪੱਖ ਕਹਿ ਕੇ ਗੁਰਦੁਆਰਾ ਸਾਹਿਬ ਵਿਚ ਕਮੇਟੀ ਨੂੰ ਮੈਮੋਰੰਡਮ ਦੇਣ ਲਈ ਸਿੱਖ ਸੰਗਤ ਤੋਂ ਦਸਤਖਤ ਕਰਵਾਏ ਸਨ ਪਰ ਇਹ ਮੈਮੋਰੰਡਮ ਕਮੇਟੀ ਨੂੰ ਦੇਣ ਦੀ ਬਜਾਏ ਆਪਣੇ ਰਾਜਨੀਤਕ ਮੁਫਾਦ ਲਈ ਅਸਲ ਸ਼ਬਦਾਵਲੀ ਨੂੰ ਬਦਲ ਕੇ ਅਖਬਾਰਾਂ ਵਿਚ ਛਪਾ ਦਿੱਤੇ। ਜਿਸ ਦਾ ਸਾਨੂੰ ਉਕਾ ਹੀ ਪਤਾ ਨਹੀਂ ਅਤੇ ਨਾ ਹੀ ਸਾਡੇ ਕੋਲੋਂ ਕੋਈ ਅਖਬਾਰਾਂ ਵਿਚ ਨਾਂ ਦੇਣ ਦੀ ਇਜ਼ਾਜਤ ਹੀ ਲਈ ਹੈ। ਯਾਦ ਰਹੇ ਕਿ ਇਹ ਇਸ਼ਤਿਹਾਰ ਜਾਰੀਕਰਤਾ ਹਰਬੰਸ ਸਿੰਘ ਸਰਾਂ ਅਤੇ ਸਿੱਖ ਸੰਗਤ ਦੇ ਨਾਂ ਹੇਠ ਲਗਵਾਏ ਗਏ ਸਨ ਅਤੇ ਇਨ੍ਹਾਂ ਸਿੱਖ ਆਗੂਆਂ ਦੀ ਇਜਾਜ਼ਤ ਲਏ ਬਿਨਾ ਹੀ ਨਾਂ ਦਰਜ਼ ਕਰ ਦਿੱਤੇ ਗਏ ਸਨ। ਇਨ੍ਹਾਂ ਪੰਜਾਂ ਆਗੂਆਂ ਨੇ ਇਸ ਨੂੰ ਮੰਦਭਾਗੀ ਗੱਲ ਦੱਸਦਿਆਂ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਅੱਗੋਂ ਤੋਂ ਕਿਸੇ ਸ਼ਰਾਰਤ ਜਾਂ ਰਾਜਨੀਤਕ ਮੁਫਾਦ ਤਹਿਤ ਸਾਡੇ ਨਾਵਾਂ ਦੀ ਦੁਰਵਰਤੋਂ ਨਾ ਕੀਤੀ ਜਾਵੇ।

## ਕੰਪਿਊਟਰ ਅਵੇਅਰਨੈਸ ਕੈਂਪ ਸਨਿਚਰ ਨੂੰ

**ਸੈਨ ਹੋਜ਼ੇ (ਸਰਬਜੋਤ ਸਿੰਘ ਸਵੱਦੀ):** ਗੁਰਦੁਆਰਾ ਸੈਨ ਹੋਜ਼ੇ ਵਿਚ 5 ਦਸੰਬਰ ਸਨਿਚਰਵਾਰ ਨੂੰ ਸ਼ਾਮ 2 ਤੋਂ ਲੈ ਕੇ 4 ਵਜੇ ਤੱਕ ਕੰਪਿਊਟਰ ਅਵੇਅਰਨੈਸ ਕੈਂਪ ਲਾਇਆ ਜਾਵੇਗਾ। ਹਰਪ੍ਰੀਤ ਸਿੰਘ ਢਿੱਲੋਂ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਬੱਚਿਆਂ ਨੂੰ ਕੰਪਿਊਟਰ ਦੀ ਵਰਤੋਂ ਕਰਨ ਦਾ ਬਹੁਤ ਸ਼ੌਕ ਹੈ ਪਰ ਅੱਜ ਦੇ ਸਮੇਂ ਵਿਚ ਕੁੱਝ ਅਜਿਹੀਆਂ ਵੈਬ-ਸਾਈਟਾਂ ਹਨ ਜੋ ਬੱਚਿਆਂ ਨੂੰ ਗਲਤ ਪਾਸੇ ਤੋਰ ਸਕਦੀਆਂ ਹਨ ਅਤੇ ਕਈ ਵਾਰ ਅਨਭੋਲ ਬੱਚੇ ਕੰਪਿਊਟਰ ਤੋਂ ਗਲਤ ਜਾਣਕਾਰੀ ਹਾਸਲ ਕਰਕੇ ਆਪਣੀ ਜ਼ਿੰਦਗੀ ਹੀ ਖਰਾਬ ਕਰ ਲੈਂਦੇ ਹਨ।

ਇਸੇ ਚੀਜ਼ ਨੂੰ ਮੁੱਖ ਰੱਖ ਕੇ ਇਹ ਕੰਪਿਊਟਰ ਅਵੇਅਰਨੈਸ ਕੈਂਪ ਲਾਇਆ ਜਾ ਰਿਹਾ ਹੈ ਜਿਸ ਵਿਚ ਕਾਫੀ ਜਾਣਕਾਰੀ ਦਿੱਤੀ ਜਾਵੇਗੀ। ਹਰਪ੍ਰੀਤ ਸਿੰਘ ਢਿੱਲੋਂ ਨੇ ਕਿਹਾ ਕਿ ਇਸ ਕੈਂਪ ਵਿਚ ਕੰਪਿਊਟਰ ਦੇ ਮਾਹਰ ਜਾਣਕਾਰੀ ਦੇਣਗੇ।

*To Advertise with us*
*call: 847-359-0746*
*Fax:847-705-9388*

MRP TRAVEL
*Lowest International and Domestic Fares*
ARC FLY ANY AIRLINE OF YOUR CHOICE IATA
*Providing the lowest Airfare, Cruise and Travel Packages to Asia, Africa, Europe, the Middle East and North America*
408-929-8005
E-mail:mrptravel@gmail.com
2123 Port Way, San Jose, CA 95133
*CST: 2097308-40*
Emirates
Asiana Airlines
KOREAN AIR
SINGAPORE AIRLINES CATHAY PACIFIC Lufthansa CHINA AIRLINES
We Also Offer Notary Service



B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm
CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere



NCP College of Nursing
Educate | Grow | Succeed
100% NCLEX-PN Pass Rate!
SSF Campus
5 Consecutive Quarters
January 1008 - March 2009
Affordable Payment Plans!
Up to 10 years Repayment Terms on Approved Credit
Start your career now!
Find a job fast using our Job Placement Office.
Full Time
Part Time
Day & Evening
Start Your Nursing Career Today!
12 Month LVN Program • 20 Day CNA Program
• LVN Vocational Nursing Program
• CNA Nursing Assistant Training
• CNA Acute Care Training
• IV Therapy & Blood Withdrawal Certification Course
• NCLEX-PN Test Preparation Workshop
• CPR
• Medical Terminology
• Continuing Education for RNs
Peninsula Campus
257 Longford Drive #5
So. San Francisco, CA 94080
1.800.339.5145
East Bay Campus
21615 Hesperian Blvd, Ste A
Hayward, CA 94541
1.800.611.4054
Choose which is right for you...
Your career is a call away. Call today!
www.ncpcollegeofnursing.com



FARMERS INSURANCE GROUP
Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com
Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



# ਇਕੱਲੇ ਰੂਪਨਗਰ ਜ਼ਿਲ੍ਹੇ ਵਿਚ ਏਡਜ਼ ਦੇ 300 ਮਰੀਜ਼ ਮਿਲੇ

**ਆਨੰਦਪੁਰ ਸਾਹਿਬ :** ਸਰਹੱਦੀ ਜ਼ਿਲ੍ਹਾ ਰੂਪਨਗਰ ਅੱਜ-ਕੱਲ੍ਹ ਨਾਮੁਰਾਦ ਬਿਮਾਰੀ ਏਡਜ਼ ਦੀ ਲਪੇਟ ਵਿਚ ਹੈ। ਜ਼ਿਲ੍ਹੇ ਭਰ ਵਿਚ ਏਡਜ਼ ਪੀੜਤਾਂ ਦੀ ਗਿਣਤੀ ਵਿਚ ਪਿਛਲੇ ਸਾਲਾਂ ਦੀ ਤੁਲਨਾ ਵਿਚ ਕਾਫੀ ਵਾਧਾ ਹੋਇਆ ਹੈ। ਭਾਵੇਂ ਵਿਭਾਗ ਵਲੋਂ ਏਡਜ਼ ਦੀ ਰੋਕਥਾਮ ਲਈ ਜ਼ਿਲ੍ਹੇ ਭਰ ਵਿਚ ਕਾਫੀ ਉਪਰਾਲੇ ਕੀਤੇ ਜਾ ਰਹੇ ਹਨ ਪਰ ਜਿਸ ਤੇਜ਼ੀ ਨਾਲ ਇਹ ਬਿਮਾਰੀ ਫੈਲ ਰਹੀ ਹੈ ਉਹ ਸਰਕਾਰ ਅਤੇ ਸਿਹਤ ਵਿਭਾਗ ਵਲੋਂ ਕੀਤੇ ਜਾ ਰਹੇ ਉਪਰਾਲਿਆਂ ਉਤੇ ਸਵਾਲੀਆ ਚਿੰਨ੍ਹ ਹੈ।

ਇਕੱਤਰ ਕੀਤੀ ਜਾਣਕਾਰੀ ਅਨੁਸਾਰ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੀ ਸਰਹੱਦ ਉਤੇ ਵਸੇ ਜ਼ਿਲ੍ਹੇ ਰੂਪਨਗਰ ਦੇ ਜ਼ਿਆਦਾਤਰ ਲੋਕ ਟਰਾਂਸਪੋਰਟ ਦੇ ਕੰਮ ਨਾਲ ਜੁੜੇ ਹੋਏ ਹਨ। ਇਹੀ ਮੁੱਖ ਕਾਰਨ ਹੈ ਕਿ ਜ਼ਿਲ੍ਹੇ ਭਰ ਵਿਚ ਏਡਜ਼ ਦੇ ਮਰੀਜ਼ ਕਾਫੀ ਵਧ ਰਹੇ ਹਨ, ਕਿਉਂਕਿ ਇਸ ਧੰਦੇ ਨਾਲ ਜੁੜੇ ਲੋਕ ਜਦੋਂ ਟਰੱਕ ਲੈ ਕੇ ਹੋਰਨਾਂ ਰਾਜਾਂ ਵਿਚ ਜਾਂਦੇ ਹਨ ਤਾਂ ਉਹ ਬਾਹਰੀ ਰਾਜਾਂ ਵਿਚ ਅਸੁਰੱਖਿਅਤ ਸਰੀਰਕ ਸਬੰਧ ਬਣਾ ਲੈਂਦੇ ਹਨ ਅਤੇ ਆਪਣੇ ਨਾਲ ਇਹ ਨਾਮੁਰਾਦ ਬਿਮਾਰੀ ਲੈ ਆਉਂਦੇ ਹਨ। ਬਾਅਦ ਵਿਚ ਉਨ੍ਹਾਂ ਦੇ ਪਰਿਵਾਰਾਂ ਨੂੰ ਵੀ ਇਹ ਬਿਮਾਰੀ ਆਪਣੀ ਗ੍ਰਿਫਤ ਵਿਚ ਲੈ ਲੈਂਦੀ ਹੈ। ਏਡਜ਼ ਦੀ ਬਿਮਾਰੀ ਪ੍ਰਤੀ ਜ਼ਿਲ੍ਹੇ ਵਿਚ ਜਾਗਰੂਕਤਾ ਮੁਹਿੰਮ ਚਲਾਉਣ ਵਾਲੇ ਇਕ ਸਮਾਜਸੇਵੀ ਨੇ ਦੱਸਿਆ ਕਿ ਸਰਕਾਰੀ ਅੰਕੜਿਆਂ ਤੋਂ ਕਈ ਗੁਣਾਂ ਜ਼ਿਆਦਾ ਮਰੀਜ਼ ਜ਼ਿਲ੍ਹੇ ਵਿਚ ਐਚ.ਆਈ.ਵੀ. ਪਾਜ਼ੇਟਿਵ ਹਨ, ਪਰ ਇਹ ਮਰੀਜ਼ ਜਿਥੇ ਆਪਣੇ ਆਰਥਿਕ ਸ਼ੋਸ਼ਣ ਤੋਂ ਡਰਦੇ ਟੈਸਟ ਨਹੀਂ ਕਰਵਾਉਂਦੇ ਉਥੇ ਹੀ ਸਮਾਜਿਕ ਸ਼ੋਸ਼ਣ ਵੀ ਉਨ੍ਹਾਂ ਦੇ ਡਰ ਦਾ ਮੁੱਖ ਕਾਰਨ ਹੈ। ਜ਼ਿਲ੍ਹਾ ਰੋਪੜ ਦੇ ਸਿਵਲ ਸਰਜਨ ਡਾ. ਅਰਜੁਨ ਸਿੰਘ ਗਿੱਲ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਕਰੀਬ 300 ਏਡਜ਼ ਪੀੜਤਾਂ ਦੀ ਸ਼ਨਾਖਤ ਹੋ ਚੁੱਕੀ ਹੈ, ਇਸ ਗਿਣਤੀ ਵਿਚ ਪਿਛਲੇ ਸਾਲ ਦੀ ਤੁਲਨਾ ਵਿਚ ਕਾਫੀ ਵਾਧਾ ਵੀ ਹੋਇਆ ਹੈ।



ਉਨ੍ਹਾਂ ਮੰਨਿਆ ਕਿ ਇਹ ਸਿਹਤ ਵਿਭਾਗ ਵਲੋਂ ਜਾਰੀ ਅੰਕੜੇ ਹਨ ਪਰ ਅਸਲੀਅਤ ਵਿਚ ਜ਼ਿਲ੍ਹੇ ਵਿਚ ਏਡਜ਼ ਪੀੜਤ ਮਰੀਜ਼ ਹੋਰ ਵੀ ਜ਼ਿਆਦਾ ਹੋਣ ਦੀ ਸੰਭਾਵਨਾ ਹੈ ਕਿਉਂਕਿ ਬਹੁਤੇ ਐਚ.ਆਈ.ਵੀ. ਪਾਜ਼ੇਟਿਵ ਵਿਅਕਤੀ ਆਪਣਾ ਟੈਸਟ ਨਹੀਂ ਕਰਵਾਉਂਦੇ, ਜਿਸ ਕਰਕੇ ਉਨ੍ਹਾਂ ਦੀ ਸ਼ਨਾਖਤ ਕਰਨ ਵਿਚ ਮੁਸ਼ਕਲ ਹੁੰਦੀ ਹੈ। ਡਾ. ਗਿੱਲ ਨੇ ਕਿਹਾ ਕਿ ਜ਼ਿਲ੍ਹਾ ਰੋਪੜ ਵਿਚ ਕੁੱਲ ਚਾਰ ਜਾਂਚ ਕੇਂਦਰ, ਨੂਰਪੁਰਬੇਦੀ, ਨੰਗਲ, ਆਨੰਦਪੁਰ ਸਾਹਿਬ ਅਤੇ ਰੂਪਨਗਰ ਵਿਖੇ ਹਨ। ਇਥੇ ਹਰ ਸਾਲ ਆਈ.ਸੀ.ਟੀ.ਸੀ. ਵਾਲਿਆਂ ਵਲੋਂ ਟੈਸਟ ਕੀਤੇ ਜਾਂਦੇ ਹਨ ਅਤੇ ਐਚ.ਆਈ.ਵੀ. ਪਾਜ਼ੇਟਿਵ ਪਾਏ ਜਾਣ ਵਾਲੇ ਵਿਅਕਤੀਆਂ ਦੇ ਨਾਮ ਅਤੇ ਪਤੇ ਪੂਰੀ ਤਰ੍ਹਾਂ ਨਾਲ ਗੁਪਤ ਰੱਖੇ ਜਾਂਦੇ ਹਨ ਅਤੇ ਉਨ੍ਹਾਂ ਦਾ ਸਹੀ ਇਲਾਜ ਕੀਤਾ ਜਾਂਦਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਉਪ ਮੰਡਲ ਆਨੰਦਪੁਰ ਸਾਹਿਬ ਅਤੇ ਨੰਗਲ ਵਿਚ ਇਸੇ ਵਰ੍ਹੇ ਕਰੀਬ ਤਿੰਨ ਹਜ਼ਾਰ ਲੋਕਾਂ ਦੇ ਟੈਸਟ ਕੀਤੇ ਗਏ, ਜਿਨ੍ਹਾਂ ਵਿਚੋਂ ਪੰਜ ਦਰਜਨ ਦੇ ਕਰੀਬ ਪੁਰਸ਼, ਇਸਤਰੀਆਂ ਅਤੇ ਬੱਚੇ ਐਚ.ਆਈ.ਵੀ. ਪਾਜ਼ੇਟਿਵ ਪਾਏ ਗਏ। ਹਾਲਾਂਕਿ ਕੋਈ ਵੀ ਅਧਿਕਾਰੀ ਇਸ ਅੰਕੜੇ ਦੀ ਪੁਸ਼ਟੀ ਕਰਨ ਲਈ ਤਿਆਰ ਨਹੀਂ ਹੈ ਪਰ ਜ਼ਿਲ੍ਹੇ ਦੇ ਸਿਵਲ ਸਰਜਨ ਵਲੋਂ ਦੱਸੇ ਅੰਕੜੇ ਤੋਂ ਇਹ ਗੱਲ ਸਪੱਸ਼ਟ ਹੈ ਕਿ ਮਰੀਜ਼ਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਉਧਰ ਰਾਣੀ ਜੈਤਾ ਜੀ ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਡਾ. ਅਸ਼ੋਕ ਸ਼ਰਮਾ ਨੇ ਕਿਹਾ ਕਿ ਉਹ ਆਪਣੇ ਅਧਿਕਾਰ ਖੇਤਰ ਵਿਚ ਆਉਂਦੇ ਸਾਰੇ ਪਿੰਡਾਂ ਦੇ ਲੋਕਾਂ ਨੂੰ ਐਚ.ਆਈ.ਵੀ.ਟੈਸਟ ਕਰਵਾਉਣ ਲਈ ਪ੍ਰੇਰਿਤ ਕਰਦੇ ਹਨ ਕਿਉਂਕਿ ਮੁਫਤ ਹੋਣ ਵਾਲੇ ਇਸ ਟੈਸਟ ਵਿਚ ਮਰੀਜ਼ਾਂ ਦਾ ਨਾਮ ਅਤੇ ਪਤਾ ਪੂਰੀ ਤਰ੍ਹਾਂ ਨਾਲ ਗੁਪਤ ਰੱਖਿਆ ਜਾਂਦਾ ਹੈ।

ਜ਼ਿਲ੍ਹਾ ਰੂਪਨਗਰ ਵਿਚ ਏਡਜ਼ ਕੰਟਰੋਲ ਪ੍ਰਾਜੈਕਟ 'ਤੇ ਕੰਮ ਕਰ ਰਹੀ ਐਨ.ਜੀ.ਓ. ਅੰਬੂਜਾ ਫਾਊਂਡੇਸ਼ਨ ਦੇ ਪ੍ਰਾਜੈਕਟ ਮੈਨੇਜਰ ਮਹਿੰਦਰ ਸਿੰਘ ਨੇ ਦੱਸਿਆ ਕਿ ਉਹ ਜ਼ਿਲ੍ਹੇ ਵਿਚ ਹਾਈ ਰਿਸਕ ਪਾਪੂਲੇਸ਼ਨ 'ਤੇ ਆਪਣੀ ਮੁਹਿੰਮ ਚਲਾ ਰਹੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਰੂਪਨਗਰ ਵਿਚ 600 ਮਹਿਲਾ ਸੈਕਸ ਵਰਕਰਾਂ ਹਨ, ਜਦੋਂਕਿ 400 ਅਜਿਹੇ ਪੁਰਸ਼ ਹਨ, ਜੋ ਪੁਰਸ਼ਾਂ ਨਾਲ ਹੀ ਸਰੀਰਕ ਸਬੰਧ ਬਣਾਉਂਦੇ ਹਨ। ਉਨ੍ਹਾਂ ਕਿਹਾ ਕਿ ਉਹ ਇਨ੍ਹਾਂ 1000 ਵਿਅਕਤੀਆਂ ਨੂੰ ਲਗਾਤਾਰ ਪ੍ਰੇਰਿਤ ਕਰਦੇ ਹਨ ਅਤੇ ਮੁਫਤ ਨਿਰੋਧ ਅਤੇ ਸਰਿੰਜਾਂ ਆਦਿ ਵੀ ਵੰਡਦੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਉਨ੍ਹਾਂ ਦੇ ਸੰਪਰਕ ਵਿਚ 78 ਐਚ.ਆਈ.ਵੀ. ਪਾਜ਼ੇਟਿਵ ਮਰੀਜ਼ ਆਏ ਸਨ ਜਦੋਂਕਿ ਇਸ ਸਾਲ ਇਹ ਗਿਣਤੀ ਵੱਧ ਕੇ 112 ਹੋ ਗਈ ਹੈ।

ਪ੍ਰਾਜੈਕਟ ਮੈਨੇਜਰ ਮਹਿੰਦਰ ਸਿੰਘ ਨੇ ਦੱਸਿਆ ਕਿ ਉਪਰੋਕਤ ਅੰਕੜਿਆਂ ਤੋਂ ਇਲਾਵਾ ਬਹੁਤ ਸਾਰੇ ਅਜਿਹੇ ਮਰੀਜ਼ ਹਨ ਜੋ ਸਾਹਮਣੇ ਨਹੀਂ ਆਉਂਦੇ ਅਤੇ ਉਨ੍ਹਾਂ ਦਾ ਟੈਸਟ ਨਹੀਂ ਹੋ ਪਾਉਂਦਾ। ਉਨ੍ਹਾਂ ਕਿਹਾ ਕਿ ਉਨ੍ਹਾਂ ਕੋਲ ਉਪਲਬਧ ਜਾਣਕਾਰੀ ਅਨੁਸਾਰ ਜ਼ਿਲ੍ਹੇ ਵਿਚ ਜਿੰਨੇ ਲੋਕ ਟੈਸਟ ਕਰਵਾਉਂਦੇ ਹਨ ਉਨ੍ਹਾਂ ਦਾ 0.1 ਫੀਸਦੀ ਹਿੱਸਾ ਐਚ.ਆਈ.ਵੀ. ਪਾਜ਼ੇਟਿਵ ਹੁੰਦਾ ਹੈ। ?

## ਵੀ ਟੀ ਏ ਵਰਕਰਾਂ ਵਲੋਂ ਗੁਰੂ ਘਰ ਨੂੰ 51 ਸੌ ਡਾਲਰ ਭੇਟ

**ਸੈਨ ਹੋਜ਼ੇ (ਸਰਬਜੋਤ ਸਿੰਘ ਸਵੱਦੀ):** ਵੈਲੀ ਟਰਾਂਸਪੋਰਟੇਸ਼ਨ ਅਥਾਰਟੀ ਵਿਚ ਕੰਮ ਕਰਦੇ ਸਿੱਖ ਡਰਾਈਵਰਾਂ ਅਤੇ ਹੋਰ ਮੁਲਾਜ਼ਮ ਵੀਰਾਂ ਨੇ ਹਰ ਸਾਲ ਦੀ ਤਰ੍ਹਾਂ ਸੈਨ ਹੋਜ਼ੇ ਗੁਰਦੁਆਰਾ ਸਾਹਿਬ ਵਿਚ ਸ਼ਰਧਾ ਭਾਵਨਾ ਨਾਲ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕਰਵਾਏ ਸਨ ਅਤੇ ਭੋਗ ਲੰਘੇ ਐਤਵਾਰ ਪਾਏ ਗਏ।

ਗੁਰਦੁਆਰਾ ਕਮੇਟੀ ਦੇ ਪ੍ਰਧਾਨ ਅਤੇ ਵੀ ਟੀ ਏ ਦੇ ਸਾਬਕਾ ਮੁਲਾਜ਼ਮ ਹਰਦੇਵ ਸਿੰਘ ਤੱਖਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਗੁਰੂਘਰ ਦੀ ਬਣ ਰਹੀ ਖੂਬਸੂਰਤ ਇਮਾਰਤ ਲਈ ਸਾਰੇ ਮੁਲਾਜ਼ਮਾਂ ਨੇ 5100 ਡਾਲਰ ਭੇਟ ਕੀਤੇ। ਅਤੇ ਇਸ ਦਿਨ ਭਾਰੀ ਗਿਣਤੀ ਵਿਚ ਪੁੱਜੇ ਮੁਲਾਜ਼ਮਾਂ ਨੇ ਗੁਰੂ ਕੇ ਲੰਗਰ ਵਿਚ ਸ਼ਰਧਾ ਭਾਵਨਾ ਨਾਲ ਸੇਵਾ ਕੀਤੀ।

## ਜੈਨਕੋ ਵਲੋਂ ਅਖੰਡਪਾਠ 4,5,6 ਦਸੰਬਰ ਨੂੰ

**ਸੈਨ ਹੋਜ਼ੇ (ਸਵੱਦੀ):** ਗੁਰੂ ਨਾਨਕ ਦੇਵ ਇੰਜੀਨੀਅਰ ਕਾਲਜ ਲੁਧਿਆਣਾ ਦੇ ਸਾਬਕਾ ਵਿਦਿਆਰਥੀਆਂ ਦੀ ਜੱਥੇਬੰਦੀ (ਜੈਨਕੋ) ਵਲੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਨੂੰ ਮੁੱਖ ਰੱਖਦਿਆਂ ਅਖੰਡ ਪਾਠ 4 ਦਸੰਬਰ ਨੂੰ ਗੁਰਦੁਆਰਾ ਸੈਨ ਹੋਜ਼ੇ ਵਿਚ ਅਰੰਭ ਹੋਣਗੇ। ਭੋਗ 6 ਦਸੰਬਰ ਦਿਨ ਐਤਵਾਰ ਨੂੰ ਪਾਏ ਜਾਣਗੇ।

ਸੈਨ ਹੋਜ਼ੇ ਗੁਰਦੁਆਰਾ ਸਾਹਿਬ ਦੀ ਬਣ ਰਹੀ ਇਮਾਰਤ ਵਿਚ ਸੇਵਾ ਭਾਵਨਾ ਨੂੰ ਮੁੱਖ ਰੱਖ ਕੇ ਵੱਡਾ ਯੋਗਦਾਨ ਪਾ ਰਹੀ ਇਸ ਸੰਸਥਾ ਦੇ ਆਗੂਆਂ ਨੇ ਸਮੂਹ ਸਿੱਖ ਸੰਗਤ ਨੂੰ ਇਸ ਦਿਨ ਹਾਜ਼ਰੀਆਂ ਭਰਨ ਦੀ ਬੇਨਤੀ ਕੀਤੀ ਹੈ।

## ਸੁਖਬੀਰ ਤੇ ਸਿੱਧੂ ਵਿਚਾਲੇ ਮੱਤਭੇਦ ਨਹੀਂ?

**ਸਮਰਾਲਾ:** ਸਾਬਕਾ ਕੇਂਦਰੀ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਨੇ ਹਾਲ ਵਿਚ ਹੀ ਅੰਮ੍ਰਿਤਸਰ ਤੋਂ ਲੋਕ ਸਭਾ ਮੈਂਬਰ ਨਵਜੋਤ ਸਿੰਘ ਸਿੱਧੂ ਵੱਲੋਂ ਉਥੋਂ ਦੇ ਡਿਪਟੀ ਕਮਿਸ਼ਨਰ 'ਤੇ ਉਨ੍ਹਾਂ ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਅੰਮ੍ਰਿਤਸਰ ਫੇਰੀ ਅਤੇ ਹੋਰ ਸਰਕਾਰੀ ਸਮਾਗਮਾਂ 'ਚ ਅਣਡਿੱਠਾ ਕੀਤੇ ਜਾਣ ਦੇ ਲਗਾਏ ਦੋਸ਼ਾਂ ਸੰਬੰਧੀ ਮਾਮਲੇ ਪਿੱਛੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਸਿੱਧੂ ਵਿਚਾਲੇ ਕਿਸੇ ਤਰ੍ਹਾਂ ਦੇ ਵੀ ਮੱਤ ਭੇਦ ਹੋਣ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ ਮੈਂਬਰ ਹੋਣ ਦੇ ਨਾਤੇ ਸ੍ਰੀ ਸਿੱਧੂ ਦਾ ਪੂਰਾ ਸਤਿਕਾਰ ਹੋਣਾ ਬਣਦਾ ਹੈ ਅਤੇ ਉਨ੍ਹਾਂ ਦੀ ਜਾਣਕਾਰੀ ਮੁਤਾਬਕ ਸ੍ਰੀ ਸਿੱਧੂ ਨੂੰ ਸਮਾਗਮ ਲਈ ਬਕਾਇਦਾ ਸੱਦਾ ਪੱਤਰ ਭੇਜਿਆ ਵੀ ਗਿਆ ਸੀ। ਪਰ ਫਿਰ ਵੀ ਜੇਕਰ ਕੋਈ ਗੱਲ ਹੋਈ ਤਾਂ ਉਸਨੂੰ ਜ਼ਰੂਰ ਵਿਚਾਰਿਆ ਜਾਵੇਗਾ। ਸ੍ਰੀ ਢੀਂਡਸਾ ਇਥੇ ਸਥਾਨਕ ਮਾਲਵਾ ਕਾਲਜ ਬੌਂਦਲੀ ਵਿਖੇ ਆਯੋਜਿਤ ਇਕ ਧਾਰਮਿਕ ਸਮਾਗਮ 'ਚ ਸ਼ਾਮਲ ਹੋਣ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਸ਼੍ਰੋਮਣੀ ਕਮੇਟੀ ਚੋਣਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇਨ੍ਹਾਂ ਚੋਣਾਂ ਲਈ ਪੂਰੀ ਤਰ੍ਹਾਂ ਨਾਲ ਤਿਆਰ ਹੈ।

## ਜੰਮੂ-ਕਸ਼ਮੀਰ ਨੇ ਪੰਜਾਬ ਤੋਂ 3680 ਕਰੋੜ ਮੰਗੇ

**ਜੰਮੂ :** ਜੰਮੂ-ਕਸ਼ਮੀਰ ਸਰਕਾਰ ਨੇ ਪੰਜਾਬ ਵਲ ਖੜੀ 3680 ਕਰੋੜ ਰੁਪਏ ਦੀ ਬਕਾਇਆ ਰਕਮ ਵਸੂਲਣ ਲਈ ਸੁਪਰੀਮ ਕੋਰਟ ਵਿਚ ਜਾਣ ਦਾ ਫੈਸਲਾ ਕੀਤਾ ਹੈ। ਇਹ ਰਕਮ ਥੀਨ ਡੈਮ ਤੋਂ ਪੈਦਾ ਹੋਣ ਵਾਲੀ ਬਿਜਲੀ ਅਤੇ ਪਾਣੀ ਵਿਚ ਹਿੱਸੇਦਾਰੀ ਤੋਂ ਇਲਾਵਾ ਰਾਵੀ ਨਦੀ ਉਤੇ ਸ਼ਾਹਪੁਰ ਕੰਢੀ ਬੰਨ੍ਹ ਬਣਾਉਣ ਵਿਚ ਅਸਫਲ ਰਹਿਣ ਕਾਰਨ ਪੰਜਾਬ ਸਰਕਾਰ ਸਿਰ ਖੜੀ ਹੈ। ਹੜ ਰੋਕਥਾਮ ਅਤੇ ਜਨ ਸਿਹਤ ਮੰਤਰੀ ਤਾਜ ਮੋਹੀਉਦੀਨ ਨੇ ਦਸਿਆ, ''ਪੰਜਾਬ ਸਰਕਾਰ ਨੇ ਥੀਨ ਡੈਮ ਤੋਂ ਪੈਦਾ ਹੋਣ ਵਾਲੀ ਬਿਜਲੀ ਵਿਚ ਸਾਡਾ ਬਣਦਾ ਹਿੱਸਾ ਸਾਨੂੰ ਨਹੀਂ ਦਿਤਾ ਅਤੇ ਉਹ ਸ਼ਾਹਪੁਰ ਕੰਢੀ ਬੰਨ੍ਹ ਨੂੰ ਉਸਾਰਨ ਵਿਚ ਵੀ ਅਸਫਲ ਰਹੀ ਜਿਸ ਕਾਰਨ ਸਾਡੇ ਸੂਬੇ ਨੂੰ ਨੁਕਸਾਨ ਝੱਲਣਾ ਪਿਆ। ਅਸੀਂ 3680 ਕਰੋੜ ਰੁਪਏ ਦੀ ਬਣਦੀ ਰਕਮ ਵਸੂਲਣ ਲਈ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਵਾਂਗੇ।'' ਉਨ੍ਹਾਂ ਕਿਹਾ ਕਿ ਪਿਛਲੇ ਦਸ ਸਾਲਾਂ ਤੋਂ ਪੰਜਾਬ ਸਰਕਾਰ ਨੇ ਥੀਨ ਡੈਮ ਤੋਂ ਪੈਦਾ ਹੋਣ ਵਾਲੀ ਬਿਜਲੀ ਦਾ ਬਣਦਾ 20 ਫੀ ਸਦੀ ਹਿੱਸਾ ਸਾਨੂੰ ਨਹੀਂ ਦਿਤਾ ਜਿਸ ਦੀ ਕੁੱਲ ਰਕਮ 2180 ਕਰੋੜ ਰੁਪਏ ਬਣਦੀ ਹੈ। ਇਸ ਤੋਂ ਇਲਾਵਾ ਕਠੂਆ ਜ਼ਿਲ੍ਹੇ ਵਿਚ ਰਾਵੀ ਨਦੀ 'ਤੇ ਸ਼ਾਹਪੁਰ ਕੰਢੀ ਬੰਨ੍ਹ ਉਸਾਰਨ ਵਿਚ ਅਸਫਲ ਰਹਿਣ ਕਾਰਨ ਸਾਨੂੰ 1500 ਕਰੋੜ ਰੁਪਏ ਦਾ ਘਾਟਾ ਪਿਆ। ਜੇ ਪੰਜਾਬ ਸਰਕਾਰ ਸਮੇਂ ਸਿਰ ਬੰਨ੍ਹ ਦੀ ਉਸਾਰੀ ਕਰਦੀ ਤਾਂ ਸੂਬੇ ਦੇ ਕਿਸਾਨਾਂ ਨੂੰ ਸਿੰਚਾਈ ਸਹੂਲਤਾਂ ਉਪਲਬਧ ਹੁੰਦੀਆਂ ਪਰ ਪੰਜਾਬ ਸਰਕਾਰ ਨੇ ਕੋਈ ਕੰਮ ਨਹੀਂ ਕੀਤਾ।

# ਪੰਜਾਬ ਦਾ ਸਮੁੱਚਾ ਜ਼ਮੀਨੀ ਰਿਕਾਰਡ ਕੰਪਿਊਟਰ 'ਤੇ?

**ਜਲੰਧਰ :**1960 ਦੇ ਦਹਾਕੇ 'ਚ ਜ਼ਮੀਨੀ ਸੁਧਾਰ ਲਹਿਰ ਅਧੀਨ ਮੁਰੱਬਾਬੰਦੀ ਕਰਨ 'ਚ ਸਾਰੇ ਦੇਸ਼ਾਂ 'ਚੋਂ ਮੋਹਰੀ ਇਹ ਪੰਜਾਬ ਸੂਬਾ ਹੁਣ ਫਿਰ ਜ਼ਮੀਨੀ ਰਿਕਾਰਡ ਦਾ ਮੁਕੰਮਲ ਕੰਪਿਊਟਰੀਕਰਨ ਕਰਕੇ ਇਸਨੂੰ ਆਨ ਲਾਈਨ ਕਰਨ ਦਾ ਇਨਕਲਾਬੀ ਹੰਭਲਾ ਮਾਰਨ ਜਾ ਰਿਹਾ ਹੈ। ਜ਼ਮੀਨੀ ਰਿਕਾਰਡ ਆਨ ਲਾਈਨ ਕਰਨ 'ਚ ਵੀ ਪੰਜਾਬ ਦੇਸ਼ ਦਾ ਮੋਹਰੀ ਸੂਬਾ ਬਣਨ ਜਾ ਰਿਹਾ ਹੈ।

ਮਾਲ ਵਿਭਾਗ ਦਾ ਸਮੁੱਚਾ ਕਾਰੋਬਾਰ ਆਨ ਲਾਈਨ ਹੋਣ ਨਾਲ ਲੋਕਾਂ ਦਾ ਕੰਮਕਾਰ ਤਾਂ ਸੁਖਾਲਾ ਹੋਵੇਗਾ ਹੀ ਪਰ ਨਾਲ ਹੀ ਭ੍ਰਿਸ਼ਟਾਚਾਰ ਦੀ ਕੁੰਭ 'ਚ ਡੁੱਬ ਚੁੱਕਾ ਇਹ ਵਿਭਾਗ ਦੁੱਧ ਧੋਤਾ ਤੇ ਭਰੋਸੇਯੋਗ ਵੀ ਬਣ ਜਾਵੇਗਾ। ਆਮ ਲੋਕਾਂ ਨੂੰ ਲੁੱਟ ਤੇ ਦਫ਼ਤਰਾਂ ਦੀ ਖੱਜਲ-ਖੁਆਰੀ ਤੋਂ ਨਿਜਾਤ ਮਿਲੇਗੀ। ਪੰਜਾਬ ਵਿਚ ਜ਼ਮੀਨੀ ਰਿਕਾਰਡ ਦੇ ਕੰਪਿਊਟਰੀਕਰਨ ਜਿਵੇਂ-ਜਿਵੇਂ ਹੁੰਦਾ ਜਾ ਰਿਹਾ ਹੈ, ਉਵੇਂ-ਉਵੇਂ ਪਟਵਾਰੀ ਅਗਲੇ ਖੇਤਰਾਂ ਵਿਚ ਬਦਲੀਆਂ ਕਰਵਾਉਣ ਲਈ ਦੌੜ ਵਿਚ ਲੱਗੇ ਹੋਏ ਹਨ ਪਰ ਬੱਕਰੇ ਦੀ ਮਾਂ ਹੁਣ ਕਦ ਤਕ ਖੈਰ ਮਨਾਏਗੀ। ਪੰਜਾਬ ਦੇ ਪੇਂਡੂ ਤੇ ਕਸਬਿਆਂ ਦਾ 98 ਫੀਸਦੀ ਜ਼ਮੀਨੀ ਰਿਕਾਰਡ ਕੰਪਿਊਟਰ ਦੀ ਚਿਪ 'ਚ ਜਾ ਵੜਿਆ ਹੈ ਅਤੇ ਸਟੇਟ ਡਾਟਾ ਸੈਂਟਰ ਸਥਾਪਿਤ ਹੁੰਦਿਆਂ ਹੀ ਸਾਰਾ ਜ਼ਮੀਨੀ ਰਿਕਾਰਡ, ਰਜਿਸਟਰੀਆਂ, ਇੰਤਕਾਲ ਤੇ ਹੋਰ ਸਭ ਤਰ੍ਹਾਂ ਦੀਆਂ ਕਾਰਵਾਈਆਂ ਆਨ ਲਾਈਨ ਹੋਣੀਆਂ ਸ਼ੁਰੂ ਹੋ ਜਾਣਗੀਆਂ। ਇਹ ਕੰਮ 2010 ਦੇ ਅਖੀਰ ਤੋਂ ਪਹਿਲਾਂ ਹੀ ਚਾਲੂ ਹੋ ਜਾਣ ਦੀ ਸੰਭਾਵਨਾ ਹੈ। ਜਮਾਂਬੰਦੀ ਤੇ ਹੋਰ ਕਈ ਤਰ੍ਹਾਂ ਦੀਆਂ ਫਰਦਾਂ ਲੈਣ ਜਾਂ ਜਾਰੀ ਕਰਨ ਦਾ ਕੰਮ ਕੰਪਿਊਟਰ ਰਾਹੀਂ 18 ਤਹਿਸੀਲਾਂ ਤੇ ਸਬ-ਤਹਿਸੀਲਾਂ ਵਿਚ ਤਾਂ ਜਾਰੀ ਵੀ ਹੋ ਚੁੱਕਾ ਹੈ। ਰਹਿੰਦੇ ਜ਼ਿਲ੍ਹਿਆਂ ਦੀਆਂ ਤਹਿਸੀਲਾਂ ਵਿਚ ਆਉਂਦੇ 3-4 ਮਹੀਨਿਆਂ ਵਿਚ ਕੰਪਿਊਟਰ ਰਾਹੀਂ ਫਰਦਾਂ ਤੇ ਹੋਰ ਮਾਲ ਰਿਕਾਰਡ ਦਾ ਕੰਮ ਹੋਣਾ ਸ਼ੁਰੂ ਹੋ ਜਾਵੇਗਾ।

ਪ੍ਰਾਪਤ ਜਾਣਕਾਰੀ ਅਨੁਸਾਰ ਜ਼ਮੀਨੀ ਰਿਕਾਰਡ ਦਾ ਕੰਪਿਊਟਰੀਕਰਨ ਕਰਨ 'ਤੇ ਮਾਲ ਵਿਭਾਗ ਦੇ ਸਾਰੇ ਕੰਮ ਨੂੰ ਆਨ ਲਾਈਨ ਕਰਨ ਦੀ ਵਿਉਂਤਬੰਦੀ ਸੰਨ 2003 ਵਿਚ ਇਸ ਕੰਮ ਨੂੰ ਮਾਲ ਵਿਭਾਗ ਦੇ ਸਰਕਾਰੀ ਸ਼ਿਕੰਜੇ 'ਚੋਂ ਮੁਕਤ ਕਰਕੇ ਪੰਜਾਬ ਲੈਂਡ ਰਿਕਾਰਡ ਸੋਸਾਇਟੀ ਨਾਂ ਦੀ ਖ਼ੁਦਮੁਖਤਿਆਰ ਸੰਸਥਾ ਸਥਾਪਿਤ ਕਰਨ ਨਾਲ ਹੋਈ ਸੀ। ਸੋਸਾਇਟੀ ਦੀ ਗਵਰਨਿੰਗ ਕੌਂਸਲ ਤੇ ਮੈਨੇਜਮੈਂਟ ਬੋਰਡ ਵਿਚ ਭਾਵੇਂ ਮਾਲ ਵਿਭਾਗ ਦੇ ਉੱਚ ਅਧਿਕਾਰੀ ਤੇ ਪ੍ਰਸ਼ਾਸਨਿਕ ਅਫ਼ਸਰ ਹੀ ਹਨ ਪਰ ਫਿਰ ਵੀ ਇਹ ਸੋਸਾਇਟੀ ਇਕ ਖ਼ੁਦਮੁਖਤਿਆਰ ਸੰਸਥਾ ਵਾਂਗ ਕੰਮ ਕਰਦੀ ਹੈ ਤੇ ਇਸ ਨੇ ਸਾਰਾ ਕੰਮ ਨਾਮੀ ਸਾਫਟਵੇਅਰ (ਕੰਪਿਊਟਰ) ਕੰਪਨੀਆਂ ਤੋਂ ਨਿੱਜੀ ਤੌਰ 'ਤੇ ਕਰਵਾਇਆ ਹੈ। ਸੋਸਾਇਟੀ ਨੂੰ ਫੰਡ ਮੁਹੱਈਆ ਕਰਨ ਲਈ ਪੰਜਾਬ ਵਿਚ ਹੁੰਦੀ ਹਰ ਰਜਿਸਟਰੀ ਦੇ ਨਾਲ 150 ਰੁਪਏ ਲਏ ਜਾਂਦੇ ਹਨ ਅਤੇ ਕੇਂਦਰ ਸਰਕਾਰ ਵੀ ਵੱਖਰਾ ਫੰਡ ਭੇਜ ਰਹੀ ਹੈ। ਸੋਸਾਇਟੀ ਨੇ ਡਾਇਰੈਕਟਰ ਲੈਂਡ ਰਿਕਾਰਡਜ਼ ਜਲੰਧਰ ਦੇ ਦਫ਼ਤਰ ਵਿਖੇ ਆਪਣਾ ਮੁੱਖ ਦਫ਼ਤਰ ਸਥਾਪਿਤ ਕੀਤਾ ਹੈ, ਜਿੱਥੇ ਉਹ ਜ਼ਮੀਨੀ ਰਿਕਾਰਡ ਨੂੰ ਸੰਭਾਲਣ ਤੇ ਕੰਪਿਊਟਰੀਕਰਨ ਲਈ ਜ਼ੋਰ-ਸ਼ੋਰ ਨਾਲ ਕੰਮ ਕਰ ਰਹੀ ਹੈ।

ਕੰਪਿਊਟਰੀਕਰਨ ਅਤੇ ਆਨ ਲਾਈਨ ਹੋਣ ਨਾਲ ਜ਼ਮੀਨੀ ਰਿਕਾਰਡ ਵਿਚ ਕਿਸੇ ਵੀ ਤਰ੍ਹਾਂ ਦੀ ਘਪਲੇਬਾਜ਼ੀ ਜਾਂ ਛੇੜਛਾੜ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹਿ ਜਾਵੇਗੀ। ਜ਼ਮੀਨੀ ਰਿਕਾਰਡ ਦੀ ਇਸ ਨਵੀਂ ਵਿਉਂਤਬੰਦੀ ਦੇ ਰੂਹੇ-ਰਵਾਂ ਅਤੇ ਸੋਸਾਇਟੀ ਦੇ ਜੁਆਇੰਟ ਮੈਂਬਰ ਸਕੱਤਰ ਸ. ਪ੍ਰਵਿੰਦਰਪਾਲ ਸਿੰਘ ਦਾ ਕਹਿਣਾ ਹੈ ਕਿ ਮਾਲ ਰਿਕਾਰਡ ਪੂਰੀ ਤਰ੍ਹਾਂ ਪਾਰਦਰਸ਼ੀ ਹੋ ਜਾਵੇਗਾ।

## ਵਿਦੇਸ਼ੋਂ ਆਏ 'ਤੇ ਜਾਨਲੇਵਾ ਹਮਲਾ ਕੀਤਾ

**ਕਲਾਨੌਰ :** ਬੀਤੀ 28 ਨਵੰਬਰ ਦੀ ਰਾਤ ਕਸਬਾ ਕਲਾਨੌਰ ਵਿਖੇ ਵਿਦੇਸ਼ ਤੋਂ ਆਏ ਨੌਜਵਾਨ 'ਤੇ ਅਣਪਛਾਤੇ ਨੌਜਵਾਨਾਂ ਨੇ ਹਮਲਾ ਕਰਕੇ ਗੰਭੀਰ ਰੂਪ ਵਿਚ ਫੱਟੜ ਕਰ ਦਿੱਤਾ। ਜਾਣਕਾਰੀ ਦਿੰਦਿਆਂ ਲੜਕੇ ਦੇ ਭਰਾ ਸਰਬਜੀਤ ਸਿੰਘ ਨੇ ਦੱਸਿਆ ਕਿ ਵਿਦੇਸ਼ ਤੋਂ ਆਏ ਸੁਰਜੀਤ ਸਿੰਘ ਟਿੱਕੂ ਪੁੱਤਰ ਸੁਰਿੰਦਰ ਸਿੰਘ ਵਾਸੀ ਕਲਾਨੌਰ ਜਦੋਂ ਸਬਜ਼ੀ ਲੈਣ ਲਈ ਬਾਜ਼ਾਰ ਆਇਆ ਹੋਇਆ ਸੀ ਤਾਂ ਦੋ ਮੋਟਰਸਾਇਕਲਾਂ 'ਤੇ ਸਵਾਰ 4 ਅਣਪਛਾਤੇ ਨੌਜਵਾਨਾਂ ਨੇ ਸੁਰਜੀਤ ਸਿੰਘ 'ਤੇ ਤੇਜ਼ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਤੇ ਗੰਭੀਰ ਰੂਪ ਵਿਚ ਜ਼ਖਮੀ ਕਰਕੇ ਫਰਾਰ ਹੋ ਗਏ। ਜ਼ਖਮੀ ਨੂੰ ਕਮਿਊਨਿਟੀ ਹੈਲਥ ਸੈਂਟਰ ਵਿਖੇ ਦਾਖਲ ਕਰਵਾਇਆ ਗਿਆ। ਪੁਲਿਸ ਥਾਣਾ ਨੇ ਅਣਪਛਾਤੇ ਨੌਜਵਾਨਾਂ ਦੀ ਭਾਲ ਆਰੰਭ ਦਿੱਤੀ ਹੈ।

# ਪੰਜਾਬ ਇੰਸਟੀਚਿਊਟ ਘੁਟਾਲੇ ਦੇ ਮਾਮਲੇ 'ਚ ਸਰਕਾਰ ਨੂੰ ਨੋਟਿਸ

**ਚੰਡੀਗੜ੍ਹ:**ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸ (ਪਿਮਸ) ਦੇ ਕਥਿਤ ਘਪਲੇ ਨੂੰ ਲੈ ਕੇ ਕਾਂਗਰਸੀ ਆਗੂ ਬੀਬੀ ਰਾਜਿੰਦਰ ਕੌਰ ਭੱਠਲ ਨੇ ਪੰਜਾਬ ਸਰਕਾਰ ਨੂੰ ਕਾਨੂੰਨੀ ਨੋਟਿਸ ਜਾਰੀ ਕੀਤਾ ਹੈ। ਕਾਂਗਰਸ ਲੀਗਲ ਸੈੱਲ ਦੇ ਆਗੂ ਤੇ ਹਾਈਕੋਰਟ ਦੇ ਵਕੀਲ ਨਸੀਬ ਸਿੰਘ ਗਿੱਲ ਰਾਹੀਂ ਭੇਜੇ ਨੋਟਿਸ 'ਚ ਇਸ ਮਾਮਲੇ ਨੂੰ 21ਵੀ ਸਦੀ ਦਾ ਸਭ ਤੋਂ ਵੱਡਾ ਘਪਲਾ ਦੱਸਦਿਆਂ ਸਰਕਾਰ ਨੂੰ ਇਸ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਲਈ ਕਿਹਾ ਗਿਆ ਹੈ। ਕਾਨੂੰਨੀ ਨੋਟਿਸ 'ਚ ਸਰਕਾਰ ਨੂੰ 10 ਦਿਨਾਂ ਦਾ ਸਮਾਂ ਦਿੱਤਾ ਗਿਆ ਹੈ।

ਰਜਿਸਟਰਡ ਡਾਕ ਰਾਹੀਂ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਡਿਪਟੀ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ, ਸਥਾਨਕ ਸਰਕਾਰ ਮੰਤਰੀ ਸ੍ਰੀ ਮਨੋਰੰਜਨ ਕਾਲੀਆ, ਸਿਹਤ ਮੰਤਰੀ ਬੀਬੀ ਲਕਸ਼ਮੀ ਕਾਂਤਾ ਚਾਵਲਾ, ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਸ੍ਰੀ ਤੀਕਸ਼ਨ ਸੂਦ, ਪੰਜਾਬ ਸਰਕਾਰ ਨੂੰ ਮੁੱਖ ਸਕੱਤਰ ਰਾਹੀਂ, ਪਿਮਸ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਡੀ.ਜੀ.ਪੀ. ਪੰਜਾਬ ਆਦਿ ਨੂੰ ਭੇਜੇ ਇਸ ਕਾਨੂੰਨੀ ਨੋਟਿਸ 'ਚ ਕਿਹਾ ਗਿਆ ਹੈ ਕਿ ਪਿਮਸ ਦੇ ਸੰਚਾਲਕ ਵਾਲੀ ਸੰਸਥਾ ਐਨ.ਆਰ.ਆਈ.ਆਫ ਸਾਇੰਸ ਕਨਸੋਰਟੀਅਮ ਅਤੇ ਉਸਦੇ ਚੇਅਰਮੈਨ ਨੂੰ ਮੈਡੀਕਲ ਅਦਾਰਾ ਚਲਾਉਣ ਦਾ ਕੋਈ ਤਜਰਬਾ ਵੀ ਨਹੀਂ ਸੀ ਅਤੇ ਉਹ ਇਸ ਦੀ ਯੋਗਤਾ ਵੀ ਪੂਰੀ ਨਹੀਂ ਕਰਦੇ ਸਨ। ਪਰ ਇਸਦੇ ਬਾਵਜੂਦ ਅਕਾਲੀ ਸਰਕਾਰ ਨੇ ਨਿਯਮਾਂ 'ਚ ਰੱਦੋਬਦਲ ਕਰਕੇ ਉਕਤ ਜ਼ਮੀਨ ਅਕਾਲੀ ਆਗੂ ਦੇ ਅਦਾਰੇ ਨੂੰ ਸੌਂਪ ਦਿੱਤੀ। ਨੋਟਿਸ 'ਚ ਇਹ ਦੋਸ਼ ਲਾਇਆ ਗਿਆ ਹੈ ਕਿ ਇਸ ਸੌਦੇ ਵਿਚ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦਾ ਬੇਨਾਮੀ ਹਿੱਸਾ ਹੈ। ਉਨ੍ਹਾਂ ਕਿਹਾ ਕਿ ਪਿਮਸ ਦੇ ਵਰਤਮਾਨ ਸੌਦੇ ਨੂੰ ਰੱਦ ਕੀਤਾ ਜਾਵੇ, ਨਵੇਂ ਸਿਰਿਉਂ ਸ਼ਰਤਾਂ ਅਤੇ ਨਿਯਮ ਤੈਅ ਕਰਕੇ ਯੋਗ ਪਾਰਟੀਆਂ ਨੂੰ ਪਿਮਸ ਦਾ ਕੰਮ ਸੰਭਾਲਿਆ ਜਾਵੇ, ਘਪਲੇ ਦੇ ਇਲਜ਼ਾਮਾਂ ਲਈ ਸੀ.ਬੀ.ਆਈ. ਤੋਂ ਜਾਂਚ ਕਰਾਈ ਜਾਵੇ ਅਤੇ ਗੰਨਾ ਖੋਜ ਕੇਂਦਰ ਲਈ ਵੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੂੰ ਜ਼ਮੀਨ ਦਿੱਤੀ ਜਾਵੇ।

## ਬਿਆਸ ਹਲਕੇ 'ਚ ਸਰਕਾਰ ਨੂੰ ਝਟਕਾ ,ਹਾਈਕੋਰਟ ਦੀ ਪੁਲਿਸ ਨੂੰ ਫਟਕਾਰ

ਇਸੇ ਦੌਰਾਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸਾਲ 2007 ਵਿਚ ਥਾਣਾ ਬਿਆਸ ਵਿਚ ਸਾਬਕਾ ਕਾਂਗਰਸੀ ਵਿਧਾਇਕ ਜਸਬੀਰ ਸਿੰਘ ਡਿੰਪਾ ਨੂੰ ਅਦਾਲਤ 'ਚ ਪੇਸ਼ੀ ਸਮੇਂ ਮਿਲਣ ਆਏ ਰਿਸ਼ਤੇਦਾਰਾਂ ਸਮੇਤ 101 ਵਿਅਕਤੀਆਂ ਦੇ ਵਿਰੁਧ ਕੀਤੇ ਗਏ ਮੁਕੱਦਮੇ ਨੂੰ ਟਰਾਇਲ ਤੋਂ ਪਹਿਲਾਂ ਹੀ ਰੱਦ ਕਰਕੇ ਭਾਜਪਾ -ਅਕਾਲੀ ਗੱਠਜੋੜ ਵਾਲੀ ਸਰਕਾਰ ਨੂੰ ਇਕ ਵਾਰ ਫਿਰ ਬਿਆਸ ਹਲਕੇ 'ਚ ਇਕ ਵੱਡਾ ਝਟਕਾ ਦਿੱਤਾ ਹੈ। ਇਸ ਨੂੰ ਸੁਣਕੇ ਕਾਂਗਰਸੀ ਵਰਕਰਾਂ ਵਿਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਕਾਂਗਰਸ ਲੀਗਲ ਸੈਲ ਦੇ ਚੇਅਰਮੈਨ ਵਕੀਲ ਰਜਿੰਦਰ ਸਿੰਘ ਟਪਿਆਲਾ ਨੇ ਦੱਸਿਆ ਕਿ ਅਕਾਲੀ ਸਰਕਾਰ ਦੇ ਰਾਜ ਸੰਭਾਲਣ ਸਾਰ ਹੀ ਕਾਂਗਰਸੀਆਂ ਤੇ ਝੂਠੇ ਮੁਕੱਦਮੇ ਦਰਜ ਕਰਨ ਦਾ ਸਿਲਸਿਲਾ ਸ਼ੁਰੂ ਹੋ ਗਿਆ ਸੀ। ਰਾਜਨਿਤਕ ਰੰਜਿਸ਼ ਦੇ ਚਲਦੇ ਸਰਕਾਰ ਦੀ ਸ਼ਹਿ 'ਤੇ ਬਿਆਸ ਪੁਲਿਸ ਨੇ ਦੋ ਕਾਂਗਰਸੀ ਆਗੂਆਂ 'ਤੇ ਝੂਠੇ ਮੁਕੱਦਮੇ ਦਰਜ ਕੀਤੇ ਸਨ। ਇਸੇ ਸਬੰਧੀ ਮਾਣਯੋਗ ਹਾਈ ਕੋਰਟ ਵਿਚ ਅਪੀਲ ਦਾਇਰ ਕੀਤੀ ਗਈ ਸੀ। ਜਿਸ ਦੀ ਸੁਣਵਾਈ ਕਰਦੇ ਹੋਏ ਹਾਈਕੋਰਟ ਨੇ ਥਾਣਾ ਬਿਆਸ ਵਿੱਚ ਆਈ ਪੀ ਸੀ ਦੀ ਧਾਰਾ 188 ਦੇ ਤਹਿਤ ਦਰਜ ਮੁਕੱਦਮਾ ਨੰਬਰ 126 ਮਿਤੀ 09-06-2007 ਵਿਚ ਟਰਾਇਲ ਚੱਲਣ ਤੋਂ ਪਹਿਲਾਂ ਹੀ ਰੱਦ ਕਰਨ ਦੇ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਦੱਸਿਆ ਕਿ ਸੰਨ 2007 'ਚ ਸਾਬਕਾ ਵਿਧਾਇਕ ਬਿਆਸ ਜਸਬੀਰ ਸਿੰਘ ਡਿੰਪਾ ਦੀ ਅਦਾਲਤ ਪੇਸ਼ੀ ਦੌਰਾਨ ਉਸ ਦੇ ਰਿਸ਼ਤੇਦਾਰ ਅਤੇ ਵਰਕਰ ਮਿਲਣ ਲਈ ਆਏ ਸਨ ਜਿਨ੍ਹਾਂ ਵਿਰੁਧ ਬਿਆਸ ਪੁਲਿਸ ਵਲੋਂ ਸੀ ਆਰ ਪੀ ਸੀ 144 ਦੀ ਸੈਕਸ਼ਨ 188 ਤਹਿਤ ਮਾਮਲਾ ਦਰਜ ਕਰ ਲਿਆ ਗਿਆ ਸੀ ਇਸ ਵਿਰੁਧ ਪਾਰਟੀ ਵਲੋਂ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ ਗਿਆ ਸੀ, ਜਿਸ ਤੇ ਸੁਣਵਾਈ ਕਰਦਿਆਂ ਮਾਨਯੋਗ ਜੱਜ ਕੇਸੀ ਪੁਰੀ ਦੇ ਬੈਂਚ ਨੇ ਪੁਲਿਸ ਨੂੰ ਗਲਤ ਤਰੀਕੇ ਕੇਸ ਦਰਜ ਕਰਨ ਫਟਕਾਰ ਪਾਈ ਹੈ। ਹੇਠਲੀ ਅਦਾਲਤ ਨੂੰ ਟਰਾਇਲ ਤੋਂ ਪਹਿਲਾਂ ਹੀ ਮੁਕੱਦਮਾ ਰੱਦ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਇਸ ਖ਼ਬਰ ਨੂੰ ਸੁਣਦੇ ਸਾਰ ਹੀ ਹਲਕੇ ਦੇ ਸਮੂਹ ਕਾਂਗਰਸੀ ਵਰਕਰਾਂ 'ਚ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਬਿਆਸ ਵਿਖੇ ਕਾਂਗਰਸ ਪਾਰਟੀ ਦੀ ਇਕ ਹੋਰ ਵੱਡੀ ਜਿੱਤ ਦੀ ਖੁਸ਼ੀ ਮਨਾਈ ਗਈ।

# ਬਹੁਤੇ ਸਰਕਾਰੀ ਅਦਾਰੇ ਪੰਜਾਬੀ ਤੋਂ ਪਿੱਛਾ ਛੁਡਾਉਣ ਲਈ ਕਾਹਲੇ

**ਚੰਡੀਗੜ੍ਹ:** ਪੰਜਾਬੀ ਭਾਸ਼ਾ ਨੂੰ ਲਾਗੂ ਕਰਨ 'ਚ ਵੱਡਾ ਅੜਿੱਕਾ ਬਣੀ ਪੰਜਾਬ ਦੀ ਅਫਸਰਸ਼ਾਹੀ ਨੇ ਪੰਜਾਬੀ ਤੋਂ ਪਿੱਛਾ ਛੁਡਾਉਣ ਅਤੇ ਅੰਗਰੇਜ਼ੀ ਦਾ ਦਬਦਬਾ ਕਾਇਮ ਰੱਖਣ ਦੇ ਰਾਹ ਤਲਾਸ਼ਣੇ ਸ਼ੁਰੂ ਕਰ ਦਿੱਤੇ ਹਨ। ਸਰਕਾਰੀ ਅਦਾਰਿਆਂ ਵਲੋਂ ਪੰਜਾਬੀ ਭਾਸ਼ਾ 'ਚ ਕੰਮ ਕਰਨ ਤੋਂ ਮੁਕਤੀ ਪਾਉਣ ਲਈ ਭਾਸ਼ਾ ਵਿਭਾਗ ਤੋਂ ਛੋਟ ਲੈਣ ਦਾ ਨਵਾਂ ਤਰੀਕਾ ਲੱਭਿਆ ਗਿਆ ਹੈ। ਪੰਜਾਬ ਦੇ ਦੋ ਅਦਾਰੇ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ ਪਬਲਿਕ ਐਡਮਨਿਸਟਰੇਸ਼ਨ (ਮੈਗਸੀਪਾ) ਅਤੇ ਕੌਮੀ ਦਿਹਾਤੀ ਸਿਹਤ ਮਿਸ਼ਨ ਵਲੋਂ ਆਪਣੇ ਕੰਮ ਕਾਰ ਅੰਗਰੇਜ਼ੀ ਭਾਸ਼ਾ 'ਚ ਜਾਰੀ ਰੱਖਣ ਦੀ ਪ੍ਰਵਾਨਗੀ ਮੰਗੀ ਗਈ ਹੈ। ਇਨ੍ਹਾਂ ਅਦਾਰਿਆਂ ਵਾਂਗ ਕਈ ਹੋਰ ਸਰਕਾਰੀ ਅਦਾਰੇ ਅਤੇ ਵਿਭਾਗ ਵੀ ਭਾਸ਼ਾ ਵਿਭਾਗ ਤੋਂ ਛੋਟ ਲੈਣ ਦੇ ਕੇਸ ਤਿਆਰ ਕਰ ਰਹੇ ਹਨ ਤਾਂ ਜੋ ਸਰਕਾਰੀ ਕੰਮ ਕਾਜ ਪੰਜਾਬੀ ਭਾਸ਼ਾ 'ਚ ਨਾ ਕਰਨਾ ਪਵੇ। ਭਾਸ਼ਾ ਵਿਭਾਗ ਦੇ ਉੱਚ ਅਧਿਕਾਰੀ ਸਰਕਾਰੀ ਅਦਾਰਿਆਂ ਦੇ ਇਸ ਰੁਝਾਨ ਤੋਂ ਕਾਫੀ ਪ੍ਰੇਸ਼ਾਨ ਹਨ। ਵਿਭਾਗ ਨੇ ਸਰਕਾਰੀ ਦਫਤਰਾਂ 'ਚ ਪੰਜਾਬੀ ਨੂੰ ਸਖਤੀ ਨਾਲ ਲਾਗੂ ਕਰਾਉਣ ਲਈ ਵਿਭਾਗ ਦੀ ਮੰਤਰੀ ਡਾ. ਉਪਿੰਦਰਜੀਤ ਕੌਰ ਤੱਕ ਪਹੁੰਚ ਕੀਤੀ ਹੈ। ਸੂਤਰਾਂ ਮੁਤਾਬਕਾ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ ਪਬਲਿਕ ਐਡਮਨਿਸਟਰੇਸਨ ਪੰਜਾਬ ਨੇ ਭਾਸ਼ਾ ਵਿਭਾਗ, ਪੰਜਾਬ ਨੂੰ ਭੇਜੀ ਆਪਣੀ ਬੇਨਤੀ 'ਚ ਕਿਹਾ ਕਿ ਇਹ ਸੰਸਥਾ ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸਿਖਲਾਈ ਦੇਣ ਤੋਂ ਇਲਾਵਾ ਕਈ ਗੈਰ ਸਰਕਾਰੀ ਸਰਗਰਮੀਆਂ ਵੀ ਚਲਾਉਂਦੀ ਹੈ ਤੇ ਪੰਜਾਬ ਸਰਕਾਰ ਦੇ ਪੂਰੀ ਤਰ੍ਹਾਂ ਕੰਟਰੋਲ ਹੇਠ ਨਹੀਂ ਹੈ। ਇਸ ਲਈ ਇਸ ਸੰਸਥਾ ਦਾ ਕੰਮ ਗੈਰ ਪੰਜਾਬੀ ਭਾਸ਼ਾ 'ਚ ਜਾਰੀ ਰੱਖਣ ਦੀ ਛੋਟ ਦਿੱਤੀ ਜਾਵੇ। ਭਾਸ਼ਾ ਵਿਭਾਗ ਨੇ ਸੰਸਥਾ ਦੀ ਇਸ ਬੇਨਤੀ ਨੂੰ ਅਪ੍ਰਵਾਨ ਕਰ ਦਿੱਤਾ ਹੈ। ਵਿਭਾਗ ਦਾ ਤਰਕ ਹੈ ਕਿ ਇਹ ਸੰਸਥਾ ਪੰਜਾਬ ਸਰਕਾਰ ਵਲੋਂ ਦਿੱਤੀ ਜਾਂਦੀ ਗਰਾਂਟ ਨਾਲ ਚਲਦੀ ਹੈ। ਇਸ ਲਈ ਸੰਸਥਾ ਨੂੰ ਪੰਜਾਬੀ ਭਾਸ਼ਾ 'ਚ ਕੰਮ ਕਰਨ ਤੋਂ ਛੋਟ ਨਹੀਂ ਦਿੱਤੀ ਜਾ ਸਕਦੀ। ਸੰਸਥਾ ਦੇ ਅਧਿਕਾਰੀਆਂ ਦਾ ਹੁਣ ਕਹਿਣਾ ਸੀ ਕਿ ਰਾਜ ਭਾਸ਼ਾ ਐਕਟ 'ਚ ਸੁਸਾਇਟੀਆਂ ਦਾ ਜ਼ਿਕਰ ਨਹੀਂ ਆਉਂਦਾ, ਇਸ ਲਈ ਇਸ ਵੇਲੇ ਪੰਜਾਬੀ ਤੋਂ ਛੋਟ ਮੰਗਣੀ ਵਾਜਬ ਹੈ। ਸੰਸਥਾ ਨੇ ਕਾਨੂੰਨੀ ਮਸ਼ੀਰ ਤੋਂ ਰਿਪੋਰਟ ਨੂੰ ਵੀ ਆਪਣੀ ਮੰਗ ਦਾ ਆਧਾਰ ਬਣਾਇਆ ਹੈ ਅਤੇ ਵਿਭਾਗ ਤੋਂ ਦੁਬਾਰਾ ਛੋਟ ਮੰਗੀ ਹੈ। ਮੁੱਖ ਸਕੱਤਰ ਸੁਬੋਧ ਚੰਦਰ ਅਗਰਵਾਲ ਨੇ ਸੰਸਥਾ ਨੂੰ ਪੰਜਾਬੀ ਤੋਂ ਛੋਟ ਦੇਣ ਦੇ ਮਾਮਲੇ 'ਚ ਭਾਸ਼ਾ ਵਿਭਾਗ, ਸੰਸਥਾ ਦੇ ਅਧਿਕਾਰੀਆਂ ਅਤੇ ਕਾਨੂੰਨੀ ਮਸ਼ੀਰ ਦੇ ਨੁਮਾਇੰਦਿਆਂ ਦੀ ਸਾਂਝੀ ਮੀਟਿੰਗ ਵੀ ਬੁਲਾ ਲਈ ਹੈ। ਇਹ ਮੀਟਿੰਗ 25 ਨਵੰਬਰ ਨੂੰ ਹੋਣੀ ਸੀ, ਪਰ ਮੁੱਖ ਸਕੱਤਰ ਦੇ ਰੁਝੇਵਿਆਂ ਕਾਰਨ ਮੁਲਤਵੀ ਕਰਨੀ ਪਈ। ਭਾਸ਼ਾ ਵਿਭਾਗ ਦੇ ਇੱਕ ਅਧਿਕਾਰੀ ਨੇ ਆਪਣਾ ਨਾਂ ਗੁਪਤ ਰਖਦਿਆਂ ਕਿਹਾ ਕਿ ਕਾਨੂੰਨੀ ਮਸ਼ੀਰ ਦੀ ਰਿਪੋਰਟ ਤੋਂ ਬਾਅਦ ਵੀ ਸੰਸਥਾ ਨੂੰ ਪੰਜਾਬੀ 'ਚ ਕੰਮ ਕਰਨ ਤੋਂ ਛੋਟ ਨਹੀਂ ਦਿੱਤੀ ਜਾਵੇਗੀ ਭਾਵੇਂ ਇਸ ਲਈ ਪੰਜਾਬੀ ਭਾਸ਼ਾ ਐਕਟ 'ਚ ਇਕ ਹੋਰ ਸੋਧ ਕਿਉਂ ਨਾ ਕਰਨੀ ਪਵੇ। ਇਸ ਅਧਿਕਾਰੀ ਦਾ ਇਹ ਵੀ ਕਹਿਣਾ ਹੈ ਕਿ ਜੇਕਰ ਇੱਕ ਜਾਂ ਦੋ ਸੰਸਥਾਵਾਂ ਨੂੰ ਪੰਜਾਬੀ ਭਾਸ਼ਾ 'ਚ ਕੰਮ ਨਾ ਕਰਨ ਤੋਂ ਛੋਟ ਦੇ ਦਿੱਤੀ ਗਈ ਤਾਂ ਪੰਜਾਬੀ ਭਾਸ਼ਾ ਨੂੰ ਲਾਗੂ ਕਰਨਾ ਬੇਹੱਦ ਮੁਸ਼ਕਿਲ ਹੋ ਜਾਵੇਗਾ ਤੇ ਹਰ ਇੱਕ ਵਿਭਾਗ ਪੰਜਾਬੀ 'ਚ ਕੰਮ ਨਾ ਕਰਨ ਦਾ ਆਪਣਾ ਤਰਕ ਪੇਸ਼ ਕਰੇਗਾ। ਇਸੇ ਤਰ੍ਹਾਂ ਪੰਜਾਬੀ ਭਾਸ਼ਾ ਤੋਂ ਮੁਕਤੀ ਪਾਉਣ ਲਈ ਰਾਜ ਦੇ ਪ੍ਰਾਈਵੇਟ ਮਾਡਲ ਸਕੂਲ ਵੀ ਸਰਕਾਰ ਦਾ ਦਰਵਾਜ਼ਾ ਖੜ੍ਹਕਾਉਣਗੇ। ਕੌਮੀ ਦਿਹਾਤੀ ਸਿਹਤ ਮਿਸ਼ਨ (ਐਨ ਆਰ ਐਚ ਐਮ) ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਸੰਸਥਾ ਕੇਂਦਰ ਸਰਕਾਰ ਦੇ ਫੰਡ ਨਾਲ ਬਣੀ ਹੈ। ਇਸ ਅਦਾਰੇ ਵਲੋਂ ਕੇਂਦਰ ਸਰਕਾਰ ਨੂੰ ਕੀਤਾ ਜਾਂਦਾ ਪੱਤਰ ਵਿਹਾਰ ਪੰਜਾਬੀ ਭਾਸ਼ਾ 'ਚ ਸੰਭਵ ਨਹੀਂ ਇਸ ਲਈ ਅੰਗਰੇਜ਼ੀ 'ਚ ਹੀ ਕੰਮ ਕਾਰ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ ਜਾਵੇ।

ਭਾਸ਼ਾ ਵਿਭਾਗ ਨੇ ਇਸ ਅਦਾਰੇ ਨੂੰ ਵੀ ਪੰਜਾਬੀ ਭਾਸ਼ਾ ਤੋਂ ਛੋਟ ਨਹੀਂ ਦਿੱਤੀ ਕਿਉਂਕਿ ਇਹ ਅਦਾਰਾ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਅਧੀਨ ਚੱਲਦਾ ਹੈ। ਸੂਤਰਾਂ ਦਾ ਦੱਸਣਾ ਹੈ ਕਿ ਇਸ ਅਦਾਰੇ ਨੇ ਮੁੱਖ ਸਕੱਤਰ, ਭਾਸ਼ਾ ਵਿਭਾਗ ਅਤੇ ਮਹਾਤਮਾ ਗਾਂਧੀ ਇੰਸਟੀਚਿਊਟ ਦੇ ਅਧਿਕਾਰੀਆਂ ਦਰਮਿਆਨ ਹੋਣ ਵਾਲੀ ਮੀਟਿੰਗ ਦੇ ਫੈਸਲੇ ਤੇ ਟੇਕ ਰੱਖੀ ਹੋਈ ਹੈ। ਕਈ ਹੋਰਨਾਂ ਵਿਭਾਗਾਂ ਨੇ ਵੀ ਕੇਂਦਰ ਸਰਕਾਰ ਨਾਲ ਪੱਤਰ ਵਿਹਾਰ ਦੇ ਬਹਾਨੇ ਪੰਜਾਬੀ ਭਾਸ਼ਾ ਤੋਂ ਛੋਟ ਲੈਣ ਦਾ ਫੈਸਲਾ ਕੀਤਾ ਹੈ।

# ਪੰਜਾਬ ਦੇ ਸਭਿਆਚਾਰ ਨੂੰ ਰੂਪਮਾਨ ਕਰੇਗਾ ਇਕ ਵਿਰਾਸਤੀ ਪਿੰਡ

**ਅੰਮ੍ਰਿਤਸਰ :** ਵਿਗਿਆਨ ਦੇ ਵਿਕਾਸ ਨਾਲ ਜ਼ਿੰਦਗੀ ਦੀ ਰਫਤਾਰ ਵਿਚ ਆਈ ਤੇਜ਼ੀ ਅਤੇ ਮਨੁੱਖ ਦੀ ਬਦਲੀ ਰੁਚੀ ਨੇ ਹੌਲੀ-ਹੌਲੀ ਪਿੰਡਾਂ ਦੇ ਮੁਹਾਂਦਰੇ ਨੂੰ ਨਵਾਂ ਰੂਪ ਦਿੱਤਾ ਹੈ। ਵਿਗਿਆਨਕ ਸੁੱਖ ਸਹੂਲਤਾਂ ਨੇ ਪੁਰਾਤਨ ਸਭਿਆਚਾਰਕ ਵਸਤਾਂ ਨੂੰ ਅਲੋਪ ਕਰ ਦਿੱਤਾ ਹੈ। ਅੱਜ ਸਥਿਤੀ ਇਹ ਬਣ ਗਈ ਹੈ ਕਿ ਨਾ ਤਾਂ ਉਹ ਪੁਰਾਣੇ ਪਿੰਡ ਰਹੇ ਅਤੇ ਨਾ ਹੀ ਵਿਰਸੇ ਨਾਲ ਸਬੰਧਤ ਪੁਰਾਤਨ ਵਸਤਾਂ ਰਹੀਆਂ ਹਨ।

ਸੱਥਾਂ ਖਤਮ ਹੋ ਗਈਆਂ। ਟਰੈਕਟਰ-ਟਰਾਲੀਆਂ ਨੇ ਗੱਡਿਆਂ ਤੇ ਹਲਾਂ ਦਾ ਭੋਗ ਪਾ ਦਿੱਤਾ। ਹਰਟਾਂ ਦੀ ਥਾਂ ਟਿਊਬਵੈੱਲਾਂ ਨੇ ਲੈ ਲਈ। ਖੂਹਾਂ 'ਤੇ ਪਾਣੀ ਲਈ ਲਗਦੀ ਰੌਣਕ ਗੁਆਚ ਗਈ। ਘਰਾਂ ਵਿਚ ਟੂਟੀਆਂ ਦਾ ਪਾਣੀ ਆ ਗਿਆ। ਛੋਟੀਆਂ ਮੋਟਰਾਂ ਲੱਗ ਗਈਆਂ ਅਤੇ ਖੂਹਾਂ ਨਾਲ ਜੁੜੇ ਸਭਿਆਚਾਰਕ ਰਿਸ਼ਤੇ ਟੁੱਟ ਗਏ। ਇਹ ਤਾਂ ਕੁਝ ਕੁ ਉਦਾਹਰਣਾਂ ਹਨ। ਹਜ਼ਾਰਾਂ ਸਾਲਾਂ ਤੋਂ ਪੰਜਾਬੀਆਂ ਦੇ ਨਿੱਤ ਵਰਤੋਂ ਵਿਚ ਆਉਂਦੇ ਭਾਂਡੇ, ਔਜ਼ਾਰ, ਹਥਿਆਰ, ਸਾਜ਼, ਮੰਜੇ-ਪੀੜ੍ਹੇ, ਚਰਖੇ, ਦਰੀਆਂ, ਖੇਤੀ ਦੇ ਸੰਦ ਆਦਿ ਪਿਛਲੇ ਪੰਜਾਹ ਸਾਲਾਂ ਦੇ ਸਮੇਂ ਵਿਚ ਹੀ ਅਲੋਪ ਹੋ ਗਏ। ਅੱਜ ਸਥਿਤੀ ਇਹ ਬਣ ਗਈ ਹੈ ਕਿ ਨਵੀਂ ਪੀੜ੍ਹੀ ਜੇ ਪੁਸਤਕਾਂ ਪੜ੍ਹੇ ਤਾਂ ਹੀ ਉਸ ਨੂੰ ਪੁਰਾਣੇ ਪਿੰਡਾਂ ਦੀ, ਉਨ੍ਹਾਂ ਵਿਚਲੇ ਸਭਿਆਚਾਰ, ਅਮੀਰ ਵਿਰਸੇ ਤੇ ਉਸ ਨਾਲ ਜੁੜੀਆਂ ਕਦਰਾਂ-ਕੀਮਤਾਂ ਦੀ ਸਮਝ ਲਗ ਸਕਦੀ ਹੈ। ਪਰ ਨਵੀਂ ਪੀੜ੍ਹੀ ਅੰਦਰ ਅਜਿਹੀ ਰੁਚੀ ਪੈਦਾ ਕਰਨੀ ਮੁਸ਼ਕਲ ਕੰਮ ਹੈ। ਜੇਕਰ ਕਿਸੇ ਅਮੀਰ ਨੇ ਸਭਿਆਚਾਰ ਨੂੰ ਉਜਾਗਰ ਕਰਨ ਦਾ ਉਪਰਾਲਾ ਕੀਤਾ ਤਾਂ ਉਹ ਵਪਾਰਕ ਸੋਚ ਬਣ ਗਈ ਅਤੇ 'ਹਵੇਲੀ' ਵਰਗੇ ਹੋਟਲ ਉਭਰ ਆਏ। ਸੋਚਣ ਵਾਲੀ ਗੱਲ ਇਹ ਹੈ ਕਿ ਕੀ ਅਜਿਹੀਆਂ ਵਪਾਰਕ ਹਵੇਲੀਆਂ ਪੰਜਾਬੀ ਸਭਿਆਚਾਰ ਨੂੰ ਸਹੀ ਅਰਥਾਂ ਅਤੇ ਸਹੀ ਰੂਪ ਵਿਚ ਬਚਾਅ ਸਕਣੀਆਂ? ਇਸ ਸਥਿਤੀ ਵਿਚ ਪੰਜਾਬੀ ਸਭਿਆਚਾਰ ਦੇ ਬਚਾਅ ਲਈ ਸੁਹਿਰਦ ਉਪਰਾਲੇ ਹੀ ਸਾਰਥਕ ਸਾਬਤ ਹੋ ਸਕਦੇ ਹਨ। ਪੰਜਾਬ ਸਰਕਾਰ ਵਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਹਿਯੋਗ ਅਤੇ ਉਸ ਦੀ ਜ਼ਮੀਨ 'ਤੇ 'ਵਿਰਾਸਤੀ ਪਿੰਡ' ਉਸਾਰਨ ਲਈ ਆਰੰਭੇ ਸੁਹਿਰਦ ਉਪਰਾਲੇ ਹੀ ਸਾਰਥਕ ਸਾਬਤ ਹੋ ਸਕਦੇ ਹਨ।

ਪੰਜਾਬ ਸਰਕਾਰ ਵਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਹਿਯੋਗ ਅਤੇ ਉਸਦੀ ਜ਼ਮੀਨ 'ਤੇ 'ਵਿਰਾਸਤੀ ਪਿੰਡ' ਉਸਾਰਨ ਲਈ ਆਰੰਭੇ ਸੁਹਿਰਦ ਉਪਰਾਲੇ ਸਦਕਾ ਪੰਜਾਬੀ ਸਭਿਆਚਾਰ ਅਤੇ ਪੁਰਾਤਨ ਪਿੰਡਾਂ ਦਾ ਸਰੂਪ ਸਥਾਪਤ ਕਰਨ ਦਾ ਸੁਪਨਾ ਸਾਕਾਰ ਹੋਣ ਦੇ ਕੰਢੇ 'ਤੇ ਹੈ। ਇਸ ਉਪਰਾਲੇ ਵਿਚ ਸਭ ਤੋਂ ਵੱਡਾ ਯੋਗਦਾਨ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਕਾਹਨ ਸਿੰਘ ਪੰਨੂੰ ਦਾ ਹੈ, ਜਿਨ੍ਹਾਂ ਦਾ ਇਹ ਸੁਪਨਈ ਪ੍ਰਾਜੈਕਟ, ਤੇ 'ਵਿਰਾਸਤੀ ਪਿੰਡ' ਨਵੀਂ ਪੀੜ੍ਹੀ ਨੂੰ ਆਪਣੇ ਪੁਰਾਤਨ ਸਭਿਆਚਾਰ ਨਾਲ ਜੋੜੇਗਾ। ਯੂਨੀਵਰਸਿਟੀ ਦੇ ਵਾਈਸ-ਚਾਂਸਲਰ, ਪ੍ਰੋਫੈਸਰ ਅਜਾਇਬ ਸਿੰਘ ਬਰਾੜ ਵਲੋਂ ਇਸ ਪਿੰਡ ਦੀ ਸਥਾਪਤੀ ਵਿਚ ਵਿਖਾਈ ਜਾ ਰਹੀ ਰੁਚੀ ਅਤੇ ਯਤਨਾਂ ਦੀ ਇਸ ਪ੍ਰਾਜੈਕਟ ਵਿਚ ਅਹਿਮ ਭੂਮਿਕਾ ਹੋਵੇਗੀ। ਪਿਛਲੇ ਦੋ ਸਾਲਾਂ ਤੋਂ ਸ੍ਰੀ ਪੰਨੂੰ ਵਲੋਂ ਲਗਾਤਾਰ ਕੀਤੇ ਜਾ ਰਹੇ ਉਪਰਾਲਿਆਂ ਸਦਕਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਇਸ ਪਿੰਡ ਲਈ 13 ਏਕੜ ਜ਼ਮੀਨ ਕੈਂਪਸ ਵਿਚ ਬਾਈਪਾਸ ਦੇ ਨੇੜੇ ਮੁਹੱਈਆ ਕਰਵਾਈ। ਪਿੰਡ ਦਾ ਡਿਜ਼ਾਈਨ ਬਣ ਗਿਆ ਹੈ ਅਤੇ ਰਕਮ ਵੀ ਪ੍ਰਾਪਤ ਹੋ ਚੁੱਕੀ ਹੈ। ਪਿੰਡ ਦਾ ਨਕਸ਼ਾ ਦੇਸ਼ ਦੇ ਮਸ਼ਹੂਰ ਆਰਕੀਟੈਕਟ ਸ੍ਰੀ ਅਭਿਮੰਨਿਊ ਨੇ ਡਿਜ਼ਾਈਨ ਕੀਤਾ ਹੈ। ਇਕ ਸਾਲ ਦੇ ਸਮੇਂ ਵਿਚ ਲੋਕਾਂ ਨੂੰ ਇਹ ਸਮਰਪਿਤ ਹੋ ਜਾਵੇਗੀ। ਇਸ ਉਪਰ 10 ਕਰੋੜ ਤੋਂ ਵੱਧ ਰਕਮ ਖਰਚ ਹੋਵੇਗੀ। ਮੁੱਖ ਮੰਤਰੀ ਸ੍ਰੀ ਪ੍ਰਕਾਸ਼ ਸਿੰਘ ਬਾਦਲ, ਜਿਨ੍ਹਾਂ ਨੇ ਇਸ ਵਿਰਾਸਤੀ ਪਿੰਡ ਦੀ ਕਾਇਮੀ ਲਈ ਵਿਸ਼ੇਸ਼ ਰੁਚੀ ਵਿਖਾਈ ਹੈ, ਨੇ ਇਹ ਭਰੋਸਾ ਦਿੱਤਾ ਹੈ ਕਿ ਪ੍ਰਾਜੈਕਟ ਲਈ ਫੰਡਾਂ ਦੀ ਕੋਈ ਥੁੜ੍ਹ ਨਹੀਂ ਆਉਣ ਦਿੱਤੀ ਜਾਵੇਗੀ। ਪੰਜਾਬਗੜ੍ਹ ਨਾਂ ਦੇ ਇਸ ਪਿੰਡ ਵਿਚ ਮਾਝੇ, ਮਾਲਵੇ ਅਤੇ ਦੋਆਬੇ ਨੂੰ ਦਰਸਾਉਂਦੇ ਵੱਖ-ਵੱਖ ਖਿੱਤਿਆਂ ਨੂੰ ਰੂਪਮਾਨ ਕੀਤਾ ਜਾਵੇਗਾ ਅਤੇ ਪਿੰਡਾਂ ਦੇ ਕੰਮ-ਸਭਿਆਚਾਰ ਨਾਲ ਜੁੜੇ ਸਾਰੇ ਕਿੱਤਿਆਂ ਨੂੰ ਸੰਦਾਂ ਸਮੇਤ ਉਜਾਗਰ ਕੀਤਾ ਜਾਵੇਗਾ। ਸੱਥ, ਟੋਭਾ, ਘੁਲਾੜੀ, ਖੂਹ, ਗੁਹਾਰਾ, ਸਮਾਧਾਂ, ਤਲਾਅ, ਕੋਹਲੂ, ਘੁਮਿਆਰ ਦੇ ਚੱਕ ਤੱਕ ਦੀਆਂ ਸਾਰੀਆਂ ਵਸਤਾਂ ਚਾਲੂ ਹਾਲਤ ਵਿਚ ਰੂਪਮਾਨ ਕੀਤੀਆਂ ਜਾਣਗੀਆਂ ਅਤੇ ਪੰਜਾਬੀ ਖਾਣਿਆਂ ਤੇ ਪੇਂਡੂ ਹੱਟੀਆਂ ਨੂੰ ਸਿਰਜਿਆ ਜਾਵੇਗਾ। ਇਸ ਵਿਰਾਸਤ ਪਿੰਡ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੇ ਖੋਜ ਕਾਰਜਾਂ ਲਈ ਇਕ ਖੋਜ ਕੇਂਦਰ ਅਤੇ ਆਡੀਟੋਰੀਅਮ ਵੀ ਬਣਾਇਆ ਜਾਵੇਗਾ ਅਤੇ ਬਣਨ ਉਪਰੰਤ ਪਿੰਡ ਦੀ ਸਾਂਭ-ਸੰਭਾਲ, ਸੰਚਾਲਨ ਦੀ ਜ਼ਿੰਮੇਵਾਰੀ ਯੂਨੀਵਰਸਿਟੀ ਨਿਭਾਏਗੀ। ਯੂਨੀਵਰਸਿਟੀ ਵਿਚ ਵਿਰਾਸਤੀ ਪਿੰਡ ਸਥਾਪਤ ਕਰਨ ਦਾ ਸੁਪਨਾ ਕੁਝ ਸਾਲ ਪਹਿਲਾਂ ਤਤਕਾਲੀਨ ਵਾਈਸ-ਚਾਂਸਲਰ ਡਾ. ਐਸ.ਪੀ.ਸਿੰਘ ਨੇ ਲਿਆ ਸੀ। ਇਸਦਾ ਉਦਘਾਟਨ ਟੱਕ ਲਾ ਕੇ ਵੀ ਉਨ੍ਹਾਂ ਨੇ ਹੀ ਕੀਤਾ ਸੀ।

North American Truck Stop
ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

ਕੈਰੀਅਰ ਥਰਮੋਕਿੰਗ ਐਂਡ
ਕੈਰੀਅਰ ਯੂਨਿਟ
ਇੰਜਣ ਇਥੇ ਸਸਤੇ ਭਾਅ
ਉਤੇ ਬਦਲੇ ਜਾਂਦੇ ਹਨ

ਤਸੱਲੀਬਖ਼ਸ਼ ਸਰਵਿਸ
ਬਿਲਕੁਲ ਵਾਜਬ ਭਾਅ
909-350-3310, 909-697-5808
balwindernats@yahoo.com
14320 Slover Ave., Fontana, CA 92337

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ
*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ

Attorny At Law
Law Offices Of Jaspreet Singh
37-18, 73 Street, Suite 401
(Near Subzi Mandi)
Jackson Hts, NY-11372
Ph:718-533-8444
Fax: 718-533-8460
44790 S. Grimmer
Blvd. #204
Fremont CA-94538
Ph:510-657-6444
Fax: 510-657-6443
2945 W. Capitol Ave,
Sacramento CA-95691
Ph: 916-372-4448
Fax: 916-372-4440

Reliable and Experienced
Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869
*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay
We Specialize in Bankowned, Foreclosure and Short Sale Homes
ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।
We Do Loan Modification and Credit Repair to Save Your Home From Forclosure
Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ
Right Time To Buy For Investers And First Time Home Buyers
REALTY WORLD Millennium

Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com
Gurbans Gill 209-815-1869

# ਹੁਣ ਤਾਂ ਸਿੱਖੀ ਵੀ ਹੋ ਗਈ ਮਲਿਕ ਭਾਗੋਆਂ ਅਤੇ ਪੁਜਾਰੀਆਂ ਦੀ ਕੈਦੀ

ਸਮੇਂ ਦੇ ਨਾਲ ਵਿਚਾਰ ਚਲਦੇ ਨੇ ਅਤੇ ਬਦਲਦੇ ਨੇ। ਆਉਣ ਵਾਲੇ ਯੁੱਗ ਦਾ ਅਨੁਭਵ ਵਿਰਲਿਆਂ ਨੂੰ ਹੁੰਦਾ ਹੈ। ਗੁਰੂ ਨਾਨਕ ਉਹਨਾਂ ਵਿਚੋਂ ਇਕ ਸਨ, ਜਿਹਨਾਂ ਦੀਆਂ 500 ਸਾਲ ਪਹਿਲਾਂ ਕਹੀਆਂ ਹੋਈਆਂ ਟਕਸਾਲੀ ਗੱਲਾਂ ਵੀ ਅੱਜ ਤਾਈਂ ਅਨੇਕ ਲੋਕਾਂ ਦੀ ਸਮਝ ਵਿਚ ਨਹੀਂ ਆਉਂਦੀਆਂ ਅਤੇ ਜਿਹੜੇ



ਦਲਬੀਰ ਸਿੰਘ ਪੱਤਰਕਾਰ

ਸਮਝਦੇ ਹਨ, ਉਹ ਇਹਨਾਂ ਗੱਲਾਂ 'ਤੇ ਅਮਲ ਨਹੀਂ ਕਰ ਸਕਦੇ। ਜਿਹਨਾਂ ਨੇ ਇਹ ਅਮਲ ਕਰਨ ਦੀ ਕੋਸ਼ਿਸ਼ ਕੀਤੀ, ਉਹਨਾਂ ਵਿਚੋਂ ਅਨੇਕਾਂ ਨੂੰ ਆਪਣੀਆਂ ਜਾਨਾਂ ਗਵਾਉਣੀਆਂ ਪਈਆਂ ਅਤੇ ਅਨੇਕਾਂ ਜੇਲ੍ਹੀਂ ਬੰਦ ਹਨ। ਗੱਲ ਕੀ ਸੀ ? ਗਲ ਸੀ ੴ ਦੀ। ਭਾਵ ਇਹ ਕਿ ਸਮੁੱਚਾ ਕੁਦਰਤ ਦਾ ਵਰਤਾਰਾ ਇਕ ਪੈਂਤੜੇ ਵਿਚ ਬੱਧਾ ਹੋਇਆ ਹੈ। ਇਸਦਾ ਬਿਆਨ ਹੋਣਾ ਔਖਾ ਹੈ। "ਲੱਖ ਆਗਾਸਾ ਆਗਾਸ...ਆਪੇ ਜਾਣੈ ਆਪ"। ਕਈਆਂ ਨੇ ਇਸਦੇ ਅਰਥ ਇਹ ਕਢ ਲਏ ਕਿ ਗੁਰੂ ਨਾਨਕ ਦੇਵ ਜੀ ਨੇ ਲੱਖ ਅਗਾਸਾ ਪਤਾਲਾਂ ਦੀ ਗੱਲ ਕੀਤੀ ਸੀ। ਸਾਰੀ ਤੁਕ ਪੜ੍ਹੋ। ਉਹਨਾਂ ਨੇ ਇਸ ਵਰਤਾਰੇ ਦੀ ਵਿਸ਼ਾਲਤਾ ਦਾ ਇਹ ਕਹਿ ਕੇ ਭੋਗ ਪਾਇਆ ਕਿ ਇਸ ਬਾਰੇ ਕੇਵਲ ਇਸਦੇ ਸਿਰਜਨਹਾਰੇ ਨੂੰ ਹੀ ਪਤਾ ਹੈ। ਭਾਵੇਂ ਗੁਰੂ ਜੀ ਦੇ "ਆਪੇ ਜਾਣੈ ਆਪ" ਕਥਨ ਸਬੰਧੀ ਇਕ ਸੋਝੀ ਵਾਲੇ ਕਹਿਲਾਉਣ ਵਾਲੇ ਨੇ ਇਹ ਦਾਅਵਾ ਬੱਧਾ ਕਿ ਗੁਰੂ ਜੀ ਦਲੀਲ ਤੋਂ ਉਪਰ ਦੀ ਗੱਲ ਕਰਦੇ ਸਨ ਅਤੇ ਉਹਨਾਂ ਨੂੰ 'ਅਲਹਾਮ' (ਰੈਵੀਲੇਸ਼ਨ) ਹੋਇਆ ਸੀ। ਇਸ ਲੜੀ ਦੇ ਮੂਰਖਾਂ ਨੇ ਇਹ ਵੀ ਕਹਿ ਦਿੱਤਾ ਕਿ ਉਹ ਸੁਲਤਾਨਪੁਰ ਲੋਧੀ ਦੀ ਵੇਈਂ 'ਚ ਨਹਾਉਣ ਗਏ ਤਿੰਨ ਦਿਨ ਉਡਾਰੀ ਮਾਰ ਕੇ ਗੁਰੂ ਜੀ ਸ਼ਿਵਜੀ ਕੋਲ ਪਹੁੰਚ ਗਏ ਸਨ। ਪਰ ਉਪਰੋਕਤ ਤੁਕ ਵਿਚ ਗੁਰੂ ਜੀ ਨੇ ਵੇਦਾਂ ਪੁਰਾਣਾਂ ਦੀ ਗੱਲ ਕੀਤੀ ਹੈ। ਜਿਸਦਾ ਅਰਥ ਸਾਫ ਹੈ ਕਿ ਉਹਨਾਂ ਨੇ ਸਮੇਂ ਦੇ ਗਿਆਨ ਦਾ ਡੂੰਘਾ ਅਧਿਐਨ ਕੀਤਾ ਹੋਇਆ ਸੀ। ਇਸ ਤੋਂ ਅੱਗੇ ਗੁਰੂ ਸਾਹਿਬਾਨ ਦੀ ਪਰੰਪਰਾ ਵਿਚ ਇਹ ਮਾਨਤਾ ਪ੍ਰਾਪਤ ਹੋਇਆ ਕਿ ਕਿਸੇ ਵੀ ਗੁਰੂ ਨੇ ਕਰਾਮਾਤਾਂ ਵਿਚ ਯਕੀਨ ਨਹੀਂ ਰੱਖਿਆ। ਇਸ ਲਈ ਗੁਰੂ ਨਾਨਕ ਦੇਵ ਜੀ ਨੂੰ ਇਕ ਕਰਾਮਾਤੀ ਮਹਾਂਪੁਰਖ ਕਹਿਣਾ ਠੀਕ ਨਹੀਂ। ਪਰ ਦੂਜੇ ਬੰਨੇ ਉਹਨਾਂ ਦੀ ਉਚ ਕੋਟੀ ਦੀ ਸੋਝੀ ਨੂੰ ਪਰਵਾਨ ਕਰਨਾ ਹੀ ਪਵੇਗਾ।

ਇਹ ਇਸੇ ਤਰ੍ਹਾਂ ਹੀ ਹੈ ਜਿਵੇਂ ਵੱਡੇ ਵਿਗਿਆਨੀ ਦੀ ਧਰਤੀ ਦੇ ਗੋਲ ਹੋਣ ਦੀ ਗੱਲ, ਉਸਨੂੰ ਸੂਰਜ ਗਿਰਦ ਘੁੰਮਣ ਦੀ ਗੱਲ ਆਦਿ ਗੱਲਾਂ ਅਸੀਂ ਇਸ ਲਈ ਨਹੀਂ ਮੰਨਦੇ ਕਿ ਅਸੀਂ ਉਹਨਾ ਨੂੰ ਜਾਣਦੇ ਹਾਂ ਸਗੋਂ ਇਸ ਲਈ ਮੰਨਦੇ ਹਾਂ ਕਿਉਂਕਿ ਉਸ ਨੂੰ ਸਮੁੱਚਾ ਮਨੁੱਖੀ ਗਿਆਨ ਮੰਨਦਾ ਹੈ। ਗੁਰਬਾਣੀ ਵਿਚ ਆਰੰਭਕ ੴ ਸੰਬੰਧੀ ਚਰਚਾ ਕੋਈ ਮੰਤਰ ਨਹੀਂ ਸੀ ਜਿਵੇਂ ਕੇ ਨਾਨਕ ਸਮਰਥਕਾਂ ਨੇ ਪ੍ਰਚਾਰ ਕਰਾਇਆ ਹੋਇਆ ਹੈ। ਇਹ ਤਾਂ ਮੂਲ ਤੱਤ ਸੀ ਜੋ ਯੁੱਗਾਂ ਯੁਗਾਂਤਰਾਂ ਤੋਂ ਅੱਜ ਵੀ, ਆਉਣ ਵਾਲੇ ਸਮੇਂ ਵਿਚ ਵੀ, ਸੱਚ ਹੀ ਰਹੇਗਾ। ਕੁਦਰਤ ਦਾ ਐਡਾ ਵੱਡਾ ਖੁਲਾਸਾ ਅੱਜ ਤਾਈਂ ਵੀ ਵੱਡੇ ਤੋਂ ਵੱਡੇ ਫਿਲਾਸਫਰ ਅਤੇ ਵਿਗਿਆਨੀ ਨੇ ਨਹੀਂ ਕੀਤਾ।

ਇਸੇ ਲੜੀ ਅਧੀਨ ਗੁਰੂ ਜੀ ਨੇ ਸਮਾਜ ਪ੍ਰਤੀ ਬਹੁਤ ਕੁਝ ਕਿਹਾ ਅਤੇ ਸਮਾਜ ਸਿਰਜਣਾ ਦਾ ਨਿਸ਼ਾਨਾ ਮਿੱਥ ਦਿਤਾ, "ਸਰਬਤ ਦਾ ਭਲਾ" ਜਿਸ ਨੂੰ ਅੱਜ ਤਾਈਂ ਸਿੱਖ ਆਪਣੀ ਅਰਦਾਸ ਦਾ ਹਿੱਸਾ ਮੰਨਦਾ ਹੈ। ਪਰ ਉਸ ਉਪਰ ਅਮਲ ਨਹੀਂ ਕਰਦੇ। ਕਿਉਂਕਿ ਅਜੋਕੀ ਸਰਮਾਏਦਾਰੀ ਦੇ ਯੁਗ ਵਿਚ ਮਨੁੱਖ ਹਥੋਂ ਮਨੁੱਖ ਦੀ ਲੁੱਟ ਇਕ ਅਜਿਹਾ ਰੋਗ ਤੇ ਬੰਧਨ ਹੈ ਜਿਸ ਵਿਚੋਂ ਮਨੁੱਖ ਦੀ ਹਉਮੈ ਤੇ ਲਾਲਚ ਦੀ ਰੁਚੀ ਉਹਨਾਂ ਨੂੰ ਨਿਕਲਣ ਨਹੀਂ ਦਿੰਦੀ। ਮਨੁੱਖ ਨੂੰ ਹਉਮੈ ਤੇ ਲਾਲਚ ਦੀਆਂ ਕੁਰੀਤੀਆਂ ਵਿਚੋਂ ਕੱਢਣ ਲਈ ਗੁਰੂ ਜੀ ਨੇ "ਜਪੁਜੀ" ਦੇ ਅੰਤ ਵਿਚ "ਜਤਿ ਪਹਾਰਾ... ਘੜੀਐ ਸ਼ਬਦ ਸੱਚੀ ਟਕਸਾਲ" ਅੰਦਰ ਸ਼ਬਦ ਨੂੰ ਇਕ ਨਿਸ਼ਾਨਾ ਮਿੱਥ ਕੇ ਮਨੁੱਖ ਨੂੰ ਉਸ 'ਤੇ ਅਮਲ ਕਰਨ ਦੀ ਹਦਾਇਤ ਕਰਦਿਆਂ" "ਗੁਰਮੁਖ" ਦਾ ਰੂਪ ਧਾਰਨ ਦਾ ਰਾਹ ਦਸਿਆ ਹੈ।" ਭਾਵ ਅਜਿਹਾ ਮਨੁੱਖ ਜਿਸ ਦਾ ਹਿਰਦਾ ਸ਼ੁਧ ਹੋਵੇ ਜੋ ਹਉਮੈ ਤੇ ਲਾਲਚ ਤੋਂ ਮੁਕਤ ਹੋਵੇ ਅਤੇ ਕੁਦਰਤੀ ਪਦਾਰਥਾਂ ਨੂੰ ਸਭਨਾ ਦੀ ਸਾਂਝੀ ਮਲਕੀਅਤ ਮੰਨਦਾ ਹੋਵੇ। ਭਾਵ "ਸਭੈ ਸਾਂਝੀ ਵਾਲ ਸਦਾਇਨ"। 'ਧੌਲ ਧਰਮ" ਦੀ ਗੱਲ ਕਰਦਿਆਂ 'ਦਯਾ' ਤੇ 'ਸੰਤੋਖ' ਨੂੰ ਧਰਮ ਦੀ ਨੀਂਹ ਦੱਸਿਆ। ਪਰ ਇਹ ਸਾਰੀਆਂ ਗੱਲਾਂ ਨੂੰ ਅੱਖਰਾਂ ਤਾਈਂ ਸੀਮਤ ਨਹੀਂ ਰੱਖਿਆ, ਸਗੋਂ ਇਹਨਾਂ ਨੂੰ ਅਮਲੀ ਜੀਵਨ ਵਿਚ ਢਾਲਣ ਦੀ ਗੱਲ ਕਹੀ। ਭਾਵ ਸਿੱਖੀ "ਸ਼ੁੱਭ ਕਰਮਾਂ" ਦਾ ਨਾਂ ਹੈ। ਨਾ ਕਿ ਸ਼ੁੱਭ ਸੋਚ ਦਾ ਅਧੂਰਾਪਨ। ਬਗਦਾਦ ਵਿਚ ਬਾਬਾ ਜੀ ਨੂੰ ਕਾਜੀਆਂ ਨਾਲ ਗੱਲ ਕਰਦਿਆਂ ਜਦੋਂ ਹਿੰਦੂ ਤੇ ਮੁਸਲਮਾਨਾਂ ਵਿਚ ਫਰਕ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਦਾ ਉਤਰ ਸੀ, "ਸ਼ੁਭ ਅਮਲਾਂ ਬਾਝੋਂ ਦੋਨੋ ਰੋਈ" ਇਸ ਵਿਚਾਰ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸ਼ੁੱਭ ਕਰਮਾਂ ਖਾਤਰ ਸਿਖਰ ਦੀ ਕੁਰਬਾਨੀ ਦੇਣ ਦਾ ਵਿਚਾਰ ਵੀ ਪ੍ਰਗਟਾਇਆ।

ਗੁਰੂ ਅਰਜਨ ਦੇਵ ਜੀ ਨੇ ਜਦ ਇਨੇ ਉਚੇ ਸੁੱਚੇ ਵਿਚਾਰਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਤਾਂ ਉਹਨਾਂ ਨੂੰ ਇਨਾਮ ਦੀ ਥਾਂ ਸਜ਼ਾ ਮਿਲੀ ਸ਼ਹਾਦਤ ਦੀ,ਜੋ ਉਹਨਾਂ ਖਿੜੇ ਮਿੱਥੇ ਪਰਵਾਨ ਕੀਤੀ। ਪਰ ਨਾਲ ਸਿੱਖੀ ਲਈ ਇਕ ਵਿਚਾਰਧਾਰਾ ਦੇ ਨਾਲ ਸ਼ਕਤੀ ਦਾ ਸੁਮੇਲ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਦੀ ਹਦਾਇਤ ਕੀਤੀ, ਜੋ ਪ੍ਰਤੀਕ ਸੀ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੀ ਰੋਸ਼ਨੀ ਵਿਚ ਰਾਜਨੀਤੀ ਘੜਨ ਦਾ।

ਆਰੰਭ ਵਿਚ ਤਾਂ ਗੁਰੂ ਨਾਨਕ ਨੇ ਭਾਈ ਲਾਲੋ ਅਤੇ ਮਲਕ ਭਾਗੋ ਦੀ ਗੱਲ ਕਹਿ ਕੇ ਕਿਰਤੀ ਅਤੇ ਉਸਦੀ ਲੁੱਟ ਕਰਨ ਵਾਲੇ ਵਿਚਕਾਰ ਲੀਕ ਖਿਚ ਦਿੱਤੀ ਸੀ ਪਰ ਅਜੋਕੇ ਸਿੱਖ ਸਮਾਜ ਅੰਦਰ ਇਹ ਲੀਕ ਮਿਟੀ ਹੋਈ ਹੈ। ਇਸ ਸਮੇਂ ਬਾਦਲਕਿਆਂ, ਅਮਰਿੰਦਰਕਿਆਂ ਅਤੇ ਇਹਨਾਂ ਦੇ ਅਨੇਕ ਹੋਰ ਸਮਰਥਕਾਂ ਜਾਂ ਇਹਨਾਂ ਵਰਗਿਆ ਨੇ ਕਿਰਤੀ ਦੀ ਲੁੱਟ ਕਰਕੇ ਆਪਣੀ ਐਸ਼-ਪ੍ਰਸਤੀ ਅਤੇ ਚੌਧਰ, ਆਪਣਾ ਪੈਂਤੜਾ ਮਿੱਥਿਆਂ ਹੋਇਆ ਹੈ। ਕਿੱਥੇ ਇਕ ਰਿਕਸ਼ਾ ਚਲਾਉਣ ਵਾਲਾ ਸਿੱਖ ਅਤੇ ਕਿੱਥੇ ਇਕ ਬਿਕਰਮਜੀਤ ਸਿੰਘ ਮਜੀਠੀਆ ਦੇ ਵਿਆਹ ਤੋਂ ਪਹਿਲਾਂ ਦਿਤੀ ਗਈ ਆਪਣੇ ਤੀਹ ਹਜ਼ਾਰ ਵੋਟਰਾਂ ਨੂੰ ਪਾਰਟੀ, ਤਾਂ ਜੋ ਉਸਦੀ ਮੈਂਬਰੀ ਤੇ ਲੀਡਰੀ ਪੱਕੀ ਰਹਿ ਸਕੇ। ਗੱਲ ਕੇਵਲ ਏਨੀ ਨਹੀਂ। ਵੀਹਵੀਂ ਸਦੀ ਵਿਚ ਸਿੱਖੀ ਦੀ ਪ੍ਰੰਪਰਾ ਅਕਾਲੀ ਦਲ ਦੇ ਨਾਂ 'ਤੇ ਚਲਦੀ ਰਹੀ। ਜਿਸ ਦਾ ਭੋਗ ਬਾਦਲਕਿਆਂ ਨੇ ਮੋਗਾ ਕਾਨਫਰੰਸ ਵਿਚ ਪਾਇਆ ਤਾਂ ਜੋ ਉਹ ਸੈਕੂਲਰ ਅਖਵਾ ਸਕਣ। ਯਾਦ ਰਹੇ ਰਬਿੰਦਰਾ ਨਾਥ ਟੈਗੋਰ ਨੇ ਨਾਨਕ ਤੇ ਕਬੀਰ ਨੂੰ ਭਾਰਤ ਦੇ ਦੋ ਮੋਢੀ ਸੈਕੂਲਰ ਦਸਿਆ ਸੀ। ਅਸਲ ਵਿਚ ਸਿੱਖਾਂ ਅੰਦਰ ਜੇ ਮਲਿਕ ਭਾਗੋਆਂ ਦਾ ਲੰਬਾ ਚੌੜਾ ਵਿਸਥਾਰਤ ਮੁਲਾਂਕਣ ਕੀਤਾ ਜਾਵੇ ਤਾਂ ਉਹ ਮੂਰਖਾਂ ਦੇ ਇਕ ਵੱਡੇ ਟੋਲੇ ਤੋਂ ਵਧ ਕੁਝ ਨਜ਼ਰ ਨਹੀਂ ਆਉਂਦਾ। ਮੋਗਾ ਕਾਨਫਰੰਸ ਦੀ ਦੁਰਘਟਨਾ ਮਗਰੋਂ ਪੰਜਾਬ ਹਰਿਆਣਾ ਹਾਈਕੋਰਟ ਦੇ ਜੱਜਾਂ ਸਾਹਮਣੇ ਇਹ ਸਵਾਲ ਖੜਾ ਹੋ ਗਿਆ ਕਿ"ਸਿੱਖ ਦੀ ਵਿਆਖਿਆ ਕੀ ਹੈ?" ਆਪਣੀਆਂ ਕਾਨੂੰਨੀ ਪਦਵੀਆਂ ਤੋਂ ਲਾਂਭੇ ਜਾ ਕੇ ਜੱਜਾਂ ਨੇ ਕਿਸੇ ਵਿਅਕਤੀ ਦੇ ਸਾਬਤ ਸੂਰਤ ਹੋਣ ਦੀ ਸ਼ਰਤ ਲਾ ਕੇ ਉਸ 'ਤੇ ਸਿੱਖੀ ਦਾ ਠੱਪਾ ਲਾ ਦਿੱਤਾ। ਇਹ ਨਿਰਣਾ 'ਹਿੰਦੂ ਅੰਨ੍ਹਾ" ਵਾਲਾ ਨਿਰਣਾ ਸੀ। ਕਿਉਂਕਿ ਕੇਸਾਧਾਰੀ ਤੇ ਪਗੜੀ ਧਾਰੀਆਂ ਵਿਚ ਮਲਿਕ ਭਾਗੋਆਂ, ਸੱਜਣ ਠੱਗਾਂ, ਕਾਤਲਾਂ, ਚੋਰ ਉਚੱਕਿਆਂ,ਖੂਨ ਪੀਣੇ ਬਾਣੀਆਂ, ਬਲਾਤਕਾਰੀਆਂ ਆਦਿ ਦੀ ਬਹੁਤ ਵੱਡੀ ਗਿਣਤੀ ਅੱਜ ਵੀ ਸਾਨੂੰ ਮਿਲਦੀ ਹੈ ਪਰ ਉਹ ਸਾਰੇ ਹੀ ਸਿੱਖ ਸਦਵਾਉਣਗੇ। ਹਾਈਕੋਰਟ ਦੇ ਨਿਰਣੇ ਅਨੁਸਾਰ ਤਾਂ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਗੁਰੂ ਸਾਹਿਬਾਨ ਨੇ ਸ਼ਕਲ ਜਾਂ ਪਹਿਰਾਵੇ ਦੀ ਪਾਬੰਦੀ ਲਾ ਕੇ ਸਿੱਖ ਜਾਂ ਗੁਰਮੁੱਖ ਦੀ ਕੋਈ ਵਿਆਖਿਆ ਨਹੀਂ ਕੀਤੀ। ਗੁਰੂ ਗੋਬਿੰਦ ਸਿੰਘ ਜੀ ਦੇ ਪੰਜ ਕਕਾਰਾਂ ਵਿਚ ਪਗੜੀ ਦੀ ਕੋਈ ਚਰਚਾ ਨਹੀਂ ਸੀ। ਪੰਜ ਕਕਾਰਾਂ ਦੀ ਪਦਵੀ ਕੇਵਲ ਸੱਚ ਦੀ ਖਾਤਰ ਸੀਸ ਭੇਟ ਕਰਨ 'ਤੇ ਮਿਲੀ ਸੀ। ਕਛਹਿਰੇ ਦੀ ਸ਼ਰਤ ਲਗਣ ਤੋਂ ਪਹਿਲਾਂ ਅਨੇਕ ਸਿੱਖ ਅਜਿਹੇ ਹੋਣਗੇ ਜਿਨ੍ਹਾਂ ਪਾਸ ਇਹ ਕਕਾਰ ਨਹੀਂ ਹੋਏਗਾ। ਕੜਾ, ਕ੍ਰਿਪਾਨ ਅਤੇ ਕੰਘਾ ਆਦਿ ਪੰਜ ਕਕਾਰਾਂ ਦੀ ਸ਼ਰਤ 'ਤੇ ਅਮਲ ਕਰਨ ਵਾਲੇ ਅਜੋਕੇ ਸਿੱਖ ਸੱਚੀ ਨਾਨਕ ਵਿਚਾਰਧਾਰਾ ਤੇ ਪਹਿਰਾ ਦੇਣ ਦੇ ਕਿੰਨੇ ਯੋਗ ਨੇ ਅਤੇ ਬੇਇਨਸਾਫੀ ਵਿਰੁਧ ਸਿਰ ਦੇਣ ਦੀ ਸ਼ਰਤ ਨੂੰ ਕਿੰਨੀ ਮਾਨਤਾ ਦਿੰਦੇ ਹਨ, ਇਹ ਸਭ ਦੇ ਸਾਹਮਣੇ ਹੈ।

ਕੀ ਅੱਜ ਦੇ ਸਮਾਜ ਵਿਚ ਗੁਰੂ ਨਾਨਕ, ਗੁਰੂ ਗੋਬਿੰਦ ਵਿਚਾਰਧਾਰਾ ਉਪਯੋਗੀ ਹੈ? ਧਰਤੀ ਦੇ ਨਕਸ਼ੇ 'ਤੇ ਘੋਖਵੀਂ ਨਜ਼ਰ ਮਾਰਿਆਂ ਸਿੱਖੀ ਦਾ ਰਾਹ ਬੜਾ ਕਠਿਨ ਦਿਸਦਾ ਹੈ । ਗੁਰੂ ਅਰਜਨ ਅਤੇ ਗੁਰੂ ਤੇਗ ਬਹਾਦਰ ਜੀ ਵਰਗੇ ਸਿਰੜੀ ਅਤੇ ਗੁਰੂ ਹਰ ਗੋਬਿੰਦ ਅਤੇ ਗੁਰੂ ਗੋਬਿੰਦ ਸਿੰਘ ਜੀ ਵਰਗੇ ਪੈਂਤੜੇ ਹੀ ਇਸ ਨੂੰ ਉਪਯੋਗੀ ਬਣਾ ਸਕਦੇ ਹਨ। ਵਿਚਾਰਧਾਰਕ ਪੱਧਰ 'ਤੇ ਤਾਂ 'ਹਲੀਮੀ ਰਾਜ' ਅਤੇ 'ਬੇਗਮਪੁਰਾ' ਦੇ ਅੱਖਰ ਵਰਤ ਕੇ ਅਰਜਨ ਦੇਵ ਜੀ ਅਤੇ ਰਵਿਦਾਸ ਜੀ ਨੇ ਸਮਾਜੀ ਰਾਜ ਪ੍ਰਬੰਧ ਦਾ ਇਕ ਨਿਸ਼ਾਨਾ ਚਿਤਵਿਆ ਪਰ ਅਮਲੀ ਰੂਪ ਵਿਚ ਅਜੋਕੇ ਯੁਗ ਦੀਆਂ ਫੌਜਾਂ ਅਤੇ ਹਥਿਆਰਾਂ ਦੇ ਭੰਡਾਰਾਂ ਨੂੰ ਪਿੱਛੇ ਧੱਕ ਸਕਣਾ ਕੋਈ ਸੌਖੀ ਖੇਡ ਨਹੀਂ। ਅਮਰੀਕਾ ਦੇ ਰਾਸ਼ਟਰਪਤੀ ਓਬਾਮਾ ਅੱਜ ਕੱਲ ਐਟਮ ਬੰਬਾਂ ਦੇ ਭੰਡਾਰਾਂ ਨੂੰ ਘਟਾਉਣ ਤੇ ਨਵੇਂ ਬੰਬ ਬਣਾਉਣ ਤੇ ਰੋਕਾਂ ਲਾਉਣ ਦੀ ਗੱਲ ਕਰਦੇ ਹਨ। ਇਉਂ ਜਾਪਦਾ ਹੈ ਕਿ ਅਜਿਹੇ ਹੋਰ ਕਿੰਨੇ ਓਬਾਮੇ ਆਪਣਾ ਸਮਾਂ ਬਿਤਾ ਜਾਣਗੇ, ਤਾਂ ਹੀ ਸ਼ਾਇਦ ਗੁਰੂ ਦੇ ਉਪ੍ਰੋਕਤ ਨਿਸ਼ਾਨੇ ਪ੍ਰਾਪਤ ਕਰਨ ਦਾ ਰਾਹ ਪੱਧਰਾ ਹੋਵੇ।

**ਪੰਜਾਬ ਅੰਦਰ ਫੈਲੇ ਭ੍ਰਿਸ਼ਟਾਚਾਰ ਦੇ ਮੋਢੀ ਹਨ, ਬਾਦਲ ਪਰਿਵਾਰ ਅਤੇ ਅਮਰਿੰਦਰ ਕੇ। ਭਾਵ ਅਕਾਲੀ ਦਲ, ਕਾਂਗਰਸ ਦੇ ਨਾਲ-ਨਾਲ ਭਾਜਪਾਈ ਅਤੇ ਕਾਮਰੇਡ ਵੀ ਇਸ ਕੰਮ ਵਿਚ ਸ਼ਾਮਲ ਹਨ। ਕਮਿਊਨਿਸਟ ਪਾਰਟੀਆਂ ਵਿਚ 'ਭ੍ਰਿਸ਼ਟਾਚਾਰ ਅਤੇ ਠੱਗੀ ਠੋਰੀ ਪ੍ਰਤੀ ਲੰਮੇ ਸਮੇਂ ਤਾਈਂ' ਹਰਕ੍ਰਿਸ਼ਨ ਸਿੰਘ ਸੁਰਜੀਤ ਦੀ ਅਗਵਾਈ ਨੇ ਨਕਾਰਾਤਮਕ ਰੁਝਾਨ ਪੈਦਾ ਕੀਤਾ। ਖੱਬੀ ਧਿਰਾਂ ਦੀ ਖੇਡ ਆ ਗਈ ਮਾਓਵਾਦੀਆਂ ਹੱਥ, ਜਿਹਨਾਂ ਦੇ ਵਫਾਦਾਰ ਨੇ ਇਸ ਦੇਸ਼ ਦੇ ਸਦੀਆਂ ਪੁਰਾਣੇ ਵਸਨੀਕ, ਜਿਹਨਾਂ ਨੂੰ ਅਸੀਂ ਆਦਿਵਾਸੀ ਕਹਿੰਦੇ ਹਾਂ, "ਆਗਾਜ਼ ਤੋਂ ਅੱਛਾ ਹੈ ਅਨਜਾਮ ਖੁਦਾ ਜਾਨੇ" । ਭਾਵ ਅਰੰਭ ਤਾਂ ਠੀਕ ਜਾਪਦਾ ਹੈ, ਪਰ ਅੰਤ ਬਾਰੇ ਅਸੀਂ ਕੁਝ ਨਹੀਂ ਕਹਿ ਸਕਦੇ।**

ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਗ੍ਰਹਿ ਮੰਤਰੀ ਚਿਦੰਬਰਮ, ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਬਾਦਲ ਦੀਆਂ ਪੁਲਸੀ ਧਾੜਾਂ ਦੇ ਹਥਿਆਰ ਸੁਟਾਉਣੇ ਪੈਣਗੇ, ਇਹਨਾਂ ਨਿਸ਼ਾਨਿਆਂ ਦੀ ਪ੍ਰਾਪਤੀ ਲਈ। ਚੀਨ ਦੀ ਸਰਕਾਰ ਨੇ ਆਪਣੇ ਪਾਰਟੀ ਪ੍ਰੋਗਰਾਮ ਵਿਚ ਆਪਣੇ ਸੁਦੇਸ਼ੀ ਭਾਈਚਾਰੇ ਅਤੇ ਵਿਦੇਸ਼ੀ ਰਿਸ਼ਤਿਆਂ ਵਿਚ "ਹਾਰਮਨੀ"(ਇਕਸੁਰਤਾ) ਦਾ ਸ਼ਬਦ ਵਰਤ ਕੇ ਇਕ ਸੇਧ ਨਿਰਧਾਰਤ ਕੀਤੀ ਹੈ। ਕਿੰਨਾ ਚੰਗਾ ਹੋਵੇ ਜੇ ਹਾਰਮਨੀ ਦੇ ਇਸ ਸ਼ਬਦ ਦੀ ਸੇਧ ਸਾਰੀ ਧਰਤੀ ਦੇ ਲੋਕ ਅਤੇ ਸਰਕਾਰਾਂ ਅਪਣਾ ਲੈਣ। ਯਹੂਦੀਆਂ ਤੇ ਫਲਸਤੀਨੀਆਂ ਦਾ ਲੰਮੇ ਸਮੇਂ ਦਾ ਟਕਰਾਉ ਅਤੇ ਇਰਾਕ-ਅਫਗਨਿਸਤਾਨ, ਅਤੇ ਪਾਕਿਸਤਾਨ ਵਿਚ ਦੋ ਸਭਿਆਚਾਰਾਂ ਵਿਚ ਟਕਰਾਉ ਦਾ ਅੰਤ ਵੀ ਸ਼ਾਇਦ ਇਸ ਨਿਸ਼ਾਨੇ ਨੂੰ ਲੈ ਕੇ ਚੱਲਿਆਂ ਘੱਟ ਸਕੇ ਜਾਂ ਖਤਮ ਹੋ ਸਕੇ।

ਭਾਰਤ ਦੀਆਂ ਘਰੇਲੂ ਸੱਮਸਿਆਵਾਂ ਉਹ ਹੀ ਹਨ ਜਿਹਨਾਂ 'ਤੇ ਗੁਰੂ ਨਾਨਕ ਦੇਵ ਜੀ ਨੇ ਉਂਗਲ ਰੱਖੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਕਰਕੇ ਇਹਨਾਂ ਨੂੰ ਹੱਲ ਕਰਨ ਦਾ ਯਤਨ ਕੀਤਾ। ਅਮੀਰੀ ਗਰੀਬੀ ਦਾ ਪਾੜਾ,ਮਨੁੱਖ ਹਥੋਂ ਮਨੁੱਖ ਦੀ ਲੁੱਟ, ਨਸਲੀ ਵਿਤਕਰੇ, ਛੂਤਛਾਤ ਆਦਿ, ਵੱਡੀਆਂ ਸਮੱਸਿਆਵਾਂ ਸਨ ਉਦੋਂ ਵੀ ਅਤੇ ਅੱਜ ਵੀ ਹਨ। ਭ੍ਰਿਸ਼ਟਾਚਾਰ ਅਤੇ ਪ੍ਰਦੂਸ਼ਣ ਦੇ ਉਸ ਸਮੇਂ ਦੇ ਕੀ ਰੂਪ ਸਨ, ਉਸ ਬਾਰੇ ਬਹੁਤ ਕੁਝ ਕਹਿ ਸਕਣਾ ਮੁਸ਼ਕਲ ਜਾਪਦਾ ਹੈ।

ਪਰ ਇਹਨਾਂ ਦੋਹਾਂ ਰੋਗਾਂ ਦੀ ਅਜੋਕੀ ਰੂਪ ਰੇਖਾ ਬੱਚੇ-ਬੱਚੇ ਦੀ ਜ਼ਬਾਨ ਤੇ ਹੈ। ਇਹ ਦੋ ਰੋਗ ਅਜਿਹੇ ਹਨ ਜਿਹਨਾਂ ਦੀ ਤਹਿ ਥੱਲੇ ਸਮਾਜ ਅੰਦਰ ਅਗਿਆਨਤਾ ਦਾ ਬਦਬੂ ਭਰਿਆ ਵਾਤਾਵਰਨ ਫਰੋਲਣ ਦੀ ਲੋੜ ਹੈ। ਗੁਰਬਾਣੀ ਅੰਦਰ ਭਾਵੇਂ ਮੰਨਤਾਂ ਮੰਗਣੀਆਂ, ਝੜਾਵੇ ਝੜਾਉਣੇ, ਅੱਖਾਂ ਮੀਟ ਕੇ ਨਾਮ ਜਪਣੇ, ਕਿਸੇ ਮੁਕਤੀ ਦੇ ਰਾਹ ਨਹੀਂ ਦੱਸੇ ਗਏ, ਪਰ ਫਿਰ ਵੀ ਸਿੱਖ ਭਾਈਚਾਰਾ ਇਹਨਾਂ ਸਾਰੇ ਰੋਗਾਂ ਦੀਆਂ ਜਿੱਲਣਾਂ ਵਿਚ ਫਸਿਆ ਹੋਇਆ ਹੈ। ਸਾਧਾਂ ਦੇ ਵੱਗ ਪੁਰਾਤਨ ਭਾਰਤੀ ਸਭਿਅਤਾ ਦਾ ਵੀ ਅੰਗ ਰਹੇ ਹਨ ਅਤੇ ਅਜੋਕੇ ਸਿੱਖ ਸਮਾਜ ਅੰਦਰ ਇਹਨਾਂ ਦੀ ਕੋਈ ਕਮੀ ਨਹੀਂ ਹੈ। ਅੰਧ-ਵਿਸ਼ਵਾਸੀ ਸਮਾਜ ਦਾ ਖਹਿੜਾ ਨਹੀਂ ਛੱਡਦੀ, ਜਿਸਨੂੰ ਭ੍ਰਿਸ਼ਟਾਚਾਰੀ ਰਾਜਨੀਤਿਕ ਆਪਣੀਆਂ ਲੋੜਾਂ ਲਈ ਪੂਰੀ ਤਰ੍ਹਾਂ ਵਰਤ ਰਹੇ ਹਨ। ਧਾਰਮਿਕ ਕਹਿਲਾਉਣ ਵਾਲੇ ਲੋਕ ਅਸਲ ਵਿਚ ਗਿਆਨ ਪੱਖੋਂ ਅੰਨ੍ਹੇ ਤੇ ਹਉਮੈ ਤੇ ਲਾਲਚ ਵਿਚ ਲਿਪਟ ਕੇ ਭ੍ਰਿਸ਼ਟਾਚਾਰੀ ਰਾਜਨੀਤਿਕਾ ਦਾ ਹੱਥਾ ਬਣੇ ਹਨ। ਸਿੱਖ ਭਾਈਚਾਰੇ ਲਈ ਸ੍ਰੀ ਅਕਾਲ ਤਖਤ ਸਾਹਿਬ ਤੋਂ ਉਚੀ ਸੁੱਚੀ ਰਾਜਨੀਤਿਕ ਸੇਧ ਆਉਣੀ ਚਾਹੀਦੀ ਸੀ ਪਰ ਇਥੋਂ ਅੰਧ ਵਿਸ਼ਵਾਸ, ਭ੍ਰਿਸ਼ਟਾਚਾਰ ਦੀ ਵਿਆਖਿਆ ਦੇ ਧੂਏਂ ਹੀ ਨਿਕਲਦੇ ਹਨ।

ਅਜੋਕੇ ਯੁੱਗ ਵਿਚ ਸਮਾਜੀ ਸਿਰਜਣਾ ਅਤੇ ਰਾਜ ਪ੍ਰਬੰਧ ਦੀ ਅਗਵਾਈ ਰਾਜਨੀਤੀ ਅਤੇ ਰਾਜਨੀਤਿਕਾਂ ਹੱਥ ਹੈ। ਅਤੇ ਇਹਨਾਂ ਨੂੰ ਪਾਕਿ ਪਵਿੱਤਰ ਕੀਤਿਆਂ ਬਗੈਰ ਦੂਜਾ ਹੋਰ ਕੋਈ ਰਾਹ ਨਹੀਂ ਹੈ। ਸਿਹਤਮੰਦ ਸਮਾਜ ਦੀ ਸਿਰਜਣਾ ਲਈ ਅਜੋਕੇ ਧਾਰਮਿਕ ਸੰਗਠਨ ਲੱਗਭਗ ਬੇਅਰਥ ਹਨ। ਇਹਨਾਂ ਦੀ ਉਪਯੋਗਤਾ ਕੇਵਲ ਲੁਕਾਈ ਨੂੰ ਆਪਸ ਵਿਚ ਲੜਾਉਣ ਤੋਂ ਬਿਨਾਂ ਹੋਰ ਕੋਈ ਨਹੀਂ ਰਹੇਗੀ।

ਪੰਜਾਬ ਅੰਦਰ ਫੈਲੇ ਭ੍ਰਿਸ਼ਟਾਚਾਰ ਦੇ ਮੋਢੀ ਹਨ, ਬਾਦਲ ਪਰਿਵਾਰ ਅਤੇ ਅਮਰਿੰਦਰ ਕੇ। ਭਾਵ ਅਕਾਲੀ ਦਲ, ਕਾਂਗਰਸ ਦੇ ਨਾਲ-ਨਾਲ ਭਾਜਪਾਈ ਅਤੇ ਕਾਮਰੇਡ ਵੀ ਇਸ ਕੰਮ ਵਿਚ ਸ਼ਾਮਲ ਹਨ। ਕਮਿਊਨਿਸਟ ਪਾਰਟੀਆਂ ਵਿਚ 'ਭ੍ਰਿਸ਼ਟਾਚਾਰ ਅਤੇ ਠੱਗੀ ਠੋਰੀ ਪ੍ਰਤੀ ਲੰਮੇ ਸਮੇਂ ਤਾਈਂ ਹਰਕ੍ਰਿਸ਼ਨ ਸਿੰਘ ਸੁਰਜੀਤ ਦੀ ਅਗਵਾਈ ਨੇ ਨਕਾਰਾਤਮਕ ਰੁਝਾਨ ਪੈਦਾ ਕੀਤਾ। ਖੱਬੀ ਧਿਰਾਂ ਦੀ ਖੇਡ ਆ ਗਈ ਮਾਓਵਾਦੀਆਂ ਹੱਥ, ਜਿਹਨਾਂ ਦੇ ਵਫਾਦਾਰ ਨੇ ਇਸ ਦੇਸ਼ ਦੇ ਸਦੀਆਂ ਪੁਰਾਣੇ ਵਸਨੀਕ, ਜਿਹਨਾਂ ਨੂੰ ਅਸੀਂ ਆਦਿਵਾਸੀ ਕਹਿੰਦੇ ਹਾਂ, "ਆਗਾਜ਼ ਤੋਂ ਅੱਛਾ ਹੈ ਅਨਜਾਮ ਖੁਦਾ ਜਾਨੇ" । ਭਾਵ ਅਰੰਭ ਤਾਂ ਠੀਕ ਜਾਪਦਾ ਹੈ ਪਰ ਅੰਤ ਬਾਰੇ ਅਸੀਂ ਕੁਝ ਨਹੀਂ ਕਹਿ ਸਕਦੇ।

ਇਸ ਵਾਰਤਾ ਦੇ ਅੰਤ ਵਿਚ ਟਕਸਾਲੀ ਗੱਲ ਕਹਿਣੀ ਇਹ ਬਣਦੀ ਹੈ ਕਿ ਪੰਜਾਬ ਅੰਦਰ ਬਾਦਲਕਿਆਂ ਦੇ ਭ੍ਰਿਸ਼ਟਾਚਾਰੀ ਰਾਜ ਪ੍ਰਬੰਧ ਦਾ ਖਾਤਮਾ ਅਤੇ ਅਮਰਿੰਦਰਕਿਆਂ ਦੀ ਸੱਤਾ ਵਾਪਸੀ ਨੂੰ ਰੋਕਣਾ ਗੁਰੂ ਨਾਨਕ ਨਾਮ ਲੇਵਾ ਭਾਈਚਾਰੇ ਦਾ ਮੁਢਲਾ ਫਰਜ਼ ਹੋਣਾ ਚਾਹੀਦਾ ਹੈ। ਗੁਰਧਾਮਾਂ ਅੰਦਰ ਪੁਜਾਰੀਆਂ ਤੋਂ ਖਹਿੜਾ ਛੁਡਾਏ ਬਿਨਾਂ ਇਹਨਾਂ ਨਿਸ਼ਾਨਿਆਂ ਦੀ ਪ੍ਰਾਪਤੀ ਅਸੰਭਵ ਹੈ। ਪੰਜਾਬ ਅੰਦਰ ਕਿਸਾਨਾਂ ਦੀਆਂ ਆਤਮ -ਹਤਿਆਵਾਂ ਨੂੰ ਠਲ ਪਾਉਣ ਲਈ ਮੰਡੀਆਂ ਵਿਚ "ਆੜਤ" ਦੇ ਸਿਸਟਮ ਦਾ ਖਾਤਮਾ ਜ਼ਰੂਰੀ ਹੈ।

# ਪਾਕਿਸਤਾਨ ਦੇ ਇਕ ਸਿੱਖ ਵਕੀਲ ਦੀ ਮਾਰਕੁੱਟ ਖਿਲਾਫ ਤਿੱਖੇ ਪ੍ਰਤੀਕਰਮ

**ਇਸਲਾਮਾਬਾਦ :** ਪਾਕਿਸਤਾਨ ਵਿਚ ਘੱਟ ਗਿਣਤੀਆਂ 'ਤੇ ਹਮਲੇ ਲਗਾਤਾਰ ਜਾਰੀ ਹਨ। ਕੱਟੜਵਾਦੀਆਂ ਨੇ ਈਸਾਈਆਂ ਨੂੰ ਵੱਡੀ ਪੱਧਰ 'ਤੇ ਨਿਸ਼ਾਨਾ ਬਣਾਉਣ ਤੋਂ ਬਾਅਦ, ਹੁਣ ਸਿੱਖਾਂ ਨੂੰ ਫਿਰਕਾਪ੍ਰਸਤੀ ਦਾ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿਤਾ ਹੈ। ਪਿੰਡੀ ਖੇਪ (ਰਾਵਲਪਿੰਡੀ) ਦੇ ਰਹਿਣ ਵਾਲੇ ਵਕੀਲ ਅਨੂਪ ਸਿੰਘ ਪੁੱਤਰ ਬਲਬੀਰ ਸਿੰਘ ਨੂੰ ਮੁਸਲਮਾਨ ਬਣਨ ਤੋਂ ਇਨਕਾਰ ਕਰਨ 'ਤੇ 8, 10 ਕੱਟੜਵਾਦੀਆਂ ਨੇ ਬੁਰੀ ਤਰ੍ਹਾਂ ਕੁਟਿਆ। ਪੁਲਿਸ ਨੇ ਸਿਆਸੀ ਦਬਾਅ ਕਾਰਨ ਇਸ ਮਾਮਲੇ ਦੀ ਕੋਈ ਰਿਪੋਰਟ ਵੀ ਦਰਜ ਨਹੀਂ ਕੀਤੀ। ਅਨੂਪ ਸਿੰਘ ਪੇਸ਼ੇ ਵਜੋਂ ਵਕੀਲ ਹੈ ਤੇ ਅਦਾਲਤ ਵਿਚ ਪ੍ਰੈਕਟਿਸ ਕਰਦਾ ਹੈ। ਉਹ ਸਫੀਨਾ ਕੰਵਲ ਦਾ ਅਪਣੇ ਪਤੀ ਮੁਹੰਮਦ ਅਮੀਨ ਤੋਂ ਹੱਕ ਮੇਹਰ ਲੈਣ ਦਾ ਕੇਸ ਲੜ ਰਿਹਾ ਹੈ। ਅਮੀਨ, ਉਸ ਨੂੰ ਅਪਣੇ ਦੋਸਤਾਂ ਦੀ ਸਹਾਇਤਾ ਨਾਲ ਅਗਵਾ ਕਰ ਕੇ ਉਸ ਦੇ ਘਰ ਲੈ ਗਿਆ ਤੇ ਉਸ ਦੇ ਸਾਰੇ ਕਪੜੇ ਉਤਾਰ ਕੇ, ਉਸ ਦੀ ਪਤਨੀ ਨਾਲ ਉਸ ਦੀਆਂ ਤਸਵੀਰਾਂ ਖਿੱਚ ਲਈਆਂ। ਉਸ ਦੇ ਕੇਸ, ਦਾੜ੍ਹੀ ਤੇ ਮੁੱਛਾਂ ਕਟ ਦਿਤੀਆਂ ਗਈਆਂ ਤੇ ਜ਼ਬਰਦਸਤੀ ਖ਼ਾਲੀ ਕਾਗਜ਼ਾਂ 'ਤੇ ਦਸਤਖ਼ਤ ਕਰਵਾ ਲਏ। ਉਸ ਨੂੰ ਧਮਕੀ ਦਿਤੀ ਗਈ ਕਿ ਜੇ ਉਹ ਮੁਸਲਮਾਨ ਨਾ ਬਣਿਆ ਤਾਂ ਉਸ ਨੂੰ ਇਲਾਕੇ ਵਿਚ ਰਹਿਣ ਨਹੀਂ ਦਿਤਾ ਜਾਵੇਗਾ ਤੇ ਜਾਨੋਂ ਮਾਰਨ ਦੀ ਧਮਕੀ ਦਿਤੀ ਗਈ।

ਉਸ ਨੂੰ ਰਾਵਲਪਿੰਡੀ ਦੇ ਹੋਲੀ ਫੈਮਲੀ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਉਸ ਦੇ ਮੂੰਹ, ਲੱਤਾਂ ਤੇ ਬਾਹਵਾਂ 'ਤੇ ਡੂੰਘੀਆਂ ਸੱਟਾਂ ਲਗੀਆਂ ਹਨ। ਉਸ ਦੇ ਸਿਰ ਵਿਚ ਲੱਗੀ ਸੱਟ ਕਾਰਨ ਉਹ ਗੱਲਬਾਤ ਕਰਨ ਦੇ ਯੋਗ ਨਹੀਂ ਹੈ। ਇਸ ਮਾਮਲੇ ਵਿਚ ਜਿਥੇ ਪਿੰਡੀ ਖਾਪ ਦੇ ਐਸ.ਐਚ.ਓ ਮੁਹੰਮਦ ਖ਼ਾਨ ਨੇ ਕੋਈ ਸੁਣਵਾਈ ਨਹੀਂ ਕੀਤੀ, ਉਥੇ ਹਸਪਤਾਲ ਨੇ ਮੈਡੀਕਲ ਰੀਪੋਰਟ ਦੇਣ ਤੋਂ ਇਨਕਾਰ ਕਰ ਦਿੱਤਾ। ਅਨੂਪ ਸਿੰਘ ਦੇ ਪਰਵਾਰ ਨੇ ਡਰ ਕਾਰਨ ਘਰ ਛੱਡ ਕੇ, ਗੁਰਦਵਾਰਾ ਪੰਜਾ ਸਾਹਿਬ ਵਿਖੇ ਸ਼ਰਨ ਲੈ ਲਈ ਹੈ।

## ਪਾਕਿਸਤਾਨ ਦੇ ਸਿੱਖ ਨੌਜਵਾਨ 'ਤੇ ਤਸ਼ੱਦਦ ਦੀ ਸਿੱਖ ਆਗੂਆਂ ਵਲੋਂ ਨਿੰਦਾ

ਸ਼੍ਰੋਮਣੀ ਕਮੇਟੀ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਨੇ ਬੀਤੀ 28 ਨਵੰਬਰ ਨੂੰ ਪਾਕਿਸਤਾਨ ਵਿਚ ਸਿੱਖ ਨੌਜਵਾਨ ਨਾਲ ਵਾਪਰੀ ਮੰਦਭਾਗੀ ਘਟਨਾ ਦਾ ਗੰਭੀਰ ਨੋਟਿਸ ਲੈਂਦਿਆਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਇਸ ਸਬੰਧੀ ਸਖ਼ਤ ਸਟੈਂਡ ਲੈਣ ਦੀ ਅਪੀਲ ਕੀਤੀ ਹੈ। ਸ. ਮੱਕੜ ਨੇ ਕਿਹਾ ਕਿ ਸਿੱਖ ਪਾਕਿਸਤਾਨ 'ਚ ਬਹੁਤ ਹੀ ਘੱਟ ਗਿਣਤੀ 'ਚ ਹਨ ਤੇ ਉਥੋਂ ਦੀ ਸਰਕਾਰ ਨੂੰ ਘੱਟ ਗਿਣਤੀਆਂ ਦੇ ਜਾਨ ਮਾਲ ਦੀ ਰਾਖੀ ਕਰਨੀ ਚਾਹੀਦੀ ਹੈ।

ਸਰਕਾਰ ਨੂੰ ਚਾਹੀਦਾ ਹੈ ਕਿ ਉਹ ਦੋਸ਼ੀਆਂ ਵਿਰੁਧ ਸਖ਼ਤ ਕਾਰਵਾਈ ਕਰੇ। ਸ. ਮੱਕੜ ਨੇ ਕਿਹਾ ਕਿ ਇਸ ਦੁਖਦਾਈ ਘਟਨਾ ਬਾਰੇ ਉਹ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਪੱਤਰ ਲਿਖ ਰਹੇ ਹਨ ਤੇ ਪਾਕਿਸਤਾਨ ਸਰਕਾਰ ਨੂੰ ਵੀ ਸੁਨੇਹਾ ਭੇਜ ਰਹੇ ਹਨ। ਸ. ਮੱਕੜ ਨੇ ਕਿਹਾ ਕਿ ਇਸ ਮਾਮਲੇ 'ਤੇ ਅਸੀਂ ਛੇਤੀ ਹੀ ਪਾਕਿਸਤਾਨ ਦੇ ਹਾਈ ਕਮਿਸ਼ਨਰ ਨੂੰ ਮਿਲ ਕੇ ਮੈਮੋਰੰਡਮ ਦੇ ਕੇ ਇਸ ਘਟਨਾ ਬਾਰੇ ਅਪਣਾ ਰੋਸ ਪ੍ਰਗਟ ਕਰਾਂਗੇ। ਪਾਕਿਸਤਾਨ 'ਚ ਸਿੱਖ ਨੌਜਵਾਨ 'ਤੇ ਹੋਏ ਤਸ਼ੱਦਦ ਦੀ ਘਟਨਾ 'ਤੇ ਪ੍ਰਤੀਕਰਮ ਦਿੰਦਿਆਂ ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਉਨ੍ਹਾਂ ਇਸ ਸਾਰੀ ਘਟਨਾ ਦਾ ਬਿਊਰਾ ਪਾਕਿਸਤਾਨ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ. ਬਿਸ਼ਨ ਸਿੰਘ ਤੋਂ ਪ੍ਰਾਪਤ ਕੀਤਾ ਹੈ।

ਉਨ੍ਹਾਂ ਕਿਹਾ ਕਿ ਪਾਕਿਸਤਾਨ ਸਰਕਾਰ ਨੂੰ ਚਾਹੀਦਾ ਹੈ ਕਿ ਘਟਨਾ ਦੀ ਤੁਰਤ ਜਾਂਚ ਕਰ ਕੇ ਦੋਸ਼ੀਆਂ ਵਿਰੁਧ ਸਖ਼ਤ ਕਾਰਵਾਈ ਕਰੇ ਤਾਂਕਿ ਭਵਿੱਖ 'ਚ ਅਜਿਹੀ ਘਟਨਾ ਦੁਬਾਰਾ ਨਾ ਵਾਪਰ ਸਕੇ। ਸ. ਸਰਨਾ ਨੇ ਕਿਹਾ ਕਿ ਪਾਕਿਸਤਾਨ ਦੇ 62 ਸਾਲਾਂ ਇਤਿਹਾਸ 'ਚ ਇਹ ਅਪਣੀ ਕਿਸਮ ਦੀ ਪਹਿਲੀ ਘਟਨਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ 'ਚ ਕਈ ਅਜਿਹੇ ਪਿੰਡ ਹਨ ਜਿਥੇ ਇਕ-ਇਕ ਸਿੱਖ ਰਹਿੰਦਾ ਹੈ ਪਰ ਉਥੇ ਵੀ ਕਦੇ ਅਜਿਹੀ ਘਟਨਾ ਨਹੀਂ ਵਾਪਰੀ। ਸ. ਸਰਨਾ ਨੇ ਕਿਹਾ ਕਿ ਉਹ ਪਾਕਿਸਤਾਨ ਦੇ ਹਾਈ ਕਮਿਸ਼ਨਰ ਨਾਲ ਇਸ ਮਾਮਲੇ 'ਤੇ ਅਪਣਾ ਰੋਸ ਜ਼ਾਹਰ ਕਰਨਗੇ ਤੇ ਨਾਲ ਹੀ ਮੈਮੋਰੰਡਮ ਵੀ ਦੇਣਗੇ।

ਦਮਦਮੀ ਟਕਸਾਲ ਦੇ ਮੁਖੀ ਗਿਆਨੀ ਰਾਮ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੇ ਪਾਕਿਸਤਾਨ ਵਿਚ ਵਾਪਰੀ ਮੰਦਭਾਗੀ ਘਟਨਾ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਇਸ ਨੂੰ ਦੋ ਫ਼ਿਰਕਿਆਂ ਵਿਚਕਾਰ ਤਰੇੜ ਪਾਉਣ ਦੀ ਸਾਜ਼ਸ਼ ਦਸਿਆ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਕਰਨ ਵਾਲੇ ਮਨੁੱਖਤਾ ਦੇ ਵੈਰੀ ਹਨ। ਉਨ੍ਹਾਂ ਪਾਕਿਸਤਾਨ ਦੇ ਰਾਸ਼ਟਰਪਤੀ ਸ੍ਰੀ ਆਸਿਫ਼ ਅਲੀ ਜਰਦਾਰੀ ਨੂੰ ਅਪੀਲ ਕੀਤੀ ਕਿ ਦੋਸ਼ੀਆਂ ਵਿਰੁਧ ਸਖ਼ਤ ਕਾਰਵਾਈ ਕੀਤੀ ਜਾਵੇ।

# ਮਾਲਵੇ ਦੇ ਪਾਣੀ ਵਿਚ ਨਾਈਟਰੇਟ

## ਵਿਦੇਸ਼ੀ ਮਹਿਲਾ ਵਿਗਿਆਨੀ ਵਲੋਂ ਖੁਲਾਸਾ



**ਬਠਿੰਡਾ :** ਮਾਲਵੇ ਦਾ ਇਲਾਕਾ ਜਿੱਥੇ ਕੈਂਸਰ ਦੀ ਭਿਆਨਕ ਬਿਮਾਰੀ ਵਿਚ ਪੂਰੀ ਤਰ੍ਹਾਂ ਜਕੜਿਆ ਹੋਇਆ ਹੈ, ਉਥੇ ਅਪੰਗ ਬੱਚੇ ਪੈਦਾ ਹੋਣ, ਜੋੜਾਂ ਦਾ ਦਰਦ, ਬਲੱਡ ਪ੍ਰੈਸ਼ਰ ਅਤੇ ਹੋਰ ਅਨੇਕਾਂ ਕਿਸਮ ਦੀਆਂ ਬਿਮਾਰੀਆਂ ਤੋਂ ਇਸ ਕਦਰ ਪ੍ਰਭਾਵਤ ਹੋ ਚੁੱਕਾ ਹੈ ਕਿ ਸ਼ਾਇਦ ਹੀ ਇਸ ਖੇਤਰ ਦਾ ਕੋਈ ਅਜਿਹਾ ਇਨਸਾਨ ਹੋਵੇ ਜੋ ਰੋਜ਼ਾਨਾ ਕਿਸੇ ਨਾ ਕਿਸੇ ਦਵਾਈ ਦੀ ਵਰਤੋਂ ਨਾ ਕਰਦਾ ਹੋਵੇ। ਸਿੱਧੇ ਰੂਪ ਵਿਚ ਇਸ ਦਾ ਕਾਰਨ ਭਾਵੇਂ ਧਰਤੀ ਹੇਠਲੇ ਪਾਣੀ ਨੂੰ ਹੀ ਮੰਨਿਆ ਜਾ ਰਿਹਾ ਹੈ, ਪ੍ਰੰਤੂ ਅਸਿੱਧੇ ਰੂਪ ਵਿਚ ਇਸ ਖੇਤਰ ਦੇ ਉਹ ਕਿਸਾਨ ਵੀ ਜ਼ਿੰਮੇਵਾਰ ਹਨ, ਜਿਨ੍ਹਾਂ ਦੇ ਪਰਿਵਾਰ ਬਿਮਾਰੀਆਂ ਤੋਂ ਵੀ ਪੀੜਤ ਹਨ।

ਇਹ ਤੱਥ ਇਕ ਵਿਦੇਸ਼ੀ ਮਹਿਲਾ ਵਿਗਿਆਨੀ ਮਿਸ ਰੇਏਸ ਟਿਰਾਡੋ ਵਲੋਂ ਬੰਗਲੌਰ ਦੀ ਐਨਜੀਓ ਸੰਸਥਾ ਗ੍ਰੀਨ ਪੀਸ ਦੀ ਮਦਦ ਨਾਲ ਇਸ ਖੇਤਰ ਦੇ ਪਾਣੀ ਦੇ ਕੀਤੇ ਟੈਸਟਾਂ ਤੋਂ ਸਾਹਮਣੇ ਆਇਆ ਹੈ। ਇਸ ਵਿਗਿਆਨੀ ਨੇ ਇਸ ਸਾਲ ਮਾਰਚ ਮਹੀਨੇ ਵਿਚ ਮਾਲਵੇ ਦੇ ਤਿੰਨ ਜ਼ਿਲ੍ਹਿਆਂ ਮੁਕਤਸਰ, ਲੁਧਿਆਣਾ ਅਤੇ ਬਠਿੰਡਾ ਦੇ ਵੱਖ-ਵੱਖ ਖੇਤਰਾਂ ਵਿਚੋਂ ਧਰਤੀ ਹੇਠਲੇ ਪਾਣੀ ਦੇ ਨਮੂਨੇ ਲਏ ਸਨ। ਇਨ੍ਹਾਂ ਨਮੂਨਿਆਂ ਦੀ ਪੜਤਾਲ ਉਪਰੰਤ ਜਿਹੜੇ ਨਤੀਜੇ ਸਾਹਮਣੇ ਆਏ ਉਹ ਭਿਆਨਕ ਵੀ ਹਨ ਅਤੇ ਹੈਰਾਨੀਜਨਕ ਵੀ। ਕਿਉਂਕਿ ਮਾਲਵਾ ਖੇਤਰ ਦੇ ਧਰਤੀ ਹੇਠਲੇ ਪਾਣੀ ਵਿਚ ਨਾਈਟਰੇਟ ਦੀ ਮਾਤਰਾ ਸਿਹਤ ਲਈ ਲੋੜੀਂਦੀ ਮਾਤਰਾ ਨਾਲੋਂ ਕਿਤੇ ਵਧ ਹੈ। ਇਸ ਜ਼ਿਲ੍ਹੇ ਦੇ ਪਿੰਡ ਪਥਰਾਲਾ ਵਿਖੇ ਕਿਸਾਨ ਗੁਰਸੇਵਕ ਸਿੰਘ ਦੇ ਖੇਤ ਵਿਚ ਮਿਸ ਟਿਰਾਡੋ ਨੇ ਪੱਤਰਕਾਰਾਂ ਅਤੇ ਲੋਕਾਂ ਸਾਹਮਣੇ ਪਾਣੀ ਦਾ ਨਮੂਨਾ ਲੈ ਕੇ ਵਿਦੇਸ਼ੀ ਤਕਨੀਕ ਨਾਲ ਟੈਸਟ ਕਰਨ ਉਪਰੰਤ ਦੱਸਿਆ ਕਿ ਇਸ ਪਾਣੀ ਵਿਚ ਨਾਈਟਰੇਟ ਦੀ ਮਾਤਰਾ 58.2 ਮਿਲੀਗਰਾਮ ਪ੍ਰਤੀ ਲਿਟਰ ਹੈ, ਜਦ ਕਿ ਵਿਸ਼ਵ ਸਿਹਤ ਸੰਗਠਨ ਦੇ ਨਿਯਮਾਂ ਅਨੁਸਾਰ ਮਨੁੱਖੀ ਸਿਹਤ ਦੇ ਅਨੁਕੂਲ ਜੋ ਪਾਣੀ ਮੰਨਿਆ ਜਾਂਦਾ ਹੈ ਉਸ ਵਿਚ ਇਹ ਮਾਤਰਾ 50 ਮਿਲੀਗਰਾਮ ਪ੍ਰਤੀ ਲਿਟਰ ਹੋਣੀ ਚਾਹੀਦੀ ਹੈ।

ਉਨ੍ਹਾਂ ਦੱਸਿਆ ਕਿ ਭਾਵੇਂ ਮਲੋਟ ਲੁਧਿਆਣਾ, ਜਗਰਾਉਂ, ਰਾਏਕੋਟ ਆਦਿ ਇਲਾਕਿਆਂ ਵਿਚ ਵੀ ਇਹ ਮਾਤਰਾ ਕਾਫੀ ਵਧ ਪਾਈ ਗਈ, ਪਰ ਹੈਰਾਨੀ ਉਸ ਸਮੇਂ ਹੋਈ ਜਦ ਮੁਕਤਸਰ ਜ਼ਿਲ੍ਹੇ ਦੇ ਪਿੰਡ ਦੋਦਾ ਦੇ ਪਾਣੀ ਨੂੰ ਟੈਸਟ ਕੀਤਾ ਗਿਆ, ਜਿੱਥੇ ਇਹ ਮਾਤਰਾ 94.3 ਪਾਈ ਗਈ। ਮਿਸ ਟਿਰਾਡੋ ਨੇ ਇੰਕਸ਼ਾਫ ਕੀਤਾ ਕਿ ਖੇਤਾਂ ਵਿਚ ਕਿਸਾਨਾਂ ਵਲੋਂ ਲੋੜ ਤੋਂ ਵਧ ਵਰਤੀਆਂ ਜਾ ਰਹੀਆਂ ਰਸਾਇਣਕ ਖਾਦਾਂ ਅਤੇ ਦਵਾਈਆਂ ਦਾ ਅਸਰ ਮਿੱਟੀ ਤੋਂ ਅੱਗੇ ਧਰਤੀ ਹੇਠਲੇ ਪਾਣੀ ਤੱਕ ਪਹੁੰਚ ਜਾਂਦਾ ਹੈ, ਜਿਸ ਕਾਰਨ ਪਾਣੀ ਵਿਚ ਨਾਈਟਰੇਟ ਦੀ ਮਾਤਰਾ ਵਧ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਹ ਵਧ ਮਾਤਰਾ ਹੀ ਕੈਂਸਰ, ਬਲੂ ਬੇਬੀ ਸਿੰਡਰੋਮ ਅਤੇ ਗਰਭਵਤੀ ਔਰਤਾਂ ਨੂੰ ਹੋਣ ਵਾਲੀਆਂ ਬਿਮਾਰੀਆਂ ਦਾ ਕਾਰਨ ਬਣਦੀ ਹੈ।

# ਪੰਜਾਬ ’ਚ ਸਿਹਤ ਸਹੂਲਤਾਂ ਦੀ ਦੁਰਦਸ਼ਾ ਨੰਗੀ ਹੋਈ

**ਚੰਡੀਗੜ੍ਹ:** ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵਲੋਂ ਮੁੰਬਈ ਸਥਿਤ ਵਸੋਂ ਵਿਗਿਆਨ ਬਾਰੇ ਕੌਮਾਂਤਰੀ ਸੰਸਥਾ ਰਾਹੀਂ ਕਰਵਾਏ ਗਏ ਸਰਵੇਖਣ ‘ਚੋਂ ਪੰਜਾਬ ਦੇ ਸਿਹਤ ਖੇਤਰ ਬਾਰੇ ਜਿਹੜੀ ਤਸਵੀਰ ਉੱਭਰਦੀ ਹੈ, ਉਹ ਰਾਜ ਸਰਕਾਰ ਵਲੋਂ ਸਿਹਤ ਸੇਵਾਵਾਂ ਨੂੰ ਤਰਜੀਹੀ ਖੇਤਰ ਵਿਚ ਸ਼ਾਮਲ ਕੀਤੇ ਜਾਣ ਦੇ ਦਾਅਵਿਆਂ ਨੂੰ ਨਕਾਰਦੀ ਹੈ। ਏਨਾ ਹੀ ਨਹੀਂ, ਇਹ ਸਰਵੇ ਕੇਂਦਰ ਸਰਕਾਰ ਲਈ ਵੀ ਓਨਾ ਹੀ ਮਹੱਤਵਪੂਰਨ ਹੈ ਕਿਉਂਕਿ ਇਸ ਰਾਹੀਂ ਚਾਨਣ ਹੋ ਜਾਂਦਾ ਹੈ ਕਿ ਕੌਮੀ ਦਿਹਾਤੀ ਸਿਹਤ ਮਿਸ਼ਨ ਦੇ ਦੇਸ਼-ਵਿਆਪੀ ਪ੍ਰਾਜੈਕਟ ਰਾਹੀਂ ਰਾਜਾਂ ਨੂੰ ਦਿੱਤੇ ਜਾਂਦੇ ਧਨ ਦੀ ਕਿੰਨੀ ਕੁ ਵਰਤੋਂ ਕੀਤੀ ਜਾਂਦੀ ਹੈ। ਇਸ ਸਰਵੇ ਵਿਚ ਕੀਤੀ ਗਈ ਨਿਸ਼ਾਨਦੇਹੀ ਮੁਤਾਬਿਕ ਖਾਸ ਕਰਕੇ ਔਰਤਾਂ ਅਤੇ ਬੱਚਿਆਂ ਨੂੰ ਸਿਹਤ ਸੇਵਾਵਾਂ ਦੇਣ ਵਿਚ ਪੰਜਾਬ ਬਹੁਤ ਪਛੜਿਆ ਹੋਇਆ ਹੈ। ਸਥਿਤੀ ਇਹ ਹੈ ਕਿ ਪੰਜਾਬ ਅੰਦਰ 20 ਪ੍ਰਤੀਸ਼ਤ ਪ੍ਰਾਇਮਰੀ ਸਿਹਤ ਕੇਂਦਰਾਂ ਵਿਚ ਮਹਿਲਾ ਡਾਕਟਰ ਹੀ ਨਹੀਂ ਹਨ। ਸਿਰਫ 17 ਪ੍ਰਤੀਸ਼ਤ ਸਿਹਤ ਕੇਂਦਰਾਂ ਵਿਚ ਚੌਵੀ ਘੰਟੇ ਸੇਵਾ ਉਪਲਬਧ ਹੈ। ਹਰ ਮੁਢਲੇ ਸਿਹਤ ਕੇਂਦਰ ਵਿਚ ਘੱਟੋ-ਘੱਟ ਚਾਰ ਬੈੱਡ ਹੋਣੇ ਲਾਜ਼ਮੀ ਹਨ ਪਰ 25 ਪ੍ਰਤੀਸ਼ਤ ਸਿਹਤ ਕੇਂਦਰ ਇਹ ਸ਼ਰਤ ਵੀ ਪੂਰੀ ਨਹੀਂ ਕਰ ਰਹੇ। ਜਿੰਨੇ ਪਿੰਡਾਂ ਨੂੰ ਸਰਵੇ ਲਈ ਚੁਣਿਆ ਗਿਆ ਹੈ, ਉਨ੍ਹਾਂ ਵਿਚੋਂ 62 ਪ੍ਰਤੀਸ਼ਤ ਕੋਲ ਤਿੰਨ ਕਿਲੋਮੀਟਰ ਦੇ ਘੇਰੇ ਅੰਦਰ ਸਿਹਤ ਉਪ-ਕੇਂਦਰ ਨਹੀਂ। ਇਸੇ ਤਰ੍ਹਾਂ 29 ਪ੍ਰਤੀਸ਼ਤ ਪਿੰਡਾਂ ਨੂੰ 10 ਕਿਲੋਮੀਟਰ ਦੀ ਦੂਰੀ ‘ਤੇ ਮੁਢਲੇ ਸਿਹਤ ਕੇਂਦਰ ਮੁਸ਼ਕਲ ਨਾਲ ਮਿਲਦੇ ਹਨ। ਅਜਿਹੇ ਕੇਂਦਰਾਂ ‘ਚ ਅਪਰੇਸ਼ਨ ਥੀਏਟਰਾਂ ਦੀ ਕਮੀ ਹੈ ਤੇ ਜਿੱਥੇ ਕਿਤੇ ਹਨ, ਉਨ੍ਹਾਂ ਵਿਚੋਂ ਵੀ ਤੀਜਾ ਹਿੱਸਾ ਵਰਤੋਂ ਵਿਚ ਨਹੀਂ ਲਿਆਂਦੇ ਜਾ ਰਹੇ। ਨਤੀਜਾ ਇਹ ਹੈ ਕਿ ਪੇਂਡੂ ਖੇਤਰਾਂ ਵਿਚ ਜਿਨ੍ਹਾਂ ਕੋਲ ਚਾਰ ਪੈਸੇ ਹਨ, ਉਹ ਪ੍ਰਾਈਵੇਟ ਨਰਸਿੰਗ ਹੋਮਜ਼ ਦਾ ਖਰਚਾ ਭਰ ਕੇ ਜਣੇਪੇ ਲਈ ਸੇਵਾਵਾਂ ਹਾਸਲ ਕਰ ਲੈਂਦੇ ਹਨ ਜਦਕਿ ਜਿਹੜੇ ਮਹਿੰਗੀਆਂ ਫ਼ੀਸਾਂ ਨਹੀਂ ਭਰ ਸਕਦੇ, ਉਨ੍ਹਾਂ ਨੂੰ ਆਪਣੀ ਤੇ ਨਵਜਾਤ ਦੀ ਜਾਨ ਜ਼ੋਖਮ ਵਿਚ ਪਾ ਕੇ ਘਰਾਂ ਦੇ ਅੰਦਰ ਹੀ ਜਣੇਪੇ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਅਜਿਹੀ ਸਥਿਤੀ ਵਿਚ ਕਈ ਵਾਰੀ ਜੱਚਾ ਤੇ ਬੱਚਾ ਦੋਵਾਂ ਦੀ ਮੌਤ ਹੋ ਜਾਣ ਦੀ ਨੌਬਤ ਵੀ ਆ ਜਾਂਦੀ ਹੈ। ਪਿਛਲੇ ਸਾਲ ਅਕਤੂਬਰ ਵਿਚ ਭਾਰਤ ਸਰਕਾਰ ਦੇ ਰਜਿਸਟਰਾਰ ਜਨਰਲ ਵਲੋਂ ਵੀ ਸਾਰੇ ਰਾਜਾਂ ‘ਚੋਂ ਛੋਟੇ ਬੱਚਿਆਂ ਦੀ ਮੌਤ ਬਾਰੇ ਜਾਰੀ ਕੀਤੇ ਗਏ ਅੰਕੜਿਆਂ ਵਿਚ ਦੱਸਿਆ ਗਿਆ ਸੀ ਕਿ ਪੰਜਾਬ ਵਰਗੇ ਖੁਸ਼ਹਾਲ ਮੰਨੇ ਜਾਂਦੇ ਰਾਜ ਵਿਚ ਵੀ 44 ਪ੍ਰਤੀਸ਼ਤ ਬੱਚੇ ਪੰਜ ਸਾਲ ਦੀ ਉਮਰ ਪੂਰੀ ਕਰਨ ਤੋਂ ਪਹਿਲਾਂ ਮਰ ਜਾਂਦੇ ਹਨ।

ਪੰਜਾਬ ਸਰਕਾਰ ਨੇ ਇਸ ਵਾਰ ਮੈਡੀਕਲ ਅਤੇ ਜਨ-ਸਿਹਤ ਖੇਤਰਾਂ ਲਈ ਆਪਣੀਆਂ ਬਜਟ ਤਜਵੀਜ਼ਾਂ 95 ਕਰੋੜ ਰੁਪਏ ਤੋਂ ਵਧਾ ਕੇ 169 ਕਰੋੜ ਰੁਪਏ ਤੱਕ ਕੀਤੀਆਂ ਹਨ ਅਤੇ ਕੇਂਦਰੀ ਦਿਹਾਤੀ ਸਿਹਤ ਮਿਸ਼ਨ ਦੇ ਤਹਿਤ ਵੀ ਇਸਨੂੰ 252 ਕਰੋੜ ਰੁਪਏ ਦੀ ਰਕਮ ਮਿਲੀ ਹੋਈ ਹੈ, ਫਿਰ ਵੀ ਪੰਜਾਬ ਦੀਆਂ ਸਿਹਤ ਸੇਵਾਵਾਂ ਫਖ਼ਰ ਕਰਨ ਯੋਗ ਨਹੀਂ ਹਨ। ਕਹਿਣ ਨੂੰ ਦੂਰ-ਦੁਰਾਡੇ ਪੇਂਡੂ ਖੇਤਰਾਂ ਵਿਚ ਲੋਕਾਂ ਨੂੰ ਐਕਸ-ਰੇ ਅਤੇ ਈ.ਸੀ.ਜੀ. ਵਰਗੀਆਂ ਸਹੂਲਤਾਂ ਦੇਣ ਲਈ 40 ਮੋਬਾਈਲ ਯੂਨਿਟਾਂ ਦੀ ਵਿਵਸਥਾ ਹੈ ਪਰ ਅਮਲੀ ਤੌਰ ‘ਤੇ ਪਿੰਡਾਂ ਦੇ ਲੋਕਾਂ ਲਈ ਲੋੜੀਂਦੀਆਂ ਸਿਹਤ ਸੇਵਾਵਾਂ ਅਜੇ ਅਪਹੁੰਚ ਹਨ। ਪਿੰਡਾਂ ਵਿਚ ਜ਼ਿਲ੍ਹਾ ਪ੍ਰੀਸ਼ਦਾਂ ਦੇ ਅਧੀਨ ਉੱਕਾ-ਪੁੱਕਾ 30 ਹਜ਼ਾਰ ਰੁਪਏ ਮਹੀਨੇ ‘ਤੇ ਡਾਕਟਰ ਤੇ ਹੋਰ ਅਮਲਾ ਨਿਯੁਕਤ ਕਰਕੇ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਵੀ ਮਸਲਾ ਹੱਲ ਨਹੀਂ ਕਰ ਰਹੀਆਂ। ਸਾਲ 2006 ਵਿਚ ਪੰਜਾਬ ਨੇ ਪੇਂਡੂ ਖੇਤਰਾਂ ਦੀਆਂ 1193 ਡਿਸਪੈਂਸਰੀਆਂ ਜ਼ਿਲ੍ਹਾ ਪ੍ਰੀਸ਼ਦਾਂ ਦੇ ਹਵਾਲੇ ਕੀਤੀਆਂ ਸਨ। ਡਾਕਟਰਾਂ ਦਾ ਕੰਟਰੈਕਟ ਨਵਿਆਉਣ ਵੇਲੇ ਉਨ੍ਹਾਂ ਦੀ ਉੱਕਾ-ਪੁੱਕਾ ਤਨਖਾਹ ਹੁਣ 30 ਹਜ਼ਾਰ ਦੀ ਥਾਂ 27 ਹਜ਼ਾਰ ਕਰ ਦਿੱਤੀ ਗਈ ਹੈ ਤੇ ਘੱਟ ਤਨਖਾਹਾਂ ਕਾਰਨ ਹੀ ਪਿਛਲੇ ਤਿੰਨ ਸਾਲਾਂ ਦੌਰਾਨ 400 ਡਾਕਟਰ ਨੌਕਰੀ ਛੱਡ ਗਏ ਹਨ। ਅਜਿਹੇ ਸਮੇਂ ਜਦੋਂ ਮਹਿੰਗਾਈ ਆਏ ਦਿਨ ਛੜੱਪੇ ਮਾਰ ਕੇ ਵਧ ਰਹੀ ਹੈ, ਇਨ੍ਹਾਂ ਡਾਕਟਰਾਂ ਦੀਆਂ ਉੱਕਾ ਪੁੱਕਾ ਤਨਖਾਹਾਂ ਘਟਾਉਣ ਪਿੱਛੇ ਕਿਹੜਾ ਤਰਕ ਹੋ ਸਕਦਾ ਹੈ, ਸਰਕਾਰ ਹੀ ਜਾਣੇ। ਪਰ ਇਸ ਤੋਂ ਇਹ ਜ਼ਰੂਰ ਪਤਾ ਲੱਗਦਾ ਹੈ ਕਿ ਸਰਕਾਰ ਇਸ ਖੇਤਰ ਨੂੰ ਬਣਦੀ ਅਹਿਮੀਅਤ ਨਹੀਂ ਦੇ ਰਹੀ। ਸਰਕਾਰ ਇਹ ਮੰਨਦੀ ਹੈ ਕਿ 75 ਪ੍ਰਤੀਸ਼ਤ ਆਬਾਦੀ ਪਿੰਡਾਂ ਵਿਚ ਹੈ, ਫਿਰ ਇਹ ਕਿਉਂ ਹੈ ਕਿ 75 ਪ੍ਰਤੀਸ਼ਤ ਡਾਕਟਰ ਸ਼ਹਿਰਾਂ ਵਿਚ ਹਨ ਜਿਸ ਦਾ ਨਤੀਜਾ ਇਹ ਹੈ ਕਿ ਪਿੰਡਾਂ ਦੇ ਲੋਕਾਂ ਨੂੰ ਡਾਕਟਰਾਂ ਦੀਆਂ ਸੇਵਾਵਾਂ ਨਾ ਮਿਲਣ ਦੇ ਬਰਾਬਰ ਹਨ। ਡਿਸਪੈਂਸਰੀਆਂ ਨਹੀਂ, ਸਹਾਇਕ ਸਟਾਫ਼ ਨਹੀਂ, ਡਾਕਟਰ ਨਹੀਂ, ਜੀਵਨ-ਰੱਖਿਅਕ ਜਾਂ ਆਮ ਦਵਾਈਆਂ ਨਹੀਂ। ਫ਼ਿਰ ਇਹ ਸਿਹਤ ਸੇਵਾਵਾਂ ਦਾ ਕਿਹੜਾ ਬਰਾਂਡ ਹੋਇਆ? ਨਿਯੁਕਤੀ ਤੋਂ ਬਾਅਦ ਡਾਕਟਰ ਲਈ ਪੇਂਡੂ ਖੇਤਰ ‘ਚ ਨੌਕਰੀ ਕਰਨੀ ਬੇਸ਼ੱਕ ਜਰੂਰੀ ਕੀਤੀ ਗਈ ਹੈ ਪਰ ਇਸ ਸਮੇਂ ਦੌਰਾਨ ਡਾਕਟਰ ਵੀ ਇਹ ਸਮਝਦੇ ਹਨ ਜਿਵੇਂ ਉਨ੍ਹਾਂ ਨੂੰ ਦੂਜਿਆਂ ਨਾਲੋਂ ਅਲੱਗ-ਥਲੱਗ ਕਰ ਦਿੱਤਾ ਗਿਆ ਹੈ। ਪ੍ਰਾਈਵੇਟ ਸਿਹਤ ਸੇਵਾਵਾਂ ਦੀ ਸਥਿਤੀ ਇਹ ਹੈ ਕਿ ਉਹ ਸਰਕਾਰ ਕੋਲੋਂ ਸਸਤੇ ਭਾਅ ਜ਼ਮੀਨਾਂ ਲੈਣ ਵੇਲੇ ਗ਼ਰੀਬ ਮਰੀਜ਼ਾਂ ਦੇ ਇਲਾਜ ਲਈ ਜਿਹੜੀਆਂ ਸ਼ਰਤਾਂ ਮੰਨਦੇ ਹਨ, ਉਹ ਬਾਅਦ ਵਿਚ ਸਿਰਫ਼ ਕਾਗਜ਼ੀ ਬਣ ਕੇ ਰਹਿ ਜਾਂਦੀਆਂ ਹਨ। ਸਰਕਾਰ ਵਲੋਂ ਵੀ ਇਸ ‘ਤੇ ਨਿੱਠ ਕੇ ਪਹਿਰਾ ਨਹੀਂ ਦਿੱਤਾ ਜਾਂਦਾ। ਸਿਹਤ ਸੇਵਾਵਾਂ ਦਾ ਬੁਨਿਆਦੀ ਢਾਂਚਾ ਵੀ ਰਾਜ ਦੇ ਵਿਕਾਸ ਬਾਰੇ ਜਾਨਣ ਲਈ ਇਕ ਪੁਖ਼ਤਾ ਮਾਪਦੰਡ ਹੈ। ਇਸ ਲਿਹਾਜ਼ ਨਾਲ ਪੰਜਾਬ ਅਜੇ ਵਿਕਾਸ ਨਹੀਂ ਕਰ ਰਿਹਾ ਜਾਪਦਾ।

## ਕੇਂਦਰੀ ਸਰਵੇ ਦੀ ਰਿਪੋਰਟ



ਪੰਜਾਬ ਦੇ ਇਕ ਹਸਪਤਾਲ ਦੇ ਬਾਹਰ ਵਾਰੀ ਦੀ ਉਡੀਕ ’ਚ ਮਰੀਜ







# ਪੰਜਾਬ ਟਾਈਮਜ਼

ਸਨਿਚਰਵਾਰ, 5 ਦਸੰਬਰ, 2009


*ਅਮਨ ਕੋਈ ਔਖਾ ਟੀਚਾ ਨਹੀਂ ਹੈ, ਇਹ ਉਹ ਰਾਹ ਹੈ ਜੋ ਹਰ ਟੀਚੇ ਵਲ ਜਾਂਦੈ-ਮਾਰਟਿਨ ਲੂਥਰ*

## ਸੰਪਾਦਕੀ

## ਜਥੇਦਾਰ ਮੱਕੜ ਫਿਰ ਪ੍ਰਧਾਨ ਬਣੇ

ਖੰਨਾ-ਚਮਿਆਰਾ ਕਾਂਡ ਕਾਰਨ ਹੋ ਰਹੀ ਤਿੱਖੀ ਆਲੋਚਨਾ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ (ਬਾਦਲ) ਪੱਖੀ ਜਥੇਦਾਰ ਅਵਤਾਰ ਸਿੰਘ ਮੱਕੜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੰਜਵੀਂ ਵਾਰ ਪ੍ਰਧਾਨ ਬਣ ਗਏ ਹਨ। ਇਸ ਵਾਰ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਬਾਦਲ ਵਲੋਂ ਪਿਛਲੇ ਤਕਰੀਬਨ ਇਕ ਦਹਾਕੇ ਤੋਂ ਚਲਿਆ ਆ ਰਿਹਾ ਲਿਫਾਫਾ ਕਲਚਰ ਖ਼ਤਮ ਹੋ ਗਿਆ ਹੈ ਅਤੇ ਮੱਕੜ ਦੇ ਖਿਲਾਫ਼ ਵਿਰੋਧੀ ਉਮੀਦਵਾਰ ਵੀ ਮੈਦਾਨ ਵਿਚ ਉਤਰੇ ਹਨ। ਉਨ੍ਹਾਂ ਦੇ ਖਿਲਾਫ਼ ਪੰਥਕ ਮੋਰਚੇ ਦੇ ਉਮੀਦਵਾਰ ਸ੍ਰੀ ਹਰਬੰਸ ਸਿੰਘ ਕੰਧੋਲਾ ਉਮੀਦਵਾਰ ਬਣੇ ਅਤੇ ਉਨ੍ਹਾਂ ਨੂੰ ਸਿਰਫ 25 ਵੋਟਾਂ ਮਿਲੀਆਂ, ਜਦੋਂਕਿ ਜਥੇਦਾਰ ਅਵਤਾਰ ਸਿੰਘ ਮੱਕੜ ਨੂੰ 139 ਵੋਟਾਂ ਪ੍ਰਾਪਤ ਹੋਈਆਂ। ਇਸ ਵੋਟਿੰਗ ਵੇਲੇ 164 ਸ਼੍ਰੋਮਣੀ ਕਮੇਟੀ ਮੈਂਬਰ ਹਾਜ਼ਰ ਸਨ। ਜਥੇਦਾਰ ਮੱਕੜ ਤੋਂ ਇਲਾਵਾ ਬਾਕੀ ਅਹੁਦਿਆਂ 'ਤੇ ਸਰਬਸੰਮਤੀ ਨਾਲ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਕੇਵਲ ਸਿੰਘ ਬਾਦਲ ਅਤੇ ਸ੍ਰੀ ਸੁਖਦੇਵ ਸਿੰਘ ਭੌਰ ਮੁੜ ਜਰਨਲ ਸਕੱਤਰ ਬਣੇ। ਇਸ ਮੌਕੇ ਇਹ ਵਰਤਾਰਾ ਵੀ ਵੇਖਿਆ ਗਿਆ ਕਿ ਹਰਿਆਣੇ ਦੀ ਵੱਖਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਸ੍ਰੀ ਜਗਦੀਸ਼ ਸਿੰਘ ਝੀਂਡਾ ਯੂ ਟਰਨ ਲੈਂਦਿਆਂ ਮੱਕੜ ਦੇ ਨਜ਼ਦੀਕ ਹੋ ਗਏ ਜਦੋਂਕਿ ਦੀਦਾਰ ਸਿੰਘ ਨਲਵੀ ਅਤੇ ਉਨ੍ਹਾਂ ਦੇ ਹੋਰ ਸਾਥੀ ਮੱਕੜ ਅਤੇ ਬਾਦਲ ਗਰੁੱਪ ਤੋਂ ਦੂਰ ਜਾਂਦੇ ਨਜ਼ਰ ਆਏ। ਆਪਣੀ ਚੋਣ ਤੋਂ ਬਾਅਦ ਜਥੇਦਾਰ ਮੱਕੜ ਨੇ ਕਿਹਾ ਕਿ ਹਰਿਆਣੇ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਜਵੀਜ਼ ਨੂੰ ਹਰਿਆਣੇ ਦੇ ਲੋਕ ਹੀ ਰੱਦ ਕਰ ਚੁੱਕੇ ਹਨ। ਇਸ ਦੇ ਹੋਂਦ ਵਿਚ ਆਉਣ ਦਾ ਹੁਣ ਸਵਾਲ ਹੀ ਪੈਦਾ ਨਹੀਂ ਹੁੰਦਾ। ਇਥੇ ਜ਼ਿਕਰਯੋਗ ਹੈ ਕਿ ਜਥੇਦਾਰ ਮੱਕੜ ਦੀ ਚੋਣ ਤੋਂ ਤੁਰੰਤ ਬਾਅਦ ਜਗਦੀਸ਼ ਸਿੰਘ ਝੀਂਡਾ ਨੇ ਉਨ੍ਹਾਂ ਨੂੰ ਜਾ ਕੇ ਪ੍ਰਧਾਨ ਬਣਨ 'ਤੇ ਵਧਾਈ ਦਿੱਤੀ, ਜਿਸ ਨੂੰ ਜਥੇਦਾਰ ਮੱਕੜ ਨੇ ਹੱਸ ਕੇ ਕਬੂਲਿਆ ਵੀ। ਸ਼੍ਰੋਮਣੀ ਕਮੇਟੀ ਅਤੇ ਅਕਾਲੀ ਸਿਆਸਤ ਵਿਚ ਹੋ ਰਹੀ ਨਵੀਂ ਸਿਆਸੀ ਪਾਲਬੰਦੀ ਵੋਟਿੰਗ ਦੇ ਅਮਲ ਵਿਚ ਵੀ ਵਿਖਾਈ ਦਿੱਤੀ। ਬਾਦਲ ਦੀ ਪ੍ਰਮੁੱਖ ਵਿਸਵਾਸ਼ਪਾਤਰ ਸਮਝੀ ਜਾਂਦੀ ਬੀਬੀ ਜਗੀਰ ਕੌਰ ਨੇ ਜਥੇਦਾਰ ਮੱਕੜ ਦਾ ਨਾਂ ਤਜਵੀਜ਼ ਕੀਤਾ, ਜਿਸ ਦੀ ਤਾਈਦ ਰਜਿੰਦਰ ਮਹਿਤਾ ਤੇ ਰਮਿੰਦਰ ਸਿੰਘ ਨੇ ਕੀਤੀ। ਇਹ ਸਾਰੇ ਆਗੂ ਵੀ ਬਾਦਲ ਦੇ ਅਤਿ ਨਜ਼ਦੀਕੀ ਸਮਝੇ ਜਾਂਦੇ ਹਨ।

ਜਦੋਂ ਜਥੇਦਾਰ ਮੱਕੜ ਨੇ ਮੈਂਬਰਾਂ ਨੂੰ ਕਿਹਾ ਕਿ ਕੋਈ ਹੋਰ ਪ੍ਰਧਾਨ ਦੇ ਅਹੁਦੇ ਲਈ ਨਾਂ ਪੇਸ਼ ਕਰੇ ਤਾਂ ਅਕਾਲੀ ਦਲ 1920 ਦੇ ਆਗੂ ਮਨਜੀਤ ਸਿੰਘ ਕਲਕੱਤਾ ਨੇ ਹਰਬੰਸ ਸਿੰਘ ਕੰਧੋਲਾ ਦਾ ਨਾਂ ਤਜਵੀਜ਼ ਕੀਤਾ ਅਤੇ ਇਸ ਤੋਂ ਬਾਅਦ ਵੋਟਿੰਗ ਸ਼ੁਰੂ ਹੋਈ। ਬਾਦਲ ਦੀਆਂ ਵਿਰੋਧੀ ਧਿਰਾਂ ਵਿਚੋਂ ਰਵੀਇੰਦਰ ਧੜਾ ਹੀ ਕੁਝ ਅਸਰਦਾਰ ਸਾਬਤ ਹੋਇਆ। ਇਸ ਦੌਰਾਨ 11 ਮੈਂਬਰੀ ਅੰਤ੍ਰਿੰਗ ਕਮੇਟੀ ਦਾ ਗਠਨ ਵੀ ਕੀਤਾ ਗਿਆ, ਜਿਸ ਵਿਚ ਹਰਿਆਣਾ ਤੋਂ ਜਗਦੀਸ਼ ਸਿੰਘ ਝੀਂਡਾ ਦੇ ਨਜ਼ਦੀਕੀ ਬੀਬੀ ਹਰਵਿੰਦਰ ਕੌਰ, ਟੇਕ ਸਿੰਘ ਧਨੌਲਾ, ਸੁਰਜੀਤ ਸਿੰਘ ਗੜ੍ਹੀ, ਰਜਿੰਦਰ ਸਿੰਘ ਮਹਿਤਾ, ਮੋਹਨ ਸਿੰਘ ਬੰਗੀ, ਗੁਰਚਰਨ ਸਿੰਘ, ਨਿਰਮੈਲ ਸਿੰਘ ਜੌਲਾਂ ਕਲਾਂ, ਕਰਨੈਲ ਸਿੰਘ ਪੰਜੋਲੀ ਤੇ ਸੂਬਾ ਸਿੰਘ ਡੱਬਵਾਲੀ ਸ਼ਾਮਲ ਹਨ। ਜਥੇਦਾਰ ਕਲਕੱਤਾ ਨੇ ਜਥੇਦਾਰ ਮੱਕੜ 'ਤੇ ਇਸ ਗੱਲ ਲਈ ਜ਼ੋਰ ਪਾਇਆ ਕਿ ਉਨ੍ਹਾਂ ਦੇ ਦੋ ਮੈਂਬਰ ਵੀ ਅੰਤ੍ਰਿੰਗ ਕਮੇਟੀ ਵਿਚ ਸ਼ਾਮਲ ਕੀਤੇ ਜਾਣ, ਪਰ ਜਥੇਦਾਰ ਮੱਕੜ ਦੇ ਇਨਕਾਰ ਕਰਨ 'ਤੇ ਮਨਜੀਤ ਸਿੰਘ ਕਲਕੱਤਾ ਵਾਕ-ਆਊਟ ਕਰ ਗਏ। ਦੂਜੇ ਪਾਸੇ ਜਗਦੀਸ਼ ਸਿੰਘ ਝੀਂਡਾ ਦੇ ਕਹਿਣ 'ਤੇ ਜਥੇਦਾਰ ਮੱਕੜ ਨੇ ਕੁਰੂਕਸ਼ੇਤਰ ਤੋਂ ਬੀਬੀ ਰਵਿੰਦਰ ਕੌਰ ਨੂੰ ਅੰਤ੍ਰਿੰਗ ਕਮੇਟੀ ਵਿਚ ਸ਼ਾਮਲ ਕਰ ਲਿਆ ਹੈ। ਇਸ ਦੇ ਨਾਲ ਹੀ ਝੀਂਡਾ ਨੇ ਇਹ ਵੀ ਕਿਹਾ ਕਿ ਮਨਜੀਤ ਸਿੰਘ ਕਲਕੱਤਾ ਨੇ ਆਪਣੇ ਮੈਂਬਰ ਸ਼ਾਮਲ ਕਰਨ ਦੀ ਗੱਲ ਜ਼ੋਰ ਨਾਲ ਨਹੀਂ ਉਠਾਈ, ਇਸ ਲਈ ਉਨ੍ਹਾਂ ਦੀ ਲੀਡਰਸ਼ਿਪ ਕਮਜ਼ੋਰ ਲੀਡਰਸ਼ਿਪ ਹੈ।

ਇਸ ਮੌਕੇ ਹੋਏ ਜਰਨਲ ਇਜਲਾਸ ਵਿਚ ਕੁਝ ਮਤੇ ਵੀ ਪਾਸ ਕੀਤੇ ਗਏ। ਇਕ ਮਤੇ ਵਿਚ ਕਿਹਾ ਗਿਆ ਹੈ ਕਿ ਡਾ. ਮਨਮੋਹਨ ਸਿੰਘ ਨੂੰ ਅਪੀਲ ਕੀਤੀ ਗਈ ਹੈ ਕਿ ਸਿੱਖਾਂ ਦੀ ਹੋਂਦ ਅਤੇ ਪਛਾਣ, ਖਾਸ ਕਰਕੇ ਅੰਮ੍ਰਿਤਧਾਰੀ ਸਿੱਖਾਂ ਦੀ ਪਛਾਣ ਸੰਸਾਰ ਪੱਧਰ 'ਤੇ ਸਥਾਪਤ ਕਰਨ ਲਈ ਤੁਰੰਤ ਲੋੜੀਂਦੇ ਉਪਰਾਲੇ ਕੀਤੇ ਜਾਣ। ਇਹ ਵੀ ਕਿਹਾ ਗਿਆ ਹੈ ਕਿ ਭਾਰਤ ਸਰਕਾਰ ਫਰਾਂਸ ਤੋਂ ਦਸਤਾਰਬੰਦੀ ਦੇ ਨਵੇਂ ਕਾਨੂੰਨ 'ਤੇ ਨਜ਼ਰਸਾਨੀ ਕਰਨ ਦੀ ਮੰਗ ਕਰੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਸਾਲਾਨਾ ਚੋਣ ਸਮੇਂ ਪੈਦਾ ਹੋਏ ਉਪਰੋਕਤ ਘਟਨਾਕ੍ਰਮ ਦੇ ਵੇਰਵਿਆਂ ਤੋਂ ਇਹ ਗੱਲ ਤਾਂ ਸਾਫ ਹੀ ਹੈ ਕਿ ਹਰਿਆਣਾ ਵਿਚ ਵੱਖਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲਈ ਯਤਨ ਕਰ ਰਹੀ ਲੀਡਰਸ਼ਿਪ ਦੇ ਜਗਦੀਸ਼ ਸਿੰਘ ਝੀਂਡੇ ਵਾਲਾ ਧੜਾ ਬਾਦਲ ਗਰੁੱਪ ਦੇ ਨਜ਼ਦੀਕ ਆ ਗਿਆ ਹੈ। ਜਾਪਦਾ ਇੰਜ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਿਚ ਆਪਣਾ ਮੈਂਬਰ ਸ਼ਾਮਲ ਕਰਨ ਤੋਂ ਇਲਾਵਾ ਝੀਂਡਾ ਧੜੇ ਨਾਲ ਹੋਰ ਵੀ ਕੋਈ ਲੈਣ-ਦੇਣ ਹੋਇਆ ਹੈ। ਇੰਜ ਹਰਿਆਣਾ ਦੀ ਵੱਖਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਲਈ ਸਿਰਫ ਦੀਦਾਰ ਸਿੰਘ ਨਲਵੀ ਵਾਲਾ ਧੜਾ ਹੀ ਬਾਕੀ ਰਹਿ ਗਿਆ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਹਰਿਆਣਾ ਵਿਚ ਇਕ ਗੁਰਦੁਆਰੇ ਉਪਰ ਕਬਜ਼ਾ ਕਰਨ ਦੇ ਦੋਸ਼ ਵਿਚ ਸ੍ਰੀ ਜਗਦੀਸ਼ ਸਿੰਘ ਝੀਂਡਾ ਨੂੰ ਅਕਾਲ ਤਖ਼ਤ ਸਾਹਿਬ ਵਲੋਂ ਸਜ਼ਾ ਲਗਾਈ ਗਈ ਸੀ ਅਤੇ ਉਨ੍ਹਾਂ ਨੇ ਆਪਣੀ ਇਹ ਸਜ਼ਾ ਇਕ ਨਿਮਾਣੇ ਸਿੱਖ ਵਾਂਗ ਪੂਰੀ ਵੀ ਕੀਤੀ ਹੈ। ਇਸ ਦੌਰਾਨ ਇਕ ਮਤਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਦਰਸ਼ਨ ਸਿੰਘ ਰਾਗੀ ਦੀ ਨਿੰਦਾ ਵੀ ਕਰਦਾ ਹੈ। ਉਨ੍ਹਾਂ ਨੂੰ ਵੀ 5 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬੁਲਾਇਆ ਗਿਆ ਹੈ।

ਸਪਸ਼ਟ ਹੈ ਮੌਜੂਦਾ ਅਕਾਲੀ ਸਿਆਸਤ ਨੇ ਸਿਆਸੀ, ਧਾਰਮਿਕ ਅਤੇ ਸਮਾਜਿਕ ਮਾਮਲਿਆਂ ਉਪਰ ਸਰਬਰਾਹ ਦੀ ਭੂਮਿਕਾ ਨਿਭਾਉਣ ਵਾਲੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਆਪਣੀ ਸਿਆਸੀ ਪਾਰਟੀ ਬਣਾ ਲਿਆ ਹੈ। ਜਿਹੜੇ ਲੋਕ ਜਾਂ ਵਿਦਵਾਨ ਬਾਦਲ ਦੀ ਸਿਆਸਤ ਦੇ ਵਿਰੋਧੀ ਹਨ, ਉਨ੍ਹਾਂ ਨੂੰ ਅਕਾਲ ਤਖ਼ਤ ਉਪਰ ਸੱਦਣ ਦੀਆਂ ਵਾਰ-ਵਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਜਦਕਿ ਆਪਣੇ ਪੱਖੀ ਧੜਿਆਂ ਨੂੰ ਵੱਡੀਆਂ ਗਲਤੀਆਂ ਦੇ ਬਾਵਜੂਦ ਵੀ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਅਕਾਲੀ ਦਲ (ਬਾਦਲ) ਵਲੋਂ ਪੈਦਾ ਕੀਤੀ ਜਾ ਰਹੀ ਇਹ ਪਿਰਤ ਸਿੱਖ ਧਰਮ ਅਤੇ ਭਾਈਚਾਰੇ ਲਈ ਬੇਹੱਦ ਘਾਤਕ ਸਿੱਧ ਹੋਵੇਗੀ। ਜਾਪਦਾ ਇੰਜ ਵੀ ਹੈ ਕਿ ਦੀਦਾਰ ਸਿੰਘ ਨਲਵੀ ਵਾਂਗ ਹੀ ਦਰਸ਼ਨ ਸਿੰਘ ਰਾਗੀ ਨੂੰ ਵੀ ਅਕਾਲ ਤਖ਼ਤ ਦੇ ਜਥੇਦਾਰ ਵਲੋਂ ਸਜ਼ਾ ਲਗਾਈ ਜਾ ਸਕਦੀ ਹੈ। ਉਂਜ ਭਾਵੇਂ ਇਸ ਕਿਸਮ ਦੀ ਸਜ਼ਾ ਦਾ ਕੋਈ ਤਾਰਕਿਕ ਆਧਾਰ ਨਹੀਂ ਹੈ ਅਤੇ ਇਹ ਵੀ ਵਿਵਾਦ ਹੈ ਕਿ ਕਿਸੇ ਸਾਬਕਾ ਜਥੇਦਾਰ ਨੂੰ ਅਕਾਲ ਤਖ਼ਤ ਉਪਰ ਬੁਲਾਇਆ ਵੀ ਜਾ ਸਕਦਾ ਹੈ ਜਾਂ ਨਹੀਂ। ਫਿਰ ਵੀ ਜਿਸ ਢੰਗ ਨਾਲ ਅਕਾਲ ਤਖ਼ਤ ਦੇ ਮੌਜੂਦਾ ਜਥੇਦਾਰ ਬਾਦਲ ਦੇ ਸਿਆਸੀ ਮਾਤਹਿਤ ਹੋ ਕੇ ਚੱਲ ਰਹੇ ਹਨ, ਉਸ ਤੋਂ ਕਿਸੇ ਕਿਸਮ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪ੍ਰਧਾਨਗੀ ਪੰਜਾਬ ਕਾਂਗਰਸ ਦੀ!*

ਜਨਤਾ ਤੱਕਦੀ ਪਈ ਬੇਵੱਸ ਹੋ ਕੇ,ਸਾਡੇ ਕੌਣ ਛੁਡਾਊਗਾ ਹੱਡ ਮੀਆਂ?
ਕਿਹੜਾ ਨੀਲਿਆਂ ਨੂੰ ਪਾਵੇ ਨੱਥ ਆ ਕੇ, ਬੈਠੇ ਕੁਰਸੀਆਂ ਉਤੇ ਉਜੱਡ ਮੀਆਂ।
ਕੇਪੀ, ਭੱਠਲ ਦੇ ਵੱਸ ਦਾ ਰੋਗ ਹੈ ਨਹੀਂ, ਖੁੱਭੀ ਪਾਰਟੀ ਦੀ ਧੂਣੀ ਗੱਡ ਮੀਆਂ।
ਸੱਤਾਧਾਰੀਆਂ ਨਾਲ ਖੁਦ ਖਹਿਣ ਦੀ ਥਾਂ, ਦੂਸ਼ਣਬਾਜ਼ੀ ਦੀ ਵੱਜਦੀ ਢੱਡ ਮੀਆਂ।
ਮਹਾਰਾਜਾ ਨਿੱਤ ਦਿੱਲੀ ਜਾ ਆਖਦਾ ਏ, ਦਿਓ ਥਾਪੜਾ ਅੜੀ ਨੂੰ ਛੱਡ ਮੀਆਂ।
ਹੋ ਗਈ ਊਠ ਦਾ ਬੁੱਲ੍ਹ ਪ੍ਰਧਾਨਗੀ ਵੀ, ਕੈਪਟਨ ਬੈਠਾ ਏ ਝੋਲੀ ਨੂੰ ਅੱਡ ਮੀਆਂ!

# ਮਸਜਿਦ ਡੇਗੇ ਜਾਣ ਸਮੇਂ ਰਾਓ ਚੁੱਪ ਕਿਉਂ ਰਹੇ?

**ਆਖਰ ਉਦੋਂ ਕੀ ਖੇਡ ਚਲ ਰਹੀ ਸੀ? ਜੇ ਕਾਂਗਰਸ ਉੱਤਰ 'ਚ ਉਭਰ ਆਉਂਦੀ ਤਾਂ ਨਾਰਾਇਣ ਦੱਤ ਤਿਵਾੜੀ, ਜਗਨਨਾਥ ਮਿਸ਼ਰ ਤੇ ਅਰਜੁਨ ਸਿੰਘ ਵਰਗੇ ਨੇਤਾ ਭਾਰਤ ਦੇ ਪਹਿਲੇ ਦੱਖਣ-ਭਾਰਤੀ ਪ੍ਰਧਾਨ ਮੰਤਰੀ ਨਰਸਿਮ੍ਹਾ ਰਾਓ ਦੀ ਗੱਦੀ ਲਈ ਖ਼ਤਰਾ ਪੈਦਾ ਕਰ ਸਕਦੇ ਸਨ। ਅਜਿਹੇ ਲੋਕਾਂ, ਜੋ ਇਹ ਸੋਚਦੇ ਹਨ ਕਿ ਅਯੁੱਧਿਆ ਕਾਂਡ ਇਕ ਸੋਚੀ-ਸਮਝੀ ਯੋਜਨਾ ਦਾ ਸਿੱਟਾ ਸੀ, ਦਾ ਮੰਨਣਾ ਹੈ ਕਿ ਜਿਨ੍ਹਾਂ 7 ਘੰਟਿਆਂ ਦੌਰਾਨ ਬਾਬਰੀ ਮਸਜਿਦ ਡੇਗੀ ਗਈ ਸੀ, ਨਰਸਿਮ੍ਹਾ ਰਾਓ ਅਤੇ ਗ੍ਰਹਿ ਮੰਤਰੀ ਸ੍ਰੀ ਚਵਾਨ ਨੇ ਕੋਈ ਹਰਕਤ ਨਹੀਂ ਕੀਤੀ ਕਿਉਂਕਿ ਉਹ ਉੱਤਰ ਭਾਰਤ ਵਿਚ ਭਾਜਪਾ ਦੇ ਪ੍ਰਭਾਵ 'ਚ ਵਾਧੇ ਦੇ ਵਿਰੁਧ ਨਹੀਂ ਸਨ।**



ਸਈਦ ਨੱਕਵੀ

6 ਦਸੰਬਰ, 1992 ਨੂੰ ਬਾਬਰੀ ਮਸਜਿਦ ਡੇਗੇ ਜਾਣ ਦੀ ਘਟਨਾ 'ਤੇ ਲਿਬਰਹਾਨ ਕਮਿਸ਼ਨ ਦੀ ਰਿਪੋਰਟ ਨੇ ਭਾਰਤੀ ਇਤਿਹਾਸ ਦੇ ਇਕ ਦੁਖਦਾਈ ਅਧਿਆਏ ਨੂੰ ਮੁੜ ਖੋਲ੍ਹ ਦਿੱਤਾ ਹੈ। ਇਹ ਵੀ ਬਹੁਤ ਦੁੱਖ ਦੀ ਗੱਲ ਹੈ ਕਿ ਕਿਸੇ ਸਮਕਾਲੀ ਇਤਿਹਾਸਕਾਰ ਨੇ ਇਸ ਭਿਆਨਕ ਘਟਨਾ ਦੇ ਸਾਰੇ ਪਹਿਲੂਆਂ ਦਾ ਅਜੇ ਤਕ ਵਿਸ਼ਲੇਸ਼ਣ ਨਹੀਂ ਕੀਤਾ ਹੈ। ਲਿਬਰਹਾਨ ਕਮਿਸ਼ਨ ਦੀ ਰਿਪੋਰਟ 'ਚ ਇਸ ਦੇ ਆਯਾਮਾਂ ਦਾ ਕੋਈ ਵਿਸ਼ਲੇਸ਼ਣ ਨਹੀਂ ਕੀਤਾ ਗਿਆ, ਸਗੋਂ ਇਹ ਸਿੱਧਾ ਸਪਾਟ ਵੇਰਵਾ ਹੈ। ਇਸ ਵਿਚ ਕਈ ਤਰੁੱਟੀਆਂ ਹਨ।

ਇਹ ਸਹੀ ਹੈ ਕਿ ਇਸ ਦਾ ਇਕ ਆਯਾਮ ਹਿੰਦੂ-ਮੁਸਲਿਮ ਭਾਵਨਾਵਾਂ ਨਾਲ ਸੰਬੰਧਤ ਹੈ, ਪਰ ਇਸ ਨਾਲ ਹੋਰ ਵੀ ਕਈ ਗੱਲਾਂ ਜੁੜੀਆਂ ਹੋਈਆਂ ਹਨ। ਇਸ ਵਿਚ ਕਾਂਗਰਸ ਪਾਰਟੀ ਅੰਦਰਲਾ ਉੱਤਰ-ਦੱਖਣੀ ਤੱਤ, ਉੱਚ ਅਤੇ ਹੇਠਲੀ ਜਾਤ ਦਾ ਬਟਵਾਰਾ, ਜੋ ਮੰਡਲ ਕਮਿਸ਼ਨ ਕਾਰਨ ਉਭਰਿਆ ਸੀ, ਵੀ ਸ਼ਾਮਲ ਹਨ ਤੇ ਆਖਰ ਵਿਚ ਕਾਂਗਰਸ ਅੰਦਰ ਹੀ ਉਚ ਜਾਤਾਂ ਭਾਵ ਬ੍ਰਾਹਮਣਾਂ ਅਤੇ ਗੈਰ ਬ੍ਰਾਹਮਣਾਂ ਦਾ ਟਕਰਾਅ ਆਦਿ ਵੀ ਇਸ ਸਾਰੀ ਘਟਨਾ ਦੇ ਆਯਾਮਾਂ ਵਿਚ ਸ਼ਾਮਲ ਹਨ। ਮੈਂ ਇਸ ਗੱਲ ਨੂੰ ਸਪੱਸ਼ਟ ਕਰਦਾ ਹਾਂ ਕਿ 1991 ਦੀਆਂ ਆਮ ਚੋਣਾਂ 'ਚ ਕਾਂਗਰਸ ਨੂੰ 244 ਸੀਟਾਂ ਮਿਲੀਆਂ ਸਨ ਜਦਕਿ ਸਰਕਾਰ ਬਣਾਉਣ ਲਈ ਉਸ ਨੂੰ 272 ਸੀਟਾਂ ਚਾਹੀਦੀਆਂ ਸਨ। ਉਦੋਂ ਹਿੰਦੀ-ਭਾਸ਼ੀ ਖੇਤਰ ਵਿਚ ਚੋਣਾਂ 'ਚ ਕਾਂਗਰਸ ਦੀ ਕਾਰਗੁਜ਼ਾਰੀ ਚੰਗੀ ਨਹੀਂ ਸੀ, ਇਸ ਲਈ ਕਾਂਗਰਸ ਵਿਚ ਸੱਤਾ ਦਾ ਸੰਤੁਲਨ ਦੱਖਣੀ ਰਾਜਾਂ ਵਲ ਚਲਾ ਗਿਆ। ਉਦੋਂ ਭਾਜਪਾ ਉਤਰੀ ਰਾਜਾਂ 'ਚ ਪ੍ਰਭਾਵਸ਼ਾਲੀ ਤਾਕਤ ਵਜੋਂ ਉਭਰ ਰਹੀ ਸੀ। ਉਦੋਂ ਉਹ 1984 ਦੀਆਂ ਦੋ ਲੋਕ ਸਭਾ ਸੀਟਾਂ ਦੀ ਥਾਂ 120 ਸੀਟਾਂ ਹਾਸਲ ਕਰ ਚੁੱਕੀ ਸੀ।

ਇਸ ਤਰ੍ਹਾਂ ਉਦੋਂ ਪੀ.ਵੀ. ਨਰਸਿਮ੍ਹਾ ਰਾਓ ਅਤੇ ਸ੍ਰੀ ਵਾਜਪਾਈ ਬਰਾਬਰ ਤੌਰ 'ਤੇ ਉਭਰ ਰਹੇ ਸਨ। ਉਦੋਂ ਭਾਜਪਾ ਦੀ ਹਾਲਤ ਇਹ ਸੀ ਕਿ ਉਸ ਨੂੰ ਉਸਦੇ ਉਤਰੀ ਰਾਜਾਂ ਵਾਲੇ ਗੜ੍ਹਾਂ 'ਚ ਕੋਈ ਚੁਣੌਤੀ ਨਹੀਂ ਦੇ ਸਕਦਾ ਸੀ, ਜਦਕਿ ਕਾਂਗਰਸ ਕੋਲ ਸਰਕਾਰ ਬਣਾਉਣ ਲਈ ਬਹੁਮਤ ਦੀ ਘਾਟ ਸੀ, ਇਸ ਲਈ ਉਹ ਭਾਜਪਾ ਵਾਸਤੇ ਕਿਸੇ ਤਰ੍ਹਾਂ ਦਾ ਖ਼ਤਰਾ ਪੈਦਾ ਕਰ ਸਕਣ ਦੀ ਸਥਿਤੀ 'ਚ ਨਹੀਂ ਸੀ। ਇਸ ਦਾ ਸਿੱਧਾ ਜਿਹਾ ਅਰਥ ਇਹ ਸੀ ਕਿ ਉਦੋਂ ਉੱਤਰੀ ਭਾਰਤ ਵਿਚ ਕਾਂਗਰਸ ਦੇ ਪਸਾਰ ਨੂੰ ਰੋਕਿਆ ਜਾ ਸਕਦਾ ਸੀ।

ਆਖਰ ਉਦੋਂ ਕੀ ਖੇਡ ਚੱਲ ਰਹੀ ਸੀ? ਜੇ ਕਾਂਗਰਸ ਉੱਤਰ 'ਚ ਉਭਰ ਆਉਂਦੀ ਤਾਂ ਨਾਰਾਇਣ ਦੱਤ ਤਿਵਾੜੀ, ਜਗਨਨਾਥ ਮਿਸ਼ਰ ਤੇ ਅਰਜੁਨ ਸਿੰਘ ਵਰਗੇ ਨੇਤਾ ਭਾਰਤ ਦੇ ਪਹਿਲੇ ਦੱਖਣ-ਭਾਰਤੀ ਪ੍ਰਧਾਨ ਮੰਤਰੀ ਨਰਸਿਮ੍ਹਾ ਰਾਓ ਦੀ ਗੱਦੀ ਲਈ ਖ਼ਤਰਾ ਪੈਦਾ ਕਰ ਸਕਦੇ ਸਨ। ਅਜਿਹੇ ਲੋਕਾਂ, ਜੋ ਇਹ ਸੋਚਦੇ ਹਨ ਕਿ ਅਯੁੱਧਿਆ ਕਾਂਡ ਇਕ ਸੋਚੀ-ਸਮਝੀ ਯੋਜਨਾ ਦਾ ਸਿੱਟਾ ਸੀ, ਦਾ ਮੰਨਣਾ ਹੈ ਕਿ ਜਿਨ੍ਹਾਂ 7 ਘੰਟਿਆਂ ਦੌਰਾਨ ਬਾਬਰੀ ਮਸਜਿਦ ਡੇਗੀ ਗਈ ਸੀ, ਨਰਸਿਮ੍ਹਾ ਰਾਓ ਅਤੇ ਉਨ੍ਹਾਂ ਦੇ ਗ੍ਰਹਿ ਮੰਤਰੀ ਸ੍ਰੀ ਚਵਾਨ ਨੇ ਕੋਈ ਹਰਕਤ ਨਹੀਂ ਕੀਤੀ ਕਿਉਂਕਿ ਉਹ ਉੱਤਰ ਭਾਰਤ ਵਿਚ ਭਾਜਪਾ ਦੇ ਪ੍ਰਭਾਵ 'ਚ ਵਾਧੇ ਦੇ ਵਿਰੁਧ ਨਹੀਂ ਸਨ। ਇਸ ਤਰ੍ਹਾਂ ਉਹ ਆਪਣੇ ਲਈ ਸੰਭਾਵੀ ਚੁਣੌਤੀ ਬਣ ਸਕਣ ਵਾਲੇ ਕਾਂਗਰਸੀ ਨੇਤਾਵਾਂ ਨੂੰ ਅਖਾੜੇ 'ਚੋਂ ਬਾਹਰ ਰੱਖ ਸਕਦੇ ਸਨ। ਇਸ ਸੰਬੰਧੀ ਇਹ ਗੱਲ ਵੀ ਨਾ ਭੁੱਲੋ ਕਿ ਉਹ ਨਰਸਿਮ੍ਹਾ ਰਾਓ ਦੇ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਆਉਣ ਦੇ ਮੁੱਢਲੇ ਸਾਲ ਸਨ। ਹੁਣ ਤ੍ਰਾਸਦੀ ਦੇਖੋ। ਕਾਂਗਰਸ ਅੰਦਰ ਉੱਤਰ-ਦੱਖਣ ਦਾ ਬਟਵਾਰਾ ਹੋ ਗਿਆ ਸੀ ਪਰ ਦੂਜੇ ਪਾਸੇ ਕਾਂਗਰਸ ਤੇ ਭਾਜਪਾ ਦਰਮਿਆਨ ਇਕ 'ਅਣ ਐਲਾਨਿਆ' ਉੱਤਰ-ਦੱਖਣ ਸਮਝੌਤਾ ਚੱਲ ਰਿਹਾ ਸੀ। ਅਯੁੱਧਿਆ ਦੇ ਨਾਲ ਹੀ ਮੰਡਲ ਕਮਿਸ਼ਨ ਦੀ ਰਿਪੋਰਟ ਕਾਰਨ ਦੇਸ਼ ਵਿਚ ਜਾਤੀ ਫੁੱਟ ਤਿੱਖਾ ਰੂਪ ਅਖਤਿਆਰ ਕਰ ਗਈ ਸੀ। ਮੰਡਲ ਕਮਿਸ਼ਨ ਦੀ ਇਸ ਰਿਪੋਰਟ 'ਚ ਸਰਕਾਰੀ ਨੌਕਰੀਆਂ 'ਚ ਓ.ਬੀ.ਸੀ. ਲਈ ਰਾਖਵੇਂਕਰਨ ਦੇ ਪ੍ਰਬੰਧ ਦਾ ਸੁਝਾਅ ਦਿੱਤਾ ਗਿਆ ਸੀ।

ਦੱਖਣ-ਭਾਰਤ ਵਿਚ 30 ਦੇ ਦਹਾਕੇ ਤੋਂ ਚਲੇ ਸਮਾਜ ਸੁਧਾਰ ਅੰਦੋਲਨ ਕਾਰਨ ਉਥੇ ਜਾਤ ਪ੍ਰਥਾ ਦਾ ਪ੍ਰਭਾਵ ਹੌਲੀ-ਹੌਲੀ ਖ਼ਤਮ ਹੋ ਗਿਆ ਸੀ। ਮੰਡਲ ਕਮਿਸ਼ਨ ਦਾ ਸਿਆਸੀ ਪ੍ਰਭਾਵ ਉੱਤਰ ਭਾਰਤ ਵਿਚ ਵੀ ਦੇਖਣ ਨੂੰ ਮਿਲਿਆ ਤੇ ਉਥੇ ਇਸ ਦੇ ਕਾਰਨ ਤਰਥੱਲੀ ਮਚੀ ਹੋਈ ਸੀ ਤੇ ਅਸ਼ਾਂਤੀ ਪੈਦਾ ਹੋ ਗਈ ਸੀ।

ਇਸੇ ਦੌੜ 'ਚ ਮੁਲਾਇਮ ਸਿੰਘ ਯਾਦਵ, ਲਾਲੂ ਯਾਦਵ ਅਤੇ ਕਾਂਸ਼ੀ ਰਾਮ-ਮਾਇਆਵਤੀ ਵਰਗੇ ਨੇਤਾਵਾਂ ਨੇ ਜਾਤੀ ਸਮੀਕਰਣਾਂ ਨੂੰ ਉਭਾਰਿਆ। ਇਸ ਨੇ ਕਾਂਗਰਸ ਤੇ ਭਾਜਪਾ ਅੰਦਰ ਉਚ ਜਾਤਾਂ ਦੇ ਲੋਕਾਂ ਨੂੰ ਵੀ ਉਤੇਜਿਤ ਕੀਤਾ। ਰਾਮ ਜਨਮ ਭੂਮੀ-ਬਾਬਰੀ ਮਸਜਿਦ ਕਾਂਡ ਨੂੰ ਭਾਜਪਾ ਨੇ ਹੀ ਹਿੰਦੂ ਭਾਈਚਾਰੇ ਨੂੰ ਭਾਵਨਾਤਮਕ ਮੁੱਦੇ 'ਤੇ ਇਕਜੁਟ ਕਰਨ ਲਈ ਉਠਾਇਆ ਸੀ। ਮੰਦਰ ਦਾ ਮੁੱਦਾ ਇਕ ਤਰ੍ਹਾਂ ਨਾਲ ਮੰਡਲ ਰਿਪੋਰਟ ਕਾਰਨ ਪੈਦਾ ਹੋਈਆਂ ਪਰਸਥਿਤੀਆਂ ਨੂੰ ਪ੍ਰਭਾਵਹੀਣ ਕਰਨ ਦਾ ਇਕ ਜ਼ਰੀਆ ਹੋ ਸਕਦਾ ਸੀ। ਹਿੰਦੂ ਭਾਈਚਾਰੇ 'ਚ ਫੁੱਟ ਨੂੰ ਰੋਕਣ ਦਾ ਇਹ ਇਕ ਪ੍ਰਮੁੱਖ ਸਾਧਨ ਬਣ ਸਕਦਾ ਸੀ। ਭਾਜਪਾ ਨੂੰ ਇਸ ਸੰਬੰਧੀ ਬਾਬਰੀ ਮਸਜਿਦ ਐਕਸ਼ਨ ਕਮੇਟੀ ਦੇ ਰੂਪ 'ਚ ਇਕ ਅਜਿਹਾ ਕਾਰਨ ਮਿਲ ਗਿਆ, ਜਿਸ ਨਾਲ ਉਹ ਮੰਦਰ ਅੰਦੋਲਨ ਦੇ ਮੁੱਦੇ ਨੂੰ ਉਠਾ ਕੇ ਆਪਣਾ ਪ੍ਰਭਾਵ ਵਧਾ ਸਕਦੀ ਸੀ। ਇਕ ਹੋਰ ਤੱਥ ਨਰਸਿਮ੍ਹਾ ਰਾਓ ਦਾ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਪਹੁੰਚਣਾ ਵੀ ਸੀ। 1991 ਦੀਆਂ ਆਮ ਚੋਣਾਂ 'ਚ ਜੋ ਪ੍ਰਮੁਖ ਕਾਂਗਰਸੀ ਨੇਤਾ ਹਾਰ ਗਏ ਸਨ, ਉਨ੍ਹਾਂ 'ਚ ਨਾਰਾਇਣ ਦੱਤ ਤਿਵਾੜੀ, ਲੋਕਪਤੀ ਤ੍ਰਿਪਾਠੀ, ਜਤਿੰਦਰ ਪ੍ਰਸਾਦ, ਬਿੰਦੇਸ਼ਵਰੀ ਦੂਬੇ, ਕੇ.ਕੇ. ਤਿਵਾੜੀ, ਵਸੰਤ ਸਾਠੇ, ਵੀ.ਐਨ. ਗਾਡਗਿਲ, ਗੁੰਡੂ ਰਾਓ ਸ਼ਾਮਲ ਸਨ। ਇਹ ਸਾਰੇ ਬ੍ਰਾਹਮਣ ਸਨ। ਸਪੱਸ਼ਟ ਤੌਰ 'ਤੇ ਇਹ ਸਾਰੇ ਮੰਡਲ ਕਮਿਸ਼ਨ ਦੀ ਰਿਪੋਰਟ ਕਾਰਨ ਚੱਲੀ ਜਾਤੀ ਸਿਆਸਤ ਦਾ ਸ਼ਿਕਾਰ ਬਣੇ। 244 ਸੀਟਾਂ ਦੇ ਆਧਾਰ 'ਤੇ ਪ੍ਰਧਾਨ ਮੰਤਰੀ ਨਰਸਿਮ੍ਹਾ ਰਾਓ ਨੂੰ ਆਪਣੀ ਗੱਦੀ ਬਚਾਉਣ ਲਈ ਸ੍ਰੀ ਵਾਜਪਾਈ ਨਾਲ ਇਕ ਰਣਨੀਤਕ ਸਮਝੌਤਾ ਕਰਨਾ ਪਿਆ। ਸਿੱਟੇ ਵਜੋਂ ਕਾਂਗਰਸ ਦੇ ਅੰਦਰ ਹੀ ਦੋ ਵੱਖ-ਵੱਖ ਧਾਰਨਾਵਾਂ ਪੈਦਾ ਹੋਈਆਂ। ਨਰਸਿਮ੍ਹਾ ਰਾਓ ਵਾਂਗ ਹੀ ਕੇ. ਕਰੁਣਾਕਰਨ ਵੀ ਕੇਰਲਾ 'ਚ ਉਦੋਂ ਪੈਦਾ ਹੋਈਆਂ ਸਥਿਤੀਆਂ ਦੇ ਮੱਦੇਨਜ਼ਰ ਭਾਜਪਾ ਪ੍ਰਤੀ ਨਰਮ ਵਤੀਰਾ ਅਪਨਾਉਣਾ ਚਾਹੁੰਦੇ ਸਨ। ਕੇਰਲਾ 'ਚ ਆਰ.ਐਸ.ਐਸ. ਦੇ ਵਰਕਰ ਤਾਂ ਸਨ ਪਰ ਭਾਜਪਾ ਉਥੋਂ ਇਕ ਵੀ ਸੀਟ ਨਹੀਂ ਜਿੱਤ ਸਕੀ ਸੀ। ਕੇਰਲਾ ਵਿਚ ਸੰਘ ਅਤੇ ਭਾਜਪਾ ਮੂਲ ਤੌਰ 'ਤੇ ਮਾਰਕਸਵਾਦ ਵਿਰੋਧੀ ਤਾਕਤ ਵਜੋਂ ਜਾਣੀ ਜਾਂਦੀ ਹੈ। ਇਸ ਲਈ ਜਦੋਂ ਵੀ ਇਸ ਗਠਜੋੜ ਨੇ ਕਾਂਗਰਸ ਦੇ ਪੱਖ ਵਿਚ ਕੰਮ ਕੀਤਾ ਤਾਂ ਉਸ ਨਾਲ ਕਾਂਗਰਸ ਦੀ ਅਗਵਾਈ ਵਾਲੇ ਯੂ.ਡੀ. ਐਫ. ਨੂੰ ਜਿੱਤ ਪ੍ਰਾਪਤ ਹੋਈ। ਯੂ.ਡੀ.ਐਫ. ਨੂੰ ਉਥੇ ਚੋਣ ਜਿੱਤਣ ਲਈ ਇਕ ਫੀਸਦੀ ਵਾਧੂ ਵੋਟਾਂ ਦੇ ਝੁਕਾਅ ਦੀ ਹੀ ਲੋੜ ਹੁੰਦੀ ਹੈ। ਮੱਧ ਪ੍ਰਦੇਸ਼ ਵਿਚ ਅਰਜੁਨ ਸਿੰਘ ਨੂੰ ਆਪਣੇ ਪੈਰ ਜਮਾਉਣ ਲਈ ਪੂਰਾ ਜ਼ੋਰ ਲਗਾਉਣਾ ਪਿਆ ਸੀ। ਇਸ ਵਿਚ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਉਹ ਨਰਸਿਮ੍ਹਾ ਰਾਓ ਅਤੇ ਕਰੁਣਾਕਰਨ ਵਲੋਂ ਭਾਜਪਾ ਪ੍ਰਤੀ ਅਪਨਾਈਆਂ ਜਾਣ ਵਾਲੀਆਂ ਨਰਮ ਨੀਤੀਆਂ ਦੇ ਵਿਰੋਧੀ ਸਨ।

ਲਿਬਰਹਾਨ ਰਿਪੋਰਟ ਕਾਰਨ ਜੋ ਉਤੇਜਨਾ ਪੈਦਾ ਹੋਈ ਹੈ, ਉਹ ਅਸਥਾਈ ਹੈ। ਇਸ ਨਾਲ ਮੰਦਰ ਅੰਦੋਲਨ ਨੂੰ ਮੁੜ ਉਭਾਰਨ 'ਚ ਕੋਈ ਸਹਾਇਤਾ ਨਹੀਂ ਮਿਲੇਗੀ। ਕਿਸੇ ਮੁੱਦੇ 'ਤੇ ਉਤੇਜਨਾ ਸਿਰਫ ਇਕ ਵਾਰ ਹੀ ਪੈਦਾ ਹੁੰਦੀ ਹੈ ਪਰ ਇਤਿਹਾਸਕਾਰਾਂ ਨੂੰ ਜ਼ਰੂਰ ਹੀ ਭਾਰਤੀ ਇਤਿਹਾਸ ਦੇ ਇਸ ਕਾਲੇ ਅਧਿਆਏ ਦੇ ਵੱਖ-ਵੱਖ ਪਹਿਲੂਆਂ ਦਾ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ।

# ਹੱਜ 'ਤੇ ਵੀ ਸਵਾਈਨ ਫ਼ਲੂ ਦਾ ਖਤਰਾ ਮੰਡਰਾਉਣ ਲੱਗਾ

**ਸਾਊਦੀ ਅਰਬ:** ਸਰੀਰ 'ਤੇ ਰਵਾਇਤੀ ਅਹਿਰਾਮ ਬੰਨ ਕੇ ਹੱਜ ਕਰ ਰਹੇ ਲੋਕਾਂ ਦੀ ਵੇਸ਼ਭੂਸ਼ਾ ਅਤੇ ਤੌਰ ਤਰੀਕਿਆਂ 'ਤੇ ਬਾਰਿਸ਼ ਅਤੇ ਸਵਾਈਨ ਫ਼ਲੂ ਦਾ ਅਸਰ ਦੇਖਿਆ ਜਾ ਰਿਹਾ ਹੈ। ਇਸ ਤੀਰਥ ਸਥਾਨ ਵਿਚ ਹੋ ਰਹੀ ਜ਼ੋਰਦਾਰ ਬਾਰਸ਼ ਅਤੇ ਸਵਾਈਨ ਫ਼ਲੂ ਦੇ ਖਤਰੇ ਨੇ ਹੱਜ ਕਰ ਰਹੇ ਲੋਕਾਂ ਦੇ ਸਿਰ 'ਤੇ ਛਤਰੀ ਲਾਉਣ ਅਤੇ ਚਿਹਰੇ 'ਤੇ ਮਾਸਕ ਪਾਉਣ ਨੂੰ ਮਜਬੂਰ ਕਰ ਦਿਤਾ ਹੈ।

ਹੱਜ ਲਈ ਲੱਖਾਂ ਲੋਕਾਂ ਦੇ ਇਕੱਠੇ ਹੋਣ ਕਾਰਨ ਸਵਾਈਨ ਫ਼ਲੂ ਦੇ ਵਿਕਰਾਲ ਰੂਫ ਲੈਣ ਦੀ ਸੰਭਾਵਨਾ ਦੇ ਮੱਦੇਨਜ਼ਰ ਸਾਊਦੀ ਅਧਿਕਾਰੀਆਂ ਨੇ ਹੱਜ ਦੌਰਾਨ ਇਸ ਬੀਮਾਰੀ ਦਾ ਫੈਲਾਅ ਰੋਕਣ ਲਈ ਕਈ ਮਹੀਨੇ ਪਹਿਲਾਂ ਹੀ ਯੋਜਨਾ ਬਣਾਉਣੀ ਸ਼ੁਰੂ ਕਰ ਦਿਤੀ ਸੀ। ਚਾਰ ਦਿਨ ਤਕ ਚਲਣ ਵਾਲੇ ਹੱਜ ਦੀ ਬੀਤੀ 26 ਨਵੰਬਰ ਤੋਂ ਸ਼ੁਰੂਆਤ ਹੋਈ। ਦੁਨੀਆਂ ਵਿਚ ਸਭ ਤੋਂ ਜ਼ਿਆਦਾ ਭੀੜ ਵਾਲੇ ਆਯੋਜਨਾਂ ਵਿਚ ਸ਼ਾਮਲ ਹੱਜ ਵਿਚ ਦੁਨੀਆਂ ਦੇ ਕੋਨੇ ਕੋਨੇ ਤੋਂ ਆਏ 30 ਲੱਖ ਤੋਂ ਵੀ ਜ਼ਿਆਦਾ ਲੋਕਾਂ ਨੇ ਮੋਢੇ ਨਾਲ ਮੋਢਾ ਜੋੜ ਕੇ ਨਮਾਜ ਪੜ੍ਹੀ ਅਤੇ ਰਸਮ ਅਦਾ ਕੀਤੀ।

ਹੱਜ ਯਾਤਰੀਆਂ ਨੂੰ ਬਾਰਸ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਸ ਕਾਰਨ ਭਗਦੜ ਵਰਗੀਆਂ ਘਟਨਾਵਾਂ ਹੋਣ ਦਾ ਵੀ ਸ਼ੱਕ ਕੀਤਾ ਗਿਆ ਹੈ। ਸਾਲ 206 ਵਿਚ ਸ਼ੈਤਾਨ ਨੂੰ ਪੱਥਰ ਮਾਰਨ ਦੀ ਰਸਮ ਦੌਰਾਨ ਹੋਈ ਭਗਦੜ ਵਿਚ 360 ਤੋਂ ਜ਼ਿਆਦਾ ਲੋਕ ਮਾਰੇ ਗਏ ਸਨ।

# ਬਹੁਤ ਡੂੰਘੇ ਨੇ ਖੱਬੇ ਪੱਖੀ ਲਹਿਰ ਦੇ ਪਤਨਮੁਖ ਹੋਣ ਦੇ ਕਾਰਨ

**ਮੰਗਤ ਰਾਮ ਪਾਸਲਾ**

ਜਦੋਂ ਪਿਛਲੇ ਦਿਨੀਂ ਦੇਸ਼ ਵਿਚ ਹੋਈਆਂ ਉਪ ਚੋਣਾਂ ਦੇ ਨਤੀਜੇ ਐਲਾਨੇ ਜਾ ਰਹੇ ਸਨ ਤਦ ਖੱਬੇਪੱਖੀ ਵਿਚਾਰਾਂ ਦੇ ਹਮਦਰਦ ਲੋਕਾਂ ਦੀਆਂ ਨਜ਼ਰਾਂ ਪੱਛਮੀ ਬੰਗਾਲ ਤੇ ਕੇਰਲਾ ਦੇ ਚੋਣ ਨਤੀਜਿਆਂ 'ਤੇ ਲੱਗੀਆਂ ਹੋਈਆਂ ਸਨ। ਜਦੋਂ ਦੋਹਾਂ ਪ੍ਰਾਂਤਾਂ 'ਚ ਸੀ.ਪੀ.ਆਈ. (ਐਮ) ਦੀ ਅਗਵਾਈ ਵਾਲੇ ਖੱਬੇ ਮੋਰਚੇ ਦੇ ਉਮੀਦਵਾਰਾਂ ਦੀ ਹਾਰ (ਇਕ ਸੀਟ ਨੂੰ ਛੱਡ ਕੇ) ਦਾ ਨਤੀਜਾ ਦੱਸਿਆ ਗਿਆ, ਜ਼ਰੂਰ ਹੀ ਉਨ੍ਹਾਂ ਨੂੰ ਭਾਰੀ ਨਿਰਾਸ਼ਾ ਹੋਈ ਹੋਵੇਗੀ। ਸਾਰੇ ਮਤਭੇਦਾਂ ਦੇ ਬਾਵਜੂਦ ਕਮਿਊਨਿਸਟ ਲਹਿਰ ਨਾਲ ਥੋੜ੍ਹਾ ਬਹੁਤਾ ਵੀ ਲਗਾਅ ਰੱਖਣ ਵਾਲੇ ਵਿਅਕਤੀ ਤਾਂ ਇਹੋ ਚਾਹੁੰਦੇ ਹੀ ਹਨ ਕਿ ਖੱਬੇਪੱਖੀਆਂ ਦਾ ਜਨ-ਆਧਾਰ ਕਾਂਗਰਸ ਤੇ ਮਮਤਾ ਬੈਨਰਜੀ ਦੀ ਪਾਰਟੀ ਟੀ.ਐਮ.ਸੀ. ਵਰਗੀਆਂ ਲੋਕ ਵਿਰੋਧੀ ਸਿਆਸੀ ਧਿਰਾਂ ਕੋਲ ਨਾ ਖਿਸਕੇ। ਪਰ ਜਿਸ ਤਰ੍ਹਾਂ ਪੱਛਮੀ ਬੰਗਾਲ ਤੇ ਕੇਰਲਾ ਵਿਚਲੀਆਂ ਖੱਬੀਆਂ ਧਿਰਾਂ, ਖਾਸ ਕਰਕੇ ਸੀ.ਪੀ.ਆਈ. (ਐਮ) ਨੇ ਪਿਛਲੇ ਕੁਝ ਸਾਲਾਂ ਤੋਂ ਦੇਸ਼ 'ਚ ਇਨਕਲਾਬੀ ਤਬਦੀਲੀ ਰਾਹੀਂ ਸਾਂਝੀਵਾਲਤਾ 'ਤੇ ਆਧਾਰਤ ਸਮਾਜ ਦੀ ਸਥਾਪਨਾ ਲਈ ਸੰਘਰਸ਼ ਦਾ ਰਾਹ ਤਿਆਗ ਕੇ ਲੁਟੇਰੀਆਂ ਹਾਕਮ ਜਮਾਤਾਂ ਦੀਆਂ ਪਾਰਟੀਆਂ ਨਾਲ ਪਿਆਰ ਦੀਆਂ ਪੀਂਘਾਂ ਪਾ ਕੇ ਮੌਕਾਪ੍ਰਸਤ ਰਾਜਸੀ ਪੈਂਤੜਾ ਅਖਤਿਆਰ ਕਰ ਲਿਆ ਹੈ, ਉਸ ਰਾਹ 'ਤੇ ਚੱਲ ਕੇ ਕਿਸੇ ਹੋਰ ਨਤੀਜੇ ਦੀ ਆਸ ਹੀ ਨਹੀਂ ਕੀਤੀ ਜਾ ਸਕਦੀ।

ਸਵਾਲ ਪਾਰਲੀਮੈਂਟ ਜਾਂ ਰਾਜ ਵਿਧਾਨ ਸਭਾ ਦੀਆਂ ਸੀਟਾਂ ਹਾਰਨ ਜਾਂ ਜਿੱਤਣ ਦਾ ਨਹੀਂ, ਸਗੋਂ ਇਸ ਤੋਂ ਵੱਡਾ ਮਸਲਾ ਉਸ ਭਰੋਸੇਯੋਗਤਾ ਦਾ ਖੁਰਨਾ ਹੈ, ਜੋ ਕਿਰਤੀ ਲੋਕਾਂ ਦੇ ਹੱਕਾਂ ਲਈ ਨਿਰਸਵਾਰਥ ਤੇ ਕੁਰਬਾਨੀਆਂ ਭਰੇ ਲੰਬੇ ਸਮੇਂ ਦੇ ਸੰਘਰਸ਼ਾਂ ਰਾਹੀਂ ਖੱਬੇਪੱਖੀ ਦਲਾਂ ਨੇ ਜਨ ਸਮੂਹਾਂ ਤੋਂ ਹਾਸਲ ਕੀਤੀ ਹੈ। ਭਾਵੇਂ ਭਰੋਸੇਯੋਗਤਾ ਦੀ ਮਾਤਰਾ ਮਾਪਣ ਦਾ ਇਕ ਪੈਮਾਨਾ ਚੋਣਾਂ 'ਚ ਪ੍ਰਾਪਤ ਕੀਤੀਆਂ ਵੋਟਾਂ ਵੀ ਹੁੰਦੀਆਂ ਹਨ ਪਰ ਇਹ ਪੈਮਾਨਾ ਕਦੀ 'ਪ੍ਰਮੁੱਖ' ਨਹੀਂ ਮੰਨਣਾ ਚਾਹੀਦਾ।

ਇਸ ਤੋਂ ਵੀ ਜ਼ਿਆਦਾ ਵਜ਼ਨ ਜਨਤਕ ਘੋਲਾਂ ਰਾਹੀਂ ਪ੍ਰਾਪਤ ਕੀਤੀ ਉਸ ਦੇਸ਼ ਵਿਆਪੀ ਜਨ-ਹਮਾਇਤ ਦੇ ਮਿਹਨਤਕਸ਼ ਲੋਕਾਂ ਦੇ ਸੰਗੀ ਸਾਥੀ ਹੋਣ ਦੀ ਡੂੰਘੀ ਸਦਭਾਵਨਾ ਦਾ ਹੁੰਦਾ ਹੈ, ਜੋ ਕਈ ਵਾਰ ਚੋਣ ਨਤੀਜਿਆਂ 'ਚੋਂ ਜ਼ਾਹਰ ਨਹੀਂ ਹੁੰਦੀ। ਸੱਤਾ 'ਚ ਭਾਈਵਾਲ ਰਹੀਆਂ ਦੂਸਰੀਆਂ ਖੱਬੇਪੱਖੀ ਪਾਰਟੀਆਂ ਨੇ ਕਾਫੀ ਸਮਾਂ ਪਹਿਲਾਂ ਹੀ ਮਾਰਕਸਵਾਦੀ-ਲੈਨਿਨਵਾਦੀ ਵਿਗਿਆਨਕ ਪਹੁੰਚ ਤਿਆਗ ਕੇ ਸੁਧਾਰਵਾਦ ਦਾ ਰਾਹ ਫੜ ਲਿਆ ਸੀ, ਇਸ ਕਰਕੇ ਉਨ੍ਹਾਂ ਦੇ ਮੁੜ ਇਨਕਲਾਬੀ ਰਾਹ 'ਤੇ ਮੁੜਨ ਦੀ ਆਸ ਕਾਫੀ ਮੱਧਮ ਹੈ ਪਰ ਸਭ ਤੋਂ ਵੱਡੀ ਖੱਬੀ ਧਿਰ ਸੀ.ਪੀ.ਆਈ. (ਐਮ), ਜਿਸ ਨੇ 1964 ਵਿਚ ਸੋਧਵਾਦ ਨਾਲੋਂ ਤੋੜ ਵਿਛੋੜਾ ਕਰਕੇ (ਬਾਅਦ ਵਿਚ ਮਾਅਰਕੇਬਾਜ਼ੀ ਵਿਰੁਧ ਸੰਘਰਸ਼ ਕਰਕੇ) ਇਕ ਇਨਕਲਾਬੀ ਪ੍ਰੋਗਰਾਮ 'ਤੇ ਚਲਦਿਆਂ ਜਨ-ਸੰਘਰਸ਼ਾਂ ਦਾ ਰਾਹ ਫੜਿਆ ਸੀ, ਦਾ ਪਿਛਲੇ ਡੇਢ ਕੁ ਦਹਾਕੇ ਤੋਂ ਸੋਧਵਾਦੀ ਕੁਰਾਹੇ ਦੀ ਗੱਡੀ ਚੜ੍ਹਨਾ ਕਾਫੀ ਦੁਖਦਾਈ ਹੈ। ਅਜੇ ਵੀ ਇਸ ਪਾਰਟੀ 'ਚ ਐਸੇ ਲੋਕਾਂ ਦੀ ਗਿਣਤੀ ਕਾਫੀ ਹੈ, ਜੋ ਇਨਕਲਾਬੀ ਤਬਦੀਲੀ ਲਈ ਵਚਨਬੱਧ ਹਨ ਤੇ ਹਰ ਕੁਰਬਾਨੀ ਕਰਨ ਲਈ ਵੀ ਤਿਆਰ ਹਨ।



ਲੋਕ ਸਭਾ ਤੋਂ ਬਾਅਦ ਹੋਈਆਂ ਦੂਜੀਆਂ ਚੋਣਾਂ 'ਚ ਸੀ.ਪੀ.ਆਈ. (ਐਮ) ਨੂੰ ਹੋਈਆਂ ਹਾਰਾਂ ਦੇ ਮੱਦੇਨਜ਼ਰ ਸਰਮਾਏਦਾਰੀ ਪ੍ਰਬੰਧ ਦੇ ਮੁਹਰੈਲ ਬੁੱਧੀਜੀਵੀਆਂ, ਕਲਮਕਾਰਾਂ ਤੇ ਰਾਜਨੀਤੀਵਾਨਾਂ ਨੇ ਕਮਿਊਨਿਸਟਾਂ ਨੂੰ ਆਪਣੀਆਂ ਬੁਨਿਆਦੀ ਅਸੂਲੀ ਵਿਚਾਰਧਾਰਕ ਪੁਜ਼ੀਸ਼ਨਾਂ 'ਤੇ ਅਮਲ ਛੱਡ ਕੇ ਪੂਰਨ ਰੂਪ 'ਚ ਸੁਧਾਰਵਾਦੀ ਲੀਹਾਂ 'ਤੇ ਕੰਮ ਕਰਨ ਲਈ ਸਲਾਹਾਂ ਦੀ ਝੜੀ ਲਗਾਈ ਹੋਈ ਹੈ। ਇਨ੍ਹਾਂ ਚੋਣ ਹਾਰਾਂ ਨੂੰ ਉਹ ਨਵੀਆਂ ਸਥਿਤੀਆਂ 'ਚ ਖੱਬੇ ਪੱਖੀ ਦਲਾਂ ਦੇ ਪੂਰੀ ਤਰ੍ਹਾਂ ਨਾ ਢਲਣ ਤੇ ਸਰਮਾਏਦਾਰੀ-ਜਗੀਰਦਾਰੀ ਢਾਂਚੇ ਦੀ ਮੂਲ ਰੂਪ 'ਚ ਵਿਰੋਧਤਾ ਨੂੰ ਜ਼ਿੰਮੇਵਾਰ ਆਖ ਰਹੇ ਹਨ।

ਇਨ੍ਹਾਂ ਭੱਦਰਪੁਰਸ਼ਾਂ ਦੀ ਸੋਚ ਅਨੁਸਾਰ ਹੁਣ ਪੂੰਜੀਵਾਦ ਨੂੰ ਬਦਲ ਕੇ ਸਮਾਜਵਾਦੀ ਢਾਂਚੇ ਦੀਆਂ ਗੱਲਾਂ ਕਰਨੀਆਂ ਨਾ ਤਾਂ ਤਰਕਸੰਗਤ ਹਨ ਤੇ ਨਾ ਹੀ ਅਜਿਹਾ 'ਲੁੱਟ ਰਹਿਤ' ਢਾਂਚਾ ਕਾਇਮ ਕਰਨਾ ਸੰਭਵ ਹੈ। ਪੂੰਜੀਵਾਦ ਨੂੰ ਹੀ ਸਮਾਜ ਦੀ ਅੰਤਿਮ ਤੇ ਬਿਹਤਰ ਮੰਜ਼ਿਲ ਦੱਸਦੇ ਹੋਏ ਇਹ ਲੋਕ ਕਮਿਊਨਿਸਟਾਂ ਨੂੰ ਵੀ ਕਿਸੇ ਸਰਮਾਏਦਾਰ ਧੜੇ ਨਾਲ ਰਲ ਕੇ ਮੌਜੂਦਾ ਪ੍ਰਬੰਧ ਨੂੰ ਹੀ ਚਲਾਉਣ ਦੀਆਂ 'ਨੇਕ ਸਲਾਹਾਂ' ਦੇ ਰਹੇ ਹਨ।

ਕੁਝ ਬੁੱਧੀਜੀਵੀ ਤਾਂ ਸੀ.ਪੀ.ਆਈ. (ਐਮ) ਦੇ ਆਗੂਆਂ ਨੂੰ ਇਸ ਲਈ ਫਿਟਕਾਰ ਲਗਾ ਰਹੇ ਹਨ ਕਿ ਉਨ੍ਹਾਂ ਨੇ ਭਾਰਤ-ਅਮਰੀਕਾ ਪ੍ਰਮਾਣੂ ਸੰਧੀ ਦੇ ਵਿਰੋਧ ਦੇ ਆਧਾਰ 'ਤੇ ਮਨਮੋਹਨ ਸਿੰਘ ਦੀ ਪਿਛਲੀ ਸਰਕਾਰ ਤੋਂ ਹਮਾਇਤ ਕਿਉਂ ਵਾਪਸ ਲਈ? ਮੌਜੂਦਾ ਚੋਣ ਹਾਰਾਂ ਨੂੰ ਉਹ ਇਸ ਸਿਆਸੀ ਭੁੱਲ ਨਾਲ ਜੋੜਨ ਦੀ ਹੱਦ ਤਕ ਚਲੇ ਜਾਂਦੇ ਹਨ। ਕਮਿਊਨਿਸਟਾਂ ਨੂੰ ਉਲੂ ਸਿਧਵਾਦੀ (ਪ੍ਰੈਗਮੈਟਿਕ) ਬਣਨ ਦੀਆਂ ਸਲਾਹਾਂ ਅਸਲ 'ਚ ਇਹ 'ਬੁੱਧੀਜੀਵੀ' ਪਿਛਲੇ ਸਾਲਾਂ 'ਚ ਵੱਡੇ ਕਮਿਊਨਿਸਟ ਆਗੂਆਂ ਦੇ ਆਪ ਹੀ ਦਿੱਤੇ ਬਿਆਨਾਂ 'ਤੇ ਅਮਲਾਂ ਦੇ ਆਧਾਰ 'ਤੇ ਹੀ ਦੇ ਰਹੇ ਹਨ।

ਉਂਜ ਤਾਂ ਕਮਿਊਨਿਸਟ ਪਾਰਟੀਆਂ ਦੇ ਸਾਰੇ ਫੈਸਲੇ ਪਾਰਟੀ ਕਮੇਟੀਆਂ ਹੀ ਕਰਦੀਆਂ ਹਨ, ਸਰਬਸੰਮਤੀ ਨਾਲ ਜਾਂ ਬਹੁਮਤ ਨਾਲ ਪਰ ਦੁਨੀਆਂ ਦੇ ਮਹਾਨ ਇਨਕਲਾਬਾਂ ਨੂੰ ਕਾਮਯਾਬੀ ਦੇ ਦਰਵਾਜ਼ਿਆਂ ਤਕ ਲਿਜਾਣ ਦਾ ਸਿਹਰਾ ਉਥੋਂ ਦੀ ਸਮੁੱਚੀ ਇਨਕਲਾਬੀ ਸਿਆਸੀ ਲੀਡਰਸ਼ਿਪ, ਇਸ ਦੇ ਹਜ਼ਾਰਾਂ-ਲੱਖਾਂ ਮੈਂਬਰਾਂ, ਹਮਦਰਦਾਂ ਅਤੇ ਆਮ ਕਿਰਤੀ ਜਨ-ਸਮੂਹਾਂ ਦੇ ਸਿਰ ਹੀ ਬੱਝਦਾ ਹੈ ਪਰ ਇਸ ਮਹਾਨ ਕੰਮ ਨੂੰ ਨੇਪਰੇ ਚਾੜ੍ਹਨ ਲਈ ਕਾਮਰੇਡ ਲੈਨਿਨ, ਸਟਾਲਿਨ, ਮਾਓ-ਜੇ-ਤੁੰਗ, ਹੋ ਚੀ ਮਿਨ੍ਹ ਫੀਦਲ ਕਾਸਤਰੋ ਵਰਗੇ ਮਹਾਨ ਆਗੂਆਂ ਦੀ ਯੋਗ ਅਗਵਾਈ ਨੇ ਹੀ ਬਹੁਤ ਅਹਿਮ ਰੋਲ ਅਦਾ ਕੀਤਾ ਹੈ।

ਇਸੇ ਤਰ੍ਹਾਂ ਸਾਡੇ ਦੇਸ਼ 'ਚ ਵੀ ਕਮਿਊਨਿਸਟ ਲਹਿਰ ਨੂੰ ਇਨਕਲਾਬੀ ਵਿਚਾਰਧਾਰਕ ਪਟੜੀ ਤੋਂ ਉਤਾਰ ਕੇ ਸੋਧਵਾਦੀ ਪਾਰਲੀਮਾਨੀ ਮੌਕਾਪ੍ਰਸਤੀ ਦੇ ਕੁਰਾਹੇ ਪਾਉਣ 'ਚ ਪਾਰਟੀ ਉੱਚ ਕਮੇਟੀਆਂ ਦੇ ਨਾਲ-ਨਾਲ ਕੁਝ ਕੁ ਮੌਕਾਪ੍ਰਸਤ ਤੇ ਕਮਿਊਨਿਸਟ ਲਹਿਰ ਵਿਚ ਵੜੇ ਗੈਰ-ਕਮਿਊਨਿਸਟ ਆਗੂਆਂ ਦੇ ਉਲਟ ਇਨਕਲਾਬੀ ਰੋਲ ਨੂੰ ਵੀ ਘਟਾ ਕੇ ਨਹੀਂ ਦੇਖਿਆ ਜਾਣਾ ਚਾਹੀਦਾ। ਇਸ ਇਨਕਲਾਬ ਵਿਰੋਧੀ ਕੰਮ 'ਚ ਉਨ੍ਹਾਂ ਕੁਝ ਕੁ ਆਗੂਆਂ 'ਚੋਂ ਮਰਹੂਮ ਹਰਕਿਸ਼ਨ ਸਿੰਘ ਸੁਰਜੀਤ ਨੂੰ 'ਰੁਸਤਮੇ ਹਿੰਦ' ਆਖਿਆ ਜਾ ਸਕਦਾ ਹੈ, ਜਿਸ ਨੇ ਕਾਮਰੇਡ ਪੀ. ਸੁੰਦਰਈਆ, ਕਾਮਰੇਡ ਈ.ਐਮ.ਐਸ. ਨੰਬੂਦਰੀਪਾਦ, ਏ.ਕੇ. ਗੋਪਾਲਨ, ਪ੍ਰਮੋਦਦਾਸ ਗੁਪਤਾ ਵਰਗੇ ਮਹਾਨ ਕਮਿਊਨਿਸਟ ਆਗੂਆਂ ਵਲੋਂ ਸਿਰਜੀ ਸੀ.ਪੀ.ਆਈ. (ਐਮ) ਵਰਗੀ ਇਨਕਲਾਬੀ ਪਾਰਟੀ ਨੂੰ ਸੋਸ਼ਲ ਡੈਮੋਕ੍ਰੇਟਿਕ ਪਾਰਟੀ 'ਚ ਬਦਲਣ ਲਈ ਆਗੂ ਭੂਮਿਕਾ ਅਦਾ ਕੀਤੀ।

ਇਸ ਕਰਕੇ ਜਦੋਂ ਸਰਮਾਏਦਾਰ ਪ੍ਰਬੰਧ ਦੇ ਚਾਟੜੇ ਕਮਿਊਨਿਸਟਾਂ ਨੂੰ ਮਾਰਕਸਵਾਦ-ਲੈਨਿਨਵਾਦ ਦੇ ਇਨਕਲਾਬੀ ਸਿਧਾਂਤ ਨੂੰ ਅਲਵਿਦਾ ਆਖ ਕੇ 'ਉਲੂ ਸੋਧਵਾਦੀ' ਬਣਨ ਦੇ ਮਸ਼ਵਰਿਆਂ ਨਾਲ ਨਿਵਾਜ਼ ਰਹੇ ਹਨ, ਉਹ ਐਸੇ ਕਮਿਊਨਿਸਟ ਨੇਤਾਵਾਂ ਵਲੋਂ ਨਿਭਾਈ ਗਈ ਭੂਮਿਕਾ ਦੇ ਸੋਹਲੇ ਗਾਉਣ ਤੋਂ ਵੀ ਨਹੀਂ ਉੱਕਦੇ।

ਭਾਰਤ 'ਚ ਕਮਿਊਨਿਸਟ ਲਹਿਰ ਖਾਸ ਕਰਕੇ ਸੀ.ਪੀ.ਆਈ. (ਐਮ) ਦੇ ਲਗਾਤਾਰ ਹਾਸ਼ੀਏ 'ਤੇ ਜਾਣ ਦਾ ਕਾਰਨ ਸੋਧਵਾਦ ਦੇ ਕੁਰਾਹੇ ਪੈਣਾ, ਇਸ ਦਾ ਮਾਰਕਸਵਾਦ-ਲੈਨਿਨਵਾਦ ਦੀਆਂ ਮੂਲ ਸਥਾਪਨਾਵਾਂ ਨੂੰ ਤਿਆਗਣਾ, ਯੁੱਧਨੀਤੀ 'ਚ ਮਿੱਥੇ ਨਿਸ਼ਾਨਿਆਂ ਦੀ ਅਣਦੇਖੀ ਕਰਕੇ ਤਤਕਾਲੀਨ ਰਾਜਸੀ ਮੌਕਾਪ੍ਰਸਤ ਦਾਅ ਪੇਚ ਲਗਾਉਣੇ, ਸਰਮਾਏਦਾਰੀ ਪਾਰਟੀਆਂ ਨਾਲ ਮੌਕਾਪ੍ਰਸਤ ਰਾਜਸੀ ਗਠਜੋੜਾਂ ਦੀਆਂ ਰਾਜਸੱਤਾ ਦੇ ਗਲਿਆਰਿਆਂ ਤੱਕ ਪੁੱਜਣਾ, ਜਮਾਤੀ ਸੰਘਰਸ਼ਾਂ ਨੂੰ ਤਿਆਗ ਕੇ ਜਮਾਤੀ ਮਿਲਵਰਤਨ ਦੀ ਪਟੜੀ ਚੜ੍ਹਨਾ ਆਦਿ ਹੈ। ਸੀ.ਪੀ.ਆਈ. (ਐਮ) ਤੇ ਦੂਸਰੀ ਖੱਬੀ ਧਿਰ ਦੇ ਹਾਸ਼ੀਏ 'ਤੇ ਜਾਣ ਦਾ ਇਕ ਕਾਰਨ ਕਾਂਗਰਸ ਪਾਰਟੀ ਨਾਲ ਪਾਈ ਸਿਆਸੀ ਸਾਂਝ ਦਾ ਟੁੱਟਣਾ ਨਹੀਂ, ਸਗੋਂ ਜਮਾਤੀ ਦੁਸ਼ਮਣਾਂ ਨਾਲ ਮਿਲ ਕੇ ਮੜ੍ਹੀਆਂ ਦੇ ਰਾਹ ਪੈਣਾ ਹੈ। ਅੱਜ ਵੀ ਸੀ.ਪੀ.ਆਈ. (ਐਮ) ਸਰਮਾਏਦਾਰੀ ਜਮਾਤ ਨਾਲ ਹੋਰ ਵੰਨਗੀਆਂ ਅਧੀਨ ਪੂਰੀ ਤਰ੍ਹਾਂ ਮੇਲ-ਮਿਲਾਪ ਦੀ ਲਾਈਨ 'ਤੇ ਤੁਰ ਰਹੀ ਹੈ। ਇਸ ਦੇ ਬਹੁਤ ਸਾਰੇ ਆਗੂਆਂ ਨੂੰ ਵਿਰੋਧੀ ਧਿਰ 'ਚ ਬੈਠ ਕੇ ਕਿਰਤੀ ਲੋਕਾਂ ਸੰਗ ਦੁੱਖ ਦਰਦ ਸਹਿਣ ਦੀ ਆਦਤ ਨਹੀਂ ਰਹੀ। ਉਹ ਤਾਂ ਆਪਣੇ ਆਪ ਨੂੰ ਹਾਕਮ ਸਮਝਣ ਲੱਗ ਪਏ ਹਨ। ਉਪਰੋਕਤ ਵਰਤਾਰੇ ਦੀ ਰੌਸ਼ਨੀ 'ਚ ਪੱਛਮੀ ਬੰਗਾਲ ਤੇ ਕੇਰਲਾ ਵਿਚ ਖੱਬੀਆਂ ਧਿਰਾਂ ਨੂੰ ਲੱਗੀਆਂ ਪਛਾੜਾਂ ਨੂੰ ਵਾਚਣਾ ਚਾਹੀਦਾ ਹੈ, ਤਦ ਹੀ ਠੀਕ ਸਿੱਟਿਆਂ 'ਤੇ ਪੁੱਜਿਆ ਜਾ ਸਕਦਾ ਹੈ। ਦੇਸ਼ ਦੀਆਂ ਮੌਜੂਦਾ ਹਾਲਤਾਂ 'ਚ ਸੀ.ਪੀ.ਐਮ. ਪੰਜਾਬ ਆਪਣੀਆਂ ਸਿਧਾਂਤਕ ਪੁਜ਼ੀਸ਼ਨਾਂ 'ਤੇ ਡਟ ਕੇ ਪਹਿਰਾ ਦਿੰਦੀ ਰਹੇਗੀ ਤੇ ਸੱਜੇ ਖੱਬੇ ਕੁਰਾਹੇ ਵਿਰੁਧ ਮਾਰਕਸਵਾਦੀ-ਲੈਨਿਨਵਾਦੀ ਪੈਂਤੜੇ ਤੋਂ ਜ਼ੋਰਦਾਰ ਵਿਚਾਰਧਾਰਕ ਸੰਘਰਸ਼ ਜਾਰੀ ਰੱਖੇਗੀ।

ਅਜਿਹਾ ਕਰਦਿਆਂ ਦੂਸਰੇ ਖੱਬੇਪੱਖੀ ਦਲਾਂ ਨਾਲ ਮਿਲ ਕੇ ਸਾਰੇ ਮਤਭੇਦਾਂ ਦੇ ਬਾਵਜੂਦ ਅਸੀਂ ਕੇਂਦਰੀ ਤੇ ਸੂਬਾਈ ਸਰਕਾਰਾਂ ਦੀਆਂ ਸਾਮਰਾਜੀ ਮਸਲਿਆਂ ਦੇ ਹੱਲ ਲਈ ਸਾਂਝੇ ਸੰਘਰਸ਼ ਵਿੱਢਣ 'ਚ ਕੋਈ ਕਸਰ ਨਹੀਂ ਛੱਡਾਂਗੇ। ਨਾਲ ਹੀ ਅਸੀਂ ਸਾਂਝੇ ਮੋਰਚੇ ਦੇ ਪ੍ਰਵਾਨਤ ਅਸੂਲਾਂ 'ਤੇ ਪੂਰੀ ਤਨਦੇਹੀ ਤੇ ਈਮਾਨਦਾਰੀ ਨਾਲ ਪਹਿਰਾ ਦੇਵਾਂਗੇ।

# ਇਕ ਮਾਸੂਮ ਦੀ ਮੌਤ

**ਹਰਸ਼ ਮੰਦਰ**

ਇਸ਼ਰਤ ਜਹਾਂ ਦੀ ਉਮਰ ਮੁਸ਼ਕਿਲ ਨਾਲ 17 ਸਾਲ ਸੀ, ਜਦ ਬ੍ਰੇਨ ਟਿਊਮਰ ਨਾਲ ਉਸਦੇ ਪਿਤਾ ਦੀ ਮੌਤ ਹੋ ਗਈ। ਉਹ ਆਪਣੇ ਪਿਛੇ ਬੰਬਈ ਦੇ ਇਕ ਉਪਨਗਰ ਮੁੰਬਰਾ ਵਿਚ ਕਿਰਾਏ ਦੇ ਇਕ ਘਰ ਵਿਚ ਬੜਾ ਉਦਾਸੀ ਵਿਚ ਡੁੱਬਿਆ ਹੋਇਆ ਪਰਿਵਾਰ ਛੱਡ ਗਏ। ਇਸ਼ਰਤ ਛੇ ਬੱਚਿਆਂ ਵਿਚੋਂ ਸਭ ਤੋਂ ਵੱਡੀ ਨਹੀਂ ਸੀ, ਪਰ ਸਭ ਤੋਂ ਸਰਗਰਮ ਅਤੇ ਜ਼ਿੰਮੇਵਾਰ ਸੀ। ਉਹ ਉਦੋਂ ਹਾਈ ਸਕੂਲ ਵਿਚ ਹੀ ਸੀ। ਉਸ ਨੇ ਗੁਆਂਢੀਆਂ ਦੇ ਬੱਚਿਆਂ ਨੂੰ ਟਿਊਸ਼ਨ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਬੱਚੇ ਜੋ ਫੀਸ ਦਿੰਦੇ ਸੀ, ਉਹੀ ਪਰਿਵਾਰ ਦਾ ਪੇਟ ਭਰਨ ਦੇ ਲਈ ਆਮਦਨ ਦਾ ਮੁੱਖ ਸਾਧਨ ਸੀ। ਇਸ਼ਰਤ ਨੇ ਬੀ ਐਸ ਸੀ ਕਰਨ ਲਈ ਕਾਲਜ ਵਿਚ ਅਡਮਿਸ਼ਨ ਲਿਆ। ਉਹ ਪਰਿਵਾਰ ਦੇ ਲਈ ਨਾਸ਼ਤਾ ਬਣਾਉਂਦੀ, ਕਾਲਜ ਭੱਜਦੀ ਅਤੇ ਵਾਪਸ ਆ ਕੇ ਬੱਚਿਆਂ ਨੂੰ ਟਿਊਸ਼ਨ ਪੜ੍ਹਾਇਆ ਕਰਦੀ। ਉਸਦੀ ਮਾਂ ਸ਼ਮੀਰਾ ਦਿਨ ਵਿਚ ਜ਼ਿਆਦਾਤਰ ਵਕਤ ਸਿਲਾਈ ਮਸ਼ੀਨ ਅਤੇ ਸਾੜ੍ਹੀਆਂ ਵਿਚ ਜਰੀ ਦਾ ਬਾਰਡਰ ਲਗਾਉਣ 'ਤੇ ਬਿਤਾਉਂਦੀ ਸੀ। ਉਨ੍ਹਾਂ ਕੋਲ ਟੀ.ਵੀ. ਨਹੀਂ ਸੀ। ਉਹ ਫਿਲਮ ਦੇਖਣ ਜਾਂ ਦੋਸਤਾਂ ਨੂੰ ਮਿਲਣ ਨਹੀਂ ਜਾ ਸਕਦੇ ਸੀ। ਉਹ ਰੋਜ਼ਮਰਾ ਦੀ ਜ਼ਿੰਦਗੀ ਦੀਆਂ ਉਲਝਣਾਂ ਵਿਚ ਹੀ ਵਿਅਸਤ ਸੀ। ਬਾਹਰੀ ਸੰਸਾਰ ਦੀ ਉਨ੍ਹਾਂ ਨੂੰ ਕੋਈ ਖ਼ਬਰ ਨਹੀਂ ਸੀ। ਸਕੂਲ ਦੀ ਪਰੀਖਿਆ ਤੋਂ ਬਾਅਦ ਗਰਮੀਆਂ ਦੇ ਮਹੀਨੇ ਪਰਿਵਾਰ ਦੇ ਲਈ ਸਭ ਤੋਂ ਮੁਸ਼ਕਿਲ ਹੁੰਦੇ ਸਨ ਕਿਉਂਕਿ ਕੋਈ ਵੀ ਪੜ੍ਹਨ ਲਈ ਨਹੀਂ ਆਉਂਦਾ ਸੀ। ਮਾਰਚ 2004 ਵਿਚ ਕੁਝ ਰਿਸ਼ਤੇਦਾਰਾਂ ਨੇ ਪਰਿਵਾਰ ਨੂੰ ਇਕ ਆਦਮੀ ਜਾਵੇਦ ਨਾਲ ਮਿਲਵਾਇਆ, ਜੋ ਆਪਣੇ ਪਰਫਿਊਮ ਦੇ ਵਪਾਰ ਵਿਚ ਮਾਰਕੀਟਿੰਗ ਅਤੇ ਅਕਾਊਂਟਸ ਦੇ ਕੰਮ ਲਈ ਕਿਸੇ ਨੂੰ ਲੱਭ ਰਿਹਾ ਸੀ। ਮਾਂ ਕੋਲ ਕੋਈ ਹੋਰ ਰਸਤਾ ਨਹੀਂ ਸੀ। ਕੰਮ ਤੋਂ ਉਸ ਨੂੰ ਹਰ ਮਹੀਨੇ 3500 ਰੁਪਏ ਮਿਲਦੇ ਸਨ। ਇਸ ਕੰਮ ਕਾਰਨ ਗਾਹੇ-ਬਗਾਹੇ ਬਾਹਰ ਜਾਣਾ ਵੀ ਪੈਂਦਾ ਸੀ।

ਇਸ਼ਰਤ ਥੋੜੇ-ਥੋੜੇ ਸਮੇਂ ਲਈ ਪੂਣੇ ਤੇ ਲਖਨਊ ਗਈ। 11 ਜੂਨ ਨੂੰ ਉਹ ਆਖਰੀ ਵਾਰ ਸ਼ਹਿਰ ਤੋਂ ਬਾਹਰ ਜਾਣ ਲਈ ਨਿਕਲੀ। 16 ਜੂਨ ਦੀ ਸ਼ਾਮ ਨੂੰ ਕੁਝ ਅਜਨਬੀ ਨੌਜਵਾਨ ਇਸ਼ਰਤ ਦੇ ਘਰ ਆਏ। ਉਨ੍ਹਾਂ ਲੋਕਾਂ ਨੇ ਪੁੱਛਿਆ, ਤੁਸੀਂ ਖ਼ਬਰ ਸੁਣੀ ਕੋਈ? ਆਉਣ ਵਾਲਿਆਂ ਨੇ ਪਹਿਲਾਂ ਤਾਂ ਕਿਹਾ ਸੀ ਕਿ ਉਹ ਇਸ਼ਰਤ ਦੇ ਕਾਲਜ ਤੋਂ ਆਏ ਹਨ ਅਤੇ ਕਾਲਜ ਫਾਰਮ ਲਈ ਉਸਦਾ ਪਾਸਪੋਰਟ ਸਾਈਜ਼ ਫੋਟੋ ਚਾਹੀਦਾ। ਆਖਿਰਕਾਰ ਅੱਠ ਵਜੇ ਉਨ੍ਹਾਂ ਉਹ ਖੌਫਨਾਕ ਖ਼ਬਰ ਸੁਣਾਈ ਕਿ ਇਕ ਪੁਲਿਸ ਮੁਕਾਬਲੇ ਵਿਚ ਇਸ਼ਰਤ ਦੀ ਹੱਤਿਆ ਹੋ ਗਈ ਹੈ। ਉਸ 'ਤੇ ਨਰਿੰਦਰ ਮੋਦੀ ਦੀ ਹੱਤਿਆ ਦੀ ਸਾਜਿਸ਼ ਦਾ ਦੋਸ਼ ਸੀ।

ਆਤੰਕ ਤੇ ਸਦਮੇ 'ਚ ਡੁੱਬਿਆ ਪਰਿਵਾਰ ਬਿਲਕੁਲ ਹੱਕਾ ਬੱਕਾ ਸੀ। ਛੋਟੇ ਬੱਚਿਆਂ ਨੇ ਤਾਂ ਮੋਦੀ ਦਾ ਨਾਮ ਵੀ ਨਹੀਂ ਸੁਣਿਆ ਸੀ। ਉਨ੍ਹਾਂ ਵਿਚ ਕੋਈ ਮੁਕਾਬਲੇ ਦਾ ਮਤਲਬ ਹੀ ਨਹੀਂ ਜਾਣਦਾ ਸੀ ਅਤੇ ਉਹ ਵਿਸ਼ਵਾਸ ਨਹੀਂ ਕਰ ਸਕੇ ਕਿ ਉਨ੍ਹਾਂ ਦੀ ਪਿਆਰੀ ਇਸ਼ਰਤ ਅਚਾਨਕ ਮਰ ਚੁੱਕੀ ਹੈ ਅਤੇ ਉਸਨੂੰ ਅਤਿਵਾਦੀ ਕਿਹਾ ਜਾ ਰਿਹਾ ਹੈ। ਉਹ ਸਿਰਫ 19 ਸਾਲ ਦੀ ਸੀ। ਉਨ੍ਹਾਂ ਕੋਲ ਅੱਥਰੂ ਵਹਾਉਣ ਦਾ ਵੀ ਵਕਤ ਨਹੀਂ ਸੀ। ਨੌਂ ਵਜੇ ਦੇ ਕਰੀਬ ਪੁਲਿਸ ਉਨ੍ਹਾਂ ਦੇ ਘਰ ਆਈ, ਘਰ ਸੀਲ ਕੀਤਾ ਅਤੇ ਪੂਰੇ 'ਦਹਿਸ਼ਤਗਰਦ ਪਰਿਵਾਰ' ਨੂੰ ਪੁਲਿਸ ਸਟੇਸ਼ਨ ਲੈ ਗਈ। ਉਨ੍ਹਾਂ ਦੇ ਘਰ ਦੇ ਬਾਹਰ ਪੱਤਰਕਾਰਾਂ ਅਤੇ ਟੀ.ਵੀ. ਕੈਮਰਿਆਂ ਦੀ ਭੀੜ ਲੱਗੀ ਸੀ। ਪੁਲਿਸ ਨੇ ਦਾਈ ਵਜੇ ਉਨ੍ਹਾਂ ਨੂੰ ਵਾਪਿਸ ਘਰ ਛੱਡ ਦਿੱਤਾ। ਉਨ੍ਹਾਂ ਦਾ ਘਰ ਸੀਲ ਸੀ। ਸ਼ਮੀਰਾ ਅਤੇ ਬੱਚੇ ਪੂਰੀ ਰਾਤ ਬਗਲ ਦੀ ਇਕ ਦੁਕਾਨ ਵਿਚ ਜਾਗਦੇ ਰਹੇ। ਸਵੇਰੇ ਤਕ ਉਥੇ ਪੱਤਰਕਾਰਾਂ ਦਾ ਜਥਾ ਜਮ੍ਹਾ ਹੋ ਗਿਆ। ਮਹਿਲਾ ਪੁਲਿਸ ਦੀ ਇਕ ਟੀਮ ਆਈ, ਸੀਲ ਤੋੜੀ ਅਤੇ ਬੇਤਰਤੀਬੀ ਨਾਲ ਅਲਮਾਰੀ ਦੇ ਸਮਾਨ ਨੂੰ ਇਧਰ ਉਧਰ ਸੁੱਟ ਕੇ, ਗੱਦਿਆਂ ਨੂੰ ਫਾੜ ਕੇ ਅਤੇ ਸਾਰਾ ਫਰਨੀਚਰ ਉਲਟ-ਪੁਲਟ ਕਰਦੇ ਹੋਏ ਘਰ ਦੀ ਤਲਾਸ਼ੀ ਲੈਣ ਲੱਗੀਆਂ। ਉਦੋਂ ਇਕ ਸੰਵੇਦਨਸ਼ੀਲ ਗੁਆਂਢੀ ਇਸ਼ਰਤ ਦੀ ਲਾਸ਼ ਲੈਣ ਲਈ ਉਹਦੀ ਮਾਂ ਨੂੰ ਅਹਿਮਦਾਬਾਦ ਲੈ ਗਿਆ।



ਇਕ ਸੀਨੀਅਰ ਅਧਿਕਾਰੀ ਨੇ ਉਸ ਨੂੰ ਸਲਾਖਾਂ ਨਾਲ ਕੁੱਟਿਆ ਸੀ। ਅੰਤ ਉਨ੍ਹਾਂ ਨੇ ਲਾਸ਼ ਉਨ੍ਹਾਂ ਨੂੰ ਸੌਂਪ ਦਿੱਤੀ। ਲਾਸ਼ ਖੂਨ ਨਾਲ ਲਥਪਥ, ਗੋਲੀਆਂ ਨਾਲ ਛਾਲਣੀ ਅਤੇ ਬਿਲਕੁਲ ਆਕੜ ਚੁੱਕੀ ਸੀ। ਉਥੇ ਇਕੱਠਾ ਹੋਇਆ ਮੀਡੀਆ ਆਪਣੇ ਕੈਮਰਿਆਂ ਅਤੇ ਸਵਾਲਾਂ ਨਾਲ ਪਾਗਲ ਹੋਇਆ ਫਿਰਦਾ ਸੀ। ਵਾਪਿਸ ਮੁੰਬਈ ਆਉਣ ਤੋਂ ਬਾਅਦ ਉਹ ਇਹ ਦੇਖ ਕੇ ਹੈਰਾਨ ਰਹਿ ਗਏ ਕਿ ਸੱਚਮੁਚ ਹਜ਼ਾਰ ਹੀ ਲੋਕਾਂ ਨੇ ਇਸ਼ਰਤ ਜਹਾਂ ਦੇ ਅੰਤਿਮ ਸੰਸਕਾਰ ਵਿਚ ਸ਼ਿਰਕਤ ਕੀਤੀ। ਸਾਰੇ ਚਿਹਰੇ ਦੁਖੀ ਅਤੇ ਖਿੱਚੇ ਹੋਏ ਸਨ। ਮੰਨੋ ਜਿਵੇਂ ਇਹ ਕੋਈ ਨਿੱਜੀ ਨੁਕਸਾਨ ਹੋਵੇ। ਕੁਝ ਹਫਤਿਆਂ ਵਿਚ ਮੀਡੀਆ ਨੇ ਭੁਲਾ ਦਿੱਤਾ, ਪਰ ਪੁਲਿਸ ਨਹੀਂ ਭੁੱਲੀ। ਗੁਆਂਢੀ ਪਹਿਲਾਂ ਮਦਦਗਾਰ ਸੀ, ਪਰ ਜੇਕਰ ਕਿਸੇ ਨੇ ਮਦਦ ਕਰਨ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨੇ ਉਸਨੂੰ ਤਲਬ ਕਰ ਲਿਆ ਅਤੇ ਇਕ ਅਤਿਵਾਦੀ ਦੀ ਮਦਦ ਕਰਨ ਲਈ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਗਿਆ, ਪਰਿਵਾਰ ਅੰਤ ਬਿਲਕੁਲ ਇਕੱਲਾ ਛੁੱਟ ਗਿਆ। ਉਸਦੀ ਭੈਣ ਮੁਸ਼ਰਤ ਯਾਦ ਕਰਦੀ ਹੈ, 'ਕਈ ਵਾਰ ਸਾਨੂੰ ਏਦਾਂ ਲੱਗਿਆ ਕਿ ਆਖਿਰ ਅਸੀਂ ਕਿਉਂ ਜ਼ਿੰਦਾ ਹਾਂ? ਉਹ ਨਵੇਂ ਕਿਰਾਏ ਦੇ ਘਰ ਚਲੇ ਗਏ। ਪਰ ਪਿਤਾ ਅਤੇ ਇਸ਼ਰਤ ਦੇ ਬਿਨਾ ਛੇ ਲੋਕਾਂ ਦਾ ਢਿੱਡ ਭਰਨ ਦੀ ਜ਼ਿੰਮੇਵਾਰੀ ਨੇ ਪਰਿਵਾਰ ਨੂੰ ਜ਼ਲੀਲ ਕਰ ਦਿੱਤਾ। ਮੁਸ਼ੱਰਤ ਨੇ ਪੜ੍ਹਾਈ ਛੱਡ ਦਿੱਤੀ ਅਤੇ ਸਿਲਾਈ ਵਿਚ ਮਾਂ ਦਾ ਹੱਥ ਵੰਡਾਉਣ ਲੱਗੀ। ਛੋਟਾ ਅਨਵਰ ਵੀ ਸਿਲਾਈ ਕਰਦਾ ਅਤੇ ਉਸ ਨੇ ਕੰਪਿਊਟਰ ਕਲਾਸ ਲੈਣੀ ਸ਼ੁਰੂ ਕਰ ਦਿੱਤੀ ਸੀ। ਪਰ ਸਾਰਿਆਂ ਨੇ ਉਨ੍ਹਾਂ ਦਾ ਸਾਥ ਨਹੀਂ ਛੱਡਿਆ। ਕੁਝ ਲੋਕ ਸਨ, ਜੋ ਗਾਹੇ ਬਗਾਹੇ ਉਨ੍ਹਾਂ ਲਈ ਪੈਸਾ ਇਕੱਠਾ ਕਰ ਦਿੰਦੇ ਸਨ ਤਾਂ ਕਿ ਉਹ ਜ਼ਿੰਦਗੀ ਬਸਰ ਕਰ ਸਕਣ। ਉਨ੍ਹਾਂ ਨੇ ਗੁਜਰਾਤ ਹਾਈਕੋਰਟ ਵਿਚ ਸੀ ਬੀ ਆਈ ਜਾਂਚ ਦੀ ਮੰਗ ਕਰਦੇ ਹੋਏ ਇਕ ਅਰਜ਼ੀ ਦਾਇਰ ਕਰਨ ਵਿਚ ਸ਼ਮੀਰਾ ਦੀ ਮਦਦ ਕੀਤੀ। ਲੇਕਿਨ ਮਾਮਲਾ ਕੁਰਾਹੇ ਪਿਆ ਰਿਹਾ।

ਫਿਰ 2006 ਵਿਚ ਉਮੀਦ ਦੀਆਂ ਕਿਰਨਾਂ ਜਗਮਗਾ ਉਠੀਆਂ, ਜਿਸਦੀ ਬਿਲਕੁਲ ਵੀ ਉਮੀਦ ਨਹੀਂ ਸੀ। ਦੋਸਤ ਇਹ ਖਬਰ ਲੈ ਕੇ ਆਏ ਕਿ ਗੁਜਰਾਤ ਪੁਲਿਸ ਦੇ ਜਿਨ੍ਹਾਂ ਅਧਿਕਾਰੀਆਂ ਨੇ ਇਸ਼ਰਤ ਨੂੰ ਮਾਰਿਆ ਸੀ, ਉਨ੍ਹਾਂ ਸਭਨਾਂ ਨੂੰ ਇਕ ਦੂਜੇ ਝੂਠੇ ਮੁਕਾਬਲੇ ਵਿਚ ਸੋਹਰਾਬੁਦੀਨ ਅਤੇ ਉਸਦੀ ਪਤਨੀ ਦੀ ਹੱਤਿਆ ਕਰਨ ਦੇ ਦੋਸ਼ ਵਿਚ ਜੇਲ੍ਹ ਵਿਚ ਸੁੱਟ ਦਿੱਤਾ ਗਿਆ ਹੈ। ਸ਼ਮੀਰਾ ਨੇ ਗੁਜਰਾਤ ਹਾਈਕੋਰਟ ਦੇ ਮੁੱਖ ਜੱਜ ਨੂੰ ਇਕ ਖ਼ਤ ਲਿਖਿਆ ਕਿ ਉਹ ਜਾਣਨਾ ਚਾਹੁੰਦੀ ਹੈ ਕਿ ਉਸਦੀ ਬੇਟੀ ਦੇ ਹਤਿਆਰੇ ਕੌਣ ਸਨ? ਕੋਰਟ ਤੋਂ ਕੋਈ ਜਵਾਬ ਨਾ ਮਿਲਿਆ। ਮਾਨਵਾਧਿਕਾਰ ਵਕੀਲ ਵਿੰਦਾ ਗਰੋਵਰ ਅਤੇ ਮੁਕੁਲ ਸਿਨਹਾ ਦੇ ਨਾਲ ਸ਼ਮੀਰਾ ਡਟੀ ਰਹੀ। 2007 ਵਿਚ ਜਾਵੇਦ ਦੇ ਪਿਤਾ ਨੇ ਅਰਜ਼ੀ ਦਾਖਿਲ ਕੀਤੀ। ਦੋ ਸਾਲ ਬਾਅਦ ਉਨ੍ਹਾਂ ਨੂੰ ਸੁਪਰੀਮ ਕੋਰਟ ਜਾਣ ਦੀ ਸਲਾਹ ਦਿੱਤੀ ਗਈ। ਇਕ ਗੁਮਨਾਮ ਜਿਹੇ ਜੂਨੀਅਰ ਮੈਟਰੋਪਾਲਿਟਨ ਮੈਜਿਸਟ੍ਰੇਟ ਐਸ.ਪੀ. ਤਮਾਂਗ ਨੇ ਫਾਰੈਂਸਿਕ ਰਿਪੋਰਟ ਅਤੇ ਸਾਰੇ ਬਿਆਨਾਂ ਦਾ ਬਾਰੀਕੀ ਨਾਲ ਮੁਆਇਨਾ ਕਰਨ ਦੇ ਬਾਅਦ ਆਪਣੇ ਇਸ ਸਿੱਟੇ ਨਾਲ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਕਿ ਇਸ਼ਰਤ ਨੂੰ ਮਾਰਨ ਬਾਰੇ ਪੁਲਿਸ ਦਾ ਬਿਆਨ ਬਿਲਕੁਲ ਝੂਠਾ ਅਤੇ ਮਨਘੜਤ ਹੈ। ਪੁਲਿਸ ਨੇ ਦੋਸ਼ ਲਾਇਆ ਸੀ ਕਿ ਇਸ਼ਰਤ ਲਸ਼ਕਰ-ਏ-ਤੋਇਬਾ ਦੀ ਕਾਰਜਕਰਤਾ ਸੀ, ਜੋ ਤਿੰਨ ਹੋਰ ਅਤਿਵਾਦੀਆਂ ਨਾਲ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਹੱਤਿਆ ਦੇ ਇਰਾਦੇ ਨਾਲ ਅਹਿਮਦਾਬਾਦ ਆਈ ਸੀ। ਪੁਲਿਸ ਨੂੰ ਭਿਣਕ ਲੱਗ ਗਈ, ਉਨ੍ਹਾਂ ਨੇ ਉਸਦੀ ਗੱਡੀ ਦਾ ਪਿੱਛਾ ਕੀਤਾ ਅਤੇ ਕਾਰ ਦੇ ਟਾਇਰ ਤੇ ਗੋਲੀ ਚਲਾਕੇ ਉਨ੍ਹਾਂ ਨੂੰ ਰੁਕਣ ਲਈ ਮਜਬੂਰ ਕਰ ਦਿੱਤਾ। ਫਿਰ ਅਤਿਵਾਦੀ ਗੱਡੀ ਤੋਂ ਉਤਰੇ ਅਤੇ ਪੁਲਿਸ ਤੇ ਅੰਧਾਧੁੰਦ ਗੋਲੀਆਂ ਚਲਾਈਆਂ। ਅੰਤ ਆਪਣੇ ਬਚਾਓ ਲਈ ਪੁਲਿਸ ਨੇ ਉਨ੍ਹਾਂ ਚਾਰਾਂ ਨੂੰ ਮਾਰ ਦਿੱਤਾ।

ਮੈਜਿਸਟਰੇਟ ਤਮਾਂਗ ਨੇ ਕਿਹਾ ਕਿ ਇਸ਼ਰਤ ਅਤੇ ਬਾਕੀ ਤਿੰਨ ਲੋਕ ਦਰਅਸਲ ਤਥਾ-ਕਥਿਤ ਮੁਕਾਬਲੇ ਦੇ ਕਈ ਘੰਟੇ ਪਹਿਲਾਂ ਹੀ ਮਾਰੇ ਜਾ ਚੁੱਕੇ ਸਨ। ਪੁਲਿਸ ਉਨ੍ਹਾਂ ਦੀਆਂ ਲਾਸ਼ਾਂ ਬਾਹਰ ਲੈ ਗਈ, ਖੁਦ ਹੀ ਆਪਣੀ ਜੀਪ ਤੇ ਗੋਲੀਆਂ ਚਲਾਈਆਂ, ਮਰੇ ਲੋਕਾਂ ਦੇ ਹੱਥਾਂ ਵਿਚ ਏ.ਕੇ-47 ਅਤੇ ਉਨ੍ਹਾਂ ਦੀ ਕਾਰ ਵਿਚ ਬੰਬ ਰੱਖਿਆ। ਇਹ ਪੁਲਿਸ ਦੁਆਰਾ ਠੰਡੇ ਦਿਮਾਗ ਨਾਲ ਕੀਤੀ ਗਈ ਹੱਤਿਆ ਸੀ, ਜਿਸ ਵਿਚ 19 ਸਾਲ ਦੀ ਇਕ ਮਾਸੂਮ ਕਾਲਜ ਦੀ ਵਿਦਿਆਰਥਣ ਵੀ ਸੀ। ਇਸ ਰਿਪੋਰਟ ਨੇ ਜ਼ਾਹਿਰ ਕਰ ਦਿੱਤਾ ਕਿ ਕਿਸ ਹਾਲਾਤ ਵਿਚ ਉਨ੍ਹਾਂ ਦੀ ਪਿਆਰੀ ਪੁੱਤਰੀ ਦੀ ਹੱਤਿਆ ਕੀਤੀ ਗਈ। ਪਰਿਵਾਰ ਪਿਛਲੇ ਪੰਜ ਸਾਲਾਂ ਤੋਂ ਜਿਸ ਹਨੇਰੇ ਅਤੇ ਇਕੱਲੇਪਨ ਵਿਚ ਰਹਿ ਰਿਹਾ ਸੀ, ਹੁਣ ਉਹ ਉਸ ਤੋਂ ਬਾਹਰ ਆ ਸਕਿਆ। ਉਨ੍ਹਾਂ ਨੂੰ ਲਗਦਾ ਸੀ ਕਿ ਇਹ ਹਨੇਰਾ ਕਦੇ ਖਤਮ ਨਹੀਂ ਹੋਵੇਗਾ। ਇਨੇ ਸਾਲਾਂ ਬਾਅਦ ਹੁਣ ਫਿਰ ਤੋਂ ਉਹ ਆਪਣੇ ਘਰ ਵਿਚ ਮੱਥਾ ਉੱਚਾ ਕਰਕੇ ਬਾਹਰ ਨਿਕਲ ਸਕੇ, ਫਿਰ ਤੋਂ ਜੀ ਸਕੇ, ਉਮੀਦ ਦੀ ਰੌਸ਼ਨੀ ਜਗਾ ਸਕੇ। ਇਹ ਉਮੀਦ ਥੋੜੀ ਅਤੇ ਧੁੰਦਲੀ ਹੈ ਫਿਰ ਵੀ ਹੈ ਤਾਂ ਉਮੀਦ...।

# ਸ਼ਹਾਦਤਾਂ ਦਾ ਸਿਖਰ-ਦਸੰਬਰ ਦਾ ਪਹਿਲਾ ਸਪਤਾਹ

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਪੱਛਮੀ ਮੁਲਕਾਂ ਵਿਚ ਦਸੰਬਰ ਚੜ੍ਹਦੇ ਹੀ ਕ੍ਰਿਸ-ਮਿਸ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਸ਼ੁਰੂ ਹੋ ਜਾਂਦੀਆਂ ਹਨ। ਇਸਾਈ ਮੱਤ ਦੇ ਪੈਰੋਕਾਰ ਆਪਣੇ ਘਰਾਂ ਨੂੰ ਸਵਾਰਨਾ ਸ਼ਿੰਗਾਰਨਾ ਆਰੰਭ ਕਰ ਦਿੰਦੇ ਹਨ। ਤਰ੍ਹਾਂ-ਤਰ੍ਹਾਂ ਦਾ ਸਾਜ਼ੋ-ਸਾਮਾਨ ਵੇਚਣ ਵਾਲੇ ਵੱਡੇ-ਵੱਡੇ ਸਟੋਰ ਗਾਹਕਾਂ ਨੂੰ ਲੁਭਾਉਣ ਵਾਸਤੇ ਕਈ-ਕਈ ਦਿਨਾਂ ਦੀ 'ਸੇਲ' ਲਗਾ ਦਿੰਦੇ ਹਨ। ਇਨ੍ਹਾਂ ਦਿਨਾਂ ਵਿਚ ਖੂਬ ਖਰੀਦੋ-ਫਰੋਖ਼ਤ ਕੀਤੀ ਜਾਂਦੀ ਹੈ। ਚਾਰੇ ਪਾਸੇ ਰੰਗ-ਬਰੰਗੀਆਂ ਰੌਸ਼ਨੀਆਂ ਦਿਖਾਈ ਦਿੰਦੀਆਂ ਹਨ। ਪਰਵਾਸੀ ਪੰਜਾਬੀ ਵੀ ਦੇਖਾ ਦੇਖੀ ਇਹ ਸਾਰੇ ਜਲੌਂ ਖੁਸ਼ੀ-ਖੁਸ਼ੀ ਕਰਦੇ ਹਨ। ਖਾਸ ਤੌਰ 'ਤੇ ਸਿੱਖ ਪਰਿਵਾਰਾਂ ਵਿਚ ਵੀ ਗਿਫਟ ਅਦਾਨ-ਪ੍ਰਦਾਨ ਕਰਨ ਲਈ ਜੋਸ਼ੋ-ਖਰੋਸ਼ ਹੁੰਦਾ ਹੈ। ਬੱਚੇ ਤਾਂ ਮਾਂ-ਬਾਪ ਜਾਂ ਰਿਸ਼ਤੇਦਾਰਾਂ ਨੂੰ ਆਪਣੀ 'ਚੁਆਇਸ' ਦੇ ਤੋਹਫਿਆਂ ਬਾਰੇ ਅਗਾਊਂ ਹੀ ਦੱਸਣਾ ਸ਼ੁਰੂ ਕਰ ਦਿੰਦੇ ਹਨ। ਪਰਵਾਸੀ ਜੀਵਨ ਜਿਊਂਦਿਆਂ, ਹਮਸਾਇਆਂ ਦੇ ਪ੍ਰਮੁੱਖ ਤਿਉਹਾਰਾਂ ਵਿਚ ਸ਼ਮੂਲੀਅਤ ਕਰਨੀ ਚੰਗੀ ਗੱਲ ਹੀ ਹੈ। ਲੇਕਿਨ ਆਪਣੇ ਗੌਰਵਮਈ ਇਤਿਹਾਸ ਨੂੰ ਪਿੱਠ ਦੇ ਕੇ ਬਿਗਾਨਿਆਂ ਦੇ ਵਿਹੜੇ ਨੱਚਣਾ ਤਾਂ 'ਚਾਚੇ ਨੂੰ ਪਿਉ' ਕਹਿਣ ਦੇ ਬਰਾਬਰ ਹੀ ਮੰਨਿਆਂ ਜਾਏਗਾ।



ਕੀ ਅਸੀਂ ਜਾਣਦੇ ਹਾਂ ਕਿ ਜਿਸ ਮਹੀਨੇ ਇਸਾਈ ਧਰਮ ਦੇ ਇੱਕ ਸ਼ਹੀਦ, ਹਜ਼ਰਤ ਈਸਾ ਦਾ ਪੁਰਬ ਮਨਾਇਆ ਜਾਂਦਾ ਹੈ, ਉਸੇ ਦਸੰਬਰ ਦੇ ਪਹਿਲੇ ਹਫਤੇ, ਖਾਲਸਾ ਪੰਥ ਸਾਜਣਹਾਰੇ ਦਸਮੇਸ਼ ਪਿਤਾ ਦੇ ਪਰਿਵਾਰ ਨਾਲ ਕੀ ਗੁਜ਼ਰੀ ਸੀ? ਕੀ ਸਾਨੂੰ ਇਸਾਈਅਤ ਦੇ ਬੜੇ ਵੱਡੇ ਪ੍ਰਚਾਰਕ ਪਾਦਰੀ ਸੀ.ਐਫ. ਐਂਡਰਿਊਜ਼ ਦਾ 'ਗੁਰੂ ਕੇ ਬਾਗ' ਦੇ ਮੋਰਚੇ ਬਾਰੇ ਬੋਲਿਆ ਸੱਚ-'ਮੇਰੀ ਕੌਮ ਇੱਕ ਸ਼ਹੀਦ ਈਸਾ 'ਤੇ ਮਾਣ ਕਰਦੀ ਹੈ ਪਰ ਇੱਥੇ ਮੈਂ ਸੈਂਕੜੇ ਈਸਾ, ਸ਼ਹੀਦੀ ਗਾਨੇ ਬੰਨ੍ਹੀ ਜਾਂਦੇ ਦੇਖੇ ਨੇ!'-ਕਥਨ ਯਾਦ ਹੈ? ਕੀ ਸਾਨੂੰ ਸੰਨ 1705 ਈ. ਦਾ ਦਸੰਬਰ ਭੁੱਲ ਗਿਆ ਹੈ? ਜਿਸ ਦੇ ਪਹਿਲੇ ਖੂਨੀ ਹਫਤੇ ਵਿਚ ਚਾਵਾਂ ਤੇ ਰੀਝਾਂ ਨਾਲ ਵਸਾਏ ਸ੍ਰੀ ਅਨੰਦਪੁਰ ਸਾਹਿਬ ਨੂੰ ਕਲਗੀਆਂ ਵਾਲੇ ਪਾਤਸ਼ਾਹ ਨੇ ਪਰਿਵਾਰ ਸਮੇਤ ਅਲਵਿਦਾ ਆਖੀ ਸੀ। ਇਨ੍ਹਾਂ ਹੀ ਚੰਦਰੇ ਦਿਨਾਂ ਵਿਚ ਸਰਸਾ ਕੰਢੇ ਖਾਲਸਾ-ਪਰਿਵਾਰ ਵਿਛੜਿਆ, ਸਰਹੰਦ ਅਤੇ ਚਮਕੌਰ ਦੇ ਖੂਨੀ ਸਾਕੇ ਹੋਏ। ਬਿਨਾ ਬਾਜ, ਬਿਨਾ ਤਾਜ ਦਸਵੇਂ ਗੁਰੂ ਜੀ ਨੇ ਪੋਹ ਮਹੀਨੇ ਦੀ ਠੰਡੀ-ਯੱਖ ਰਾਤ, ਸ੍ਰੀ ਸਾਹਿਬ ਦੇ ਨਿੰਘ ਨਾਲ ਮਾਛੀਵਾੜੇ ਦੇ ਜੰਗਲ 'ਚ ਬਿਤਾਈ ਸੀ। ਇੱਥੋਂ ਹੀ 'ਮੁਰੀਦਾਂ ਦੇ ਹਾਲ' ਦਾ ਸੁਨੇਹੜਾ ਆਪਣੇ 'ਮਿੱਤਰ ਪਿਆਰੇ' ਨੂੰ ਭੇਜਿਆ ਸੀ।

ਇਹ ਦਰਦਨਾਕ ਭਾਣਾ ਕਿਉਂ ਵਰਤਿਆ? ਉਸ ਵਕਤ ਦੇ ਹਾਕਮ, ਗੁਰੂ ਸਾਹਿਬ ਅਤੇ ਖਾਲਸੇ ਦੇ, ਖੂਨ ਦੇ ਪਿਆਸੇ ਕਿਉਂ ਬਣੇ ਹੋਏ ਸਨ। ਉਹ ਕਿਹੜੀਆਂ ਤਾਕਤਾਂ ਸਨ, ਜਿਨ੍ਹਾਂ ਗੁਰੂ ਪਰਿਵਾਰ ਤੋਂ ਅਨੰਦਪੁਰ ਸਾਹਿਬ ਖਾਲੀ ਕਰਵਾਇਆ? ਗੁਰੂ ਸਾਹਿਬ ਨੇ ਉਨ੍ਹਾਂ ਦਾ ਕੀ ਵਿਗਾੜਿਆ ਸੀ? ਪਾਠਕ ਜੀ, ਜੇ ਤੁਹਾਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਬਸੰਤੀ ਨਿਸ਼ਾਨ ਸਾਹਿਬ ਨਾਲ ਮੋਹ ਹੈ, ਜੇ ਤੁਹਾਡਾ, ਅਨੰਦਪੁਰ ਦੀਆਂ ਗਲੀਆਂ ਦੀ ਪਾਵਨ ਧੂੜ ਮਸਤਕ 'ਤੇ ਲਾਉਣ ਨੂੰ ਦਿਲ ਕਾਹਲਾ ਪੈਂਦਾ ਏ, ਤਾਂ ਆਉ ਆਪਾਂ ਇਸ ਦਸੰਬਰ ਦੇ ਪਹਿਲੇ ਹਫਤੇ ਵਿਚ, ਉਕਤ ਸਵਾਲਾਂ ਦੇ ਜਵਾਬ ਲੱਭਣ ਦੀ ਕੋਸ਼ਿਸ਼ ਕਰੀਏ।

ਜਿਸ ਦਿਨ ਮਹਿਤਾ ਕਾਲੂ ਦੇ ਵਿਹੜੇ ਵਿਚ ਬਾਲ ਗੁਰੂ ਨਾਨਕ ਨੇ ਬ੍ਰਾਹਮਣਵਾਦ ਦੀਆਂ ਥੋਥੀਆਂ ਰਸਮਾਂ, ਕਰਮ-ਕਾਂਡਾਂ ਨੂੰ ਤਿਆਗਦਿਆਂ ਹੋਇਆਂ, ਜਨੇਊ ਪਹਿਨਣ ਤੋਂ ਇਨਕਾਰ ਕੀਤਾ ਸੀ, ਬੱਸ ਉਸੇ ਦਿਨ ਤੋਂ ਹੀ, ਬਿਪਰਵਾਦ ਦੀਆਂ ਗੁਸੈਲ ਅੱਖਾਂ ਵਿਚ, ਸਿੱਖ ਧਰਮ ਦਾ ਨਿਆਰਾਪਣ ਕੰਡੇ ਵਾਂਗ ਰੜਕਣ ਲੱਗ ਪਿਆ। ਇਸ ਨਿਰਮਲ ਪੰਥ ਨੂੰ ਗੰਧਲਾ, ਵਿਹੂਲਾ ਕਰਨ ਜਾਂ ਇਸਨੂੰ ਮੁੱਢੋਂ ਸੁੱਢੋਂ ਹੀ ਖਤਮ ਕਰਨ ਦੀਆਂ ਸਾਜ਼ਿਸ਼ਾਂ, ਸਮੇਂ ਸਮੇਂ ਰਚੀਆਂ ਜਾਂਦੀਆਂ ਰਹੀਆਂ। ਕਦੇ ਤਪੇ ਰਾਹੀਂ, ਕਦੇ ਮਰਵਾਹੇ ਖੱਤਰੀ ਰਾਹੀਂ, ਕਦੇ ਬੀਰਬਲ ਜਾਂ ਦੀਵਾਨ ਚੰਦੂ ਲਾਲ ਨੇ ਸਿੱਖ ਧਰਮ ਨਾਲ ਸਿੱਧਾ ਆਢਾ ਲਾਇਆ। ਬਾਲ ਗੁਰੂ ਹਰਗੋਬਿੰਦ ਸਾਹਿਬ ਨੂੰ ਜ਼ਹਿਰ ਰਲਿਆ ਦਹੀਂ ਖੁਆਉਣ, ਉਨ੍ਹਾਂ ਉੱਤੇ ਜ਼ਹਿਰੀਲਾ ਸੱਪ ਛੱਡਣ ਵਰਗੀਆਂ ਨੀਚ ਹਰਕਤਾਂ ਕੀਤੀਆਂ ਗਈਆਂ। 'ਦੁਸ਼ਟ ਬ੍ਰਾਹਮਣ ਮੂਆ ਹੋਇ ਕੇ ਸੂਲ॥' ਵਾਲਾ ਗੁਰੂ-ਵਾਕ ਉਪਰੋਕਤ ਸ਼ਰਾਰਤਾਂ ਦੀ ਸ਼ਾਹਦੀ ਭਰਦਾ ਹੈ। ਕਦੇ ਅੱਠਵੇਂ ਗੁਰੂ ਨੂੰ ਛੋਟੀ ਉਮਰ ਦਾ ਬੱਚਾ ਜਾਣ ਕੇ ਪੰਡਿਤ ਵਲੋਂ ਗੀਤਾ ਦੇ ਅਰਥ ਪੁੱਛੇ ਗਏ। ਕਹਿਣ ਦਾ ਭਾਵ ਕਿ ਸਿੱਖੀ ਦੇ ਇਨਕਲਾਬੀ ਤੱਤ ਦੀ ਪਿੱਠ 'ਤੇ ਬਿਪਰਵਾਦ ਰੂਪੀ ਫਨੀਅਰ ਕਦੇ ਡੰਗ ਮਾਰਨ ਤੋਂ ਨਹੀਂ ਟਲਿਆ। ਪਰ ਦੂਸਰੇ ਪਾਸੇ ਨਿਰਵੈਰ ਸਤਿਗੁਰੂ, ਗੁਰੂ ਹਰਿਗੋਬਿੰਦ ਸਾਹਿਬ, ਗਵਾਲੀਅਰ ਦੀ ਕੈਦ ਵਿਚੋਂ ਬਾਹਰ ਆਉਂਦਿਆਂ, ਪਹਾੜੀ ਹਿੰਦੂ ਰਿਆਸਤਾਂ ਦੇ 52 ਰਾਜਿਆਂ ਨੂੰ ਵੀ ਛੁਡਾ ਕੇ ਨਾਲ ਲਿਆਏ! ਨੌਂਵੇਂ ਗੁਰੂ ਨੇ ਆਪਣਾ ਸੀਸ ਹੀ ਕਸ਼ਮੀਰੀ ਪੰਡਤਾਂ ਦੀ ਫਰਿਆਦ ਸੁਣ ਕੇ ਕੁਰਬਾਨ ਕਰ ਦਿੱਤਾ।

ਇਤਿਹਾਸ ਦਾ ਇਹ ਬੜਾ ਕੌੜਾ ਸੱਚ ਹੈ ਕਿ ਐਨਾ ਕੁਝ ਹੋਣ ਦੇ ਬਾਵਜੂਦ, ਭਾਰਤੀ ਬਿਪਰਵਾਦ, ਗੁਰੂ ਸਾਹਿਬਾਨ ਜਾਂ ਸਿੱਖ ਫਿਲਾਸਫੀ ਦਾ ਸਦਾ ਵਿਰੋਧੀ ਹੀ ਬਣਿਆ ਰਿਹਾ। ਖਾਲਸਾ ਸਾਜਨਾ ਵਾਲੀ 1699 ਦੀ ਵਿਸਾਖੀ ਲੰਘੀ ਨੂੰ ਹਾਲੇ ਦੋ ਕੁ ਮਹੀਨੇ ਹੀ ਹੋਏ ਸਨ ਕਿ ਦਸਮ ਪਾਤਸ਼ਾਹ ਨੂੰ ਜੰਗਲ ਵਿਚ ਸ਼ਿਕਾਰ ਖੇਡਦਿਆਂ, ਆਲਮ ਚੰਦ ਅਤੇ ਬਲੀਆ ਚੰਦ ਨਾਮ ਦੇ ਦੋ ਪਹਾੜੀ ਰਾਜਿਆਂ ਨੇ ਆਪਣੇ ਲਾਉ-ਲਸ਼ਕਰ ਸਮੇਤ ਆ ਲਲਕਾਰਿਆ। ਇਸ ਝੜਪ ਵਿਚ ਬਲੀਆ ਚੰਦ ਮਾਰਿਆ ਗਿਆ ਤੇ ਆਲਮ ਚੰਦ ਦੀ ਬਾਂਹ ਵੱਢੀ ਗਈ। ਇਸ ਤੋਂ ਬਾਅਦ ਪਹਾੜੀ ਰਾਜਿਆਂ ਦਾ ਇੱਕ ਡੈਪੂਟੇਸ਼ਨ, ਔਰੰਗਜ਼ੇਬ ਪਾਸ ਜਾ ਫਰਿਆਦੀ ਹੋਇਆ। ਪ੍ਰਸਿੱਧ ਇਤਿਹਾਸਕਾਰ ਡਾ. ਸੰਗਤ ਸਿੰਘ ਅਨੁਸਾਰ ਸਰਹਿੰਦ ਦੇ ਸੂਬੇਦਾਰ ਰਾਹੀਂ ਹੋਈ ਇਸ ਮੁਲਾਕਾਤ ਵੇਲੇ ਜਿਹੜਾ 'ਮੰਗ-ਪੱਤਰ' ਔਰੰਗਜ਼ੇਬ ਨੂੰ ਦਿੱਤਾ ਗਿਆ, ਉਸ ਵਿਚ ਅਜਿਹੀ ਇਬਾਰਤ ਲਿਖੀ ਹੋਈ ਸੀ-

''ਇਨ੍ਹਾਂ (ਗੁਰੂ ਸਾਹਿਬਾਨ) ਵਲੋਂ ਚਲਾਇਆ ਗਿਆ ਖਾਲਸਾ ਪੰਥ, ਸਾਡੇ ਸਾਰੇ ਮਨ-ਭਾਉਂਦੇ ਰੀਤੀ ਰਿਵਾਜ਼ਾਂ ਦਾ ਵਿਰੋਧ ਕਰਦਾ ਹੈ...ਗੁਰੂ ਗੋਬਿੰਦ ਸਿੰਘ ਚਾਹੁੰਦਾ ਹੈ ਕਿ ਅਸੀਂ ਉਸ ਨਾਲ ਮਿਲ ਕੇ ਆਪਣੇ ਬਾਦਸ਼ਾਹ, ਜਿਸਦੇ ਵਿਰੁਧ ਉਸ (ਗੁਰੂ) ਦੇ ਦਿਲ ਵਿਚ ਭਾਰੀ ਵੈਰ-ਭਾਵ ਹੈ, ਨਾਲ ਲੜੀਏ। ਅਸੀਂ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ ਹੈ, ਜਿਸ ਤੋਂ ਉਹ ਬੜਾ ਗੁੱਸਾ ਅਤੇ ਨਮੋਸ਼ੀ ਮਹਿਸੂਸ ਕਰ ਰਿਹਾ ਹੈ। ਉਹ ਹੁਣ ਸਾਰੇ ਦੇਸ਼ ਵਿਚੋਂ ਫੌਜੀ ਅਤੇ ਹਥਿਆਰ ਇਕੱਠੇ ਕਰ ਰਿਹਾ ਹੈ, ਮੁਗਲ ਸਾਮਰਾਜ ਨੂੰ ਚੁਣੌਤੀ ਦੇਣ ਲਈ। ਬਾਦਸ਼ਾਹ ਸਲਾਮਤ, ਅਸੀਂ ਆਪ ਦੀ 'ਫਰਮਾਂ ਬਰਦਾਰ ਪਰਜਾ' ਉਸਨੂੰ ਅਨੰਦਪੁਰ ਤੋਂ ਕੱਢਣ ਲਈ ਆਪ ਦੀ ਸਹਾਇਤਾ ਮੰਗਦੇ ਹਾਂ...ਉਸਦੇ ਇਰਾਦੇ ਛੇਤੀ ਹੀ ਧਾਵਾ ਬੋਲਣ ਦੇ ਹਨ।

ਐਨ ਉਸੇ ਤਰ੍ਹਾਂ, ਜਿਵੇਂ ਤੀਜੇ ਗੁਰੂ ਜੀ ਵਿਰੁਧ, ਪੰਜਾਬ ਦੇ ਖੱਤਰੀ-ਬ੍ਰਾਹਮਣ, ਅਕਬਰ ਬਾਦਸ਼ਾਹ ਨੂੰ ਉਕਸਾਅ ਕੇ ਗੁਰੂਘਰ 'ਤੇ ਚੜ੍ਹਾ ਲਿਆਏ ਸਨ, ਇਵੇਂ ਹੀ ਮੁਗਲ ਸਲਤਨਤ ਦੀ ਤਾਕਤ ਨੂੰ, ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ, ਪਹਾੜੀ ਰਾਜੇ ਕੁਕਰਮ ਕਮਾਉਣ ਲੱਗੇ ਹੋਏ ਸਨ। ਸ਼ਾਇਦ ਅਜਿਹੀਆਂ 'ਸਿਫਤਾਂ' ਕਰਕੇ ਹੀ ਬਿਪਰਵਾਦੀਆਂ ਨੂੰ, ਫਾਰਸੀ ਦੇ ਗ੍ਰੰਥ 'ਇਬਰਤਨਾਮਾ' ਦਾ ਕਰਤਾ ਮੁਹੰਮਦ ਕਾਸਮ ਲਾਹੌਰੀ, 'ਇਸਹਾਬ-ਏ-ਗਰਜ਼' ਭਾਵ ਮਤਲਬ-ਪ੍ਰਸਤ ਲੋਕ ਆਖਦਾ ਹੈ।

ਸੰਨ 1699 ਦੀ ਵਿਸਾਖੀ ਤੋਂ ਇਕ ਸਾਲ ਬਾਅਦ ਹੀ 25 ਜੂਨ ਸੰਨ 1700 ਵਾਲੇ ਦਿਨ, ਦਸ ਹਜ਼ਾਰ ਦੀ ਗਿਣਤੀ ਵਾਲੀ ਸ਼ਾਹੀ ਫੌਜ ਨੇ ਅਨੰਦਪੁਰ ਸਾਹਿਬ 'ਤੇ ਹਮਲਾ ਕੀਤਾ। ਜਿਸਨੂੰ ਬੁਰੀ ਤਰ੍ਹਾਂ ਪਛਾੜ ਦਿੱਤਾ ਗਿਆ। ਇਸੇ ਵਰ੍ਹੇ ਅਗਸਤ ਮਹੀਨੇ ਕਿਲਾ ਤਾਰਾਗੜ੍ਹ ਨੂੰ ਨਿਸ਼ਾਨਾ ਬਣਾ ਕੇ ਪਹਾੜੀ ਰਾਜਿਆਂ ਨੇ ਹੱਲਾ ਬੋਲਿਆ। ਇਸ ਲੜਾਈ ਵਿਚ ਭਾਈ ਬਚਿੱਤਰ ਸਿੰਘ ਨੇ ਬੇ-ਮਿਸਾਲ ਬਹਾਦਰੀ ਦਿਖਾਉਂਦਿਆਂ, ਮਸਤ ਹਾਥੀ ਦਾ ਮੱਥਾ ਪਾੜਿਆ। ਉਸ ਦੇ ਸਾਥੀ ਭਾਈ ਉਦੇ ਸਿੰਘ ਨੇ ਰਾਜਾ ਕੇਸਰੀ ਚੰਦ ਜਸਵਾਲੀਏ ਦਾ ਸਿਰ ਲਾਹ ਕੇ ਅਨੰਦਗੜ੍ਹ ਕਿਲੇ 'ਚ ਲੈ ਆਂਦਾ। ਇਸੇ ਪ੍ਰਕਰਣ ਵਿਚ ਹੋਏ ਭੰਗਾਣੀ ਦੇ ਯੁੱਧ ਬਾਰੇ ਵਰਨਣ ਮਿਲਦਾ ਹੈ-

ਫਤਹਿ ਸਾਹ ਕੋਪਾ ਤਬ ਰਾਜਾ॥
ਜੂਝ ਪਰਾ ਹਮ ਸਿਉਂ ਬਿਨ ਕਾਜਾ॥

ਫਿਰ 1703 ਅਤੇ 1704 ਵਿਚ ਅਜਮੇਰ ਚੰਦ ਹੰਡੂਰੀਏ ਨੇ ਅਨੰਦਪੁਰ ਸਾਹਿਬ ਉੱਪਰ ਹਮਲੇ ਕੀਤੇ। ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਹੀ ਸਮਿਆਂ ਵਿਚ ਬਸੀ ਪਠਾਣਾਂ ਦਾ ਦੇਵਕੀ ਦਾਸ ਨਾਂ ਵਾਲਾ ਇੱਕ ਬ੍ਰਾਹਮਣ ਆਪਣੀ ਪਤਨੀ ਜ਼ਬਰੀ ਚੁੱਕੇ ਜਾਣ ਦੀ ਸ਼ਿਕਾਇਤ ਲੈ ਕੇ, ਕਿਸੇ ਮੁਗਲ ਸੂਬੇਦਾਰ ਕੋਲ ਜਾਣ ਦੀ ਥਾਂ, ਸ੍ਰੀ ਅਨੰਦਪੁਰ ਸਾਹਿਬ ਗੁਰੂ-ਦਰਬਾਰ ਵਿਚ ਆਉਂਦਾ ਹੈ। ਜਿਸਦੀ ਮਦਦ ਵਾਸਤੇ ਵੱਡੇ ਸਾਹਿਬਜ਼ਾਦੇ ਦੀ ਕਮਾਂਡ ਥੱਲੇ ਜਥਾ ਭੇਜਿਆ ਗਿਆ ਸੀ।

ਖ਼ੈਰ, ਕਈ ਇਤਿਹਾਸਕਾਰਾਂ ਨੇ ਇਸ ਗੱਲ ਨੂੰ ਪ੍ਰਮਾਣਿਤ ਕੀਤਾ ਹੈ ਕਿ ਰਾਜਾ ਅਜਮੇਰ ਚੰਦ ਆਪਣੇ ਕੁਝ ਸਾਥੀਆਂ ਨੂੰ ਨਾਲ ਲੈ ਕੇ ਦੱਖਣ ਵਲ ਗਏ ਹੋਏ ਔਰੰਗਜ਼ੇਬ ਨੂੰ ਮਿਲਿਆ ਸੀ। ਉੱਥੇ ਉਸਨੇ ਗੁਰੂ-ਘਰ ਤੇ ਸਿੱਖ ਸਿਧਾਂਤ ਵਿਰੁਧ ਰੱਜ ਕੇ ਜ਼ਹਿਰ ਉਗਲਿਆ। ਐਸੀਆਂ ਜ਼ੋਰਦਾਰ ਉਕਸਾਹਟਾਂ ਦੇ ਫਲਸਰੂਪ 3 ਮਈ 1705 ਈ. ਨੂੰ ਮੁਗਲ ਤੇ ਪਹਾੜੀ ਰਾਜਿਆਂ ਦੇ ਸੈਨਿਕਾਂ ਨੇ ਅਨੰਦਪੁਰ ਸਾਹਿਬ ਦੁਆਲੇ ਘੇਰਾ ਪਾ ਲਿਆ। ਲਗਾਤਾਰ ਸੱਤ ਮਹੀਨੇ ਘੇਰਾ ਪਾਈ ਬੈਠੇ ਇਹ ਗੁਰੂ-ਦੋਖੀ, ਸਤਿਗੁਰੂ ਨੂੰ ਸੁਨੇਹੇ ਭੇਜਦੇ ਰਹੇ ਕਿ ਤੁਸੀਂ ਇੱਥੋਂ ਚਲੇ ਜਾਉ, ਅਸੀਂ ਤੁਹਾਨੂੰ ਕੁਝ ਨਹੀਂ ਕਹਾਂਗੇ। ਲੜਾਈ ਲੜਦਿਆਂ ਬਹੁਤ ਸਾਰੇ ਸਿੰਘ ਸ਼ਹੀਦੀਆਂ ਪਾ ਗਏ। ਕਿਲੇ ਅੰਦਰ ਰਸਦ-ਪਾਣੀ ਵੀ ਖਤਮ ਹੋ ਗਿਆ। ਇੱਧਰ ਪਹਾੜੀ ਰਾਜੇ ਆਟੇ ਦੀਆਂ ਗਊਆਂ ਬਣਾ ਕੇ, ਥਾਲ ਵਿਚ ਗੀਤਾ ਰੱਖ ਕੇ, ਜਨੇਊ ਦੀ ਸੌਂਹ ਚੁੱਕਦਿਆਂ ਗੁਰੂ ਸਾਹਿਬ ਅੱਗੇ, ਅਨੰਦਪੁਰ ਛੱਡ ਜਾਣ ਲਈ ਆਖਣ ਲੱਗੇ।

ਆਖਰ 4 ਦਸੰਬਰ 1705 ਈ. ਦਾ ਕੁਲਹਿਣਾ ਦਿਨ ਚੜ੍ਹਿਆ। ਨੌਂਵੇਂ ਸਤਿਗੁਰੂ ਵਲੋਂ ਥਾਂ ਮੁੱਲ ਖਰੀਦ ਕੇ ਵਸਾਏ ਨਗਰ ਅਨੰਦਪੁਰ ਵਿਚੋਂ ਦਸਮੇਸ਼ ਗੁਰੂ-ਪਰਿਵਾਰ ਦਾ ਰੁਖਸਤ ਹੋਣ ਦਾ ਸਮਾਂ ਆ ਗਿਆ। ਗੁਰੂ-ਪਿਤਾ ਦੇ ਪਵਿੱਤਰ ਸੀਸ ਦੇ ਅੰਤਿਮ ਸਸਕਾਰ ਵਾਲੇ ਸਥਾਨ, ਸੀਸ ਗੰਜ ਸਾਹਿਬ ਵਿਖੇ, ਗੁਰੂ ਕਲਗੀਆਂ ਵਾਲੇ ਨੇ ਪਰਿਵਾਰ ਅਤੇ ਨਿਕਟਵਰਤੀ ਸਿੰਘਾਂ ਸਮੇਤ ਅਰਦਾਸਾ ਸੋਧਿਆ। ਨੀਲੇ ਦੇ ਸ਼ਾਹ-ਅਸਵਾਰ ਨੇ ਅਨੰਦਪੁਰ ਸਾਹਿਬ ਨੂੰ ਆਖ਼ਰੀ ਫਤਿਹ ਬੁਲਾਈ! ਇਸ ਮੌਕੇ ਦਾ ਦਰਦਨਾਕ ਦ੍ਰਿਸ਼, ਗਿਆਨੀ ਕਰਤਾਰ ਸਿੰਘ ਕਲਾਸਵਾਲੀਏ ਨੇ 'ਦਸਮੇਸ਼ ਪ੍ਰਕਾਸ਼' ਗ੍ਰੰਥ ਵਿਚ ਬਹੁਤ ਹੀ ਕਰੁਣਾਮਈ ਸ਼ਬਦਾਂ ਵਿਚ ਚਿਤਰਿਆ ਹੋਇਆ ਹੈ। ਕਹਿੰਦੇ ਨੇ ਨਗਰ ਤੋਂ ਬਾਹਰ ਆ ਕੇ ਜਦੋਂ ਇਹ ਕਾਫਲਾ ਅਣਜਾਣ ਮੰਜ਼ਲਾਂ ਵਲ ਜਾਣ ਲਈ ਰਾਹੇ ਪੈਣ ਲੱਗਾ ਤਾਂ ਸਾਹਿਬਜ਼ਾਦੇ ਰੁਕ ਗਏ ਅਤੇ ਪਿਛਾਂਹ ਵਲ ਭੌਂ ਕੇ ਤੱਕਣ ਲੱਗੇ।

ਸੇਵਾਦਾਰ ਸਿੱਖਾਂ ਨੇ ਗੁਰੂ ਕੇ ਲਾਲਾਂ ਨੂੰ ਉਤਸੁਕਤਾ ਨਾਲ ਪੁੱਛਿਆ ਕਿ ਕਿਸੇ ਸੰਗੀ-ਸਾਥੀ ਨੂੰ ਮਿਲਣ ਦੀ ਤਮੰਨਾ ਹੈ ਜਾਂ ਪਿੱਛੇ ਕੋਈ ਚੀਜ-ਵਸਤੂ ਰਹਿ ਗਈ ਏ? ਸਾਹਿਬਜ਼ਾਦਿਆਂ ਦਾ ਜਵਾਬ ਸੀ- ''ਨਾ ਕਿਸੇ ਨੂੰ ਮਿਲਣਾ ਹੈ ਤੇ ਨਾ ਕੋਈ ਚੀਜ਼ ਪਿੱਛੇ ਰਹੀ ਹੈ। ਅਸੀਂ ਤਾਂ ਦਾਦਾ ਜੀ ਦੀ ਵਸਾਈ ਅਨੰਦਪੁਰੀ ਨੂੰ ਜਾਂਦੀ ਵਾਰ ਦੀ ਨਮਸਕਾਰ ਕਰ ਰਹੇ ਹਾਂ! ਕੀ ਜਾਣੀਏ ਮੁੜ ਕੇ ਦਰਸ਼ਨ ਹੋਣ ਕਿ ਨਾ!''

ਇੱਧਰ ਗੁਰੂ-ਪਰਿਵਾਰ ਅਨੰਦਪੁਰੋਂ ਨਿਕਲ ਤੁਰਿਆ, ਉੱਧਰ ਕੀਤੇ ਹੋਏ ਅਹਿਦ ਤੇ ਖਾਧੀਆਂ ਕਸਮਾਂ ਨੂੰ ਤੋੜ ਕੇ, ਪਹਾੜੀ ਅਤੇ ਮੁਗਲ ਫੌਜ, ਸਿੰਘਾਂ ਉੱਪਰ ਟੁੱਟ ਕੇ ਪੈ ਗਈ। ਦੁਸ਼ਮਣ ਨਾਲ ਲੜਦਾ-ਭਿੜਦਾ ਕਾਫਲਾ ਤੁਰਦਾ ਗਿਆ। ਪਰਿਵਾਰ ਵਿਛੋੜੇ ਵਾਲੀ ਉੱਚੀ ਟਿੱਬੀ 'ਤੇ ਬੈਠ ਕੇ ਅੰਮ੍ਰਿਤ ਵੇਲੇ 'ਆਸਾ ਦੀ ਵਾਰ' ਦਾ ਕੀਰਤਨ ਕੀਤਾ ਗਿਆ। ਛੋਟੇ ਸਾਹਿਬਜ਼ਾਦਿਆਂ, ਬਿਰਧ ਮਾਂ ਗੁਜਰੀ ਜੀ ਅਤੇ ਗੁਰੂ-ਮਹਿਲਾਂ ਨੂੰ ਸੁਰੱਖਿਅਤ ਦਿੱਲੀ ਭੇਜਣ ਦੀ ਤਜਵੀਜ਼ ਅਨੁਸਾਰ ਚੋਣਵੇਂ ਸਿੰਘਾਂ ਦੀ ਸੇਵਾ ਲਗਾਈ ਗਈ। ਅੱਗਿਉਂ ਬੇ-ਮੌਸਮੀ ਚੜ੍ਹੀ ਹੋਈ ਸਰਸਾ ਅਤੇ ਪਿੱਛਿਉਂ ਦੁਸ਼ਮਣ ਹਮਲੇ 'ਤੇ ਹਮਲਾ ਕਰ ਰਹੇ ਸਨ। ਭਾਰੀ ਹਫੜਾ-ਦਫੜੀ ਦੇ ਮਾਹੌਲ ਵਿਚ ਬਹੁਤ ਸਾਰੇ ਸਿੰਘ ਸ਼ਹੀਦੀਆਂ ਪਾ ਗਏ। ਬਿਪਤਾ ਭਰੇ ਇਸ ਕਾਂਡ ਨੂੰ ਇੱਕ ਕਵੀ ਨੇ ਇੰਜ ਬਿਆਨਿਆਂ ਹੈ-

ਸਰਸਾ ਨਦੀ 'ਤੇ ਬੀਤਿਆ ਇਉਂ ਭਾਣਾ,
ਸਿੰਘ ਸਿੰਘਾਂ ਤੋਂ ਬੇਸ਼ੁਮਾਰ ਵਿਛੜੇ।
ਦਸਮ ਪਿਤਾ ਤੋਂ ਵਿਛੜ ਗਈ ਮਾਂ ਗੁਜਰੀ,
ਸੈਆਂ ਸਿੰਘ ਵਿਛੜੇ ਸੇਵਾਦਾਰ ਵਿਛੜੇ।
ਫਤਿਹ ਸਿੰਘ ਤੇ ਲਾਡਲੇ ਜ਼ੋਰਾਵਰ ਤੋਂ,
ਵੱਡੇ ਵੀਰ ਅਜੀਤ-ਜੁਝਾਰ ਵਿਛੜੇ।
ਮਣਾਂਮੂੰਹੀ ਗ੍ਰੰਥ ਤੇ ਲੱਖ ਮੋਹਰਾਂ,
ਕਰਕੇ ਨਦੀ ਦੀ ਭੇਟ ਦਾਤਾਰ ਵਿਛੜੇ।
ਐਪਰ ਆਖਿਆ ਗੁਰੂ ਗੋਬਿੰਦ ਸਿੰਘ ਨੇ,
ਭਾਵੇਂ ਸਾਰੇ ਦਾ ਸਾਰਾ ਪਰਿਵਾਰ ਵਿਛੜੇ।
ਰੱਖਿਆ ਗਊ-ਗਰੀਬ ਦੀ ਕਰਨ ਵਾਲੀ,
ਮੇਰੇ ਹੱਥੋਂ ਨਾ ਮੇਰੀ ਤਲਵਾਰ ਵਿਛੜੇ।

ਭਿਆਨਕ ਰਾਤ ਦੇ ਸਮੇਂ ਸਰਸਾ ਪਾਰ ਕਰਦਿਆਂ ਸਾਰਾ ਪਰਿਵਾਰ ਇੱਕ ਦੂਜੇ ਨਾਲੋਂ ਨਿੱਖੜ ਗਿਆ। ਮਾਂ ਗੁਜਰੀ ਅਤੇ ਛੋਟੇ ਮਾਸੂਮ ਸਾਹਿਬਜ਼ਾਦਿਆਂ ਨੂੰ ਮਿਲ ਪਿਆ, ਕਿਸੇ ਸਮੇਂ ਗੁਰੂ ਘਰ ਦਾ ਰਸੋਈਆ ਰਿਹਾ ਗੰਗੂ (ਗੰਗਾ ਧਰ ਕੌਲ) ਜੋ ਲਾਗਲੇ ਪਿੰਡ ਸਹੇੜੀ ਜਾਂ ਖੇੜੀ ਦਾ ਵਸਿੰਦਾ ਸੀ। ਇਸ ਕਲੰਕੀ ਨੇ ਮਾਤਾ ਅਤੇ ਸਾਹਿਬਜ਼ਾਦਿਆਂ ਨੂੰ ਮੋਰਿੰਡੇ ਦੇ ਕੋਤਵਾਲ ਕੋਲ ਗ੍ਰਿਫਤਾਰ ਕਰਵਾ ਦਿੱਤਾ। ਸੂਬਾ ਸਰਹਿੰਦ ਦੀ ਭਰੀ ਕਚਹਿਰੀ ਵਿਚ ਖਾਨ ਬਹਾਦਰ ਮਲੇਰੀਆ ਤਾਂ ਇਨ੍ਹਾਂ ਮਾਸੂਮਾਂ ਨੂੰ ਛੱਡ ਦੇਣ ਦੀ ਸਲਾਹ ਦਿੰਦਾ ਹੈ। ਪਰ ਮਰੀ ਹੋਈ ਜ਼ਮੀਰ ਵਾਲਾ ਸੁੱਚਾ ਨੰਦ (ਸਿੱਖ ਇਤਿਹਾਸ ਵਿਚ ਇਸ ਨੂੰ ਨਫਰਤ ਨਾਲ 'ਝੂਠਾ ਨੰਦ' ਕਿਹਾ ਗਿਆ) ਗੁਰੂ ਕੇ ਲਾਲਾਂ ਨੂੰ 'ਸੱਪ ਦੇ ਬੱਚੇ' ਆਖਦਾ ਰਿਹਾ। ਗ੍ਰਿਫਤਾਰੀ ਦੌਰਾਨ ਦੀਵਾਨ ਟੋਡਰਮੱਲ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਦੁੱਧ ਛਕਾਉਣ ਦੀ ਸੇਵਾ ਕਰਦਾ ਰਿਹਾ। ਆਖਰ 12 ਦਸੰਬਰ 1705 ਦੇ ਕਾਲੇ ਦਿਨ ਸਾਕਾ ਸਰਹੰਦ ਦਾ ਭਾਣਾ ਵਰਤ ਗਿਆ।

ਉੱਧਰ ਦਸਮੇਸ਼ ਪਿਤਾ ਆਪਣੇ 40 ਸਾਥੀਆਂ ਸਮੇਤ ਚਮਕੌਰ ਦੀ ਕੱਚੀ ਗੜ੍ਹੀ ਵਿਚ ਪਹੁੰਚ ਗਏ। ਹਰਲ-ਹਰਲ ਕਰਦੀਆਂ ਦੁਸ਼ਮਣ ਫੌਜਾਂ ਵੀ ਪਿੱਛੇ ਆ ਗਈਆਂ। ਸੋਹਣ ਸਿੰਘ 'ਸੀਤਲ' ਲਿਖਦੇ ਨੇ ਕਿ ਕੱਚੇ ਮੁਨਾਰਿਆਂ ਦਾ ਗੰਭੀਰਤਾ ਨਾਲ ਮੁਆਇਨਾ ਕਰ ਰਹੇ ਬਾਜਾਂ ਵਾਲੇ ਸਤਿਗੁਰੂ ਵਲ ਤੱਕ ਕੇ ਭਾਈ ਦਇਆ ਸਿੰਘ ਪੁੱਛਣ ਲੱਗੇ- ''ਦਾਤਾ ਜੀ, ਪਟਨਾ ਸਾਹਿਬ ਦੇ ਸ਼ਾਹੀ ਬਾਗ ਅਤੇ ਅਨੰਦਪੁਰੀ ਦੇ ਕਿਲੇ ਛੱਡ ਕੇ, ਇਸ ਕੱਚੀ ਗੜ੍ਹੀ ਨਾਲ ਬੜਾ ਪਿਆਰ ਜਤਾ ਰਹੇ ਹੋ?''

ਅੰਤਰਜਾਮੀ ਗੁਰੂ ਜੀ ਨੇ ਜਵਾਬ ਦਿੱਤਾ- ''ਭਾਈ ਦਇਆ ਸਿੰਘਾ, ਪਟਨਾ ਸਾਹਿਬ ਸਿੱਖੀ ਦਾ ਪੰਘੂੜਾ ਅਤੇ ਅਨੰਦਪੁਰ ਸਾਹਿਬ ਸਿੱਖੀ ਦਾ ਸਕੂਲ ਸੀ। ਚਮਕੌਰ ਦੀ ਇਸ ਕੱਚੀ ਹਵੇਲੀ ਨੇ ਖਾਲਸੇ ਦੀ ਯੂਨੀਵਰਸਿਟੀ ਬਣਨਾ ਹੈ-ਅੱਜ ਮੈਂ ਆਪਣੀਆਂ ਅੱਖਾਂ ਨਾਲ 'ਸਵਾ ਲਾਖ ਸੇ ਏਕ ਲੜਾਊਂ' ਦਾ ਸੰਕਲਪ ਰੂਪ ਮਾਨ ਹੁੰਦਾ ਵੇਖਾਂਗਾ!''

ਇੱਥੇ ਹੋਏ ਘਮਸਾਨ ਦੇ ਯੁੱਧ ਬਾਰੇ 'ਜ਼ਫਰਨਾਮੇ' ਵਿਚ ਗੁਰੂ ਜੀ ਅੰਕਿਤ ਕਰਦੇ ਹਨ-

ਗੁਰਸਨਹਿ ਚਿ :ਕਾਰੇ ਕੁਨਦ ਚਿਹਲ ਨਰ।
ਕਿ ਦਹ ਲਖ ਬਰਾਯਦ ਬਰੋ-ਬੇਖ਼ਬਰ!

ਇਸੇ ਮੁਕੱਦਸ ਅਸਥਾਨ 'ਤੇ ਵੱਡੇ ਸਾਹਿਬਜ਼ਾਦੇ ਅਤੇ ਸਤਿਗੁਰੂ ਦੇ ਪ੍ਰਾਣਾਂ ਤੋਂ ਪਿਆਰੇ ਸਿੰਘ ਸ਼ਹਾਦਤਾਂ ਪਾ ਗਏ। ਪੰਜਾਂ ਸਿੰਘਾਂ ਦਾ ਹੁਕਮ ਮੰਨ ਕੇ ਦਸਵੇਂ ਗੁਰੂ ਜੀ ਨੇ ਉੱਚੀ ਤਾੜੀ ਮਾਰਦਿਆਂ ਗੜ੍ਹੀ ਤੋਂ ਅਗਲੇ ਸਫਰ ਲਈ ਕੂਚ ਕੀਤਾ-

ਗੜ੍ਹੀਏ ਵੇਖ ਮੈਂ ਹੱਸਦਾ ਜਾ ਰਿਹਾ ਹਾਂ,
ਕਹਿ ਦਈਂ ਸਮੇਂ ਨੂੰ ਮੱਥੇ ਨਹੀਂ ਵੱਟ ਮੇਰੇ।
ਤੇਰੇ ਕੋਲ ਪਿਆਸੇ ਨੇ ਪਏ ਸੁੱਤੇ,
ਪੁੱਤਰ ਸੋਹਲ ਇਹ ਰੇਸ਼ਮੀ ਪੱਟ ਮੇਰੇ।
ਪਾਇਆ ਕਫਨ ਨਹੀਂ ਦੋਹਾਂ 'ਤੇ ਏਸ ਖਾਤਿਰ,
ਬਾਕੀ ਸਿੰਘ ਨਹੀਂ ਇਨ੍ਹਾਂ ਤੋਂ ਘੱਟ ਮੇਰੇ।
ਗੜ੍ਹੀਏ! ਫੇਰ ਨਹੀਂ ਕਦੇ ਵੀ ਮੇਲ ਹੋਣਾ
ਯਾਦ ਰੱਖੀਂ ਜੋ ਫਤਹਿ ਗਜਾ ਚੱਲਿਆਂ।
ਭਾਰ ਹੋਰ ਵੀ ਸਿਰ ਤੋਂ ਲਾਹਵਣਾ ਏਂ,
ਚਾਲੇ ਏਸ ਲਈ ਇੱਥੋਂ ਮੈਂ ਪਾ ਚੱਲਿਆਂ।

ਦਸੰਬਰ ਦੇ ਪਹਿਲੇ ਹਫਤੇ, ਚਮਕੌਰ ਸਾਹਿਬ ਵਿਚ ਹੀ ਕਲਗੀਆਂ ਵਾਲੇ ਪਾਤਸ਼ਾਹ ਨੇ ਭਾਈ ਸੰਗਤ ਸਿੰਘ ਦੇ ਸਿਰ 'ਤੇ ਕਲਗੀ ਸਜਾ ਕੇ ਪੰਥ ਨੂੰ ਗੁਰਗੱਦੀ ਸੌਂਪ ਦਿੱਤੀ। ਨਾ ਬਾਜ ਹੈ-ਨਾ ਤਾਜ ਹੈ। ਨਾ ਘੋੜਾ ਹੈ-ਨਾ ਜੋੜਾ ਹੈ, ਵਾਲੀ ਹਾਲਤ ਵਿਚ ਭਾੜ ਸਾਹਿਬ ਵਿਚੀ ਹੁੰਦੇ ਹੋਏ 11 ਦਸੰਬਰ ਮਾਛੀਵਾੜੇ ਪਹੁੰਚੇ।

ਇੱਥੇ ਗਨ੍ਹੀ ਖਾਂ-ਨਬ੍ਹੀ ਖਾਂ, ਭਰਾਵਾਂ ਨੇ ਗੁਰੂ ਮਹਾਰਾਜ ਦੀ ਸੇਵਾ ਕੀਤੀ। ਦਸੰਬਰ ਦੇ ਅਖ਼ੀਰ ਵਿਚ ਪਿੰਡ ਦੀਨਾ ਕਾਂਗੜ ਪਹੁੰਚ ਕੇ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖਿਆ। ਜਦ ਰਾਇ ਕੱਲ੍ਹੇ ਨੇ ਸਰਹੰਦ ਦੀ ਦੁੱਖ ਭਰੀ ਦਾਸਤਾਂ ਸੁਣਾਈ ਤਾਂ ਗੁਰੂ ਸਾਹਿਬ ਗੰਭੀਰ ਮੁਦਰਾ ਵਿਚ ਤੀਰ ਦੀ ਮੁਖੀ ਨਾਲ ਕਾਹੀ ਦਾ ਬੂਟਾ ਉਖੇੜਦੇ ਰਹੇ।

ਜ਼ੁਲਮੀ ਰਾਜ ਦੀ ਜੜ੍ਹ ਪੁੱਟੀ ਗਈ ਵਾਲਾ ਗੌਹਜ-ਵਾਕ ਉਚਾਰਿਆ। ਦਸੰਬਰ 29 ਨੂੰ ਮੁਕਤਸਰ ਦੇ ਅਸਥਾਨ 'ਤੇ 40 ਸਿੰਘਾਂ ਨੇ ਸ਼ਹੀਦੀ ਜਾਮ ਪੀਤੇ। ਸ਼ਹਾਦਤਾਂ ਦੇ ਇਸ ਅਨੋਖੇ ਸਫਰ ਦੀ ਯਾਦ ਅੰਦਰ ਹਰ ਸਾਲ ਰੋਪੜ ਦੇ ਭੱਠਾ ਸਾਹਿਬ ਤੋਂ 'ਸਭਾ' ਸ਼ੁਰੂ ਹੁੰਦੀ ਹੈ ਜੋ ਸਾਬੋ ਕੀ ਤਲਵੰਡੀ ਤੱਕ, ਕੁਝ ਕੁਝ ਦਿਨਾਂ ਦੇ ਵਕਫੇ ਨਾਲ ਚੱਲਦੀ ਜਾਂਦੀ ਹੈ।

ਸੋ ਪਾਠਕ ਜੀ, ਦਸੰਬਰ 'ਚ ਆਉਂਦੇ ਕ੍ਰਿਸ-ਮਿਸ ਵਾਲੇ ਦਿਨ ਟਿਮਟਿਮਾਉਂਦੀਆਂ ਰੰਗੀਨ ਲਾਈਟਾਂ ਜ਼ਰੂਰ ਬਾਲੋ, ਪਰ ਆਪਣੇ ਪਰਿਵਾਰ ਜਾਂ ਬੱਚਿਆਂ ਨੂੰ ਉਪਰੋਕਤ 'ਸ਼ਹੀਦੀ ਸਪਤਾਹ' ਬਾਰੇ ਜ਼ਰੂਰ ਦੱਸੋ। ਇਹ ਸਾਡਾ ਧਰਮ ਵੀ ਹੈ ਤੇ ਫਰਜ਼ ਵੀ!

ਹੱਕ ਹੱਕ ਆਗਾਹ ਗੁਰੂ ਗੋਬਿੰਦ ਸਿੰਘ।
ਸ਼ਾਹੇ-ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ।

# ਪੰਜਾਬੀ ਗਾਇਕੀ ਦਾ ਚਮਕਦਾ ਸਿਤਾਰਾ-ਬੱਬੂ ਗੁਰਪਾਲ

**ਮਨਦੀਪ ਮਾਨ***

ਮੈਂ ਬੇਕਰਜ਼ਫੀਲਡ ਵਿਚ ਪਿਛਲੇ ਸਾਲ ਮਿਸ ਪੰਜਾਬਣ ਯੂ.ਐਸ.ਏ. 2008 ਨੂੰ ਬੈਠਾ ਦੇਖ ਰਿਹਾ ਸੀ। ਸਟੇਜ ਉਪਰ ਆਸ਼ਾ ਸ਼ਰਮਾ ਸ਼ੇਅਰੋ-ਸ਼ਾਇਰੀ ਕਰ ਰਹੀ ਸੀ। ਅਚਾਨਕ ਮੇਰੇ ਫੋਨ ਦੀ ਘੰਟੀ ਵੱਜੀ ਅਤੇ ਰੌਲੇ ਕਾਰਨ ਮੈਨੂੰ ਹਾਲ ਵਿਚੋਂ ਬਾਹਰ ਆ ਕੇ ਫੋਨ ਸੁਣਨਾ ਪਿਆ। ਅਚਾਨਕ ਮੈਨੂੰ ਅੰਦਰੋਂ ਗੁਰਦਾਸ ਮਾਨ ਦੇ ਗਾਉਣ ਦੀ ਆਵਾਜ਼ ਸੁਣਨ ਲੱਗੀ। ਮੈਂ ਆਪਣੇ ਦੋਸਤ ਨੂੰ ਕਿਹਾ ਕਿ ਫਿਰ ਗੱਲ ਕਰਦੇ ਹਾਂ ਕਿਉਂਕਿ ਮੈਂ ਗੁਰਦਾਸ ਮਾਨ ਨੂੰ ਸੁਣਨਾ ਹੈ। ਮੈਂ ਫੋਨ ਕੱਟ ਕੇ ਅੰਦਰ ਗਿਆ ਤਾਂ ਇਕ ਲੰਮ-ਸਲੰਮਾ ਗੱਭਰੂ ਵਾਰਸ ਸ਼ਾਹ ਦੀ ਹੀਰ ਗਾ ਰਿਹਾ ਸੀ। ਤਾਂ ਮੈਂ ਆਪਣੇ ਨਾਲ ਬੈਠੇ ਦੋਸਤ ਨੂੰ ਪੁੱਛਿਆ ਕਿ ਇਹ ਕੌਣ ਹੈ? ਕਿਉਂਕਿ ਉਸ ਵੇਲੇ ਤੱਕ ਮੈਂ ਉਸ ਸੋਹਣੇ ਸੁਨੱਖੇ ਗਾਇਕ ਨੂੰ ਜਾਣਦਾ ਨਹੀਂ ਸਾਂ। ਮੇਰੇ ਦੋਸਤ ਨੇ ਦੱਸਿਆ ਕਿ ਇਹ ਬੱਬੂ ਗੁਰਪਾਲ ਹੈ ਤੇ ਇਥੇ ਕੈਲੀਫੋਰਨੀਆ ਵਿਚ ਹੀ ਰਹਿੰਦਾ ਹੈ।

ਅੱਖਾਂ ਮੀਟ ਕੇ ਗੁਰਦਾਸ ਮਾਨ ਜਾਂ ਬੱਬੂ ਗੁਰਪਾਲ ਦੀ ਹੀਰ ਸੁਣੋ ਤਾਂ ਤੁਸੀਂ ਦੱਸ ਹੀ ਨਹੀਂ ਸਕਦੇ ਕਿ ਕੌਣ ਗਾ ਰਿਹਾ ਹੈ। ਪਰ ਇਸ ਦਾ ਮਤਲਬ ਇਹ ਨਹੀਂ ਕਿ ਬੱਬੂ ਸਿਰਫ ਗੁਰਦਾਸ ਦੀ ਛਾਪ ਹੇਠ ਹੀ ਗਾਉਂਦਾ ਹੈ। ਬੱਬੂ ਦੀ ਇਕ ਵੱਖਰੀ ਪਛਾਣ ਹੈ ਜੋ ਉਸਨੇ ਆਪਣੀ ਸੀ.ਡੀ. "ਯਾਦਾਂ ਦੇਸ਼ ਪੰਜਾਬ ਦੀਆਂ" ਰਾਹੀਂ ਸਾਬਿਤ ਵੀ ਕਰ ਦਿੱਤੀ ਹੈ। ਬੱਬੂ ਹਰ ਤਰ੍ਹਾਂ ਦੇ ਗਾਣੇ ਗਾ ਸਕਦਾ ਹੈ ਭਾਵੇਂ ਉਹ ਭੰਗੜਾ ਬੀਟ ਦੇ ਹੋਣ ਜਾਂ ਸੂਫੀ ਜਾਂ ਉਦਾਸੀ ਸੁਰ ਵਾਲੇ। ਸਾਰੇ ਗੀਤ ਬੜੇ ਸਹਿਜ ਨਾਲ ਗਾ ਲੈਂਦਾ ਹੈ। ਉਸਦੀ ਆਵਾਜ਼ ਹਰ ਗੀਤ ਨਾਲ ਪੂਰਾ ਇਨਸਾਫ ਕਰਦੀ ਹੈ।

ਉਸ ਸ਼ੋਅ ਤੋਂ ਬਾਅਦ ਮੈਂ ਬੱਬੂ ਨੂੰ ਬਹੁਤ ਵਾਰੀ ਮਿਲਿਆ। ਹਮੇਸ਼ਾ ਹੀ ਖਿੜੇ ਮੱਥੇ ਮਿਲਣਾ ਅਤੇ ਆਪਣੇ ਸੁਭਾਅ ਅਨੁਸਾਰ ਹਰ ਵੇਲੇ ਭਾਅ ਜੀ ਕਹਿ ਕੇ ਬੁਲਾਉਣਾ ਹਾਲਾਂਕਿ ਉਹ ਮੇਥੋਂ ਉਮਰ ਵਿਚ ਥੋੜਾ ਜਿਹਾ ਵੱਡਾ ਹੈ ਪਰ ਉਹ ਕਹਿੰਦੈ, "ਭਾਅ ਜੀ ਪਿਆਰ ਤੇ ਸਤਿਕਾਰ ਜਿੰਨਾ ਵੰਡੋਗੇ ਉਸ ਤੋਂ ਦੁੱਗਣਾ ਤੁਹਾਨੂੰ ਵਾਪਸ ਮਿਲਦਾ ਹੈ।" ਗੱਲ ਉਸਦੀ ਸੋਲਾਂ ਆਨੇ ਸੱਚ ਹੈ। ਤਾਂ ਹੀ ਤਾਂ ਪੰਜਾਬ ਤੋਂ ਜਿੰਨੇ ਵੀ ਪੰਜਾਬੀ ਗਾਇਕ ਏਥੇ ਆਉਂਦੇ ਹਨ, ਉਹ ਬੱਬੂ ਦੇ ਘਰ ਉਸਨੂੰ ਮਿਲਣ ਜ਼ਰੂਰ ਜਾਂਦੇ ਹਨ। ਚਾਹੇ ਉਹ ਗੁਰਦਾਸ ਮਾਨ ਹੋਵੇ ਜਾਂ ਮਿਸ ਪੂਜਾ ਜਾਂ ਕੋਈ ਹੋਰ।

ਬੱਬੂ ਦਾ ਜਨਮ ਕੁਰੂਕਸ਼ੇਤਰ (ਹਰਿਆਣਾ) ਵਿਚ ਸ. ਇੰਦਰਜੀਤ ਸਿੰਘ ਦੇ ਘਰ ਮਾਂ ਚਰਨਜੀਤ ਕੌਰ ਦੀ ਕੁੱਖੋਂ ਹੋਇਆ। ਬੱਬੂ ਉਸ ਸਮੇਂ ਸਿਰਫ 8 ਸਾਲ ਦਾ ਸੀ ਜਦ ਉਸਦੇ ਬਾਪ ਦਾ ਸਾਇਆ ਉਸ ਦੇ ਸਿਰ ਉੱਪਰੋਂ ਉੱਠ ਗਿਆ। ਇਸ ਤਰ੍ਹਾਂ, ਘਰ ਚਲਾਉਣ ਦੀ ਜ਼ਿੰਮੇਵਾਰੀ ਬੱਬੂ ਉਪਰ ਆ ਪਈ। ਪਰ ਆਪਣੀ ਸਖ਼ਤ ਮਿਹਨਤ ਨਾਲ ਉਸ ਨੇ ਆਪਣੇ ਪਰਿਵਾਰ ਨੂੰ ਹਰ ਪੱਖੋਂ ਸੁਰਖਿਅਤ ਕਰ ਦਿੱਤਾ। ਬੱਬੂ ਵਰਗੇ ਤਿੰਨ ਭੈਣ ਭਰਾ ਹਨ ਜਿਨ੍ਹਾਂ ਵਿਚੋਂ ਭੈਣ ਵੱਡੀ ਅਤੇ ਇਕ ਭਰਾ ਬੱਬੂ ਤੋਂ ਛੋਟਾ ਹੈ। ਗਾਉਣ ਦਾ ਸ਼ੌਕ ਬੱਬੂ ਨੂੰ ਬਚਪਨ ਤੋਂ ਹੀ ਹੈ। ਉਹ ਸਕੂਲ ਵਿਚ ਹੁੰਦਿਆਂ ਗਾਉਣ ਦੇ ਮੁਕਾਬਲਿਆਂ ਵਿਚੋਂ ਹਮੇਸ਼ਾ ਫਸਟ ਆਉਂਦਾ ਰਿਹਾ ਤੇ ਕਾਲਜ ਵਿਚੋਂ ਵੀ। ਬੱਬੂ ਭੰਗੜੇ ਦਾ ਵੀ ਇਕ ਚੰਗਾ ਕਲਾਕਾਰ ਰਿਹਾ। ਪਰ ਜ਼ਿਆਦਾ ਉਹ ਭੰਗੜੇ ਵਿਚ ਬੋਲੀਆਂ ਪਾਉਂਦਾ ਹੁੰਦਾ ਸੀ।



ਬੱਬੂ ਦੱਸਦੈ ਕਿ ਸ਼ਾਮ ਨੂੰ ਸਕੂਲੋਂ ਘਰ ਆ ਕੇ ਉਸਨੇ ਮੱਝਾਂ ਚਾਰਨ ਲਈ ਖੇਤਾਂ ਵਿਚ ਲੈ ਜਾਣੀਆਂ ਤੇ ਆਪ ਉੱਚੀ ਹੇਕ ਨਾਲ ਖੁੱਲ੍ਹ ਕੇ ਗਾਉਣਾ। ਇਥੋਂ ਉਸਨੂੰ ਗਾਉਣ ਦਾ ਕਾਫੀ ਅਭਿਆਸ ਹੋਇਆ। ਉਸ ਅਨੁਸਾਰ ਖੇਤਾਂ ਵਿਚ ਗਾਉਣ ਵੇਲੇ ਇਕ ਵੱਖਰਾ ਹੀ ਰਿਦਮ ਪੈਦਾ ਹੁੰਦਾ ਸੀ। ਗਾਉਣ ਦੀ ਅਸਲ ਚੇਟਕ ਬੱਬੂ ਨੂੰ ਗੁਰਦਾਸ ਮਾਨ ਨੂੰ ਸੁਣਨ ਤੋਂ ਬਾਅਦ ਲੱਗੀ ਜਿਸਨੂੰ ਕਿ ਬੱਬੂ ਨੇ ਆਪਣੇ ਮਾਮੇ ਦੇ ਵਿਆਹ ਉਪਰ ਗਾਉਂਦਾ ਸੁਣਿਆ ਸੀ। ਮਾਨ ਸਾਹਿਬ ਦੀ ਸ਼ਖਸੀਅਤ ਉਸ ਵੇਲੇ ਦੇ ਬਾਲ ਬੱਬੂ ਗੁਰਪਾਲ 'ਤੇ ਕਾਫੀ ਗਹਿਰਾ ਅਸਰ ਛੱਡ ਗਈ, ਜਿਸਦਾ ਝਲਕਾਰਾ ਅੱਜ ਵੀ ਬੱਬੂ ਦੇ ਗੀਤਾਂ ਵਿਚੋਂ ਅਕਸਰ ਮਿਲਦਾ ਰਹਿੰਦਾ ਹੈ। ਬੱਬੂ ਦੇ ਨਾਨਾ ਜੀ ਕੇਸਰ ਪਹਿਲਵਾਨ ਰੁਸਤਮੇ ਹਿੰਦ ਸਨ ਜਿਸ ਕਰਕੇ ਉਨ੍ਹਾਂ ਦਾ ਤੇ ਗੁਰਦਾਸ ਮਾਨ ਦਾ ਗੁਰੂ-ਸ਼ਾਗਿਰਦ ਵਾਲਾ ਰਿਸ਼ਤਾ ਸੀ ਕਿਉਂਕਿ ਗੁਰਦਾਸ ਨੇ ਕੁਝ ਸਮਾਂ ਪਟਿਆਲੇ ਕਾਲਜ ਵਿਚ ਭਲਵਾਨੀ ਵੀ ਕੀਤੀ ਸੀ। ਪਰ ਬਾਅਦ ਵਿਚ ਜੂਡੋ ਵਿਚ ਵੀ ਬੱਬੂ ਦੇ ਨਾਲ ਗੁਰਦਾਸ ਦੇ ਉਸਤਾਦ ਰਹੇ।

1994 ਵਿਚ ਬੱਬੂ ਪੱਕੇ ਤੌਰ 'ਤੇ ਅਮਰੀਕਾ ਆ ਗਿਆ ਤੇ ਸੈਨ ਹੋਜ਼ੇ ਵਿਚ ਸਟੋਰ ਉਪਰ ਕੰਮ ਕਰਨ ਲੱਗਿਆ। ਕੁਝ ਸਾਲ ਇਧਰ ਉਧਰ ਨਿੱਕੀਆਂ ਵੱਡੀਆਂ ਜਾਬਾਂ ਕਰਨ ਅਤੇ ਅਮਰੀਕੀ ਜ਼ਿੰਦਗੀ ਨਾਲ ਸੰਘਰਸ਼ ਕਰਨ ਉਪਰੰਤ ਬੱਬੂ ਨੇ ਤਹਿਚਪੀ (ਕੈਲੀਫੋਰਨੀਆ) ਵਿਖੇ ਦੋ ਮੋਟਲ ਖਰੀਦ ਲਏ ਪਰ ਗਾਉਣ ਦਾ ਸਿਲਸਿਲਾ ਨਿਰੰਤਰ ਚਲਦਾ ਰਿਹਾ।

ਬੱਬੂ ਹੁਣ ਤੱਕ ਅਮਰੀਕਾ ਵਿਚ ਅਣਗਿਣਤ ਸ਼ੋਅ ਕਰ ਚੁੱਕਿਆ ਹੈ, ਪਰ ਉਹ ਗਾਉਂਦਾ ਉਥੇ ਹੀ ਹੈ ਜਿੱਥੇ ਸੁਣਨ ਵਾਲੇ ਹੋਣ ਨਾ ਕਿ ਸ਼ਰਾਬ ਪੀ ਕੇ ਹੁੱਲੜਬਾਜ਼ੀ ਕਰਨ ਵਾਲੇ। ਬੱਬੂ ਦਾ ਹਰ ਗੀਤ ਕੋਈ ਨਾ ਕੋਈ ਸੰਦੇਸ਼ ਜ਼ਰੂਰ ਦਿੰਦਾ ਹੈ। ਬੇਅਰਥ ਗੀਤ ਅਤੇ ਅੱਧ ਨੰਗੀਆਂ ਕੁੜੀਆਂ ਨੂੰ ਨਚਾ ਕੇ ਉਹ ਕਦੇ ਨਹੀਂ ਗਾਉਂਦਾ, ਇਸੇ ਕਰਕੇ ਉਸਦੀ ਐਲਬਮ ਮਾਰਕੀਟ ਵਿਚ ਬਹੁਤ ਦੇਰ ਬਾਅਦ ਆਉਂਦੀ ਹੈ। ਬੱਬੂ ਖੁਦ ਕਹਿੰਦਾ ਹੈ ਕਿ ਭਾਜੀ ਬਹੁਤੇ ਗਾਇਕ ਟੀ.ਵੀ. ਉਪਰ ਬੈਠ ਕੇ ਇੰਟਰਵਿਊ ਦਿੰਦੇ ਹਨ ਤੇ ਕਹਿੰਦੇ ਹਨ ਅਸੀਂ ਸਭਿਆਚਾਰ ਦੀ ਸੇਵਾ ਕਰ ਰਹੇ ਹਾਂ। ਦੂਸਰੇ ਪਾਸੇ ਕਿਸੇ ਹੋਰ ਚੈਨਲ ਤੇ ਉਸਦੇ ਗੀਤ ਉਪਰ ਅੱਧਨੰਗੀਆਂ ਕੁੜੀਆਂ ਨੱਚ ਰਹੀਆਂ ਹੁੰਦੀਆਂ ਹਨ। ਪੁੱਛਿਆ ਜਾਣਾ ਚਾਹੀਦਾ ਹੈ ਕਿ ਕੀ ਉਹ ਇਸੇ ਸਭਿਆਚਾਰ ਦਾ ਹੋਕਾ ਦੇ ਰਹੇ ਹੁੰਦੇ ਹਨ? ਬੱਬੂ ਕਹਿੰਦਾ ਹੈ, "ਪਹਿਲਾਂ ਚੰਗੇ ਗੀਤ ਲਿਖਣ ਵਾਲਾ ਲੱਭੋ, ਉਸ ਗੀਤ 'ਤੇ ਖੂਬ ਰਿਆਜ਼ ਕਰੋ ਤੇ ਫਿਰ ਰੂਹ ਨਾਲ ਗਾਓ ਤਾਂ ਲੋਕ ਗੀਤ ਖੁਦ-ਬ-ਖੁਦ ਸੁਣਨਗੇ।"

'ਯਾਦਾਂ ਦੇਸ਼ ਪੰਜਾਬ ਦੀਆਂ' ਬੱਬੂ ਦੀ ਇੱਕੋ ਇਕ ਸੀ.ਡੀ. ਮਾਰਕੀਟ ਵਿਚ ਆਈ ਹੈ ਪਰ ਇਸਦਾ ਟਾਈਟਲ ਗੀਤ ਇਕ ਲੋਕ ਗੀਤ ਬਣ ਚੁੱਕਾ ਹੈ। ਮਹੀਨਾ ਕੁ ਪਹਿਲਾਂ ਮੈਂ ਪੰਜਾਬ ਅਤੇ ਪਾਕਿਸਤਾਨ ਦੀ ਵੰਡ ਉਪਰ ਇਕ ਪੰਜਾਬੀ ਡਾਕੂਮੈਂਟਰੀ ਫਿਲਮ ਦੇਖ ਰਿਹਾ ਸਾਂ ਤਾਂ ਪਿਛੇ ਬੱਬੂ ਦਾ ਗੀਤ ਵੱਜ ਰਿਹਾ ਸੀ "ਹਾਏ ਓਏ ਰੱਬਾ ਕਿਵੇਂ ਭੁਲਾਵਾਂ ਯਾਦਾਂ ਦੇਸ਼ ਪੰਜਾਬ ਦੀਆਂ" ਇਸ ਤੋਂ ਵੱਡੀ ਪ੍ਰਾਪਤੀ ਇਕ ਗਾਇਕ ਲਈ ਹੋਰ ਕੀ ਹੋ ਸਕਦੀ ਹੈ। ਬਾਹਰ ਬੱਬੂ ਦੀ ਇੰਨੀ ਚੜ੍ਹਾਈ ਪਰ ਇਥੇ "ਘਰ ਦਾ ਜੋਗੀ ਜੋਗੜਾ ਤੇ ਬਾਹਰਲਾ ਜੋਗੀ ਸਿੱਧ" ਵਾਲੀ ਗੱਲ ਬਣੀ ਪਈ ਹੈ। ਮੇਰੇ ਖਿਆਲ ਵਿਚ ਅਸੀਂ ਉਸ ਨੂੰ ਉਨਾ ਮਾਣ-ਸਤਿਕਾਰ ਤੇ ਪਿਆਰ ਨਹੀਂ ਦੇ ਸਕੇ ਜਿੰਨੇ ਦਾ ਉਹ ਹੱਕਦਾਰ ਹੈ। ਸਮਾਂ ਬਦਲਦਾ ਹੈ ਤੇ ਉਸਦਾ ਸਮਾਂ ਵੀ ਛੇਤੀ ਹੀ ਆ ਰਿਹਾ ਹੈ। ਉਸਦੀ ਦੂਸਰੀ ਸੀ.ਡੀ. ਜੋ ਜਲਦ ਮਾਰਕੀਟ ਵਿਚ ਆ ਰਹੀ ਹੈ, ਵਿਚ ਗੀਤ ਮੱਖਣ ਬਰਾੜ, ਦੀਪ ਮੰਗਲੀ, ਯਾਦੀ ਅਤੇ ਪੱਪੀ ਭਦੌੜ ਅਤੇ ਹੋਰ ਉੱਘੇ ਗੀਤਕਾਰਾਂ ਦੇ ਲਿਖੇ ਹੋਏ ਹਨ। ਇਸ ਦੇ ਲਈ ਬੱਬੂ ਬਹੁਤ ਮਿਹਨਤ ਕਰ ਰਿਹਾ ਹੈ। ਬੱਬੂ ਅਨੁਸਾਰ ਤੁਸੀਂ ਤਾਂ ਹੀ ਸਭਿਅਕ ਗਾ ਸਕਦੇ ਹੋ ਜੇਕਰ ਤੁਸੀਂ ਖੁਦ ਸਾਫ ਸੁਥਰਾ ਸੁਣਦੇ ਹੋ। ਇਸ ਕਰਕੇ ਮੈਨੂੰ ਅਕਸਰ ਉਸਦੀ ਕਾਰ ਵਿਚ ਗੁਰਦਾਸ ਮਾਨ, ਸਾਂਈ ਜ਼ਾਹੂਰ, ਸਤਿੰਦਰ ਸਰਤਾਜ, ਨੁਸਰਤ ਫਤਿਹ ਅਲੀ ਖਾਂ, ਸ਼ੌਕਤ ਅਲੀ ਦੀਆਂ ਸੀਡੀਆਂ ਹੀ ਸੁਣਨ ਨੂੰ ਮਿਲਦੀਆਂ ਹਨ। ਗੁਰਦਾਸ ਮਾਨ ਗਾਇਕੀ ਵਿਚ ਬੱਬੂ ਦਾ ਪ੍ਰੇਰਨਾ ਸਰੋਤ ਹੈ ਤੇ ਮਾਨ ਨੇ 2006 ਵਿਚ ਬੱਬੂ ਦੀ ਸੀ.ਡੀ. 'ਯਾਦਾਂ ਦੇਸ਼ ਪੰਜਾਬ ਦੀਆਂ' ਬੇਕਰਜ਼ਫੀਲਡ ਵਿਖੇ ਵਰ੍ਹਦੇ ਮੀਂਹ ਵਿਚ ਰਿਲੀਜ਼ ਕੀਤੀ ਸੀ। ਉਦੋਂ ਗੁਰਦਾਸ ਦਾ ਖੁੱਲ੍ਹਾ ਅਖਾੜਾ ਲੱਗਾ ਸੀ ਅਤੇ ਅਚਾਨਕ ਮੀਂਹ ਪੈਣ ਲੱਗ ਪਿਆ ਸੀ।

ਅੱਜ ਕੱਲ ਬੱਬੂ ਗੁਰਪਾਲ ਆਪਣੀ ਧਰਮ ਪਤਨੀ ਅਤੇ ਦੋ ਬੱਚਿਆਂ ਸੋਫੀਆ ਅਤੇ ਸੁਰਦੀਪ ਸਿੰਘ ਨਾਲ ਤਹਿਚਪੀ ਸ਼ਹਿਰ ਵਿਖੇ ਖੂਬਸੂਰਤ ਜ਼ਿੰਦਗੀ ਜਿਉ ਰਿਹਾ ਹੈ। ਰੱਬ ਇਸ ਪਵਿੱਤਰ ਰੂਹ ਵਾਲੀ ਸ਼ਖਸੀਅਤ ਨੂੰ ਹਮੇਸ਼ਾ ਚੜ੍ਹਦੀ ਕਲਾ ਵਿਚ ਰੱਖੇ। ਬੱਬੂ ਬਾਰੇ ਮੈਨੂੰ ਇਕ ਸ਼ੇਅਰ ਚੇਤੇ ਆਉਂਦਾ ਹੈ:

ਕਈਆਂ ਨੂੰ ਅਸੀਂ ਚੁਭਦੇ ਹਾਂ ਕੰਡੇ ਵਾਂਗੂ
ਤੇ ਕਈ ਸਾਨੂੰ ਰੱਬ ਬਣਾਈ ਫਿਰਦੇ।
ਕਈ ਵੇਖ ਸਾਨੂੰ ਬਦਲ ਲੈਂਦੇ ਨੇ ਰਾਹ ਆਪਣਾ
ਤੇ ਕਈ ਸਾਡੇ ਰਾਹਾਂ 'ਚ ਫੁੱਲ ਵਿਛਾਈ ਫਿਰਦੇ।
ਨਿੱਤ ਹੁੰਦੀਆਂ ਨੇ ਬਹੁਤ ਦੁਆਵਾਂ ਮੇਰੇ ਲਈ,
ਕਈ ਮੰਗਦੇ ਨੇ ਮੌਤ ਮੇਰੀ ਤੇ ਕਈ
ਆਪਣੀ ਉਮਰ ਵੀ ਮੇਰੇ ਨਾਂ ਲਿਖਾਈ ਫਿਰਦੇ।

ਬੇਕਰਜ਼ਫੀਲਡ ਵਿਚ ਪਿਛਲੇ ਅੱਠ ਸਾਲਾਂ ਤੋਂ ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ ਲਗਾਤਾਰ ਪੰਜਾਬੀ ਗਾਇਕਾਂ ਦੇ ਹਰ ਸਾਲ ਸਫਲ ਸ਼ੋਅ ਕਰਵਾ ਰਹੀ ਹੈ। ਮੁੱਖ ਤੌਰ 'ਤੇ ਸ਼ੋਅ ਗੁਰਦਾਸ ਮਾਨ ਦੇ ਹੀ ਹੁੰਦੇ ਹਨ। ਅਗਲੇ ਸਾਲ 2010 ਵਿਚ ਵੀ ਇਹ ਸੰਸਥਾ ਗੁਰਦਾਸ ਮਾਨ ਦਾ ਸ਼ੋਅ ਕਰਵਾ ਰਹੀ ਹੈ ਜਿਸ ਵਿਚ ਬੱਬੂ ਗੁਰਪਾਲ ਦਾ ਬੜਾ ਵੱਡਾ ਯੋਗਦਾਨ ਹੁੰਦਾ ਹੈ। ਉਹ ਇਸ ਸੰਸਥਾ ਦੇ ਮੁਢਲੇ ਮੈਂਬਰਾਂ ਵਿਚੋਂ ਇਕ ਹੈ। ਕਿਸੇ ਵੀ ਸਭਿਆਚਾਰਕ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਬੱਬੂ ਗੁਰਪਾਲ ਦਾ ਖਾਸ ਯੋਗਦਾਨ ਹੁੰਦਾ ਹੈ।

ਬੱਬੂ ਗੁਰਪਾਲ ਨਾਲ ਸੰਪਰਕ ਫੋਨ 510-557-9670 'ਤੇ ਕੀਤਾ ਜਾ ਸਕਦਾ ਹੈ।

**661-889-1927*


## G.M. Lawrence Insurance Brokerage ਅਤੇ Valley Truck Services

### ਟਰੱਕ ਇੰਸ਼ੋਰੈਂਸ ਸੇਵਾਵਾਂ

- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranteed!

### ਸਾਡੀਆਂ ਟਰੱਕਿੰਗ ਸੇਵਾਵਾਂ

- California DMV Services
  - » New License Plates & Renewals
- Interstate & Intrastate Permits
  - » DOT #, MC #, CA #
  - » IFTA, UCR, MCP
  - » NM, KY, NY, OR Permits
  - » Highway Use Tax(2290)
- Truck Financing
- Corporation Setup
- Document Typing



ਸਾਨੂੰ ਅੱਜ ਹੀ ਕਾਲ ਕਰੋ

**ਟਰੱਕ ਇੰਸ਼ੋਰੈਂਸ ਵਾਸਤੇ**
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawemceins.com

**ਟਰਕਿੰਗ ਸੇਵਾਵਾਂ ਵਾਸਤੇ**
Rajwinder Khehra
and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com




ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾ ਇਕੋ ਜਗਾ ਤੇ

**2403 Gilberte Street, Tracy, CA 95304**

ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾਂ ਇਕੋ ਜਗਾ ਤੇ

# ਮਹਿੰਗਾਈ ਨੂੰ ਨੱਥ ਪਾਉਣ ਤੋਂ ਕੇਂਦਰ/ਰਾਜ ਸਰਕਾਰਾਂ ਨੇ ਹੱਥ ਖੜ੍ਹੇ ਕੀਤੇ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਨਵੀਂ ਦਿੱਲੀ :** ਕੇਂਦਰ ਅਤੇ ਰਾਜ ਸਰਕਾਰਾਂ ਮਹਿੰਗਾਈ ਉਪਰ ਕਾਬੂ ਪਾਉਣੋਂ ਅਸਮਰੱਥ ਹੋ ਗਈਆਂ ਜਾਪਦੀਆਂ ਹਨ। ਕੁਝ ਦਿਨ ਪਹਿਲਾਂ ਦੇਸ਼ ਦੇ ਖੇਤੀਬਾੜੀ ਬਾਰੇ ਮੰਤਰੀ ਅਤੇ ਪ੍ਰਧਾਨ ਮੰਤਰੀ ਨੇ ਸਪੱਸ਼ਟ ਰੂਪ ਵਿਚ ਕਿਹਾ ਸੀ ਕਿ ਹਾਲ ਦੀ ਘੜੀ ਮਹਿੰਗਾਈ ਉਪਰ ਕਾਬੂ ਨਹੀਂ ਪਾਇਆ ਜਾ ਸਕਦਾ, ਇਸ ਦੇ ਕਾਰਨ ਔੜ ਅਤੇ ਰਾਜ ਸਰਕਾਰਾਂ ਹਨ। ਉਨ੍ਹਾਂ ਕਿਹਾ ਸੀ ਕਿ ਭਰਵੀਂ ਬਾਰਸ਼ ਅਤੇ ਫਸਲਾਂ ਦੀ ਬਹੁਤਾਤ ਤੋਂ ਇਲਾਵਾ ਜੇ ਰਾਜ ਸਰਕਾਰਾਂ ਜ਼ਖੀਰੇਬਾਜ਼ੀ ਖਿਲਾਫ਼ ਜ਼ੋਰਦਾਰ ਕਾਰਵਾਈ ਕਰਨਗੀਆਂ, ਤਦ ਹੀ ਮਹਿੰਗਾਈ ਉਪਰ ਕਾਬੂ ਪਾਇਆ ਜਾ ਸਕਦਾ ਹੈ।

ਪਰ ਖ਼ੁਰਾਕੀ ਵਸਤਾਂ ਦੀਆਂ ਕੀਮਤਾਂ ਵਿਚ ਆਇਆ ਉਛਾਲ ਵਕਤੀ ਹੋਣ ਦੀ ਥਾਂ ਪੱਕਾ ਹੁੰਦਾ ਜਾ ਰਿਹਾ ਹੈ। ਮਹਿੰਗਾਈ ਦਰ ਭਾਵੇਂ 5 ਫੀਸਦੀ ਹੈ ਪਰ ਰਸੋਈ ਵਸਤਾਂ ਦੀਆਂ ਕੀਮਤਾਂ ਵਿਚ ਕਰੀਬ 16 ਫੀਸਦੀ ਦੀ ਦਰ ਨਾਲ ਵਾਧਾ ਹੋ ਰਿਹਾ ਹੈ। ਨਤੀਜੇ ਵਜੋਂ ਗ਼ਰੀਬ ਤਬਕੇ ਨੂੰ ਦੋ ਵਕਤ ਦੀ ਰੋਟੀ ਦਾ ਬੰਦੋਬਸਤ ਕਰਨਾ ਔਖਾ ਹੋ ਗਿਆ ਹੈ। ਮੌਨਸੂਨ ਦੇ ਪਛੇਤੇ ਅਤੇ ਘੱਟ ਹੋਣ ਕਾਰਨ ਖੇਤੀ ਪੈਦਾਵਾਰ 'ਤੇ ਮਾੜਾ ਅਸਰ ਪਿਆ ਹੈ। ਇਸ ਦੇ ਮੱਦੇਨਜ਼ਰ ਖ਼ੁਰਾਕੀ ਵਸਤਾਂ ਦੀਆਂ ਕੀਮਤਾਂ ਪਹਿਲਾਂ ਹੀ ਵਧਣੀਆਂ ਸ਼ੁਰੂ ਹੋ ਗਈਆਂ ਸਨ। ਸਰਕਾਰ ਵਲੋਂ ਜ਼ਖੀਰੇਬਾਜ਼ੀ ਨੂੰ ਨੱਥ ਪਾਉਣ ਅਤੇ ਜਨਤਕ ਵੰਡ ਪ੍ਰਣਾਲੀ ਰਾਹੀਂ ਅਨਾਜ ਦੀ ਵੰਡ ਨੂੰ ਪੁਖਤਾ ਬਣਾਉਣ ਲਈ ਕੀਤੀਆਂ ਪਹਿਲ ਕਦਮੀਆਂ ਨਾਕਾਫ਼ੀ ਸਾਬਤ ਹੋਈਆਂ ਹਨ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਦੇਸ਼ ਵਾਸੀਆਂ ਨਾਲ ਵਾਅਦਾ ਕੀਤਾ ਸੀ ਕਿ ਦੇਸ਼ ਵਿਚ ਅਨਾਜ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਅਰਥਸ਼ਾਸਤਰੀਆਂ ਦੇ ਅੰਕੜਿਆਂ ਮੁਤਾਬਿਕ ਦੇਸ਼ ਵਿਚ ਨਾ ਅੰਨ ਦੀ ਕਮੀ ਹੈ ਅਤੇ ਨਾ ਹੀ ਮਹਿੰਗਾਈ ਦਰ ਉੱਚੀ ਹੈ। ਇਸਦੇ ਬਾਵਜੂਦ ਉਨ੍ਹਾਂ ਵਸਤਾਂ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ ਜੋ ਹਰ ਵਿਅਕਤੀ ਦੀ ਰੋਜ਼ਾਨਾ ਅਣਸਰਦੀ ਲੋੜ ਹਨ। ਦਾਲਾਂ, ਖੰਡ, ਕਣਕ, ਚਾਵਲ, ਸਬਜ਼ੀਆਂ ਅਤੇ ਫਲਾਂ ਦੀਆਂ ਕੀਮਤਾਂ ਵਿਚ ਲਗਾਤਾਰ ਵਾਧਾ ਹੋਇਆ ਹੈ। ਇਸਦਾ ਸਭ ਤੋਂ ਵਧ ਅਸਰ ਗਰੀਬ ਤਬਕੇ ਨੂੰ ਹੋਇਆ ਹੈ। ਆਲਮੀ ਮੰਦੇ, ਵਿਗੜੀ ਮੌਨਸੂਨ ਅਤੇ ਅਰਥਚਾਰੇ ਦੀ ਖੜੋਤ ਕਾਰਨ ਟੁੱਟਵੇਂ ਰੁਜ਼ਗਾਰ ਉੱਤੇ ਨਿਰਭਰ ਮਜ਼ਦੂਰਾਂ ਦਾ ਰੁਜ਼ਗਾਰ ਘਟਿਆ ਹੈ। ਮਸਲੇ ਦੀ ਗੰਭੀਰਤਾ ਦਾ ਆਲਮ ਇਹ ਹੈ ਕਿ ਇਕ ਪਾਸੇ ਇਸ ਤਬਕੇ ਦੀ ਖਰੀਦ ਸ਼ਕਤੀ ਨੂੰ ਘਾਤਕ ਖੋਰਾ ਲੱਗਿਆ ਹੈ ਅਤੇ ਦੂਜੇ ਪਾਸੇ ਇਸ ਦੀਆਂ ਬੁਨਿਆਦੀ ਲੋੜਾਂ ਵਾਲੀਆਂ ਵਸਤਾਂ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ। ਸਮੁੱਚੀ ਹਾਲਤ ਦੀ ਭਿਆਨਕਤਾ ਅੰਦਾਜ਼ਾ ਇਸ ਗੱਲ ਤੋਂ ਲੱਗਦਾ ਹੈ ਕਿ ਸਾਡੇ ਦੇਸ਼ ਦੀ ਆਬਾਦੀ ਦਾ ਕਰੀਬ 40 ਫੀਸਦੀ ਹਿੱਸਾ ਗਰੀਬੀ ਰੇਖਾ ਤੋਂ ਹੇਠਾਂ ਵਸਦਾ ਹੈ। ਸਾਲ 2007 ਦੌਰਾਨ ਹੋਏ ਇਕ ਸਰਕਾਰੀ ਸਰਵੇਖਣ ਮੁਤਾਬਿਕ 77 ਫੀਸਦੀ ਲੋਕ 20 ਰੁਪਏ ਤੋਂ ਘੱਟ ਰੋਜ਼ਾਨਾ ਆਮਦਨ ਨਾਲ ਆਪਣਾ ਗੁਜ਼ਾਰਾ ਕਰਦੇ ਸਨ। ਸਵਾਲ ਇਹ ਹੈ ਕਿ ਜੇ 20 ਰੁਪਿਆਂ ਦੀ ਹੱਦ ਵਧਾ ਕੇ 30 ਕਰ ਦਿੱਤੀ ਜਾਵੇ ਤਾਂ ਗ਼ਰੀਬ ਆਦਮੀ ਨੇ ਤਾਂ 10 ਰੁਪਿਆਂ ਨਾਲ ਸੁਖਾਲਾ ਨਹੀਂ ਹੋ ਜਾਣਾ ਪਰ 77 ਫੀਸਦੀ ਦਾ ਅੰਕੜਾ ਕਿੱਥੇ ਜਾਵੇਗਾ? ਹੁਣ ਸਿਰਫ ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੈ ਕਿ ਇਹ ਸਮੁੱਚਾ ਤਬਕਾ ਮੌਜੂਦਾ ਮਹਿੰਗਾਈ ਦੇ ਦੌਰ ਵਿਚ ਕਿਵੇਂ ਗੁਜ਼ਾਰਾ ਕਰ ਰਿਹਾ ਹੈ। ਆਲਮੀ ਮੰਦੇ ਕਾਰਨ ਜਦੋਂ ਵਪਾਰ ਅਤੇ ਸਨਅਤ ਵਿਚ ਖੜੋਤ ਆਈ ਸੀ ਤਾਂ ਸਰਕਾਰ ਨੇ ਵੱਡੇ ਪੱਧਰ ਉੱਤੇ ਰਾਹਤ ਦੇਣ ਦੇ ਐਲਾਨ ਕੀਤੇ ਸਨ। ਉਸ ਵੇਲੇ ਸਰਕਾਰੀ ਸਲਾਹ ਦੇ ਬਾਵਜੂਦ ਵੱਡੇ ਕਾਰੋਬਾਰੀਆਂ ਨੇ ਆਪਣੇ ਮੁਨਾਫ਼ੇ ਘਟਾਉਣ ਦੀ ਥਾਂ ਛਾਂਟੀਆਂ ਕਰਨ ਨੂੰ ਤਰਜੀਹ ਦਿੱਤੀ ਸੀ। ਇਨ੍ਹਾਂ ਕਾਰੋਬਾਰੀਆਂ ਨੇ ਜਦੋਂ ਮੁਨਾਫ਼ੇ ਕਮਾਏ ਸਨ ਤਾਂ ਸਰਕਾਰ ਤੋਂ ਟੈਕਸਾਂ ਅਤੇ ਹੋਰ ਮਾਮਲਿਆਂ ਵਿਚ ਰਿਆਇਤਾਂ ਹਾਸਲ ਕੀਤੀਆਂ ਸਨ। ਜਦੋਂ ਇਨ੍ਹਾਂ ਦੇ ਮੁਨਾਫੇ ਘਟੇ ਤਾਂ ਸਰਕਾਰ ਨੇ ਇਨ੍ਹਾਂ ਨੂੰ ਨਵੇਂ ਸਿਰੇ ਤੋਂ ਫਿਰ ਰਿਆਇਤਾਂ ਦਿੱਤੀਆਂ। ਪਿਛਲੇ ਦਿਨੀਂ ਸਨਅਤਕਾਰਾਂ ਦੀ ਜਥੇਬੰਦੀ ਆਈ.ਆਈ. ਨੇ ਇਸ ਗੱਲ ਉੱਤੇ ਸੰਤੁਸ਼ਟੀ ਜ਼ਾਹਰ ਕੀਤੀ ਹੈ ਕਿ ਖੁਰਾਕ ਵਸਤਾਂ ਦੀਆਂ ਕੀਮਤਾਂ ਵਧਣ ਦੇ ਬਾਵਜੂਦ ਮਹਿੰਗਾਈ ਦਰ ਵਿਚ ਵਾਧਾ ਨਹੀਂ ਹੋਵੇਗਾ। ਸਵਾਲ ਇਹ ਹੈ ਕਿ ਜਿਸ ਮਹਿੰਗਾਈ ਨਾਲ ਸਮੁੱਚੇ ਦੇਸ਼ ਦੀ ਆਬਾਦੀ ਦਾ ਵੱਡਾ ਹਿੱਸਾ ਭੁੱਖਮਰੀ ਦੇ ਕਿਨਾਰੇ ਪੁੱਜ ਸਕਦਾ ਹੈ, ਉਸਦਾ ਮਹਿੰਗਾਈ ਦਰ 'ਤੇ ਅਸਰ ਕਿਉਂ ਨਹੀਂ? ਵਿਕਾਸ ਦੇ ਨਾਂ 'ਤੇ ਸਰਕਾਰ ਤੋਂ ਰਿਆਇਤਾਂ ਲੈਣ ਵਾਲੇ ਸਨਅਤਕਾਰ ਇਸ ਤ੍ਰਾਸਦੀ ਤੋਂ ਬੇਫਿਕਰ ਕਿਉਂ ਹਨ? ਇਹ ਸਨਅਤਕਾਰ ਆਪਣੇ ਕਾਰੋਬਾਰ ਕਾਇਮ ਰੱਖ ਸਕਦੇ ਹਨ। ਆਪਣੀ ਵਿੱਤੀ ਸਮਰੱਥਾ ਦੇ ਬਾਵਜੂਦ ਇਹ ਮੁਨਾਫੇ ਘਟਾਉਣ ਲਈ ਤਿਆਰ ਨਹੀਂ ਹੁੰਦੇ ਸਗੋਂ ਪਹਿਲਾਂ ਮੁਲਾਜ਼ਮਾਂ ਦੀਆਂ ਛਾਂਟੀਆਂ ਕਰਦੇ ਹਨ ਅਤੇ ਫਿਰ ਸਰਕਾਰ ਤੋਂ ਰਾਹਤ ਦੀ ਮੰਗ ਕਰਦੇ ਹਨ। ਸਵਾਲ ਇਹ ਹੈ ਕਿ ਜਮਹੂਰੀ ਦੇਸ਼ ਦੀ ਸਰਕਾਰ ਜੇ ਮੁਨਾਫਾ ਕਮਾਉਣ ਵਾਲੇ ਸਨਅਤਕਾਰਾਂ ਦੀ ਰਾਹਤ ਬਾਬਤ ਏਨੀ ਚਿੰਤਾ ਕਰਦੀ ਹੈ ਤਾਂ ਮੁਸ਼ਕਲ ਨਾਲ ਗੁਜਾਰਾ ਕਰ ਰਹੀ ਵੱਡੀ ਆਬਾਦੀ ਖਿਲਾਫ ਖੁੱਲ੍ਹੀ ਮੰਡੀ ਦੇ ਆਪ-ਹੁਦਰਦੇਪਣ ਨੂੰ ਛੋਟ ਕਿਉਂ ਦਿੱਤੀ ਜਾਂਦੀ ਹੈ?

ਉਧਰ ਮੌਨਸੂਨ ਦੇ ਪਛੇਤਾ ਅਤੇ ਘੱਟ ਹੋਣ ਦੇ ਬਾਵਜੂਦ ਪੰਜਾਬ ਦੇ ਕਿਸਾਨਾਂ ਨੇ ਆਪਣੇ ਉੱਦਮ ਨਾਲ ਝੋਨੇ ਦੀ ਪੈਦਾਵਾਰ ਘੱਟ ਨਹੀਂ ਹੋਣ ਦਿੱਤੀ। ਵਧ ਲਾਗਤਾਂ ਨਾਲ ਉਨ੍ਹਾਂ ਨੇ ਦੇਸ਼ ਦੀ ਅੰਨ-ਭੜੋਲੀ ਵਿਚ ਬਣਦਾ ਹਿੱਸਾ ਪਾਇਆ ਹੈ। ਸਰਕਾਰ ਵਲੋਂ ਝੋਨੇ ਦੀ ਕੀਮਤ ਦਾ ਐਲਾਨ ਕਰਨ ਵੇਲੇ ਕਿਸਾਨਾਂ ਦੀਆਂ ਲਾਗਤਾਂ ਨੂੰ ਅਣਗੌਲਿਆ ਕੀਤਾ ਗਿਆ ਹੈ। ਇਸ ਤੋਂ ਬਾਅਦ ਕਣਕ ਦੇ ਭਾਅ ਵਿਚ ਨਿਗੂਣਾ ਵਾਧਾ ਕਰਕੇ ਕਿਸਾਨੀ ਨੂੰ ਨਿਰਾਸ਼ ਕੀਤਾ ਗਿਆ ਹੈ। ਕਿਸਾਨਾਂ ਤੋਂ ਘੱਟ ਮੁੱਲ ਉੱਤੇ ਖਰੀਦੀਆਂ ਗਈਆਂ ਫ਼ਸਲਾਂ ਕੁਝ ਸਮੇਂ ਬਾਅਦ ਹੀ ਉੱਚੀਆਂ ਕੀਮਤਾਂ ਉੱਤੇ ਵਿਕਣ ਲੱਗਦੀਆਂ ਹਨ। ਇਸ ਦਾ ਮਾੜਾ ਅਸਰ ਫਿਰ ਗ਼ਰੀਬ ਤਬਕੇ ਉੱਤੇ ਪੈਂਦਾ ਹੈ। ਇਸ ਹਾਲਤ ਵਿਚੋਂ ਵਪਾਰੀ ਅਤੇ ਵਿਚੋਲਾ ਵਰਗ ਵੱਡੇ ਮੁਨਾਫ਼ੇ ਕਮਾਉਂਦਾ ਹੈ। ਜ਼ਖੀਰੇਬਾਜ਼ੀ ਰਾਹੀਂ ਇਹ ਕੀਮਤਾਂ ਦੇ ਉਛਾਲ ਅਤੇ ਨਿਘਾਰ ਨੂੰ ਆਪਣੇ ਹੱਥ ਵਿਚ ਰੱਖਦੇ ਹਨ। ਜਦੋਂ ਕਿਸਾਨ ਫ਼ਸਲ ਮੰਡੀ ਵਿਚ ਲਿਆਉਂਦਾ ਹੈ ਤਾਂ ਕੀਮਤਾਂ ਗਿਰ ਜਾਂਦੀਆਂ ਹਨ। ਜਦੋਂ ਕਿਸਾਨ ਫ਼ਸਲ ਵੇਚ ਕੇ ਘਰ ਚਲਿਆ ਜਾਂਦਾ ਹੈ ਤਾਂ ਕੀਮਤਾਂ ਵਧ ਜਾਂਦੀਆਂ ਹਨ। ਖੁੱਲ੍ਹੀ ਮੰਡੀ ਦਾ ਇਹ ਆਪ-ਹੁਦਰਾਪਣ ਇਕ ਪਾਸੇ ਕਿਸਾਨਾਂ ਨੂੰ ਨਿਰਾਸ਼ ਕਰ ਰਿਹਾ ਹੈ ਅਤੇ ਦੂਜੇ ਪਾਸੇ ਗ਼ਰੀਬ ਤਬਕੇ ਦੇ ਦੋ ਡੰਗ ਦੀ ਰੋਟੀ ਖੋਹ ਰਿਹਾ ਹੈ। ਸਰਕਾਰ ਵਲੋਂ ਜ਼ਖੀਰੇਬਾਜ਼ੀ ਉੱਤੇ ਲਗਾਈਆਂ ਪਾਬੰਦੀਆਂ ਨਾਕਾਮਯਾਬ ਰਹੀਆਂ ਹਨ। ਸਮੂਹ ਦੇਸ਼ ਵਾਸੀਆਂ ਲਈ ਜ਼ਿੰਮੇਵਾਰ ਜਮਹੂਰੀ ਸਰਕਾਰ ਨੂੰ ਇਸ ਸੰਕਟ ਮੌਕੇ ਲੋਕਾਂ ਦੀ ਬਾਂਹ ਫੜਨੀ ਚਾਹੀਦੀ ਹੈ। ਜ਼ਖੀਰੇਬਾਜ਼ੀ ਅਤੇ ਮੁਨਾਫੇਖੋਰੀ ਨੂੰ ਨੱਥ ਪਾ ਕੇ ਆਮ ਲੋਕਾਂ ਨੂੰ ਰਾਹਤ ਪਹੁੰਚਾਈ ਜਾ ਸਕਦੀ ਹੈ। ਇਸਤੋਂ ਇਲਾਵਾ ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜਨਤਕ ਵੰਡ ਪ੍ਰਣਾਲੀ ਰਾਹੀਂ ਅਨਾਜ ਲੋੜਵੰਦਾਂ ਤੱਕ ਪਹੁੰਚੇ। ਜੇ ਸਰਕਾਰ ਆਲਮੀ ਮੰਦੀ ਕਾਰਨ ਸਨਅਤਕਾਰਾਂ ਦੇ ਮੁਨਾਫੇ ਬਚਾਉਣ ਲਈ ਸਰਕਾਰੀ ਖਜ਼ਾਨੇ ਖੋਲ੍ਹ ਸਕਦੀ ਹੈ ਤਾਂ ਮਹਿੰਗਾਈ ਦੀ ਮਾਰ ਹੇਠ ਦੇਸ਼ ਵਾਸੀਆਂ ਦੀ ਹਰ ਸੰਭਵ ਇਮਦਾਦ ਵੀ ਕੀਤੀ ਜਾਣੀ ਚਾਹੀਦੀ ਹੈ।

ਮਹਿੰਗਾਈ ਦੇ ਮੁੱਦੇ 'ਤੇ ਸਰਕਾਰ ਨੂੰ ਲੰਘੀ 26 ਨਵੰਬਰ ਨੂੰ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਤਿੱਖੇ ਹਮਲਿਆਂ ਦਾ ਸਾਹਮਣਾ ਕਰਨਾ ਪਿਆ। ਵਿਰੋਧੀ ਪਾਰਟੀਆਂ ਨੇ ਸਰਕਾਰ 'ਤੇ ਦੋਸ਼ ਲਗਾਇਆ ਕਿ ਉਹ ਮਹਿੰਗਾਈ ਨੂੰ ਨੱਥ ਪਾਉਣ ਲਈ ਗੰਭੀਰ ਦਿਖਾਈ ਨਹੀਂ ਦਿੰਦੀ। ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਕਿਹਾ ਕਿ ਜ਼ਰੂਰੀ ਵਸਤਾਂ ਦੇ ਲੋੜੀਂਦੀ ਮਾਤਰਾ 'ਚ ਉਪਲਬਧ ਹੋਣ ਦੇ ਬਾਵਜੂਦ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਲੋਕ ਸਭਾ ਵਿਚ ਬੀਤੇ ਦਿਨੀਂ ਕੀਮਤਾਂ 'ਚ ਵਾਧੇ ਬਾਰੇ ਬਹਿਸ ਸ਼ੁਰੂ ਕਰਦਿਆਂ ਜੇ.ਡੀ.ਯੂ. ਦੇ ਰਾਜੀਵ ਰੰਜਨ ਸਿੰਘ ਨੇ ਕਿਹਾ ਕਿ ਭਾਰਤ ਵਿਚ 85 ਕਰੋੜ ਲੋਕ ਗ਼ਰੀਬੀ ਰੇਖਾ ਤੋਂ ਹੇਠਾਂ ਵਸਦੇ ਹਨ। ਇਸ ਦੇ ਬਾਵਜੂਦ ਸਰਕਾਰ ਸਮੱਸਿਆ ਦਾ ਹੱਲ ਲੱਭਣ ਨੂੰ ਤਿਆਰ ਨਹੀਂ। ਖੇਤੀਬਾੜੀ ਮੰਤਰੀ ਕਹਿੰਦੇ ਹਨ ਕਿ ਛੇਤੀ ਹੀ ਕੀਮਤਾਂ 'ਤੇ ਕਾਬੂ ਪਾ ਲਵਾਂਗੇ ਪਰ ਸਰਕਾਰ ਇਸ ਦੀ ਇੱਛੁਕ ਦਿਖਾਈ ਨਹੀਂ ਦਿੰਦੀ। ਉਨ੍ਹਾਂ ਕਿਹਾ ਕਿ 1971 ਤੋਂ ਹੀ ਮਹਿੰਗਾਈ ਪ੍ਰਤੀ ਕਾਂਗਰਸ ਦਾ ਇਹੋ ਰਵਈਆ ਰਿਹਾ ਹੈ। ਦੇਸ਼ ਦੀ 38 ਫ਼ੀ ਸਦੀ ਅਤੇ 50 ਫ਼ੀ ਸਦੀ ਪੇਂਡੂ ਆਬਾਦੀ ਕੁਪੋਸ਼ਣ ਦਾ ਸ਼ਿਕਾਰ ਹੈ ਜਦਕਿ ਯੂ.ਪੀ.ਏ. ਸਰਕਾਰ ਦੇ ਸੱਤਾ ਵਿਚ ਆਉਣ ਤੋਂ ਪਹਿਲਾਂ ਇਹ ਅੰਕੜਾ 27 ਫ਼ੀ ਸਦੀ ਸੀ। ਬਹਿਸ ਵਿਚ ਦਖ਼ਲ ਦਿੰਦਿਆਂ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਕਿਹਾ ਕਿ ਕੁਝ ਸੂਬਿਆਂ ਦੇ ਮਾੜੇ ਪ੍ਰਬੰਧਾਂ ਕਾਰਨ ਕਈ ਜ਼ਰੂਰੀ ਵਸਤਾਂ ਦੀ ਥੁੜ ਪੈਦਾ ਹੋ ਗਈ। ਉਦਾਹਰਣ ਦਿੰਦਿਆਂ ਉਨ੍ਹਾਂ ਕਿਹਾ ਕਿ ਦੇਸ਼ ਵਿਚ ਆਲੂਆਂ ਦੀ ਪੈਦਾਵਾਰ ਲੋੜ ਤੋਂ ਵਧੇਰੇ ਹੋਣ ਕਾਰਨ ਜਦੋਂ ਇਨ੍ਹਾਂ ਦੀ ਕਿਸੇ ਨੇ ਖ਼ਰੀਦ ਨਾ ਕੀਤੀ ਤਾਂ ਕਿਸਾਨਾਂ ਨੇ ਆਲੂਆਂ ਤੋਂ ਮੂੰਹ ਮੋੜ ਲਿਆ। ਆਲੂਆਂ ਹੇਠ ਰਕਬਾ ਘਟਣ ਕਾਰਨ ਪੈਦਾਵਾਰ ਘਟੀ ਅਤੇ ਕੀਮਤਾਂ ਅਸਮਾਨੇ ਚੜ੍ਹ ਗਈਆਂ। ਜੇ ਸੂਬਾ ਸਰਕਾਰਾਂ ਆਲੂਆਂ ਦੀ ਸਟੋਰੇਜ ਦਾ ਸਹੀ ਪ੍ਰਬੰਧ ਕਰਨ ਤਾਂ ਕਿਸਾਨਾਂ ਨੂੰ ਅਪਣੀ ਫ਼ਸਲ ਸੜਕਾਂ 'ਤੇ ਸੁਟਣੀ ਨਾ ਪਵੇ। ਇਸੇ ਦੌਰਾਨ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੇ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿਚ ਕਮੀ ਲਿਆਉਣ ਦੀ ਜ਼ੁੰਮੇਵਾਰੀ ਸੂਬਾ ਸਰਕਾਰਾਂ 'ਤੇ ਸੁਟਦਿਆਂ ਕਿਹਾ ਕਿ ਜਦੋਂ ਤਕ ਉਹ ਜਮ੍ਹਾਂਖੋਰੀ ਵਿਰੁਧ ਸਖ਼ਤ ਕਦਮ ਨਹੀਂ ਚੁੱਕਦੀਆਂ, ਆਮ ਆਦਮੀ ਨੂੰ ਰਾਹਤ ਦੇਣੀ ਔਖੀ ਹੋਵੇਗੀ। ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੇ ਕਿਹਾ ਕਿ ਪਛਮੀ ਬੰਗਾਲ ਵਿਚ ਫ਼ਸਲਾਂ 'ਤੇ ਕੀਟਾਂ ਦੇ ਹਮਲੇ ਅਤੇ ਮਾਨਸੂਨ ਕਮਜ਼ੋਰ ਰਹਿਣ ਕਾਰਨ ਤੁਰਤ ਕੋਈ ਰਾਹਤ ਮਿਲਦੀ ਨਜ਼ਰ ਨਹੀਂ ਆਉਂਦੀ। ਲੋਕ ਸਭਾ ਵਿਚ ਬਹਿਸ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ, "ਮੈਂ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਲਿਖਿਆ ਹੈ ਕਿ ਉਹ ਚੌਕਸ ਨਹੀਂ ਹਨ। ਸੂਬਾ ਸਰਕਾਰਾਂ ਨੂੰ ਹੀ ਜਮ੍ਹਾਂਖੋਰੀ ਵਿਰੁਧ ਕਾਰਵਾਈ ਕਰਨੀ ਹੋਵੇਗੀ।"




## ਆਲੂ ਦੀ ਕੀਮਤ ਦੁਗਣੀ, ਪਿਆਜ਼ 27% ਮਹਿੰਗਾ

**ਨਵੀਂ ਦਿੱਲੀ:** ਨਵੰਬਰ ਦੇ ਦੂਜੇ ਹਫ਼ਤੇ 'ਚ ਆਲੂ ਦੀਆਂ ਕੀਮਤਾਂ ਬੇਤਹਾਸ਼ਾ ਵਧਣ ਕਾਰਨ ਖਾਣ-ਪੀਣ ਵਾਲੀਆਂ ਵਸਤਾਂ ਦੀ ਮਹਿੰਗਾਈ ਦਰ ਵਧ ਕੇ 15.58 ਫ਼ੀ ਸਦੀ ਹੋ ਗਈ ਹੈ। ਆਲੂ ਦਾ ਭਾਅ ਪਿਛਲੇ ਇਕ ਸਾਲ ਵਿਚ ਦੁਗਣੇ ਤੋਂ ਵੀ ਜ਼ਿਆਦਾ ਹੋ ਗਿਆ ਹੈ। ਇਸ ਤੋਂ ਪਿਛਲੇ ਹਫ਼ਤੇ ਦੌਰਾਨ ਇਹ ਦਰ 14.55 ਫ਼ੀ ਸਦੀ ਸੀ। ਪਿਆਜ਼ ਦੀਆਂ ਕੀਮਤਾਂ ਵਿਚ ਵੀ 27 ਫ਼ੀ ਸਦੀ ਇਜ਼ਾਫ਼ਾ ਹੋਇਆ। ਇਸ ਤੋਂ ਇਲਾਵਾ ਦਾਲਾਂ 35.6 ਫ਼ੀ ਸਦੀ, ਕਣਕ 12.53 ਫ਼ੀ ਸਦੀ, ਚੌਲ 11.89 ਫ਼ੀ ਸਦੀ, ਦੁੱਧ 11.36 ਫ਼ੀ ਸਦੀ ਅਤੇ ਫਲ 10.97 ਫ਼ੀ ਸਦੀ ਮਹਿੰਗੇ ਹੋਏ।

ਐਚ.ਡੀ.ਐਫ਼.ਸੀ. ਬੈਂਕ ਦੀ ਆਰਥਕ ਮਾਹਰ ਜੋਤਇੰਦਰ ਕੌਰ ਨੇ ਦਸਿਆ ਕਿ ਖਾਣ-ਪੀਣ ਵਾਲੀਆਂ ਵਸਤਾਂ ਦੀਆਂ ਕੀਮਤਾਂ ਵਿਚ ਬੇਤਹਾਸ਼ਾ ਵਾਧਾ ਹੋਇਆ ਹੈ ਜਿਸ ਨਾਲ ਮਹਿੰਗਾਈ ਦਰ ਅਗਲੇ ਸਾਲ ਮਾਰਚ ਤਕ 7 ਫ਼ੀ ਸਦੀ ਤਕ ਪੁੱਜ ਜਾਵੇਗੀ। ਪੈਟਰੋਲ ਦੀਆਂ ਕੀਮਤਾਂ ਵਿਚ ਪਿਛਲੇ ਸਾਲ ਦੇ ਮੁਕਾਬਲੇ 12 ਫ਼ੀ ਸਦੀ ਕਮੀ ਆਈ ਹੈ। ਰਸੋਈ ਗੈਸ 7 ਫ਼ੀ ਸਦੀ ਅਤੇ ਡੀਜ਼ਲ 6 ਫ਼ੀ ਸਦੀ ਸਸਤਾ ਹੋਇਆ। ਗ਼ੈਰ ਖਾਣ-ਪੀਣ ਵਾਲੀਆਂ ਵਸਤਾਂ ਜਿਵੇਂ ਕੱਚਾ ਰੇਸ਼ਮ, ਚਾਰਾ ਅਤੇ ਮੂੰਗਫਲੀ ਦੀਆਂ ਕੀਮਤਾਂ ਵਿਚ ਵੀ ਕ੍ਰਮਵਾਰ 3 ਅਤੇ 2-2 ਫ਼ੀ ਸਦੀ ਵਾਧਾ ਦਰਜ ਕੀਤਾ ਗਿਆ।

# ਪੰਜਾਬ ਨੂੰ ਨਿੱਘਰਨ ਤੋਂ ਸਿਰਫ ਪਰਵਾਸੀ ਪੰਜਾਬੀ ਹੀ ਬਚਾ ਸਕਦੇ ਹਨ:ਜੱਸੀ ਖੰਘੂੜਾ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਇਸ ਸਮੇਂ ਪੰਜਾਬ ਸਮਾਜਕ, ਆਰਥਿਕ, ਸਭਿਆਚਾਰਕ ਅਤੇ ਵਾਤਾਵਰਣ ਪੱਖੋਂ ਜਿਸ ਗਰਕੀ ਵੱਲ ਵਧ ਰਿਹਾ ਹੈ ਉਸ ਤੋਂ ਇਸ ਨੂੰ ਸਿਰਫ ਤੇ ਸਿਰਫ ਪਰਦੇਸਾਂ 'ਚ ਵੱਸਦੇ ਪੰਜਾਬੀ ਹੀ ਬਚਾ ਸਕਦੇ ਹਨ। ਇਹ ਵਿਚਾਰ ਪ੍ਰਗਟਾਉਂਦਿਆਂ ਕਿਲਾ ਰਾਏਪੁਰ ਤੋਂ ਵਿਧਾਇਕ ਸ੍ਰੀ ਜੱਸੀ ਖੰਘੂੜਾ ਨੇ ਆਖਿਆ ਹੈ ਕਿ ਇੰਗਲੈਂਡ, ਅਮਰੀਕਾ, ਕੈਨੇਡਾ, ਆਸਟਰੇਲੀਆ ਅਤੇ ਹੋਰ ਵਿਕਸਿਤ ਮੁਲਕਾਂ ਵਿਚ ਵੱਸੇ ਪੰਜਾਬੀ ਉਤਮ ਪ੍ਰਸ਼ਾਸਨ ਦੇ ਨਵੇਂ ਤਜ਼ਰਬਿਆਂ ਵਿਚੋਂ ਗੁਜ਼ਰ ਚੁੱਕੇ ਹਨ। ਇਸ ਲਈ ਉਹ ਜਾਣਦੇ ਹਨ ਕਿ ਨਿਸ਼ਠਾਵਾਨ ਸਰਕਾਰ ਅਤੇ ਨੌਕਰਸ਼ਾਹੀ ਕਿਵੇਂ ਕਿਸੇ ਦੇਸ਼ ਨੂੰ ਤਰੱਕੀ ਦੀਆਂ ਨਵੀਂਆਂ ਮੰਜ਼ਲਾਂ ਉਤੇ ਪਹੁੰਚਾ ਸਕਦੇ ਹਨ। ਇਕ ਨਿੱਜੀ ਦੌਰੇ ਉਤੇ ਅਮਰੀਕਾ ਆਏ ਸ੍ਰੀ ਖੰਘੂੜਾ ਇਥੇ ਪੰਥ ਪ੍ਰਸਿਧ ਕੀਰਤਨੀਏ ਬੀਬੀ ਸੁਰਜੀਤ ਕੌਰ ਅਤੇ ਸ. ਕੇਹਰ ਸਿੰਘ ਦੇ ਘਰ ਉਨ੍ਹਾਂ ਦੇ ਵਿਸ਼ੇਸ਼ ਸੱਦੇ ਉਤੇ ਪਹੁੰਚੇ ਸਨ। ਬੀਬੀ ਸੁਰਜੀਤ ਕੌਰ ਦੇ ਪਰਿਵਾਰ ਨਾਲ ਸ੍ਰੀ ਖੰਘੂੜਾ ਦੇ ਨਜ਼ਦੀਕੀ ਸਬੰਧ ਹਨ।

ਪੰਜਾਬ ਦੀ ਆਰਥਿਕਤਾ ਦੀ ਗੱਲ ਕਰਦਿਆਂ ਸ. ਖੰਘੂੜਾ ਨੇ ਆਖਿਆ ਕਿ ਮੌਜੂਦਾ ਬਾਦਲ ਸਰਕਾਰ ਹਰ ਮੁਹਾਜ ਉਤੇ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ। ਇਹ ਸਰਕਾਰ ਲੋਕ-ਲੁਭਾਊ ਪ੍ਰੋਗਰਾਮਾਂ ਹੇਠ ਪੈਸਾ ਖਰਾਬ ਕਰਦੀ ਆ ਰਹੀ ਹੈ। ਸੂਬੇ ਦੀ ਤਰੱਕੀ ਲਈ ਇਸ ਕੋਲ ਨਾ ਤਾਂ ਕੋਈ ਅਗਾਂਹਮੁਖੀ ਪ੍ਰੋਗਰਾਮ ਹੈ ਅਤੇ ਨਾ ਹੀ ਇਸ ਕੋਲ ਦਿਭਦ੍ਰਿਸ਼ਟੀ। ਸਰਕਾਰ ਦੇ ਖਰਚੇ ਵੀ ਇੰਨੇ ਵਧਾ ਲਏ ਗਏ ਹਨ ਕਿ ਇਹ ਪੂਰੇ ਕਰਨ ਲਈ ਕਿਸੇ ਨਾਲਾਇਕ ਪੁੱਤਰ ਦੇ ਪਿਓ ਦਾਦੇ ਦੀ ਜਾਇਦਾਦ ਵੇਚਣ ਵਾਂਗ ਇਹ ਸਰਕਾਰ ਵੀ ਸਰਕਾਰੀ ਜ਼ਮੀਨਾਂ ਵੇਚਣ 'ਤੇ ਤੁਲੀ ਹੋਈ ਹੈ। ਨੌਕਰਸ਼ਾਹੀ ਇੰਨੀ ਭਾਰੂ ਹੈ ਕਿ ਸਰਕਾਰ ਨੂੰ ਤਰੱਕੀ ਦੇ ਕਿਸੇ ਨਿਸ਼ਚਿਤ ਰਾਹ ਪਾਉਣ ਦੇ ਰਾਹ ਵਿਚ ਰੋੜਾ ਬਣੀ ਬੈਠੀ ਹੈ। ਸ੍ਰੀ ਖੰਘੂੜਾ ਨੇ ਆਖਿਆ ਕਿ ਮੌਜੂਦਾ ਵਿਧਾਨ ਸਭਾ ਵਿਚ ਉਹ ਇਕੱਲੇ ਪਰਵਾਸੀ ਭਾਰਤੀ ਵਿਧਾਇਕ ਹਨ। ਉਹ ਚਾਹੁੰਦੇ ਹਨ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਘੱਟੋ ਘੱਟ ਦਸ ਪਰਵਾਸੀ ਭਾਰਤੀ ਵਿਧਾਇਕ ਚੁਣੇ ਜਾਣ, ਬੇਸ਼ੱਕ ਉਹ ਕਿਸੇ ਵੀ ਪਾਰਟੀ ਤੋਂ ਹੋਣ। ਡਾਕਟਰ ਅਤੇ ਬਿਜਨਸਮੈਨ ਤੋਂ ਬਾਅਦ ਸਿਆਸਤਦਾਨ ਬਣੇ ਸ੍ਰੀ ਖੰਘੂੜਾ ਨੇ ਆਖਿਆ ਕਿ ਪਰਵਾਸੀ ਭਾਰਤੀ ਜਾਣਦੇ ਹਨ ਕਿ ਕਿਵੇਂ ਘੱਟ ਤੋਂ ਘੱਟ ਯਾਨਿ ਛੋਟੀ ਤੋਂ ਛੋਟੀ ਸਰਕਾਰ ਨਾਲ ਤਰੱਕੀ ਦੀਆਂ ਨਵੀਆਂ ਮੰਜ਼ਿਲਾਂ ਛੋਹੀਆਂ ਜਾ ਸਕਦੀਆਂ ਹਨ। ਪੰਜਾਬ ਦਾ ਤਾਂ ਪ੍ਰਸ਼ਾਸਨਿਕ ਖਰਚਾ ਹੀ ਇੰਨਾ ਜ਼ਿਆਦਾ ਹੈ ਕਿ ਵਿਕਾਸ ਲਈ ਪੈਸਾ ਬਚਦਾ ਹੀ ਨਹੀਂ। ਉਹ ਆਸ ਕਰਦੇ ਹਨ ਕਿ ਆਉਣ ਵਾਲੀਆਂ ਚੋਣਾਂ ਵਿਚ ਪਾਰਟੀ ਲਾਈਨ ਤੋਂ ਉਪਰ ਉਠ ਕੇ ਕਈ ਪਰਵਾਸੀ ਪੰਜਾਬ ਦੀ ਧਰਤੀ ਨਾਲ ਆਪਣਾ ਮੋਹ ਪਾਲਣ ਲਈ ਉਮੀਦਵਾਰ ਖੜ੍ਹੇ ਹੋਣਗੇ।



*ਸ੍ਰੀ ਜੱਸੀ ਖੰਘੂੜਾ ਬੀਬੀ ਸੁਰਜੀਤ ਕੌਰ ਦੇ ਪਰਿਵਾਰ ਨਾਲ*

ਪੰਜਾਬ ਟਾਈਮਜ਼ ਨਾਲ ਗੱਲ ਜਾਰੀ ਰੱਖਦਿਆਂ ਪਿਛਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕਿਲਾ ਰਾਏਪੁਰ ਜਿਹੀ ਅਕਾਲੀ ਸੀਟ ਤੋਂ ਪਹਿਲੀ ਵਾਰ ਕਾਂਗਰਸੀ ਟਿਕਟ ਉਤੇ ਚੁਣੇ ਗਏ ਨੌਜਵਾਨ ਉਤਸ਼ਾਹੀ ਵਿਧਾਇਕ ਸ੍ਰੀ ਖੰਘੂੜਾ ਨੇ ਆਖਿਆ ਕਿ ਸ੍ਰੀ ਬਾਦਲ ਨੂੰ ਸਿਵਾਏ ਆਪਣੇ ਪਰਿਵਾਰ ਤੋਂ ਹੋਰ ਕੁਝ ਵੀ ਨਜ਼ਰ ਨਹੀਂ ਆਉਂਦਾ। ਜਦੋਂ ਕੋਈ ਆਗੂ ਆਪਣੇ ਪੁੱਤਰ-ਮੋਹ ਅਤੇ ਪਰਿਵਾਰ-ਮੋਹ ਵਿਚ ਇਸ ਕਦਰ ਡੁੱਬ ਜਾਵੇ ਤਾਂ ਉਹ ਲੋਕਾਂ ਦਾ ਕੋਈ ਭਲਾ ਕਰ ਹੀ ਨਹੀਂ ਸਕਦਾ। ਸੱਚ ਤਾਂ ਇਹ ਹੈ ਕਿ ਇਸ ਸਮੇਂ ਸ. ਬਾਦਲ ਨੂੰ ਆਪਣੇ ਪੁੱਤਰ ਅਤੇ ਪਰਿਵਾਰ ਤੋਂ ਬਿਨਾ ਕੁਝ ਦਿਸਦਾ ਹੀ ਨਹੀਂ। ਸ੍ਰੀ ਬਾਦਲ ਪਰਵਾਸੀ ਭਾਰਤੀਆਂ ਨੂੰ ਪੰਜਾਬ ਦੀ ਤਰੱਕੀ ਵਿਚ ਸ਼ਰੀਕ ਹੋਣ ਲਈ ਆਖਣ ਵੇਲੇ ਜ਼ਬਾਨੀ ਕਲਾਮੀ ਤਾਂ ਬਥੇਰਾ ਜਮ੍ਹਾ ਖਰਚ ਕਰਦੇ ਹਨ ਪਰ ਉਨ੍ਹਾਂ ਨੇ ਨਿੱਗਰ ਰੂਪ ਵਿਚ ਪਿਛਲੇ ਤਿੰਨ ਸਾਲਾਂ ਦੇ ਅਰਸੇ ਵਿਚ ਕੁਝ ਵੀ ਨਹੀਂ ਕੀਤਾ। ਉਹ ਤਾਂ ਅਮਰੀਕਾ, ਕੈਨੇਡਾ ਦਾ ਦੌਰਾ ਕਰਕੇ ਲੋਕਾਂ ਨਾਲ ਮੁਲਾਕਾਤ ਕਰਨ ਦਾ ਜੇਰਾ ਵੀ ਨਹੀਂ ਕਰ ਸਕੇ। ਸ੍ਰੀ ਖੰਘੂੜਾ ਨੇ ਪਰਵਾਸੀ ਪੰਜਾਬੀਆਂ ਨੂੰ ਭਰੋਸਾ ਦਿੱਤਾ ਕਿ ਆਪਣੀ ਕਿਸੇ ਵੀ ਸਮੱਸਿਆ ਲਈ ਉਹ ਉਨ੍ਹਾਂ ਉਤੇ ਟੇਕ ਰੱਖ ਸਕਦੇ ਹਨ।

ਪਿਛਲੇ ਦੋ ਮਹੀਨਿਆਂ ਵਿਚ ਸ੍ਰੀ ਖੰਘੂੜਾ ਦਾ ਇਹ ਦੂਜਾ ਅਮਰੀਕਾ ਦੌਰਾ ਹੈ। ਪਿਛਲੇ ਦੌਰੇ ਸਮੇਂ ਉਹ ਨਿਊ ਜਰਸੀ, ਮੈਰੀਲੈਂਡ, ਮਿਸ਼ੀਗਨ ਤੋਂ ਹੁੰਦੇ ਹੋਏ ਕੈਨੇਡਾ ਦੌਰੇ 'ਤੇ ਚਲੇ ਗਏ ਸਨ। ਇਕ ਸਵਾਲ ਦੇ ਜਵਾਬ ਵਿਚ ਸ੍ਰੀ ਖੰਘੂੜਾ ਨੇ ਦੱਸਿਆ ਕਿ ਉਹ ਮਾਰਚ ਅਪਰੈਲ ਮਹੀਨੇ ਮੁੜ ਅਮਰੀਕਾ ਦੌਰੇ 'ਤੇ ਆਉਣਗੇ ਅਤੇ ਉਦੋਂ ਸ਼ਿਕਾਗੋ ਸਮੇਤ ਮਿਡਵੈਸਟ ਅਮਰੀਕਾ ਦੀਆਂ ਸਟੇਟਾਂ ਵਿਚ ਵੀ ਜਾਣਗੇ। ਇਸ ਵਾਰ ਉਹ ਲਾਸ ਏਂਜਲਸ ਇਕ ਵਿਆਹ ਵਿਚ ਸ਼ਾਮਲ ਹੋਣ ਲਈ ਨਿੱਜੀ ਦੌਰੇ 'ਤੇ ਆਏ ਹਨ। ਬੀਬੀ ਸੁਰਜੀਤ ਕੌਰ ਦੇ ਘਰ ਸਵੇਰ ਦੇ ਨਾਸ਼ਤੇ ਲਈ ਰੁਕੇ ਸ੍ਰੀ ਖੰਘੂੜਾ ਨੇ ਇਸ ਮੌਕੇ ਹਾਜ਼ਰ ਪਰਵਾਸੀ ਪੰਜਾਬੀਆਂ ਨਾਲ ਪੰਜਾਬ ਦੀ ਆਰਥਿਕ, ਸਮਾਜਕ ਹਾਲਤ ਬਾਰੇ ਵਿਸਥਾਰ ਵਿਚ ਵਿਚਾਰ-ਚਰਚਾ ਕੀਤੀ। ਇਸ ਛੋਟੇ ਜਿਹੇ ਸਮਾਗਮ ਵਿਚ ਹਾਜ਼ਰ ਸੱਜਣਾਂ ਵਿਚ ਡਾ. ਮੇਹਰਬਾਨ ਸਿੰਘ, ਡਾ. ਵੀਨੂ ਸਿੰਘ, ਜਸਪ੍ਰੀਤ ਸਿੰਘ ਜੁੱਗੂ, ਡਾ. ਨਿਤਿਨ ਸ਼ਰਮਾ, ਬੀਬੀ ਜਤਿੰਦਰਪਾਲ ਕੌਰ, ਸ੍ਰੀ ਬਲਬੀਰ ਮੱਲ੍ਹ (ਚੇਅਰਮੈਨ ਗੁਰੂ ਘਰ ਪਿਟਸਬਰਗ), ਸੁਰਿੰਦਰ ਮੱਲ੍ਹ, ਮਾਈਕ ਸਿੰਘ (ਯੂਬਾ ਸਿਟੀ), ਗੈਰੀ ਗਰੇਵਾਲ (ਐਲ ਏ), ਬਲਬੀਰ ਸੇਖੋਂ (ਟਰੇਸੀ), ਕਮਲ ਖੰਘੂੜਾ (ਫਰੀਮਾਂਟ), ਸ੍ਰੀ ਮੁਕੰਦਪੁਰੀ, ਬਲਜੀਤ ਸਿੰਘ ਗਿੱਲ, ਜੇ.ਪੀ. ਸਿੰਘ (ਸੈਕਰਾਮੈਂਟੋ), ਰਣਜੀਤ ਸਿੰਘ (ਸੈਕਰਾਮੈਂਟੋ), ਕਰਤਾਰ ਸਿੰਘ (ਸੈਨ ਹੋਜ਼ੇ), ਨਿਰਭਉ ਸਿੰਘ (ਵੈਕਾਵਿਲ), ਕੁਦਰਤ ਸਿੰਘ (ਸਟਾਕਟਨ) ਸ਼ਾਮਲ ਸਨ।

# ਥਾਂਦੀ ਤੇ ਸੁਖਦੇਵ ਸਾਹਿਲ ਦੀ ਗਾਇਕੀ ਨੇ ਸਰੋਤੇ ਨਸ਼ਿਆਏ

**ਸਟਾਕਟਨ (ਪੰਜਾਬ ਟਾਈਮਜ਼ ਬਿਊਰੋ):** ਮਿਊਜ਼ਿਕ ਫਾਰ ਮਾਈਂਡ (ਰੂਹਾਂ ਦਾ ਸੰਗੀਤ) ਨਾਂ ਦੀ ਸੰਗੀਤ ਪ੍ਰੇਮੀਆਂ ਦੀ ਸੰਸਥਾ ਵਲੋਂ ਇਥੇ ਸ਼ਾਨ ਰੈਸਟੋਰੈਂਟ ਵਿਚ ਕਰਵਾਈ ਗਈ ਇਕ ਸੰਗੀਤਮਈ ਸ਼ਾਮ ਵਿਚ ਜਿਥੇ ਗਾਇਕ ਧਰਮਵੀਰ ਥਾਂਦੀ ਅਤੇ ਸੁਖਦੇਵ ਸਾਹਿਲ ਨੇ ਆਪਣੀਆਂ ਸੁਰਾਂ ਨਾਲ ਸਰੋਤਿਆਂ ਦੀਆਂ ਰੂਹਾਂ ਨਸ਼ਿਆ ਦਿੱਤੀਆਂ ਉਥੇ ਹਾਸਰਸ ਕਲਾਕਾਰ ਵਿਜੇ ਕੁਮਾਰ ਨੇ ਹਾਸੇ ਠੱਠੇ ਦੇ ਫਵਾਰੇ ਛੱਡ ਕੇ ਰੂਹ ਦੀ ਖੁਰਾਕ ਪੇਸ਼ ਕੀਤੀ।

ਮਹਿਫਲ ਦਾ ਆਗਾਜ਼ ਕਰਦਿਆਂ ਜਸਵੰਤ ਸਿੰਘ ਸ਼ਾਦ ਨੇ ਆਏ ਸਭ ਸਰੋਤਿਆਂ ਨੂੰ ਜੀ ਆਇਆਂ ਆਖਿਆ ਅਤੇ ਇਸ ਸ਼ਾਮ ਦਾ ਪ੍ਰਬੰਧ ਕਰਨ ਲਈ ਸੰਸਥਾ ਦੇ ਸੰਚਾਲਕਾਂ ਅਵਤਾਰ ਲਾਖਾ, ਕੁਲਵੰਤ ਸੇਖੋਂ ਅਤੇ ਹਰਪ੍ਰਤਾਪ ਧਾਮੀ ਨੂੰ ਵਧਾਈ ਦਿੱਤੀ। ਉਪਰੰਤ ਮੰਚ ਸੰਚਾਲਕ ਹਰਜਿੰਦਰ ਕੰਗ ਨੇ ਇਸ ਸ਼ਾਮ ਨੂੰ ਸ਼ਬਦ ਤੇ ਸੁਰ ਦਾ ਖੂਬਸੂਰਤ ਸੰਗਮ ਕਰਾਰ ਦਿੰਦਿਆਂ ਬਲਬੀਰ ਸਿੰਘ ਐਮ ਏ, ਅੰਮ੍ਰਿਤਪਾਲ ਟਿਵਾਣਾ ਅਤੇ ਅੰਮ੍ਰਿਤ ਧਾਲੀਵਾਲ ਨੂੰ ਸ਼ਮ੍ਹਾਂ ਰੌਸ਼ਨ ਕਰਨ ਦਾ ਸੱਦਾ ਦਿੱਤਾ।

"ਅੱਖੀਆਂ" ਕੈਸਿਟ ਰਾਹੀਂ ਪੰਜਾਬੀ ਸਰੋਤਿਆਂ ਵਿਚ ਮਕਬੂਲੀਅਤ ਹਾਸਲ ਕਰ ਚੁੱਕੇ ਗਾਇਕ ਧਰਮਵੀਰ ਥਾਂਦੀ ਨੇ ਆਪਣੀ ਪੁਰਕਸ਼ਿਸ਼ ਆਵਾਜ਼ ਵਿਚ ਆਪਣਾ ਹੀ ਲਿਖਿਆ ਇਕ ਕਲਾਮ ਪੇਸ਼ ਕੀਤਾ ਅਤੇ ਫਿਰ ਗੀਤਕਾਰ ਕੁਲਵੰਤ ਸੇਖੋਂ ਦਾ ਗੀਤ "ਸਰਦਾਰੀਆਂ" ਗਾ ਕੇ ਵਾਹ ਵਾਹ ਖੱਟੀ। ਥਾਂਦੀ ਨੇ ਸੁੱਖੀ ਧਾਲੀਵਾਲ ਦੇ ਕੁਝ ਗੀਤ ਅਤੇ ਸ਼ੇਅਰ ਸਰੋਤਿਆਂ ਦੀ ਨਜ਼ਰ ਕਰਨ ਤੋਂ ਇਲਾਵਾ ਵੱਖ ਵੱਖ ਕਲਮਾਂ ਦਾ ਕਲਾਮ ਪੇਸ਼ ਕਰਕੇ ਸਰੋਤਿਆਂ ਦੀਆਂ ਭਰਪੂਰ ਤਾੜੀਆਂ ਲੁੱਟੀਆਂ। ਸਰੋਤਿਆਂ ਨੇ ਡਾਲਰਾਂ ਨਾਲ ਉਸ ਨੂੰ ਵਾਹ ਵਾਹ ਮਾਲਾਮਾਲ ਕੀਤਾ।





ਫਿਰ ਵਾਰੀ ਆਈ ਗਾਇਕ ਹੰਸ ਰਾਜ ਹੰਸ ਦੇ ਲਾਡਲੇ ਸ਼ਾਗਿਰਦ ਸੁਖਦੇਵ ਸਾਹਿਲ ਦੀ, ਜਿਸ ਨੇ ਆਪਣੇ ਸੁਰਾਂ ਨੂੰ ਐਸੇ ਕਲਾਤਮਕ ਅੰਦਾਜ਼ ਵਿਚ ਪੇਸ਼ ਕੀਤਾ ਕਿ ਇਕ ਇਕ ਸਰੋਤਾ ਝੂਮਣ ਲਾ ਦਿੱਤਾ। ਸਾਹਿਲ ਨੇ ਹਰਜਿੰਦਰ ਕੰਗ, ਕੁਲਵਿੰਦਰ, ਕੁਲਵੰਤ ਸੇਖੋਂ, ਸੁੱਖੀ ਧਾਲੀਵਾਲ, ਕਸ਼ਮੀਰ ਕਾਦਰ ਅਤੇ ਜਗਜੀਤ ਨੌਸ਼ਹਿਰਵੀ ਆਦਿ ਸ਼ਾਇਰਾਂ ਦੇ ਕਲਾਮ ਆਪਣੇ ਸਧੇ ਹੋਏ ਗਲੇ ਦੇ ਸੁਰਾਂ ਉਤੇ ਸਵਾਰ ਕਰਕੇ ਮਹਿਫਲ ਵਿਚ ਤਾਰੀ ਕੀਤੇ। ਗ਼ਜ਼ਲ ਦਾ ਇਕ ਇਕ ਸ਼ੇਅਰ ਸੁਖਦੇਵ ਸਾਹਿਲ ਦੀ ਆਵਾਜ਼ ਵਿਚ ਇਕ ਜਿਊਂਦਾ ਜਾਗਦਾ ਵਜੂਦ ਬਣ ਗਿਆ। ਸਾਹਿਲ ਨੇ ਵੱਖੋ ਵੱਖ ਰਾਗ, ਰਾਗਣੀਆਂ ਉਪਰ ਆਪਣੀ ਪਕੜ ਦਾ ਸਿੱਕਾ ਜਮਾਇਆ। ਸਾਹਿਲ ਨੂੰ ਸੁਣ ਕੇ ਸਰੋਤੇ ਕੁਝ ਅਜਿਹੇ ਵਜਦ ਵਿਚ ਆਏ ਕਿ ਉਨ੍ਹਾਂ ਸਾਹਿਲ ਉਤੇ ਨੋਟਾਂ ਦੇ ਅਸ਼ੀਰਵਾਦ ਦੀ ਵਰਖਾ ਕਰਦਿਆਂ ਪਿਛੇ ਮੁੜ ਕੇ ਨਾ ਵੇਖਿਆ। ਮਹਿਫਲ ਦੇ ਅਖੀਰ 'ਤੇ ਸੁਖਦੇਵ ਸਾਹਿਲ, ਧਰਮਵੀਰ ਥਾਂਦੀ ਅਤੇ ਸਭ ਸਾਜ਼ਿੰਦਿਆਂ ਨੇ ਮਿਲ ਕੇ ਕੁਝ ਕਵਾਲੀਨੁਮਾ ਚੀਜ਼ਾਂ ਕਹੀਆਂ ਜਿਨ੍ਹਾਂ ਨੂੰ ਸੁਣ ਕੇ ਬਸ ਬਹਿ ਜਾ ਬਹਿ ਜਾ ਹੀ ਹੋ ਗਈ। ਇਸ ਮੌਕੇ ਉਘੇ ਵਾਇਲਨਵਾਦਕ ਇਕਬਾਲ ਹੁਸੈਨ ਦਾ ਵਿਸ਼ੇਸ਼ ਇਸਤਕਬਾਲ ਕੀਤਾ ਗਿਆ। ਪਹਿਲਾਂ ਗਾਣਾ, ਫਿਰ ਖਾਣਾ ਅਤੇ ਫਿਰ ਜਾਣਾ ਦੀ ਤਰਤੀਬ ਵਿਚ ਪਰੋਈ ਇਹ ਮਹਿਫਲ ਸਰੋਤਿਆਂ ਦੇ ਮਨਾਂ ਉਤੇ ਚਿਰ ਤੱਕ ਰਹਿਣ ਵਾਲੀ ਛਾਪ ਛੱਡ ਗਈ।

ਇਸ ਮੌਕੇ ਹਾਜ਼ਰ ਉਘੀਆਂ ਸ਼ਖਸੀਅਤਾਂ ਵਿਚ ਅਮਰਜੀਤ ਸਿੰਘ, ਨਰਿੰਦਰ ਕਲੇਰ, ਚੰਦਨ, ਸੁਰਿੰਦਰ ਸਿੰਘ ਛਿੰਦਾ, ਜੱਸ ਔਲਖ, ਮਨਜੀਤ ਲੋਡਾਈ, ਲਖਵੀਰ ਮਾਹਲ, ਹਰਜਿੰਦਰ ਕੰਦੋਲਾ, ਜੱਸੀ ਸੋਹਲ, ਮਨਜੀਤ ਅਟਵਾਲ, ਕੁਲਵਿੰਦਰ, ਸਰਬਜੀਤ ਮਾਹਲ, ਮੋਹਣੀ ਭੱਟੀ ਅਤੇ ਹਰਜਿੰਦਰ ਪੰਧੇਰ ਸ਼ਾਮਲ ਸਨ।

## ਗੁਲਜ਼ਾਰ ਸੰਧੂ ਤੇ ਗੁਰੂਮੇਲ ਸਿੱਧੂ ਨੂੰ ਸਿਪਸਾ ਪੁਰਸਕਾਰ

**ਟੋਰਾਂਟੋ (ਪੰਜਾਬ ਟਾਈਮਜ਼ ਬਿਊਰੋ):** ਕੈਨੇਡੀਅਨ ਇੰਟਰਨੈਸ਼ਨਲ ਪੰਜਾਬੀ ਸਾਹਿਤ ਅਕਾਡਮੀ (ਸਿਪਸਾ) ਨੇ ਸਾਲ 2010 ਦੇ ਸਿਪਸਾ ਪੁਰਸਕਾਰ ਪੱਤਰਕਾਰ ਤੇ ਕਹਾਣੀਕਾਰ ਸ. ਗੁਲਜ਼ਾਰ ਸਿੰਘ ਸੰਧੂ, ਕਵੀ ਤੇ ਗਲਪਕਾਰ ਡਾ. ਗੁਰੂਮੇਲ ਸਿੰਘ ਸਿੱਧੂ ਅਤੇ ਕਵੀ ਮਨਮੀਤ ਮੀਤ ਨੂੰ ਦੇਣ ਦਾ ਫੈਸਲਾ ਕੀਤਾ ਹੈ।

ਸੰਸਥਾ ਦੇ ਪ੍ਰਧਾਨ ਗੁਰਦਿਆਲ ਕੰਵਲ ਵਲੋਂ ਜਾਰੀ ਇਕ ਪ੍ਰੈਸ ਬਿਆਨ ਅਨੁਸਾਰ ਗਲਪ ਅਤੇ ਵਾਰਤਕ ਕਲਾ ਵਿਚ ਉਚ ਪ੍ਰਾਪਤੀ ਲਈ ਕੁਲਵੰਤ ਸਿੰਘ ਵਿਰਕ ਯਾਦਗਾਰੀ ਪੁਰਸਕਾਰ ਸ੍ਰੀ ਗੁਲਜ਼ਾਰ ਸਿੰਘ ਸੰਧੂ ਨੂੰ ਦਿੱਤਾ ਜਾਏਗਾ। ਕਵਿਤਾ, ਗਿਆਨ ਸਾਹਿਤ ਅਤੇ ਆਲੋਚਨਾ ਦੇ ਖੇਤਰ ਵਿਚ ਨਿੱਗਰ ਵਾਧੇ ਲਈ ਡਾ. ਹਰਿਭਜਨ ਸਿੰਘ ਯਾਦਗਾਰੀ ਪੁਰਸਕਾਰ ਡਾ. ਗੁਰੂਮੇਲ ਸਿੰਘ ਸਿੱਧੂ (ਅਮਰੀਕਾ) ਅਤੇ ਕਵਿਤਾ ਅਤੇ ਕਾਵਿ-ਨਾਟਕ ਦੀ ਵਿਧਾ ਵਿਚ ਵਿਲੱਖਣ ਯੋਗਦਾਨ ਪਾਉਣ ਲਈ ਡਾ. ਸੁਰਜੀਤ ਸਿੰਘ ਸੇਠੀ ਯਾਦਗਾਰੀ ਪੁਰਸਕਾਰ ਮਨਮੀਤ ਮੀਤ (ਕੈਨੇਡਾ) ਨੂੰ ਦਿੱਤਾ ਜਾਏਗਾ। ਇਹ ਪੁਰਸਕਾਰ ਅਗਲੇ ਸਾਲ ਹੋਣ ਵਾਲੇ ਉਚੇਚੇ ਸਮਾਗਮਾਂ ਵਿਚ ਦਿੱਤੇ ਜਾਣਗੇ।

# ਅਟਲਾਂਟਾ 'ਚ ਸਿੱਖ ਕਤਲੇਆਮ ਦੀ ਯਾਦ 12 ਨੂੰ ਮਨਾਈ ਜਾਵੇਗੀ

**ਅਟਲਾਂਟਾ, ਜਾਰਜੀਆ (ਪੰਜਾਬ ਟਾਈਮਜ਼ ਬਿਊਰੋ):** ਸਿੱਖ ਸਟੱਡੀ ਸਰਕਲ, ਸੇਵਾ ਇੰਕ, ਵਾਇਸਿਜ਼ ਫਾਰ ਫਰੀਡਮ ਅਤੇ ਯੂਨਾਇਟਿਡ ਸਿੱਖਸ ਦੇ ਸੱਦੇ ਉਤੇ ਜਾਰਜੀਆ ਅਤੇ ਨਾਲ ਲੱਗਦੀਆਂ ਸਟੇਟਾਂ ਦੇ ਸਿੱਖ ਭਾਈਚਾਰੇ ਵਲੋਂ ਆਉਂਦੀ 12 ਦਸੰਬਰ ਨੂੰ 1984 ਦੇ ਸਿੱਖ ਕਤਲੇਆਮ ਦੀ 25ਵੀਂ ਦੁਖਦਾਈ ਯਾਦ ਮਨਾਈ ਜਾਵੇਗੀ। ਇਸ ਸਬੰਧੀ ਮੋਮਬੱਤੀਆਂ ਦੀ ਰੋਸ਼ਨੀ ਵਿਚ ਇਕ ਰੋਸ ਮਾਰਚ ਸ਼ਾਮ 5:30 ਵਜੇ ਮਾਰਟਿਨ ਲੂਥਰ ਕਿੰਗ ਜੂਨੀਅਰ ਕੌਮੀ ਇਤਿਹਾਸਕ ਯਾਦਗਾਰ (450 ਅਬੌਰਨ ਐਵਨਿਊ) ਵਿਖੇ ਕੀਤਾ ਜਾਏਗਾ।

ਇਸ ਸ਼ਾਮ 1984 ਦੇ ਇਸ ਘੱਲੂਘਾਰੇ ਵਿਚੋਂ ਬਚੇ ਲੋਕਾਂ ਦਾ ਮਾਣ ਸਨਮਾਨ ਕੀਤਾ ਜਾਏਗਾ ਅਤੇ ਉਨ੍ਹਾਂ ਪਾਸੋਂ ਉਨ੍ਹਾਂ ਭਿਆਨਕ ਵੇਲਿਆਂ ਦੀਆਂ ਭਿਆਨਕ ਗਾਥਾਵਾਂ ਸੁਣੀਆਂ ਜਾਣਗੀਆਂ। ਇਸ ਘੱਲੂਘਾਰੇ ਵਿਚ ਸ਼ਹੀਦ ਹੋਣ ਵਾਲੇ ਸਿੱਖਾਂ ਦੀ ਰੂਹ ਦੀ ਸ਼ਾਂਤੀ ਲਈ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਕੀਤੀ ਜਾਏਗੀ। ਇਨ੍ਹਾਂ ਸੰਸਥਾਵਾਂ ਵਲੋਂ ਜਾਰੀ ਇਕ ਸਾਂਝੇ ਬਿਆਨ ਵਿਚ ਆਖਿਆ ਗਿਆ ਹੈ ਕਿ 1984 ਵਿਚ ਪਹਿਲਾਂ ਬਲੂ ਸਟਾਰ ਅਪਰੇਸ਼ਨ ਵੇਲੇ ਅਤੇ ਬਾਅਦ ਵਿਚ ਤਤਕਾਲੀਨ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਅਤੇ ਹੋਰਨੀਂ ਥਾਂਈਂ ਹਜ਼ਾਰਾਂ ਸਿੱਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ, ਕਈਆਂ ਨੂੰ ਜਿਊਂਦੇ ਸਾੜਿਆ ਗਿਆ, ਕਈਆਂ ਦੇ ਗਲਾਂ ਵਿਚ ਟਾਇਰ ਪਾ ਕੇ ਸਾੜਿਆ ਗਿਆ ਅਤੇ ਸਿੱਖ ਔਰਤਾਂ ਨਾਲ ਬਲਾਤਕਾਰ ਕੀਤੇ ਗਏ। ਇਸ ਘੱਲੂਘਾਰੇ ਦੇ ਅੱਲ੍ਹੇ ਜ਼ਖ਼ਮ ਸਿੱਖ ਮਨਾਂ ਉਤੇ ਅੱਜ ਵੀ ਉਵੇਂ ਹੀ ਉਕਰੇ ਹੋਏ ਹਨ। ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਦਿੱਤੇ ਜਾਣਾ ਸਿੱਖ ਹਿਰਦਿਆਂ 'ਤੇ ਨਮਕ ਛਿੜਕਣ ਵਾਲੀ ਗੱਲ ਹੈ।

ਹੋਰ ਜਾਣਕਾਰੀ ਲਈ ਫੋਨ 678-230-6563, 678-794-1794 ਜਾਂ 404-468-8528 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਇਉਂ ਮਨਾਈ ਹਿੰਦੂ ਜੋੜੇ ਨੇ ਵਿਆਹ ਦੀ 25ਵੀਂ ਸਾਲਗਿਰ੍ਹਾ

**ਸਨੀਵੇਲ, ਕੈਲੀਫੋਰਨੀਆ (ਪੰਜਾਬ ਟਾਈਮਜ਼ ਬਿਊਰੋ):** ਇਕ ਹਿੰਦੂ ਸ਼ਰਧਾਲੂ ਜੋੜੇ ਨੇ ਆਪਣੇ ਵਿਆਹ ਦੀ 25ਵੀਂ ਸਾਲਗਿਰ੍ਹਾ ਇਥੇ ਸਨੀਵੇਲ ਹਿੰਦੂ ਮੰਦਰ ਵਿਚ ਅਨੋਖੇ ਤਰੀਕੇ ਨਾਲ ਮਨਾਈ। ਉਨ੍ਹਾਂ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਸਾਲਗਿਰ੍ਹਾ ਸਮਾਗਮ ਦਾ ਸੱਦਾ ਦਿੰਦਿਆਂ ਆਖਿਆ ਕਿ ਉਹ ਉਨ੍ਹਾਂ ਨੂੰ ਤੋਹਫੇ ਦੇਣ ਦੀ ਥਾਂ 'ਤੇ ਉਸੇ ਰਕਮ ਦੇ ਚੈਕ ਸਨੀਵੇਲ ਹਿੰਦੂ ਮੰਦਰ ਦੇ ਨਾਂ ਲਿਖਣ।

ਸਾਲਗਿਰ੍ਹਾ ਮਨਾਉਣ ਦਾ ਪ੍ਰਿਥਵੀ ਰਾਜ ਅਤੇ ਸਵਾਤੀ ਬੈਨਰਜੀ ਦਾ ਇਹ ਤਰੀਕਾ ਹੋਰ ਸ਼ਰਧਾਲੂਆਂ ਲਈ ਰਾਹ ਦਰਸਾਵਾ ਸਾਬਤ ਹੋ ਸਕਦਾ ਹੈ। ਇਹ ਹੋਰਨਾਂ ਲੋਕਾਂ ਲਈ ਇਕ ਮਿਸਾਲ ਹੈ ਕਿ ਕਿਵੇਂ ਇਕ ਰਵਾਇਤੀ ਰਸਮ ਨੂੰ ਭਾਈਚਾਰੇ ਅਤੇ ਧਰਮ ਲਈ ਲਾਹੇਵੰਦ ਮੋੜ ਦਿਤਾ ਜਾ ਸਕਦਾ ਹੈ।

ਇਸ ਜੋੜੇ ਨੇ ਮੰਦਰ ਵਿਚ ਬੜੀ ਸਾਦਾ ਜਿਹੀ ਰਸਮ ਕੀਤੀ ਅਤੇ ਕਿਸੇ ਵੀ ਵੱਡੇ ਖਰਚੇ ਤੋਂ ਪਰਹੇਜ਼ ਰੱਖਿਆ। ਬਚਿਆ ਪੈਸਾ ਮੰਦਰ ਨੂੰ ਦਾਨ ਕਰ ਦਿੱਤਾ ਗਿਆ।

ਸਨੀਵੇਲ ਹਿੰਦੂ ਮੰਦਰ ਦੇ ਪ੍ਰਬੰਧਕਾਂ ਨੇ ਪ੍ਰਿਥਵੀ ਰਾਜ ਅਤੇ ਸਵਾਤੀ ਨੂੰ ਵਿਆਹ ਦੀ 25ਵੀਂ ਵਰ੍ਹੇਗੰਢ ਦੀ ਵਧਾਈ ਦਿੰਦਿਆਂ ਆਖਿਆ ਹੈ ਕਿ ਇਸ ਜੋੜੇ ਨੇ ਬਾਕੀ ਭਾਈਚਾਰੇ ਲਈ ਨਵੇਂ ਪੂਰਨੇ ਪਾਏ ਹਨ। ਪਰਮਾਤਮਾ ਇਸ ਜੋੜੀ ਦੀ ਝੋਲੀ ਖੁਸ਼ੀਆਂ ਨਾਲ ਭਰੇ।


ੴ ਸਤਿਗੁਰ ਪ੍ਰਸਾਦਿ॥

# ਗੁਰਦਵਾਰਾ ਸਾਹਿਬ ਸਟਾਕਟਨ, ਕੈਲੀਫੋਰਨੀਆ

1930 South Grant Street, Stockton CA 95206 (A Historical Land Mark of CA.)

# ਸ਼ਰਧਾਂਜਲੀ ਸਮਾਗਮ



ਭਾਈ ਗਿਆਨ ਸਿੰਘ ਪੂਨੀਆ

ਵੀਹਵੀਂ ਸਦੀ ਦੇ ਮਹਾਨ ਯੋਧੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਕਰੀਬੀ ਸਾਥੀ ਅਤੇ ਹਾਲੀਆ ਸਿੱਖ ਸੰਘਰਸ਼ ਦੌਰਾਨ ਭਾਰਤ ਸਰਕਾਰ ਵਲੋਂ ਦਿੱਤੇ ਗਏ ਅਨੇਕਾਂ ਕਸ਼ਟ ਖਿੜ੍ਹੇ ਮੱਥੇ ਸਹਾਰਨ ਵਾਲੇ ਭਾਈ ਗਿਆਨ ਸਿੰਘ ਪੂਨੀਆ ਹਾਲ ਹੀ ਵਿਚ ਆਪਣੇ ਪਿੰਡ ਪੂਨੀਆ ਵਿਚ ਵਾਹਿਗੁਰੂ ਵਲੋਂ ਦਿੱਤੀ ਗਈ ਆਰਜ਼ਾ ਭੋਗ ਕੇ ਵਾਹਿਗੁਰੂ ਦੇ ਚਰਨਾਂ ਵਿਚ ਜਾ ਬਿਰਾਜੇ ਹਨ। ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਕੈਲੀਫੋਰਨੀਆ ਦੀਆਂ ਸੰਗਤਾਂ ਵਲੋਂ ਇਕ ਸ਼ਰਧਾਂਜਲੀ ਸਮਾਗਮ ਗੁਰੂ ਘਰ ਸਟਾਕਟਨ ਵਿਖੇ 4 ਤੋਂ 6 ਦਸੰਬਰ ਤੱਕ ਉਲੀਕਿਆ ਗਿਆ ਹੈ। 6 ਦਸੰਬਰ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਰਾਗੀ ਢਾਡੀ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਨਗੇ ਅਤੇ ਪੰਥਕ ਬੁਲਾਰੇ ਪੰਥਕ ਵਿਚਾਰਾਂ ਨਾਲ ਸੰਗਤਾਂ ਨਾਲ ਵਿਚਾਰ ਕਰਨਗੇ। ਆਪ ਸਮੂਹ ਸੰਗਤਾਂ ਨੂੰ ਇਸ ਮੌਕੇ ਹਾਜ਼ਰੀਆਂ ਭਰ ਕੇ ਧੰਨਵਾਦੀ ਬਣਾਉਣ ਦੀ ਬੇਨਤੀ ਹੈ ਜੀ।



ਸੰਤ ਜਰਨੈਲ ਸਿੰਘ ਭਿੰਡਰਾਂਵਾਲੇ

ਹੋਰ ਜਾਣਕਾਰੀ ਲਈ ਕਾਲ ਕਰੋ: ਹਰਮਿੰਦਰ ਸਿੰਘ ਸਮਾਣਾ, ਫੋਨ:209-481-7750, ਗੁਰੂ ਘਰ:209-598-6581

## ਰਾਮਗੜ੍ਹੀਆ ਕਾਲਜ ਦਾ ਪਹਿਲਵਾਨ ਅਤੇ ਸਫਲ ਬਿਜਨਸਮੈਨ

**ਜਾਣ-ਪਛਾਣ**

# ਜਸਵਿੰਦਰ ਸਿੰਘ ਜੌਹਲ

**ਇਕਬਾਲ ਜੱਬੋਵਾਲੀਆ**

ਸਾਡੇ ਪੰਜਾਬੀ ਜਿਸ ਮੁਲਕ ਵੀ ਗਏ, ਆਪਣੇ ਸ਼ੌਕ, ਸਭਿਆਚਾਰ, ਰਸਮੋ ਰਿਵਾਜ਼, ਹਾਸੇ-ਠੱਠੇ ਤੋਂ ਇਲਾਵਾ ਆਪਣੀਆਂ ਖੇਡਾਂ ਦਾ ਸ਼ੌਕ ਵੀ ਕਦੇ ਨਹੀਂ ਭੁੱਲੇ, ਉਹ ਖੇਡਾਂ ਭਾਵੇਂ ਫੁੱਟਬਾਲ, ਵਾਲੀਬਾਲ, ਕਬੱਡੀ, ਕੁਸ਼ਤੀ ਜਾਂ ਹੋਰ ਕੋਈ ਵੀ ਕਿਉਂ ਨਾ ਹੋਵੇ। ਵਿਦੇਸ਼ਾਂ ਦੀ ਧਰਤੀ 'ਤੇ ਆ ਕੇ ਇਹ ਸ਼ੌਕ ਬਰਕਰਾਰ ਰੱਖਣੇ ਬਹੁਤ ਮੁਸ਼ਕਲ ਹੁੰਦੇ ਹਨ ਕਿਉਂਕਿ ਪਰਦੇਸ ਵਿਚ ਹਰ ਇਨਸਾਨ ਆਪਣਾ ਭਵਿੱਖ ਬਣਾਉਣ 'ਚ ਰੁੱਝ ਜਾਂਦਾ ਹੈ। ਅਜਿਹੇ ਇਨਸਾਨ ਵੀ ਹਨ ਜੋ ਆਪਣੇ ਕੰਮਾਂ-ਕਾਰਾਂ ਵਿਚ ਮਸ਼ਰੂਫ ਹੁੰਦੇ ਹੋਏ ਵੀ ਭਾਰਤੀ ਖੇਡਾਂ ਅਤੇ ਪਹਿਲਵਾਨੀ ਨੂੰ ਜਿੰਦਾ ਰੱਖਣ ਲਈ ਤਨੋਂ, ਮਨੋਂ, ਧਨੋਂ ਹਰ ਵੇਲੇ ਤਿਆਰ ਰਹਿੰਦੇ ਹਨ



ਜਸਵਿੰਦਰ ਸਿੰਘ ਜੌਹਲ (ਵਿਚਕਾਰ) ਆਪਣੇ ਮਿੱਤਰ ਚਮਨ ਲਾਲ ਅਤੇ ਇਕਬਾਲ ਜੱਬੋਵਾਲੀਆ (ਸੱਜੇ) ਨਾਲ

ਅਤੇ ਹਰ ਖੇਡ ਮੇਲੇ 'ਤੇ ਵਧ ਚੜ੍ਹ ਕੇ ਹਿੱਸਾ ਪਾਉਂਦੇ ਹਨ। ਮੇਰੀ ਮੁਰਾਦ ਹੈ ਨਿਊ ਯਾਰਕ ਦੇ ਪੰਜਾਬੀ ਭਾਈਚਾਰੇ 'ਚ ਜਾਣੇ-ਪਛਾਣੇ ਬਿਜ਼ਨਸਮੈਨ ਜਸਵਿੰਦਰ ਸਿੰਘ ਜੌਹਲ ਤੋਂ, ਜੋ ਰਾਮਗੜ੍ਹੀਆ ਕਾਲਜ ਫਗਵਾੜਾ ਦੀ ਪਹਿਲਵਾਨੀ ਕਰਦਾ ਹੋਇਆ ਨਿਊ ਯਾਰਕ ਵਿਚ ਵੀ ਆਪਣੇ ਇਸ ਸ਼ੌਕ ਨੂੰ ਜੀਵਤ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੈ।

ਜਸਵਿੰਦਰ ਸਿੰਘ ਦਾ ਜਨਮ ਅਨੀਹਰ ਜ਼ਿਲ੍ਹਾ ਜਲੰਧਰ ਵਿਖੇ ਮਾਤਾ ਪ੍ਰੀਤਮ ਕੌਰ ਅਤੇ ਪਿਤਾ ਸਾਧੂ ਸਿੰਘ ਜੌਹਲ ਦੇ ਘਰ ਹੋਇਆ। ਉਹ ਤਿੰਨ ਭਰਾ ਸਨ-ਜਸਵਿੰਦਰ ਵਿਚਕਾਰਲੇ ਥਾਂ ਹੈ। ਵੱਡਾ ਜਸਵੀਰ ਸਿੰਘ ਹੈ ਅਤੇ ਛੋਟਾ ਮਲਕੀਤ ਸਿੰਘ ਸੀ ਪਰ ਅਫਸੋਸ ਉਹ ਪੂਰਾ ਹੋ ਗਿਆ ਸੀ। ਮੁੱਢਲੀ ਪੜ੍ਹਾਈ ਕੋਟ ਗਰੇਵਾਲ ਅਤੇ ਦਸਵੀਂ ਹਾਇਰ ਸੈਕੰਡਰੀ ਸਕੂਲ ਦੁਸਾਂਝ ਕਲਾਂ ਤੋਂ ਕੀਤੀ। ਪੜ੍ਹਾਈ 'ਚ ਚੰਗਾ ਹੁਸ਼ਿਆਰ ਹੋਣ ਤੋਂ ਇਲਾਵਾ ਪਹਿਲਵਾਨੀ ਵੀ ਖ਼ੂਨ 'ਚ ਰਚੀ ਹੋਈ ਸੀ। ਵੱਡੇ-ਵਡੇਰਿਆਂ ਦਾ ਸ਼ੌਕ ਹੋਣ ਕਰਕੇ ਜਸਵਿੰਦਰ ਦੀ ਪਹਿਲੀ ਕੁਸ਼ਤੀ ਦੁਸਾਂਝ ਕਲਾਂ ਪੜ੍ਹਦੇ ਵਕਤ ਖਾਲਸਾ ਕਾਲਜ ਬੰਗਾ ਵਿਖੇ ਹੋਈ। ਇਥੇ ਰਾਏਪੁਰ ਡੱਬਾ ਦੇ ਭਲਵਾਨ ਨੂੰ ਦੋ ਢਾਈ ਮਿੰਟ 'ਚ ਹਰਾਇਆ। ਉਸ ਪਹਿਲਵਾਨ ਨੇ ਹਾਰ ਨਾ ਸਹਾਰਦੇ ਹੋਏ ਜਸਵਿੰਦਰ ਦੀ ਅੱਖ 'ਚ ਉਂਗਲੀ ਮਾਰ ਦਿੱਤੀ ਜਿਸ ਨਾਲ ਅੱਖ ਵਿਚੋਂ ਵਾਹਵਾ ਖ਼ੂਨ ਨਿਕਲਣ ਲੱਗ ਪਿਆ। ਉਸ ਕੋਲੋਂ ਉਂਗਲੀ ਅਚਾਨਕ ਲੱਗੀ ਜਾਂ ਜਾਣ ਬੁੱਝ ਕੇ ਮਾਰੀ, ਰੱਬ ਹੀ ਜਾਣਦਾ ਹੈ ਪਰ ਜਸਵਿੰਦਰ ਦੀ ਅੱਖ ਦਾ ਇਲਾਜ ਬੰਗਿਆਂ ਦੇ ਬੇਰੀ ਵਾਲੇ ਡਾਕਟਰ ਕੋਲ ਇਕ ਸਾਲ ਚਲਦਾ ਰਿਹਾ।

ਤਿੰਨਾਂ ਪੁਸ਼ਤਾਂ ਦੇ ਪਹਿਲਵਾਨ ਜਸਵਿੰਦਰ ਦਾ ਬਾਬਾ ਜੀ ਚੰਗਾ ਭਾਰ ਚੁੱਕਣ ਦੇ ਨਾਲ ਨਾਲ ਕੁਸ਼ਤੀਆਂ ਦਾ ਸ਼ੌਕ ਵੀ ਰੱਖਦਾ ਸੀ। ਛੇ ਫੁੱਟ ਚਾਰ ਇੰਚ ਉਚੇ ਕੱਦ ਵਾਲੇ ਬਾਬਾ ਜੀ ਨੂੰ ਆਪਣੀ ਅੰਨ੍ਹੀ ਤਾਕਤ ਦਾ ਅੰਦਾਜ਼ਾ ਨਹੀਂ ਸੀ। ਬਾਬਾ ਜੀ ਆਪਣੇ ਪੋਤਰੇ ਜਸਵਿੰਦਰ ਨੂੰ ਨਾਮਵਰ ਪਹਿਲਵਾਨ ਬਣਾਉਣਾ ਚਾਹੁੰਦੇ ਸਨ। ਪਿਤਾ ਜੀ ਵੀ ਘਰ ਦੀ ਖੇਤੀਬਾੜੀ ਸੰਭਾਲਣ ਦੇ ਨਾਲ ਪਹਿਲਵਾਨੀ ਕਰਦੇ ਸਨ। ਉਹ ਕਦੇ ਕਦੇ ਪਾਕਿਸਤਾਨ ਦੇ ਦੰਗਲਾਂ 'ਚ ਵੀ ਘੁੱਲਣ ਜਾਂਦੇ ਸਨ। ਹੱਡੋਂ ਪੈਰੋਂ ਖੁਲ੍ਹੇ ਪਿਤਾ ਜੀ ਛੇ ਫੁੱਟ ਇਕ ਇੰਚ ਕੱਦ ਦੇ ਮਾਲਕ ਸਨ।

ਦਸਵੀਂ ਦੁਸਾਂਝ ਕਲਾਂ ਤੋਂ ਕਰਨ ਉਪਰੰਤ ਬੀ.ਏ. ਦੀ ਉਚੇਰੀ ਵਿਦਿਆ ਪ੍ਰਾਪਤ ਕਰਨ ਲਈ ਰਾਮਗੜ੍ਹੀਆ ਕਾਲਜ, ਫਗਵਾੜਾ ਦਾਖਲਾ ਲਿਆ। ਇਥੇ ਛੇ ਸਾਲ ਭਲਵਾਨੀ ਦੇ ਨਾਲ ਪੜ੍ਹਾਈ ਵੀ ਡੱਟ ਕੇ ਕੀਤੀ। ਇਥੇ ਹੀ ਭਾਰਤ ਦੇ ਪ੍ਰਸਿੱਧ ਕੋਚ ਪੀ.ਆਰ. ਸੌਂਧੀ ਦੇ ਛੋਟੇ ਭਰਾ ਜਰਨੈਲ ਸੌਂਧੀ ਅਤੇ ਕੇਵਲ ਕੈਲੇ (ਭੋਲਾ ਕਲੇਰ ਦਾ ਮਾਮਾ) ਵਰਗੇ ਪਹਿਲਵਾਨਾਂ ਨਾਲ ਮੇਲ ਮਿਲਾਪ ਹੋਇਆ। ਇਨ੍ਹਾਂ ਦਾ ਸਾਥ ਮਾਣਦੇ ਹੋਏ ਜਸਵਿੰਦਰ ਨੇ ਬਹੁਤ ਕੁਝ ਸਿੱਖਿਆ। ਕਾਫੀ ਪਿਆਰ ਮੁਹੱਬਤ ਹੋਣ ਕਰਕੇ ਜਸਵਿੰਦਰ ਤੇ ਜੈਲਾ ਇਕੋ ਕਮਰੇ 'ਚ ਰਹਿੰਦੇ ਰਹੇ ਹਨ। ਕਈ ਵਾਰ ਅੱਧੀ ਰਾਤ ਨੂੰ ਉੱਠ ਕੇ ਸ਼ੁਗਲ ਸ਼ੁਗਲ 'ਚ ਦੋਵੇਂ ਕੁਸ਼ਤੀ ਕਰਨ ਲੱਗ ਪੈਂਦੇ ਸਨ। ਉਦੋਂ ਤੋਂ ਲੈ ਕੇ ਹੁਣ ਤੱਕ ਦੋਵਾਂ ਦਾ ਪਿਆਰ ਜਿਉਂ ਦਾ ਤਿਉਂ ਬਣਿਆ ਹੋਇਐ।

ਘਰ ਦੀ ਜ਼ਮੀਨ ਯੂ.ਪੀ. ਹੋਣ ਕਰਕੇ ਘਰ ਦੇ ਸਾਰੇ ਉਥੇ ਚਲੇ ਗਏ ਪਰ ਜਸਵਿੰਦਰ ਫਗਵਾੜੇ ਹੀ ਪੜ੍ਹਦਾ ਤੇ ਭਲਵਾਨੀ ਕਰਦਾ ਰਿਹਾ। ਕੁਸ਼ਤੀ ਦੇ ਹੋਰ ਤਰੀਕੇ ਸਿੱਖਣ ਅਤੇ ਵੱਡਾ ਪਹਿਲਵਾਨ ਬਣਨ ਲਈ ਕੋਟਲੀ (ਨੇੜੇ ਦੁਸਾਂਝ ਕਲਾਂ) ਦੇ ਪਹਿਲਵਾਨ ਸੁੱਚਾ ਸਿੰਘ ਨੂੰ ਗੁਰੂ ਧਾਰ ਲਿਆ। ਇਸ ਤਰ੍ਹਾਂ ਜਸਵਿੰਦਰ ਨੇ ਛੇ ਸਾਲ ਉਸਤਾਦ ਸੁੱਚਾ ਸਿੰਘ ਕੋਲ ਰਹਿ ਕੇ ਕੁਸ਼ਤੀਆਂ ਦੇ ਨਵੇਂ ਢੰਗ ਤਰੀਕੇ ਸਿੱਖੇ।

ਰਾਮਗੜ੍ਹੀਆ ਕਾਲਜ ਪੜ੍ਹਦੇ ਹੀ ਪਹਿਲਵਾਨ ਅਤੇ ਵੇਟ ਲਿਫਟਰ ਗੁਰਮੀਤ ਸਿੰਘ ਗੰਡਵ (ਨਿਊ ਜਰਸੀ ਵਾਲੇ ਗੁਰਨਾਮ ਸਿੰਘ ਦੇ ਭੂਆ ਦਾ ਪੁੱਤ) ਨਾਲ ਵੀ ਯਾਰਾਨਾ ਪੈ ਗਿਆ। ਇਕ ਕੁਸ਼ਤੀ ਗੁਰਮੀਤ ਸਿੰਘ ਗੰਡਵ ਨਾਲ ਵੀ ਲੜੀ। ਚੰਗਾ ਖਿਡਾਰੀ ਹੋਣ ਕਰਕੇ ਫਿਰ ਰਾਮਗੜ੍ਹੀਆ ਤੋਂ ਗੁਰਮੀਤ ਸਿੰਘ ਨੂੰ ਗੁਰੂ ਨਾਨਕ ਕਾਲਜ ਸੁਖਚੈਨਆਣਾ ਸਾਹਿਬ ਵਾਲੇ ਲੈ ਗਏ। ਗੁਰਮੀਤ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਪਹਿਲਵਾਨੀ ਅਤੇ ਵੇਟ ਲਿਫਟਿੰਗ ਮੁਕਾਬਲਿਆਂ 'ਚ ਹਿੱਸਾ ਲੈਣ ਤੋਂ ਇਲਾਵਾ ਦੋ ਵਾਰ ਗੁਰੂ ਨਾਨਕ ਕਾਲਜ ਸੁਖਚੈਨਆਣਾ ਸਾਹਿਬ ਦਾ ਬੈਸਟ ਅਥਲੀਟ ਵੀ ਬਣਿਆ।

ਰਾਮਗੜ੍ਹੀਆ ਕਾਲਜ ਗਿਆਰਵੀਂ ਕਲਾਸ 'ਚ ਪੜ੍ਹਦੇ ਹੋਏ ਪ੍ਰਿੰਸੀਪਲ ਕਸ਼ਮੀਰਾ ਸਿੰਘ ਪਹਿਲਵਾਨ ਦੀ ਦੇਖ-ਰੇਖ ਹੇਠ ਯੂਨੀਵਰਸਿਟੀ ਦੇ ਟਰਾਇਲ ਹੋਏ। ਜਸਵਿੰਦਰ ਸਿੰਘ ਨੇ 57 ਕਿਲੋਗ੍ਰਾਮ, 62 ਕਿਲੋਗ੍ਰਾਮ ਅਤੇ 68 ਕਿਲੋਗ੍ਰਾਮ ਦੇ ਤਿੰਨ ਵਰਗਾਂ ਦੇ ਟਰਾਇਲਾਂ ਵਿਚ ਕੁਲਦੀਪ ਸਿੰਘ ਵਰਗੇ ਤਕੜੇ ਪਹਿਲਵਾਨ ਨੂੰ ਹਰਾਇਆ। ਇਥੇ ਇਹ ਵੀ ਦੱਸਣਾ ਜਰੂਰੀ ਹੈ ਕਿ ਜਸਵਿੰਦਰ ਦੀ ਪਿੱਠ 'ਤੇ ਪ੍ਰਿੰ. ਕਸ਼ਮੀਰਾ ਸਿੰਘ ਦਾ ਥਾਪੜਾ ਰਿਹੈ। ਬੜਾ ਹੌਂਸਲਾ ਤੇ ਹੱਲਾਸ਼ੇਰੀ ਦਿਤੀ ਜਾਂਦੀ ਸੀ ਕਿ ਜਸਵਿੰਦਰ ਕਿਸੇ ਚੀਜ਼ ਤੋਂ ਧੜਕਦਾ ਨਹੀਂ। ਜਸਵਿੰਦਰ ਸਿੰਘ ਆਪਣੇ ਆਪ ਨੂੰ ਖੁਸ਼-ਕਿਸਮਤ ਸਮਝਦਾ ਹੈ ਕਿ ਉਸ ਨੇ ਪ੍ਰਿੰ. ਕਸ਼ਮੀਰਾ ਸਿੰਘ ਦੇ ਪਿਤਾ ਪਹਿਲਵਾਨ ਹਰਬੰਸ ਸਿੰਘ ਰਾਏਪੁਰ ਡੱਬਾ ਦੇ ਦਰਸ਼ਨ ਕੀਤੇ। ਜਦੋਂ ਉਨ੍ਹਾਂ ਦੇ ਗੋਡੇ ਦਾ ਆਪ੍ਰੇਸ਼ਨ ਹੋਇਆ ਤਾਂ ਜਸਵਿੰਦਰ ਹਮੇਸ਼ਾ ਉਨ੍ਹਾਂ ਦੇ ਅੰਗ-ਸੰਗ ਰਹਿੰਦਾ ਰਿਹਾ। ਪਹਿਲਵਾਨ ਹਰਬੰਸ ਸਿੰਘ ਵੀ ਗਾਮੇ ਪਹਿਲਵਾਨ ਨਾਲੋਂ ਥੋੜੇ ਜਿਹੇ ਘੱਟ ਜੋੜ ਦਾ ਪਹਿਲਵਾਨ ਹੁੰਦਾ ਸੀ।

ਯੂਨੀਵਰਸਿਟੀ ਦੀ ਸਿਲੈਕਸ਼ਨ ਵਾਸਤੇ ਜਸਵਿੰਦਰ, ਜੈਲਾ ਰਾਏਪੁਰ ਡੱਬਾ ਅਤੇ ਕੇਵਲ ਕੈਲੇ-ਤਿੰਨੇ ਗਏ ਸਨ। ਜਸਵਿੰਦਰ 57 ਕਿਲੋ ਭਾਰ 'ਚ, ਜੈਲਾ 74 ਕਿਲੋ 'ਚ ਅਤੇ ਕੇਵਲ ਨੇ 82 ਕਿਲੋ ਵੇਟ 'ਚ ਹਿੱਸਾ ਲਿਆ। ਇਥੇ ਜਸਵਿੰਦਰ ਨੇ ਅਮਰਜੀਤ ਸਿੰਘ ਭਲਵਾਨ ਨੂੰ ਹਰਾਇਆ। ਇਸੇ ਤਰ੍ਹਾਂ ਹੀ ਅੰਮ੍ਰਿਤਸਰ ਯੂਨੀਵਰਸਿਟੀ ਕੁਸ਼ਤੀ ਮੁਕਾਬਲੇ 'ਚ ਪਠਾਨਕੋਟ ਦੇ ਰਮਨ ਕੁਮਾਰ ਨੂੰ ਗੱਦੇ 'ਤੇ ਹਰਾਇਆ। ਉਸ ਵੇਲੇ ਜਸਵਿੰਦਰ ਇਕੱਲਾ ਹੀ ਰਾਮਗੜ੍ਹੀਆ ਕਾਲਜ ਤੋਂ ਯੂਨੀਵਰਸਿਟੀ ਮੁਕਾਬਲੇ ਵਾਸਤੇ ਗਿਆ ਸੀ। ਇਨ੍ਹਾਂ ਮੁਕਾਬਲਿਆਂ 'ਚ ਦੋ ਕੁਸ਼ਤੀਆਂ ਦੋ ਦੋ ਪੁਆਇੰਟਾਂ 'ਤੇ ਹਾਰਿਆ।

ਦੁਬਾਰਾ ਯੂਨੀਵਰਸਿਟੀ ਮੁਕਾਬਲੇ ਜਲੰਧਰ ਹੋਏ। ਇਨ੍ਹਾਂ ਮੁਕਾਬਲਿਆਂ ਵਾਸਤੇ ਪ੍ਰਿੰ. ਕਸ਼ਮੀਰਾ ਸਿੰਘ ਪਹਿਲਵਾਨ ਨੇ ਬਹੁਤ ਮਿਹਨਤ ਕਰਾਈ। ਜਸਵਿੰਦਰ ਦਾ ਭਾਰ 62 ਕਿਲੋਗ੍ਰਾਮ ਤੋਂ ਘਟਾ ਕੇ 57 ਕਿਲੋ ਤੱਕ ਲੈ ਆਂਦਾ। ਭਾਰ ਘਟਣ ਕਰਕੇ ਸਰੀਰ ਦੀ ਤਾਕਤ ਵੀ ਘਟ ਗਈ। ਉਸ ਵੇਲੇ ਜੈਲਾ ਰਾਏਪੁਰ ਡੱਬਾ ਚੈਂਪੀਅਨ ਬਣਿਆ ਤੇ ਰੇਸ਼ਮ ਬੰਸੀਆਂ ਵਾਲੇ ਨੇ ਕੇਵਲ ਕੈਲੇ ਨੂੰ ਪਛਾੜਿਆ ਜਿਸ ਕਰਕੇ ਕੇਵਲ ਕੋਈ ਪਲੇਸ ਨਾ ਲੈ ਸਕਿਆ।

ਕਾਲਜਾਂ ਅਤੇ ਯੂਨੀਵਰਸਿਟੀ ਦੀਆਂ ਕੁਸ਼ਤੀਆਂ ਲੜਨ ਦੇ ਨਾਲ ਨਾਲ ਪਿੰਡਾਂ ਦੀਆਂ ਛਿੰਜਾਂ ਵਿਚ ਵੀ ਤਿੰਨੇ-ਜੈਲਾ, ਜਸਵਿੰਦਰ ਤੇ ਕੇਵਲ ਜਾਂਦੇ ਰਹੇ। ਪਿੰਡ ਭਾਣੋਕੀ ਦੀ ਛਿੰਜ ਵਿਚ ਜਸਵਿੰਦਰ ਨੇ ਜਲੇਬੀ ਭਲਵਾਨ ਨੂੰ ਹਰਾਇਆ। ਕਾਹਮੇ ਛਿੰਜ 'ਚ ਜੈਲੇ ਨੇ ਉੱਪਲਾਂ ਵਾਲੇ ਮਸਤ ਰਾਮ ਭਲਵਾਨ ਨੂੰ ਢਾਹਿਆ ਜਦੋਂ ਕਿ ਜਸਵਿੰਦਰ ਨੇ ਬਾਜ਼ੀਗਰ ਪਹਿਲਵਾਨ ਸੀਤਾ ਰਾਮ ਨੂੰ ਹਰਾਇਆ।

ਬੀ.ਏ. ਕਰਦੇ ਸਮੇਂ ਇਕ ਵਾਰ ਯੂ.ਪੀ. ਦੇ ਅਜਮੇਰ ਭਲਵਾਨ ਨਾਲ ਪੰਗਾ ਪੈ ਗਿਆ। ਅਜਮੇਰ ਭਲਵਾਨ ਬਾਬੇ ਹੁਣਾਂ ਕੋਲ ਬਹਿੰਦਾ ਹੁੰਦਾ ਸੀ। ਅਜਮੇਰ 35 ਕੁ ਸਾਲਾਂ ਦਾ 82 ਕਿਲੋ ਭਾਰਾ ਭਲਵਾਨ ਸੀ ਜਦੋਂ ਕਿ ਜਸਵਿੰਦਰ 19 ਸਾਲਾਂ ਦਾ 60 ਕਿਲੋਗ੍ਰਾਮ 'ਚ ਭਲਵਾਨ। ਅਜਮੇਰ ਪਹਿਲਵਾਨ ਨੂੰ ਯੂ.ਪੀ. ਦੇ ਇਕ ਜਿਮੀਂਦਾਰ ਪੰਡਿਤ ਨੇ ਰੱਖਿਆ ਹੋਇਆ ਸੀ ਜਿਸਨੂੰ ਇਕ ਟਰੈਕਟਰ ਤੇ ਕੁਝ ਜ਼ਮੀਨ ਅਲਾਟ ਕੀਤੀ ਹੋਈ ਸੀ, ਜਿਵੇਂ ਪੁਰਾਣੇ ਜਮਾਨੇ 'ਚ ਰਾਜੇ-ਮਹਾਰਾਜੇ ਪਹਿਲਵਾਨ ਪਾਲਣ ਲਈ ਕਰਦੇ ਹੁੰਦੇ ਸਨ। ਅਜਮੇਰ ਜਸਵਿੰਦਰ ਨਾਲ ਕੁਸ਼ਤੀ ਇਸ ਕਰਕੇ ਨਹੀਂ ਸੀ ਕਰ ਰਿਹਾ ਕਿ ਮੈਂ ਵੱਡਾ ਭਲਵਾਨ ਹਾਂ ਛੋਟੇ ਨਾਲ ਕਿਉਂ ਕਰਾਂ? ਫਿਰ ਬਾਬਾ ਜੀ ਹੁਣਾਂ ਦੇ ਜ਼ੋਰ ਪਾਉਣ 'ਤੇ ਇਹ ਕੁਸ਼ਤੀ ਕਰਨੀ ਪਈ। ਪਹਿਲੀ ਸੱਟੇ ਜਸਵਿੰਦਰ ਨੇ ਉਸਨੂੰ 13 ਸਕਿੰਟਾਂ 'ਚ ਢਾਹ ਮਾਰਿਆ। ਅਜਮੇਰ ਨੂੰ ਯਕੀਨ ਨਾ ਆਵੇ ਕਿ ਉਹ ਢਹਿ ਗਿਆ। ਉਹ ਕੁਸ਼ਤੀ ਦੁਬਾਰਾ ਹੋਈ ਤਾਂ ਜਸਵਿੰਦਰ ਨੇ ਉਹਨੂੰ 7 ਮਿੰਟਾਂ 'ਚ ਚਿੱਤ ਕੀਤਾ। ਉਸ ਪਹਿਲਵਾਨ ਨੂੰ ਫਿਰ ਵੀ ਤਸੱਲੀ ਨਾ ਹੋਈ। ਫਿਰ ਇਕ ਮਹੀਨੇ ਦਾ ਸਮਾਂ ਦੇ ਕੇ ਦੁਬਾਰਾ ਕੁਸ਼ਤੀ ਰੱਖੀ ਗਈ। ਮਹੀਨੇ ਬਾਅਦ ਫਿਰ ਉਸਨੂੰ ਮੂੱਧੇ ਮੂੰਹ ਸੁੱਟਿਆ।

ਯੂ.ਪੀ. ਦੇ ਸ਼ਹਿਰ ਅੰਡਭੋਜੀ ਵਿਖੇ ਪਟਕੇ ਦੀਆਂ ਕੁਸ਼ਤੀਆਂ ਕਰਾਈਆਂ ਜਾਂਦੀਆਂ ਸਨ। ਇਥੇ ਪੁਰਾਣੇ ਪਹਿਲਵਾਨ ਬਲਦੇਵ ਸਿੰਘ ਅਤੇ ਫੌਜੀ ਪਹਿਲਵਾਨ ਮਸ਼ਹੂਰ ਹੁੰਦੇ ਸਨ। ਜਸਵਿੰਦਰ ਦੀ ਕੁਸ਼ਤੀ ਫੌਜੀ ਨਾਲ ਕਰਾਈ ਗਈ। ਕੁਸ਼ਤੀ ਚੱਲੀ ਤਾਂ ਜਸਵਿੰਦਰ ਨੇ ਕਲਾ ਜੰਗ ਦਾਅ ਮਾਰ ਕੇ ਫੌਜੀ ਨੂੰ 13 ਸਕਿੰਟਾਂ 'ਚ ਠੋਕ ਦਿੱਤਾ। ਉਸ ਵੇਲੇ ਬਾਹਰ ਖੜ੍ਹੇ ਦਰਸ਼ਕਾਂ ਨੇ ਹੌਂਸਲੇ ਲਈ 700 ਰੁਪਏ ਮਾਇਆ ਦੇ ਗੱਫੇ ਦੇ ਕੇ ਮਾਣ ਵਧਾਇਆ। ਕੁਸ਼ਤੀ ਕਰਾਉਣ ਵਾਲੀ ਸੰਸਥਾ ਵਲੋਂ ਜਿੱਤਣ ਵਾਲੇ ਭਲਵਾਨ ਨੂੰ ਉਸ ਵੇਲੇ ਸਵਾ ਸੌ ਰੁਪਿਆ ਦਿਤਾ ਜਾਂਦਾ ਸੀ ਪਰ ਗੱਡਵੀਂ ਕੁਸ਼ਤੀ ਹੋਣ ਕਰਕੇ ਸਵਾ ਸੌ ਦੀ ਜਗ੍ਹਾ ਉਨ੍ਹਾਂ ਜਸਵਿੰਦਰ ਨੂੰ ਢਾਈ ਸੌ ਰੁਪਿਆ ਦੇ ਕੇ ਸਨਮਾਨਤ ਕੀਤਾ।

ਬਰੇਲੀ ਵਿਖੇ ਟਿਕਟਾਂ ਉੱਤੇ ਦੰਗਲ ਕਰਾਏ ਜਾਂਦੇ ਸਨ। ਇਸ ਦੰਗਲ 'ਚ ਹਿੱਸਾ ਲੈ ਕੇ 62 ਕਿਲੋ ਭਾਰੇ ਜਸਵਿੰਦਰ ਨੇ ਮੇਰਠ ਦੇ 74 ਕਿਲੋਗ੍ਰਾਮ ਵਾਲੇ ਕਾਲੀ ਘਟਾ ਪਹਿਲਵਾਨ ਨੂੰ ਅੱਠਾਂ ਮਿੰਟਾਂ 'ਚ ਢਾਹ ਕੇ ਔਹ ਮਾਰਿਆ। ਮੇਰਠ ਵਿਚ ਵੀ ਟਿਕਟਾਂ ਵਾਲੀਆਂ ਕੁਸ਼ਤੀਆਂ ਕਰਾਈਆਂ ਜਾਂਦੀਆਂ ਸਨ। ਉਥੇ ਦੇ ਪਹਿਲਵਾਨ ਵੀ ਕੁਸ਼ਤੀਆਂ ਦੇ ਚੰਗੇ ਮਾਹਰ ਹੁੰਦੇ ਸਨ। ਉਸ ਮੁਕਾਬਲੇ 'ਚ ਹਿੱਸਾ ਲੈ ਕੇ ਦਿੱਲੀ ਦੇ ਬਿਸ਼ੂ ਭਲਵਾਨ ਨਾਲ 15 ਮਿੰਟ ਕੁਸ਼ਤੀ ਲੜੀ। ਦੋਨਾਂ ਦੇ ਭਾਰ ਬਰਾਬਰ ਸਨ ਤੇ ਕੁਸ਼ਤੀ ਵੀ ਬਰਾਬਰ ਰਹੀ।

ਜਲੰਧਰ ਕੁਸ਼ਤੀ ਮੁਕਾਬਲੇ ਵਾਸਤੇ ਫਗਵਾੜੇ ਵਾਲਾ ਪਾਲੀ ਜਸਵਿੰਦਰ, ਜੈਲੇ ਅਤੇ ਕੇਵਲ ਨੂੰ ਲੈ ਕੇ ਗਿਆ। ਜਸਵਿੰਦਰ ਦੀ ਰੇਲਵੇ ਦੇ ਜੋਗੇ ਭਲਵਾਨ ਨਾਲ ਕੁਸ਼ਤੀ ਹੋਈ। ਦੋਨਾਂ ਪਹਿਲਵਾਨਾਂ ਦੇ ਚੰਗੇ ਭੇੜ ਹੋਏ। ਜਾਣਬੁਝ ਕੇ ਇਹ ਕੁਸ਼ਤੀ ਦੁਬਾਰਾ-ਦੁਬਾਰਾ ਦੋ ਵਾਰ ਕਰਾਈ ਗਈ। ਇਸ ਮੁਕਾਬਲੇ 'ਚ ਰੈਫਰੀ ਦੀ ਬੇਇਨਸਾਫੀ ਕਰਕੇ ਜਸਵਿੰਦਰ ਨੂੰ ਹਾਰ ਦਾ ਮੂੰਹ ਦੇਖਣਾ ਪਿਆ।

ਜਸਵਿੰਦਰ ਨੇ ਭਲਵਾਨੀ ਦੇ ਨਾਲ ਨਾਲ ਪੜ੍ਹਾਈ ਵੀ ਚੰਗੇ ਨੰਬਰਾਂ 'ਤੇ ਰਹਿ ਕੇ ਕੀਤੀ। ਹਮੇਸ਼ਾ ਉਚੇ ਨੰਬਰਾਂ ਤੇ ਪਾਸ ਹੁੰਦਾ ਰਿਹਾ। ਨਹੀਂ ਤਾਂ ਖਿਡਾਰੀਆਂ ਜਾਂ ਪਹਿਲਵਾਨਾਂ ਬਾਰੇ ਇਹ ਧਾਰਨਾ ਹੁੰਦੀ ਹੈ ਕਿ ਉਹ ਗਰਾਊਂਡਾਂ, ਅਖਾੜਿਆਂ ਵਿਚ ਤਾਂ ਉਹ ਜ਼ਰੂਰ ਤਕੜੇ ਹੁੰਦੇ ਹਨ ਪਰ ਪੜ੍ਹਾਈ ਵਲੋਂ ਉਨ੍ਹਾਂ ਦਾ ਹੱਥ ਤੰਗ ਈ ਹੁੰਦਾ ਹੈ। ਪਰ ਇਥੇ ਜਸਵਿੰਦਰ ਭਲਵਾਨੀ ਤੇ ਪੜ੍ਹਾਈ ਦੋਵਾਂ ਪਾਸਿਆਂ 'ਚ ਚੰਗਾ ਹੀ ਰਿਹਾ। ਸਕੂਲੀ ਪੜ੍ਹਾਈ ਸਮੇਂ ਚੰਗੇ ਨੰਬਰਾਂ ਕਰਕੇ ਸਾਰੇ ਸਟਾਫ ਵਲੋਂ ਅਥਾਹ ਪਿਆਰ ਮਿਲਦਾ ਰਿਹਾ। ਫਿਰ ਕਾਲਜ ਆ ਕੇ ਵੀ ਇਹੀ ਜੱਸ ਖੱਟਿਆ। ਸਕੂਲਾਂ, ਪਿੰਡਾਂ, ਕਾਲਜਾਂ, ਯੂਨੀਵਰਸਿਟੀ ਅਤੇ ਯੂ.ਪੀ. ਦੇ ਦੰਗਲਾਂ 'ਚ ਕੁਸ਼ਤੀਆਂ ਕਰਕੇ ਆਪਣੇ ਮਾਤਾ ਪਿਤਾ ਅਤੇ ਬਾਬਾ ਜੀ ਦੇ ਨਾਂ ਨੂੰ ਉੱਚਾ ਕੀਤਾ ਅਤੇ ਯਾਰਾਂ ਦੋਸਤਾਂ ਤੋਂ



ਜਸਵਿੰਦਰ ਜੌਹਲ ਦੀ ਸਕੂਲ ਸਮੇਂ ਦੀ ਤਸਵੀਰ

ਵਾਹਵਾ ਪਿਆਰ ਖੱਟਿਆ। ਇਨ੍ਹਾਂ ਮਿੱਠੀਆਂ ਯਾਦਾਂ ਨੂੰ ਲੈ ਕੇ ਅਮਰੀਕਾ ਆਉਣ ਦਾ ਸੁਭਾਗ ਪ੍ਰਾਪਤ ਹੋਇਆ।

ਜਸਵਿੰਦਰ ਜਨਵਰੀ 1985 ਵਿਚ ਠੰਡੀਆਂ ਹਵਾਵਾਂ 'ਚ ਸੂਕਦਾ ਹਵਾਈ ਜਹਾਜ਼ ਲੈ ਨਿਊ ਯਾਰਕ ਦੀ ਬੁੱਕਲ ਵਿਚ ਆ ਬੈਠਾ। ਜਹਾਜ਼ੋਂ ਉਤਰਦੇ ਹੀ ਜਸਵਿੰਦਰ ਨੇ ਧਰਤੀ ਨੂੰ ਸਲਾਮ ਕੀਤਾ। ਜ਼ਿੰਦਗੀ ਦੀ ਨਵੀਂ ਸ਼ੁਰੂਆਤ ਕਰਨ ਲਈ ਕਿਸੇ ਦੇ ਸਟੋਰ 'ਤੇ ਨੌਕਰੀ ਕੀਤੀ। ਫਿਰ ਆਪਣੇ ਦੋਸਤ ਦੀਪਕ ਭਾਰਦਵਾਜ਼ ਨਾਲ ਰਲ ਕੇ ਇੰਡੀਅਨ ਸਟੋਰ ਲਿਆ। ਦੋਵਾਂ ਦੋਸਤਾਂ ਨੇ ਦਿਨ ਰਾਤ ਚੰਗੀ ਮਿਹਨਤ ਕਰਕੇ ਇਕ ਹੋਰ ਸਟੋਰ ਲੈ ਲਿਆ। ਫਿਰ ਤਾਂ ਚੱਲ ਸੋ ਚੱਲ। ਹੁਣ ਇਨ੍ਹਾਂ ਕੋਲ ਪਰਮਾਤਮਾ ਦੀ ਕ੍ਰਿਪਾ ਨਾਲ ਛੇ ਸੁਪਰ ਮਾਰਕੀਟਾਂ ਤੇ ਦੋ ਪੀਜ਼ੇ ਸਟੋਰ ਹਨ। ਨਿਊ ਯਾਰਕ ਤੇ ਨਿਊ ਜਰਸੀ ਦੇ ਪੰਜਾਬੀਆਂ ਨੂੰ ਲੋੜੀਂਦੀਆਂ ਵਸਤਾਂ ਇਨ੍ਹਾਂ ਸਟੋਰਾਂ ਤੋਂ ਹਰ ਵੇਲੇ ਉਪਲਬਧ ਹੁੰਦੀਆਂ ਹਨ।

ਅੱਜ ਭਾਵੇਂ ਪਰਮਾਤਮਾ ਨੇ ਚੰਗੇ ਦਿਨ ਦਿਖਾ ਦਿਤੇ ਹਨ ਪਰ ਜਸਵਿੰਦਰ ਪੁਰਾਣੇ ਦਿਨ ਵੀ ਨਹੀਂ ਭੁੱਲਿਆ। ਕਈ ਸਟੋਰਾਂ ਦਾ ਮਾਲਕ ਹੋ ਕੇ ਵੀ ਨਿਮਾਣਾ ਜਿਹਾ ਇਨਸਾਨ ਹੀ ਹੈ। ਕਦੇ ਵੀ ਕਿਸੇ ਦਾ ਬੁਰਾ ਨਹੀਂ ਤੱਕਿਆ। ਇਹ ਦੋਵੇਂ ਨੇਕ ਇਨਸਾਨ ਨਿਊ ਯਾਰਕ ਦੇ ਹਰ ਖੇਡ ਮੇਲੇ, ਫੁੱਟਬਾਲ, ਕਬੱਡੀ, ਕੁਸ਼ਤੀ ਜਾਂ ਸਭਿਆਚਾਰਕ ਮੇਲਿਆਂ 'ਚ ਵਧ ਚੜ੍ਹ ਕੇ ਹਿੱਸਾ ਪਾਉਂਦੇ ਹਨ।

ਰਾਮਗੜ੍ਹੀਆ ਕਾਲਜ ਦੇ ਪੁਰਾਣੇ ਦੋਸਤ ਪਹਿਲਵਾਨ ਅਤੇ ਨਵਾਂ ਸ਼ਹਿਰ ਕੁਸ਼ਤੀ ਸੰਸਥਾ ਦੇ ਪ੍ਰਧਾਨ ਜਰਨੈਲ ਸੋਂਧੀ ਨਾਲ ਪੂਰਾ ਪਿਆਰ ਬਣਿਆ ਹੋਇਐ। ਕੇਵਲ ਕੈਲੇ ਜੋ ਅੱਜ ਕੱਲ੍ਹ ਕੈਨੇਡਾ ਹੈ, ਉਸ ਨਾਲ ਵੀ ਹਰ ਵੇਲੇ ਸੰਪਰਕ 'ਚ ਰਹਿੰਦਾ ਹੈ। ਕੇਵਲ ਕੈਲੇ ਨੇ ਪਹਿਲਵਾਨੀ ਤੋਂ ਬਾਅਦ ਪੀ.ਐਚ.ਡੀ. ਕੀਤੀ ਤੇ ਫਿਰ ਕੈਨੇਡਾ ਆ ਵਸਿਆ। ਕਾਲਜ ਦਾ ਪੁਰਾਣਾ ਸਾਥੀ ਚਮਨ ਲਾਲ ਹਦੀਆਬਾਦ ਵਾਲਾ ਉਦੋਂ ਤੋਂ ਲੈ ਕੇ ਹੁਣ ਤੱਕ ਨਿਊ ਯਾਰਕ ਰਹਿੰਦਾ ਹੋਇਆ ਪੂਰਾ ਸਾਥ ਨਿਭਾ ਰਿਹੈ। ਚਮਨ ਲਾਲ ਜਸਵਿੰਦਰ ਦੀਆਂ ਲਗਪਗ ਸਾਰੀਆਂ ਕੁਸ਼ਤੀਆਂ ਵੇਖ ਚੁੱਕਾ ਹੈ। ਚਮਨ ਦੇ ਉੱਦਮ ਸਦਕਾ ਹੀ ਜਸਵਿੰਦਰ ਸਿੰਘ ਜੌਹਲ ਦੀ ਪਹਿਲਵਾਨੀ ਜ਼ਿੰਦਗੀ ਬਾਰੇ ਲਿਖਣ ਦਾ ਮੈਨੂੰ ਮੌਕਾ ਮਿਲਿਆ।



ਨਿਊ ਯਾਰਕ ਕਬੱਡੀ ਟੂਰਨਾਮੈਂਟ ਮੌਕੇ ਪਹਿਲਵਾਨ ਬੁੱਧ ਸਿੰਘ ਨੂੰ ਸਨਮਾਨ ਕਰਨ ਸਮੇਂ ਸ੍ਰੀ ਜੌਹਲ ਟੂਰਨਾਮੈਂਟ ਦੇ ਪ੍ਰਬੰਧਕਾਂ ਨਾਲ

## ਭਾਰਤ ਤੇ ਪਾਕਿਸਤਾਨ ਦੇ ਸਬੰਧਾਂ 'ਚ ਖੜੋਤ ਆਈ

**ਪੋਰਟਆਫ ਸਪੇਨ:** ਮੁੰਬਈ ਹਮਲਿਆਂ ਨੂੰ ਸਾਲ ਹੋ ਗਿਆ ਹੈ ਤੇ ਭਾਰਤ ਤੇ ਪਾਕਿਸਤਾਨ ਦੇ ਵਿਦੇਸ਼ ਮੰਤਰੀ ਟ੍ਰਿਨੀਡਾਡ ਤੇ ਟੋਬਾਗੋ ਦੀ ਰਾਜਧਾਨੀ 'ਚ ਇੱਥੇ ਸਨ, ਪਰ ਉਹ ਗੱਲਬਾਤ ਲਈ ਨਹੀਂ ਮਿਲੇ। ਇਸਤੋਂ ਦੋਵਾਂ ਮੁਲਕਾਂ ਵਿਚਾਲੇ ਆਈ ਖੜੋਤ ਦੇ ਸੰਕੇਤ ਮਿਲਦੇ ਹਨ। ਭਾਰਤ ਦੇ ਵਿਦੇਸ਼ ਮੰਤਰੀ ਐਸ.ਐਮ.ਕ੍ਰਿਸ਼ਨਾ ਨੇ ਪਾਕਿਸਤਾਨ ਦੇ ਆਪਣੇ ਹਮਰੁਤਬਾ ਨੂੰ ਮੁਲਾਕਾਤ ਦਾ ਮੌਕਾ ਨਹੀਂ ਦਿੱਤਾ। ਸਾਜ਼ਿਸ਼ਕਾਰ ਤੇ ਹਮਲਾਵਾਰਾਂ ਵਿਰੁਧ ਸਖ਼ਤ ਕਾਰਵਾਈ ਕਰਨ ਤੇ ਅਤਿਵਾਦੀਆਂ ਦੀਆਂ ਠਾਹਰਾਂ ਨੂੰ ਖਤਮ ਕਰਨ ਦੇ ਭਾਰਤ ਵਲੋਂ ਪਾਕਿਸਤਾਨ ਨੂੰ ਦਿੱਤੇ ਗਏ ਸਖਤ ਸੰਕੇਤਾਂ ਮਗਰੋਂ ਰੁਕੀ ਪਈ ਗੱਲਬਾਤ ਸ਼ੁਰੂ ਹੋਣ ਲਈ ਸਫਾਰਤੀ ਯਤਨ ਹੋਣ ਦੀ ਕੋਈ ਆਸ ਨਹੀਂ ਬਚਦੀ। ਭਾਰਤੀ ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਸਾਡੇ ਸਰੋਕਾਰਾਂ ਲਈ ਪਾਕਿਸਤਾਨ ਨੇ ਕੁਝ ਨਹੀਂ ਕੀਤਾ, ਇਸ ਕਰਕੇ ਅਗਲੀ ਮੀਟਿੰਗ 'ਚੋਂ ਕੁਝ ਨਿਕਲਣ ਵਾਲਾ ਨਹੀਂ ਹੈ।

ਭਾਰਤ ਦੇ ਵਿਦੇਸ਼ ਮੰਤਰੀ ਐਸ.ਐਮ.ਕ੍ਰਿਸ਼ਨਾ ਤੇ ਉਨ੍ਹਾਂ ਦੇ ਪਾਕਿਸਤਾਨੀ ਹਮਰੁਤਬਾ ਸ਼ਾਹ ਮਹਿਮੂਦ ਕੁਰੈਸ਼ੀ ਇੱਥੇ 25-26 ਨਵੰਬਰ ਨੂੰ ਹੋ ਰਹੀ ਰਾਸ਼ਟਰਮੰਡਲ ਮੁਲਕਾਂ ਦੇ ਵਿਦੇਸ਼ ਮੰਤਰੀਆਂ ਦੀ ਮੀਟਿੰਗ 'ਚ ਭਾਗ ਲੈਣ ਪੁੱਜੇ ਸਨ।

ਰਾਸ਼ਟਰਮੰਡਲ ਮੁਲਕਾਂ ਦੇ ਮੁਖੀਆਂ ਦੀ ਮੀਟਿੰਗ 'ਚ ਸ੍ਰੀ ਕੁਰੈਸ਼ੀ ਪਾਕਿਸਤਾਨ ਦੀ ਪ੍ਰਤੀਨਿਧਤਾ ਕਰ ਰਹੇ ਸਨ। ਇਸ ਤੋਂ ਪਹਿਲਾਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਜਾਂ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੇ ਇਸ ਸਿਖਰ ਸੰਮੇਲਨ 'ਚ ਪੁੱਜਣਾ ਸੀ, ਪਰ ਘਰੇਲੂ ਸਥਿਤੀ ਕਾਰਨ ਉਹ ਅਜਿਹਾ ਨਹੀਂ ਕਰ ਸਕੇ। ਭਾਰਤ ਦੇ ਠੰਢੇ ਹੁੰਗਾਰੇ ਪ੍ਰਤੀ ਆਪਣੀ ਨਿਰਾਸ਼ਾ ਜ਼ਾਹਰ ਕਰਦਿਆਂ ਸ੍ਰੀ ਕੁਰੈਸ਼ੀ ਨੇ ਕਿਹਾ ਕਿ ਇਸਲਾਮਾਬਾਦ 'ਫੋਟੋਆਂ ਖਿਚਵਾਉਣ ਦੇ ਮੌਕਿਆਂ' ਦੀ ਥਾਂ ਭਾਰਤ ਨਾਲ 'ਗੰਭੀਰ ਗੱਲਬਾਤ' ਚਾਹੁੰਦਾ ਹੈ ਤੇ ਗੱਲਬਾਤ ਦੀ ਸੰਭਾਵਨਾ ਹਮੇਸ਼ਾ ਬਣੀ ਰਹਿੰਦੀ ਹੈ।

# ਦੁਬਈ ਸੰਕਟ ਤੋਂ ਬਚਾਅ ਲਈ ਸਰਕਾਰ ਸਰਗਰਮ ਨਹੀਂ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**



ਚਾਹੇ ਕੇਂਦਰੀ ਖ਼ਜ਼ਾਨਾ ਮੰਤਰੀ ਪ੍ਰਣਬ ਮੁਖਰਜੀ ਨੇ ਚੰਡੀਗੜ੍ਹ ਵਿਚ ਸੈਂਟਰ ਫ਼ਾਰ ਰੀਸਰਚ ਇਨ ਰੂਰਲ ਐਂਡ ਇੰਡਸਟ੍ਰੀਅਲ ਡੀਵੈਲਪਮੈਂਟ (ਕਰਿਡ) ਵਿਚ ਹਕਸਰ ਯਾਦਗਾਰੀ ਲੈਕਚਰ ਲੜੀ ਵਿਚ ਬੋਲਦਿਆਂ ਇਹ ਕਿਹਾ ਹੈ ਕਿ ਦੁਬਈ ਦੇ ਮਾਲੀ ਸੰਕਟ ਦਾ ਸਾਡੇ ਦੇਸ਼ ਦੀ ਆਰਥਿਕਤਾ 'ਤੇ ਬਹੁਤਾ ਮਾੜਾ ਅਸਰ ਨਹੀਂ ਪੈਣਾ, ਪਰ ਇਸ ਸੰਕਟ ਦੇ ਉਭਰਦੇ ਸਾਰ ਬੰਬਈ ਸਟਾਕ ਐਕਸਚੇਂਜ ਤੋਂ ਲੈ ਕੇ ਏਸ਼ੀਆ, ਯੂਰਪ ਤੇ ਅਮਰੀਕਾ ਦੇ ਪੂੰਜੀ ਬਜ਼ਾਰਾਂ ਵਿਚ ਆਈ ਗਿਰਾਵਟ ਨੇ ਸਾਰਾ ਸੱਚ ਸਾਹਮਣੇ ਲਿਆ ਦਿੱਤਾ ਹੈ। ਪ੍ਰਣਬ ਮੁਖਰਜੀ ਨੇ ਚਾਹੇ ਸੰਕਟ ਦੇ ਪੈਣ ਵਾਲੇ ਪ੍ਰਭਾਵਾਂ ਬਾਰੇ ਖੁਸ਼ਫਹਿਮੀ ਦਾ ਪ੍ਰਗਟਾਵਾ ਕੀਤਾ ਹੈ ਪਰ ਉਹਨਾਂ ਨੂੰ ਇਹ ਗੱਲ ਵੀ ਕਹਿਣੀ ਪਈ ਹੈ ਕਿ ਇਸ ਨਾਲ ਦੁੱਬਈ ਵਿਚ ਕੰਮ ਕਰਨ ਵਾਲੇ ਭਾਰਤੀ ਮੂਲ ਦੇ ਲੋਕ ਵੱਡੀ ਪੱਧਰ 'ਤੇ ਬੇਕਾਰ ਹੋ ਜਾਣਗੇ। ਏਥੇ ਇਹ ਗੱਲ ਵੀ ਵਰਣਨ ਯੋਗ ਹੈ ਕਿ ਵੱਡੇ ਤੋਂ ਛੋਟੇ ਪ੍ਰਾਜੈਕਟਾਂ ਦੀ ਉਸਾਰੀ ਵਿਚ ਲੱਗੇ ਤੇ ਸੇਵਾਵਾਂ ਵਿਚ ਕੰਮ ਕਰਨ ਵਾਲੇ ਕੁੱਲ ਕਿਰਤੀਆਂ ਵਿਚ ਭਾਰਤੀਆਂ ਦੀ ਗਿਣਤੀ ਅੱਧ ਦੇ ਨੇੜੇ ਤੇੜੇ ਹੈ। ਉਹ ਹਰ ਸਾਲ ਅਰਬਾਂ ਡਾਲਰ ਕਮਾ ਕੇ ਭਾਰਤ ਭੇਜਦੇ ਹਨ। ਇਸ ਸੰਕਟ ਦੀ ਸ਼ੁਰੂਆਤ ਓਦੋਂ ਸ਼ੁਰੂ ਹੋਈ ਜਦੋਂ ਉਥੋਂ ਦੇ ਸ਼ਾਸਕਾਂ ਦੀ ਮਾਲਕੀ ਵਾਲੀ ਵੱਡ ਆਕਾਰੀ ਕੰਪਨੀ ਦੁਬਈ ਵਰਲਡ ਨੇ ਐਲਾਨ ਕੀਤਾ ਕਿ ਉਹ 65 ਅਰਬ ਡਾਲਰ ਦੇ ਹਾਸਲ ਕੀਤੇ ਕਰਜ਼ ਦੀਆਂ ਕਿਸ਼ਤਾਂ 'ਤੇ ਵਿਆਜ ਦੀ ਅਦਾਇਗੀ ਆਉਂਦੇ ਛੇ ਮਹੀਨਿਆਂ ਤੱਕ ਨਹੀਂ ਕਰ ਸਕਦੀ। ਇਸ ਕੰਪਨੀ ਤੇ ਦੂਜੇ ਅਦਾਰਿਆਂ ਵਲੋਂ ਕੀਤੀਆਂ ਉਸਾਰੀਆਂ ਦੇ ਪ੍ਰਾਜੈਕਟਾਂ ਵਿਚ ਸੰਸਾਰ ਭਰ ਦੇ ਵੱਡੇ ਬੈਂਕਾਂ, ਜਿਨ੍ਹਾਂ ਵਿਚ ਭਾਰਤੀ ਬੈਂਕ ਵੀ ਸ਼ਾਮਲ ਹਨ, ਨੇ ਅਰਬਾਂ ਡਾਲਰ ਦੀਆਂ ਰਕਮਾਂ ਨਿਵੇਸ਼ ਕਰ ਰੱਖੀਆਂ ਹਨ।

ਦੁਬਈ ਦੇ ਸੰਕਟ ਕਾਰਨ ਲਾਜ਼ਮੀ ਹੀ ਏਥੇ ਨਿਵੇਸ਼ ਕਰਨ ਵਾਲੇ ਬੈਂਕਾਂ ਤੇ ਨਿਵੇਸ਼ਕਾਂ ਨੂੰ ਨੁਕਸਾਨ ਪੁੱਜੇਗਾ। ਦੁਬਈ ਸੰਕਟ ਨੇ ਇਕ ਵਾਰ ਮੁੜ ਇਹ ਗੱਲ ਸਾਹਮਣੇ ਲੈ ਆਂਦੀ ਹੈ ਕਿ ਉਦਾਰਵਾਦੀ ਆਰਥਿਕਤਾ ਦੇ ਦੌਰ ਵਿਚ ਬੈਂਕਾਂ ਤੇ ਨਿਵੇਸ਼ਕਾਂ ਨੂੰ ਪ੍ਰਚਲਤ ਨਿਯਮਾਂ ਕਾਨੂੰਨਾਂ ਤੇ ਜ਼ਾਬਤਿਆਂ ਨੂੰ ਉਲੰਘਣ ਦੀ ਜਿਹੜੀ ਖੁੱਲ੍ਹ ਦਿੱਤੀ ਗਈ ਸੀ, ਉਹ ਕੌਮਾਂਤਰੀ ਅਰਥਚਾਰੇ ਲਈ ਮਾਰੂ ਸਿੱਧ ਹੋ ਰਹੀ ਹੈ।

ਵਾਲ ਸਟਰੀਟ ਦੇ ਬੈਂਕਾਂ ਤੋਂ ਸ਼ੁਰੂ ਹੋਏ ਆਰਥਿਕ ਸੰਕਟ ਤੋਂ ਮਗਰੋਂ ਇਸ 'ਤੇ ਵਿਚਾਰ ਕਰਨ ਲਈ ਜੀ-20 ਦੇਸ਼ਾਂ ਦੇ ਮੁਖੀਆਂ ਦਾ ਜਿਹੜਾ ਪਹਿਲਾ ਸਮਾਗਮ ਲੰਡਨ ਵਿਚ ਹੋਇਆ ਸੀ ਤੇ ਇਸ ਮਗਰੋਂ ਪਿਟਸਬਰਗ ਦੇ ਸਮਾਗਮ ਵਿਚ ਜੁੜੇ ਆਗੂਆਂ ਨੇ ਸਰਬ ਸੰਮਤੀ ਨਾਲ ਇਹ ਫੈਸਲਾ ਲਿਆ ਸੀ ਕਿ ਬੈਂਕਿੰਗ ਸਨਅਤ ਨੂੰ ਜ਼ਾਬਤੇ ਦਾ ਪਾਬੰਦ ਬਣਾਇਆ ਜਾਏਗਾ। ਪਰ ਜਾਪਦਾ ਹੈ ਕਿ ਵਿਕਾਸਸ਼ੀਲ ਤੇ ਵਿਕਸਤ ਦੇਸ਼ਾਂ ਦੇ ਸ਼ਾਸਕਾਂ ਨੇ ਬੈਂਕਿੰਗ ਸਨਅਤ ਨੂੰ ਜ਼ਾਬਤੇ ਵਿਚ ਲਿਆਉਣ ਲਈ ਉਹ ਕੁਝ ਨਹੀਂ ਕੀਤਾ ਜੋ ਜੀ-20 ਦੇਸ਼ਾਂ ਦੇ ਮੁਖੀਆਂ ਨੇ ਸਮਾਗਮ ਲਾ ਕੇ ਕਿਹਾ ਸੀ।

ਇਸ ਗੱਲ ਤੋਂ ਤਾਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਅੱਜ ਸੰਸਾਰ ਦਾ ਵਿਕਾਸ ਜਿਸ ਪੜਾਅ 'ਤੇ ਪੁੱਜ ਗਿਆ ਹੈ, ਪੂੰਜੀ ਦਾ ਨਿਵੇਸ਼ ਹੁਣ ਰਾਜਾਂ ਦੀਆਂ ਸੀਮਾਵਾਂ ਲੰਘ ਕੇ ਕੌਮਾਂਤਰੀ ਰੂਪ ਧਾਰਨ ਕਰ ਗਿਆ ਹੈ। ਜੇ ਕਿਸੇ ਵੀ ਦੇਸ਼ ਵਿਚ ਆਰਥਕ ਸੰਕਟ ਪੈਦਾ ਹੁੰਦਾ ਹੈ ਤਾਂ ਇਸ ਦਾ ਪ੍ਰਭਾਵ ਸੰਸਾਰ ਅਰਥਚਾਰੇ 'ਤੇ ਅਵੱਸ਼ ਹੀ ਪਵੇਗਾ। ਵਧ ਤੋਂ ਵਧ ਮੁਨਾਫ਼ਾ ਕਮਾਉਣ ਦੀ ਹੋੜ ਵਿਚ ਜੂਆ ਤਾਂ ਵਾਲ ਸਟਰੀਟ ਦੇ ਬੈਂਕਾਂ ਨੇ ਖੇਡਿਆ ਸੀ ਪਰ ਉਸਦੀ ਕੀਮਤ ਕੇਵਲ ਅਮਰੀਕਾ ਨੂੰ ਨਹੀਂ, ਸਾਰੇ ਸੰਸਾਰ ਨੂੰ ਹੀ ਚੁਕਾਉਣੀ ਪਈ।

ਇਸ ਸੰਕਟ ਨੂੰ ਵਾਪਰਿਆਂ ਦੋ ਸਾਲ ਦਾ ਸਮਾਂ ਹੋਣ ਲੱਗਾ ਹੈ ਪਰ ਅਰਬਾਂ -ਖਰਬਾਂ ਦੇ ਪੈਕੇਜਾਂ ਦੇ ਬਾਵਜੂਦ ਨਾ ਤਾਂ ਅਰਥਚਾਰਾ ਲੀਹਾਂ ਤੇ ਆਇਆ ਹੈ ਤੇ ਨਾ ਹੀ ਬੇਰੁਜ਼ਗਾਰੀ ਦੀ ਸਮੱਸਿਆ ਦਾ ਕੋਈ ਹੱਲ ਲੱਭਿਆ ਗਿਆ। ਦੁੱਬਈ ਦੇ ਅਜੋਕੇ ਸੰਕਟ ਕਾਰਨ ਖਾੜੀ ਦੇ ਤੇਲ ਪੈਦਾ ਕਰਨ ਵਾਲੇ ਦੇਸ਼ਾਂ ਵਿਚ ਕੰਮ ਕਰਨ ਵਾਲੇ 60 ਲੱਖ ਭਾਰਤੀ ਕਿਰਤੀਆਂ 'ਤੇ ਵੀ ਪ੍ਰਭਾਵ ਅਵੱਸ਼ ਪਵੇਗਾ। ਦੁਬਈ ਸੰਸਾਰ ਵਿਚ ਸਭ ਤੋਂ ਵਧ ਤੇਲ ਬਰਾਮਦ ਕਰਨ ਵਾਲੇ ਯੂਨਾਈਟਿਡ ਅਰਬ ਅਮੀਰਾਤ ਦਾ ਇਕ ਹਿੱਸਾ ਹੈ। ਏਥੋਂ ਦੀ ਸਰਕਾਰ ਤੇ ਖਾਸ ਕਰਕੇ ਤੇਲ ਪੈਦਾ ਕਰਨ ਵਾਲੇ ਖਾੜੀ ਦੇਸ਼ਾਂ ਨੇ ਵੀ ਦੁਬਈ ਵਿਚ ਭਾਰੀ ਨਿਵੇਸ਼ ਕਰ ਰੱਖਿਆ ਹੈ। ਇੱਕ ਅੰਦਾਜ਼ੇ ਅਨੁਸਾਰ ਇਹ ਦਸਿਆ ਜਾ ਰਿਹਾ ਹੈ ਕਿ ਭਾਰਤੀ ਬੈਂਕਾਂ ਨੇ ਵੀ ਕੋਈ ਸੱਤ ਹਜ਼ਾਰ ਕਰੋੜ ਰੁਪਏ ਦੁੱਬਈ ਵਿਚ ਨਿਵੇਸ਼ ਕੀਤੇ ਹਨ। ਕੁਝ ਹਲਕਿਆਂ ਦਾ ਇਹ ਵੀ ਕਹਿਣਾ ਹੈ ਕਿ ਭਾਰਤੀ ਮੂਲ ਦੇ ਲੋਕਾਂ ਵਲੋਂ ਦੁੱਬਈ 'ਚ ਕੀਤਾ ਗਿਆ ਨਿਵੇਸ਼ ਬੈਂਕਾਂ ਵਲੋਂ ਕੀਤੇ ਨਿਵੇਸ਼ ਤੋਂ ਕਈ ਗੁਣਾ ਵਧ ਹੈ।

## ਭਾਰਤ ਵਲੋਂ ਆਰਥਿਕਤਾ ਲੀਹ 'ਤੇ ਆਉਣ ਦਾ ਦਾਅਵਾ

**ਨਵੀਂ ਦਿੱਲੀ:** ਦੁੱਬਈ ਦੇ ਵਿੱਤੀ ਸੰਕਟ ਕਾਰਨ ਸਹਿਮੀ ਹੋਈ ਆਰਥਿਕ ਹਾਲਤ ਲਈ ਮੰਗਲਵਾਰ ਨੂੰ ਜਾਰੀ ਤਿਮਾਹੀ ਦੇ ਕੁੱਲ ਘਰੇਲੂ ਉਤਪਾਦ ਦੇ ਅੰਕੜੇ ਕਾਫੀ ਉਤਸ਼ਾਹਜਨਕ ਰਹੇ ਹਨ। ਸਨਅਤੀ ਸਰਗਰਮੀਆਂ ਵਿਚ ਤੇਜ਼ੀ ਕਾਰਨ ਦੂਜੀ ਤਿਮਾਹੀ ਵਿਚ ਕੁੱਲ ਘਰੇਲੂ ਉਤਪਾਦ ਵਿਚ 7.9 ਫੀਸਦੀ ਦਾ ਭਾਰੀ ਵਾਧਾ ਦਰਜ ਕੀਤਾ ਗਿਆ ਹੈ, ਜਿਹੜਾ ਪਹਿਲੀ ਤਿਮਾਹੀ ਦੇ ਵਾਧੇ ਦੇ ਅੰਕੜੇ ਦੀ ਤੁਲਨਾ ਵਿਚ ਡੇਢ ਫੀਸਦੀ ਤੋਂ ਵੀ ਵਧ ਹੈ। ਕੇਂਦਰੀ ਅੰਕੜਾ ਜਥੇਬੰਦੀ ਸੀ.ਐਸ.ਓ. ਨੇ ਸੋਮਵਾਰ ਵਿੱਤੀ ਸਾਲ 2009-10 ਦੀ ਦੂਜੀ ਤਿਮਾਹੀ ਜੋ ਜੁਲਾਈ ਤੋਂ ਸਤੰਬਰ ਤਕ ਦੀ ਹੈ, ਦੇ ਕੁਲ ਘਰੇਲੂ ਉਤਪਾਦ ਦੇ ਅੰਕੜੇ ਜਾਰੀ ਕੀਤੇ। ਇਸ ਮੁਤਾਬਕ ਸਾਲ 1999-2000 ਦੇ ਸਥਿਰ ਮੁੱਲ ਦੇ ਆਧਾਰ 'ਤੇ ਦੂਜੀ ਤਿਮਾਹੀ ਵਿਚ ਜੀ.ਡੀ.ਪੀ. 8 ਲੱਖ 34 ਹਜ਼ਾਰ 780 ਕਰੋੜ ਰੁਪਏ ਰਹੀ। ਪਿਛਲੇ ਵਿੱਤੀ ਸਾਲ ਵਿਚ ਇਸੇ ਤਿਮਾਹੀ ਦੌਰਾਨ ਇਹ 7 ਲੱਖ 75 ਹਜ਼ਾਰ 850 ਕਰੋੜ ਰੁਪਏ ਸੀ। ਇਹ ਵਾਧਾ 7.9 ਰਿਹਾ। ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਦੇ ਮੁਖੀ ਅਤੇ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਸੀ.ਰੰਗਾਰਾਜਨ ਨੇ ਦੂਜੀ ਤਿਮਾਹੀ ਲਈ ਕੁਲ ਘਰੇਲੂ ਉਤਪਾਦ ਵਿਚ 6.1 ਫੀਸਦੀ ਵਾਧੇ ਦਾ ਅਨੁਮਾਨ ਲਗਾਇਆ ਸੀ ਪਰ ਸੀ.ਐਸ.ਓ. ਦੇ ਤਾਜ਼ਾ ਅੰਕੜੇ ਇਸ ਤੋਂ ਕਿਤੇ ਵੱਧ 7.9 ਫੀਸਦੀ ਰਹੇ ਹਨ।

## ਬੰਗਾਲ ਵਿਚ ਟੀਮ ਭੇਜਣ ਦਾ ਤਿੱਖਾ ਵਿਰੋਧ

**ਨਵੀਂ ਦਿੱਲੀ:** ਕਾਨੂੰਨ ਵਿਵਸਥਾ 'ਚ ਵਿਗਾੜ ਦਾ ਬਹਾਨਾ ਬਣਾ ਕੇ ਪੱਛਮੀ ਬੰਗਾਲ 'ਚ ਕੇਂਦਰ ਸਰਕਾਰ ਵਲੋਂ ਭੇਜੀ ਗਈ ਟੀਮ ਦਾ ਸੀ ਪੀ ਆਈ (ਐਮ) ਸਮੇਤ ਸਮੂਹ ਵਿਰੋਧੀ ਸਿਆਸੀ ਪਾਰਟੀਆਂ ਨੇ ਸਖ਼ਤ ਨੋਟਿਸ ਲਿਆ ਹੈ। ਵਿਰੋਧੀ ਪਾਰਟੀਆਂ ਨੇ ਕੇਂਦਰ ਸਰਕਾਰ ਦੇ ਇਸ ਕਦਮ ਨੂੰ ਸੂਬਾਈ ਮਾਮਲਿਆਂ 'ਚ ਸਿੱਧੀ ਦਖ਼ਲ ਅੰਦਾਜ਼ੀ ਕਰਾਰ ਦਿੰਦਿਆਂ ਲੋਕਤੰਤਰ ਦਾ ਕਤਲ ਦੱਸਿਆ ਹੈ। ਸਮੂਹ ਵਿਰੋਧੀ ਸਿਆਸੀ ਪਾਰਟੀਆਂ ਨੇ ਇਹ ਮੁੱਦਾ ਸੰਸਦ ਦੇ ਦੋਹਾਂ ਸਦਨਾਂ 'ਚ ਜ਼ੋਰਦਾਰ ਤਰੀਕੇ ਨਾਲ ਉਠਾਇਆ। ਸੀਪੀਆਈ (ਐਮ) ਦੀ ਅਗਵਾਈ 'ਚ ਖੱਬੀਆਂ ਪਾਰਟੀਆਂ ਨੇ ਲੰਘੀ 30 ਨਵੰਬਰ ਨੂੰ ਇਹ ਮੁੱਦਾ ਰਾਜ ਸਭਾ 'ਚ ਜ਼ੋਰ-ਸ਼ੋਰ ਨਾਲ ਉਠਾਇਆ, ਜਿਸ ਤੋਂ ਬਾਅਦ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਨੂੰ ਇਸ ਮਾਮਲੇ 'ਚ ਬਿਆਨ ਦੇਣ ਲਈ ਮਜਬੂਰ ਹੋਣਾ ਪਿਆ। ਕੇਂਦਰੀ ਮੰਤਰੀ ਨੇ ਕਿਹਾ ਕਿ ਸਰਕਾਰ ਦਾ ਸੂਬਾਈ ਮਾਮਲਿਆਂ 'ਚ ਦਖ਼ਲ ਦੇਣ ਦਾ ਕੋਈ ਇਰਾਦਾ ਨਹੀਂ ਹੈ ਤੇ ਉਨ੍ਹਾਂ ਕੇਂਦਰੀ ਟੀਮ ਨੂੰ ਸੂਬਾਈ ਅਧਿਕਾਰੀਆਂ ਨਾਲ ਸੂਬੇ ਦੇ ਹਾਲਾਤ ਦਾ ਜਾਇਜ਼ਾ ਲੈਣ ਲਈ ਸਿਰਫ਼ ਸੁਝਾਅ ਦਿੱਤਾ ਹੈ।

ਦੱਸਣਾ ਬਣਦਾ ਹੈ ਕਿ ਕੇਂਦਰ ਸਰਕਾਰ ਨੇ ਕੇਂਦਰੀ ਸੱਤਾ 'ਚ ਭਾਈਵਾਲ ਤ੍ਰਿਣਮੂਲ ਕਾਂਗਰਸ ਦੇ ਦਬਾਅ ਹੇਠ ਆ ਕੇ ਬੰਗਾਲ 'ਚ ਇਕ ਕੇਂਦਰੀ ਟੀਮ ਭੇਜੀ ਹੈ। ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਇਸ ਟੀਮ ਰਾਹੀਂ ਰਿਪੋਰਟ ਤਿਆਰ ਕਰਵਾ ਕੇ ਸੂਬੇ 'ਚ ਰਾਸ਼ਟਰਪਤੀ ਰਾਜ ਲਗਵਾਉਣਾ ਚਾਹੁੰਦੀ ਹੈ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਿਹਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖ਼ਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627




# ਇਹੋ ਜਿਹੇ ਲੀਡਰਾਂ ਦੇ ਹੱਥਾਂ 'ਚ ਹੈ ਸਾਡੇ ਭਾਰਤ ਮਹਾਨ ਦੀ ਕਮਾਨ

**ਜਤਿੰਦਰ ਪਨੂੰ**









ਪਿਛਲਾ ਸ਼ੁਕਰਵਾਰ, ਛੱਬੀ ਨਵੰਬਰ ਦਾ ਦਿਨ, ਪੂਰੇ ਭਾਰਤ ਦੇ ਲੋਕਾਂ ਲਈ ਇੱਕ ਸੋਗ ਦਾ ਦਿਨ ਸੀ, ਇੱਕ ਸਾਲ ਪਹਿਲਾਂ ਵਾਪਰੇ ਕਹਿਰ ਦੇ ਵਰ੍ਹੀਣੇ ਦਾ ਦਿਨ। ਉਹ ਕਹਿਰ ਮੁੰਬਈ ਵਿਚ ਵਾਪਰਿਆ ਸੀ, ਜਿਸ ਵਿਚ ਸੱਠ ਘੰਟੇ ਏਨੇ ਭਾਰੂ ਹੋਏ ਕਿ ਇੱਕ ਸੌ ਛਿਆਹਠ ਲੋਕਾਂ ਦੀ ਜਾਨ ਜਾਂਦੀ ਰਹੀ ਤੇ ਤਿੰਨ ਸੌ ਚਾਰ ਜਣੇ ਜ਼ਖ਼ਮੀ ਹੋ ਗਏ ਸਨ। ਸਖ਼ਤ ਸੁਰੱਖਿਆ ਵਾਲੇ ਥਾਂਵਾਂ ਉਤੇ ਪਾਕਿਸਤਾਨ ਤੋਂ ਆਏ ਦਹਿਸ਼ਤਗਰਦਾਂ ਨੇ ਟੋਲੀਆਂ ਬਣਾ ਕੇ ਹਮਲਾ ਕੀਤਾ ਸੀ ਤੇ ਸੁਰੱਖਿਆ ਦੇ ਸਾਰੇ ਪ੍ਰਬੰਧ ਧਰੇ-ਧਰਾਏ ਰਹਿ ਗਏ ਸਨ। ਦੁਨੀਆਂ ਉਸ ਹਮਲੇ ਕਾਰਨ ਕੰਬ ਉਠੀ ਸੀ, ਕਿਉਂਕਿ ਮਰਨ ਵਾਲੇ ਇਕੱਲੇ ਭਾਰਤੀ ਨਹੀਂ, ਕਈ ਹੋਰਨਾਂ ਦੇਸ਼ਾਂ ਦੇ ਨਾਗਰਿਕ ਵੀ ਸਨ, ਜਿਹੜੇ ਕਾਰੋਬਾਰ ਜਾਂ ਸੈਰ-ਸਪਾਟੇ ਲਈ ਆਏ ਸਨ। ਬੜੇ ਹੋਣਹਾਰ ਪੁਲਸ ਅਧਿਕਾਰੀ, ਸਿਪਾਹੀ ਤੇ ਕਮਾਂਡੋ ਵੀ ਆਪਣੀ ਵਰਦੀ ਪਾਉਣ ਸਮੇਂ ਚੁੱਕੀ ਸਹੁੰ ਦੀ ਲਾਜ ਪਾਲਦੇ ਹੋਏ ਸ਼ਹੀਦ ਹੋ ਗਏ ਸਨ ਤੇ ਜ਼ਖਮੀਆਂ ਦੀ ਗਿਣਤੀ ਵੱਖਰੀ ਸੀ। ਬੜੇ ਗਹਿਰੇ ਜ਼ਖਮ ਹਨ ਹੁਣ ਤੱਕ ਦੇ ਉਸ ਸਭ ਤੋਂ ਵੱਡੇ ਦਹਿਸ਼ਤਗਰਦ ਹਮਲੇ ਦੇ।

ਸਾਲ ਪੂਰਾ ਹੋਣ ਉੱਤੇ ਭਾਰਤ ਦੇ ਲੋਕਾਂ ਨੇ ਉਨ੍ਹਾਂ ਸਾਰਿਆਂ ਨੂੰ ਯਾਦ ਕੀਤਾ, ਜੋ ਹਮਲੇ ਦਾ ਸ਼ਿਕਾਰ ਹੋਏ ਜਾਂ ਫ਼ਰਜ਼ ਨਿਭਾਉਂਦੇ ਹੋਏ ਜਾਨਾਂ ਕੁਰਬਾਨ ਕਰ ਗਏ ਸਨ। ਥਾਂ-ਪੁਰ-ਥਾਂ ਉਨ੍ਹਾਂ ਦੀ ਯਾਦ ਵਿਚ ਸ਼ੋਕ ਸਭਾਵਾਂ ਹੋਈਆਂ। ਸੁਰੱਖਿਆ ਫ਼ੋਰਸਾਂ ਨੇ ਨਾਗਰਿਕਾਂ ਨੂੰ ਭਵਿੱਖ ਦੀ ਸੁੱਖ-ਸਾਂਦ ਦੀ ਜ਼ਾਮਨੀ ਦੇਣ ਲਈ ਪਰੇਡਾਂ ਕੀਤੀਆਂ। ਕਈ ਥਾਂਵਾਂ ਉਤੇ ਖ਼ੂਨਦਾਨ ਦੇ ਕੈਂਪ ਲਾ ਕੇ ਲੋਕਾਂ ਨੇ ਵੀ ਆਪਣੀ ਭਾਵਨਾ ਦਾ ਪ੍ਰਗਟਾਵਾ ਕੀਤਾ। ਪ੍ਰਗਟਾਵਾ ਲੀਡਰਾਂ ਨੇ ਵੀ ਕੀਤਾ, ਪਰ ਉਨ੍ਹਾਂ ਨੇ ਜੋ ਕੁਝ ਕਰ ਵਿਖਾਇਆ, ਉਸਦੀ ਘੱਟੋ-ਘੱਟ ਇਸ ਮੌਕੇ ਆਸ ਨਹੀਂ ਸੀ।

ਅਸੀਂ ਪਿਛਲੇ ਸਾਲ ਦਿੱਲੀ ਦੇ ਬੰਬ ਧਮਾਕਿਆਂ ਵੇਲੇ ਵੇਖਿਆ ਸੀ ਕਿ ਓਦੋਂ ਦੇ ਕੇਂਦਰੀ ਗ੍ਰਹਿ ਮੰਤਰੀ ਨੇ ਅਜਿਹੇ ਨਾਜ਼ੁਕ ਮੌਕੇ ਵੀ ਕਿੰਨੀ ਨਾਟਕਬਾਜ਼ੀ ਕੀਤੀ ਸੀ। ਉਹ ਧਮਾਕਿਆਂ ਦੀ ਖ਼ਬਰ ਮਿਲਣ ਪਿੱਛੋਂ ਘਟਨਾ ਸਥਾਨ ਜਾਂ ਪੁਲਸ ਕੰਟਰੋਲ ਰੂਮ ਵਲ ਦੌੜਿਆ ਜਾਣ ਦੀ ਥਾਂ ਘਰ ਨੂੰ ਦੌੜਿਆ ਗਿਆ ਸੀ ਸੂਟ ਬਦਲਣ ਲਈ।

ਬੇਸ਼ਰਮੀ ਭਰੀ ਕਮਾਲ ਇਹ ਕੀਤੀ ਕਿ ਉਹ ਤਿੰਨ ਥਾਂ ਧਮਾਕਿਆਂ ਤੋਂ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਪੁੱਜਾ ਤੇ ਤਿੰਨੇ ਥਾਂ ਪਹਿਲੇ ਦੀ ਥਾਂ ਨਵਾਂ ਸੂਟ ਪਾਕੇ ਜਾਂਦਾ ਰਿਹਾ, ਜਿਵੇਂ ਫੈਸ਼ਨ ਪਰੇਡ ਵਿਚ ਹਿੱਸਾ ਲੈ ਰਿਹਾ ਹੋਵੇ। ਇਹੋ ਜਿਹੇ ਮੰਤਰੀ ਨੂੰ ਕੱਢ ਦਿੱਤਾ ਹੁੰਦਾ ਤਾਂ ਕੇਂਦਰ ਸਰਕਾਰ ਇਸ ਤੋਂ ਬਾਅਦ ਦੀ ਨਮੋਸ਼ੀ ਤੋਂ ਬਚ ਜਾਂਦੀ। ਜਦੋਂ ਮੁੰਬਈ ਵਿਚ ਹਮਲਾ ਸ਼ੁਰੂ ਹੋਇਆ, ਉਸਦੀ ਸੂਚਨਾ ਦਿੱਲੀ ਦੇ ਕਮਾਂਡੋ ਕੇਂਦਰ ਵਿਚ ਤਿੰਨ ਘੰਟੇ ਪਛੜ ਕੇ ਪਹੁੰਚੀ ਸੀ। ਕਮਾਂਡੋ ਪਹਿਲਾਂ ਹੀ ਤਿਆਰ ਕੀਤੇ ਹੋਏ ਸਨ, ਜਹਾਜ਼ ਵੀ ਖੜਾ ਸੀ, ਪਰ ਪਾਇਲਟ ਤੇ ਅਮਲਾ ਘਰੀਂ ਜਾ ਚੁੱਕਾ ਸੀ। ਜਦੋਂ ਉਨ੍ਹਾਂ ਨੂੰ ਘਰਾਂ ਤੋਂ ਬੁਲਾਇਆ ਗਿਆ ਤੇ ਜਹਾਜ਼ ਉੱਡਣ ਲੱਗਾ, ਜਾਣਕਾਰਾਂ ਦੇ ਦੱਸਣ ਮੁਤਾਬਕ ਓਸੇ ਕੇਂਦਰੀ ਗ੍ਰਹਿ ਮੰਤਰੀ ਦਾ ਸੁਨੇਹਾ ਆ ਗਿਆ ਕਿ ਉਸਨੇ ਨਾਲ ਜਾਣਾ ਹੈ, ਉਡੀਕ ਕੀਤੀ ਜਾਵੇ। ਇੱਕ-ਇੱਕ ਮਿੰਟ ਕੀਮਤੀ ਸੀ ਤੇ ਗ੍ਰਹਿ ਮੰਤਰੀ ਦੀ ਉਡੀਕ ਨੇ ਤਿੰਨ ਘੰਟੇ ਜਹਾਜ਼ ਹੋਰ ਲੇਟ ਕਰਵਾ ਦਿੱਤਾ। ਉਸ ਪਿੱਛੋਂ ਜਦੋਂ ਚਾਰੇ ਪਾਸੇ ਤੋਂ ਨੁਕਤਾਚੀਨੀ ਹੋਣ ਲੱਗ ਪਈ, ਗ੍ਰਹਿ ਮੰਤਰੀ ਸਾਹਿਬ ਨੂੰ 'ਨਮਸਤੇ' ਕਹਿਣੀ ਪੈ ਗਈ ਸੀ।

ਹੁਣ ਜਦੋਂ ਉਸ ਸਾਕੇ ਨੂੰ ਇੱਕ ਸਾਲ ਪੂਰਾ ਹੋ ਗਿਆ ਹੈ, ਇੱਕ ਖ਼ਬਰ ਮਹਾਰਾਸ਼ਟਰ ਤੋਂ ਆ ਗਈ ਹੈ। ਉਸ ਰਾਜ ਦਾ ਗ੍ਰਹਿ ਮੰਤਰੀ ਆਰ ਆਰ ਪਾਟਿਲ ਉਸ ਹਮਲੇ ਵੇਲੇ ਵੀ ਗ੍ਰਹਿ ਮੰਤਰੀ ਹੁੰਦਾ ਸੀ। ਪੱਤਰਕਾਰਾਂ ਵਲੋਂ ਪੁੱਛੇ ਇੱਕ ਸਵਾਲ ਦੇ ਜਵਾਬ ਵਿਚ ਓਦੋਂ ਉਸ ਨੇ ਕਹਿ ਦਿੱਤਾ ਸੀ, "ਏਦਾਂ ਦੀ ਛੋਟੀ-ਮੋਟੀ ਵਾਰਦਾਤ ਤਾਂ ਹੋ ਹੀ ਜਾਂਦੀ ਹੈ।" ਇੱਕ ਸੌ ਛਿਆਹਠ ਲੋਕਾਂ ਦਾ ਮਾਰ ਦਿੱਤਾ ਜਾਣਾ ਉਹਦੇ ਲਈ 'ਛੋਟੀ-ਮੋਟੀ ਵਾਰਦਾਤ ਸੀ'। ਚਾਰੇ ਪਾਸੇ ਨਿਖੇਧੀ ਹੋਈ ਤਾਂ ਉਸਨੂੰ ਵੀ ਗੱਦੀ ਛੱਡ ਕੇ ਜਾਣਾ ਪਿਆ ਸੀ। ਕੁਝ ਮਹੀਨੇ ਪਹਿਲਾਂ ਹੋਈਆਂ ਵਿਧਾਨ ਸਭਾ ਚੋਣਾਂ ਪਿੱਛੋਂ ਕਾਂਗਰਸ-ਐਨ ਸੀ ਪੀ ਗੱਠਜੋੜ ਦੁਬਾਰਾ ਜਿੱਤਿਆ ਤਾਂ ਆਰ ਆਰ ਪਾਟਿਲ ਫਿਰ ਨਾ ਸਿਰਫ਼ ਮੰਤਰੀ ਬਣ ਗਿਆ, ਮਹਿਕਮਾ ਵੀ ਉਸ ਕੋਲ ਮੁੜ ਕੇ ਪੁਲਸ ਦਾ ਹੀ ਆ ਗਿਆ।

ਤਾਜ਼ਾ ਖ਼ਬਰ ਮਹਾਰਾਸ਼ਟਰ ਦੀ ਸਰਕਾਰ ਦੇ ਡਿਪਟੀ ਮੁੱਖ ਮੰਤਰੀ ਸ਼ਗਨ ਭੁਜਬਲ ਦਾ ਇੱਕ ਬਿਆਨ ਹੈ। ਉਹ ਵੀ ਆਰ ਆਰ ਪਾਟਿਲ ਦੀ ਪਾਰਟੀ ਦਾ ਹੈ ਤੇ ਆਖਿਆ ਉਸਨੇ ਇਹ ਹੈ ਕਿ ਜਦੋਂ ਮੁੰਬਈ ਉੱਤੇ ਦਹਿਸ਼ਤਗਰਦ ਹਮਲਾ ਹੋਇਆ ਸੀ, ਪਾਟਿਲ ਨੂੰ ਮੈਂ ਉਸ ਦੇ ਘਰ ਜਾ ਕੇ ਕਿਹਾ ਸੀ, ਘਰ ਨਾ ਬੈਠੋ, ਜਾ ਕੇ ਮੌਕਾ ਵੇਖੋ ਤੇ ਸੁਰੱਖਿਆ ਫੋਰਸ ਦੇ ਨਾਲ ਨਾਲ ਲੋਕਾਂ ਦਾ ਹੌਸਲਾ ਵਧਾਓ। ਪਾਟਿਲ ਨੇ ਅੱਗੋਂ ਕਿਹਾ ਸੀ, ਪੁਲਸ ਨੇ ਖ਼ਤਰੇ ਕਾਰਨ ਮੈਨੂੰ ਬਾਹਰ ਨਾ ਜਾਣ ਲਈ ਕਿਹਾ ਹੋਇਆ ਹੈ। ਭੁਜਬਲ ਕਹਿੰਦਾ ਹੈ ਕਿ ਮੈਂ ਇਸਨੂੰ ਸਮਝਾਇਆ ਸੀ ਕਿ ਹੋਰ ਕਿਧਰੇ ਨਾ ਸਹੀ, ਪੁਲਸ ਦੇ ਕੰਟਰੋਲ ਰੂਮ ਤੱਕ ਹੀ ਚਲੇ ਜਾਓ, ਪਰ ਇਸਨੇ ਮੈਨੂੰ ਕਿਹਾ ਸੀ, ਤੁਸੀਂ ਜਾਓ, ਮੈਂ ਠਹਿਰ ਕੇ ਆਉਂਦਾ ਹਾਂ। ਦੋਵੇਂ ਜਣੇ ਇੱਕੋ ਪਾਰਟੀ ਦੇ ਲੀਡਰ ਹਨ, ਸ਼ਰਦ ਪਵਾਰ ਦੀ ਪਾਰਟੀ ਦੇ। ਬਾਹਰ ਦੇ ਕਿਸੇ ਗਵਾਹ ਦੀ ਲੋੜ ਨਹੀਂ, ਪਾਰਟੀ ਦਾ ਇਕ ਲੀਡਰ ਹੀ ਜਦੋਂ ਪਾਟਿਲ ਦੇ ਖ਼ਿਲਾਫ ਇਹ ਬਿਆਨ ਦੇ ਚੁੱਕਾ ਹੈ, ਉਸ ਨੂੰ ਮਹਾਰਾਸ਼ਟਰ ਦੀ ਪੁਲਸ ਦਾ ਮੰਤਰੀ ਕੀ ਲੋਕਾਂ ਦੇ ਜ਼ਖਮਾਂ 'ਤੇ ਲੂਣ ਧੂੜਨ ਨੂੰ ਰੱਖਿਆ ਹੋਇਆ ਹੈ?

ਓਸੇ ਮਹਾਰਾਸ਼ਟਰ ਦਾ ਇੱਕ ਹੋਰ ਲੀਡਰ ਵਿਲਾਸ ਰਾਓ ਦੇਸ਼ਮੁਖ ਹੈ। ਉਹ ਉਸ ਹਮਲੇ ਵੇਲੇ ਓਥੋਂ ਦਾ ਮੁੱਖ ਮੰਤਰੀ ਹੁੰਦਾ ਸੀ। ਜਦੋਂ ਮੁਕਾਬਲਾ ਮੁੱਕਾ, ਮੁੱਖ ਮੰਤਰੀ ਦੇਸ਼ਮੁਖ ਮੌਕਾ ਵੇਖਣ ਚਲਾ ਗਿਆ। ਮੌਕਾ ਹੀ ਵੇਖਣਾ ਸੀ, ਪਿਕਨਿਕ ਨਹੀਂ ਸੀ ਮਨਾਉਣੀ, ਪਰ ਉਹ ਆਪਣੇ ਐਕਟਰ ਪੁੱਤਰ ਨੂੰ ਵੀ ਨਾਲ ਲੈ ਗਿਆ। ਓਸੇ ਨੂੰ ਨਹੀਂ, ਉਸ ਫਿਲਮ ਡਾਇਰੈਕਟਰ ਨੂੰ ਵੀ ਖੜ੍ਹੇ ਪੈਰ ਨਾਲ ਲੈ ਗਿਆ, ਜਿਸ ਨੇ ਉਸ ਹਮਲੇ ਬਾਰੇ ਫ਼ਿਲਮ ਬਣਾਉਣੀ ਸੀ। ਮਨਸ਼ਾ ਇਹ ਸੀ ਕਿ ਇਹ ਡਾਇਰੈਕਟਰ ਇਸ ਹਮਲੇ ਬਾਰੇ ਫਿਲਮ ਬਣਾਵੇਗਾ ਤੇ ਮੇਰੇ ਪੁੱਤਰ ਨੂੰ ਹੀਰੋ ਦਾ ਰੋਲ ਮਿਲੇਗਾ। ਬਦਨਾਮੀ ਪੱਲੇ ਪਈ ਤਾਂ ਦੇਸ਼ਮੁੱਖ ਨੂੰ ਵੀ ਮੁੱਖ ਮੰਤਰੀ ਦੀ ਕੁਰਸੀ ਛੱਡਣੀ ਪਈ, ਪਰ ਕੋਈ ਗੱਲ ਨਹੀਂ, ਹੁਣ ਉਹ ਕੇਂਦਰ ਸਰਕਾਰ ਦਾ ਕੈਬਨਿਟ ਮੰਤਰੀ ਹੈ।

ਇਹਨਾਂ ਤੋਂ ਬਾਅਦ ਸਾਨੂੰ ਦੇਸ਼ ਦੀ ਕੇਂਦਰੀ ਰਾਜਨੀਤੀ ਦਾ ਹਾਲ ਵੇਖਣਾ ਚਾਹੀਦਾ ਹੈ। ਓਥੇ ਵੀ ਮੁੰਬਈ ਦੇ ਹਮਲੇ ਬਾਰੇ ਲੀਡਰਾਂ ਨੇ ਬਥੇਰਾ ਕੁਚੱਜ ਕੀਤਾ, ਪਰ ਉਹ ਕੁਚੱਜ ਦੀ ਕਹਾਣੀ ਪਾਉਣ ਤੋਂ ਪਹਿਲਾਂ ਅਸੀਂ ਪਾਰਲੀਮੈਂਟ ਅੰਦਰ ਮੈਂਬਰਾਂ ਤੇ ਮੰਤਰੀਆਂ ਦੀ ਸੰਜੀਦਗੀ ਦੀਆਂ ਕੁਝ ਗੱਲਾਂ ਵੀ ਕਰਨੀਆਂ ਚਾਹੁੰਦੇ ਹਾਂ।

ਇੱਕ ਕੇਂਦਰੀ ਮੰਤਰੀ ਦਾ ਨਾਂਅ ਹੈ ਐਲਾਗੀਰੀ। ਉਹ ਤਾਮਿਲ ਨਾਡੂ ਦਾ ਹੈ ਤੇ ਓਥੋਂ ਦੇ ਮੁੱਖ ਮੰਤਰੀ ਕਰੁਣਾਨਿਧੀ ਦੇ ਪਰਵਾਰ ਦਾ ਮੈਂਬਰ ਹੋਣ ਕਰਕੇ ਡੀ ਐੱਮ ਕੇ ਪਾਰਟੀ ਦੇ ਕੋਟੇ ਵਿਚੋਂ ਮੰਤਰੀ ਬਣਾਇਆ ਗਿਆ ਹੈ। ਵਿਚਾਰੇ ਨੂੰ ਨਾ ਤਾਂ ਹਿੰਦੀ ਆਉਂਦੀ ਹੈ ਤੇ ਨਾ ਅੰਗਰੇਜ਼ੀ, ਸਿਰਫ਼ ਤਾਮਿਲ ਬੋਲੀ ਜਾਣਦਾ ਹੈ। ਪਾਰਲੀਮੈਂਟ ਦਾ ਕੰਮ-ਕਾਜ ਅੰਗਰੇਜ਼ੀ ਅਤੇ ਹਿੰਦੀ ਦੋ ਬੋਲੀਆਂ ਵਿਚ ਹੁੰਦਾ ਹੈ ਤੇ ਜੇ ਕਿਸੇ ਨੇ ਕੋਈ ਖੇਤਰੀ ਬੋਲੀ ਬੋਲਣੀ ਹੋਵੇ ਤਾਂ ਉਸਨੂੰ ਪਹਿਲਾਂ ਸੂਚਨਾ ਦੇਣੀ ਪੈਂਦੀ ਹੈ, ਤਾਂ ਕਿ ਦੋ ਭਾਸ਼ੀਏ ਦਾ ਪ੍ਰਬੰਧ ਕੀਤਾ ਜਾ ਸਕੇ। ਆਪ ਉਹ ਮੰਤਰੀ ਪਾਰਲੀਮੈਂਟ ਦੀਆਂ ਦੋਵੇਂ ਭਾਸ਼ਾ ਜਾਣਦਾ ਨਹੀਂ, ਅਗਾਊਂ ਸੂਚਨਾ ਦੇਣ ਤੋਂ ਕੰਨੀ ਕਤਰਾਉਂਦਾ ਹੈ ਤੇ ਨਤੀਜੇ ਵਜੋਂ ਜਦੋਂ ਕਿਸੇ ਸਵਾਲ ਦਾ ਜਵਾਬ ਦੇਣਾ ਹੋਵੇ, ਆਪ ਗੈਰ ਹਾਜ਼ਰ ਰਹਿ ਕੇ ਆਪਣੇ ਜੂਨੀਅਰ ਮੰਤਰੀ ਨੂੰ ਕੰਮ ਭੁਗਤਾਉਣ ਲਈ ਕਹਿ ਦੇਂਦਾ ਹੈ। ਮੁੰਬਈ ਹਮਲੇ ਦੀ ਬਰਸੀ ਵਾਲੇ ਛੱਬੀ ਨਵੰਬਰ ਦੇ ਦਿਨ ਇਸ ਗੱਲ ਉਤੇ ਪਾਰਲੀਮੈਂਟ ਵਿਚ ਲੰਮੀ ਬਹਿਸ ਹੋ ਗਈ ਕਿ ਉਸ ਨੂੰ ਇੰਜ ਕਰਨ ਦਾ ਹੱਕ ਹੈ ਜਾਂ ਨਹੀਂ?

ਦੂਜੀ ਗੰਭੀਰ ਗੱਲ ਵੀ ਓਸੇ ਦਿਨ ਦੀ ਹੈ। ਪਾਰਲੀਮੈਂਟ ਦੇ ਉੱਪਰਲੇ ਸਦਨ ਰਾਜ ਸਭਾ ਵਿਚ ਬਹਿਸ ਚੱਲ ਰਹੀ ਸੀ। ਇੱਕ ਖੱਬੇ ਪੱਖੀ ਮੈਂਬਰ ਨੇ ਚੇਅਰਮੈਨ ਦਾ ਧਿਆਨ ਦਿਵਾਇਆ ਕਿ ਸਦਨ ਵਿਚ ਇੱਕ ਵੀ ਮੰਤਰੀ ਮੌਜੂਦ ਨਹੀਂ, ਜਦੋਂ ਸਰਕਾਰ ਦਾ ਕੋਈ ਪ੍ਰਤੀਨਿਧ ਹੀ ਮੌਜੂਦ ਨਹੀਂ ਤਾਂ ਬਹਿਸ ਦੇ ਮੁੱਦੇ ਕੌਣ ਨੋਟ ਕਰੇਗਾ? ਰਾਜ ਸਭਾ ਦੇ ਚੇਅਰਮੈਨ ਨੇ ਮੰਤਰੀਆਂ ਦੀ ਗੈਰ ਹਾਜ਼ਰੀ ਨੋਟ ਕਰ ਕੇ ਸਦਨ ਪੰਜ ਮਿੰਟ ਲਈ ਬਰਖਾਸਤ ਕਰ ਦਿੱਤਾ। ਜਦੋਂ ਚੇਅਰਮੈਨ ਸਾਹਿਬ ਚਲੇ ਗਏ, ਵਿਰੋਧੀ ਧਿਰ ਦੇ ਨੇਤਾ ਅਰੁਣ ਜੇਤਲੀ ਅਤੇ ਉਸ ਕੋਲ ਬੈਠ ਕੇ ਗੱਲ ਕਰ ਰਹੇ ਇੱਕ ਮੰਤਰੀ ਵਾਇਲਰ ਰਵੀ ਨੇ ਬਾਕੀ ਮੈਂਬਰਾਂ ਨੂੰ ਪੁੱਛਿਆ ਕਿ ਸਦਨ ਕਿਉਂ ਬਰਖਾਸਤ ਕੀਤਾ ਗਿਆ ਹੈ? ਉਦੋਂ ਸਭ ਨੂੰ ਪਤਾ ਲੱਗਾ ਕਿ 'ਇੱਕ ਮੰਤਰੀ ਹਾਜ਼ਰ' ਸੀ। ਪੰਜ ਮਿੰਟ ਪਿੱਛੋਂ ਜਦੋਂ ਕਾਰਵਾਈ ਸ਼ੁਰੂ ਹੋਈ, ਮੰਤਰੀ ਨੇ ਕਾਰਵਾਈ ਵਲ ਧਿਆਨ ਨਾ ਦੇਣ ਦੀ ਮਾਫ਼ੀ ਮੰਗੀ, ਵਿਰੋਧੀ ਧਿਰ ਦੇ ਭਾਜਪਾ ਆਗੂ ਅਰੁਣ ਜੇਤਲੀ ਨੇ ਵੀ, ਪਰ ਕਮਾਲ ਦੀ ਗੱਲ ਇੱਕ ਹੋਰ ਵੀ ਹੋ ਗਈ। ਰਾਜ ਸਭਾ ਦੀ ਕਈ ਵਾਰੀ ਡਿਪਟੀ ਚੇਅਰਪਰਸਨ ਰਹਿ ਚੁੱਕੀ ਨਜਮਾ ਹੈਪਤੁੱਲਾ ਦੀ ਸੀਟ ਭਾਜਪਾ ਆਗੂ ਅਰੁਣ ਜੇਤਲੀ ਤੋਂ ਇੱਕ ਸੀਟ ਛੱਡ ਕੇ ਹੈ। ਮੰਤਰੀਆਂ ਦੀ ਗੈਰ ਹਾਜ਼ਰੀ ਦਾ ਰੌਲਾ ਪਾਉਣ ਲਈ ਉਹ ਵੀ ਕੂਕਦੀ ਰਹੀ ਸੀ, ਪਰ ਪਿੱਛੋਂ ਪਤਾ ਲੱਗਾ ਕਿ ਮੰਤਰੀ ਤਾਂ ਉਸਦੇ ਨਾਲ ਦੀ ਕੁਰਸੀ 'ਤੇ ਬੈਠਾ ਓਸੇ ਦੇ ਲੀਡਰ ਜੇਤਲੀ ਨਾਲ ਗੱਲ ਕਰ ਰਿਹਾ ਸੀ। ਹੱਸ ਕੇ ਕਹਿਣ ਲੱਗੀ, "ਮੈਂ ਦੇਖਿਆ ਹੀ ਨਹੀਂ ਸੀ।" ਵੱਡਾ ਸਵਾਲ ਇਸ ਤੋਂ ਵੀ ਇਹ ਹੈ ਕਿ ਪੌਣਾ ਸੈਂਕੜਾ ਮੰਤਰੀਆਂ ਵਿਚੋਂ ਪਾਰਲੀਮੈਂਟ ਦੇ ਉਤਲੇ ਸਦਨ ਵਿਚ ਸਿਰਫ਼ ਇੱਕੋ ਮੰਤਰੀ ਮੌਜੂਦ ਸੀ, ਸਿਰਫ ਇੱਕੋ, ਤੇ ਉਹਦਾ ਵੀ ਕਾਰਵਾਈ ਚਲਦੀ ਵਲ ਧਿਆਨ ਹੀ ਨਹੀਂ ਸੀ।

ਇਹ ਗੱਲ ਕਿਸੇ ਸਰਕਾਰ ਅੰਦਰਲੇ ਲੋਕਾਂ ਦੀ ਸੰਜੀਦਗੀ ਦਾ ਪੱਧਰ ਜਾਹਰ ਕਰਦੀ ਹੈ ਤੇ ਇਹ ਕੋਈ ਅਲੋਕਾਰ ਗੱਲ ਵੀ ਨਹੀਂ, ਇਸ ਤੋਂ ਵੀ ਵੱਡੀ ਗੱਲ ਓਸੇ ਦਿਨ ਇੱਕ ਹੋਰ ਹੋ ਗਈ। ਮਹਿੰਗਾਈ ਬਾਰੇ ਕਈ ਦਿਨਾਂ ਤੋਂ ਪਾਰਲੀਮੈਂਟ ਵਿਚ ਮੁੜ-ਮੁੜ ਕੇ ਰੌਲਾ ਪਾਇਆ ਜਾ ਰਿਹਾ ਸੀ। ਵੀਰਵਾਰ ਛੱਬੀ ਨਵੰਬਰ ਦੇ ਦਿਨ ਇਸ ਬਾਰੇ ਵੀ ਬਹਿਸ ਹੋਣੀ ਸੀ ਜਦੋਂ ਇਸ ਬਾਰੇ ਲੋਕ ਸਭਾ ਅੰਦਰ ਬਹਿਸ ਕੀਤੀ ਗਈ, ਪੰਜ ਸੌ ਪੰਜਤਾਲੀ ਮੈਂਬਰਾਂ ਦੀ ਸਭਾ ਵਿਚ ਸਿਰਫ਼ ਪੰਜਾਹ-ਸੱਠ, ਕਦੇ ਪੰਜਾਹ ਤੇ ਕਦੇ ਸੱਠ, ਮੈਂਬਰ ਹੀ ਮੌਜੂਦ ਨਜ਼ਰ ਆਏ। ਪ੍ਰਧਾਨ ਮੰਤਰੀ ਅਮਰੀਕਾ ਦੇ ਦੌਰੇ ਉੱਤੇ ਸਨ। ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਕਿਸੇ ਜ਼ਰੂਰੀ ਕੰਮ ਲਈ ਬਾਹਰ ਗਏ ਹੋਏ ਸਨ। ਹਾਕਮ ਧਿਰ ਦੀ ਇਸ ਬਹਿਸ ਵਿਚ ਦਿਲਚਸਪੀ ਘੱਟ ਹੋ ਸਕਦੀ ਸੀ, ਪਰ ਵਿਰੋਧੀ ਧਿਰ ਲਈ ਤਾਂ ਸੋਹਣਾ ਮੌਕਾ ਸੀ ਕਿ ਰਾਜ ਕਰਨ ਵਾਲਿਆਂ ਨੂੰ ਪੈਰਾਂ ਤੋਂ ਕੱਢ ਦੇਂਦੀ।

ਹੈਰਾਨੀ ਵਾਲੀ ਗੱਲ ਇਹ ਕਿ ਵਿਰੋਧੀ ਧਿਰ ਦੇ ਦੋਵੇਂ ਮੁੱਖ ਲੀਡਰ ਲਾਲ ਕ੍ਰਿਸ਼ਨ ਅਡਵਾਨੀ ਤੇ ਬੀਬੀ ਸੁਸ਼ਮਾ ਸਵਰਾਜ ਜਾਂ ਪਾਰਟੀ ਦਾ ਪ੍ਰਧਾਨ ਰਾਜਨਾਥ ਸਿੰਘ ਤਾਂ ਕੀ, ਕੋਈ ਦੂਜੀ ਜਾਂ ਤੀਜੀ ਕਤਾਰ ਦਾ ਆਗੂ ਵੀ ਓਥੇ ਨਾ ਰੜਕਿਆ। ਬਸ ਉਹ ਚਿਹਰੇ ਬੈਠੇ ਸਨ, ਜਿਨ੍ਹਾਂ ਨੂੰ ਬਹੁਤੇ ਲੋਕ ਜਾਣਦੇ ਹੀ ਨਹੀਂ।

ਹੁਣ ਗੱਲ ਕਰੀਏ ਮੁੰਬਈ ਸਾਕੇ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਦੇਣ ਲਈ ਖਾਸ ਉਪਰਾਲੇ ਵਜੋਂ ਲਾਏ ਗਏ ਖ਼ੂਨ ਦਾਨ ਕੈਂਪ ਦੀ। ਪਾਰਲੀਮੈਂਟ ਦੀ ਅਨੈਕਸੀ ਵਿਚ ਲਾਏ ਗਏ ਇਸ ਖ਼ੂਨ ਦਾਨ ਕੈਂਪ ਲਈ ਵੱਡੀ ਗਿਣਤੀ 'ਚ ਪਾਰਲੀਮੈਂਟ ਮੈਂਬਰਾਂ ਦੇ ਆਉਣ ਦੀ ਝਾਕ ਰੱਖ ਕੇ ਵੱਡੇ ਪ੍ਰਬੰਧ ਕੀਤੇ ਗਏ ਸਨ। ਇੱਕ ਤਾਂ ਮੌਕਾ ਉਸ ਸਾਕੇ ਦੀ ਵਰ੍ਹੇਗੰਢ ਦਾ ਸੀ, ਦੂਜਾ ਪਾਰਲੀਮੈਂਟ ਦੇ ਦੋਵੇਂ ਸਦਨਾਂ ਦੇ ਕੁੱਲ ਸੱਤ ਸੌ ਅੱਸੀਂ ਮੈਂਬਰਾਂ 'ਚੋਂ ਬਜ਼ੁਰਗਾਂ ਤੇ ਬਿਮਾਰਾਂ ਨੂੰ ਛੱਡ ਕੇ ਸੌ ਤੋਂ ਵਧ ਨੌਜਵਾਨ ਤੇ ਦੋ ਕੁ ਸੌ ਅੱਧਖੜ ਵੀ ਸਨ, ਪਰ ਖ਼ੂਨ ਦੇਣ ਲਈ ਪੁੱਜੇ ਮਸਾਂ ਸਤਾਰਾਂ ਜਣੇ। ਅੱਗੋਂ ਉਨ੍ਹਾਂ ਵਿਚੋਂ ਵੀ ਮਸਾਂ ਦਸਾਂ ਦਾ ਖ਼ੂਨ ਲੈਣਾ ਯੋਗ ਸਮਝਿਆ ਗਿਆ, ਜਿਨ੍ਹਾਂ ਵਿਚ ਅੱਠ ਕਾਂਗਰਸੀ, ਇੱਕ ਭਾਰਤੀ ਜਨਤਾ ਦਲ ਦਾ ਤੇ ਇੱਕ ਜਨਤਾ ਦਲ (ਯੁਨਾਈਟਿਡ) ਦਾ ਸੀ। ਜਿਹੜੇ ਪਾਰਲੀਮੈਂਟ ਮੈਂਬਰ ਓਥੇ ਖ਼ੂਨ ਦੀ ਇਕ ਬੋਤਲ ਦੇਣ ਵੀ ਨਹੀਂ ਪਹੁੰਚੇ, ਉਨ੍ਹਾਂ ਤੋਂ ਹੋਰ ਕੀ ਆਸ ਰੱਖੀ ਜਾ ਸਕਦੀ ਹੈ?

ਆਖ਼ਰ ਵਿਚ ਕਰੀਏ ਉਹ ਗੱਲ, ਜਿਸ ਉੱਤੇ ਸਾਰੇ ਦੇਸ਼ ਦੇ ਲੋਕਾਂ ਦਾ ਧਿਆਨ ਲੱਗਾ ਹੋਇਆ ਸੀ। ਕਾਰਵਾਈ ਸ਼ੁਰੂ ਹੋਈ, ਸਪੀਕਰ ਵਲੋਂ ਦਿੱਤੇ ਸੱਦੇ ਉੱਤੇ ਮੁੰਬਈ ਦੇ ਮ੍ਰਿਤਕਾਂ ਦੀ ਯਾਦ ਵਿਚ ਇਕ ਮਿੰਟ ਦਾ ਮੌਨ ਰੱਖਣ ਨਾਲ। ਫੇਰ ਸ਼ਰਧਾਂਜਲੀਆਂ ਸ਼ੁਰੂ ਹੋਈਆਂ। ਕਈ ਸਾਲ ਪਹਿਲਾਂ ਪਿੰਡ ਵਿਚ ਰਹਿੰਦਿਆਂ ਮੈਂ ਕਿਸੇ ਦੇ ਮਰਨ ਉੱਤੇ ਆਉਂਦੀਆਂ ਮਕਾਣਾਂ ਮਗਰ ਵੈਣ ਪਾਉਂਦੀਆਂ ਤੀਵੀਆਂ ਨੂੰ ਸੁਣਿਆ ਹੋਇਆ ਸੀ। ਉਨ੍ਹਾਂ ਵਿਚੋਂ ਕਈ ਤੀਵੀਆਂ ਵੈਣ ਪਾਉਣ ਦੇ ਮੌਕੇ ਨੂੰ ਵਰਤ ਕੇ ਸ਼ਰੀਕਣੀ ਨੂੰ ਸੀਨਾ ਸਾੜਨ ਵਾਲਾ ਮਿਹਣਾ ਵੀ ਮਾਰ ਜਾਂਦੀਆਂ ਸਨ। ਪਾਰਲੀਮੈਂਟ ਵਿਚ ਵੀ ਇਹੋ ਕੰਮ ਸ਼ੁਰੂ ਹੋ ਗਿਆ। ਵਿਰੋਧੀ, ਧਿਰ ਦੇ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਉੱਠ ਕੇ ਸ਼ਰਧਾਂਜਲੀ ਦੇ ਦੋ ਲਫਜ਼ ਕਹੇ ਤੇ ਫਿਰ ਇਹ ਕਥਾ ਸ਼ੁਰੂ ਕਰ ਦਿੱਤੀ ਕਿ ਮੁੰਬਈ ਦੇ ਪੀੜਤਾਂ ਦੇ ਪਰਵਾਰਾਂ ਨੂੰ ਐਲਾਨ ਕੀਤਾ ਮੁਆਵਜ਼ਾ ਜਾਂ ਨੌਕਰੀ ਦੇਣਾ ਹਾਲੇ ਤੱਕ ਐਲਾਨ ਹੀ ਹੈ, ਇਸ ਉੱਤੇ ਅਮਲ ਨਹੀਂ ਹੋਇਆ। ਅੱਗੋਂ ਕਾਂਗਰਸ ਪਾਰਟੀ ਦੇ ਸਭ ਤੋਂ ਸੀਨੀਅਰ ਮੰਤਰੀ ਪ੍ਰਣਬ ਮੁਖਰਜੀ ਸਾਹਿਬ ਭੜਕ ਉੱਠੇ ਕਿ ਸ਼ਰਧਾਂਜਲੀ ਦੇ ਬਹਾਨੇ ਭਾਜਪਾ ਆਗੂ ਰਾਜਨੀਤੀ ਦੀ ਜਿਹੜੀ ਖੇਡ ਖੇਡ ਰਹੇ ਹਨ, ਉਸੇ ਕਾਰਨ ਇਹਨਾਂ ਨੂੰ ਲੋਕਾਂ ਨੇ ਅੱਗੇ ਸਬਕ ਸਿਖਾਇਆ ਹੈ, ਇਹ ਅਜੇ ਵੀ ਹਟਦੇ ਨਹੀਂ।

ਦੋਵਾਂ ਦੀ ਇਸ ਤਕਰਾਰ ਨੇ ਸ਼ਰਧਾਂਜਲੀਆਂ ਦੇ ਮਾਹੌਲ ਨੂੰ ਮਿਹਣੇਬਾਜ਼ੀ ਦੇ ਰੰਗ ਵਿਚ ਇਹੋ ਜਿਹਾ ਰੰਗਿਆ ਕਿ ਜਿਸ ਮੁੱਦੇ ਦੀ ਗੱਲ ਛੋਹੀ ਗਈ ਸੀ, ਉਸ ਦੀ ਕੋਈ ਗੰਭੀਰਤਾ ਹੀ ਨਜ਼ਰ ਨਹੀਂ ਸੀ ਆ ਰਹੀ। ਦੋਵਾਂ ਧਿਰਾਂ ਦੇ ਲੀਡਰਾਂ ਪਿੱਛੇ ਉਨ੍ਹਾਂ ਦੇ ਪਿਛਲੱਗ ਵੀ ਕਾਵਾਂ ਰੌਲੀ ਪਾਉਣ ਤੁਰ ਪਏ ਸਨ। ਇਹ ਸਾਰਾ ਕੁਝ ਗਲਤ ਹੀ ਨਹੀਂ, ਸ਼ਰਮਨਾਕ ਵੀ ਸੀ। ਦੋਵੇਂ ਵੱਡੇ ਲੀਡਰਾਂ ਨੇ ਅਕਲ ਦੀ ਗੱਲ ਨਹੀਂ ਸੀ ਕੀਤੀ। ਜੇ ਮੁਆਵਜ਼ੇ ਨਹੀਂ ਸਨ ਮਿਲੇ ਤੇ ਨੌਕਰੀ ਦੇ ਐਲਾਨ ਉਤੇ ਅਮਲ ਨਹੀਂ ਸੀ ਹੋਇਆ ਤਾਂ ਭਾਰਤੀ ਜਨਤਾ ਪਾਰਟੀ ਦੇ ਲੀਡਰ ਸਾਰਾ ਸਾਲ ਬੋਲੇ ਕਿਉਂ ਨਹੀਂ ਸਨ? ਹੁਣ ਵੀ ਇਹ ਯੋਗ ਮੁੱਦਾ ਉਠਾਉਣਾ ਸੀ ਤਾਂ ਇੱਕ ਦਿਨ ਅਗਾਊਂ ਉਠਾ ਲੈਂਦੇ ਜਾਂ ਇੱਕ ਦਿਨ ਅੱਗੇ ਪਾ ਦੇਂਦੇ, ਓਸੇ ਦਿਨ ਤੇ ਓਦੋਂ ਹੀ ਉਠਾਉਣਾ ਕਿਉਂ ਜ਼ਰੂਰੀ ਸੀ, ਜਦੋਂ ਗੱਲ ਦਹਿਸ਼ਤਗਰਦੀ ਵਿਰੁਧ ਕੜੇ ਘੜੀਆਂ ਪਾ ਕੇ ਚੱਲਣ ਦੀ ਹੋ ਰਹੀ ਸੀ? ਦੂਜੇ ਪਾਸੇ ਪ੍ਰਣਬ ਮੁਖਰਜੀ ਨੇ ਵੀ ਆਪਣੇ ਅੰਦਰਲੇ ਸਾਊਪੁਣੇ ਤੋਂ ਖਹਿੜਾ ਛੁਡਾ ਕੇ ਉਹ ਕੁਝ ਕਰ ਦਿੱਤਾ, ਜੋ ਉਹ ਆਮ ਕਰਕੇ ਕਰਦੇ ਨਹੀਂ ਹੁੰਦੇ। ਉਹ ਕਹਿ ਸਕਦੇ ਸਨ ਕਿ ਅਡਵਾਨੀ ਜੀ ਨੇ ਜੋ ਗੱਲਾਂ ਧਿਆਨ ਵਿਚ ਲਿਆਂਦੀਆਂ ਹਨ, ਉਨ੍ਹਾਂ ਨੂੰ ਉਹ ਛੇਤੀ ਵਿਚਾਰ ਕਰ ਕੇ ਅਮਲ ਕਰਾਉਣ ਦੀ ਕੋਸ਼ਿਸ਼ ਕਰਨਗੇ।

ਪਰ ਉਹ ਤਾਂ ਰਾਜਨੀਤੀ ਕਰਨ ਦੇ ਮਿਹਣੇ ਦੇਣ ਤੁਰ ਪਏ। ਏਦਾਂ ਕਰਨ ਵੇਲੇ ਉਹ ਇਹ ਵੀ ਭੁੱਲ ਗਏ ਕਿ ਪਾਰਲੀਮੈਂਟ ਉੱਤੇ ਹਮਲੇ ਜਾਂ ਕਾਰਗਿਲ ਦੀ ਜੰਗ ਬਾਰੇ ਬਹਿਸ ਦੌਰਾਨ ਕਾਂਗਰਸ ਪਾਰਟੀ ਵੀ ਮੌਕੇ ਦੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਉਤੇ ਏਸੇ ਤਰ੍ਹਾਂ ਚਾਂਦਮਾਰੀ ਕਰਦੀ ਰਹੀ ਸੀ।

ਜੇ ਓਦੋਂ ਉਨ੍ਹਾਂ ਨੂੰ ਹੱਕ ਸੀ ਤਾਂ ਇਸ ਵੇਲੇ ਭਾਜਪਾ ਵਾਲਿਆਂ ਦੀ ਗੱਲ ਵੀ ਬਰਦਾਸ਼ਤ ਕਰ ਲੈਣੀ ਚਾਹੀਦੀ ਸੀ। ਦੇਸ਼ ਦੇ ਨਾਗਰਿਕਾਂ ਵਲੋਂ ਸਬਕ ਸਿਖਾ ਦੇਣ ਦੀਆਂ ਸਲਵਾਤਾਂ ਸੁਣਾਉਣ ਦੀ ਕੀ ਲੋੜ ਸੀ? ਲੋਕਾਂ ਨੇ ਸਬਕ ਕੀ ਸਿਖਾਉਣਾ ਹੈ, ਬਹਿਸ ਤੋਂ ਤਾਂ ਇੰਜ ਜਾਪਦਾ ਸੀ, ਜਿਵੇਂ ਦੋਵਾਂ ਧਿਰਾਂ ਦੇ ਲੀਡਰ ਹੀ ਦੇਸ਼ ਦੇ ਲੋਕਾਂ ਨੂੰ ਸਬਕ ਸਿਖਾ ਰਹੇ ਹੋਣ ਕਿ "ਇਹੋ ਜਿਹੇ ਲੀਡਰ ਫੇਰ ਵੀ ਚੁਣ ਕੇ ਭੇਜੋਗੇ?"


**SUPER TRAVEL**

**847-676-9090**

*E-mail: supertravel2003@yahoo.com*

***Lowest Fares With Excellent Service***

*AMERICAN AIR,* *JET AIRWAYS DELTA, AIR INDIA,*



***For Emergency Call anytime at***

**India $545**

***EARLY BIRD SALE!!!!***

**Homeopathic Systems for Health Treatment**

**When you are tired of all treatments for any disease at any age**

**Try homeopathic, systems of treatment**

**ਅਰਥਰਾਈਟਸ, ਦਮਾ, ਸ਼ੂਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ**

You can get all Homeopathic, Ayurvedic, Biochemic medicines at economical prices.

www.homeomedicine.net

Consultant /Practitioner

**GURDIP SINGH SANDHU**

**DHMS, Hons, BAMS, MDEH, 30 Years experience**

Working as per ACT.SB-577 State of CA.

**CALL: TOLL FREE: 877-OK-HOMEO**

**(877-654-6636)OFFICE: 408-729-6691**

E-mail: Homeomedicine@yahoo.com



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

# ਭਾਰਤ-ਅਮਰੀਕਾ 'ਚ 6 ਸਮਝੌਤੇ, ਪ੍ਰਮਾਣੂ ਸਮਝੌਤਾ ਸਿਰੇ ਲੱਗਣ ਕੰਢੇ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਵਾਸ਼ਿੰਗਟਨ:** ਭਾਰਤ ਅਤੇ ਅਮਰੀਕਾ ਨੇ ਦਹਿਸ਼ਤਵਾਦ ਨਾਲ ਨਿਪਟਣ ਲਈ ਇਕ ਸਹਿਮਤੀ ਪੱਤਰ 'ਐਮ ਓ ਯੂ' ਅਤੇ ਪੰਜ ਹੋਰ ਸਮਝੌਤਿਆਂ 'ਤੇ ਦਸਤਖਤ ਕੀਤੇ ਹਨ। ਦੋਨਾਂ ਦੇਸ਼ਾਂ ਨੇ ਕਿਹਾ ਕਿ ਉਹ ਆਪਣੇ ਸੰਬੰਧਾਂ ਦੇ ਜ਼ਰੀਏ ਇਕੀਵੀਂ ਸ਼ਤਾਬਦੀ 'ਚ ਰਿਸ਼ਤਿਆਂ ਦੀ ਨਵੀਂ ਪਰਿਭਾਸ਼ਾ ਲਿਖਣਗੇ ਅਤੇ ਇਸ ਸਦੀ 'ਚ ਭਾਰਤ ਦੱਖਣ ਏਸ਼ੀਆ ਖੇਤਰ ਤੇ ਦੁਨੀਆਂ ਦੀ ਅਗਵਾਈ ਕਰਨ 'ਚ ਅਹਿਮ ਭੂਮਿਕਾ ਨਿਭਾਏਗਾ।

ਵਿਸ਼ਵ ਸੁਰੱਖਿਆ ਦੇ ਵਿਸਤਾਰ ਅਤੇ ਦਹਿਸ਼ਤਵਾਦ ਨਾਲ ਮੁਕਾਬਲਾ ਕਰਨ ਦੇ ਸਮਝੌਤੇ ਤੋਂ ਇਲਾਵਾ ਦੋਨਾਂ ਦੇਸ਼ਾਂ ਨੇ ਸਿੱਖਿਆ ਅਤੇ ਵਿਕਾਸ, ਸਿਹਤ ਖੇਤਰ 'ਚ ਸਹਿਯੋਗ, ਆਰਥਿਕ ਵਪਾਰ ਅਤੇ ਖੇਤੀ ਤੇ ਹਰੀ ਕ੍ਰਾਂਤੀ ਸੰਬੰਧੀ ਸਮਝੌਤਿਆਂ 'ਤੇ ਦਸਤਖ਼ਤ ਕੀਤੇ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਅਮਰੀਕੀ ਰਾਸ਼ਟਰਪਤੀ ਸ੍ਰੀ ਬਰਾਕ ਦਰਮਿਆਨ ਵਾਈਟ ਹਾਊਸ 'ਚ ਹੋਈ ਗੱਲਬਾਤ ਤੋਂ ਬਾਅਦ ਇਨ੍ਹਾਂ ਸਮਝੌਤਿਆਂ 'ਤੇ ਹਸਤਾਖਰ ਕੀਤੇ ਗਏ।

ਇਹ ਵੀ ਦੱਸਣਾ ਬਣਦਾ ਹੈ ਕਿ ਓਬਾਮਾ ਪ੍ਰਸ਼ਾਸਨ ਦੇ 10 ਮਹੀਨਿਆਂ ਦੇ ਕਾਰਜਕਾਲ ਦੌਰਾਨ, ਬੀਤੇ ਹਫਤੇ ਡਾ. ਮਨਮੋਹਨ ਸਿੰਘ ਅਮਰੀਕਾ ਦੇ ਪਹਿਲੇ ਸਿਆਸੀ ਦੌਰੇ 'ਤੇ ਗਏ ਸਨ। ਦਹਿਸ਼ਤਵਾਦ ਨਾਲ ਮੁਕਾਬਲਾ ਕਰਨ ਦੇ ਸਮਝੌਤੇ ਤਹਿਤ ਦੋਨਾਂ ਦੇਸ਼ਾਂ ਨੇ ਇਸ ਚੁਣੌਤੀ ਨਾਲ ਨਿਪਟਣ ਅਤੇ ਆਪਣੇ ਸਾਂਝੇ ਆਦਰਸ਼ਾਂ ਤੇ ਮੁੱਲਾਂ ਦੀ ਰੱਖਿਆ ਕਰਨ ਲਈ ਆਪਣੇ ਸਮੂਹਿਕ ਯਤਨਾਂ ਨੂੰ ਦੁੱਗਣਾ ਕਰਨ ਦੀ ਵਚਨਬੱਧਤਾ ਪ੍ਰਗਟਾਈ। ਇਸ ਦੇ ਨਾਲ ਹੀ ਦੋਵਾਂ ਦੇਸ਼ਾਂ ਨੇ ਦਹਿਸ਼ਤਵਾਦ ਦੇ ਖਿਲਾਫ਼ ਵਿਸ਼ਵ ਸਹਿਮਤੀ ਅਤੇ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਬਣਾਉਣ ਦੀ ਵੀ ਵਚਨਬੱਧਤਾ ਪ੍ਰਗਟਾਈ।

ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਏਸ਼ੀਆ ਪ੍ਰਸ਼ਾਂਤ ਖੇਤਰ 'ਚ ਸੰਪੰਨਤਾ ਅਤੇ ਸਥਿਰਤਾ ਨੂੰ ਉਗਾਸਾ ਦੇਣਾ ਸਾਡੇ ਸਾਂਝੇ ਹਿਤ ਵਿਚ ਹੈ। ਉਨ੍ਹਾਂ ਕਿਹਾ ਕਿ ਅਫਗਾਨਿਸਤਾਨ 'ਚ ਸ਼ਾਂਤੀ ਅਤੇ ਵਿਕਾਸ ਤੇ ਦੱਖਣੀ ਏਸ਼ੀਆ ਤੇ ਹੋਰ ਸਥਾਨਾਂ 'ਤੇ ਦਹਿਸ਼ਤਵਾਦ ਨੂੰ ਖ਼ਤਮ ਕਰਨ 'ਚ ਵੀ ਸਾਡੇ ਹਿੱਤ ਸਾਂਝੇ ਹਨ। ਆਪਣੀ ਅਮਰੀਕਾ ਫੇਰੀ ਦੌਰਾਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਵਿਸ਼ਵ ਭਰ ਦੇ ਭਾਰਤੀਆਂ ਨੂੰ ਘਰ ਵਾਪਸੀ ਦਾ ਸੱਦਾ ਦਿੱਤਾ। ਉਨ੍ਹਾਂ ਪੰਜ ਚੀਜ਼ਾਂ ਅਰਥ ਵਿਵਸਥਾ, ਊਰਜਾ, ਵਾਤਾਵਰਣ, ਸਿੱਖਿਆ ਅਤੇ ਅਧਿਕਾਰ ਪ੍ਰਦਾਨ ਕਰਨ ਦਾ ਜ਼ਿਕਰ ਕੀਤਾ, ਜੋ ਦੋਵਾਂ ਦੇਸ਼ਾਂ ਵਿਚਾਲੇ ਸਬੰਧਾਂ ਦੇ ਅਗਲੇ ਪੜਾਅ ਦਾ ਅਹਿਮ ਹਿੱਸਾ ਹੈ। ਉਨ੍ਹਾਂ ਭਾਰਤੀ-ਅਮਰੀਕੀ ਭਾਈਚਾਰੇ ਦੇ ਪ੍ਰਮੁੱਖ ਮੈਂਬਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਪਿਛਲੇ ਕੁਝ ਸਾਲਾਂ 'ਚ ਅਸੀਂ ਇਸ ਗੱਲ ਦਾ ਅਹਿਸਾਸ ਕਰ ਚੁੱਕੇ ਹਾਂ, ਜਿਸ ਨੂੰ ਰਿਵਰਸ ਬਰੇਨ ਡਰੇਨ ਕਿਹਾ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਮੈਂ ਇਸ ਨੂੰ ਬਰੇਨ ਗੇਨ ਕਹਿਣਾ ਚਾਹਾਂਗਾ ਜਾਂ ਫਿਲਹਾਲ ਪ੍ਰਤਿਭਾ ਦਾ ਸੰਮਿਲਨ। ਇਸ ਮੌਕੇ ਡਾ. ਸਿੰਘ ਨੇ ਸਾਰੇ ਭਾਰਤੀ-ਅਮਰੀਕੀ ਅਤੇ ਪ੍ਰਵਾਸੀ ਭਾਰਤੀਆਂ ਨੂੰ ਸੱਦਾ ਦਿੱਤਾ ਜੋ ਕਿ ਭਾਰਤ ਵਾਪਸ ਆਉਣਾ ਚਾਹੁੰਦੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤੀਆਂ - ਅਮਰੀਕੀਆਂ ਨੂੰ ਹੁਣ ਇਹ ਚੋਣ ਕਰਨ ਦੀ ਲੋੜ ਨਹੀਂ ਹੈ ਕਿ ਉਹ ਭਾਰਤ 'ਚ ਕੰਮ ਕਰਨ ਜਾਂ ਅਮਰੀਕਾ 'ਚ। ਉਨ੍ਹਾਂ ਕਿਹਾ ਕਿ ਆਧੁਨਿਕ ਤਕਨੀਕ ਅਤੇ ਸਾਡੀਆਂ ਲਚਕੀਲੀਆਂ ਨੀਤੀਆਂ ਨੇ ਦੋਵਾਂ ਦੇਸ਼ਾਂ 'ਚ ਕੰਮ ਕਰਨ ਦੀਆਂ ਸੰਭਾਵਨਾਵਾਂ ਪੈਦਾ ਕਰ ਦਿੱਤੀਆਂ ਹਨ। ਡਾ. ਮਨਮੋਹਨ ਸਿੰਘ ਆਪਣਾ ਅਮਰੀਕਾ ਦਾ ਦੌਰਾ ਮੁਕੰਮਲ ਕਰਕੇ ਪੋਰਟ ਆਫ਼ ਸਪੇਨ ਲਈ ਰਵਾਨਾ ਹੋਏ।

ਇਹ ਵੀ ਪਤਾ ਲਗਾ ਹੈ ਕਿ ਭਾਰਤ ਅਤੇ ਅਮਰੀਕਾ ਵਲੋਂ ਸਿਵਲ ਪ੍ਰਮਾਣੂ ਕਰਾਰ ਅਧੀਨ ਇਕ ਅਹਿਮ ਸਮਝੌਤਾ 10-12 ਦਿਨਾਂ ਅੰਦਰ ਨੇਪਰੇ ਚਾੜ੍ਹ ਲਏ ਜਾਣ ਦੀ ਆਸ ਹੈ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨਾਲ ਵਿਦੇਸ਼ ਦੌਰੇ ਤੋਂ ਵਤਨ ਪਰਤਦਿਆਂ ਕੌਮੀ ਸੁਰੱਖਿਆ ਸਲਾਹਕਾਰ ਐਮ.ਕੇ. ਨਾਰਾਇਣਨ ਨੇ ਹਵਾਈ ਸਫਰ ਦੌਰਾਨ ਪੱਤਰਕਾਰਾਂ ਨੂੰ ਦੱਸਿਆ, ''ਅਸੀਂ ਗੱਲਬਾਤ ਦੇ ਆਖ਼ਰੀ ਪੜਾਅ 'ਤੇ ਅੱਪੜ ਗਏ ਹਾਂ। ਸਿਰਫ ਖਰੜਾ ਤਿਆਰ ਕਰਨ ਦਾ ਮੁੱਦਾ ਬਾਕੀ ਰਹਿ ਗਿਆ ਹੈ।'' ਦੋਵੇਂ ਦੇਸ਼ਾਂ ਵਲੋਂ ਲੰਘੇ ਮੰਗਲਵਾਰ ਵਾਸ਼ਿੰਗਟਨ ਵਿਚ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵਿਚਾਲੇ ਮੁਲਾਕਾਤ ਤੋਂ ਪਹਿਲਾਂ-ਪਹਿਲਾਂ ਸਮਝੌਤੇ ਨੂੰ ਅੰਤਮ ਰੂਪ ਦੇਣ ਲਈ ਸਿਰ ਤੋੜ ਯਤਨ ਕੀਤੇ ਗਏ ਸਨ। ਭਾਰਤ-ਅਮਰੀਕਾ ਪ੍ਰਮਾਣੂ ਕਰਾਰ ਪਿਛਲੇ ਸਾਲ ਸਹੀਬੰਦ ਕੀਤਾ ਗਿਆ ਸੀ ਅਤੇ ਇਸ ਨੂੰ ਅਮਲ ਵਿਚ ਲਿਆਉਣ ਲਈ ਕੌਮਾਂਤਰੀ ਐਟਮੀ ਊਰਜਾ ਏਜੰਸੀ ਦੇ ਸੁਰੱਖਿਆ ਨੇਮਾਂ ਤਹਿਤ ਇਕ ਰੀਪ੍ਰਾਸੈਸਿੰਗਪਲਾਂਟ ਦੀ ਕਾਇਮੀ ਲੋੜੀਂਦੀ ਹੈ। ਸੂਤਰਾਂ ਨੇ ਦੱਸਿਆ ਕਿ ਗੱਲਬਾਤ ਲਗਪਗ ਪੂਰੀ ਹੋ ਚੁੱਕੀ ਹੈ ਅਤੇ ਸਮਝੌਤਾ ਨੇਪਰੇ ਚਾੜ੍ਹਨ ਲਈ ਗੱਲਬਾਤ ਦੇ ਇਕ ਹੋਰ ਗੇੜ ਦੀ ਲੋੜ ਪਵੇਗੀ ਤੇ ਇਹ ਸੰਭਾਵੀ ਤੌਰ 'ਤੇ 10-12 ਦਿਨਾਂ ਵਿਚ ਹੋ ਜਾਵੇਗਾ। ਭਾਰਤ ਬਹੁ-ਮੰਤਵੀ ਪਲਾਂਟ ਲਗਾਉਣਾ ਚਾਹੁੰਦਾ ਹੈ ਤੇ ਇਸ ਦੀ ਦਲੀਲ ਹੈ ਕਿ ਭਾਰਤ ਵਿਚ ਪ੍ਰਮਾਣੂ ਪਲਾਂਟ ਸ਼ੁਰੂ ਹੋਣ ਨਾਲ ਅਮਰੀਕਾ ਨੂੰ ਵੀ ਲਾਭ ਹੋਵੇਗਾ ਤੇ ਇਸ ਨੂੰ ਵਧ ਤੋਂ ਵਧ ਪ੍ਰਮਾਣੂ ਬਾਲਣ ਦੀ ਸੁਧਾਈ ਲਈ ਪਲਾਂਟ ਲਗਾਉਣੇ ਪੈਣਗੇ।

ਇਸ ਦੌਰਾਨ ਬੀਤੀ 27 ਨਵੰਬਰ ਨੂੰ ਪੋਰਟ ਆਫ਼ ਸਪੇਨ ਵਿਚ ਵੀ ਪ੍ਰਧਾਨ ਮੰਤਰੀ ਨੇ ਸਿੱਖਿਆ ਅਤੇ ਕਾਰੋਬਾਰ ਨੂੰ ਪ੍ਰਵਾਸੀਆਂ ਨੂੰ ਭਾਰਤ ਨਾਲ ਜੋੜਨ ਦਾ ਮਾਧਿਅਮ ਕਰਾਰ ਦਿੱਤਾ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਉਨ੍ਹਾਂ ਨੂੰ ਨਵੇਂ ਰਚਨਾਤਮਕ ਭਾਰਤ ਦੇ ਦੌਰੇ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਉਹ ਨਿਵੇਸ਼ ਅਤੇ ਕਾਰੋਬਾਰੀ ਅਵਸਰਾਂ ਦਾ ਲਾਹਾ ਲੈ ਕੇ ਦੇਸ਼ ਦੇ ਵਿਕਾਸ ਅਤੇ ਤਰੱਕੀ 'ਚ ਭਾਈਵਾਲ ਬਣਨ। ਉਨ੍ਹਾਂ ਕਿਹਾ ਕਿ ਭਾਰਤ ਦੀ ਸਿੱਖਿਆ ਪ੍ਰਣਾਲੀ ਕਦੇ ਵਿਸ਼ਵ ਲਈ ਈਰਖਾ ਦਾ ਵਿਸ਼ਾ ਹੁੰਦੀ ਸੀ, ਪਰ ਪਿਛਲੇ ਕਰੀਬ ਤਿੰਨ ਦਹਾਕਿਆਂ ਤੋਂ ਇਹ ਮਾਣ ਖ਼ਤਮ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਸ ਸਥਿਤੀ ਨੂੰ ਸੁਧਾਰਨ ਲਈ ਕੋਸ਼ਿਸ਼ ਕਰ ਰਹੀ ਹੈ। ਵਾਸ਼ਿੰਗਟਨ ਦੌਰੇ ਤੋਂ ਆਉਣ ਤੋਂ ਬਾਅਦ ਭਾਰਤੀ ਭਾਈਚਾਰੇ ਲਈ ਕਰਵਾਏ ਇਕ ਸਮਾਗਮ 'ਚ ਉਨ੍ਹਾਂ ਕਿਹਾ ਕਿ ਭਾਰਤ ਅੱਗੇ ਵਧ ਰਿਹਾ ਹੈ। ਭਾਰਤ ਜੀਓ ਅਤੇ ਜੀਣ ਦਿਓ ਦੀ ਨੀਤੀ ਦੇ ਆਧਾਰ 'ਤੇ ਭਰੋਸੇ ਨਾਲ ਵਿਸ਼ਵ ਨਾਲ ਜੁੜ ਰਿਹਾ ਹੈ।



ਭਾਰਤੀ ਮੂਲ ਦੇ ਲੋਕਾਂ ਨੂੰ ਉਨ੍ਹਾਂ ਕਿਹਾ ਕਿ ਤੁਸੀਂ ਕਰੋੜਾਂ ਭਾਰਤੀਆਂ ਲਈ ਸਾਡੀ ਆਪਣੀ ਵਿਸ਼ਵੀਕਰਨ ਪ੍ਰਕਿਰਿਆ ਲਈ ਸਪੱਸ਼ਟ ਮਿਸਾਲ ਹੋ। ਸਾਡੇ ਲਈ ਵਿਸ਼ਵੀਕਰਨ ਭਾਰਤੀਆਂ ਦੇ ਕੌਮਾਂਤਰੀ ਭਾਈਚਾਰੇ ਨਾਲ ਜੁੜਨ ਦਾ ਸੁਭਾਵਕ ਮਾਧਿਅਮ ਹੈ। ਪ੍ਰਧਾਨ ਮੰਤਰੀ ਨੇ ਤ੍ਰਿਨੀਦਾਦ, ਟੋਬੈਗੋ ਦੀ ਰਾਜਧਾਨੀ 'ਚ ਕਿਹਾ ਕਿ ਸਿੱਖਿਆ ਅਤੇ ਕਾਰੋਬਾਰ ਦੋ ਪ੍ਰਮੁੱਖ ਖੇਤਰ ਹਨ, ਜਿਨ੍ਹਾਂ ਦੇ ਜ਼ਰੀਏ ਅਸੀਂ ਵਿਸ਼ਵ ਭਰ ਦੇ ਭਾਰਤੀ ਮੂਲ ਦੇ ਲੋਕਾਂ ਨਾਲ ਜੁੜਦੇ ਹਾਂ। ਇੱਥੋਂ ਦੀ 1.3 ਅਰਬ ਆਬਾਦੀ 'ਚ ਲਗਭਗ ਅੱਧੇ ਭਾਰਤੀ ਮੂਲ ਦੇ ਹਨ।

ਤ੍ਰਿਨੀਦਾਦ, ਟੋਬੈਗੋ ਦੇ ਆਪਣੇ ਦੌਰੇ ਦੌਰਾਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਵਾਤਾਵਰਣ ਤਬਦੀਲੀਆਂ ਸਬੰਧੀ ਗੱਲਬਾਤ ਦੌਰਾਨ ਸਖ਼ਤ ਰੁਖ਼ ਅਖ਼ਤਿਆਰ ਕਰਦਿਆਂ ਕਿਹਾ ਕਿ ਭਾਰਤ ਕਾਰਬਨ ਗੈਸਾਂ ਦੀ ਪੈਦਾਇਸ਼ 'ਚ ਕਟੌਤੀ ਬਾਰੇ ਸਮਝੌਤੇ 'ਤੇ ਦਸਤਖ਼ਤ ਕਰਨ ਨੂੰ ਤਿਆਰ ਹੈ ਬਸ਼ਰਤੇ ਇਹ ਇਕਪਾਸੜ ਨਾ ਹੋਵੇ। ਇਥੇ ਕਾਮਨਵੈਲਥ ਦੇਸ਼ਾਂ ਦੇ ਮੁਖੀਆਂ ਦੀ ਮੀਟਿੰਗ ਦੌਰਾਨ ਪ੍ਰਧਾਨ ਮੰਤਰੀ ਨੇ ਕਿਹਾ, ''ਇਹ ਮੰਦਭਾਗਾ ਹੈ ਕਿ ਵਾਤਾਵਰਣ ਤਬਦੀਲੀਆਂ ਬਾਰੇ ਚਰਚਾ ਨੂੰ ਆਰਥਕ ਮੁਕਾਬਲੇਬਾਜ਼ੀ ਜਾਂ ਇਕਸਾਰ ਮੌਕੇ ਦੀ ਦਲੀਲ ਨਾਲ ਜੋੜਿਆ ਜਾ ਰਿਹਾ ਹੈ।'' ਕੁੱਝ ਵਿਕਸਤ ਦੇਸ਼ਾਂ ਵਲੋਂ ਗਰੀਨ ਹਾਊਸ ਗੈਸਾਂ ਦੀ ਪੈਦਾਇਸ਼ ਬਾਰੇ ਕਿਓਟੋ ਪ੍ਰੋਟੋਕੋਲ ਨੂੰ ਰੱਦੀ ਦੀ ਟੋਕਰੀ ਵਿਚ ਸੁੱਟਣ ਦੇ ਯਤਨਾਂ ਨੂੰ ਰੱਦ ਕਰਦੇ ਹੋਏ ਉਨ੍ਹਾਂ ਕਿਹਾ ਕਿ ਵਾਤਾਵਰਣ ਤਬਦੀਲੀਆਂ ਗਰੀਨ ਲੈਵਲ ਤਹਿਤ ਸ਼ਹਿ ਦੇਣ ਦਾ ਜ਼ਰੀਆ ਬਣ ਗਈਆਂ ਹਨ ਪਰ ਇਹ ਭਾਰਤ ਅਤੇ ਹੋਰ ਵਿਕਾਸਸ਼ੀਲ ਦੇਸ਼ਾਂ ਨੂੰ ਪ੍ਰਵਾਨ ਨਹੀਂ। ਡਾ. ਮਨਮੋਹਨ ਸਿੰਘ ਦੀ ਇਹ ਟਿੱਪਣੀ ਫ਼ਰਾਂਸ ਦੇ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਵਲੋਂ ਪ੍ਰਧਾਨ ਮੰਤਰੀ 'ਤੇ ਗਰੀਨ ਹਾਊਸ ਗੈਸਾਂ ਦੀ ਪੈਦਾਇਸ਼ ਵਿਚ ਕਟੌਤੀ ਲਈ ਕਾਨੂੰਨੀ ਪਾਬੰਦੀਆਂ ਨੂੰ ਸਵੀਕਾਰ ਕਰਨ ਲਈ ਪਾਏ ਦਬਾਅ ਤੋਂ ਬਾਅਦ ਆਈ। ਸਰਕੋਜ਼ੀ ਨੇ ਦਸੰਬਰ ਵਿਚ ਵਾਤਾਵਰਣ ਤਬਦੀਲੀਆਂ ਬਾਰੇ ਹੋਣ ਵਾਲੇ ਕੋਪਨਹੇਗਨ ਸੰਮੇਲਨ ਦੇ ਸੰਦਰਭ ਵਿਚ ਭਾਰਤ ਦੇ ਰੁਖ਼ ਬਾਰੇ ਚਰਚਾ ਕਰਦਿਆਂ ਕਿਹਾ ਸੀ ਕਿ ਇਸ ਮੌਕੇ ਨੂੰ ਸਾਨੂੰ ਇਤਿਹਾਸਕ ਭੁੱਲ ਵਿਚ ਤਬਦੀਲ ਹੋਣ ਤੋਂ ਰੋਕਣਾ ਹੋਵੇਗਾ ਅਤੇ ਭਾਰਤ ਇਸ ਬਾਰੇ ਕਰਾਰ ਨੂੰ ਤੋੜਨ ਵਾਲਾ ਸਾਬਤ ਨਹੀਂ ਹੋਵੇਗਾ। ਸਰਕੋਜ਼ੀ ਨੇ ਪੋਰਟ ਆਫ ਸਪੇਨ ਵਿਚ ਦੁਪਹਿਰ ਦੇ ਖਾਣੇ ਸਮੇਂ ਡਾ. ਮਨਮੋਹਨ ਸਿੰਘ ਨਾਲ ਇਸ ਮੁੱਦੇ 'ਤੇ ਚਰਚਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ 18 ਦਸੰਬਰ ਨੂੰ ਹੋਣ ਵਾਲੇ ਸੰਮੇਲਨ ਵਿਚ ਜ਼ਰੂਰ ਹਿੱਸਾ ਲੈਣਗੇ। ਇਸ ਤੋਂ ਪਹਿਲਾਂ ਡਾ. ਮਨਮੋਹਨ ਸਿੰਘ ਨੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਗਾਰਡਨ ਬਰਾਊਨ ਨਾਲ ਵੀ ਇਸ ਮੁੱਦੇ 'ਤੇ ਗੱਲਬਾਤ ਕੀਤੀ ਸੀ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਿਸ਼ਨੂੰ ਪ੍ਰਕਾਸ਼ ਨੇ ਦਸਿਆ ਕਿ ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਕਿਹਾ ਕਿ ਕੋਪਨਹੇਗਨ ਸੰਮੇਲਨ ਤੋਂ ਭਾਰਤ ਸੰਤੁਲਤ ਅਤੇ ਇਕਸਾਰ ਨਤੀਜਿਆਂ ਦੀ ਆਸ ਰਖਦਾ ਹੈ। ਡਾ. ਮਨਮੋਹਨ ਸਿੰਘ ਨੇ ਵਿਕਾਸਸ਼ੀਲ ਦੇਸ਼ਾਂ ਨੂੰ ਲੋੜੀਂਦੇ ਸਾਧਨ ਅਤੇ ਤਕਨੀਕ ਮੁਹਈਆ ਕਰਵਾਏ ਜਾਣ 'ਤੇ ਜ਼ੋਰ ਦਿੱਤਾ ਜੋ ਵਾਤਾਵਰਣ ਤਬਦੀਲੀਆਂ ਦੇ ਟਾਕਰੇ ਲਈ ਜ਼ਰੂਰੀ ਹੈ। ਉਨ੍ਹਾਂ ਸੌਰ ਊਰਜਾ ਉਪਰ ਭਾਰਤ ਵਲੋਂ ਜ਼ੋਰ ਦਿਤੇ ਜਾਣ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਕਈ ਦੇਸ਼ਾਂ ਤੋਂ ਵਾਤਾਵਰਣ ਤਬਦੀਲੀਆਂ ਨਾਲ ਟਾਕਰੇ ਲਈ ਪ੍ਰਸਤਾਵ ਮਿਲੇ ਹਨ ਜਿਨ੍ਹਾਂ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਫਰਾਂਸ ਦੇ ਰਾਸ਼ਟਰਪਤੀ ਨਿਕੋਲਾਈ ਸਰਕੋਜੀ ਅਤੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਬਰਾਊਨ ਨਾਲ ਵੱਖੋ-ਵੱਖਰੀ ਦੁਵੱਲੀ ਵਾਰਤਾ ਦੌਰਾਨ ਜ਼ੋਰ ਦੇ ਕੇ ਕਿਹਾ ਕਿ ਕੋਪੇਨਹੇਗਨ ਦੀ ਸਫ਼ਲਤਾ ਭਾਰਤ ਦੇ ਹਿੱਤ 'ਚ ਹੈ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕੋਪੇਨਹੇਗਨ ਵਿਚ ਮੌਸਮੀ ਤਬਦੀਲੀ ਸਬੰਧੀ ਮੀਟਿੰਗ ਵਿਚ ਵਿਆਪਕ ਤੌਰ 'ਤੇ ਠੋਸ ਨਤੀਜੇ ਹਾਸਲ ਕਰਨ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਭਾਰਤ ਗੈਸਾਂ ਵਿਚ ਕਟੌਤੀ ਜਾਂ ਤਾਪਮਾਨ ਵਾਧੇ ਨੂੰ ਕੰਟਰੋਲ ਕਰਨ ਬਾਰੇ ਇੱਕ ਆਲਮੀ ਟੀਚੇ 'ਤੇ ਹਸਤਾਖ਼ਰ ਕਰਨ ਲਈ ਤਿਆਰ ਹੈ, ਬਸ਼ਰਤੇ ਕਿ ਮੌਸਮੀ ਤਬਦੀਲੀਆਂ ਬਾਰੇ ਸਭ ਦੀ ਬਰਾਬਰ ਦੀ ਜ਼ਿੰਮੇਵਾਰੀ ਹੋਵੇ। ਡਾ. ਸਿੰਘ ਨੇ ਸਖ਼ਤ ਸ਼ਬਦਾਂ ਵਿਚ ਕਿਹਾ ਕਿ ਇਹ ਮੰਦਭਾਗਾ ਹੈ ਕਿ ਮੌਸਮੀ ਤਬਦੀਲੀ 'ਤੇ ਚਰਚਾ ਨੂੰ ਆਰਥਕ ਮੁਕਾਬਲੇ ਜਾਂ ਬਰਾਬਰ ਮੌਕਿਆਂ ਦੀ ਦਲੀਲ ਨਾਲ ਜੋੜਿਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨੇ ਮੌਸਮੀ ਤਬਦੀਲੀ 'ਤੇ ਦਸੰਬਰ ਦੇ ਸਿਖ਼ਰ ਸੰਮੇਲਨ ਤੋਂ ਘੱਟ ਉਮੀਦ ਲਾਉਣ ਦੇ ਕੁਝ ਵਿਕਸਤ ਦੇਸ਼ਾਂ ਦੇ ਰਵੱਈਏ ਨੂੰ ਨਾ ਮਨਜ਼ੂਰ ਕਰਦਿਆਂ ਕਿਹਾ ਕਿ ਵਾਰਤਾ ਬਾਰੇ ਪਹਿਲਾਂ ਤੋਂ ਕੋਈ ਮੁਲਾਂਕਣ ਨਹੀਂ ਕੀਤਾ ਜਾਣਾ ਚਾਹੀਦਾ ਅਤੇ ਵਿਚਾਰਾਂ ਦੀ ਸਹਿਮਤੀ ਬਣਾਉਣ ਦੇ ਹਰ ਸੰਭਵ ਯਤਨ ਕੀਤੇ ਜਾਣੇ ਚਾਹੀਦੇ ਹਨ। ਰਾਸ਼ਟਰ ਮੰਡਲ ਦੇਸ਼ਾਂ ਦੇ ਸੰਮੇਲਨ ਨੂੰ ਸੰਬੋਧਨ ਕਰਦਿਆਂ ਡਾ. ਸਿੰਘ ਨੇ ਕੁਝ ਵਿਕਸਤ ਦੇਸ਼ਾਂ ਦੇ ਗਰੀਨ ਹਾਊਸ ਗੈਸ ਕਟੌਤੀ 'ਤੇ ਕਿਓਟੋ ਪ੍ਰੋਟੋਕੋਲ ਨੂੰ ਰੱਦੀ ਦੀ ਟੋਕਰੀ ਵਿਚ ਸੁੱਟੇ ਜਾਣ ਰੱਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਅਜਿਹਾ ਕਰਨਾ ਭਾਰਤ ਤੇ ਹੋਰ ਵਿਕਾਸਸ਼ੀਲ ਦੇਸ਼ਾਂ ਨੂੰ ਮਨਜ਼ੂਰ ਨਹੀਂ ਹੈ। ਪ੍ਰਧਾਨ ਮੰਤਰੀ ਨੇ ਮੌਸਮੀ ਤਬਦੀਲੀ ਦੀ ਆਲਮੀ ਚੁਣੌਤੀ ਦਾ ਸਾਹਮਣਾ ਕਰਨ ਲਈ ਕੌਮਾਂਤਰੀ ਅਤੇ ਸਮੁੱਚੀ ਪ੍ਰਤੀਕਿਰਿਆ 'ਤੇ ਜ਼ੋਰ ਦਿੱਤਾ।

ਇਸੇ ਦੌਰਾਨ ਬਰਤਾਨੀਆ ਅਤੇ ਫਰਾਂਸ ਨੇ ਭਾਰਤ ਦੇ ਰਵਈਏ ਦਾ ਸਮਰਥਨ ਕਰਦਿਆਂ ਕਿਹਾ ਕਿ ਦਹਿਸ਼ਤਵਾਦ ਖਿਲਾਫ਼ ਲੜਾਈ 'ਚ ਦੋਹਰਾ ਮਾਪਦੰਡ ਨਹੀਂ ਹੋਣਾ ਚਾਹੀਦਾ। ਇਹ ਵਿਚਾਰ ਪਾਕਿਸਤਾਨ ਦੇ ਸੰਦਰਭ ਵਿਚ ਦੇਖਿਆ ਜਾ ਰਿਹਾ ਹੈ। ਤਿੰਨਾਂ ਦੇਸ਼ਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮੁੰਬਈ ਵਿਖੇ ਹੋਏ ਦਹਿਸ਼ਤਗਰਦੀ ਹਮਲਿਆਂ ਦੇ ਦੋਸ਼ੀਆਂ ਨੂੰ ਜਿੱਥੇ ਨਿਆਂ ਦੇ ਕਟਹਿਰੇ ਵਿਚ ਖੜ੍ਹਾ ਕੀਤੇ ਜਾਣ ਦੀ ਲੋੜ ਹੈ, ਉਥੇ ਹੀ ਅਫ਼ਗਾਨਿਸਤਾਨ ਤੇ ਪਾਕਿਸਤਾਨ ਵਿਚ ਦਹਿਸ਼ਤਵਾਦ ਦੇ ਖ਼ਾਤਮੇ ਲਈ ਗੰਭੀਰ ਯਤਨਾਂ ਦੀ ਲੋੜ ਹੈ। ਲੰਘੀ 28 ਨਵੰਬਰ ਨੂੰ ਭਾਰਤ ਤੇ ਕੈਨੇਡਾ ਵਿਚਕਾਰ ਵੀ ਪ੍ਰਮਾਣੂ ਸਮਝੌਤਾ ਹੋ ਗਿਆ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਵਿਚਕਾਰ ਹੋਈ ਮੀਟਿੰਗ ਤੋਂ ਬਾਅਦ ਇਸ ਸਮਝੌਤੇ ਦਾ ਐਲਾਨ ਕੀਤਾ ਗਿਆ।

ਇਸ ਹੇਠ ਹੁਣ ਕੈਨੇਡਾ ਪ੍ਰਮਾਣੂ ਪਲਾਂਟ ਲਾਉਣ ਵਿਚ ਭਾਰਤ ਦੀ ਮਦਦ ਕਰੇਗਾ। ਇਸਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਨਮੋਹਨ ਸਿੰਘ ਨੇ ਇਸ ਸਮਝੌਤੇ ਨੂੰ ਆਸਾਂ ਤੋਂ ਵਧ ਦਸਿਆ ਅਤੇ ਕੈਨੇਡਾ ਦਾ ਧੰਨਵਾਦ ਕੀਤਾ। ਸਟੀਫਨ ਹਾਰਪਰ ਨੇ ਕਿਹਾ ਕਿ ਕੈਨੇਡਾ ਵਪਾਰ, ਨਿਵੇਸ਼ ਅਤੇ ਵਿਦਿਆ ਦੇ ਖੇਤਰਾਂ 'ਚ ਭਾਰਤ ਨਾਲ ਚੰਗੇ ਸੰਬੰਧ ਸਥਾਪਤ ਕਰਨ ਲਈ ਵਚਨਬੱਧ ਹੈ।


## ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ
ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ
ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**Global Multi Services**

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*
Insurance Lic No. 0G73739

**RAM Commercial Insurance**
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Financing Available For Buying Trucks

**Cell:(510) 557-6988, Ph:209-982-9996**

# ਸਾਹਿਤਕਾਰੀ ਬਨਾਮ ਕਲਮਕਾਰੀ

**ਪ੍ਰੋ. ਕੁਲਵੰਤ ਸਿੰਘ ਰੋਮਾਣਾ**

ਸ਼ੈਰੀ ਸੰਧੂ ਜਦੋਂ ਡਿਕਸ਼ਈ ਦੇ ਸਕੂਲ 'ਚੋਂ ਦਸਵੀਂ ਪਾਸ ਕਰਕੇ ਸਾਡੇ ਕਾਲਜ 'ਚ ਦਾਖਲ ਹੋਇਆ ਤਾਂ ਉਸਦਾ ਅਚਾਰ-ਵਿਹਾਰ ਪੂਰੀ ਤਰ੍ਹਾਂ ਅਮੀਰਜ਼ਾਦਿਆਂ ਵਾਲਾ ਸੀ। ਉਹ ਫਰਾਟੇਦਾਰ ਅੰਗਰੇਜ਼ੀ ਬੋਲਦਾ ਤੇ ਪੰਜਾਬੀ ਦੇ ਸ਼ਬਦਾਂ ਦਾ ਉਚਾਰਣ ਵੀ ਅੰਗਰੇਜ਼ੀ ਲਹਿਜੇ 'ਚ ਹੀ ਕਰਦਾ ਸੀ। ਬੜਾ ਬਣ-ਠਣ ਕੇ ਰਹਿੰਦਾ, ਸਿਰ ਦੇ ਵਾਲ ਐਕਟਰਾਂ ਵਾਂਗ ਸੰਵਾਰ ਕੇ ਰਖਦਾ ਅਤੇ ਬਹੁਤ ਘੱਟ ਬੋਲਦਾ। ਉਸ ਜ਼ਮਾਨੇ 'ਚ ਸਾਡੇ ਕਾਲਜ ਦੇ ਸਾਰੇ ਦੇ ਸਾਰੇ 60-70 ਪ੍ਰੋਫੈਸਰ ਕਾਲਜ ਸਾਈਕਲਾਂ 'ਤੇ ਹੀ ਆਉਂਦੇ ਹੁੰਦੇ ਸਨ ਪਰ ਸ਼ੈਰੀ ਕਦੇ-ਕਦੇ ਆਪਣੇ ਬਾਪ ਦੇ ਨਵੇਂ ਐਨਫੀਲਡ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਉਂਦਾ। ਮੈਂ ਇਸ ਅਮੀਰ ਕਾਕਾਸ਼ਾਹੀ ਰਹਿਣੀ-ਬਹਿਣੀ ਵਾਲੇ ਸ਼ੈਰੀ ਨੂੰ ਥੋੜੇ ਸਮੇਂ 'ਚ ਹੀ ਇਕ ਸੁਹਿਰਦ ਵਿਦਿਆਰਥੀ, ਸਾਹਿਤ ਦਾ ਇਕ ਗੰਭੀਰ ਪਾਠਕ ਅਤੇ ਮਾਰਕਸਵਾਦ ਦਾ ਸਰਗਰਮ ਪੈਰੋਕਾਰ ਬਣਦਾ ਦੇਖਿਆ ਹੈ। ਗੱਲ ਇਸ ਤਰ੍ਹਾਂ ਹੋਈ ਕਿ ਜਦੋਂ ਉਸਨੂੰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਮਕੈਨੀਕਲ ਇੰਜੀਨੀਅਰਿੰਗ ਵਿਭਾਗ 'ਚ ਦਾਖਲਾ ਮਿਲਿਆ ਤਾਂ ਸਾਡੇ ਕਾਲਜ ਦੇ ਉਸ ਦੇ ਪੰਜ-ਛੇ ਸਾਥੀਆਂ ਨੂੰ ਲੁਧਿਆਣੇ ਦੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ 'ਚ ਹੀ ਦਾਖਲਾ ਮਿਲ ਸਕਿਆ। ਚੰਡੀਗੜ੍ਹ ਕੋਈ ਖਾਸ ਮਿੱਤਰ ਨਾ ਹੋਣ ਕਰਕੇ ਉਹ ਅਕਸਰ ਹੀ ਛੁੱਟੀ ਵਾਲੇ ਦਿਨ ਲੁਧਿਆਣੇ ਉਨ੍ਹਾਂ ਕੋਲ ਚਲਾ ਜਾਂਦਾ।

ਉਨ੍ਹਾਂ ਦਿਨਾਂ 'ਚ ਹਰਭਜਨ ਹਲਵਾਰਵੀ ਲੁਧਿਆਣੇ ਦੇ ਆਰੀਆ ਸਕੂਲ ਵਿਚ ਹਿਸਾਬ ਦਾ ਲੈਕਚਰਾਰ ਹੁੰਦਾ ਸੀ ਅਤੇ ਕਿਸੇ ਨਕਸਲਬਾੜੀ ਗਰੁੱਪ ਨਾਲ ਕੁਲਵਕਤੀਆਂ ਵਾਂਗ ਹੀ ਕੰਮ ਕਰਦਾ ਸੀ। ਉਸਦਾ ਕਾਰਜ-ਖੇਤਰ ਜਿਆਦਾਤਰ ਲੁਧਿਆਣੇ ਦਾ ਇਹ ਇੰਜੀਨੀਅਰਿੰਗ ਕਾਲਜ ਹੀ ਸੀ ਜਿਥੇ ਉਹ ਸ਼ਾਮ ਨੂੰ ਮਾਰਕਸਵਾਦ-ਲੈਨਿਨਵਾਦ ਬਾਰੇ ਵਿਦਿਆਰਥੀਆਂ ਦੀ ਸਕੂਲਿੰਗ ਕਰਦਾ ਹੁੰਦਾ ਸੀ। ਸ਼ੈਰੀ ਹਲਵਾਰਵੀ ਤੋਂ ਬਹੁਤ ਪ੍ਰਭਾਵਤ ਸੀ। ਉਹ ਸਾਰੇ ਉਸਨੂੰ 'ਮਾਸਟਰ' ਕਹਿ ਕੇ ਹੀ ਸੰਬੋਧਨ ਕਰਦੇ ਹੁੰਦੇ ਸਨ। ਹੁਣ ਵੀ ਜੇ ਕਿਧਰੇ ਸ਼ੈਰੀ ਹਲਵਾਰਵੀ ਦਾ ਜ਼ਿਕਰ ਕਰਦਾ ਹੈ ਤਾਂ 'ਮਾਸਟਰ' ਕਹਿ ਕੇ ਹੀ ਕਰਦਾ ਹੈ। ਫਿਰ ਜਦੋਂ ਲੁਧਿਆਣੇ ਦੀ ਮਨਮੀਤ ਨਾਲ ਉਸਦੀ ਮਿੱਤਰਤਾ ਹੋ ਗਈ ਤਾਂ ਉਹ ਹਰ ਸਨਿਚਰ ਤੇ ਐਤਵਾਰ ਹਲਵਾਰਵੀ ਦਾ ਵਿਦਿਆਰਥੀ ਹੁੰਦਾ ਸੀ। ਉਹ ਤੇ ਮਨਮੀਤ ਇਕੱਠੇ ਚੰਡੀਗੜ੍ਹੋਂ ਚਲਦੇ ਤੇ ਸ਼ੈਰੀ ਗਿੱਲ ਚੌਂਕ 'ਚ ਉਤਰ ਕੇ ਇੰਜੀਨੀਅਰਿੰਗ ਕਾਲਜ ਚਲਾ ਜਾਂਦਾ ਤੇ ਸੋਮਵਾਰ ਸਵੇਰੇ ਗਿੱਲ ਚੌਂਕ 'ਚੋਂ ਹੀ ਚੰਡੀਗੜ੍ਹ ਵਾਲੀ ਉਹੀ ਬਸ ਫੜ ਲੈਂਦਾ। ਹੁਣ ਸ਼ੈਰੀ ਪੂਰੀ ਤਰਾਂ ਤਬਦੀਲ ਹੋ ਕੇ ਗਹਿਰ-ਗੰਭੀਰ ਵਿਦਿਆਰਥੀ ਬਣ ਚੁੱਕਾ ਸੀ ਜੋ ਸਮਾਜ 'ਚ ਵੱਡੀਆਂ ਤੇ ਨਰੋਈਆਂ ਤਬਦੀਲੀਆਂ ਲਈ ਕਾਹਲਾ ਸੀ।

ਸਮਾਂ ਬੀਤਦਾ ਗਿਆ। ਉਸਦੀ ਚੰਡੀਗੜ੍ਹ 'ਚ ਹੀ ਅਫ਼ਸਰ ਦੀ ਨੌਕਰੀ ਲੱਗ ਗਈ। ਮਨਮੀਤ ਨਾਲ ਉਸਦਾ ਵਿਆਹ ਔਖਾ-ਸੌਖਾ ਨੇਪਰੇ ਚੜ ਗਿਆ ਜਿਹੜੀ ਪਹਿਲਾਂ ਹੀ ਚੰਡੀਗੜ੍ਹ 'ਚ ਯੂ.ਟੀ. ਕਾਡਰ ਵਿਚ ਪ੍ਰੋਫੈਸਰ ਲੱਗ ਚੁੱਕੀ ਸੀ ਪਰ ਸ਼ੈਰੀ ਦੇ ਮਿੱਤਰਾਂ-ਜਾਣੂਆਂ ਦਾ ਘੇਰਾ ਸਾਹਿਤਕ ਅਤੇ ਖੱਬੇ-ਪੱਖੀ ਸੋਚ ਵਾਲਿਆਂ ਲੋਕਾਂ ਦਾ ਹੀ ਰਿਹਾ। ਸ਼ਿਵ ਕੁਮਾਰ, ਭੂਸ਼ਨ ਧਿਆਨਪੁਰੀ, ਅਮਿਤੋਜ, ਮੋਹਨ ਭੰਡਾਰੀ, ਪ੍ਰੇਮ ਪ੍ਰਕਾਸ਼, ਮੋਗੇ ਵਾਲਾ ਹਰਪਾਲਜੀਤ ਪਾਲੀ, ਲੋਕਨਾਥ ਵਰਗੇ ਲੋਕਾਂ ਨਾਲ ਉਸਦੀ ਮਿੱਤਰਤਾ ਬਣ ਗਈ। ਹਲਵਾਰਵੀ ਆਪਣੇ ਅੰਡਰਗਰਾਉਂਡ ਜੀਵਨ ਸਮੇਂ 'ਚ ਜੇ ਕਦੇ ਚੰਡੀਗੜ੍ਹ ਆਉਂਦਾ ਤਾਂ ਉਹ ਸ਼ੈਰੀ ਦਾ ਹੀ ਮਹਿਮਾਨ ਹੁੰਦਾ ਸੀ। ਇਕ ਦਿਨ ਉਹ ਆਇਆ ਤਾਂ ਉਸ ਦੇ ਹੱਥ 'ਚ ਇਕ ਰੂਸੀ ਨਾਵਲ 'ਅਲਵਿਦਾ ਗੁਲਸਾਰੀ' ਸੀ ਤੇ ਦੂਜੀ ਪੁਸਤਕ ਪਲੈਖਾਨੋਵ ਦੀ ਸਮਾਜ ਤੇ ਸਭਿਆਚਾਰ ਬਾਰੇ 'ਚਿੱਠੀਆਂ ਬਿਨ ਸਿਰਨਾਵਿਓਂ' ਸੀ। ਉਨ੍ਹਾਂ ਦਿਨਾਂ 'ਚ ਪੰਜਾਬ ਦੇ ਨਕਸਲਬਾੜੀ ਗਰੁੱਪ ਨਾਵਲ 'ਅਲਵਿਦਾ ਗੁਲਸਾਰੀ' ਨੂੰ ਇਕ ਸੋਧਵਾਦੀ ਨਾਵਲ ਮੰਨਦੇ ਹੁੰਦੇ ਸਨ। ਗੱਲਾਂਬਾਤਾਂ ਤੇ ਚਾਹ ਪਾਣੀ ਤੋਂ ਬਾਅਦ ਹਲਵਾਰਵੀ ਸ਼ੈਰੀ ਨੂੰ ਪੁਛਣ ਲੱਗਾ ਕਿ ਉਸਦੇ ਬੁਰਜੂਆ ਸੂਖਮਤਾ ਤੇ ਸੁੰਦਰਤਾ ਬਾਰੇ ਕੀ ਵਿਚਾਰ ਹਨ। ਸ਼ੈਰੀ ਨੇ ਬੜਾ ਨਿਝੱਕ ਹੋ ਕੇ ਕਿਹਾ ਕਿ ਉਸ ਦੇ ਇਸ ਸਵਾਲ ਦਾ ਜਵਾਬ ਉਸਦੇ ਹੱਥ ਵਿਚਲੀ ਪਲੈਖਾਨੋਵ ਦੀ ਕਿਤਾਬ 'ਚ ਬੜਾ ਸਪੱਸ਼ਟ ਹੈ। ਹਲਵਾਰਵੀ ਕਹਿਣ ਲੱਗਾ, 'ਮੈਂ ਇਸ ਨਾਲ ਸਹਿਮਤ ਨਹੀਂ। ਅਸੀਂ ਲੋਕ ਜੋ ਪ੍ਰੋਲੋਤਾਰੀ ਸਭਿਆਚਾਰ, ਸੂਖਮਤਾ ਜਾਂ ਸੁੰਦਰਤਾ ਨਾਲ ਕਿਤਾਬੀ ਤੌਰ 'ਤੇ ਹੀ ਪਰਿਚਿਤ ਹਾਂ। ਅਸਲ ਵਿਚ ਬੁਰਜੂਆ ਸੂਖਮਤਾ, ਸੁੰਦਰਤਾ ਤੇ ਤੌਰ ਤਰੀਕੇ ਸਾਨੂੰ ਧੁਰ-ਅੰਦਰੋਂ ਖਿੱਚ ਪਾਉਂਦੇ ਹਨ, ਚੰਗੇ ਲਗਦੇ ਹਨ। ਮੇਰਾ ਤਾਂ ਚੰਡੀਗੜ੍ਹ ਆ ਕੇ, ਸ਼ੈਰੀ, ਜੀ ਜਿਹਾ ਲੱਗ ਜਾਂਦਾ ਹੈ।'' ਕੁਝ ਚਿਰ ਬਾਅਦ ਕਹਿਣ ਲੱਗਾ ''ਸ਼ੈਰੀ, ਤੇਰੇ ਖਿਆਲ 'ਚ ਬੰਦੇ ਲਈ ਵਿਆਹ ਦੀ ਹੱਦ-ਉਮਰ ਕੀ ਹੋਣੀ ਚਾਹੀਦੀ ਹੈ?'' ਸ਼ੈਰੀ ਸ਼ਰਾਰਤ ਨਾਲ ਮੁਸਕਰਾ ਕੇ ਉਸ ਦੇ ਮੂੰਹ ਵਲ ਦੇਖ ਹੀ ਰਿਹਾ ਸੀ ਕਿ ਉਹ ਆਪ ਹੀ ਬੋਲ ਪਿਆ, ''ਮੇਰਾ ਖਿਆਲ ਐ ਕਿ ਬੰਦੇ ਨੂੰ 35 ਸਾਲ ਦੀ ਉਮਰ ਤੱਕ ਤਾਂ ਵਿਆਹ ਕਰਵਾ ਹੀ ਲੈਣਾ ਚਾਹੀਦਾ ਹੈ।'' ਸ਼ੈਰੀ ਹੱਸ ਕੇ ਪੁਛਣ ਲੱਗਾ 'ਮਾਸਟਰ, ਹੁਣ ਤੇਰੀ ਉਮਰ ਕਿੰਨੀ ਐ।' ਜਦੋਂ ਉਸ ਨੇ ਕਿਹਾ ਕਿ ਬਸ ਜਲਦੀ ਹੀ ਪੈਂਤੀ ਸਾਲ ਹੋ ਜਾਣੀ ਹੈ ਤਾਂ ਸ਼ੈਰੀ ਨੇ ਭਵਿੱਖਬਾਣੀ ਸੁਣਾ ਦਿੱਤੀ, ''ਮਾਸਟਰ ਤੂੰ ਹੁਣ ਬਹੁਤੇ ਦਿਨ ਇਸ ਕਿੱਲੇ ਤੇ ਬੱਝ ਕੇ ਰਹਿਣ ਵਾਲਾ ਨਹੀਂ ਲੱਗਦਾ।'' ਤੇ ਉਹ ਹੀ ਗੱਲ ਹੋਈ, ਪਤਾ ਲੱਗਿਆ ਕਿ ਹਲਵਾਰਵੀ ਪੇਸ਼ ਹੋ ਗਿਆ ਹੈ। ਸਾਲ, ਛੇ ਮਹੀਨੇ 'ਚ ਕੇਸਾਂ ਦਾ ਨਿਪਟਾਰਾ ਕਰਕੇ ਉਹ ਡਾ. ਵਿਸ਼ਵਾਨਾਥ ਤਿਵਾੜੀ ਦੇ ਆਣ ਲੜ ਲੱਗਾ ਤੇ ਫਿਰ ਚੱਲ ਸੋ ਚੱਲ। ਸ਼ੈਰੀ ਦੀ ਡਾਇਰੀ ਦੇ ਹੇਠਾਂ ਦਰਜ ਪੰਨੇ ਉਨ੍ਹਾਂ ਵੇਲਿਆਂ ਦੇ ਹੀ ਲਿਖੇ ਹੋਏ ਹਨ ਜਦੋਂ ਉਹ ਸਾਹਿਤਾਕਾਰਾਂ ਨੂੰ ਮਿਲਣ ਜਾਂ ਸਾਹਿਤਕ ਸਮਾਗਮਾਂ 'ਚ ਸੌ ਕੋਹ ਦਾ ਵਿੰਗ ਪਾ ਕੇ ਵੀ ਜਾਂਦਾ ਹੁੰਦਾ ਸੀ।

ਇਕ ਵਾਰ ਪੰਜਾਬੀ ਯੂਨੀਵਰਸਿਟੀ ਨੇ ਅੰਗਰੇਜ਼ੀ ਦੇ ਇਕ ਅਹਿਮ ਤੇ ਕਾਫੀ ਵੱਡੇ ਗ੍ਰੰਥ ਦਾ ਅਨੁਵਾਦ ਪੰਜਾਬੀ 'ਚ ਕਰਵਾਉਣ ਲਈ ਪ੍ਰਿੰ. ਸੰਤ ਸਿੰਘ ਸੇਖੋਂ ਨਾਲ ਕੰਟਰੈਕਟ ਕੀਤਾ ਜਿਸ ਦਾ ਮਿਹਨਤਾਨਾ ਸੇਖੋਂ ਸਾਹਿਬ ਨੂੰ ਪ੍ਰਤੀ ਪੰਨੇ ਦੇ ਹਿਸਾਬ ਨਾਲ ਦੇਣਾ ਸੀ। ਸੇਖੋਂ ਸਾਹਿਬ ਕਾਫੀ ਬੁੱਢੇ ਹੋ ਚੁੱਕੇ ਸਨ ਸੋ ਉਨ੍ਹਾਂ ਨੇ ਇਹ ਠੇਕਾ ਅੱਗੇ ਮੂਹਰਜੀਤ ਨੂੰ ਦੇ ਦਿੱਤਾ ਜੋ ਉਸ ਵੇਲੇ ਬੇਰੁਜ਼ਗਾਰ ਸੀ। ਸ਼ਰਤਾਂ ਮੁਤਾਬਕ ਤਰਜਮਾ ਕਰਨ ਲਈ ਮੂਹਰਜੀਤ ਲਈ ਹਰ ਰੋਜ਼ ਘੱਟੋ ਘੱਟ ਪੰਨਿਆਂ ਦੀ ਗਿਣਤੀ ਮਿਥ ਦਿੱਤੀ ਗਈ। ਹਫਤੇ ਬਾਅਦ ਸੇਖੋਂ ਸਾਹਿਬ ਤਰਜਮਾ ਕੀਤੇ ਹੋਏ ਪੰਨਿਆਂ ਦਾ ਮੁਆਇਨਾ ਕਰਿਆ ਕਰਨਗੇ। ਸੇਖੋਂ ਨੂੰ ਮਿਲਣ ਵਾਲੀ ਕੁੱਲ ਰਕਮ ਦਾ ਮੂਹਰਜੀਤ ਨੂੰ ਤੀਜਾ ਹਿੱਸਾ ਦਿੱਤਾ ਜਾਣਾ ਸੀ। ਤਹਿ ਹੋਇਆ ਕਿ ਉਹ ਇਹ ਕੰਮ ਸੇਖੋਂ ਸਾਹਿਬ ਕੋਲ ਦਾਖੇ ਰਹਿ ਕੇ ਕਰੇਗਾ ਤੇ ਉਥੇ ਹੀ ਘਰ ਦੇ ਜੀਆਂ ਵਾਂਗ ਦਾਲ-ਫੁਲਕਾ ਛਕੇਗਾ। ਸ਼ਾਮ ਨੂੰ ਹਰ ਰੋਜ਼ ਉਹ ਘਰ ਦੀ ਸ਼ਰਾਬ ਮਨਮਰਜ਼ੀ ਨਾਲ ਪੀ ਸਕੇਗਾ। ਉਸਨੂੰ ਰੋਜ਼ਾਨਾ ਸ਼ਾਮ ਨੂੰ ਲੁਧਿਆਣੇ ਦਾ ਅਤੇ ਕਦੇ-ਕਦੇ ਪਟਿਆਲੇ ਦਾ ਫੇਰਾ ਲਾਉਣ ਲਈ ਬੱਸ ਦਾ ਕਿਰਾਇਆ ਵੱਖਰਾ ਮਿਲੇਗਾ। ਉਨ੍ਹਾਂ ਦਿਨਾਂ 'ਚ ਰੋਡਵੇਜ਼ ਦਾ ਕਿਰਾਇਆ ਮਸਾਂ 2-3 ਪੈਸੇ ਪ੍ਰਤੀ ਕਿਲੋਮੀਟਰ ਹੁੰਦਾ ਸੀ। ਇਕ ਦਿਨ ਅਸੀਂ ਆਪਣੇ ਇਕ ਸਾਹਿਤਕਾਰ ਕਿਸਮ ਦੇ ਮਿੱਤਰ ਕੋਲ ਖੇਤੀ ਯੂਨੀਵਰਸਿਟੀ ਲੁਧਿਆਣਾ ਦੇ ਇਕ ਕਵਾਟਰ 'ਚ ਬੈਠੇ ਸਾਂ ਜਿਥੇ ਉਹ ਇਕੱਲਾ ਹੀ ਰਹਿੰਦਾ ਹੈ। ਸਾਡੇ ਦੋਵਾਂ ਤੋਂ ਬਿਨਾ ਉਥੇ ਮੂਹਰਜੀਤ, ਮੋਗੇ ਵਾਲਾ ਪਾਲੀ ਅਤੇ ਸਾਡਾ ਇਕ ਠੇਕੇਦਾਰ ਮਿੱਤਰ ਵੀ ਹਾਜ਼ਰ ਸਨ। ਇਸ ਠੇਕੇਦਾਰ ਨੇ ਜਦੋਂ ਪੰਜਾਬੀ ਯੂਨੀਵਰਸਿਟੀ 'ਚੋਂ ਹਿਸਾਬ ਅਤੇ ਸਟੈਟਿਕਸ ਦੀਆਂ ਮਾਸਟਰ ਡਿਗਰੀਆਂ ਕੀਤੀਆਂ ਤਾਂ ਉਹ ਚਾਰ ਸਾਲ ਪੀ.ਐਸ.ਯੂ. ਦਾ ਸੂਬਾ ਪੱਧਰ ਦਾ ਅਹੁਦੇਦਾਰ ਵੀ ਰਿਹਾ ਸੀ ਅਤੇ ਲਾਲੀ ਹੁਣਾਂ ਨਾਲ ਸੰਗਤ ਹੋਣ ਕਰਕੇ ਸਾਹਿਤ ਦਾ ਵੀ ਗੰਭੀਰ ਪਾਠਕ ਸੀ। ਅੱਜ ਕੱਲ ਵੀ ਉਸਦੇ ਕੰਮ ਦੀ ਸਾਈਟ ਤੇ ਜਾਂ ਕਾਰ 'ਚ ਜ਼ੋਰਬਾ ਦਾ ਗਰੀਕ' ਆਊਟਸਾਈਡਰ ਜਾਂ ਵੇਟਿੰਗ ਫਾਰ ਗੋਦੋ (WAITING FOR GODOT) ਵਰਗੀਆਂ ਕਲਾਸਕੀ ਰਚਨਾਵਾਂ ਪੜ੍ਹਨ ਨੂੰ ਮਿਲ ਸਕਦੀਆਂ ਹਨ।

ਦੌਰ ਵੀ ਚੱਲ ਰਿਹਾ ਸੀ ਤੇ ਸਾਹਿਤਕ ਗੱਲਬਾਤ ਵੀ ਚੱਲ ਰਹੀ ਸੀ। ਮੈਂ ਮੂਹਰਜੀਤ ਨੂੰ ਪੁੱਛਿਆ ਕਿ ਅੱਜ ਕੱਲ ਉਹ ਕੀ ਕਰਦਾ ਹੈ ਤਾਂ ਉਸਦੇ ਬੋਲਣ ਤੋਂ ਪਹਿਲਾਂ ਹੀ ਠੇਕੇਦਾਰ ਕਹਿਣ ਲੱਗਾ, 'ਕਲਮਕਾਰੀ ਕਰਦਾ ਹੁੰਦਾ ਹੈ ਮੂਹਰਜੀਤ ਅੱਜ ਕੱਲ'' ਅਤੇ ਫਿਰ ਮੈਨੂੰ ਉਸ ਨੇ ਸੇਖੋਂ ਸਾਹਿਬ ਦੇ ਤਰਜਮੇ ਵਾਲੇ ਪ੍ਰੋਜੈਕਟ ਅਤੇ ਮੂਹਰਜੀਤ ਨੂੰ ਮਿਲੇ ਸਬ-ਕੰਟਰੈਕਟ ਬਾਰੇ ਵੇਰਵੇ ਨਾਲ ਦੱਸਿਆ। ਠੇਕੇਦਾਰ ਦੀ ਗੱਲ ਸੁਣ ਕੇ ਪਾਲੀ ਕਹਿਣ ਲੱਗਾ, ''ਜ਼ਰੂਰੀ ਨਹੀਂ ਕਿ ਹਰ ਤਰਜਮਾ ਕਲਮਕਾਰੀ ਹੀ ਹੋਵੇ। ਕਈ ਵਾਰੀ ਤਰਜਮਾ ਮੌਲਿਕ ਸਾਹਿਤਕਾਰੀ ਨੂੰ ਵੀ ਮਾਤ ਪਾ ਦਿੰਦਾ ਹੈ। ਇਕ ਵਾਰ ਮੈਂ ਚੰਡੀਗੜ੍ਹ ਦੇ ਟੈਗੋਰ ਥੀਏਟਰ 'ਚ ਨੈਸ਼ਨਲ ਸਕੂਲ ਆਫ ਡਰਾਮਾ ਵਾਲੇ ਬਾਬੇ ਅਲਕਾਜ਼ੀ ਵਲੋਂ ਸ਼ੈਕਸਪੀਅਰ ਦਾ 'ਓਥੈਲੋ' ਉਰਦੂ 'ਚ ਰੁਪਾਂਤਰ ਕੀਤਾ ਤੇ ਨਿਰਦੇਸ਼ਤ ਕੀਤਾ ਦੇਖਿਆ ਸੀ। ਬਸ ਹਰ ਸ਼ਬਦ 'ਚੋਂ ਖੁਦ ਸ਼ੈਕਸਪੀਅਰ ਦਾ ਝਲਕਾਰਾ ਪੈਂਦਾ ਸੀ। ਇਸ ਤਰ੍ਹਾਂ ਮੌਲਿਕ ਲੇਖਕ ਦੀ ਰੂਹ ਨਾਲ ਇੱਕ-ਮਿੱਕ ਹੋ ਕੇ ਕੀਤੇ ਅਨੁਵਾਦ ਕਦੇ ਵੀ ਸਿਰਜਣਾਤਮਿਕ ਸਾਹਿਤਕਾਰੀ ਤੋਂ ਘੱਟ ਨਹੀਂ ਹੁੰਦੇ।'' ਮੂਹਰਜੀਤ ਬੋਲਿਆ ''ਤੇ ਕਈ ਵਾਰੀ ਜ਼ੋਰ ਜਬਰੀ ਲੇਖਕ ਬਣੇ ਬੰਦਿਆਂ ਦੀ ਸਾਹਿਤਕਾਰੀ ਕਲਮਕਾਰੀ ਤੋਂ ਵੀ ਗਈ ਗੁਜ਼ਰੀ ਹੁੰਦੀ ਹੈ। ਦੇਖੋ, ਅੱਜ ਕੱਲ ਛਪ ਰਹੇ ਪਰਚਿਆਂ ਦੀ ਵੀ ਭਰਮਾਰ ਹੈ ਤੇ ਲੇਖਕਾਂ ਦੀ ਵੀ ਤੇ ਖਾਸ ਤੌਰ 'ਤੇ ਕਵੀਆਂ ਦੀ। ਕਈ ਵਾਰ ਤਾਂ ਵੱਖਰੇ ਵੱਖਰੇ ਪਰਚਿਆਂ 'ਚ ਵੱਖਰੇ ਵੱਖਰੇ ਕਵੀਆਂ ਵਲੋਂ ਛਪੀਆਂ ਕਵਿਤਾਵਾਂ ਇਕੋ ਬੰਦੇ ਦੀਆਂ ਲਿਖੀਆਂ ਲਗਦੀਆਂ ਹਨ। ਇਕੋ ਜਿਹੇ ਵਿਸ਼ੇ, ਇਕੋ ਜਿਹੇ ਅਲੰਕਾਰ, ਇਕੋ ਜਿਹੇ ਸ਼ਬਦ ਤੇ ਇਕੋ ਜਿਹੇ ਸਟਾਈਲ।''

ਠੇਕੇਦਾਰ ਕਹਿਣ ਲੱਗਾ, ''ਇਹ ਸਭ ਕੁਝ ਖੁਲ੍ਹੀ ਕਵਿਤਾ (BLANK VERSE) ਦੇ ਨਾਂ ਤੇ ਵਾਪਰਦਾ ਹੈ। ਜੇ ਅਸੀਂ ਇਨ੍ਹਾਂ ਅਖੌਤੀ ਖੁਲੀਆਂ ਕਵਿਤਾਵਾਂ ਦੀਆਂ ਸਤਰਾਂ ਨੂੰ ਵੱਖਰੀ ਵੱਖਰੀ ਸਤਰ ਦੀ ਬਜਾਏ ਵਾਰਤਿਕ ਵਾਂਗ ਜੋੜ ਕੇ ਲਿਖ ਦੇਈਏ ਤਾਂ ਇਹ ਵਾਰਤਿਕ ਵੀ ਕਵਿਤਾ ਨਾਲੋਂ ਉਪਰੀ ਨਹੀਂ ਲਗਦੀ।''



*ਹਰਭਜਨ ਹਲਵਾਰਵੀ*

ਪਾਲੀ ਕਹਿਣ ਲੱਗਾ ਜੇਕਰ ਕੋਈ ਇਨ੍ਹਾਂ ਲੋਕਾਂ ਨੂੰ ਲੇਖਕ ਜਾਂ ਸਾਹਿਤਕਾਰ ਸਮਝਦਾ ਹੈ ਤਾਂ ਸਾਡਾ ਠੇਕੇਦਾਰ ਮਿੱਤਰ ਕਾਫੀ ਰੈਗੂਲਰ ਤੇ ਅਰਥ-ਭਰਪੂਰ ਲੇਖਕ ਹੈ। ਕਿਉਂਕਿ ਸ਼ਾਮ ਨੂੰ ਹਰ ਰੋਜ਼ ਬਹੀ ਖਾਤੇ ਲਿਖਦਾ ਹੈ। ਮਜਦੂਰਾਂ ਦਾ ਹਿਸਾਬ-ਕਿਤਾਬ ਕਲਮਬੱਧ ਕਰਦਾ ਹੈ ਅਤੇ ਮਹਿਕਮਿਆਂ ਨੂੰ ਚਿੱਠੀਆਂ ਲਿਖਦਾ ਹੈ। ਇਸਦੀ ਇਹ ਲੇਖਣ ਕਲਾ ਸਹੀ ਯਥਾਰਥ ਦੇ ਬਹੁਤ ਨੇੜੇ ਹੈ।''

ਮੈਂ ਕਿਹਾ ਮੂਹਰਜੀਤ ਤੇਰੀ ਇਕ ਨਜ਼ਮ ਦੀਆਂ ਇਹ ਸਤਰਾਂ-

''ਨੂਰ ਆਖੇ ਗੱਲ ਸੁਣ ਮੇਰੀ ਪਾਤਰਾ
ਮਿਨੀ ਮਨੁੱਖਾਂ ਦੀ ਇਹ ਮਹਾਨ ਯਾਤਰਾ।

ਸ਼ਾਇਦ ਐਸੇ ਕਲਮਕਾਰ ਕਿਸਮ ਦੇ ਸਾਹਿਤਕਾਰਾਂ ਨੂੰ ਹੀ ਦੇਖ ਕੇ ਲਿਖੀਆਂ ਗਈਆਂ ਹੋਣਗੀਆਂ। ਉਹ ਕਹਿਣ ਲੱਗਾ, ''ਬਿਲਕੁਲ ਠੀਕ ਕਿਹਾ ਤੁਸੀਂ, ਮੈਨੂੰ ਆਪਣੀ ਨਜ਼ਮ ਦੀਆਂ ਇਹ ਸਤਰਾਂ ਸਾਡੇ ਸ਼ਹਿਰ ਦੇ ਇਕ ਵੱਡੇ ਤੇ ਸਰਕਾਰੀ ਸਮਾਗਮ 'ਤੇ ਦੋ ਅਜਿਹੇ ਕਵੀਆਂ ਨੂੰ ਸਨਮਾਨਿਤ ਹੁੰਦਾ ਦੇਖ ਕੇ ਫੁਰੀਆਂ ਸਨ, ਜਿਹੜੇ 24 ਘੰਟਿਆਂ ਦੇ ਨੋਟਿਸ ਤੇ ਹਰ ਕਿਸਮ ਦੇ ਕਵੀ ਦਰਬਾਰ ਦੇ ਮੇਚ ਦੀ ਕਵਿਤਾ ਲਿਖ ਕੇ ਪੜ੍ਹ ਸਕਦੇ ਹਨ। ਕਵੀ ਦਰਬਾਰ ਸਰਕਾਰੀ ਹੋਵੇ ਜਾਂ ਗੈਰ ਸਰਕਾਰੀ ਤੇ ਭਾਵੇਂ ਇਨਕਲਾਬੀ।'' ਇੰਨੀ ਗੱਲ ਕਹਿ ਕੇ ਉਹ ਉਠ ਖੜ੍ਹਾ ਹੋਇਆ ਤੇ ਕਹਿਣ ਲੱਗਾ, ''ਬਾਬਿਓ ਹੁਣ ਮੈਨੂੰ ਦਾਖੇ ਵਾਲੀ ਬੱਸ ਚੜ੍ਹਾ ਕੇ ਆਓ'' ਤੇ ਅਸੀਂ ਸਾਰੇ ਯੂਨੀਵਰਸਿਟੀ ਦੇ ਛੋਟੇ ਗੇਟ ਵਲ ਨੂੰ ਤੁਰ ਪਏ। ਰਾਹ 'ਚ ਸਾਡਾ ਮੇਜ਼ਬਾਨ ਦੋਸਤ ਕਹਿਣ ਲੱਗਾ ਕਿ ਜੇਕਰ ਖੁੱਲੀ ਕਵਿਤਾ ਇਸ ਦੇ ਮਿਆਰਾਂ ਅਨੁਸਾਰ ਲਿਖਣੀ ਹੋਵੇ ਤਾਂ ਕਵਿਤਾ ਦੀ ਇਹ ਵੰਨਗੀ ਤੁਕਬੰਦੀ ਵਾਲੀ ਕਵਿਤਾ ਨਾਲੋਂ ਵੀ ਵਧ ਸੂਖਮ ਤੇ ਮੁਸ਼ਕਲ ਹੈ। ਤੁਸੀਂ ਕਦੇ ਫਿਲਮਾਂ ਵਾਲੇ ਗੁਲਜ਼ਾਰ ਦੀਆਂ ਖੁਲੀਆਂ ਕਵਿਤਾਵਾਂ ਪੜ੍ਹ ਕੇ ਦੇਖੋ ਸ਼ਬਦ ਕੰਨਾਂ 'ਚ ਰਸ ਘੋਲਦੇ ਤੁਰੇ ਜਾਂਦੇ ਨੇ ਤੇ ਝਰਨੇ ਵਰਗੀ ਰਵਾਨਗੀ ਹੈ ਉਸ ਦੀਆਂ ਨਜ਼ਮਾਂ 'ਚ। ਪੜ੍ਹ ਕੇ ਜਾਂ ਸੁਣ ਕੇ ਹੀ ਪਤਾ ਲੱਗਦਾ ਕਿ ਐਹੋ ਜਿਹੀ ਹੁੰਦੀ ਹੈ ਖੁਲ੍ਹੀ ਕਵਿਤਾ।

ਸਾਡੇ ਸਮਿਆਂ 'ਚ ਪੰਜਾਬੀ ਸਾਹਿਤ ਦੀ ਇਕ ਇਹ ਵੀ ਸਮੱਸਿਆ ਰਹੀ ਹੈ ਕਿ ਕਿਸੇ ਸਾਹਿਤਕ ਲਿਖਤ ਦੀ ਮੈਰਿਟ ਨਾਲੋਂ ਜ਼ਿਆਦਾ ਖਿਆਲ ਉਸਨੂੰ ਲਿਖਣ ਵਾਲੇ ਸਾਹਿਤਕਾਰ ਦੀ ਮੈਰਿਟ ਜਾਂ ਸਥਾਪਤੀ ਦਾ ਕੀਤਾ ਜਾਂਦਾ ਹੈ। ਜਿਥੇ ਕਿਤੇ ਵੀ ਇਹ ਕੁਤਾਹੀ ਹੁੰਦੀ ਹੈ, ਉਹ ਸਾਡੇ ਸਾਹਿਤ ਨੂੰ ਛਾਪ ਕੇ ਲੋਕਾਂ ਤੱਕ ਪਹੁੰਚਾਣ ਵਾਲੇ ਪ੍ਰਕਾਸ਼ਕਾਂ ਜਾਂ ਅਖਬਾਰਾਂ, ਰਸਾਲਿਆਂ ਦੇ ਐਡੀਟਰਾਂ ਵਲੋਂ ਹੀ ਕੀਤੀ ਜਾਂਦੀ ਹੈ। ਭਾਵੇਂ ਸਾਰੇ ਪ੍ਰਕਾਸ਼ਕ ਜਾਂ ਐਡੀਟਰ ਐਸੇ ਨਹੀਂ ਹਨ। ਕਈ ਪ੍ਰਕਾਸ਼ਕ ਦਸਦੇ ਹਨ ਕਿ ਕੁਝ ਲੇਖਕ ਆਪਣੀਆਂ ਕਵਿਤਾਵਾਂ ਜਾਂ ਕਹਾਣੀਆਂ ਆਪਣੇ ਪੱਲਿਓਂ ਪੈਸੇ ਦੇ ਕੇ ਛਪਵਾਉਂਦੇ ਹਨ ਅਤੇ ਜੇ ਉਨ੍ਹਾਂ ਦੀਆਂ ਲਿਖਤਾਂ 'ਚ ਕੁਝ ਵੀ ਸਮਾਜ ਵਿਰੋਧੀ ਜਾਂ ਅਸ਼ਲੀਲ ਨਹੀਂ, ਭਾਵੇਂ ਸਾਹਿਤਕ ਵੀ ਨਹੀਂ ਤਾਂ ਵਪਾਰ ਦੇ ਦ੍ਰਿਸ਼ਟੀਕੋਣ ਤੋਂ ਦੇਖਿਆਂ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ। ਇਹ ਕੰਮ ਤਾਂ ਪਾਠਕਾਂ ਦਾ ਹੈ ਕਿ ਉਹ ਦੇਖਣ ਕਿ ਕੋਈ ਲੇਖਕ, ਕਲਮਕਾਰ ਹੈ ਜਾਂ ਸਾਹਿਤਕਾਰ। ਭਾਵੇਂ ਉਪਰੋਕਤ ਗੱਲ ਤਾਂ ਠੀਕ ਹੈ, ਪਰ ਇਸ ਰੁਝਾਨ ਨਾਲ, ਖਾਸ ਕਰਕੇ ਅਖਬਾਰਾਂ ਤੇ ਰਸਾਲਿਆਂ ਵਲੋਂ ਨਵੇਂ ਸਾਹਿਤਕਾਰਾਂ ਦੀ ਅਣਦੇਖੀ ਹੋ ਜਾਂਦੀ ਹੈ।

ਇਕ ਵਾਰ ਪੰਜਾਬ ਦੇ ਇਕ ਨਵੇਂ ਕਵੀ ਨੇ ਆਪਣੀਆਂ ਦੋ ਤਿੰਨ ਕਵਿਤਾਵਾਂ ਛਪਣ ਲਈ 'ਨਾਗਮਣੀ' ਪਰਚੇ ਨੂੰ ਭੇਜ ਦਿੱਤੀਆਂ, ਜੋ ਐਡੀਟਰ ਨੇ 'ਪਰਚੇ' 'ਚ ਨਾ ਛਪਣਯੋਗ ਦਾ ਨੋਟ ਦੇ ਕੇ ਅਫਸੋਸ ਸਮੇਤ ਕਵੀ ਨੂੰ ਵਾਪਸ ਭੇਜ ਦਿੱਤੀਆਂ। ਉਸ ਨਵੇਂ ਕਵੀ ਨੇ ਦੋ ਤਿੰਨ ਮਹੀਨਿਆਂ ਬਾਅਦ ਉਹ ਹੀ ਕਵਿਤਾਵਾਂ ਸ਼ਾਇਰ ਸੁਰਜੀਤ ਪਾਤਰ ਦੇ ਨਾਂ ਤੇ 'ਨਾਗਮਣੀ' ਨੂੰ ਭੇਜ ਦਿੱਤੀਆਂ ਤਾਂ ਇਹ ਕਵਿਤਾਵਾਂ ਨਾ ਸਿਰਫ ਪਰਚੇ 'ਚ ਛਪੀਆਂ ਸਗੋਂ ਪਰਚੇ 'ਚ ਸਭ ਤੋਂ ਵੱਧ ਮਹੱਤਵਪੂਰਨ ਪੰਨਿਆਂ 'ਤੇ ਛਪੀਆਂ। ਉਸ ਕਵੀ ਨੇ ਇਸ ਸਾਰੇ ਘਟਨਾਕ੍ਰਮ ਦਾ ਵੇਰਵਾ ਸਬੂਤਾਂ ਸਮੇਤ ਇਕ ਦੋ ਅਖਬਾਰਾਂ ਨੂੰ ਭੇਜਿਆ ਜੋ ਵੱਡੀ ਸਾਹਿਤਕ ਖਬਰ ਦੇ ਤੌਰ 'ਤੇ ਛਪਿਆ ਵੀ ਤੇ ਅਸੀਂ-ਤੁਸੀਂ ਪੜ੍ਹਿਆ ਵੀ। ਇਸੇ ਤਰ੍ਹਾਂ ਇਕ ਵਾਰ ਪੰਜਾਬ ਦੇ ਭਾਸ਼ਾ ਵਿਭਾਗ ਨੇ ਚੋਣਵੇਂ ਸਾਹਿਤਕਾਰਾਂ ਦੀਆਂ ਲਿਖਤਾਂ ਨੂੰ ਸ਼੍ਰੋਮਣੀ ਇਨਾਮਾਂ ਨਾਲ ਨਿਵਾਜਣਾ ਸੀ। ਭਾਸ਼ਾ ਵਿਭਾਗ ਵਲੋਂ ਪਾਸ ਕੀਤੀ ਸੂਚੀ ਵਿਚ ਪਰਵਾਸੀ ਕੋਟੇ 'ਚ ਕੈਨੇਡਾ ਵਾਲੇ ਕਵੀ ਦਰਸ਼ਨ ਗਿੱਲ ਦੀ ਕਿਤਾਬ ਦਾ ਨਾਂ ਸ਼ਾਮਲ ਸੀ। ਜਦੋਂ ਇਹ ਸੂਚੀ ਸਾਹਿਤਕਾਰਾਂ ਅਤੇ ਅਲੋਚਕਾਂ ਦੀ ਬਣੀ ਸਕਰੀਨਿੰਗ ਕਮੇਟੀ ਕੋਲ ਗਈ ਤਾਂ ਕਮੇਟੀ ਵਿਚ ਸ਼ਾਮਿਲ ਡਾ. ਤੇਜਵੰਤ ਮਾਨ ਚਿਲਾ ਉਠਿਆ ''ਮਹਾਂਪੁਰਸ਼ੋ! ਜਿਹੜੀ ਕਿਤਾਬ ਨੂੰ ਤੁਸੀਂ ਪ੍ਰਵਾਸੀ ਦਰਸ਼ਨ ਗਿੱਲ ਦੀ ਸਮਝ ਕੇ ਸ਼੍ਰੋਮਣੀ ਇਨਾਮਾਂ ਦੀ ਸੂਚੀ 'ਚ ਪਾਇਆ ਹੋਇਆ ਹੈ, ਅਸਲ 'ਚ ਇਹ ਕਿਤਾਬ ਤਾਂ ਬਠਿੰਡੇ ਦੇ ਐਕਸਾਈਜ਼ ਇੰਸਪੈਕਟਰ ਦਰਸ਼ਨ ਸਿੰਘ ਗਿੱਲ ਦੀ ਲਿਖੀ ਹੋਈ ਹੈ।'' ਮਾਨ ਦੀ ਗੱਲ ਸੁਣਦਿਆਂ ਹੀ ਭਾਸ਼ਾ ਵਿਭਾਗ ਦੇ ਅਫਸਰਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਤੇ ਫਟਾਫਟ ਕੈਨੇਡਾ ਵਾਲੇ ਦਰਸ਼ਨ ਗਿੱਲ ਦੀ ਕੋਈ ਨਵੀਂ ਅਤੇ ਅਣਇਨਾਮੀ ਕਿਤਾਬ ਲੱਭਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ। ਇਹ ਖ਼ਬਰ ਵੀ ਪੰਜਾਬ ਦੇ ਪੰਜਾਬੀ ਅਖਬਾਰਾਂ ਦਾ ਸ਼ਿੰਗਾਰ ਬਣੀ ਸੀ। ਇਸ ਗੱਲ ਤੋਂ ਸਮਝ ਇਹ ਬਣਦੀ ਹੈ ਕਿ ਇਨਾਮ ਸਾਹਿਤਕਾਰ ਨੂੰ ਮੁੱਖ ਰਖ ਕੇ ਦੇਣਾ ਸੀ ਨਾ ਕਿ ਉਸਦੀ ਲਿਖਤ ਨੂੰ, ਭਾਵੇਂ ਨਾ ਲਿਖਤ ਦਾ ਹੀ ਵਰਤਿਆ ਜਾਣਾ ਸੀ। ਇਸ ਰੁਝਾਨ ਨੇ ਸਾਹਿਤਕਾਰ ਅਤੇ ਕਲਮਕਾਰ ਵਿਚਲੀ ਲਕੀਰ ਮਿਟਾ ਦਿੱਤੀ ਹੈ।

ਉਨ੍ਹਾਂ ਦਿਨਾਂ 'ਚ ਲੋਕ ਨਾਥ ਭਾਵੇਂ ਪਟਿਆਲਾ ਯੂਨੀਵਰਸਿਟੀ ਦੇ ਆਨਰਜ਼ ਸਕੂਲ 'ਚ ਪੜ੍ਹਦਾ ਸੀ ਪਰ ਕਲਾਸਾਂ ਘੱਟ ਹੀ ਲਾਉਂਦਾ ਸੀ। ਇਕ ਦਿਨ ਦਿੱਲੀ ਤੋਂ ਸਿੱਧਾ ਮੇਰੇ ਕੋਲ ਚੰਡੀਗੜ੍ਹ ਪਹੁੰਚਿਆ। ਉਸ ਨੇ ਨਵਾਂ ਬਲੇਜ਼ਰ ਪਾਇਆ ਹੋਇਆ ਸੀ ਜਿਸ ਬਾਰੇ ਉਸ ਨੇ ਹੁੱਬ ਕੇ ਦੱਸਿਆ ਕਿ ਇਹ ਕੋਟ ਉਸਨੂੰ ਅੰਮ੍ਰਿਤਾ ਪ੍ਰੀਤਮ ਨੇ ਖਰੀਦ ਕੇ ਤੋਹਫੇ ਵਜੋਂ ਦਿੱਤਾ ਹੈ। ਸ਼ਾਮ ਨੂੰ ਉਸ ਨੇ ਭੂਸ਼ਣ ਧਿਆਨਪੁਰੀ ਦੀ ਸੰਗਤ ਕਰਨ ਦੀ ਇੱਛਾ ਪ੍ਰਗਟਾਈ ਤਾਂ ਅਸੀਂ ਉਸਨੂੰ ਲੱਭਣ ਤੁਰ ਪਏ ਤੇ ਆਖਿਰ ਸਾਨੂੰ ਉਹ ਮੋਹਨ ਭੰਡਾਰੀ ਕੋਲ ਲੱਭ ਪਿਆ। ਮੈਂ ਲੋਕਨਾਥ ਨੂੰ ਤੋਹਫੇ 'ਚ ਸਿਲੇ ਕੋਟ ਦੀ ਗੱਲ ਕੀਤੀ ਤਾਂ ਭੂਸ਼ਨ ਕਹਿਣ ਲੱਗਾ, ''ਇਹ ਵੱਜਿਐ ਨਾ ਨੈਹਲੇ 'ਤੇ ਦੈਹਲਾ। ਅੰਮ੍ਰਿਤਾ ਨੂੰ ਦਿੱਲੀ ਵਾਲੇ ਈਮੋਸ਼ਨਲ ਠੱਗੀਆਂ ਮਾਰਨ ਦੀ ਮਾਹਿਰ ਗਿਣਦੇ ਨੇ। ਪਰ ਲੋਕਨਾਥ ਨੇ ਕੋਈ ਐਕਸਟਰਾ ਈਮੋਸ਼ਨਲ ਨਾਟਕ ਕੀਤਾ ਹੋਣੈ, ਜਿਵੇਂ ਅੰਮ੍ਰਿਤਾ ਨੂੰ ਦੀਦੀ ਤੋਂ ਆਪਣੀ ਮੰਮੀ ਬਣਾ ਲਿਆ ਹੋਣਾ। ਅਜੇ ਤਾਂ ਇਹਦੇ ਨਾਲ ਪ੍ਰੋ. ਸੁਰਜੀਤ ਪੋਜੀਅਰ ਨਹੀਂ ਸੀ, ਨਹੀਂ ਤਾਂ ਪਤਾ ਨਹੀਂ ਕੀ ਕੀ ਲੈ ਆਉਣਾ ਸੀ।'' ਭੂਸ਼ਨ ਦੀ ਗੱਲ ਸੁਣ ਕੇ ਅਸੀਂ ਸਾਰੇ ਹੱਸਣ ਲੱਗ ਪਏ ਤੇ ਗੱਲ ਚਲਦੀ ਚਲਦੀ ਦਿੱਲੀ 'ਚ ਰਚੇ ਜਾਂਦੇ ਪੰਜਾਬੀ ਸਾਹਿਤ ਅਤੇ ਉਥੋਂ ਦੇ ਪੰਜਾਬੀ ਸਾਹਿਤਕਾਰਾਂ ਬਾਰੇ ਹੋਣ ਲੱਗ ਪਈ।

## ਸ਼ੈਰੀ ਦੀ ਡਾਇਰੀ

ਇਸ ਸਬੰਧੀ ਲੋਕ ਨਾਥ ਨੇ ਇਕ ਘਟਨਾ ਸੁਣਾਈ ਕਿ ਪਿਛਲੇ ਦਿਨੀਂ ਦਿੱਲੀ ਕਿਸੇ ਥਾਂ ਤੇ ਪੰਜਾਬੀ ਸਾਹਿਤਕਾਰਾਂ ਦਾ ਡਿਨਰ ਸੀ ਜਿੱਥੇ 7-8 ਇਸਤਰੀ ਲੇਖਕ ਜਿਵੇਂ ਅੰਮ੍ਰਿਤਾ, ਅਜੀਤ ਕੌਰ, ਬਚਿੰਤ ਕੌਰ ਆਦਿ ਸਨ ਅਤੇ ਸਾਰੇ ਦੂਜੇ ਸਾਹਿਤਕਾਰ ਜਿਵੇਂ ਗਾਰਗੀ, ਹਰਿਭਜਨ, ਦੁੱਗਲ ਆਦਿ ਵੀ ਸਨ। ਖਾਣੇ ਤੋਂ ਪਹਿਲਾਂ ਲੇਖਕਾਂ ਨੂੰ ਸ਼ਰਾਬ ਤੇ ਕੌਫੀ ਵਰਤਾਈ ਜਾਣ ਲੱਗੀ। ਸਾਰੀਆਂ ਔਰਤਾਂ ਨੇ ਕੌਫੀ ਦੇ ਗਲਾਸ ਚੁੱਕੇ ਪਰ ਅੰਮ੍ਰਿਤਾ ਨੇ ਸ਼ਰਾਬ ਵਾਲਾ ਗਲਾਸ ਚੁੱਕ ਲਿਆ। ਦੂਜੀਆਂ ਔਰਤ ਲੇਖਕਾਂ ਇਹ ਦੇਖ ਕੇ ਥੋੜਾ ਸੁੰਗੜ ਗਈਆਂ। ਕਈ ਨਵੀਆਂ ਨੇ ਤਾਂ ਮੂੰਹ ਅੱਗੇ ਚੁੰਨੀਆਂ ਰੱਖ ਲਈਆਂ। ਚੀਅਰਜ਼ ਹੁੰਦਿਆਂ ਹੀ ਸਭ ਨੇ ਆਪਣੇ ਹੱਥਾਂ ਵਿਚਲੇ ਗਲਾਸ ਮੂੰਹਾਂ ਨੂੰ ਲਾਏ ਤਾਂ ਡਾ. ਹਰਿਭਜਨ ਨੇ ਕੰਨ 'ਤੇ ਹੱਥ ਧਰ ਕੇ ਹੇਕ ਲਾਈ

ਸੋਹਣੀ ਨਾਰ ਨੇ ਦਾਰੂ ਦਾ ਘੁੱਟ ਭਰਿਆ
ਤੇ ਘੁੱਗੀਆਂ ਸਹਿਮ ਗਈਆਂ
ਸੋਹਣੀ ਨਾਰ ਨੇ...।

ਗੱਲ ਸੁਣ ਕੇ ਭੂਸ਼ਨ ਕਹਿਣ ਲੱਗਾ ਭਾਵੇਂ ਅੰਮ੍ਰਿਤਾ ਨੇ ਗਲਾਸ ਬੁਲ੍ਹਾਂ ਨੂੰ ਛੂਹਾ ਕੇ ਹੀ ਰੱਖ ਦਿੱਤਾ ਹੋਵੇ ਪਰ ਉਸਨੂੰ ਇਉਂ ਕਰਨਾ ਚੰਗਾ ਲੱਗਦਾ ਹੈ। ਇਸ ਤਰ੍ਹਾਂ ਉਹ ਬਹਾਦਰ ਔਰਤ ਹੈ। ਗੱਲ ਪੰਜਾਬ ਦੇ ਪੰਜਾਬੀ ਸਾਹਿਤਕਾਰਾਂ ਬਾਰੇ ਹੋਣ ਲੱਗੀ ਤਾਂ ਲੋਕ ਨਾਥ ਭੂਸ਼ਨ ਨੂੰ ਕਹਿਣ ਲੱਗਾ, ''ਬਾਬਿਓ, ਪੰਜਾਬੀ ਸਾਹਿਤ 'ਚ ਜਿਹੜੀ ਤੁਸੀਂ ਸਾਹਿਤਕ ਮਸ਼ਕਰੀ ਅਤੇ ਪੈਰੋਡੀ ਦੀ ਪਿਰਤ ਪਾਈ ਐ ਨਾ, ਇਹ ਕਮਾਲ ਐ। ਪੰਜਾਬੀ ਸਾਹਿਤ ਨੂੰ ਇਕ ਨਵੀਂ ਵੰਨਗੀ ਦਿੱਤੀ ਐ ਤੁਸੀਂ ਬਾਬਿਓ।'' ਸੁਣ ਕੇ ਭੂਸ਼ਨ ਕਹਿਣ ਲੱਗਾ, ''ਲੋਕ ਨਾਥ, ਮਸ਼ਕਰੀ ਜਾਂ ਟਿੱਚਰ ਤੁਸੀਂ ਸਮਾਰਟ ਤੇ ਸਮਝਦਾਰ ਬੰਦੇ ਨੂੰ ਹੀ ਕਰ ਸਕਦੇ ਹੋ ਜਿਸ ਨੂੰ ਲਤੀਫੇ ਤੇ ਸਾਂਗ ਵਰਗੀਆਂ ਸੰਖੇਪ ਤੇ ਬਹੁਅਰਥੀ ਕਲਾਵਾਂ ਦੀ ਸਮਝ ਆਉਂਦੀ ਹੋਵੇ। ਮੂਰਖ ਤੇ ਗੁੱਸੇਖੋਰ ਬੰਦੇ ਨੂੰ ਤੁਸੀਂ ਮਖੌਲ ਨਹੀਂ ਕਰ ਸਕਦੇ। ਉਸ ਨਾਲ ਤਾਂ ਤੁਸੀਂ ਜਾਂ ਖਹਿਬੜ ਸਕਦੇ ਹੋ ਤੇ ਜਾਂ ਪਾਸਾ ਵੱਟ ਸਕਦੇ ਹੋ। ਸਾਹਿਤਕ ਮਸ਼ਕਰੀ ਜਾਂ ਪੈਰੋਡੀ ਦਾ ਪੰਜਾਬੀ ਦੇ ਪਾਠਕਾਂ ਤੇ ਸਾਹਿਤਕਾਰਾਂ 'ਚ ਪ੍ਰਵਾਨ ਹੋਣਾ ਪੰਜਾਬੀ 'ਚ ਪਾਏਦਾਰ ਸਾਹਿਤ ਤੇ ਸਾਹਿਤਕਾਰਾਂ ਦੇ ਹੋਣ ਦਾ ਸਬੂਤ ਹੈ। ਮੈਂ ਵਾਰਿਸ ਸ਼ਾਹ, ਹਾਸ਼ਮ, ਮੋਹਨ ਸਿੰਘ, ਅੰਮ੍ਰਿਤਾ, ਗਾਰਗੀ, ਸ਼ਿਵ, ਪ੍ਰੇਮ ਪ੍ਰਕਾਸ਼, ਪਾਤਰ, ਪਾਸ਼, ਜਾਂ ਇਨ੍ਹਾਂ ਵਰਗੇ ਹੋਰ ਲੇਖਕਾਂ ਬਾਰੇ ਹੀ ਮਸ਼ਕਰੀ ਜਾਂ ਪੈਰੋਡੀ ਦੇ ਅੰਦਾਜ਼ 'ਚ ਲਿਖ ਸਕਦਾ ਹਾਂ ਨਾ ਕਿ ਉਨ੍ਹਾਂ ਬਾਰੇ ਜਿਨ੍ਹਾਂ ਨੇ ਕਦੇ ਕੋਈ ਨਵੀਂ ਗੱਲ ਹੀ ਨਹੀਂ ਕੀਤੀ। ਬਸ ਐਵੇਂ ਲਿਖੀ ਜਾਂਦੇ ਨੇ ਤੇ ਛਪਵਾਈ ਜਾਂਦੇ ਨੇ।''

ਭੰਡਾਰੀ ਬੋਲਿਆ, ''ਭੂਸ਼ਣ, ਤੂੰ ਪ੍ਰੇਮ ਪ੍ਰਕਾਸ਼ ਵਰਗਿਆਂ ਦੀ ਕਤਾਰ 'ਚ ਮੈਨੂੰ ਨਹੀਂ ਖੜਾ ਕੀਤਾ ਕੀ ਮੈਨੂੰ ਤੂੰ ਸਾਹਿਤਕਾਰ ਹੀ ਨਹੀਂ ਸਮਝਦਾ। ਬਸ ਐਵੇਂ ਦਾ ਕਲਮਕਾਰ ਹੀ ਸਮਝਦਾ ਹੈਂ?'' ਭੂਸ਼ਣ ਹੱਸ ਕੇ ਕਹਿਣ ਲੱਗਾ, ''ਭੰਡਾਰੀ, ਜੇ ਤੂੰ ਮੇਰੇ ਸਾਹਮਣੇ ਹਾਜ਼ਰ ਨਾ ਬੈਠਾ ਹੁੰਦਾ ਤਾਂ ਮੈਂ ਤੇਰਾ ਵੀ ਨਾਂ ਲੈਣਾ ਸੀ। ਕੀ ਕਰਾਂ, ਮੇਰੇ ਤੋਂ ਸਾਹਮਣੇ ਬੈਠੇ ਬੰਦੇ ਦੀ ਤਾਰੀਫ ਨਹੀਂ ਕੀਤੀ ਜਾਂਦੀ। ਸਿਆਸੀ ਤੇ ਅਸੱਭਿਅਕ ਜਿਹਾ ਲਗਦਾ ਹੈ ਇਉਂ ਕਰਨਾ।''

ਇਸੇ ਤਰ੍ਹਾਂ ਦੀਆਂ ਗੱਲਾਂ ਵੀ ਚਲਦੀਆਂ ਰਹੀਆਂ ਤੇ ਖਾਣ ਪੀਣ ਵੀ। ਲੋਕ ਨਾਥ ਦੇ ਸ਼ਰਾਬੀ ਹੋ ਜਾਣ ਦਾ ਸਾਨੂੰ ਉਦੋਂ ਪਤਾ ਚੱਲਿਆ ਜਦੋਂ ਉਸ ਨੇ ਉੱਠ ਕੇ, ਇੱਕ ਹੱਥ ਕੰਨ ਤੇ ਧਰ ਕੇ ਤੇ ਦੂਜਾ ਉੱਚਾ ਕਰਕੇ ਭੂਸ਼ਣ ਦੀ ਲਿਖੀ ਇਕ ਪੈਰੋਡੀ ਦੀਆਂ ਇਹ ਸਤਰਾਂ ਪੂਰੀ ਬੁਲੰਦ ਆਵਾਜ਼ 'ਚ ਗਾਉਣੀਆਂ ਸ਼ੁਰੂ ਕਰ ਦਿੱਤੀਆਂ;

''ਅਸੀਂ ਕਿੱਕਰਾਂ ਫਲਾਈਆਂ ਦੀਆਂ ਦਾਤਣਾਂ
ਪਈਆਂ ਪਈਆਂ ਰੋ ਵੇ ਰਹੀਆਂ।
ਅਸੀਂ ਕੱਚਿਆਂ ਘਰਾਂ ਦੀਆਂ ਛੱਤਣਾਂ
ਮੀਹਾਂ ਵਿਚ 'ਚੋ ਵੇ ਰਹੀਆਂ।

ਭੂਸ਼ਣ ਨੇ ਨਿਆਣਿਆਂ ਵਾਂਗ ਉਸਨੂੰ ਵਰਚਾ ਕੇ ਮੇਰੇ ਸਕੂਟਰ 'ਤੇ ਬਿਠਾਇਆ ਤੇ ਅਸੀਂ ਅਗਲੇ ਦਿਨ ਮਿਲਣ ਦਾ ਵਾਅਦਾ ਕਰਕੇ ਆਪੋ ਆਪਣੇ ਟਿਕਾਣਿਆਂ ਵਲ ਰਵਾਨਾ ਹੋ ਗਏ।

## ਨਾਲੀ ਦੇ ਮੰਡ ਵਿਚ ਵੱਸਿਆ ਪਿੰਡ ਕੁੱਤੇਵੱਢ

# ਆਸਾ ਨੰਦ ਦੇ ਕਤਲ ਵੇਲੇ ਵੀ ਰਹੀ ਭਾਈਚਾਰਕ ਸਾਂਝ

ਅਮੋਲਕ ਸਿੰਘ ਜੰਮੂ

"ਹਰਦੀਪ ਸਿਆਂ ਤੁਸੀਂ ਕੀਤੀ ਤਾਂ ਮੇਰੇ ਨਾਲ ਮਾੜੀ ਐ। ਰੱਬ ਦਾ ਵਾਸਤਾ ਜੇ ਮੈਨੂੰ ਇੱਦਾਂ ਇਥੇ ਛੱਡ ਕੇ ਨਾ ਜਾਓ।" ਲਹੂ ਲੁਹਾਨ ਹੋਏ ਮਹਿਤਾ ਆਸਾ ਨੰਦ ਨੇ ਪੀੜ ਨਾਲ ਕਰਾਹੁੰਦਿਆਂ ਆਖਿਆ। "ਇਥੇ ਪਿਆ ਮੈਂ ਮਰ ਜਾਊਂ, ਉਤੋਂ ਰਾਤ ਤੁਰੀ ਆਉਂਦੀ ਹੈ, ਠੰਡ ਨਾਲ ਉਦਾਂ ਹੀ ਆਕੜ ਜਾਊਂ," ਉਸ ਸਿਆਲੂ ਦਿਨਾਂ ਦਾ ਸੂਰਜ ਥੱਲੇ ਉਤਰਦਾ ਵੇਖ ਕੇ ਤਰਲਾ ਲੈਂਦਿਆਂ ਕਿਹਾ। ਚਾਚੇ ਹਰਦੀਪ ਸਿੰਘ ਅਤੇ ਅਜੈਬ ਨੂੰ ਸੋਚੀਂ ਪਿਆਂ ਦੇਖ ਉਸ ਫਿਰ ਤਰਲਾ ਲਿਆ, "ਜਾਓ ਰੱਬ ਦੇ ਵਾਸਤੇ ਮੱਦੀ ਕੇ ਘਰੇ ਦੱਸ ਆਓ, ਜੋ ਹੋਈ ਸੋ ਹੋਈ, ਮੇਰੀ ਜਾਨ ਬਚਾ ਲਓ।"

"ਜੈਬ ਤੂੰ ਫਿਰ ਦੱਸ ਆ ਮੱਦੀ ਹੁਣਾਂ ਦੇ ਘਰ, ਮੈਂ ਇਥੇ ਹੀ ਬਹਿਨਾਂ ਇਹਦੇ ਕੋਲ ਕਿਤੇ ਕੋਈ ਹੋਰ ਨਾ ਚੰਦ ਚੜ੍ਹਾ ਜਾਵੇ," ਚਾਚੇ ਹਰਦੀਪ ਸਿੰਘ ਨੇ ਮੇਰੇ ਤਾਏ ਦੇ ਪੁੱਤਰ ਅਜੈਬ ਨੂੰ ਆਖਿਆ। ਫਿਰ ਹੌਲੀ ਜਿਹੀ ਅਜੈਬ ਨੂੰ ਕਹਿਣ ਲੱਗਾ, "ਕਿਤੇ ਇਹ ਮਰ ਗਿਆ ਤਾਂ ਕਤਲ ਪੱਲੇ ਪੈ ਜਾਊ। ਇਹਦਾ ਉਂਜ ਵੀ ਵੀਹਾਂ ਰਾਵਾਂ ਨਾਲ ਵੈਰ ਐ ਕਿਤੇ ਕੋਈ ਰਾਅ ਈ ਨਾ ਲੰਘਦਾ ਜਾਂਦਾ ਇਹਦਾ ਕੰਮ ਕਰ ਜਾਏ।" ਅਜੈਬ ਘੱਗਰ ਦਰਿਆ 'ਤੇ ਬੰਨ੍ਹੇ ਬੰਨ੍ਹ ਨਾਲ ਲੱਗਦੇ ਪਿੰਡ ਰੱਤੇ ਖੇੜੇ ਵੱਲ ਨੂੰ ਤੁਰ ਪਿਆ।

"ਜੈਬ, ਆਹ ਮੇਰਾ ਸਾਈਕਲ ਲੈ ਜਾਹ, ਤੁਰ ਕੇ ਤਾਂ ਤੂੰ ਕਦੋਂ ਪਹੁੰਚਿਆ?" ਉਸ ਆਪਣੇ ਸਾਈਕਲ ਵੱਲ ਇਸ਼ਾਰਾ ਕੀਤਾ। ਅਜੈਬ ਨੇ ਸਾਈਕਲ ਚੁੱਕਿਆ ਅਤੇ ਰੱਤੇ ਖੇੜੇ ਵੱਲ ਨੂੰ ਵਗ ਤੁਰਿਆ।

ਇਹ ਗੱਲ 1971 ਦੀ ਹੈ। ਅਸੀਂ ਮਹਿਤਾ ਆਸਾ ਨੰਦ ਤੋਂ 16 ਕਿੱਲੇ ਜ਼ਮੀਨ ਲੈਣ ਦਾ ਸੌਦਾ ਕੀਤਾ। ਰਜਿਸਟਰੀ ਦੋ ਸਾਲਾਂ ਦੇ ਅਰਸੇ ਵਿਚ ਹੋਣੀ ਸੀ। ਕੁਝ ਪੈਸੇ ਪਹਿਲਾਂ ਦੇਣੇ ਸਨ ਤੇ ਬਾਕੀ ਹਰ ਫਸਲ ਉਤੇ ਨਾਲ ਨਾਲ। ਜ਼ਮੀਨ ਦਾ ਕਬਜ਼ਾ ਉਸ ਬਿਆਨਾ ਲੈਂਦਿਆਂ ਹੀ ਦੇ ਦਿੱਤਾ। ਕੁਦਰਤ ਦੀ ਕਰੋਪੀ ਅਜਿਹੀ ਹੋਈ ਕਿ ਪਹਿਲਾਂ ਸੋਕੇ ਨਾਲ ਝੋਨਾ ਮਾਰਿਆ ਗਿਆ ਅਤੇ ਫਿਰ ਬੇਮੌਕਾ ਮੀਂਹ ਪੈਣ ਨਾਲ ਕਣਕ ਖਰਾਬ ਹੋ ਗਈ। ਦੋ ਫਸਲਾਂ ਤੋਂ ਬਾਅਦ ਤੀਜੀ ਫਸਲ ਵੀ ਬਿਮਾਰੀ ਨੇ ਖਰਾਬ ਕਰ ਦਿੱਤੀ। ਸ਼ੁਰੂ ਵਿਚ ਮਹਿਤਾ ਆਸਾ ਨੰਦ ਕੁਝ ਹੋਰ ਪੈਸੇ ਲੈ ਕੇ ਰਜਿਸਟਰੀ ਦਾ ਸਮਾਂ ਵਧਾਉਣ ਲਈ ਤਿਆਰ ਹੋ ਗਿਆ ਪਰ ਫਿਰ ਕਿਸੇ ਦੀ ਚੁੱਕ ਵਿਚ ਆ ਕੇ ਉਸ ਨੇ ਇਨਕਾਰ ਕਰ ਦਿੱਤਾ। ਮਹਿਤਾ ਨਾ ਤੇ ਬਿਆਨਾ ਹੀ ਮੋੜੇ ਅਤੇ ਨਾ ਹੀ ਰਜਿਸਟਰੀ ਕਰਾਉਣ ਲਈ ਮੰਨੇ। ਜ਼ਮੀਨ 'ਤੇ ਕਬਜ਼ਾ ਅਸੀਂ ਲੈ ਹੀ ਚੁੱਕੇ ਸਾਂ। ਮਾਮਲਾ ਅਦਾਲਤ ਵਿਚ ਚਲਾ ਗਿਆ। ਅਦਾਲਤ ਵਿਚ ਅਖੀਰ ਕੇਸ ਆਸਾ ਨੰਦ ਦੇ ਹੱਕ ਵਿਚ ਹੋ ਗਿਆ। ਹੁਣ ਕਬਜ਼ਾ ਛੱਡਣਾ ਪੈਣਾ ਸੀ।

ਆਸਾ ਨੰਦ ਉਨ੍ਹਾਂ ਵੱਡੇ ਅਲਾਟੀਆਂ ਵਿਚੋਂ ਸੀ ਜਿਨ੍ਹਾਂ ਨੂੰ ਸੰਨ 47 ਦੇ ਉਜਾੜਿਆਂ ਤੋਂ ਬਾਅਦ ਇਸ ਇਲਾਕੇ ਵਿਚ ਜ਼ਮੀਨਾਂ ਅਲਾਟ ਹੋਈਆਂ ਸਨ। ਆਸਾ ਨੰਦ ਵਰਗੇ ਹੋਰ ਵੀ ਕਈ ਮਹਿਤਾ ਖੱਤਰੀ ਸਨ ਜਿਨ੍ਹਾਂ ਨੂੰ ਇਸ ਇਲਾਕੇ ਵਿਚ ਨਾਲੀ ਦੇ ਨਾਲ ਨਾਲ ਸੌ ਸੌ, ਦੋ ਦੋ ਸੌ ਏਕੜ ਜਾਂ ਇਸ ਤੋਂ ਵੀ ਵੱਧ ਜ਼ਮੀਨਾਂ ਅਲਾਟ ਹੋਈਆਂ ਸਨ। ਉਨ੍ਹਾਂ ਵੇਲਿਆਂ 'ਚ ਬਹੁਤ ਘੱਟ ਜ਼ਮੀਨ ਆਬਾਦ ਸੀ ਤੇ ਬਾਕੀ ਸਾਰੀ ਬੇਆਬਾਦ-ਜੰਗਲ, ਸਰਕੜੇ ਅਤੇ ਦੱਬ ਦਾ ਭਰਿਆ ਮੰਡ। ਉਤੋਂ ਨਾਲੀ ਹਰ ਸਾਲ ਆਪਣੀ ਤਬਾਹੀ ਮਚਾਉਂਦੀ। ਇਸ ਪਿੰਡ ਵਿਚ ਮੇਰੇ ਬਜ਼ੁਰਗਾਂ ਵਾਂਗ ਹੋਰ ਬਹੁਤ ਸਾਰੇ ਬੇਜ਼ਮੀਨੇ ਲੋਕਾਂ ਨੇ ਇਹ ਜ਼ਮੀਨਾਂ ਹਿੱਸੇ ਉਤੇ ਲੈ ਕੇ ਸੱਪਾਂ ਦੀਆਂ ਸਿਰੀਆਂ ਮਿੱਧ, ਦੱਬ ਦੇ ਸੂਇਆਂ ਵਰਗੇ ਕੰਡੇ ਪੈਰਾਂ 'ਚ ਚੁਭੋ ਅਤੇ ਜਵਾਹਿਆਂ ਦੇ ਸਾੜ ਪਾਉਣੇ ਕੰਡਿਆਂ ਦੀਆਂ ਚੋਭਾਂ ਸਹਿ ਕੇ ਆਬਾਦ ਕੀਤੀਆਂ ਸਨ। ਸੰਨ 1963 ਦੀ ਪੰਜਾਬ ਦੇ ਤਤਕਾਲੀਨ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਇਸ ਇਲਾਕੇ ਦੇ ਦੌਰੇ 'ਤੇ ਆਏ ਤਾਂ ਘੱਗਰ ਉਤੇ ਬੰਨ੍ਹ ਬਣਾਉਣ ਦਾ ਹੁਕਮ ਦੇ ਗਏ। ਦੋ ਹਫਤਿਆਂ ਬਾਅਦ ਕੰਮ ਵੀ ਸ਼ੁਰੂ ਹੋ ਗਿਆ ਜਿਸ ਨੂੰ ਖੁਦ ਸ. ਕੈਰੋਂ ਵੇਖ ਨਾ ਸਕੇ। 1965 ਤੱਕ ਨਾਲੀ ਦੇ ਦੋਵੇਂ ਪਾਸੀਂ ਵੀਹ ਵੀਹ ਫੁੱਟ ਉਚਾ ਬੰਨ੍ਹ ਬੱਝ ਚੁੱਕਾ ਸੀ ਤੇ ਇਹ ਇਲਾਕਾ ਘੱਗਰ ਦੇ ਹੜ੍ਹ ਦੀ ਮਾਰ ਤੋਂ ਬਾਹਰ ਆ ਗਿਆ ਸੀ।

ਬਹੁਤੇ ਅਲਾਟੀਆਂ ਨੇ ਹੌਲੀ ਹੌਲੀ ਇਹ ਜ਼ਮੀਨਾਂ ਵਾਹਕਾਂ ਨੂੰ ਹੀ ਬੜੇ ਰਿਆਇਤੀ ਭਾਅ 'ਤੇ ਵੇਚ ਦਿੱਤੀਆਂ ਸਨ। ਇਨ੍ਹਾਂ ਮਾਮਲਿਆਂ ਵਿਚੋਂ ਬਹੁਤਿਆਂ ਵਿਚ ਜ਼ਮੀਨ ਮਾਲਕ ਵੀ ਖੁਸ਼ ਸਨ ਅਤੇ ਖਰੀਦਦਾਰ ਵੀ। ਕਦੇ ਕਿਸੇ ਦਾ ਬਹੁਤਾ ਝਗੜਾ ਨਹੀਂ ਸੀ ਹੋਇਆ। ਮਹਿਤਾ ਆਸਾ ਨੰਦ ਪਤਾ ਨਹੀਂ ਕਿਸ ਮਿੱਟੀ ਦਾ ਬਣਿਆ ਸੀ ਕਿ ਉਸ ਦਾ ਹਰ ਰਾਹਕ ਅਤੇ ਹਰ ਖਰੀਦਦਾਰ ਨਾਲ ਝਗੜਾ ਖੜਾ ਹੁੰਦਾ। ਮਹਿਤਾ ਆਸਾ ਨੰਦ ਜੇ ਕਿਸੇ ਜ਼ਿੰਮੀਦਾਰ ਨੂੰ ਜ਼ਮੀਨ ਹਿੱਸੇ 'ਤੇ ਦਿੰਦਾ ਤਾਂ ਉਸ ਦਾ ਅਕਸਰ ਵਟਾਈ ਤੋਂ ਵੀ ਰੌਲਾ ਪਿਆ ਰਹਿੰਦਾ ਜਦੋਂਕਿ ਬਾਕੀ ਬਹੁਤੇ ਅਲਾਟੀ ਜੋ ਵੀ ਜ਼ਿੰਮੀਦਾਰ ਉਨ੍ਹਾਂ ਦੇ ਘਰ ਛੱਡ ਜਾਂਦਾ ਉਸੇ 'ਤੇ ਸਬਰ ਰੱਖਦੇ। ਉਂਜ ਬਹੁਤੇ ਰਾਹਕ ਰੱਬ ਤੋਂ ਡਰਨ ਵਾਲੇ ਸਨ ਅਤੇ ਕੋਈ ਹੇਰਾ-ਫੇਰੀ ਕਰਦੇ ਵੀ ਘੱਟ ਹੀ ਸਨ।

ਆਸਾ ਨੰਦ ਦਾ ਦੋ ਤਿੰਨ ਵਾਰ ਰਾਅ ਸਿੱਖਾਂ ਨਾਲ ਵੀ ਲੜਾਈ ਝਗੜਾ ਹੋ ਚੁੱਕਾ ਸੀ ਅਤੇ ਉਨ੍ਹਾਂ ਪਾਸੋਂ ਉਹ ਸੱਟਾਂ ਵੀ ਖਾ ਚੁੱਕਾ ਸੀ। ਫਿਰ ਵੀ ਉਹ ਹਮੇਸ਼ਾ ਜ਼ਿੱਦ 'ਤੇ ਅੜਿਆ ਰਹਿੰਦਾ। ਗਲ ਵਿਚ ਉਸ ਲਾਇਸੰਸੀ ਰਿਵਾਲਵਰ ਪਾਇਆ ਹੁੰਦਾ। ਉਸ ਦੇ ਦੋ ਪੁੱਤਰ ਸਨ। ਇਕ ਪਾਇਲਟ ਅਤੇ ਇਕ ਇੰਜੀਨੀਅਰ ਬਣਿਆ। ਦੋਵੇਂ ਦਿੱਲੀ ਰਹਿੰਦੇ ਸਨ ਆਪੋ ਆਪਣੀਆਂ ਨੌਕਰੀਆਂ ਕਰਦੇ। ਆਪਣੇ ਪਿਓ ਆਸਾ ਨੰਦ ਨੂੰ ਬਥੇਰੀ ਵਾਰ ਕਹਿ ਚੁੱਕੇ ਸਨ, "ਛੱਡੋ ਲਾਲਾ ਜੀ ਇਹ ਜ਼ਮੀਨਾਂ, ਤੁਸਾਂ ਸਾਡੇ ਕੋਲੇ ਦਿੱਲੀ 'ਰਾਮ ਨਾਲ ਰਹੋ। ਤੁਹਾਡੀ ਕੋਈ ਉਮਰ ਏ ਇਹਨਾਂ ਜੱਟਾਂ ਜ਼ਿੰਮੀਦਾਰਾਂ ਨਾਲ ਲੜਾਈ ਝਗੜਾ ਕਰਨ ਦੀ। ਜ਼ਮੀਨ ਵੇਚੋ ਦਫਾ ਕਰੋ ਸੂ। ਅਸਾਂ ਨੂੰ ਨਹੀਂ ਚਾਹੀਦੀ ਇਹ ਜਿਹੀ ਜ਼ਮੀਨ। ਆਪਣੇ ਘਰ ਕਿਹੜਾ ਘਾਟੈ?" ਪਰ ਆਸਾ ਨੰਦ ਜ਼ਮੀਨ ਛੱਡ ਕੇ ਰਾਜ਼ੀ ਨਹੀਂ ਸੀ। ਉਹ ਸਾਡੇ ਪਿੰਡ ਨਾਲ ਲੱਗਦੇ ਪਿੰਡ ਰੱਤੇ ਖੇੜੇ ਆਪਣੇ ਕਿਸੇ ਦੂਰ ਦੇ ਸ਼ਰੀਕੇ ਦੇ ਘਰ ਰਹਿੰਦਾ ਸੀ। ਉਹ ਗਰੀਬ ਸਨ। ਛੋਟੀ ਜਿਹੀ ਹੱਟੀ ਨਾਲ ਕੰਮ ਚਲਾਉਂਦੇ ਸਨ। ਮਹਿਤਾ ਉਨ੍ਹਾਂ ਦੀ ਮਦਦ ਕਰ ਛੱਡਦਾ।

ਜ਼ਮੀਨ ਦਾ ਝਗੜਾ ਵਧਿਆ ਤਾਂ ਮੇਰੇ ਵਕੀਲ ਚਾਚੇ ਨੇ ਇਹ ਕਹਿਣਾ ਸ਼ੁਰੂ ਕਰ ਦਿਤਾ, "ਆਸੇ ਦੀਆਂ ਲੱਤਾਂ ਤੋੜ ਦਿਓ ਆਪੇ ਕਿਤੇ ਪਿਆ ਰਹੂ। ਇਹਦੇ ਮੁੰਡਿਆਂ ਤਾਂ ਮਗਰ ਆਉਣਾ ਨਹੀਂ।" ਅੱਜ ਜਿਹੜੀ ਇਹ ਵਾਰਦਾਤ ਹੋਈ ਸੀ ਇਹ ਉਸੇ ਦਾ ਹੀ ਹਿੱਸਾ ਸੀ। ਆਸਾ ਨੰਦ ਨਾਲੀ ਉਤੇ ਬੱਝੇ ਵੀਹ ਫੁੱਟ ਉਚੇ ਬੰਨ੍ਹ ਉਤੇ ਅਕਸਰ ਆਪਣੇ ਸਾਈਕਲ 'ਤੇ ਚੜ੍ਹ ਕੇ ਖੇਤਾਂ ਵੱਲ ਗੇੜਾ ਮਾਰਦਾ ਜਾਂ ਫਿਰ ਨਾਲ ਲੱਗਦੇ ਕਸਬੇ ਰਾਣੀਆਂ ਜਾਂਦਾ। ਸਕੀਮ ਅਨੁਸਾਰ ਚਾਚੇ ਹਰਦੀਪ ਸਿੰਘ ਅਤੇ ਅਜੈਬ ਨੇ ਆਸਾ ਨੰਦ ਨੂੰ ਇਸੇ ਬੰਨ੍ਹ ਉਤੇ ਘੇਰ ਕੇ ਉਸ ਦੀਆਂ ਲੱਤਾਂ ਤੋੜਨੀਆਂ ਸਨ ਤਾਂ ਜੋ ਤੁਰਨੋਂ ਆਰੀ ਹੋਇਆ ਉਹ ਕਿਤੇ ਪਿਆ ਰਵ੍ਹੇ।

ਸਾਡਾ ਖੇਤ ਨਾਲੀ ਦੇ ਇਸ ਬੰਨ੍ਹ ਦੇ ਐਨ ਨਾਲ ਲੱਗਦਾ ਹੀ ਸੀ। ਖੇਤਾਂ ਵਿਚ ਕੰਮ ਕਰਦਿਆਂ ਨਾਲੀ ਦੇ ਬੰਨ੍ਹ ਉਤੇ ਜਾਂਦਾ ਬੰਦਾ ਦੂਰੋਂ ਦਿਸ ਪੈਂਦਾ। ਚਾਚੇ ਹਰਦੀਪ ਸਿੰਘ ਅਤੇ ਅਜੈਬ ਨੇ ਦੁਪਹਿਰੇ ਆਸਾ ਨੰਦ ਨੂੰ ਬੰਨ੍ਹੇ ਬੰਨ੍ਹ ਜਾਂਦਿਆਂ ਦੇਖ ਲਿਆ ਸੀ ਅਤੇ ਹੁਣ ਉਹ ਬੰਨ੍ਹ ਦੇ ਐਨ ਨੇੜੇ ਜਾ ਕੇ ਖੇਤ ਵਿਚ ਕੰਮ ਕਰਨ ਦੇ ਬਹਾਨੇ ਉਸ ਦੇ ਮੁੜਨ ਦੀ ਉਡੀਕ ਕਰ ਰਹੇ ਸਨ। ਦੂਰੋਂ ਆਸਾ ਨੰਦ ਨੂੰ ਆਉਂਦਿਆਂ ਵੇਖ ਅਜੈਬ ਨੇ ਚਾਚੇ ਨੂੰ ਆਵਾਜ਼ ਮਾਰੀ ਅਤੇ ਆਪ ਭੱਜ ਕੇ ਬੰਨ੍ਹ ਉਤੇ ਚੜ੍ਹ ਗਿਆ। ਆਸਾ ਨੰਦ ਆਪਣੇ ਧਿਆਨ ਹੀ ਆ ਰਿਹਾ ਸੀ। ਉਸ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਇਨ੍ਹਾਂ ਵਿਚੋਂ ਕੋਈ ਉਸ ਦੇ ਗਲ ਪੈ ਸਕਦਾ ਹੈ। ਉਂਜ ਰਾਅ ਸਿੱਖਾਂ ਪ੍ਰਤੀ ਉਹ ਹਮੇਸ਼ਾ ਸਾਵਧਾਨ ਰਹਿੰਦਾ ਸੀ ਅਤੇ ਆਪਣੇ ਗਲ ਪਿਆ ਰਿਵਾਲਵਰ ਵੀ ਸਾਂਭ ਕੇ ਰੱਖਦਾ। ਜਿਉਂ ਹੀ ਸਾਈਕਲ 'ਤੇ ਮਹਿਤਾ ਆਸਾ ਨੰਦ ਨੇੜੇ ਆਇਆ ਅਜੈਬ ਨੇ ਛੇ ਫੁੱਟੀ ਸੁੰਮਾਂ ਵਾਲੀ ਡਾਂਗ ਤਾੜ ਕਰਦੀ ਉਸ ਵੱਲ ਛੱਡ ਦਿੱਤੀ। ਕੁਝ ਡਰ ਕੇ ਅਤੇ ਕੁਝ ਲਾਠੀ ਦੀ ਮਾਰ ਨਾਲ ਆਸਾ ਨੰਦ ਥੱਲੇ ਡਿੱਗ ਪਿਆ।

ਉਸ ਹਾਲ ਪਾਹਰਿਆ ਕੀਤੀ, "ਨਾ ਮਾਰੋ ਨਾ ਮਾਰੋ, ਮੈਂ ਤੁਹਾਡਾ ਕੀ ਗਵਾਇਆ।" ਉਸ ਆਪਣੇ ਵਲੋਂ ਭੱਜਣ ਦੀ ਵੀ ਕੋਸ਼ਿਸ਼ ਕੀਤੀ ਪਰ ਮਗਰੋਂ ਚਾਚੇ ਦੀ ਡਾਂਗ ਨੇ ਉਸ ਦੀ ਜਿਵੇਂ ਲੱਤ ਥਾਂ ਹੀ ਢੇਰੀ ਕਰ ਦਿੱਤੀ। ਫਿਰ ਦੋਹਾਂ ਨੇ ਕਈ ਡਾਂਗਾਂ ਮਹਿਤਾ ਆਸਾ ਨੰਦ ਦੀਆਂ ਲੱਤਾਂ ਉਤੇ ਮਾਰ ਦਿੱਤੀਆਂ ਜਿਨ੍ਹਾਂ ਵਿਚੋਂ ਕੁਝ ਗੋਡਿਆਂ 'ਤੇ ਲੱਗੀਆਂ ਤੇ ਕੁਝ ਗਿੱਟਿਆਂ 'ਤੇ। ਮਹਿਤਾ ਡਿੱਗ ਪਿਆ। ਲਹੂ ਦੀਆਂ ਤਤੀਰੀਆਂ ਵਗਣ ਲੱਗੀਆਂ।

ਇਸ ਵਾਰਦਾਤ ਤੋਂ ਬਾਅਦ ਜਦੋਂ ਅਜੈਬ ਮੱਦੀ ਦੇ ਘਰ ਸੁਨੇਹਾ ਦੇਣ ਚਲਾ ਗਿਆ ਤਾਂ ਚਾਚਾ ਆਸਾ ਨੰਦ ਦੇ ਕੋਲ ਹੀ ਬੈਠ ਗਿਆ। ਆਸਾ ਨੰਦ ਬੋਲਿਆ, "ਹਰਦੀਪ ਸਿਆਂ ਤੁਸੀਂ ਇਹ ਚੰਗਾ ਨਹੀਂ ਕੀਤਾ। ਆਪਣਾ ਝਗੜਾ ਜ਼ਮੀਨ ਦਾ ਸੀ ਕੋਰਟਾਂ ਕਚਹਿਰੀਆਂ ਦਾ ਸੀ। ਮੈਂ ਕੋਈ ਤੁਹਾਡੇ ਨਾਲ ਬੇਇਨਸਾਫੀ ਨਹੀਂ ਕੀਤੀ।"

"ਨਹੀਂ ਮਹਿਤਾ ਜੀ ਅਸੀਂ ਤੁਹਾਡੇ ਬਥੇਰੇ ਤਰਲੇ ਲਏ ਸਨ ਕਿ ਜ਼ਮੀਨ ਸਾਡੇ ਤੋਂ ਨਾ ਖੋਹੋ। ਤੁਹਾਨੂੰ ਵੀ ਪਤਾ ਕਿ ਫਸਲਾਂ ਮਾਰੀਆਂ ਗਈਆਂ। ਅਸੀਂ ਤੁਹਾਨੂੰ ਹੋਰ ਸਮਾਂ ਦੇਣ ਲਈ ਹੀ ਤਾਂ ਆਖਿਆ ਸੀ। ਭਲਾ ਥੱਲੇ ਆਈ ਜ਼ਮੀਨ ਕਿਹੜਾ ਜ਼ਿੰਮੀਦਾਰ ਛੱਡ ਦੇਵੇ।"

"ਚੰਗਾ ਹਰਦੀਪ ਸਿਆਂ ਜੋ ਹੋਇਆ ਸੋ ਹੋਇਆ। ਸ਼ਾਇਦ ਰੱਬ ਨੂੰ ਇਵੇਂ ਹੀ ਮਨਜ਼ੂਰ ਸੀ। ਮੈਨੂੰ ਠੰਡ ਲੱਗਣ ਲੱਗ ਪਈ ਹੈ ਇਕ ਤੇ ਮੈਨੂੰ ਆਪਣਾ ਭੂਰਾ ਦੇਹ ਦੂਜਾ ਜਾਹ ਪਾਣੀ ਲਿਆ ਕੇ ਪਿਆ, ਮੇਰੀ ਜਾਨ ਪਈ ਖੁਸਦੀ ਐ। ਰੱਬ ਤੇਰਾ ਭਲਾ ਕਰੂ।" ਚਾਚੇ ਦੇ ਮਨ ਰੱਬ ਤਰਸੀ ਆਈ। ਆਪਣੇ ਉਤੇ ਲਿਆ ਭੂਰਾ ਉਸ ਮਹਿਤੇ ਦੇ ਮੋਢਿਆਂ 'ਤੇ ਪਾ ਦਿੱਤਾ ਅਤੇ ਆਪ ਆਪਣੇ ਖੇਤਾਂ ਵਿਚ ਨਲਕੇ ਤੋਂ ਪਾਣੀ ਲੈਣ ਚਲਾ ਗਿਆ।

ਮਹਿਤੇ ਨੂੰ ਪਾਣੀ ਪਿਆਇਆ ਤਾਂ ਉਹ ਕੁਝ ਕਰਾਰ ਵਿਚ ਹੋ ਗਿਆ। ਫਿਰ ਬੋਲਿਆ, "ਹਰਦੀਪ ਸਿਆਂ ਇਹ ਵੀ ਕੋਈ ਹੋਣੀ ਐ। ਵੇਖ ਮੈਨੂੰ ਜਖ਼ਮੀ ਕਰਨ ਪਿਛੋਂ ਤੂੰ ਮੇਰੇ ਲਈ ਪਾਣੀ ਲੈਣ ਚਲਾ ਗਿਆ। ਤੂੰ ਇਹ ਵੀ ਨਹੀਂ ਸੋਚਿਆ ਕਿ ਮੇਰੇ ਗਲ ਵਿਚ ਪਿਸਤੌਲ ਹੈ। ਜੇ ਤੈਨੂੰ ਆਉਂਦੇ ਨੂੰ ਮੈਂ ਗੋਲੀ ਮਾਰ ਦਿੰਦਾ ਫਿਰ ਭਲਾ..."

"ਮਹਿਤਾ ਜੀ, ਹੋਣਾ ਉਵੇਂ ਹੀ ਸੀ ਜਿਵੇਂ

## ਰੰਗ-ਬੇਰੰਗ

ਕੁਦਰਤ ਨੂੰ ਭਾਵੇ। ਬਾਕੀ ਇਹ ਮਰਨ ਮਾਰਨ ਦੀਆਂ ਗੱਲਾਂ ਸਾਡੇ ਜ਼ਿੰਮੀਦਾਰਾਂ ਦੇ ਹੀ ਹਿੱਸੇ ਆਈਆਂ ਨੇ। ਤੁਸੀਂ ਲਾਲਿਆਂ ਖੱਤਰੀਆਂ, ਸ਼ਾਹੂਕਾਰਾਂ ਕੀ ਕਿਸੇ ਨੂੰ ਮਾਰਨਾ। ਤੁਸੀਂ ਸਾਡੀ ਜ਼ਮੀਨ ਖੋਹਣ 'ਤੇ ਤੁਲੇ ਹੋਏ ਸੀ ਤੇ ਸਾਨੂੰ ਇਹ ਲੱਗਦਾ ਸੀ ਕਿ ਜ਼ਮੀਨ ਜਾਣ ਤੋਂ ਬਾਅਦ ਜਿਉਣਾ ਵੀ ਕਾਹਦਾ? ਬਾਕੀ ਪਿਸਤੌਲ ਤਾਂ ਅਜੇ ਵੀ ਤੁਹਾਡੇ ਗਲ ਵਿਚ ਹੀ ਹੈ।" ਉਹ ਦੋਵੇਂ ਇਉਂ ਗੱਲਾਂ ਕਰ ਰਹੇ ਸਨ ਜਿਵੇਂ ਦੋ ਨਿਆਣੇ ਆਪੋ ਵਿਚ ਲੜਨ ਤੋਂ ਬਾਅਦ ਸੁਲ੍ਹਾ ਹੋ ਜਾਣ ਪਿਛੋਂ ਆਪੋ ਵਿਚ ਗੱਲਾਂ ਕਰ ਰਹੇ ਹੋਣ। ਅਜੇ ਗੱਲਾਂ ਕਰ ਹੀ ਰਹੇ ਸਨ ਕਿ ਅਜੈਬ ਮੱਦੀ ਕੇ ਘਰ ਸੁਨੇਹਾ ਦੇ ਕੇ ਮੁੜ ਵੀ ਆਇਆ। ਬੋਲਿਆ, "ਚਾਚਾ ਮੈਂ ਮੱਦੀ ਕੇ ਸੁਨੇਹਾ ਦੇ ਆਇਆਂ ਉਹ ਮਗਰੇ ਤੁਰੇ ਆਉਂਦੇ ਆ, ਚੱਲ ਆਪਾਂ ਚੱਲੀਏ।"

"ਚੰਗਾ ਮਹਿਤਾ ਜੀ, ਰੱਬ ਤੁਹਾਨੂੰ ਛੇਤੀ ਰਾਜ਼ੀ ਕਰੇ।" ਇਹ ਆਖ ਚਾਚਾ ਹਰਦੀਪ ਸਿੰਘ ਅਜੈਬ ਨੂੰ ਲੈ ਪਿੰਡ ਵੱਲ ਤੁਰ ਪਿਆ।

ਤੁਹਾਡੇ ਮਨ 'ਚ ਹੋਵੇਗਾ, ਫਿਰ ਭਲਾ ਮਹਿਤਾ ਆਸਾ ਨੰਦ ਦਾ ਕੀ ਬਣਿਆ? ਉਸ ਦੇ ਵਾਰਸ ਆ ਤਾਂ ਝੱਟ ਹੀ ਗਏ ਪਰ ਪਿੰਡ ਵਿਚ ਨਾ ਤੇ ਕੋਈ ਡਾਕਟਰ ਹੀ ਸੀ ਨਾ ਹੀ ਸਰਸੇ ਸ਼ਹਿਰ ਲੈ ਜਾਣ ਲਈ ਕੋਈ ਸਾਧਨ ਵਸੀਲਾ। ਕਿਸੇ ਦੀ ਟਰੈਕਟਰ ਟਰਾਲੀ ਦਾ ਬੰਦੋਬਸਤ ਕਰਦਿਆਂ ਕਿੰਨਾ ਹੀ ਚਿਰ ਲੰਘ ਗਿਆ। ਮਹਿਤਾ ਆਸਾ ਨੰਦ ਦਰਦ ਵਿਚ ਕਰਾਹੁੰਦਾ ਰਿਹਾ। ਪਿੰਡਾਂ ਵਾਲੇ ਅਹੁੜ-ਪਹੁੜ ਹਲਦੀ ਲਾ ਕੇ ਉਸ ਦੇ ਜ਼ਖਮਾਂ 'ਤੇ ਪੱਟੀ ਬੰਨ੍ਹ ਦਿੱਤੀ ਗਈ। ਹਲਦੀ ਪਾ ਕੇ ਦੁੱਧ ਵੀ ਪਿਆਇਆ ਗਿਆ। ਜਦੋਂ ਤੱਕ ਉਹ ਉਸ ਨੂੰ ਟਰਾਲੀ ਵਿਚ ਪਾ ਕੇ ਤੁਰੇ ਪੰਜ-ਛੇ ਘੰਟੇ ਗੁਜ਼ਰ ਚੁੱਕੇ ਸਨ। ਪਲੋ ਪਲ ਆਸਾ ਨੰਦ ਦੀ ਆਵਾਜ਼ ਧੀਮੀ ਹੁੰਦੀ ਜਾ ਰਹੀ ਸੀ ਅਤੇ ਸ਼ਹਿਰ ਪਹੁੰਚਣ ਤੋਂ ਪਹਿਲਾਂ ਹੀ ਭੌਰ ਉਡਾਰੀ ਮਾਰ ਚੁੱਕਾ ਸੀ। ਡਾਕਟਰਾਂ ਅਨੁਸਾਰ ਉਸ ਦੀ ਮੌਤ ਜ਼ਿਆਦਾ ਖੂਨ ਵਗ ਜਾਣ ਕਾਰਨ ਹੋਈ ਸੀ।

ਕਤਲ ਦਾ ਮੁਕੱਦਮਾ ਦਰਜ ਹੋ ਗਿਆ। ਮਹਿਤਾ ਆਸਾ ਨੰਦ ਦੇ ਮੁੰਡਿਆਂ ਨੇ ਆਪਣੀ ਤਰਫੋਂ ਮੁਕੱਦਮੇ ਦੀ ਪੈਰਵੀ ਵੀ ਕੀਤੀ ਪਰ ਉਹ ਇਸ ਤਰ੍ਹਾਂ ਦੇ ਮੁਕੱਦਮਿਆਂ ਲਈ ਬਣੇ ਹੀ ਨਹੀਂ ਸਨ ਹੋਏ। ਕੁਝ ਵਕੀਲਾਂ ਅਤੇ ਕੁਝ ਪਿੰਡ ਦੇ ਮਹਿਤੇ ਖੱਤਰੀਆਂ ਨੇ ਵਿਚ ਪੈ ਕੇ ਸਮਝੌਤਾ ਕਰਵਾ ਦਿੱਤਾ। ਜ਼ਮੀਨ ਛੱਡਣ ਬਦਲੇ ਉਹ ਕਤਲ ਦਾ ਮੁਕੱਦਮਾ ਛੱਡਣ ਲਈ ਤਿਆਰ ਹੋ ਗਏ। ਜਿਸ ਜ਼ਮੀਨ ਲਈ ਇਹ ਕਤਲ ਹੋਇਆ ਉਹ ਜ਼ਮੀਨ ਹੱਥੋਂ ਜਾਂਦੀ ਹੀ ਰਹੀ। ਚਾਚਾ ਅਤੇ ਅਜੈਬ ਸੱਤ-ਅੱਠ ਮਹੀਨੇ ਹਵਾਲਾਤ ਵਿਚ ਰਹਿ ਕੇ ਘਰ ਪਰਤ ਆਏ।

ਕਤਲ ਦੀਆਂ ਵਾਰਦਾਤਾਂ ਤਾਂ ਇਸ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਹੋਰ ਬਥੇਰੀਆਂ ਹੋਈਆਂ ਪਰ ਮੈਂ ਹੋਰ ਸੁਣਾ ਕੇ ਤੁਹਾਡੇ ਪਾਸੋਂ ਆਪਣੇ ਪਿੰਡ ਦਾ ਨਾਂ ਬੰਦੇਵੱਢ ਪੱਕਾ ਨਹੀਂ ਜੇ ਕਰਵਾਉਣਾ। ਪਾਠਕ ਪਾਤਸ਼ਾਹ ਲੋਕ ਹੁੰਦੇ ਹਨ ਕੀ ਪਤਾ ਤੁਹਾਡੇ 'ਚੋਂ ਮੇਰੇ ਨਾਂ ਨਾਲ ਪਿੰਡ ਦਾ ਨਾਂ ਜੋੜ ਦੇਣ। ਮੇਰੇ ਨਾਂ ਪਿਛੇ ਵੀ ਬੰਦੇਵੱਢ ਲਾ ਦੇਣ।


Realtor & Mortgage Specialist
Bay Area & Central Valley

ਚੰਗੀ ਜੁਗਤਤ-ਚਿੰਤਾ ਮੁਕਤਤ

ਪੰਜਾਬੀ 'ਚ ਪਹਿਲੀ ਵਾਰ ਪੜ੍ਹੋ ਰਾਜ ਸਿੰਘ ਦੀ ਪੁਸਤਕ 'ਅਮਰੀਕਾ ਵਿਚ ਘਰ ਤੇ ਜਾਇਦਾਦ ਦੀ ਖਰੀਦੋ-ਫਰੋਖ਼ਤ' (ਸੇਵਾ 10 ਡਾਲਰ)

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Refinance, Home Loan, SBA Loan
(All at Best Rates)

RAJ SINGH
Cell:510-452-7370

Notary Free

RAJ SINGH
M.A., M.Ed Retd. Principal
Realtor & Financial Adviser
Lic#01776459 & OG22467

30 ਸਾਲਾ ਲੋਨ 10 ਜਾਂ 15 ਸਾਲਾਂ ਵਿਚ ਖਤਮ ਕਰਕੇ ਤੁਹਾਨੂੰ ਛੇਤੀ ਸੁਰਖ਼ਰੂ ਕਰ ਸਕਦੇ ਹਾਂ।

MISSIONPEAK BROKERS, INC.
46560 Fremont Blvd.
Suite #111 Fremont,
CA 94538
singhrajpaul@yahoo.com



ਡਾਇਮੰਡ ਹੇਅਰ ਕਟਿੰਗ ਸਲੂਨ

ਜ਼ਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।



TONY

For men, women & Children

ਹੇਅਰ ਕੱਟ ਸਪੈਸ਼ਲ 8 ਡਾਲਰ

Make-up
Hair cut
Perm
Hair styler



Color
Facial, Threading
Bridal Make-up
Body Art (Henna)

26655 Mission Blvd.
Hayward, CA 94544

*Wednesday thru Monday 10 am to 7pm,*
*Sunday 11 am to 6.00 pm Tuesday closed*

Ph: 510-582-2472 Cell: (510) 825-0820

# ਪੂਰਨਾ...ਅੱਖੀਆਂ 'ਚ ਰੱਬ ਵਸਦੈ ਕੋਈ ਦੂਰ ਨਾ...

*ਬੰਦਾ ਭਰਮ ਦਾ ਪੱਟਿਆ ਪਿਆ ਹੈ, ਸ਼ਾਇਦ ਇਸ ਕਰਕੇ ਕਿ ਜੋ ਮੈਂ ਕਰ ਰਿਹਾ ਹਾਂ ਉਹੀ ਠੀਕ ਤੇ ਸਹੀ ਹੈ। ਪਰ ਦੁਨੀਆਂ ਨੇ ਕਦੇ ਘੱਟ ਨ੍ਹੀਂ ਤੋਲਿਆ। ਦਾਨ ਪਵਿੱਤਰ ਹੱਥਾਂ ਤੇ ਪਵਿੱਤਰ ਆਤਮਾ ਵਲੋਂ ਦਿੱਤਾ ਗਿਆ ਪ੍ਰਸ਼ਾਦ ਹੁੰਦਾ ਹੈ। ਇਹ ਵੱਖਰੀ ਗੱਲ ਹੈ ਕਿ ਦੋਹਾਂ ਨੂੰ ਪਵਿੱਤਰ ਕਰਨ ਦਾ ਢੰਗ ਤੁਹਾਨੂੰ ਆਉਂਦਾ ਹੈ ਜਾਂ ਨ੍ਹੀਂ। ਸ਼ਾਰਟਹੈਂਡ ਦੀ ਮਹੱਤਤਾ ਉਦੋਂ ਵਧ ਸੀ ਜਦੋਂ ਟੇਪ ਰਿਕਾਰਡਰ ਨ੍ਹੀਂ ਆਏ ਸਨ ਪਰ ਇਸਤਰੀਆਂ ਕੋਲ ਸ਼ਾਰਟਹੈਂਡ ਹਮੇਸ਼ਾਂ ਰਹੀ ਹੈ। ਉਹ ਅੱਖ ਦੇ ਇਕੋ ਇਸ਼ਾਰੇ ਨਾਲ ਲੰਬੀ ਬਾਤ ਪਾ ਜਾਂਦੀਆਂ ਹਨ। ਮਹਾਂਪੁਰਸ਼ਾਂ ਦੀ ਗੱਲ ਵਿਚ ਯਕੀਨ ਇਸ ਕਰਕੇ ਹੁੰਦਾ ਹੈ ਕਿ ਲੋਕ ਸੋਚਦੇ ਹਨ ਵਿਸ਼ਵਾਸ ਘਰੇ ਆ ਕੇ ਬੂਹਾ ਖੜਕਾਉਣ ਲੱਗ ਪਿਆ ਹੈ। ਜਿਨ੍ਹਾਂ ਘਰਾਂ ਵਿਚ ਪਿਛਵਾੜ ਵਲ ਜਾਣ ਲਈ ਦਰਵਾਜੇ ਤੇ ਵੇਖਣ ਲਈ ਖਿੜਕੀਆਂ ਵਧ ਹੋਣਗੀਆਂ, ਵਫਾਦਾਰੀਆਂ ਤੇ ਸ਼ੱਕ ਉਨੀ ਹੀ ਵਧਦੀ ਜਾਵੇਗੀ। ਮਹਾਂਪੁਰਸ਼ਾਂ ਨੂੰ ਹੱਥ ਧੁਆ ਕੇ, ਲੰਗਰ ਛਕਾ ਕੇ ਸਾਨੂੰ ਲਗ ਰਿਹਾ ਹੁੰਦੈ ਕਿ ਅੱਜ ਰੱਬ ਸਾਡੇ ਘਰ ਪ੍ਰਾਹੁਣਾ ਬਣ ਕੇ ਆ ਗਿਆ ਹੈ। ਪਿਛਲੀ ਇਕ ਲਿਖਤ 'ਤੇ ਬੜੇ ਫੋਨ ਆਏ ਪਰ ਸੰਤੁਸ਼ਟੀ ਇਸ ਗੱਲ ਦੀ ਸੀ ਕਿ ਸਾਰੇ ਦੇ ਸਾਰੇ 'ਸਾਧ ਤੇ ਬਾਬਾ' ਨਿਜ਼ਾਮ ਵਿਰੁਧ ਵੋਟਾਂ ਪਾਉਣ ਵਾਲੇ ਸਨ। ਸਾਡੇ ਮਿੱਤਰ ਲੇਖਕ ਤਰਲੋਚਨ ਦੁਪਾਲਪੁਰ ਨੇ ਪਿਛੇ ਜਿਹੇ ਅਜਿਹੇ ਬਾਬਿਆਂ 'ਤੇ ਕੁਝ ਸਤਰਾਂ ਤਾਂ ਕੀ ਲਿਖ ਦਿੱਤੀਆਂ ਕਿ ਇਉਂ ਲੱਗਾ ਕਿ ਰਾਜੀਵ ਗਾਂਧੀ ਤੇ ਕੁਆਤਰੋਚੀ ਦੀ ਦਲਾਲੀ ਵਾਲੀਆਂ ਬੋਫੋਰਜ਼ ਤੋਪਾਂ ਨੇ ਧਮਕੀਆਂ ਦਾ ਮੂੰਹ ਖੋਲ੍ਹ ਦਿੱਤਾ ਹੋਵੇ। ਖੈਰ ਜਿੱਥੇ ਸਾਰੇ ਤੰਗ ਹੋਣ ਉਥੇ ਰਾਹ ਛੇਤੀ ਖੁੱਲਣ ਦੇ ਆਸਾਰ ਵਧ ਹੁੰਦੇ ਨੇ। ਊਂ ਵਕਤ ਨਾਲ ਨਾ ਟੱਕਰ ਲੈਣੀ ਚਾਹੀਦੀ ਹੈ ਨਾ ਆਢਾ ਹੀ। ਇਕ ਵਾਰ ਇਕ ਨਿਹੰਗ ਸਿੰਘ ਕਿਸੇ ਪਾਸੇ ਜਾ ਰਿਹਾ ਸੀ ਕਿ ਨੇਰ੍ਹੀ ਉਲਟ ਪਾਸਿਓਂ ਵਗ ਪਈ। ਸਿੰਘ ਜੀ ਨੇ ਸਾਈਕਲ ਮੋੜਿਆ ਤੇ ਵਾਪਿਸ ਚੱਲ ਪਏ। ਦੂਰੋਂ ਦੇਖਦੇ ਇਕ ਕਿਸਾਨ ਨੇ ਪੁੱਛਿਆ 'ਫੌਜੋ ਕੁਝ ਘਰ ਭੁੱਲ ਆਏ?' ਸਿੰਘ ਜੀ ਬੋਲੇ 'ਕੁਝ ਰੱਖਿਆ ਹੋਵੇ ਤਾਂ ਭੁੱਲੀਏ। ਭੁੱਖ ਲੱਗੀ ਤਾਂ ਗੁਰਦੁਆਰੇ ਲੰਗਰ ਛਕਣ ਚੱਲੇ ਸੀ, ਉਤੋਂ ਨੇਰ੍ਹੀ ਨੀ ਵਾਹ-ਪੇਸ਼ ਜਾਣ ਦੇਂਦੀ। ਸੋਚਿਆ ਗੁਰਦੁਆਰਾ ਦੂਜੇ ਪਾਸੇ ਵੀ ਹੋਵੇਗਾ ਹੀ ਸੁਪਰ ਫਾਸਟ ਚੱਲਦੇ ਹਾਂ ਕਾਹਨੂੰ ਹਵਾ ਨਾਲ ਟੱਕਰਾਂ ਮਾਰਨੀਆਂ। ਇਸੇ ਲਈ ਸੋਚਦਾ ਹਾਂ ਕਿ ਜਿਸ ਰਸਤਿਓਂ ਬਹੁਤੇ ਲੋਕ ਵਾਰ ਵਾਰ ਲੰਘ ਰਹੇ ਹਨ ਉਸਦੀ ਪੈੜ ਜਰੀਬ ਸੁੱਟ ਕੇ ਮਾਪ ਹੀ ਲੈਣੀ ਚਾਹੀਦੀ ਹੈ।*

## ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ

ਫੋਨ: 925-752-8025

ਬਹੁਤ ਲੋਕਾਂ ਨੂੰ ਵਹਿਮ ਹੈ ਕਿ ਅਮੀਰ ਹੋ ਕੇ ਜਾਂ ਪੈਸੇ ਵਾਲੇ ਹੋ ਕੇ ਮੌਜਾਂ ਹੀ ਮੌਜਾਂ ਹੋਣਗੀਆਂ। ਪਰ ਸੱਚ ਇਹ ਹੈ ਕਿ ਕੋਈ ਭਾਵੇਂ ਬਾਦਸ਼ਾਹ ਹੋਵੇ ਜਾਂ ਸੜਕ ਤੇ ਬੈਠਾ ਮੰਗਤਾ ਦੋਹਾਂ ਦੀਆਂ ਖੁਸ਼ੀਆਂ-ਗਮੀਆਂ ਅਤੇ ਦੁੱਖਾਂ-ਸੁੱਖਾਂ ਦਾ ਅਨੁਪਾਤ ਇੱਕੋ ਜਿਹਾ ਹੁੰਦਾ ਹੈ।

ਇਕ ਵਾਰ ਇਕ ਗਰੀਬ ਪਰਿਵਾਰ ਦਾ ਮੁੰਡਾ, ਜੀਹਦਾ ਬਾਪ ਨਿੱਕੇ ਹੁੰਦੇ ਹੀ ਇਕ ਨਾਮੁਰਾਦ ਬਿਮਾਰੀ ਨਾਲ ਮਰ ਗਿਆ ਸੀ, ਪੜ੍ਹਨ-ਲਿਖਣ ਵਿਚ ਬੇਹਦ ਹੁਸ਼ਿਆਰ ਸੀ। ਮਾਂ ਨੇ 'ਕੱਲੇ ਪੁੱਤ ਦੇ ਸਿਰ 'ਤੇ ਰੰਡੇਪਾ ਹੀ ਨ੍ਹੀਂ ਕੱਟਿਆ, ਸਗੋਂ ਬੜੀ-ਮਿਹਨਤ-ਮੁਸ਼ੱਕਤ ਕਰਕੇ ਪੜ੍ਹਾਇਆ-ਲਿਖਾਇਆ ਵੀ ਬਹੁਤ। ਰੱਬ ਦੀ ਮਿਹਰ ਹੋਈ ਤਾਂ ਇਹ ਲਾਇਕ ਪੁੱਤ ਪੀ.ਸੀ.ਐਸ. ਕਰ ਗਿਆ। ਜਾਣੀਕਿ ਪੰਜਾਬ ਸਿਵਲ ਸਰਵਿਸਜ ਦਾ ਇਮਤਿਹਾਨ ਪਾਸ ਕਰ ਲਿਆ। ਪੌਂਦੀ ਸੱਟੇ ਐਸ.ਡੀ.ਐਮ. ਵੀ ਲੱਗ ਗਿਆ। ਗਰੀਬ ਦਾ ਪੁੱਤ ਜਦੋਂ ਲਾਲ ਬੱਤੀ ਵਾਲੀ ਗੱਡੀ ਵਿਚ ਪਿੰਡ ਆਇਆ ਤਾਂ ਈਰਖਾ ਕਰਨ ਵਾਲੇ ਦਿਨੇ ਭੱਠੀ 'ਚ ਡਿਗਣ ਨੂੰ ਫਿਰਨ। ਅੰਦਰੋਂ ਨਫਰਤ ਦੀ ਅੱਗ ਦੀਆਂ ਫੁਹਾਰਾਂ ਪੈਣ ਜਦੋਂ ਕੋਈ ਆਖੇ;

'ਲੈ ਸਾਲੇ ਦੇ ਗਿੱਠ ਲੰਮੀ ਨਲੀ ਲਮਕਦੀ ਹੁੰਦੀ ਸੀ, ਨਿਕਰ ਪਾ ਕੇ ਘੁੰਮਦਾ ਹੁੰਦਾ ਸੀ ਆਇਆ ਵੱਡਾ ਅਫਸਰ।'

ਕੋਈ ਆਖੇ 'ਲੈ ਸਾਲੇ ਦੀ ਮਾਂ ਤਾਂ ਸੰਤੂ ਬਾਹਮਣ ਦੇ ਸਾਰੀ ਉਮਰ ਭਾਂਡੇ ਮਾਂਜਦੀ ਰਹੀ ਐ, ਇਹ ਬੰਦੂਕਾਂ ਆਲੇ ਲਈ ਫਿਰਦੈ ਨਾਲ।'

'ਆਇਆ ਵੱਡਾ ਅਫਸਰ। ਪਿਉ ਤਾਂ ਰੁਲਕੇ ਮਰ ਗਿਆ। ਦਵਾਈ ਨੂੰ ਟਕਾ ਨ੍ਹੀਂ ਜੁੜਿਆ ਤੇ ਪੁੱਤ ਨਕਟਾਈ ਲਾਈ ਫਿਰਦੈ।'

'ਲੈ ਮਾਂ ਨੂੰ ਸਾਰੀ ਉਮਰ ਤੀਲਾਂ ਦੀ ਡੱਬੀ ਨ੍ਹੀਂ ਜੁੜੀ, ਅੱਗ ਬਚਨੇ ਕਿਆਂ ਦਿਓ ਨ੍ਹੀਂ ਲੈ ਕੇ ਜਾਣੋਂ ਹਟੀ। ਪ੍ਰਾਹੁਣੇ ਹਾਲੇ ਵਸੀਮੇ ਤੇ ਹੁੰਦੇ ਹੋਣਗੇ ਰਜਾਈਆਂ-ਬਿਸਤਰੇ ਗੁਆਂਢੀਆਂ ਤੋਂ ਪਹਿਲਾਂ ਮੰਗਣ ਤੁਰ ਪੈਂਦੀ ਸੀ। ਤੇ ਪੁੱਤ ਮਿਰਜ਼ੇ ਵਾਂਗ ਬੱਕੀ ਤੋਂ ਨ੍ਹੀਂ ਉਤਰਦਾ।'

'ਲਾਲਾ ਕੁੰਦਨ ਲਾਲ ਸਾਰੀ ਉਮਰ ਗਾਲ੍ਹਾਂ ਕੱਢਦਾ ਰਿਹੈ ਪਈ ਸਾਲਾ ਮਲਕ ਦੇਣੀ ਟੋਫੀਆਂ ਚੁੱਕ ਕੇ ਭੱਜ ਜਾਂਦਾ ਸੀ। ਇਹ ਲੋਕ ਵੀ ਲੱਗ ਜਾਂਦੇ ਨੇ ਅਫਸਰ।'

ਤੇ ਹੁਣ ਦੱਸੋ ਇਹ ਈਰਖਾ ਦੀ ਅੱਗ ਮਿਟਾਵੇ ਤੇ ਬੁਝਾਵੇ ਕੌਣ। ਗਰੀਬ ਦਾ ਪੁੱਤ ਜੇ ਬਾਹਲਾ ਵੱਡਾ ਅਫਸਰ ਲੱਗ ਹੀ ਗਿਐ ਤਾਂ ਭਾਉਂਦਾ ਸੀ ਕਿਨ੍ਹੂੰ? ਇਨ ਬਿਨ ਸਥਿਤੀ ਬੱਬੂ ਮਾਨ ਦੇ ਮਾਮਲੇ ਵਿਚ ਹੈ। ਮੈਂ ਬੱਬੂ ਮਾਨ ਦੇ ਹੱਕ 'ਚ ਵੋਟ ਨ੍ਹੀਂ ਪਾਉਣ ਲੱਗਾ ਪਰ ਹਾਲਾਤ ਦੀ ਤਰਜਮਾਨੀ ਦੀ ਵਿਆਖਿਆ ਜਰੂਰ ਕਰਾਂਗਾਂ। ਇਸ ਕਰਕੇ ਕਿ ਮੇਰਾ ਢਾਡੀਆਂ, ਕਵੀਸ਼ਰਾਂ ਨਾਲ ਵੀ ਉਨਾਂ ਹੀ ਮੋਹ ਰਿਹਾ ਹੈ, ਜਿੰਨਾ ਗਾਇਕਾਂ ਨਾਲ ਤੇ ਇਨ੍ਹਾਂ ਸਾਰਿਆਂ ਬਾਰੇ ਤਕਰੀਬਨ ਬਰਾਬਰ ਹੀ ਲਿਖਦਾ ਰਿਹਾ ਹਾਂ।

ਇੰਗਲੈਂਡ ਵਿਚਲੇ ਜਿਸ ਢਾਡੀ ਨੇ ਬੱਬੂ ਨੂੰ ਬਾਹਲਾ ਗਰਮ ਦੁਸ਼ਾਂਦਾ ਦਿੱਤਾ ਹੈ ਉਹਦੀ ਸਥਿਤੀ ਵੀ ਉਪਰਲੀ ਘਟਨਾ ਨਾਲ ਜੁੜਦੀ ਹੈ ਜਾਂ ਪੂਰਾ-ਪੂਰਾ ਮੇਲ ਖਾਂਦੀ ਹੈ। ਇਹਦਾ ਵੀਡੀਓ ਵੀ ਤੁਸੀਂ 'ਯੂਟਿਊਬ' ਤੇ ਵੇਖਿਆ ਹੋਵੇਗਾ। ਇਸ ਆਪਣੇ ਮਿੱਤਰ ਦੀ ਗੱਲ ਕਰਨ ਤੋਂ ਪਹਿਲਾਂ ਇਹ ਯੂਟਿਊਬ ਦੀ ਗੱਲ ਵੀ ਟੈਸਟ ਟਿਊਬ ਵਾਂਗ ਕਰ ਲੈਂਦੇ ਹਾਂ। ਬੱਬੂ ਮਾਨ ਨੇ ਕਿਸੇ ਬਾਬੇ ਦਾ ਨਾਂ ਨ੍ਹੀਂ ਲਿਆ ਆਪਣੇ ਗੀਤ ਵਿਚ ਤੇ ਜਿਨ੍ਹਾਂ ਨੇ ਵੀ ਇਸਨੂੰ ਇੰਟਰਨੈੱਟ ਤੇ ਪਾਇਆ ਉਨ੍ਹਾਂ ਨੇ 'ਇਕ ਅੱਜ ਦੇ ਬਾਬੇ ਨੇ ਬੱਤੀ ਲਾਲ ਗੱਡੀ 'ਤੇ ਲਾਤੀ...' ਵਾਲੇ ਗੀਤ ਦੇ ਅਰਥ ਆਪਣੇ ਢੰਗ ਨਾਲ ਕੱਢ ਕੇ ਫਿਲਮਾਂਕਣ 'ਕਠਾ ਕਰ ਦਿੱਤਾ ਹੈ। ਵੱਖਰੀ ਗੱਲ ਹੈ ਕਿ ਲਾਲ ਬੱਤੀ ਵਾਲੀ ਗੱਡੀ 'ਤੇ ਬਾਬੇ ਨਕਲੀ ਨ੍ਹੀਂ ਵਿਖਾਏ ਪਰ ਇਹਦੇ 'ਚ ਬੱਬੂ ਦਾ ਕੋਈ ਦੋਸ਼ ਨ੍ਹੀਂ ਉਸਨੇ ਸਾਧਾਂ ਤੇ ਬਾਬਿਆਂ ਦੇ ਸਮੁੱਚੇ ਨਿਜ਼ਾਮ ਤੋਂ ਪਰਦਾ ਚੁੱਕਿਆ ਹੈ। ਅੱਜ ਦੇ ਵਿਗਿਆਪਨ ਯੁੱਗ ਵਿਚ ਇੰਟਰਨੈੱਟ ਜਰੀਏ ਕੌਣ ਕਿਹੜੀਆਂ ਸ਼ਰਾਰਤਾਂ ਕਰ ਜਾਵੇ ਪਤਾ ਹੀ ਨ੍ਹੀਂ ਲਗਦਾ। ਉਦਾਹਰਣ ਵਜੋਂ ਸੰਤ ਰਾਮ ਉਦਾਸੀ ਦੀ ਆਵਾਜ਼ ਵਿਚ ਇਕ ਗੀਤ ਇਸੇ 'ਯੂਟਿਊਬ' ਤੇ ਹੈ। 'ਦਿੱਲੀ ਦੇ ਦਿਆਲਾ ਵੇਖ ਦੇਗ 'ਚ ਉਬਲਦਾ ਨ੍ਹੀਂ ਹਾਲੇ ਤੇਰਾ ਦਿਲ ਨਾ ਭਰੇ।' ਮੇਰੀ ਜਾਚੇ ਇਹ ਗੀਤ 75-76 ਦੀ ਨਕਸਲੀ ਲਹਿਰ ਤੋਂ ਪ੍ਰੇਰਿਤ ਹੋ ਕੇ ਉਨੇ ਦਿੱਲੀ ਨੂੰ ਫਿਟਕਾਰ ਪਾਈ ਸੀ। ਇਸਤੋਂ ਬਾਅਦ ਹੀ ਨਿਰੰਕਾਰੀ ਕਾਂਡ ਤੇ ਪੰਜਾਬ ਵਿਚਲੀ ਹਾਲਾਤ ਬਦਲੀ। ਬਲਿਊ ਸਟਾਰ ਅਪ੍ਰੇਸ਼ਨ ਤੇ '84 ਵਿਚਲਾ ਸਿੱਖ ਘਾਣ ਹੋਇਆ। ਪਰ ਜਿਨ੍ਹਾਂ ਨੇ ਵੀ ਇਸ ਗੀਤ ਦਾ ਵੀਡੀਓ ਬਣਾ ਕੇ 'ਯੂਟਿਊਬ' ਤੇ ਪਾਇਆ ਹੈ ਉਨ੍ਹਾਂ ਨੇ ਗੀਤ ਦੀ ਭਾਵਨਾ ਬੇਅੰਤ ਸਿੰਘ, ਕੇ.ਪੀ.ਐਸ. ਗਿੱਲ, ਜਗਤਾਰ ਹਵਾਰੇ ਹੋਰਾਂ ਨਾਲ ਜੋੜੀ ਹੈ ਤੇ ਜਦੋਂ ਉਦਾਸੀ ਨੇ ਗੀਤ ਲਿਖਿਆ ਸੀ ਤਾਂ ਉਦੋਂ ਬੇਅੰਤ ਸਿੰਘ ਪਾਇਲ ਦਾ ਮਿਊਂਸਿਪਲ ਕਮੇਟੀ ਮੈਂਬਰ ਸੀ ਤੇ ਕੇ.ਪੀ.ਐਸ. ਗਿੱਲ ਐਸ.ਪੀ.ਸੀ। ਹੁਣ ਉਦਾਸੀ ਦਾ ਪਰਿਵਾਰ ਕੀਹਦੇ ਗਲ ਪਵੇ। ਸੱਚ ਤਾਂ ਇਹ ਵੀ ਹੈ ਕਿ ਜੇ ਸੰਤ ਰਾਮ ਉਦਾਸੀ ਨਾ ਮਰਦਾ ਤਾਂ ਪਾਸ਼ ਤੋਂ ਬਾਅਦ ਉਹਦਾ ਨੰਬਰ ਵੀ ਲੱਗ ਜਾਣਾ ਸੀ। ਉਦਾਸੀ ਦੇ ਇਹ ਗੀਤ ਦਾ ਫਿਲਮਾਂਕਣ ਵੇਖ ਕੇ ਇਉਂ ਲਗਦਾ ਹੈ ਕਿ ਇਸ ਦਾ ਵੀਡੀਓ ਬਣਾਉਣ ਵਾਲਿਆਂ ਦੀ ਚਾਹਤ ਨੂੰ ਮੁੱਖ ਰੱਖ ਕੇ ਲਿਖਿਆ ਹੋਵੇ।

ਗੱਲ ਕਰ ਰਹੇ ਸੀ ਯੂਟਿਊਬ 'ਤੇ ਹੀ ਬੱਬੂ ਮਾਨ ਖਿਲਾਫ ਤੋਪਾਂ ਦਾਗਣ ਵਾਲੇ ਢਾਡੀ ਸਿੰਘ ਦੀ। ਇਤਿਫਾਕ ਇਹ ਹੈ ਕਿ ਉਸਨੇ ਵੀ ਉਹਦੇ ਗੀਤ ਨੂੰ ਮਾੜਾ ਨ੍ਹੀਂ ਕਿਹਾ। ਬੱਬੂ ਮਾਨ ਨੂੰ ਜਰੂਰ ਬੁਰਾ ਭਲਾ ਬੋਲਿਆ ਹੈ। ਅਖੇ ਉਹ ਸਮੈਕੀਆ ਹੈ, ਵਾਲ ਕੱਟੇ ਹੋਏ ਨੇ, ਕੁੜੀਆਂ ਨਚਾਉਂਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਲੋਕ ਬੱਬੂ ਮਾਨ ਨਾਲ ਨਸ਼ਿਆਂ ਤੇ ਸਮੈਕ ਦੀਆਂ ਗੱਲਾਂ ਏਨੇ ਦਾਅਵੇ ਨਾਲ ਜੋੜਦੇ ਹਨ, ਜਿਵੇਂ ਇਹ ਸਪਲਾਈ ਇਨ੍ਹਾਂ ਰਾਹੀਂ ਹੀ ਹੁੰਦੀ ਹੋਵੇ। ਇਥੇ ਮੈਂ ਇਕ ਗੱਲ ਹੋਰ ਵੀ ਤੁਹਾਡੇ ਚੇਤੇ 'ਚ ਲਿਆ ਦਿਆਂ ਕਿ ਜਦੋਂ ਕੁਲਦੀਪ ਮਾਣਕ ਦੀ ਬੜੀ ਚੜ੍ਹਾਈ ਹੁੰਦੀ ਸੀ ਤਾਂ ਲੋਕ ਆਮ ਕਹਿੰਦੇ ਸਨ 'ਫੀਮ ਦਾ ਗੋਲਾ ਖਾ ਕੇ ਗਾਉਂਦੈ ਮਿਰਜ਼ਾ। ਪਰ ਮੈਂ ਦਾਅਵਾ ਕਰਦਾਂ ਕਿ ਨਾ ਹੰਸ, ਸਰਦੂਲ ਨਸ਼ਾ ਕਰਦੇ ਨੇ ਤੇ ਨਾ ਮੈਂ ਕੁਲਦੀਪ ਮਾਣਕ ਨੂੰ ਤੀਹਾਂ ਸਾਲਾਂ 'ਚ ਕਦੇ ਨਸ਼ਾ ਕਰਦੇ ਵੇਖਿਆ ਹੈ। ਇਸ ਗੱਲ ਤੋਂ ਤਾਂ ਨਾਬਰ ਨ੍ਹੀਂ ਹੋਇਆ ਜਾ ਸਕਦਾ ਕਿ 'ਮਿਰਚਾਂ ਵਰਗੂੰ ਲਗਦੀ ਐ ਜੀਹਦੇ 'ਤੇ ਢੁਕਦੀ।' ਪਰ ਜੀਹਦੇ ਲਾਲ ਮਿਰਚਾਂ ਲੱਗ ਗਈਆਂ ਹੋਣ ਗਿੱਠ ਗਿੱਠ ਉਲਰੂ ਕਿ ਨਾ। ਬੱਬੂ ਮੋਨਾ ਹੋਵੇ, ਘੋਨਾ ਹੋਵੇ ਕੀ ਤੁਸੀਂ ਮੁਨਕਰ ਹੋ ਸਕਦੇ ਹੋ 'ਹਵਾਏਂ' ਫਿਲਮ ਵਿਚ 84 ਦੇ ਸਿੱਖ ਘਾਣ ਦੀ ਗੱਲ ਨੂੰ ਇਤਿਹਾਸ ਬਣਾਉਣ ਵਾਲਾ ਇਹੋ ਖੰਟ ਪਿੰਡ ਦਾ ਮੁੰਡਾ ਹੈ। ਭਲਾ ਉਹਨੂੰ ਛਾਣਨੀ ਕਿਹਾ ਜਾ ਸਕਦੈ? ਦੁੱਖ ਦੀ ਗੱਲ ਹੈ ਕਿ ਇੰਗਲੈਂਡ ਵਾਲਾ ਮਿੱਤਰ ਆਪ ਬਾਬਾ ਨਾ ਹੋ ਕੇ ਵੀ ਬਾਬਿਆਂ ਤੋਂ ਕਿਤੇ ਵੱਧ ਹਾਫਲ ਗਿਆ ਹੈ। ਕਿਉਂਕਿ ਏਨੀ ਗਰਮਾਈ ਤਾਂ ਕਦੇ ਅਮਰੀਕਾ ਨੇ ਲਾਦੇਨ ਤੇ ਸੁਦਾਮ ਨੂੰ ਵੀ ਨ੍ਹੀਂ ਵਿਖਾਈ ਸੀ।

ਸਿੱਖ ਇਤਿਹਾਸ ਦੀ ਇਕ ਮਹਾਨ ਘਟਨਾ ਦਾ ਜ਼ਿਕਰ ਕਰਨ ਲੱਗਾ ਹਾਂ ਕਿ ਜਦੋਂ ਗੜ੍ਹੀ ਚਮਕੌਰ ਵਿਚ ਸਾਹਿਬ-ਏ-ਕਮਾਲ, ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਖਤਰਾ ਪੈਦਾ ਹੋਇਆ ਤਾਂ ਸਿੰਘਾਂ ਨੇ ਕਿਹਾ 'ਮਹਾਰਾਜ ਤੁਸੀਂ ਸੁਰੱਖਿਅਤ ਨਿਕਲ ਜਾਵੋ।' ਜੇ ਅਸੀਂ ਨਾ ਰਹੇ ਤਾਂ ਤੁਸੀਂ ਹੋਰ ਸਿੰਘ ਸਜ਼ਾ ਲਵੋਗੇ ਪਰ ਜੇ ਗੁਰੂ ਨਾ ਰਿਹਾ ਤਾਂ ਅਸੀਂ ਕੀ ਕਰਾਂਗੇ। ਤੇ ਉਸ ਵੇਲੇ ਗੁਰੂ ਸਾਹਿਬ ਦਾ ਜਵਾਬ ਪਤਾ ਕੀ ਸੀ-

ਜਿਨ੍ਹਾਂ ਦੀ ਜਿੰਦਗਾਨੀ ਖਾਤਰ
ਪੁੱਤਰ ਚਾਰ ਲੁਟਾਏ ਨੇ ਮੈਂ
ਜਿਨ੍ਹਾਂ ਦੀ ਜਿੰਦਗਾਨੀ ਖਾਤਰ
ਹੀਰੇ ਘੋਲ ਘੁਮਾਏ ਨੇ ਮੈਂ
ਉਨ੍ਹਾਂ ਦੀ ਜਿੰਦਗਾਨੀ ਖਾਤਰ
ਅੱਜ ਅਪਨਾ ਆਪ ਵੀ ਵਾਰ ਦਿਆਂਗਾ
ਐਸ ਜਿਸਮ ਦੀ ਖਾਲੀ ਬੋਤੀ
ਖੂਨੀ ਨਹਿਰ 'ਚ ਤਾਰ ਦਿਆਂਗਾ
ਜਦ ਤਕ ਮੇਰੇ ਜਿਸਮ ਦੇ ਟੁਕੜੇ
ਭੋਇੰ 'ਤੇ ਪੈ ਪੈ ਨਾ ਨੱਚਣ
ਉਦੋਂ ਤੱਕ ਓ ਸ਼ੇਰ ਜਵਾਨਾ
ਸਾਹ ਸੁਖੀ ਕੋਈ ਆ ਨ੍ਹੀਂ ਸਕਦਾ
ਤੇ ਉਦੋਂ ਤੱਕ ਚਮਕੌਰ ਗੜ੍ਹੀ 'ਚੋਂ
ਗੋਬਿੰਦ ਸਿੰਘ ਵੀ ਜਾ ਨ੍ਹੀਂ ਸਕਦਾ....।

ਪਰ ਅੱਜ ਬਾਬੇ ਕਹਿੰਦੇ ਨੇ ਸੰਗਤ ਗੱਡੀਆਂ ਤੇ ਆਵੇ ਤਾਂ ਅਸੀਂ ਕਿਉਂ ਤੁਰ ਕੇ ਜਾਈਏ। ਮੈਂ ਕੋਈ ਕਥਾਵਾਚਕ ਨ੍ਹੀਂ, ਪਰ ਸੱਚ ਇਹ ਹੈ ਕਿ ਸੰਗਤ ਦਾ ਦਰਜਾ ਗੁਰੂ ਤੋਂ ਵੱਡਾ ਹੁੰਦਾ ਹੈ। ਜੇ ਗੁਰੂ ਵੀਹ ਵਿਸਵੇ ਹੈ ਤਾਂ ਸੰਗਤ ਚਾਲੀ ਹੁੰਦੀ ਹੈ। ਕਾਗਜ਼ਾਂ ਦੇ ਜਹਾਜ਼ 'ਚ ਕੱਚੀ ਬਾਣੀ ਨਾਲ ਪਾਰ ਲੰਘਾਉਣ ਵਾਲੇ ਬਾਬੇ ਸੰਗਤ ਨੂੰ ਤਾਂ ਹਉਮੈ 'ਚ ਗੋਤੇ ਦੇਣ ਲੱਗੇ ਹੋਏ ਨੇ। ਭਵਸਾਗਰ ਦਾ ਤਾਂ ਕਿਨਾਰਾ ਵੀ ਨ੍ਹੀਂ ਲੱਭਣਾ। ਫਿਰ ਕਿਸੇ ਬਾਬੇ ਨੇ ਕਦੇ ਇਹ ਕਿਹੈ ਕਿ ਮੈਂ ਉਸਤੋਂ ਮਾਇਆ ਨਹੀਂ ਲੈਣੀ ਜਿਹੜਾ ਸਾਬਤ-ਸਬੂਤ ਨਹੀਂ?

ਗੱਲ ਦਰਅਸਲ ਇਹ ਹੈ ਕਿ ਬਾਬੇ ਚੰਗੇ ਵੀ ਹੈਗੇ ਆ ਚੰਗੇ ਵੀ ਹੋ ਸਕਦੇ ਆ ਪਰ ਸਮੁੱਚਾ ਨਿਜ਼ਾਮ, ਸਾਧਾਂ ਤੇ ਬਾਬਿਆਂ ਨੇ ਏਨਾ ਬਦਨਾਮ ਕਰਤਾ ਕਿ ਸਾਧਾਰਣ ਬੰਦਾ ਵੀ ਕਹਿੰਦਾ 'ਸਾਧਾਂ ਨੂੰ ਸਲਾਮਾਂ ਹੋਣ ਲੱਗੀਆਂ ਪੰਜਾਬ ਵਿਚ ਵੇਖ ਲਓ ਨਜ਼ਾਰੇ ਹੁਣ....ਸਰਕਾਰ ਦੇ...।' ਹੈਰਾਨੀ ਨ੍ਹੀਂ ਹੁੰਦੀ ਕਿ ਲੋਕਾਂ ਨੂੰ ਤਾਂ ਨਾਮ ਦੇ ਜਹਾਜ ਰਾਹੀਂ ਪਾਰ ਲੰਘਾਉਣ ਦਾ ਹੋਕਾ ਦੇਂਦੇ ਆ ਤੇ ਆਪ ਪੰਜਾਹ ਲੱਖ ਦੀ ਗੱਡੀ ਹੇਠ ਲਈ ਬੈਠੇ ਹੁੰਦੇ ਆ।

ਗੱਲ ਇਹ ਵੀ ਵਿਚਾਰਨ ਵਾਲੀ ਐ ਕਿ ਮੈਂ ਇਕ ਵਾਰ ਅੱਖੀਂ ਵੇਖਿਆ ਕਿ ਕੈਨੇਡਾ ਦੇ ਇਕ ਫਾਰਮ 'ਤੇ ਬੀਬੀਆਂ ਕੰਮ ਕਰ ਕਰ ਕੇ ਹਾਲੋਂ ਬੇਹਾਲ, ਦੁਪਹਿਰ ਦੀ ਬ੍ਰੇਕ ਹੋਈ ਤਾਂ ਜਲ ਪਾਣੀ ਛਕ ਕੇ ਕੋਈ ਫਰਸ਼ ਤੇ ਲੇਟੀ ਹੋਈ, ਕੋਈ ਘਾਹ ਤੇ, ਥਕੇਵਾਂ ਮੂੰਹੋਂ ਬੋਲਦਾ ਸੀ, ਤੇ ਅਗਲੇ ਐਤਵਾਰ ਇਹੋ ਬੀਬੀਆਂ ਜਦੋਂ ਗੁਰੂਘਰ ਵੇਖੀਆਂ ਤਾਂ 'ਗਹਿਣੇ ਕਿਆ ਕਹਿਣੇ' ਕੋਈ ਕਹਿ ਹੀ ਨ੍ਹੀਂ ਸਕਦਾ ਸੀ ਕਿ ਇਹ ਬੀਬੀਆਂ ਬੇਰੀਆਂ ਵੀ ਤੋੜਦੀਆਂ ਹੋਣਗੀਆਂ।' ਬਾਕੀ ਛੱਡੋ ਕਿ ਉਹ ਬਾਬਿਆਂ ਨੂੰ ਭੱਜ ਭੱਜ ਕੇ ਡਾਲਰ ਦੇਣ ਜਿਵੇਂ ਹੁਣੇ ਭਵਸਾਗਰੋਂ ਪਾਰ ਲੰਘ ਜਾਣਾ ਹੋਵੇ। ਵੇਖਣਾ ਇਹ ਹੋਵੇਗਾ ਕਿ ਤੁਹਾਡੀ ਮੁੜ੍ਹਕੇ ਦੀ ਕਮਾਈ ਨਿਹੱਕੇ ਥਾਂ ਤਾਂ ਨ੍ਹੀਂ ਲੱਗ ਰਹੀ। ਨਿੱਜੀ ਐਸ਼ ਇਸ਼ਰਤ ਲਈ ਨ੍ਹੀਂ ਵਰਤੀ ਜਾ ਰਹੀ।

ਮੰਨੋ ਜਾਂ ਨਾ ਮੰਨੋ ਪਰ ਇਹ ਵੀ ਸ਼ੱਕ ਹੈ ਕਿ ਹੱਕ ਦੀ ਕਮਾਈ ਦੇ ਛੱਟੇ ਨ੍ਹੀਂ ਦਿੱਤੇ ਜਾ ਸਕਦੇ। ਬਾਬਿਆਂ ਨੂੰ ਲੱਖਾਂ ਦੀਆਂ ਕਾਰਾਂ ਦੇਣ ਵਾਲੇ ਵੇਖ ਤਾਂ ਲਵੋ ਕਰਦੇ ਕੀ ਹਨ। ਜਲੰਧਰ ਜ਼ਿਲ੍ਹੇ ਦੇ ਇਕ ਪਿੰਡ ਵਿਚ ਮੈਂ ਇੱਕ ਵੱਡੇ ਖੇਡ ਮੇਲੇ 'ਤੇ ਗਿਆ ਤਾਂ ਅਮਰੀਕਾ ਤੋਂ ਗਿਆ ਇਕ ਸੱਜਣ ਮੋਟਰ ਸਾਈਕਲ, ਕਾਰਾਂ, ਭਲਵਾਨਾਂ ਨੂੰ ਘਿਓ ਦੇ ਪੀਪੇ, ਬੂਰੀਆਂ ਝੋਟੀਆਂ ਦੇ ਇਨਾਮ ਦੇਵੇ। ਮੈਂ ਸੋਚਿਆ ਏਨੀ ਦੁਨੀਆਂ ਦੇਖ ਕੇ ਨੇੜ੍ਹੇ 'ਚ ਈ ਆਂ। ਪੈਸੇ ਤਾਂ ਸਾਰੇ ਅਮਰੀਕਾ 'ਚ ਨੇ। ਦਸ ਪੰਦਰਾਂ ਲੱਖ ਏਥੇ ਲੁਟਾਉਣ ਵਾਲਾ ਕਿੱਡਾ ਅਮੀਰ ਹੋਵੇਗਾ? ਤੇ ਹੁਣ ਏਥੇ ਆ ਕੇ ਪਤਾ ਲੱਗਾ ਕਿ ਸੱਜਣ ਪਿਆਰੇ ਦਾ ਪਵਿੱਤਰ ਧੰਦਾ ਕੀ ਸੀ? ਤੁਸੀਂ ਜਾਣਦੇ ਹੋ ਕਿ ਜਿਸ 'ਔਡੀ' ਗੱਡੀ ਦਾ ਜਿਕਰ ਕਰਕੇ ਬੱਬੂ ਨੇ ਪੰਗਾ ਛੇੜਤਾ, ਉਹ ਹੰਗਰੀ ਦੇ ਰਾਸ਼ਟਰਪਤੀ ਦੀ ਸ਼ਾਹੀ ਗੱਡੀ ਹੈ। ਤੇ ਫਿਰ ਕੀ ਫਰਕ ਰਹਿ ਗਿਆ ਬਾਬਿਆਂ ਤੇ ਰਾਸ਼ਟਰਪਤੀਆਂ 'ਚ।

ਇੰਗਲੈਂਡ 'ਚ ਬਰਮਿੰਘਮ ਰਹਿਣ ਵਾਲਾ ਇਕ ਬੰਦਾ। ਜਿਹੜਾ ਵੀ ਚੈਰੀਟੀ ਵਾਲਾ ਆਵੇ, ਉਹਨੂੰ ਦੋ ਹਜਾਰ ਪੌਂਡ ਦਾ ਚੈੱਕ ਕੱਟ ਕੇ ਦੇ ਦਿਆ ਕਰੇ। ਮੈਂ ਇਕ ਵਾਰੀ ਉਹਨੂੰ ਹੌਂਸਲਾ ਕਰਕੇ ਪੁੱਛ ਹੀ ਲਿਆ 'ਏਨੇ ਪੈਸੇ ਕਿਵੇਂ ਦਾਨ ਦੂਣ ਈ ਕਰੀ ਜਾਨੇ ਓ?'

'ਗੋਲੀ ਮਾਰ ਦਾਨ ਦੂਨ ਨੂੰ ਅਸੀਂ ਤਾਂ ਆਪਣਾ ਸੂਤ ਵੇਖੀਦੈ।'

'ਉਹ ਕਿਵੇਂ?'

ਪਹਿਲੀ ਗੱਲ ਐ ਦੋ ਨੰਬਰ ਦੀ ਕਮਾਈ ਇਕ ਨੰਬਰ 'ਚ ਬਦਲ ਜਾਂਦੀ ਐ। ਦੂਜੀ ਗੱਲ, ਇਸ ਕੰਮ ਕਰਕੇ ਲੋਕ ਸਤਿਕਾਰ ਬੜਾ ਕਰਦੇ ਨੇ ਜਿਥੇ ਜਾਵੋ ਕਹਿਣਗੇ ਉਘੇ ਸਮਾਜ ਸੇਵਕ ਆਏ ਨੇ। ਤੀਜੀ ਗੱਲ ਇਹ ਹੈ ਕਿ ਟੈਕਸ ਤੋਂ ਵਾਹਵਾ ਛੋਟ ਮਿਲ ਜਾਂਦੀ ਐ। ਦੇਈਦਾ ਉਨਾ ਕੁ ਈ ਐ ਜਿੰਨਾ ਕੁ ਬਾਹਰ ਨੂੰ ਉਛਲਦੈ, ਹੋਰ ਕਿਤੇ ਤੇਰਾ ਖਿਆਲ ਐ ਘਰ ਫੂਕੀ ਜਾਨੇ ਆਂ।'

'ਤੁਸੀਂ ਪੰਜਾਬ 'ਚ ਵੀ ਵਾਹਵਾ ਮੈਡੀਕਲ ਕੈਂਪ ਲਾਉਂਦੇ ਹੋ, ਗਰੀਬਾਂ ਦੀਆਂ ਧੀਆਂ ਦੇ ਵਿਆਹ ਵੀ ਕਰਦੇ ਹੋ। ਉਥੇ ਕਿਵੇਂ ਐਂ?'

'ਗੱਲ ਸਿਧੀ ਇਹ ਹੈ ਕਿ ਦੋ ਕੁ ਲੱਖ ਲਾਈਦੈ ਹਰੇਕ ਸਾਲ। ਖਰਚ ਕਿਹੜੈ? ਬਰਾਤਾਂ ਪੰਜ ਕੱਠੀਆਂ ਆ ਜਾਂਦੀਆਂ ਨੇ, ਮਾੜੇ ਮੋਟੇ ਕੁਰਸੀ ਮੇਜ ਪੰਜ ਦਸ ਹਜ਼ਾਰ ਦਾ ਪੇਟੀ 'ਚ ਪੈਣ ਜੋਗਾ ਦਤਾ ਦਾਜ ਦੇ ਛਡੀਦੈ, ਮੈਡੀਕਲ ਕੈਂਪ ਤੇ ਮੰਤਰੀ ਸੰਤਰੀ, ਅਫਸਰ ਬੁਲਾ ਲਈਦੇ ਆ। ਕਰੋੜ 'ਚੋਂ ਦੋ ਲੱਖ ਲਾ ਤਾ ਫਰਕ ਕੀ ਪੈਂਦਾ ਉਥੇ ਵੀ ਪੁੱਛ ਪ੍ਰਤੀਤ ਪੂਰੀ ਹੁੰਦੀ ਐ।'

ਗਿੱਟੇ ਲਗੇ ਜਾਂ ਗੋਡੇ ਸੱਚਾਈ ਇਹ ਵੀ ਹੈ ਕਿ ਬਾਬੇ ਐਵੇਂ ਊਠ ਤੋਂ ਛਾਨਣੀ ਲਾਹੁੰਦੇ ਆ। ਜੇ ਸਾਰੀ ਕਮਾਈ ਦੇ ਹਸਪਤਾਲ ਖੋਲ੍ਹ ਦੇਣ ਤੇ ਜਾਂ ਫਿਰ ਗਰੀਬਾਂ ਦੀਆਂ ਧੀਆਂ ਵਿਆਹੁਣ ਲੱਗ ਪੈਣ ਤਾਂ ਭਰੂਣ ਹੱਤਿਆ ਰੁਕ ਜੂ। ਪਰ ਇਹ ਸਾਰਾ ਡਰਾਮਾਂ ਸਿਰਫ ਸਮਾਜ ਸੇਵਾ ਦਾ ਸਰਟੀਫਿਕੇਟ ਲੈਣ ਦਾ ਹੋ ਰਿਹਾ ਹੈ।

ਆਪਾਂ ਕਿਸੇ ਨੇ ਵੀ ਪੂਰਨ ਭਗਤ ਨ੍ਹੀਂ ਵੇਖਿਆ ਪਰ ਯਕੀਨਨ ਭਗਤ ਪੂਰਨ ਸਿੰਘ ਜੇ ਵੇਖਿਆ ਨ੍ਹੀਂ ਤਾਂ ਸੁਣਿਆ ਤਾਂ ਜ਼ਰੂਰ ਹੈ। ਉਹਨੂੰ ਵੇਖ ਕੇ ਚੇਤਾ ਨ੍ਹੀਂ ਆਉਂਦਾ ਕਿ ਸੱਚੇ ਬਾਬੇ ਵੀ ਇਸ ਧਰਤੀ 'ਤੇ ਹੈਗੇ ਸੀ। ਜਿਸ ਤਰ੍ਹਾਂ ਦੇ ਲੰਗੜੇ-ਲੂਲੇ ਤੇ ਮਾਨਸਿਕ ਰੋਗੀਆਂ ਨੂੰ ਉਹ ਪਾਲਦਾ ਰਿਹੈ, ਤੁਹਾਡੇ ਘਰ 'ਚ ਹੋਵੇ ਤਾਂ ਆਖੋਗੇ 'ਸਚਿਆ ਪਾਤਸ਼ਾਹਾ ਇਹਦੇ ਪਰਦੇ ਢਕ ਦੇ।' ਕਦੇ ਅੰਮ੍ਰਿਤਸਰ ਉਹਦੇ ਪਿੰਗਲਵਾੜੇ 'ਚ ਗੇੜਾ ਮਾਰਕੇ ਵੇਖਿਓ ਤਾਂ ਲੱਗੇਗਾ ਕਿ ਸਵਰਗ ਤਾਂ ਰੱਬ ਕੋਲ ਹੋਵੇਗਾ ਨਰਕ ਨੂੰ ਰੋਟੀ ਪਹਿਲਾਂ ਭਗਤ ਪੂਰਨ ਸਿੰਘ ਤੇ ਹੁਣ ਬੀਬੀ ਇੰਦਰਜੀਤ ਕੌਰ ਛਕਾ ਰਹੀ ਹੈ। ਮਹਿੰਗੀਆਂ ਕਾਰਾਂ ਐਸ਼ ਇਸ਼ਰਤ ਵਾਲਿਆਂ ਨੂੰ ਨਾ ਵੰਡੋ, ਇਥੇ ਵੀ ਦੁਆਨੀ ਚੁਆਨੀ ਭੇਜੋ ਤੁਹਾਨੂੰ ਨਿਹੱਕੀ ਕਮਾਈ ਵੀ ਹੱਕ 'ਚ ਬਦਲ ਜਾਵੇਗੀ। ਰੱਬ ਤੁਹਾਡੀ ਇਥੇ ਰਿਸ਼ਵਤ ਵੀ ਸ਼ਾਇਦ ਪ੍ਰਵਾਨ ਕਰ ਲਵੇ। ਸਾਰੀ ਉਮਰ ਖੱਦਰ ਪਹਿਨ ਕੇ ਪੈਦਲ ਚੱਲ ਕੇ, ਹੱਥ 'ਚ ਕਾਸਾ ਫੜ੍ਹਕੇ ਮੰਗਣ ਵਾਲੇ ਭਗਤ ਪੂਰਨ ਸਿੰਘ ਦੇ ਅਦਾਰੇ 'ਚ ਹਾਜ਼ਰੀ ਭਰੋ ਤਾਂ ਯਕੀਨਨ ਕਿਸੇ ਗਰੀਬ ਦੀ ਧੀ ਨਾ ਵੀ ਵਿਆਹ ਹੋਵੇ ਤਾਂ ਕੋਈ ਗੱਲ ਨ੍ਹੀਂ ਤੁਹਾਡਾ ਪੈਸਾ ਕੁਥਾਏਂ ਨ੍ਹੀਂ ਜਾਏਗਾ।

ਹਰ ਕਿਸੇ ਦੀ ਸੋਚ ਵੱਖੋ-ਵੱਖਰੀ ਹੈ, ਹਰ ਦੇਸ਼ ਦੇ ਜਿੰਦੇ ਕੁੰਜੀਆਂ ਅਲੱਗ ਅਲੱਗ ਹਨ ਪਰ ਆਪਣੀ ਹੱਕ ਦੀ ਕਮਾਈ ਨੇ ਖਜਾਨੇ ਦੀਆਂ ਕੁੰਜੀਆਂ ਪੈਸਾ, ਇਸ਼ਰਤ ਕਰਨ ਵਾਲੇ ਬਾਬਿਆਂ ਦੇ ਹੱਥ ਨਾ ਦਿਓ, ਵਰਨਾ ਪਤਾ ਨ੍ਹੀਂ ਫਿਰ ਹੋਰ ਕਿੰਨੇ ਕੁ ਬੱਬੂ ਮਾਨ ਬਾਬਿਆਂ ਦੀ ਵੱਖੀ 'ਚ ਕੂਹਣੀ ਮਾਰਨ ਲਈ ਉਠਦੇ ਹੀ ਰਹਿਣਗੇ।

## ਗੱਲ ਬਣੀ ਕਿ ਨਹੀਂ

### ਬਾਬਰੀ ਮਸਜਿਦ

ਮਹਾਰਾਸ਼ਟਰ 'ਚ ਧਰਮ ਦੇ ਨਾਂ ਉੱਤੇ,
ਬਾਲ ਠਾਕਰੇ ਮਾਰਦਾ ਕੇਲ ਦੇਖੋ।
ਦੇਸ਼ ਢੱਠੇ ਖੂਹ ਵਿਚ ਪਵੇ ਸਾਰਾ,
ਚੱਲੀ ਜਾਵੇ ਮਰਾਠੀ ਦਾ ਖੇਲ ਦੇਖੋ।
ਬੇੜੀ ਆਪਣੇ 'ਚ ਪਾ ਲਏ ਆਪ ਵੱਟੇ,
ਲੋਕਾਂ ਭਾਜਪਾ ਦੀ ਬਣਾ'ਤੀ ਰੇਲ ਦੇਖੋ।
ਢਾਹੁਣ ਮਸਜਿਦਾਂ ਨਆਰਾ ਨਿਰਪੱਖਤਾ ਦਾ
ਹੁੰਦਾ ਅੱਗ ਤੇ ਪਾਣੀ ਦਾ ਮੇਲ ਦੇਖੋ।
ਲਿਬਰਹਾਨ ਕਮਿਸ਼ਨ ਦੀ ਰਿਪੋਰਟ ਨੇ ਤਾਂ,
ਸਣੇ ਚੂਸਿਆਂ ਦੇ ਪੁੱਟਤੀ ਵੇਲ ਦੇਖੋ।
ਦਾਅ ਲਏ ਅਡਵਾਨੀ, ਮਨੋਹਰ ਜੋਸ਼ੀ,
ਪੈਣੀ ਫੇਰ ਨ੍ਹੀਂ ਨੱਕ ਨਕੇਲ ਵੇਖੋ।

---

### ਬਿਸ਼ਨੋਈਆਂ ਦਾ ਲਾਣਾ

ਭਜਨ ਲਾਲ ਹੁਣ ਭਜਨਾ ਲਗਦੈ,
ਸਾਸ਼ਕ ਸੀ ਹਰਿਆਣੇ ਦਾ।
ਲੜ ਸਿਰਾ ਨ੍ਹੀਂ ਲੱਭਦਾ ਕੋਈ,
ਹੁਣ ਉਸ ਤਾਣੇ ਬਾਣੇ ਦਾ।
ਵਿਚ ਚੁਰਾਸੀ ਖੇਡਾਂ ਵੇਲੇ,
ਪੱਤ ਸਿੰਘਾਂ ਦੀ ਲਾਹੁੰਦਾ ਸੀ।
ਬੜਾ ਜੁਗਾੜੀ ਬੰਦਾ ਸੀ ਉਹ
ਇੰਦਰਾ ਨੂੰ ਭਰਮਾਣੇ ਦਾ।
ਪੁੱਤ ਨੇ ਸਿਰ ਵਿਚ ਖੇਹ ਪੁਆਈ,
ਨਾਲ ਫਿਜ਼ਾ ਦੇ ਅੱਖ ਲੜਾਈ।
ਧਰਮ ਬਦਲ ਕੇ ਨੱਕ ਵਢਾ'ਤਾ,
ਵੱਡੇ ਏਸ ਘਰਾਣੇ ਦਾ।
ਲਾਹ ਲੋਕਾਂ ਨੇ ਪਰੇ ਮਾਰਿਆ,
ਜਿਉਂ ਮੱਖਣ 'ਚੋਂ ਵਾਲ ਜਿਹਾ।
ਭਰ ਕੇ ਬੇੜਾ ਡੁੱਬਿਆ ਵੇਖੋ,
ਬਿਸ਼ਨੋਈਆਂ ਦੇ ਲਾਣੇ ਦਾ।

ਖਾਲਸਾ ਪੰਥ

# ਨਾਨਕ, ਨਾਮ ਅਭਿਆਸ ਅਤੇ ਗੁਰਦੁਆਰਾ

ਨਾਨਕ ਨਾਮ ਦਾ ਤੱਤ ਸਾਰ ਉਹੀ ਹੈ, ਜਿਸ ਨੂੰ ਅਸੀਂ ਆਮ ਬੋਲ ਚਾਲ ਜਾਂ ਲਿਖਤ ਪੜ੍ਹਤ ਵਿਚ ਸਿੱਖੀ, ਗੁਰਮਤਿ, ਸਿੱਖ ਫ਼ਲਸਫ਼ਾ ਜਾਂ ਵਿਚਾਰਧਾਰਾ ਕਹਿ ਲੈਂਦੇ ਹਾਂ, ਜਿਸ ਦਾ ਪ੍ਰਚਲਣ ਗੁਰੂ ਨਾਨਕ ਪਾਤਸ਼ਾਹ ਜੀ ਨੇ ਕੀਤਾ। ਅਰਦਾਸ ਦੀ ਸਮਾਪਤੀ ਨਾਨਕ ਨਾਮ ਦੀ ਚੜ੍ਹਦੀ ਕਲਾ ਦੀ ਕਾਮਨਾ ਨਾਲ਼ ਹੁੰਦੀ ਹੈ। ਪ੍ਰੋ. ਪੂਰਨ ਸਿੰਘ ਨੇ "ਦੀ ਸਪਿਰਟ ਬੌਰਨ ਪੀਪਲ" ਵਿਚ ਲਿਖਿਆ ਹੈ ਕਿ ਅਸੀਂ ਤਾਂ ਗੁਰੂ ਨਾਨਕ ਗੁਰੂ ਨਾਨਕ ਕਹਿੰਦਿਆਂ ਹੀ ਪਾਰ ਹੋ ਜਾਣਾ ਹੈ- "Guru Nanak, Guru Nanak, we say And we pass on". ਉਹ ਲਿਖਦੇ ਹਨ; "Guru Nanak is the Name".

ਇਸ ਦੇ ਸਾਹਮਣੇ ਉਹ ਭਵਿਖਬਾਣੀ ਯਾਦ ਆਉਂਦੀ ਹੈ, ਜੋ ਭਵਿਸ਼ ਪੁਰਾਣ ਵਿਚ ਗੁਰੂ ਨਾਨਕ ਸਾਹਿਬ ਦੀ ਆਮਦ ਬਾਬਤ ਕੀਤੀ ਗਈ ਹੈ ਕਿ, "ਤਦਵੈ ਲੋਕ ਰਕਸ਼ਾਰਥਮ ਮਲੇਛਾਨੁ ਨਾਸ਼ਹੇਤਵੇ, ਪਾਸ਼ਚਮੇਸ਼ੁ ਸੂਬਹੇ ਦੇਸੇ ਵੇਦੀ ਵੰਸੇ ਚਾ ਨਾਨਕਹ"। ਅਰਥਾਤ ਤਦੋਂ ਸਰਬਤ ਦੇ ਭਲੇ ਲਈ, ਪਾਪੀਆਂ ਦੇ ਨਾਸ ਹਿਤ, ਭਾਰਤ ਦੇ ਪੱਛਮੀ ਭੂਖੰਡ ਵਿਖੇ, ਵੇਦੀ ਵੰਸ ਵਿਚ, ਨਾਨਕ ਪਰਗਟ ਹੋਵੇਗਾ। ਦੋ ਸ਼ਬਦਾਂ ਦਾ ਨਿੱਕਾ ਜਿਹਾ ਵਾਕੰਸ਼ 'ਨਾਨਕ ਨਾਮ' ਸਿੱਖ ਸਿਮਰਤੀ ਦਾ ਇਕ ਅਮਿਟ ਅੰਗ ਹੈ। ਸਿੱਖ ਮਨਾਂ ਅੰਦਰ, ਇਹ ਵਾਕੰਸ਼, ਅਸੀਮ ਆਸਥਾ ਅਤੇ ਅਥਾਹ ਸ਼ਰਧਾ ਦਾ ਲਖਾਇਕ ਵੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਥੋੜ੍ਹੇ ਅਜਿਹੇ ਸ਼ਬਦ ਹਨ ਜਿਨ੍ਹਾਂ ਵਿਚ 'ਨਾਨਕ ਨਾਮ' ਨਾ ਆਇਆ ਹੋਵੇ। ਗੁਰੂ ਗ੍ਰੰਥ ਸਾਹਿਬ ਵਿਚ ਤਕਰੀਬਨ ਢਾਈ ਸੌ ਤੋਂ ਵਧੀਕ ਪੰਗਤੀਆਂ ਅਜਿਹੀਆਂ ਹਨ, ਜਿਹੜੀਆਂ 'ਨਾਨਕ ਨਾਮ' ਨਾਲ਼ ਅਰੰਭ ਹੁੰਦੀਆਂ ਹਨ। ਕੋਈ ਹੋਰ ਦੋ ਸ਼ਬਦ ਇਕੱਠੇ ਇਸ ਤਰ੍ਹਾਂ ਅਤੇ ਇਤਨੀ ਵੇਰ ਨਹੀਂ ਵਰਤੇ ਗਏ। ਇਸ ਵਾਕੰਸ਼ ਵਿਚ ਦੋ ਸ਼ਬਦ ਹਨ, ਨਾਨਕ ਅਤੇ ਨਾਮ। ਬਾਣੀ ਦੇ ਬਹੁਤੇ ਵਿਆਖਿਆਕਾਰ ਨਾਨਕ ਸ਼ਬਦ ਨੂੰ ਬਾਣੀ ਉਚਾਰਣ ਕਰਤਾ ਦੀ ਸਿਰਫ਼ ਮੋਹਰ ਛਾਪ ਹੀ ਮੰਨਦੇ ਹਨ ਪਰ ਨਾਨਕ ਸ਼ਬਦ ਆਪਣੇ ਆਪ ਵਿਚ ਬੜੇ ਹੀ ਰਹੱਸਮਈ ਅਤੇ ਡੂੰਘੇ ਅਰਥਾਂ ਦਾ ਸੂਚਕ ਹੈ।

ਚੂੜਾਮਣੀ ਇਤਿਹਾਸਕਾਰ, ਮਹਾਂ ਕਵੀ, ਭਾਈ ਸੰਤੋਖ ਸਿੰਘ ਜੀ ਨੇ 'ਨਾਨਕ ਪ੍ਰਕਾਸ਼' ਦੇ ਸ਼ੁਰੂ ਵਿਚ ਅਜਿਹਾ ਇਸ਼ਾਰਾ ਕੀਤਾ ਹੈ ਕਿ ਜਦੋਂ ਗੁਰੂ ਸਾਹਿਬ ਦੇ ਨਾਮ ਸੰਸਕਾਰ ਸਮੇਂ ਪੰਡਤ ਜੀ ਨੇ "ਸਿਸ ਕੋ ਨਾਨਕ ਨਾਮ ਧਰੀਜੈ" ਦੀ ਸਲਾਹ ਦਿੱਤੀ ਤਾਂ ਪਿਤਾ ਕਾਲੂ ਜੀ ਨੇ ਇਸ ਨਾਮ ਦੀ ਅਜੀਬ ਕਿਸਮ ਬਾਬਤ ਸ਼ੰਕਾ ਕੀਤਾ: "ਰਲਮਿਲ ਨਾਮ ਸੁ ਤੁਰਕ ਨ ਹਿੰਦੂ"। ਉਨ੍ਹਾਂ ਆਖਿਆ ਕਿ ਖੱਤਰੀ ਕੁਲ ਰੀਤੀ ਅਨੁਸਾਰ "ਅਵਰ ਨਾਮ ਕੋ ਸੋਧ ਧਰੀਜੈ"। ਤਾਂ ਅਨੁਭਵੀ ਪੰਡਤ ਜੀ ਨੇ ਸਪਸ਼ਟ ਕੀਤਾ ਕਿ "ਰਾਮ ਕਿਸ਼ਨ ਅਵਤਾਰ ਜੋ ਹਰ ਕਾ। ਪੂਜਹਿ ਹਿੰਦੂ, ਨ ਮਾਨਹਿ ਤੁਰਕਾ"। ਫਿਰ ਗੁਰੂ ਸਾਹਿਬ ਜੀ ਦੀ ਅਲੌਕਿਕ ਆਭਾ ਅਤੇ ਨੂਰਾਨੀ ਚਿਹਨ ਚੱਕਰ ਤੱਕਦਿਆਂ ਪੰਡਤ ਜੀ ਨੇ ਇਹ ਵੀ ਆਖਿਆ ਕਿ "ਇਹ ਸਿਸ ਕੋ ਮਾਨਹਿੰਗੇ ਦੋਊ। ਹਿੰਦੂ ਤੁਰਕ ਸਿਖ ਹੁਇ ਸਭਿ ਕੋਊ"।

ਵਿਸ਼ਵ ਦਾ ਰੂਹਾਨੀ ਅਨੁਭਵ ਦੋ ਧਾਰਾਵਾਂ, ਆਰੀਅਨ ਅਤੇ ਸਾਮੀ, ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਵਿਸ਼ਵ ਦੇ ਸਮੁੱਚੇ ਅਧਿਆਤਮਕ ਸਫ਼ਰ ਦੀ ਸਾਂਝੀਵਾਲਤਾ ਅਤੇ ਸੰਪੰਨਤਾ ਦੇ ਪ੍ਰੋਖ ਇਸ਼ਾਰੇ ਨਾਨਕ ਨਾਮ ਵਿਚ ਸਮੋਏ ਹੋਏ ਹਨ। ਇਹ ਇਕ ਅਜਿਹਾ ਨਾਮ ਹੈ ਜਿਸ ਵਿਚ ਕੁੱਲ ਕਾਇਨਾਤ ਦੇ ਸਾਂਝੇ ਧਰਮ ਵਲ ਖ਼ੂਬਸੂਰਤ ਇਸ਼ਾਰਾ ਨਿਹਿਤ ਹੈ।

ਭਾਈ ਸਾਹਿਬ ਧਰਮਾਨੰਤ ਸਿੰਘ ਜੀ ਨੇ "ਦਾ ਪ੍ਰਫ਼ਿਊਮਡ ਰੇਡੀਐਂਸ ਔਫ਼ ਗੁਰੂ ਨਾਨਕ" ਵਿਚ ਨਾਨਕ ਸ਼ਬਦ ਦੇ ਪਹਿਲੇ 'ਨ' ਨੂੰ ਨਾਂਹ ਵਾਚਕ ਅਤੇ 'ਅਨਕ' ਦੇ ਅਰਥ ਅਨੇਕ ਕਰਕੇ, 'Not Many' ਲਿਖਿਆ ਹੈ। ਇਨ੍ਹਾਂ ਵਿਚਾਰਾਂ ਦੀ ਰੌਸ਼ਨੀ ਵਿਚ ਨਾਨਕ ਸ਼ਬਦ ਗੁਰਮਤਿ ਦੀ ਆਧਾਰ ਸ਼ਿਲਾ, ਮੂਲ਼ ਮੰਤਰ ਦੇ ਆਰੰਭਕ ਏਕੇ ਦਾ ਪਰਿਆਏ ਹੈ। ਏਕਾ ਵਿਸ਼ਵ ਦੀ ਸਾਂਝੀਵਾਲਤਾ ਦਾ ਪ੍ਰਤੀਕ ਅਤੇ ਸੂਚਕ ਹੈ।

ਜਦੋਂ ਅਰਦਾਸ ਵਿਚ "ਨਾਨਕ ਨਾਮ ਚੜ੍ਹਦੀ ਕਲਾ" ਆਖਿਆ ਜਾਂਦਾ ਹੈ ਤਾਂ ਇਸ ਦਾ ਭਾਵ ਵੀ ਇਹੀ ਹੁੰਦਾ ਹੈ ਕਿ ਉਸ ਇਕ ਜਾਂ ਵਾਹਿਦ ਨਾਮ ਦੀ ਚੜ੍ਹਦੀ ਕਲਾ ਹੋਣ ਨਾਲ਼ ਹੀ ਸਰਬਤ ਦੇ ਭਲੇ ਦੀ ਉਮੀਦ ਰੱਖੀ ਜਾ ਸਕਦੀ ਹੈ। ਇਹ ਜਾਣਨਾ ਜ਼ਰੂਰੀ ਹੈ ਕਿ ਇਹ 'ਨਾਮ' ਕੀ ਸ਼ੈ ਹੈ, ਜਿਸ ਨੂੰ ਗੁਰੂ ਨਾਨਕ ਸਾਹਿਬ ਨੇ ਇਕ ਆਖਿਆ ਹੈ।

ਰੁਡੌਲਫ਼ ਔਟੋ ਨੇ ਆਪਣੀ ਪੁਸਤਕ "ਆਈਡੀਆ ਔਫ਼ ਹੋਲੀ" ਵਿਚ 'ਨੌਮਿਨਸ ਐਕਸਪੀਰੀਐਂਸ' ਦਾ ਜ਼ਿਕਰ ਕੀਤਾ ਹੈ। ਇਹ ਉਹ ਰੂਹਾਨੀ ਅਨੁਭਵ ਹੈ, ਜਿਸ ਮੁਤਾਬਕ ਮਨੁੱਖੀ ਮਨ ਅੰਦਰ ਇਕ ਵੈਰਾਗਮਈ ਲਰਜ਼ਿਸ਼ ਉਪਜਦੀ ਹੈ। ਫਿਰ ਇਕ ਖ਼ਾਸ ਕਿਸਮ ਦੀ ਬਿਹਬਲਤਾ ਅਤੇ ਕਸੀਸ ਉਤਪੰਨ ਹੁੰਦੀ ਹੈ। ਉਪਰੰਤ ਮਨੁੱਖੀ ਮਨ ਅੰਦਰ ਸਮਰਪਣ ਦੀ ਭਾਵਨਾ ਪਣਪ ਪੈਂਦੀ ਹੈ ਅਤੇ ਰੱਬ ਵਿਚ ਯਕੀਨ ਬੱਝਦਾ ਹੈ। ਉਸ ਨੇ ਇਸ ਅਨੁਭਵ ਨੂੰ 'ਇਰਰੈਸ਼ਨਲ' ਨਹੀਂ 'ਨੌਨਰੈਸ਼ਨਲ' ਆਖਿਆ ਹੈ।

ਕਾਂਤ ਨੇ ਆਪਣੀਆਂ ਲਿਖਤਾਂ ਵਿਚ 'ਫਿਨੌਮਿਨਨ' ਨੂੰ ਇੰਦ੍ਰਿਆਵੀ ਸੱਚ ਮੰਨਿਆ ਹੈ, ਪਰ 'ਨੌਮਿਨਨ' ਨੂੰ ਪ੍ਰਾ ਇੰਦ੍ਰਿਆਵੀ ਅਤੇ ਅਦਿਖ ਸੱਚ ਤਸਲੀਮ ਕੀਤਾ ਹੈ। ਲੈਟਿਨ ਵਿਚ 'ਨੌਮਿਨ' ਦੇ ਅਰਥ 'ਪਰੈਜ਼ੈਂਸ ਔਫ਼ ਡਿਵਿਨਿਟੀ' ਜਾਂ ਰੱਬੀ ਜ਼ਹੂਰ ਕੀਤੇ ਹਨ। ਇਸੇ ਤਰ੍ਹਾਂ 'ਨੌਮਿਨਸ' ਸ਼ਬਦ ਦਾ ਅਰਥ 'ਡਿਵਾਈਨ ਮਜੈਸਟੀ' ਜਾਂ ਇਲਾਹੀ ਹੁਕਮ ਮਿਲ਼ਦਾ ਹੈ।

ਸਿਰਦਾਰ ਕਪੂਰ ਸਿੰਘ ਨੇ ਆਪਣੀ ਪੁਸਤਕ "ਸਿੱਖਇਜ਼ਮ ਫੌਰ ਮੌਡਰਨ ਮੈਨ" ਵਿਚ ਨਾਮ ਦੀ ਵਿਆਖਿਆ ਕਰਦਿਆਂ ਇਸ ਨੂੰ ਸੰਸਕ੍ਰਿਤ ਦੇ 'ਨਾਮਹ' ਨਾਲ਼ ਜੋੜਿਆ ਹੈ, ਤੇ ਫਿਰ ਲੈਟਿਨ ਦੇ 'ਨੌਮਿਨਨ' ਅਤੇ 'ਨੌਮਿਨਸ' ਦੇ ਹਵਾਲੇ ਨਾਲ਼ ਇਸ ਦੀ ਵਿਆਖਿਆ ਕੀਤੀ ਹੈ। ਉਨ੍ਹਾਂ ਮੁਤਾਬਕ ਨਾਮ ਉਹ ਪਰਮ ਸੱਤ ਹੈ, ਜੋ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹੈ। ਹਿੰਦੂ ਦ੍ਰਿਸ਼ਟੀ ਅਨੁਸਾਰ ਜਗਤ ਦਾ ਦਿਖਦਾ ਰੂਪ ਸੱਤ ਨਹੀਂ ਹੈ। ਇਹ ਇਸ ਕਰਕੇ ਸੱਤ ਨਹੀਂ ਹੈ, ਕਿਉਂਕਿ, ਇਹ ਸਮੇਂ ਤੇ ਸਥਾਨ ਮੁਤਾਬਕ ਬਦਲਣਹਾਰ ਹੈ। ਪਰ ਜਗਤ ਦਾ ਅਦਿਖ ਜਾਂ ਸੂਖਮ ਰੂਪ ਅਟੱਲ ਸੱਚ ਹੈ, ਕਿਉਂਜੁ ਇਹ ਸਮੇਂ ਤੇ ਸਥਾਨੀ ਪ੍ਰਭਾਵਾਂ ਤੋਂ ਨਿਰਲੇਪ ਹੈ। ਇਸੇ ਕਰਕੇ ਇਸ ਅਦਿਖ ਜਾਂ ਸੂਖਮ ਰੂਪ ਨੂੰ 'ਸਨਾਤਨ' ਆਖਿਆ ਗਿਆ ਹੈ। 'ਸਨਾਤਨ' ਦਾ ਅਰਥ ਕੇਵਲ ਪੁਰਾਤਨ ਨਹੀਂ ਹੈ Eternal ਅਤੇ Universal ਵੀ ਹੈ।



ਗੁਰਦੁਆਰਾ ਡੇਰਾ ਬਾਬਾ ਨਾਨਕ

ਗੁਰੂ ਨਾਨਕ ਦਾ ਧਰਮ ਇਕ ਹੋਰ ਧਰਮ ਨਹੀਂ ਹੈ। ਇਹ ਧਰਮਾਂ ਦੀ ਬਹੁਲਤਾ ਨੂੰ ਸਮਾਪਤ ਕਰਨ ਵਾਲ਼ਾ ਇਕ Eternal ਅਤੇ Universal ਧਰਮ ਹੈ। ਇਸੇ ਕਰਕੇ ਬਾਣੀ ਵਿਚ ਗੁਰੂ ਨਾਨਕ ਸਾਹਿਬ ਨੂੰ ਜਗਤ ਗੁਰੂ ਆਖਿਆ ਗਿਆ ਹੈ। ਨਾਮ ਨੂੰ ਵੀ ਵਿਸ਼ਵ ਦੇ ਕਲਿਆਣ ਦੀ ਲਗਾਤਾਰਤਾ ਨਾਲ ਜੋੜਿਆ ਗਿਆ ਹੈ: "ਸ੍ਰਿਸਟਿ ਸਗਲ ਉਧਰੀ ਨਾਮਿ ਲੇ ਤਰਿਓ ਨਿਰੰਤਰਿ"। ਗੁਰੂ ਨਾਨਕ ਦੇ ਧਰਮ ਮਾਰਗ 'ਤੇ ਚੱਲਣ ਵਾਲਿਆਂ ਨੂੰ ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਦੇ ਲਕਬ ਨਾਲ਼ ਨਿਵਾਜ਼ਿਆ। ਇਸੇ ਪੰਥ ਬਾਬਤ ਗੁਰਬਿਲਾਸ ਪਾਤਸ਼ਾਹੀ ਦਸਵੀਂ ਵਿਚ ਆਖਿਆ ਗਿਆ ਹੈ ਕਿ, "ਇਹ ਆਦਿ ਅੰਤ ਏਕੈ ਸੁਪੰਥ, ਗੁਰ ਰਚਿਯੋ ਜਗਤ ਕੌ ਦੈਨ ਸੰਥ"। ਪੰਥ ਨੇ ਜਗਤ ਨੂੰ ਜਿਹੜੀ ਸੰਥਿਆ ਦੇਣੀ ਹੈ, ਇਹ ਉਹੀ ਨਾਮ ਹੈ, ਜਿਸ ਦਾ ਪ੍ਰਚਲਣ ਗੁਰੂ ਨਾਨਕ ਸਾਹਿਬ ਨੇ ਕੀਤਾ ਹੈ। ਇਹ ਨਾਮ ਗੁਰੂ ਗ੍ਰੰਥ ਸਾਹਿਬ ਦਾ ਕੇਂਦਰੀ ਧੁਰਾ ਹੈ।

ਜਪੁਜੀ ਸਾਹਿਬ ਦੀ ਸਮਾਪਤੀ ਉਪਰੰਤ, ਸਲੋਕ ਦੇ ਅਖ਼ੀਰ ਵਿਚ, ਇਸੇ ਨਾਮ ਦਾ ਜ਼ਿਕਰ ਹੈ: "ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ"। ਮੁੰਦਾਵਣੀ ਵਿਚ ਵੀ ਗੁਰੂ ਗ੍ਰੰਥ ਸਾਹਿਬ ਨੂੰ ਥਾਲ਼ ਦੇ ਪ੍ਰਤੀਕ ਵਿਚ ਪੇਸ਼ ਕਰਕੇ, ਇਸ ਵਿਚ ਰੂਹਾਨੀ ਭੋਜਨ ਵਜੋਂ ਪ੍ਰੋਸੀਆਂ ਗਈਆਂ ਤਿੰਨ ਵਸਤੂਆਂ ਤੋਂ ਇਲਾਵਾ, ਅਧਾਰਭੂਤ ਵਸਤੂ, ਨਾਮ ਦਾ ਹੀ ਜ਼ਿਕਰ ਹੈ: "ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ"। ਇਸ ਦੀ ਅਹਿਮੀਅਤ ਅਤੇ ਜ਼ਰੂਰਤ ਇਵੇਂ ਦਰਸਾਈ ਗਈ ਹੈ: "ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ"। ਗੁਰੂ ਗ੍ਰੰਥ ਸਾਹਿਬ ਦੀ ਸਮਾਪਤੀ ਵੀ ਨਾਮ ਦੀ ਮਹਿਮਾ ਨਾਲ਼ ਹੋਈ ਹੈ: "ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ"।

ਪ੍ਰੋ. ਅਵਤਾਰ ਸਿੰਘ, ਫਗਵਾੜਾ

ਸਿੱਖ ਅਰਦਾਸ ਵੀ ਨਾਨਕ ਨਾਮ ਦੀ ਚੜ੍ਹਦੀ ਕਲਾ ਦੀ ਮੰਗਲ਼ਮਈ ਸ਼ੁੱਭ ਇਛਾ ਨਾਲ਼ ਸਮਾਪਤ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਦੇ ਹਰੇਕ ਸ਼ਬਦ ਵਿਚ ਨਾਮ ਦੀ ਮਹਿਮਾ ਗੂੰਜਦੀ ਹੈ। ਸਿੱਖੀ ਦੇ ਤਿੰਨ ਨੁਕਾਤੀ ਸੂਤਰ ਵਿਚ ਵੀ ਨਾਮ ਸ਼ਾਮਿਲ ਹੈ: "ਨਾਮ ਜਪੋ, ਕਿਰਤ ਕਰੋ, ਵੰਡ ਛਕੋ" ਅਤੇ "ਨਾਮ ਦਾਨ ਇਸ਼ਨਾਨ"। ਇਸ ਤੋਂ ਵਧੀਕ ਸਪਸ਼ਟ ਉਕਤੀ ਕੀ ਹੋ ਸਕਦੀ ਹੈ: "ਨਾਨਕ ਕੈ ਘਰਿ ਕੇਵਲ ਨਾਮੁ"।

ਸਿੱਖੀ ਵਿਚ ਸਿਧਾਂਤ ਨਾਲੋਂ ਅਭਿਆਸ ਨੂੰ ਵਧੇਰੇ ਮਹਤੱਤਾ ਦਿਤੀ ਗਈ ਹੈ। ਮਨ ਦੇ ਹਠ ਕਾਰਨ ਬੁੱਧੀ ਵਿਚ ਭਿੰਨਤਾ ਉਪਜਦੀ ਹੈ, ਜਿਸ ਕਾਰਨ ਵੇਦ ਬਾਬਤ ਕਿੰਨੇ ਹੀ ਵਿਚਾਰ ਪੈਦਾ ਹੋ ਗਏ ਹਨ। ਇਸ ਗੱਲ ਨੂੰ ਸਮਝਣ ਲਈ ਕੀਰਤਨ ਸੋਹਿਲੇ ਵਿਚ ਆਈ ਪੰਗਤੀ ਦੀ ਸਹਾਇਤਾ ਲਈ ਜਾ ਸਕਦੀ ਹੈ: "ਛਿਅ ਘਰ ਛਿਅ ਗੁਰ ਛਿਅ ਉਪਦੇਸ। ਗੁਰੁ ਗੁਰੁ ਏਕੋ ਵੇਸ ਅਨੇਕ"। ਇਸ ਵਿਚ ਭਾਰਤੀ ਖਟ ਸ਼ਾਸਤਰ ਬਾਬਤ ਕਿਹਾ ਗਿਆ ਹੈ ਕਿ ਦਰਸ਼ਨ ਦੇ ਛੇ ਸਕੂਲ ਹਨ, ਛੇ ਹੀ ਉਨ੍ਹਾਂ ਦੇ ਸੰਸਥਾਪਕ ਹਨ ਅਤੇ ਛੇ ਹੀ ਉਨ੍ਹਾਂ ਦੇ ਉਪਦੇਸ਼ ਹਨ। ਪਰ ਅਸਲ ਵਿਚ ਇਨ੍ਹਾਂ ਸੰਸਥਾਪਕਾਂ ਦੇ ਗਿਆਨ ਦਾ ਕੋਈ ਇਕ ਹੀ ਸਾਂਝਾ ਸੋਮਾ ਹੈ, ਜਿਥੋਂ ਇਨ੍ਹਾਂ ਦੇ ਵਿਚਾਰਾਂ ਨੇ ਅਨੇਕ ਰੂਪ ਅਖ਼ਤਿਆਰ ਕਰ ਲਏ ਹਨ। ਗੁਰਬਾਣੀ ਵਿਚ ਮਨ ਨੂੰ ਰਾਜਾ ਤੇ ਸੁਲਤਾਨ ਵੀ ਕਿਹਾ ਗਿਆ ਹੈ। ਮਨ ਦੇ ਹਠ ਕਾਰਨ ਬੁੱਧੀ ਕਈ ਰੂਪ ਧਾਰ ਲੈਂਦੀ ਹੈ, ਜਿਸ ਕਾਰਨ ਵਿਦਿਆ ਤੇ ਵਿਆਖਿਆਵਾਂ ਵਿਚ ਅਨੇਕਤਾ ਆ ਜਾਂਦੀ ਹੈ: "ਮਨਹਠ ਬੁੱਧੀ ਕੇਤੀਆ ਕੇਤੇ ਬੇਦ ਬੀਚਾਰ"। ਦਸਮ ਪਾਤਸ਼ਾਹ ਨੇ ਵੀ ਫੁਰਮਾਇਆ ਹੈ: "ਜੇਤੇ ਬਦਨ ਸ੍ਰਿਸਟਿ ਸਭ ਧਾਰੈ। ਆਪੁ ਆਪਨੀ ਬੂਝ ਉਚਾਰੈ" ਅਤੇ "ਆਪੁ ਆਪਨੀ ਬੁਧ ਹੈ ਜੇਤੀ। ਬਰਨਤ ਭਿੰਨ ਭਿੰਨ ਤੁਹਿ ਤੇਤੀ"।

ਵਿਚਾਰਾਂ ਵਿਚ ਅੰਤਰ ਜਾਂ ਅਨੇਕਤਾ ਬੁੱਧੀ ਦਾ ਹੀ ਵਿਸਤਾਰ ਹੈ। ਇਸੇ ਕਰਕੇ ਗੁਰਮਤਿ ਵਿਚ ਵਿਚਾਰ ਨਾਲ਼ੋਂ ਕਰਮ ਨੂੰ ਪ੍ਰਮੁਖਤਾ ਹਾਸਲ ਹੈ। ਬਾਣੀ ਵਿਚ ਆਉਂਦਾ ਹੈ: "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ"। ਸਿਰਦਾਰ ਕਪੂਰ ਸਿੰਘ ਜੀ ਆਪਣੀ ਪੁਸਤਕ "ਗੁਰੂ ਅਰਜਣ ਐਂਡ ਹਿਜ਼ ਸੁਖਮਨੀ" ਵਿਚ ਲਿਖਦੇ ਹਨ: "Sikhism is not a religion of theory, primarily, but is essentially a way of life, and theory, for its own sake, does not directly interest Sikhism."

ਗੁਰੂ ਗ੍ਰੰਥ ਸਾਹਿਬ ਅੰਦਰ ਨਾਮ ਦੇ ਅਭਿਆਸ ਦੀਆਂ ਬੜੀਆਂ ਹੀ ਮਨਮੋਹਕ ਉਦਾਹਰਣਾਂ ਦਿਤੀਆਂ ਗਈਆਂ ਹਨ। ਜਿਵੇਂ ਹਮਜੋਲੀਆਂ ਨਾਲ਼ ਗੱਲਾਂ 'ਚ ਰੁਝਿਆ ਬੱਚਾ ਆਪਣਾ ਧਿਆਨ ਪਤੰਗ ਵਿਚ ਬਰਕਰਾਰ ਰਖਦਾ ਹੈ। ਜਿਵੇਂ ਘਰਾਂ ਨੂੰ ਪਾਣੀ ਲਈ ਆਉਂਦੀਆਂ ਸਖੀਆਂ, ਆਪੋ ਵਿਚ ਮਛਰੇਵੇਂ ਕਰਦੀਆਂ ਵੀ, ਆਪਣਾ ਧਿਆਨ ਸਿਰ 'ਤੇ ਰੱਖੇ ਘੜਿਆਂ ਵਿਚ ਟਿਕਾਈ ਰਖਦੀਆਂ ਹਨ। ਜਿਵੇਂ ਦੂਰ ਦੁਰਾਡੇ ਘਾਹ ਚੁਗਦੀ ਗਊ ਦਾ ਧਿਆਨ ਆਪਣੇ ਵੱਛੇ ਵਿਚ ਰਹਿੰਦਾ ਹੈ। ਜਿਵੇਂ ਘਰ ਦੇ ਕੰਮ ਕਾਜ ਵਿਚ ਰੁਝੀ ਹੋਈ ਸੁਆਣੀ ਆਪਣਾ ਧਿਆਨ ਸੁੱਤੇ ਪਏ ਬਾਲ ਤੋਂ ਛਿਣ ਭਰ ਲਈ ਵੀ ਇਧਰ ਉਧਰ ਨਹੀਂ ਹੋਣ ਦਿੰਦੀ। ਜਿਵੇਂ ਧ੍ਰੂ ਅਤੇ ਪ੍ਰਹਿਲਾਦ ਨੇ ਬਿਪਤਾ ਸਮੇਂ ਵੀ ਆਪਣਾ ਧਿਆਨ ਓਸ ਪਰਮ ਪਿਤਾ ਵਿਚ ਟਿਕਾਈ ਰੱਖਿਆ।

ਪ੍ਰਾਚੀਨ ਸਮਿਆਂ ਦੌਰਾਨ ਜਪ ਸਾਧਨਾ ਦੇ ਨਾਲ਼ ਤਪ ਸਾਧਨਾ 'ਤੇ ਜ਼ੋਰ ਦਿਤਾ ਜਾਂਦਾ ਸੀ। ਜਪ ਇਕ ਅਜਿਹੀ ਸਾਧਨਾ ਹੈ, ਜੋ ਮੁੱਖ 'ਤੋਂ ਸ਼ੁਰੂ ਹੋ ਕੇ ਹਿਰਦੇ ਰਾਹੀਂ ਰੂਹ ਤਕ ਪੁੱਜਦੀ ਹੈ। ਤਪ ਦਾ ਭਾਵ ਹੈ ਸਰੀਰ ਨੂੰ ਤਪਾਉਣਾ ਜਾਂ ਕਸ਼ਟ ਦੇਣਾ। ਕੰਡਿਆਂ ਦੇ ਬਿਸਤਰ 'ਤੇ ਸੌਣਾ, ਨੰਗੇ ਪੈਰੀਂ ਰਹਿਣਾ, ਨਿਰਵਸਤਰ ਰਹਿਣਾ, ਭੋਜਨ ਨਾ ਕਰਨਾ, ਨਾ ਸੌਣਾ, ਬਾਂਹ ਖੜ੍ਹੀ ਕਰੀ ਰੱਖਣਾ, ਬਿਰਖਾਂ 'ਤੇ ਚੜ੍ਹੇ ਰਹਿਣਾ, ਆਪਣੇ ਆਪ ਨੂੰ ਜ਼ਮੀਨ ਵਿਚ ਦੱਬ ਲੈਣਾ ਆਦਿ ਤਪ ਦੀਆਂ ਉਦਾਹਰਣਾਂ ਹਨ। ਜਪਾਨ ਵਿਚ ਕਿਸੇ ਦੋਸ਼ ਅਧੀਨ ਮੌਤ ਦੀ ਸਜ਼ਾ ਦੇ ਅਪਮਾਨ ਤੋਂ ਬਚਣ ਲਈ ਹਾਰਾ ਕੀਰੀ ਦੀ ਰਸਮ ਨਾਲ਼ ਸਵੈਘਾਤ ਕਰ ਲੈਣਾ ਸਨਮਾਨਜਨਕ ਮੰਨਿਆ ਜਾਂਦਾ ਸੀ। ਪ੍ਰਾਚੀਨ ਭਾਰਤ ਵਿਚ ਵੀ ਆਤਮਘਾਤ ਨੂੰ ਮੁਕਤੀ ਦਾ ਸਾਧਨ ਮੰਨਿਆ ਜਾਂਦਾ ਰਿਹਾ ਹੈ ਅਤੇ ਮੁਕਤੀ, ਨਿਰਲੇਪਤਾ ਅਤੇ ਸੂਨਯ ਦੀ ਅਵਸਥਾ ਉਪਰੰਤ ਸਰੀਰ ਨੂੰ, ਬੇਲੋੜਾ ਸਮਝ ਕੇ, ਤਿਆਗ ਦੇਣ ਦੀ ਪਰੰਪਰਾ ਵੀ ਰਹੀ ਹੈ। ਪੱਛਮ ਵਿਚ ਵੀ ਜੀਵਨ ਦੇ ਦੁਖ 'ਤੋਂ ਮੁਕਤ ਹੋਣ ਲਈ ਆਤਮਘਾਤ ਦੇ ਇਸ਼ਾਰੇ ਮਿਲ਼ਦੇ ਹਨ ਪਰ ਗੁਰਬਾਣੀ ਵਿਚ ਹਰ ਪ੍ਰਕਾਰ ਦੇ ਆਮਘਾਤ ਨੂੰ ਅਪ੍ਰਵਾਨ ਕੀਤਾ ਗਿਆ ਹੈ। ਸਪਸ਼ਟ ਫ਼ੁਰਮਾਨ ਹੈ: "ਆਤਮ ਘਾਤੀ ਹੈ ਜਗਤ ਕਸਾਈ"। ਗੁਰਮਤਿ ਵਿਚ ਤਾਂ ਦੇਹੀ ਦੀ ਸੁਚੱਜੇ ਢੰਗ ਨਾਲ਼ ਸਾਂਭ ਸੰਭਾਲ਼ ਲਈ ਕਿਹਾ ਗਿਆ ਹੈ: "ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ"। ਮਨੁੱਖਾ ਦੇਹੀ ਨੂੰ ਹੀਰੇ ਤੁਲ ਬੇਸ਼ ਕੀਮਤੀ ਮੰਨ ਕੇ ਇਸ ਨੂੰ ਕੌਡੀਆਂ ਦੇ ਭਾ ਨਾ ਰੋੜ੍ਹਨ ਦਾ ਫ਼ੁਰਮਾਨ ਹੈ। ਜਿਸ ਦੇਹੀ ਨੂੰ ਪ੍ਰਾਪਤ ਕਰਨ ਲਈ ਦੇਹ ਵਿਹੂਣੇ ਦੇਵਤੇ ਵੀ ਤਰਸ ਰਹੇ ਹਨ, ਉਸ ਦੀ ਸਦ ਵਰਤੋਂ ਨਾ ਕਰਕੇ, ਅਜਾਈਂ ਗੁਆਣਾ ਗੁਰਮਤਿ ਨਹੀਂ ਹੈ। ਜੇ ਕੋਈ "ਸਰਬ ਰੋਗ ਕਾ ਅਉਖਦੁ ਨਾਮੁ" ਦੀ ਬਰਕਤ ਨਾਲ਼ ਦੇਹੀ ਨੂੰ ਸਵੱਛ ਅਤੇ ਅਰੋਗ ਨਹੀਂ ਰਖਦਾ, ਉਸ ਬਾਬਤ ਬਾਣੀ ਵਿਚ ਆਇਆ ਹੈ: "ਨਾਮ ਨ ਜਪਹਿ ਤੇ ਆਤਮ ਘਾਤੀ"।

ਇਸ ਦੇ ਵਿਪਰੀਤ, ਜਿਸ ਦੇ ਹਿਰਦੇ ਵਿਚ ਨਾਮ ਵਸਿਆ ਹੈ, ਬਾਣੀ ਵਿਚ ਉਸਨੂੰ ਤਮਾਮ ਬਰਕਤਾਂ ਦਾ ਮਾਲਕ ਦੱਸਿਆ ਗਿਆ ਹੈ: "ਜਿਸੁ ਨਾਮੁ ਰਿਦੈ ਤਿਨਿ ਨਉ ਨਿਧਿ ਪਾਈ"। ਉਹ ਕਦੀ ਘਾਟੇ ਵਿਚ ਨਹੀਂ ਰਹਿੰਦਾ: "ਜਿਸੁ ਨਾਮੁ ਰਿਦੈ ਤਿਸੁ ਸਦ ਹੀ ਲਾਹਾ"। ਉਹ ਬੇਸ਼ੁਮਾਰ ਧਨ ਦੌਲਤਾਂ ਦਾ ਮਾਲਕ ਬਣਦਾ ਹੈ: "ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ"। ਹਰ ਵਸੀਲਾ ਉਸ ਦੇ ਵੱਸ ਹੁੰਦਾ ਹੈ: "ਜਿਸੁ ਨਾਮੁ ਰਿਦੈ ਤਿਸੁ ਸਭ ਹੀ ਜੁਗਤਾ"। ਇਸ ਕਰਕੇ ਉਸਦਾ ਹਰ ਕਾਰਜ ਸਿਰੇ ਚੜ੍ਹਦਾ ਹੈ: "ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ"। ਬੇਸ਼ੱਕ ਉਹ ਸੀਤਲ ਸੁਭਾ ਦਾ ਮਾਲਕ ਹੁੰਦਾ ਹੈ: "ਜਿਸੁ ਨਾਮੁ ਰਿਦੈ ਸੋ ਸੀਤਲੁ ਹੂਆ"। ਪਰ ਸਮਸਤ ਸ਼ਸ਼ਤਰ ਸ਼ਕਤੀਆਂ ਉਸ ਦੇ ਹੁਕਮ ਵਿਚ ਰਹਿੰਦੀਆਂ ਹਨ: "ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ"। ਇਨ੍ਹਾਂ ਸਭ ਗੁਣਾ ਕਰਕੇ ਉਹ ਸਦਾ ਬੇਪ੍ਰਵਾਹ ਰਹਿੰਦਾ ਹੈ: "ਜਿਸੁ ਨਾਮੁ ਰਿਦੈ ਸੋ ਵੇਪਰਵਾਹਾ"। ਇਸੇ ਲਈ ਤਾਂ ਉਹ ਰਾਜਿਆਂ ਦਾ ਮਹਾਰਾਜਾ ਹੁੰਦਾ ਹੈ: "ਜਿਸੁ ਨਾਮੁ ਰਿਦੈ ਸੋਈ ਵਡ ਰਾਜਾ"।

ਪਰ ਗੁਰਮਤਿ ਵਿਚ ਜਪ ਪ੍ਰਵਾਣ ਕੀਤਾ ਗਿਆ ਹੈ, ਤਪ ਨਹੀਂ। ਬਾਣੀ ਦਾ ਫ਼ੁਰਮਾਨ ਹੈ: "ਨਿਮਖ ਨਿਮਖ ਕਰਿ ਸਰੀਰੁ ਕਟਾਵੈ, ਤਉ ਭੀ ਹਉਮੈ ਮੈਲੁ ਨ ਜਾਵੈ" ਅਤੇ ਇਸ ਤੋਂ ਇਲਾਵਾ "ਤਨੁ ਨ ਤਪਾਇ ਤਨੂਰ ਜਿਉ ਬਾਲਣ ਹਡ ਨ ਬਾਲਿ"... "ਜੰਗਲੁ ਜੰਗਲੁ ਕਿਆ ਭਵਹਿ" ਜਾਂ "ਕਾਹੇ ਰੇ ਬਨ ਖੋਜਨ ਜਾਈ"। ਗੁਰਮਤਿ ਵਿਚ ਤਪ ਦੀ ਥਾਂ ਸੇਵਾ ਨੂੰ ਪ੍ਰਧਾਨਤਾ ਹਾਸਲ ਹੈ। ਭਾਈ ਗੁਰਦਾਸ ਜੀ ਲਿਖਦੇ ਹਨ: "ਵਿਣ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫ਼ਲ਼ ਕਰਣੀ"। ਬਾਣੀ ਵਿਚ ਅਨੇਕ ਪੰਕਤੀਆਂ ਸੇਵਾ ਦੀ ਅਹਿਮੀਅਤ ਦਰਸਾਉਂਦੀਆਂ ਹਨ: "ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ"... "ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ"। ਗੁਰੂ ਦਾ ਸਿੱਖ ਮੁਰਦਾ ਮੁਰੀਦ ਜਾਂ ਜੀਵਨ ਮੁਕਤ ਹੋ ਕੇ ਵੀ ਸੇਵਾ 'ਚ ਵਿਅਸਤ ਰਹਿੰਦਾ ਹੈ। ਤਪ ਅਧੀਨ ਉਠਾਏ ਕਸ਼ਟ ਦਾ ਲਾਭ ਕੇਵਲ ਉਸੇ ਸ਼ਖ਼ਸ ਤੱਕ ਸੀਮਤ ਹੁੰਦਾ ਹੈ। ਪਰ ਸੇਵਾ ਵਿਚ ਦੇਹੀ ਦੇ ਅਭਿਆਸ ਦਾ ਸੁਖ ਦੂਸਰਿਆਂ ਤੱਕ ਵੀ ਪੁਜਦਾ ਹੈ।

ਗੁਰਮਤਿ ਵਿਚ ਮੁਕਤੀ, ਨਿਜੀ ਨਾ ਹੋ ਕੇ, ਸੰਗਤ ਰੂਪ ਵਿਚ ਪ੍ਰਵਾਣ ਕੀਤੀ ਗਈ ਹੈ। ਗੁਰੂ ਕਾ ਸਿੱਖ ਜਿਵੇਂ ਜਿਵੇਂ ਨਿਰਲੇਪਤਾ ਜਾਂ ਮੁਕਤੀ ਵਲ ਵਧਦਾ ਹੈ, ਉਹ ਸੇਵਾ ਵਿਚ ਲੀਨ ਹੁੰਦਾ ਹੈ: "ਆਪਿ ਜਪੈ ਅਵਰਹ ਨਾਮੁ ਜਪਾਵੈ ਵਡ ਸਮਰਥ ਤਾਰਨ ਤਰਨ" ਹੈ। ਇਸ ਦੀ ਵਿਆਖਿਆ ਫ਼ਰੀਦਕੋਟੀ ਟੀਕੇ ਵਿਚ ਇਵੇਂ ਦਰਜ ਹੈ, "ਆਪ ਪਰਮੇਸਰ ਕੇ ਨਾਮ ਕੋ ਜਪਤਾ ਹੈ ਔਰ ਅਵਰੋਂ ਸੇ ਨਾਮ ਜਪਾਵੇ ਹੈ ਬਡਾ ਸਮਰਥ ਹੈ ਔਰ ਸਿਖੋਂ ਕੇ ਤਾਰਨੇ ਕੋ ਜਹਾਜ ਰੂਪ ਹੈ"। ਗੁਰਮਤਿ ਵਿਚ ਜੀਵਨ ਦਾ ਪਰਮ ਮਨੋਰਥ ਸਿਮਰਣ ਅਤੇ ਸੇਵਾ ਹੈ। ਇਹ 'ਕਾਰ ਸੇਵਾ' ਜਾਂ 'ਕਾਰਿ ਸਵਾਬ' ਹੈ। ਗੁਰਮਤਿ ਵਿਚ ਸੇਵਾ ਸਿਮਰਣ ਦੀ ਅਹਿਮੀਅਤ ਅਸਾਂ ਜਾਣ ਲਈ ਹੈ। ਇਹ ਜਾਣਨਾ ਵੀ ਅਤੀ ਜ਼ਰੂਰੀ ਹੈ ਕਿ ਇਸ ਲਈ ਢੁਕਵਾਂ ਸਥਾਨ ਕਿਹੜਾ ਹੈ।

ਦਸਮ ਪਾਤਸ਼ਾਹ ਜੀ ਦੀ ਮਨੋਹਰ ਬਾਣੀ ਵਿਚ ਸ੍ਰਿਸ਼ਟੀ ਰਚਨਾ ਬਾਬਤ ਇਕ ਇਸ਼ਾਰਾ ਹੈ: "ਜਬ ਉਦਕਰਖ ਕਰਾ ਕਰਤਾਰਾ, ਪ੍ਰਜਾ ਧਰਤ ਤਬ ਦੇਹ ਅਪਾਰਾ। ਜਬ ਅਕਰਖ ਕਰਤ ਹੋ ਕਬਹੂੰ, ਤੁਮ ਮੈ ਮਿਲਤ ਦੇਹ ਧਰ ਸਭਹੂੰ"। ਸ੍ਰਿਸ਼ਟੀ ਰਚਨਾ ਬਾਰੇ ਵਿਗਿਆਨੀਆਂ ਵਲੋਂ ਤਿੰਨ ਸਿਧਾਂਤ ਬਿਗ ਬੈਂਗ, ਸਟੈਡੀ ਸਟੇਟ ਅਤੇ ਔਸੀਲੇਟਿੰਗ ਪੇਸ਼ ਕੀਤੇ ਗਏ ਹਨ। ਇਨ੍ਹਾਂ ਵਿਚੋਂ ਬਿਗ ਬੈਂਗ ਅਤੇ ਔਸੀਲੇਟਿੰਗ ਮਿਲ਼ ਕੇ ਦਸਮ ਪਾਤਸ਼ਾਹ ਜੀ ਦੇ ਉਕਤ ਸੂਤਰ ਦੀ ਪ੍ਰੋੜ੍ਹਤਾ ਹੀ ਕਰਦੇ ਹਨ। ਗੁਰੂ ਨਾਨਕ ਪਾਤਸ਼ਾਹ ਨੇ ਵੀ ਮਾਰੂ ਸੋਹਲਿਆਂ ਵਿਚ ਅਜਿਹਾ ਹੀ ਇਸ਼ਾਰਾ ਕੀਤਾ ਹੈ: "ਅਰਬਦ ਨਰਬਦ ਧੁੰਧੂਕਾਰਾ"।

ਕੁਦਰਤ ਦੇ ਅਨੰਤ ਪਸਾਰੇ ਦਰਮਿਆਨ ਧਰਤੀ ਅਤੇ ਮਨੁੱਖ ਦੀ ਰਚਨਾ ਇਕ ਮਹੱਤਵ ਪੂਰਣ ਪੜਾਅ ਹੈ। ਪਰਮਾਤਮਾ ਨੇ ਹਵਾ, ਪਾਣੀ, ਅਗਨੀ ਤੇ ਸਪੇਸ ਦਰਮਿਆਨ ਧਰਤੀ ਸਾਜੀ ਹੈ: "ਧਰਤੀ ਥਾਪਿ ਰਖੀ ਧਰਮ ਸਾਲ"। ਇਸ ਧਰਤੀ 'ਤੇ ਅਨੰਤ ਜੀਵਾਂ ਵਿਚੋਂ ਮਨੁੱਖ ਪ੍ਰਮੁੱਖ ਹੈ: "ਅਵਰ ਜੋਨਿ ਤੇਰੀ ਪਨਿਹਾਰੀ। ਇਸੁ ਧਰਤੀ ਮਹਿ ਤੇਰੀ ਸਿਕਦਾਰੀ"। ਜੇ ਧਰਤੀ ਧਰਮਸਾਲ ਹੈ ਤਾਂ ਮਨੁੱਖ ਇਸ ਧਰਤੀ 'ਤੇ ਧਰਮ ਦਾ ਪ੍ਰਸਾਰਕ ਹੈ। ਧਰਮ ਤੋਂ ਬਿਨਾ ਇਹ ਸ੍ਰਿਸ਼ਟੀ ਨਿਰੀ ਜ਼ਹਿਰ ਹੈ: "ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ"। ਪਰ ਧਰਮ ਦੇ ਸਦਕੇ ਇਹ ਜ਼ਹਿਰੀ ਸ੍ਰਿਸ਼ਟੀ ਹਰੀ ਦੇ ਰੂਪ ਵਜੋਂ ਦਿਸ ਆਉਂਦੀ ਹੈ: "ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ"। ਮਾਨਵੀ ਕਾਰਯਕਰਮ ਧਰਮ ਦੀ ਸ਼ਨਾਖ਼ਤ ਅਤੇ ਅਮਲ ਦੀ ਦਿਸ਼ਾ ਵਿਚ ਹੀ ਵਾਜਬ ਹੈ।

ਧਮਪਦ ਵਿਚ ਆਉਂਦਾ ਹੈ: "ਕੋ ਇਵਮ

(ਬਾਕੀ ਸਫਾ 30 ਉਤੇ)

# ਸੰਤ ਸਿੰਘ ਸੇਖੋਂ ਦੀ ਪੰਜਾਬ ਬਾਰੇ ਦ੍ਰਿਸ਼ਟੀ ਪੂਰਨ ਸਿੰਘ ਤੋਂ ਵੱਖਰੀ

ਅਮਰਜੀਤ ਗਰੇਵਾਲ



ਸੰਤ ਸਿੰਘ ਸੇਖੋਂ ਪੰਜਾਬੀ ਦੇ ਪ੍ਰਸਿੱਧ ਮਾਰਕਸਵਾਦੀ ਚਿੰਤਕ ਹੋਏ ਹਨ। ਪੰਜਾਬੀ ਸਾਹਿਤ ਅਤੇ ਆਲੋਚਨਾ ਦੇ ਖੇਤਰ ਵਿਚ ਜਿਉਂਦੇ ਜੀਅ ਉਨ੍ਹਾਂ ਨੂੰ ਬਹੁਤੀ ਵੱਡੀ ਚੁਣੌਤੀ ਨਹੀਂ ਮਿਲੀ। ਸਮਕਾਲੀ ਸਾਹਿਤਕਾਰ ਅਤੇ ਆਲੋਚਕ ਸੰਤ ਸਿੰਘ ਸੇਖੋਂ ਦੀ ਧਾਂਕ ਮੰਨਦੇ ਰਹੇ ਹਨ। 'ਮੁਇਆਂ ਸਾਰ ਨਾ ਕਾਈ' ਨਾਟਕ ਸੰਤ ਸਿੰਘ ਸੇਖੋਂ ਨੇ ਕੋਈ ਪੰਜ ਦਹਾਕੇ ਪਹਿਲਾਂ ਲਿਖਿਆ ਸੀ ਜਿਸ ਵਿਚ ਸੇਖੋਂ ਨੇ ਪੰਜਾਬੀ ਕੌਮ ਜਾਂ ਸਿੱਖ ਕੌਮ ਦੇ ਉਸਰਨ ਦੀ ਗੱਲ ਕੀਤੀ ਹੈ। ਇਸੇ ਨਾਟਕ 'ਮੁਇਆਂ ਸਾਰ ਨਾ ਕਾਈ' ਨੂੰ ਆਧਾਰ ਬਣਾ ਕੇ ਅਮਰਜੀਤ ਸਿੰਘ ਗਰੇਵਾਲ ਨੇ ਇਹ ਲੇਖ ਲਿਖਿਆ ਹੈ ਅਤੇ ਸੇਖੋਂ ਦੇ ਵਿਚਾਰਾਂ ਨੂੰ ਪਸਾਰ ਦੇਣ ਦਾ ਯਤਨ ਕੀਤਾ ਹੈ। ਅਮਰਜੀਤ ਗਰੇਵਾਲ ਨੇ ਪੰਜਾਬੀ ਕੌਮ, ਪੰਜਾਬੀ ਸਭਿਆਚਾਰ ਅਤੇ ਪੰਜਾਬੀਅਤ ਬਾਰੇ ਇਕ ਨਵੇਂ ਸੰਕਲਪ ਦੀ ਗੱਲ ਕੀਤੀ ਹੈ। ਉਸ ਦੇ ਇਸ ਸੰਕਲਪ ਉਤੇ ਕਾਫੀ ਚਰਚਾ ਵੀ ਹੋਈ ਹੈ। ਆਪਣੇ ਪਾਠਕਾਂ ਦੀ ਦਿਲਚਸਪੀ ਲਈ ਅਸੀਂ ਇਹ ਲੇਖ ਇਥੇ ਛਾਪ ਰਹੇ ਹਾਂ। -ਸੰਪਾਦਕ

ਸੰਤ ਸਿੰਘ ਸੇਖੋਂ ਦਾ ਪੰਜਾਬ ਕੋਈ ਨਿਸ਼ਚਿਤ ਭੂਗੋਲਿਕ ਖਿੱਤਾ ਨਹੀਂ। ਇਕ ਕੌਮ ਦਾ ਘਰ ਹੈ, ਹੋਮਲੈਂਡ। ਇਕ ਅਜਿਹਾ ਖਿੱਤਾ ਜਿਥੇ ਪੰਜਾਬੀ ਕੌਮ ਆਪਣਾ ਘਰ ਵਸਾ ਸਕੇ। ਆਪਣਾ ਰਾਜ ਸਥਾਪਤ ਕਰ ਸਕੇ। ਭਾਵੇਂ ਉਸ ਦੀਆਂ ਸਰਹੱਦਾਂ ਤਾਂ ਲਚਕੀਲੀਆਂ ਵੀ ਹੋ ਸਕਦੀਆਂ ਹਨ। ਸੰਤ ਸਿੰਘ ਸੇਖੋਂ ਅਨੁਸਾਰ, ਪੰਜਾਬੀ ਕੌਮ ਦੀ ਸਿਰਜਣਾ, ਸਿੱਖ ਲਹਿਰ ਰਾਹੀਂ, ਗੁਰੂ ਗੋਬਿੰਦ ਸਿੰਘ ਦੇ ਹੱਥੀਂ ਹੋਈ ਸੀ। ਇਸ ਨੇ ਆਪਣਾ ਘਰ ਵਸਾਇਆ ਮਹਾਰਾਜਾ ਰਣਜੀਤ ਸਿੰਘ ਦੀ ਰਹਿਨੁਮਾਈ ਅਧੀਨ।

ਆਪਣੇ ਨਾਟਕ 'ਮੁਇਆਂ ਸਾਰ ਨ ਕਾਈ' ਵਿਚ ਉਹ ਮੁੱਖ ਪਾਤਰ ਮਾਹਾਰਾਜਾ ਦਲੀਪ ਸਿੰਘ ਰਾਹੀਂ ਲਿਖਦੇ ਹਨ:

ਦਲੀਪ ਸਿੰਘ: ਮੇਰੀ ਕੌਮ ਨੂੰ ਬਣਾਉਣ ਵਾਲਾ ਤਾਂ ਸਾਡਾ ਗੁਰੂ ਗੋਬਿੰਦ ਸਿੰਘ ਸੀ ਪਰ ਪੰਜਾਬ ਦਾ ਰਾਜ ਮੇਰੇ ਪਿਤਾ ਨੇ ਹੀ ਕਾਇਮ ਕੀਤਾ ਸੀ।

ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਉਹ ਪੰਜਾਬ ਦਾ ਕੌਮੀ ਰਾਜ ਮੰਨਦੇ ਹਨ। ਸੰਤ ਸਿੰਘ ਸੇਖੋਂ ਇਹ ਸਮਝਦੇ ਸਨ ਕਿ ਪੰਜਾਬ ਵਿਚ ਕੇਵਲ ਸਿੱਖ ਹੀ ਨਹੀਂ, ਮੁਸਲਮਾਨ ਅਤੇ ਹਿੰਦੂ ਵੀ ਵਸਦੇ ਹਨ, ਜੋ ਸਿੱਖ ਨਹੀਂ ਹਨ।

ਸੋਲਿਸਕੀ: ਸਿੱਖ ਨਾਮ ਪੰਜਾਬ ਦੇ ਲੋਕਾਂ ਦਾ ਹੈ।

ਦਲੀਪ ਸਿੰਘ: ਨਹੀਂ, ਪੰਜਾਬ ਵਿਚ ਮੁਸਲਮਾਨ ਵੀ ਵੱਸਦੇ ਹਨ।

ਸੋਲਿਸਕੀ: ਕੀ ਉਹ ਵੀ ਸਿੱਖ ਹਨ?

ਦਲੀਪ ਸਿੰਘ: (ਹੱਸ ਕੇ) ਨਹੀਂ, ਉਹ ਸਿੱਖ ਕਿਸ ਤਰ੍ਹਾਂ ਹੋ ਸਕਦੇ ਹਨ।

ਸੋਲਿਸਕੀ: ਫਿਰ ਮੁਸਲਮਾਨ ਤੇਰੀ ਕੌਮ ਵਿਚੋਂ ਤਾਂ ਨਾ ਹੋਏ। ਪੰਜਾਬ ਵਿਚ ਉਨ੍ਹਾਂ ਦੀ ਗਿਣਤੀ ਕਿੰਨੀ ਹੈ?

ਦਲੀਪ ਸਿੰਘ: ਹੋਣਗੇ ਚਾਲੀ ਕੁ ਫੀਸਦੀ ਪਰ ਉਹ ਸਾਰੇ ਸਿੱਖਾਂ ਦੇ ਮਗਰ ਲੱਗਦੇ ਹਨ।

ਸੋਲਿਸਕੀ: ਕੀ ਉਹ ਤੇਰੇ ਲਈ ਕੁਰਬਾਨੀ ਕਰਨਗੇ, ਲੜਨਗੇ?

ਦਲੀਪ ਸਿੰਘ: ਹਾਂ ਜੀ।

ਏਥੇ ਸੰਤ ਸਿੰਘ ਸੇਖੋਂ ਪੰਜਾਬ ਦੇ ਬਹੁ-ਕੌਮੀ ਭਾਈਚਾਰੇ ਵਿਚ ਸਿੱਖ ਹੈਜਮਨੀ ਦੀ ਗੱਲ ਕਰ ਰਹੇ ਹਨ। ਪੰਜਾਬ ਦੇ ਹਿੰਦੂ, ਮੁਸਲਮਾਨ, ਸਿੱਖ ਭਾਈਚਾਰੇ 'ਚ ਸਿੱਖ ਸਿਧਾਂਤ ਤੇ ਸਿੱਖ ਸਟਰਗਲ (ਸੰਘਰਸ਼) ਦੀ ਹੈਜਮਨੀ ਦੀ, ਘੱਟ ਗਿਣਤੀ ਦੀ ਚੌਧਰ ਦੀ।

ਆਪਣੇ ਇਸ ਨਾਟਕ ਵਿਚ ਸੇਖੋਂ ਸਾਹਿਬ ਇਹ ਤਾਂ ਬਿਆਨ ਨਹੀਂ ਕਰਦੇ ਕਿ ਪੰਜਾਬ ਦੇ ਇਸ ਬਹੁਕੌਮੀ ਭਾਈਚਾਰੇ ਵਿਚ ਸਿੱਖਾਂ ਦੀ ਹੈਜਮਨੀ ਇਥੇ ਕਿਵੇਂ ਸਥਾਪਤ ਹੋਈ ਪਰ ਗੁਰੂ ਗੋਬਿੰਦ ਸਿੰਘ ਅਤੇ ਸਿੱਖ ਕੌਮ ਨੂੰ ਪੰਜਾਬੀ ਕੌਮ ਦੇ ਜਨਮਦਾਤਾ ਆਖ ਕੇ ਉਹ ਪ੍ਰੋ. ਪੂਰਨ ਸਿੰਘ ਦੀ ਇਸ ਧਾਰਨਾ ਦੇ ਨੇੜੇ ਪਹੁੰਚ ਜਾਂਦੇ ਹਨ ਜਿਥੇ ਪ੍ਰੋ. ਪੂਰਨ ਸਿੰਘ ਆਖਦੇ ਹਨ, 'ਪੰਜਾਬ ਨਾ ਹਿੰਦੂ ਨਾ ਮੁਸਲਮਾਨ, ਪੰਜਾਬ ਜੀਂਦਾ ਗੁਰਾਂ ਦੇ ਨਾਮ ਤੇ।' ਜਿਥੇ ਉਸ ਨੂੰ ਪੰਜਾਬ ਦੇ ਦਰਿਆ ਜਾਪ ਸਾਹਿਬ ਦਾ ਪਾਠ ਕਰਦੇ ਪ੍ਰਤੀਤ ਹੁੰਦੇ ਹਨ, ਜਿਥੇ ਰਾਂਝਾ ਵੀ ਗੁਰੂ ਸਾਹਿਬ ਦਾ ਹੀ ਸਿੱਖ ਹੈ।

ਜਿਵੇਂ ਕਿ ਦਲੀਪ ਸਿੰਘ-ਸੋਲਿਸਕੀ ਵਾਰਤਾਲਾਪ ਤੋਂ ਸਪਸ਼ਟ ਹੈ, ਸੇਖੋਂ ਸਾਹਿਬ ਪੰਜਾਬੀ ਕੌਮ ਨੂੰ ਪ੍ਰੋ. ਪੂਰਨ ਸਿੰਘ ਦੀ ਤਰ੍ਹਾਂ ਹੋਮੋਜਿਨਾਈਜ਼ (ਇਕਰੂਪ) ਤਾਂ ਨਹੀਂ ਕਰਦੇ। ਉਹ ਪੰਜਾਬ ਨੂੰ ਕੇਵਲ ਸਿੱਖੀ ਰੂਪ ਵਿਚ ਹੀ ਨਹੀਂ ਦੇਖਦੇ। ਉਹ ਪੰਜਾਬ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੀ ਵੱਖਰੀ ਹਸਤੀ ਅਤੇ ਪਹਿਚਾਣ ਨੂੰ ਸਵੀਕਾਰਦੇ ਹੋਏ, ਸਿੱਖ ਲਹਿਰ ਦੀ ਰਾਜਨੀਤਕ, ਸੰਸਕ੍ਰਿਤਕ ਰਹਿਨੁਮਾਈ ਅਧੀਨ, ਪੰਜਾਬੀ ਕੌਮ ਦੇ ਨਿਰਮਾਣ ਦੇ ਪ੍ਰਾਜੈਕਟ 'ਚ ਸਾਂਝ ਤੇ ਇਕਮੁੱਠਤਾ ਨੂੰ ਮਹੱਤਵ ਦਿੰਦੇ ਹਨ।

ਇਹ ਸੇਖੋਂ ਸਾਹਿਬ ਦਾ ਡੀਪਾਰਚਰ ਪੁਆਇੰਟ (ਅਲਹਿਦਗੀ ਨੁਕਤਾ) ਹੈ। ਉਹ ਪੂਰਨ ਸਿੰਘ ਵਾਂਗ ਸਮੁੱਚੀ ਪੰਜਾਬੀ ਕੌਮ ਨੂੰ ਸਿੱਖੀ ਦੇ ਇਕੋ ਇਕ ਰੰਗ ਵਿਚ ਨਹੀਂ ਰੰਗਦੇ। ਉਹ ਪੰਜਾਬ ਦੀ ਵਖਰੇਵਿਆਂ ਅਤੇ ਵਿਰੋਧਤਾਈਆਂ ਭਰੀ ਵੰਨ-ਸੁਵੰਨਤਾ ਨੂੰ ਇਕ ਸਾਂਝੇ ਉਦੇਸ਼ (ਇਮੈਜੀਨੇਸ਼ਨ) ਨਾਲ ਜੋੜ ਕੇ ਪੰਜਾਬੀ ਕੌਮ ਦੇ ਨਿਰਮਾਣ ਦੀ ਵਕਾਲਤ ਕਰਦੇ ਹਨ। ਉਨ੍ਹਾਂ ਦੀ ਇਹ ਧਾਰਨਾ, ਉਨ੍ਹਾਂ ਨੂੰ, ਸਿੱਖਾਂ ਲਈ ਇਕ ਅਜਿਹੇ ਖਿੱਤੇ ਦੀ ਮੰਗ, ਜਿੱਥੇ ਉਹ ਆਜ਼ਾਦੀ ਦਾ ਨਿੱਘ ਮਾਣ ਸਕਣ, ਅਨੰਦਪੁਰ ਦਾ ਮਤਾ, ਜਾਂ ਸਿੱਖ ਬਹੁਗਿਣਤੀ ਵਾਲੇ ਸੂਬੇ ਦੀ ਮੰਗ, ਅੰਮ੍ਰਿਤਸਰ ਐਲਾਨਨਾਮੇ ਆਦਿ ਨਾਲੋਂ ਵਖਰਿਆ ਕੇ ਮੌਜੂਦਾ ਅਕਾਲੀ ਸਿਆਸਤ ਦੇ ਸਾਰੇ ਸ਼ੇਡਜ਼ (ਰੰਗਾਂ) ਤੋਂ ਵੱਖ ਕਰ ਦਿੰਦੀ ਹੈ। ਉਨ੍ਹਾਂ ਲਈ ਇਕ ਨਵੀਂ ਪੰਜਾਬੀ ਸਿੱਖ ਸਿਆਸਤ ਦੇ ਬੂਹੇ ਖੋਲ੍ਹਦੀ ਹੈ।

ਸੋ ਇਸ ਤਰ੍ਹਾਂ, ਸੇਖੋਂ ਸਾਹਿਬ ਲਈ ਪੰਜਾਬੀ ਨੈਸ਼ਨਲਿਜ਼ਮ (ਕੌਮਵਾਦ), ਪੰਜਾਬ ਦੇ ਬਹੁਵਾਦੀ ਸਮਾਜ ਨੂੰ ਆਧੁਨਿਕ ਪੂੰਜੀ ਬਾਜ਼ਾਰ ਅਰਥਚਾਰੇ (ਕੈਪੀਟਲਿਸਟ ਮਾਰਕਿਟ ਇਕਾਨੋਮੀ) ਦੀਆਂ ਰਾਜਨੀਤਕ-ਸੰਸਕ੍ਰਿਤਕ ਲੋੜਾਂ ਦੀ ਪੂਰਤੀ ਲਈ ਇਕ ਸਾਂਝੀ ਇਕਾਈ ਵਿਚ ਬੰਨ੍ਹਣ ਵਾਲਾ ਵਿਚਾਰਧਾਰਕ ਸੀਮਿੰਟ ਨਹੀਂ ਜਿਥੇ ਜਾਤੀ, ਜਮਾਤੀ, ਲਿੰਗ ਆਦਿ ਵਖਰੇਵਿਆਂ ਅਤੇ ਵਿਰੋਧਤਾਈਆਂ ਨੂੰ ਦਬਾ ਕੇ ਆਧੁਨਿਕ ਅਰਥਚਾਰੇ ਦੀ ਸੇਵਾ ਵਿਚ ਲਗਾਇਆ ਜਾ ਸਕੇ ਸਗੋਂ ਇਸਦੇ ਉਲਟ ਉਹ ਪੰਜਾਬੀ ਨੈਸ਼ਨਲਿਜ਼ਮ ਨੂੰ ਇਕ ਅਜਿਹੇ ਸੁਪਨੇ ਦੀ ਸਿਰਜਣਾ ਨਾਲ ਜੋੜ ਕੇ ਦੇਖਦੇ ਹਨ, ਜਿਸ ਦੀ ਪੂਰਤੀ ਲਈ ਪੰਜਾਬ ਦੀਆਂ ਵਿਭਿੰਨ ਅਤੇ ਵਿਪਰੀਤ ਧਿਰਾਂ ਖੁੱਲ੍ਹਮ-ਖੁੱਲ੍ਹੀਆਂ ਕੋਆਪਰੇਟ (ਸਹਿਯੋਗ) ਵੀ ਕਰਨ ਅਤੇ ਕੰਪੀਟ (ਮੁਕਾਬਲਾ) ਵੀ। ਸੇਖੋਂ ਸਾਹਿਬ ਦੀ ਇਹ ਧਾਰਨਾ ਉਨ੍ਹਾਂ ਨੂੰ ਕੇਵਲ ਅਕਾਲੀ ਦਲ ਅਤੇ ਬੀ.ਜੇ.ਪੀ. ਤੋਂ ਹੀ ਨਹੀਂ, ਸਗੋਂ ਪਰੰਪਰਾਗਤ ਮਾਰਕਸਵਾਦ ਦੀਆਂ ਏਕੀਕ੍ਰਿਤ, ਗੈਰ-ਜਮਹੂਰੀ ਪਰੰਪਰਾਵਾਂ ਨਾਲੋਂ ਵੀ ਅਲੱਗ ਕਰ ਦਿੰਦੀ ਹੈ।

ਸੇਖੋਂ ਸਾਹਿਬ ਦੀ ਇਸ ਧਾਰਨਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਉਹ ਪੰਜਾਬੀ ਸਮਾਜ ਦੇ ਅੰਦਰ ਪਏ ਵਖਰੇਵਿਆਂ ਅਤੇ ਵਿਰੋਧਤਾਈਆਂ ਨੂੰ ਖ਼ਤਮ ਕਰਨ ਦੇ ਇੱਛੁਕ ਨਹੀਂ। ਇਸੇ ਲਈ ਉਹ ਨਾ ਤਾਂ ਸਟੇਟ ਅਪਰੇਟਿਸ (ਸਰਕਾਰੀ ਤੰਤਰ) ਦਾ ਸਹਾਰਾ ਭਾਲਦੇ ਹਨ ਅਤੇ ਨਾ ਹੀ ਵੱਖ-ਵੱਖ ਸਭਿਆਚਾਰਕ ਭਾਈਚਾਰਿਆਂ ਨੂੰ ਆਪੋ-ਆਪਣੀ ਪਹਿਚਾਣ ਅਤੇ ਹਸਤੀ ਤਿਆਗ ਕੇ ਸੈਕੂਲਰਿਜ਼ਮ (ਧਰਮ ਨਿਰਪੇਖਤਾ) ਦੀ ਸਾਂਝ ਵਿਚ ਪਿਘਲਣ ਲਈ ਮਜਬੂਰ ਕਰਨ ਦੇ ਹੱਕ ਵਿਚ ਹਨ। ਸੋ, ਸਮਾਜ ਨੂੰ ਇਸ ਦੇ ਅੰਦਰੂਨੀ ਭੇਦ ਮਿਟਾ ਕੇ ਹੋਮੋਜਿਨਾਈਜ਼ (ਇਕਸਾਰ) ਕਰਨ ਦੇ ਉਹ ਪੂਰੇ ਵਿਰੋਧੀ ਹਨ।

ਸਗੋਂ ਇਸ ਦੇ ਬਿਲਕੁਲ ਉਲਟ, ਉਹ ਤਾਂ ਇਹ ਸਮਝਦੇ ਹਨ ਕਿ ਸਮਾਜ ਨੂੰ ਇਕਸੁਰ ਕਰਨ ਲਈ, ਉਸਨੂੰ ਇਕ ਕੌਮੀ ਏਕਤਾ ਵਿਚ ਬੰਨ੍ਹਣ ਲਈ, ਕਿਸੇ ਸਮਾਜ ਬਾਹਰੀ ਮਿਥ ਜਾਂ ਸਿੰਬੋਲਿਕ ਪਾਤਰ ਦੀ ਲੋੜ ਹੁੰਦੀ ਹੈ, ਜੋ ਉਨ੍ਹਾਂ ਨੂੰ ਕਿਸੇ ਸਾਂਝੇ ਆਸ਼ੇ ਜਾਂ ਇਮੈਜੀਨੇਸ਼ਨ (ਕਲਪਨਾ) ਦੀ ਪੂਰਤੀ ਲਈ ਕੋ-ਆਪਰੇਸ਼ਨ ਜਾਂ ਕੰਪੀਟੀਸ਼ਨ ਦੀਆਂ ਜਮਹੂਰੀ ਲੀਹਾਂ ਉਪਰ ਤੋਰ ਦੇਵੇ।

ਸੇਖੋਂ ਸਾਹਿਬ ਸਮਝਦੇ ਸਨ ਕਿ ਸਿੱਖ ਲਹਿਰ ਨੇ ਪੰਜਾਬ ਦੇ ਵਿਭਿੰਨ ਭਾਈਚਾਰਿਆਂ/ਜਾਤਾਂ/ਜਮਾਤਾਂ/ਆਦਿ ਨੂੰ ਇਕ ਸਾਂਝੀ ਦਿੱਖ ਜਾਂ ਸਾਂਝੇ ਇਮੈਜੀਨੇਸ਼ਨ ਨਾਲ ਜੋੜਨ ਦਾ ਕੰਮ ਕੀਤਾ।

ਇਸ ਸਾਂਝੀ ਦਿੱਖ ਜਾਂ ਇਸ ਸਾਂਝੇ ਇਮੈਜੀਨੇਸ਼ਨ ਦੀ ਗੈਰ ਹਾਜ਼ਰੀ ਵਿਚ ਵਿਅਕਤੀ ਅਤੇ ਵਿਅਕਤੀਗਤ ਧਿਰਾਂ ਵਿਅਕਤੀਗਤ ਪ੍ਰਾਪਤੀਆਂ ਦੇ ਰਾਹੇ ਪੈ ਕੇ ਆਪਣਾ ਉਹੋ ਹਾਲ ਕਰ ਲੈਂਦੀਆਂ ਹਨ ਜੋ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਸਿੱਖ ਸਰਦਾਰਾਂ ਅਤੇ ਸਿੱਖ ਧਿਰਾਂ ਦਾ ਹੋਇਆ। ਇਸ ਲਈ ਇਸ ਨਾਟਕ ਦੇ ਅਖੀਰ ਵਿਚ ਦਲੀਪ ਸਿੰਘ ਦਾ ਬੇਟਾ ਵਿਕਟਰ ਦਲੀਪ ਸਿੰਘ ਆਖਦਾ ਹੈ:

ਵਿਕਟਰ: ਤੇਰਾ ਕੋਈ ਕਸੂਰ ਨਹੀਂ ਸੀ, ਤੇਰੀ ਸਾਰੀ ਕੌਮ ਦਾ ਕਸੂਰ ਸੀ। ਉਸ ਕੌਮ ਨੇ ਸੌ ਸਾਲ ਦੀ ਕਰੜੀ ਘਾਲਣਾ ਪਿੱਛੋਂ ਮੁਗ਼ਲਾਂ ਪਾਸੋਂ ਜਿੱਤ ਤਾਂ ਲਿਆ ਪਰ ਉਸ ਵਿਚ ਰਾਜ ਕਰਨ ਦੀ ਯੋਗਤਾ ਨਹੀਂ ਸੀ।...ਤੇਰੀ ਕੌਮ ਦੇ ਸਰਦਾਰਾਂ ਲਈ ਰਾਜ ਦੇ ਅਰਥ ਜ਼ਮੀਨਾਂ ਦੇ ਮਾਲਕ ਹੋਣਾ, ਜਗੀਰਾਂ ਪ੍ਰਾਪਤ ਕਰਨਾ, ਦਸ-ਦਸ ਵਿਆਹ ਕਰਨ ਅਤੇ ਪੰਦਰਾਂ-ਪੰਦਰਾਂ ਕੰਜਰੀਆਂ ਰੱਖਣ ਤੋਂ ਛੁਟ ਹੋਰ ਕੋਈ ਨਹੀਂ ਸਨ। ਇਹ ਚੀਜ਼ਾਂ ਉਨ੍ਹਾਂ ਨੂੰ ਅੰਗਰੇਜ਼ੀ ਰਾਜ ਵਿਚ ਵੀ ਪ੍ਰਾਪਤ ਹੋ ਸਕਦੀਆਂ ਸਨ। ਸਪਸ਼ਟ ਹੈ ਕਿ ਸਾਂਝੀ ਕੌਮੀ ਦਿੱਖ ਜਾਂ ਇਮੈਜੀਨੇਸ਼ਨ ਦੀ ਗੈਰ ਹਾਜ਼ਰੀ ਵਿਚ ਵਿਅਕਤੀਗਤ ਪ੍ਰਾਪਤੀਆਂ ਦੀ ਇਹ ਦੌੜ, ਉਨ੍ਹਾਂ ਨੂੰ ਆਪਹੁਦਰੇਪਣ ਅਤੇ ਗਦਾਰੀਆਂ ਤੱਕ ਲੈ ਗਈ। ਉਨ੍ਹਾਂ ਨੂੰ ਲੱਗਦਾ ਸੀ ਕਿ ਉਨ੍ਹਾਂ ਦੀਆਂ ਇਹ ਲੋੜਾਂ ਅੰਗਰੇਜ਼ ਸਰਕਾਰ ਵੀ ਪੂਰੀਆਂ ਕਰ ਸਕਦੀ ਹੈ, ਸ਼ਾਇਦ ਜ਼ਿਆਦਾ ਵਧੀਆ ਢੰਗ ਨਾਲ, ਜਿੱਥੇ ਉਨ੍ਹਾਂ ਉਪਰ ਕੋਈ ਸਮਾਜਿਕ ਕੁੰਡਾ ਵੀ ਨਹੀਂ ਹੋਵੇਗਾ, ਉਹ ਆਪਣੀ ਹੀ ਫ਼ੌਜ ਦੇ ਵਿਰੁਧ ਅੰਗਰੇਜ਼ਾਂ ਨਾਲ ਰਲ ਜਾਂਦੇ ਰਹੇ।

ਸੋਲਿਸਕੀ ਮਹਾਰਾਜਾ ਦਲੀਪ ਸਿੰਘ ਨੂੰ ਇਸ ਗੱਲ ਦਾ ਅਹਿਸਾਸ ਕਰਨ ਲਈ ਪੁੱਛਦਾ ਹੈ, "ਪਰ ਮਹਾਰਾਜਾ, ਕਦੀ ਤੂੰ ਜਾਂ ਤੇਰੀ ਕੌਮ ਵਿਚੋਂ ਕਿਸੇ ਨੇ ਸੋਚਿਆ ਹੈ ਕਿ ਤੇਰੀ ਫ਼ੌਜ ਦੇ ਸਰਦਾਰ ਕਿਉਂ ਅੰਗਰੇਜ਼ਾਂ ਨਾਲ ਮਿਲ ਕੇ ਆਪਣੇ ਦੇਸ਼ ਨੂੰ ਹੀ ਹਰਾਉਂਦੇ ਰਹੇ। ਇਸਦੇ ਉਲਟ ਅੰਗਰੇਜ਼ ਕਰਮਚਾਰੀ ਤੇਰੇ ਸਰਦਾਰਾਂ ਨਾਲ ਰਲ ਕੇ ਅੰਗਰੇਜ਼ਾਂ ਨੂੰ ਕਿਉਂ ਨਹੀਂ ਸਨ ਹਰਾ ਦਿੰਦੇ? ਅਸਲ ਵਿਚ ਮਹਾਰਾਜਾ, ਤੇਰੀ ਕੌਮ ਹਾਲੇ ਬਣੀ ਨਹੀਂ, ਜੇ ਬਣੀ ਹੁੰਦੀ ਤਾਂ ਉਹ ਇਸ ਤਰ੍ਹਾਂ, ਇਕ ਯੁੱਧ ਅਤੇ ਇਕ ਬਗ਼ਾਵਤ ਪਿੱਛੋਂ ਹੀ ਅੰਗਰੇਜ਼ਾਂ ਦੀ ਇਸ ਤਰ੍ਹਾਂ ਅਧੀਨਤਾ ਨਾ ਮੰਨ ਲੈਂਦੀ।"

ਮਹਾਰਾਣੀ ਜਿੰਦਾ ਵੀ ਇਸੇ ਗੱਲ ਵਲ ਇਸ਼ਾਰਾ ਕਰਦੀ ਹੈ, "ਤੇਰੇ ਪਿਤਾ ਤੇਜੱਸਵੀ ਮਹਾਰਾਜ ਤੋਂ ਪਹਿਲਾਂ, ਪੁੱਤਰ, ਕੋਈ ਪੰਜਾਬ ਕਦੀ ਹੈ ਹੀ ਨਹੀਂ ਸੀ। ਇਹ ਤੇਰੇ ਤੇਜੱਸਵੀ ਪਿਤਾ ਦੀ ਸ੍ਰਿਸ਼ਟੀ ਹੈ, ਤੇ ਮਾਲਕ ਇਹਦੇ ਆ ਕੇ ਹੋ ਜਾਣ ਇਹ ਪਰਦੇਸੀ ਵਿਚੋਂ ਆਏ ਫਿਰੰਗੀਏ।..."

ਮਹਾਰਾਣੀ ਜਿੰਦਾਂ ਦਾ ਇਹ ਕਹਿਣਾ ਕਿ ਮਹਾਰਾਜਾ ਰਣਜੀਤ ਸਿੰਘ ਤੋਂ ਪਹਿਲਾਂ ਕੋਈ ਪੰਜਾਬ ਜਾਂ ਪੰਜਾਬੀ ਕੌਮ ਕਦੀ ਹੈ ਹੀ ਨਹੀਂ ਸੀ, ਸੋਲਿਸਕੀ ਦੀ ਇਸ ਧਾਰਨਾ ਨੂੰ ਹੀ ਪ੍ਰਗਟ ਕਰਦੀ ਹੈ ਕਿ ਪੰਜਾਬੀ ਕੌਮ ਹਾਲੇ ਬਣੀ ਹੀ ਨਹੀਂ ਸੀ, ਇਸ ਲਈ ਪੰਜਾਬ ਦੇ ਸਰਦਾਰ ਕਿਸੇ ਸਾਂਝੇ ਕੌਮੀ ਇਮੈਜੀਨੇਸ਼ਨ ਦੀ ਗ਼ੈਰਹਾਜ਼ਰੀ ਵਿਚ ਆਪਣੀਆਂ ਨਿੱਜੀ ਪ੍ਰਾਪਤੀਆਂ ਲਈ ਗਦਾਰੀਆਂ ਕਰਦੇ ਰਹੇ।

ਕਿਉਂਕਿ ਪੰਜਾਬੀ ਕੌਮ ਤਾਂ ਹਾਲੇ ਬਣੀ ਹੀ ਨਹੀਂ ਸੀ, ਇਸ ਲਈ ਪੰਜਾਬੀ ਕੌਮ ਦੀ ਆਜ਼ਾਦੀ ਦਾ ਮਾਮਲਾ ਕਿਵੇਂ ਉੱਠਦਾ। ਇਸ ਸਥਿਤੀ ਵਿਚੋਂ ਹੀ ਅੰਗਰੇਜ਼ਾਂ ਦੇ ਰਾਜ ਪ੍ਰਬੰਧ ਨੇ ਆਮ ਲੋਕਾਂ ਦੇ ਇਮੈਜੀਨੇਸ਼ਨ ਨੂੰ ਫੜ ਕੇ ਉਨ੍ਹਾਂ ਨੂੰ ਫਿਰੰਗੀ ਰਾਜ ਦੀਆਂ ਬਰਕਤਾਂ ਦੇ ਸੋਹਲੇ ਗਾਉਣ ਲਾ ਦਿੱਤਾ।

ਜਦੋਂ ਮਹਾਰਾਜਾ ਦਲੀਪ ਸਿੰਘ ਨੇ, ਪੰਜਾਬ ਨੂੰ ਆਜ਼ਾਦ ਕਰਵਾਉਣ ਲਈ, ਪੰਜਾਬ ਦੇ ਸਰਦਾਰਾਂ ਪਾਸੋਂ ਸਹਿਯੋਗ ਦੀ ਮੰਗ ਕੀਤੀ ਤਾਂ ਉਨ੍ਹਾਂ ਨੇ ਜੋ ਜੁਆਬ ਦਿੱਤਾ, ਉਹ ਪੰਜਾਬੀ ਕੌਮ, ਪੰਜਾਬੀ ਸਿੱਖਾਂ ਅਤੇ ਪੰਜਾਬੀ ਇਮੈਜੀਨੇਸ਼ਨ ਦੀ ਗ਼ੈਰਹਾਜ਼ਰੀ ਦੀ ਮੂੰਹ ਬੋਲਦੀ ਤਸਵੀਰ ਹੈ:

"ਸਿੱਖ ਕੌਮ ਦੇ ਸਿਰਤਾਜ, ਮਹਾਰਾਜਾ ਰਣਜੀਤ ਸਿੰਘ ਸ਼ੇਰ-ਏ-ਪੰਜਾਬ ਦੇ ਪਿਆਰੇ ਸਪੁੱਤਰ ਮਹਾਰਾਜਾ ਦਲੀਪ ਸਿੰਘ ਜੀਓ, ਸਾਰੇ ਪੰਜਾਬ ਵਲੋਂ ਆਪ ਜੀ ਨੂੰ ਵਾਹਿਗੁਰੂ ਜੀ ਕੀ ਫਤਿਹ ਪਰਵਾਨ ਹੋਵੇ। ਉਪਰੰਤ ਬੇਨਤੀ ਹੈ ਕਿ ਆਪ ਪੰਥ ਨੂੰ ਅਤੇ ਪੰਥ ਦੇ ਸਰਦਾਰਾਂ ਨੂੰ ਦਿਲ ਜਾਨ ਤੋਂ ਪਿਆਰੇ ਹੋ। ਪਰ ਅਸੀਂ ਆਪ ਨੂੰ ਬੜੇ ਪ੍ਰੇਮ ਨਾਲ ਦੱਸ ਦੇਣਾ ਚਾਹੁੰਦੇ ਹਾਂ ਕਿ ਅਸੀਂ ਆਪ ਜੀ ਦੀਆਂ ਇਨ੍ਹਾਂ ਗੱਲਾਂ ਨੂੰ ਬਿਲਕੁਲ ਚੰਗਾ ਨਹੀਂ ਸਮਝਦੇ। ਅਸੀਂ ਸਾਰਾ ਪੰਥ ਅਟੱਲ-ਪਰਤਾਪੀ ਮਲਕਾ ਮੁਅਜ਼ਮਾ ਵਿਕਟੋਰੀਆ ਤੇ ਉਨ੍ਹਾਂ ਦੇ ਰਾਜ ਦੇ ਪੱਕੇ ਤੇ ਸੱਚੇ ਵਫ਼ਾਦਾਰ ਹਾਂ ਤੇ ਅਕਾਲ ਪੁਰਖ ਪਾਸ ਸਦਾ ਅਰਦਾਸ ਕਰਦੇ ਹਾਂ ਕਿ ਉਹ ਰਹਿੰਦੀ ਦੁਨੀਆਂ ਤੱਕ ਸਾਡੀਆਂ ਆਉਣ ਵਾਲੀਆਂ ਪੁਸ਼ਤਾਂ ਉੱਤੇ ਇਹ ਸੁੱਖ ਵਾਲਾ ਰਾਜ ਕਾਇਮ ਰੱਖੇ। ਮਹਾਰਾਣੀ ਵਿਕਟੋਰੀਆ ਦੇ ਵਿਰੁਧ ਅਸੀਂ ਆਪ ਦੀ ਕਿਸੇ ਗੱਲ ਦੀ ਹਮਾਇਤ ਨਹੀਂ ਕਰਾਂਗੇ। ਅਸੀਂ ਆਪ ਨੂੰ ਸੱਚੇ ਦਿਲੋਂ ਸਲਾਹ ਦਿੰਦੇ ਹਾਂ ਕਿ ਆਪ ਝੱਟ ਹੀ ਵਾਪਿਸ ਇੰਗਲੈਂਡ ਵਿਚ ਜਾ ਕੇ ਮਲਕਾ ਮੁਅਜ਼ਮਾ ਪਾਸੋਂ ਖਿਮਾ ਮੰਗੋ ਤੇ ਪੰਥ ਦੀਆਂ ਖੁਸ਼ੀਆਂ ਪ੍ਰਾਪਤ ਕਰੋ।"



ਸੇਖੋਂ ਸਾਹਿਬ ਦਾ ਇਹ ਨੁਕਤਾ ਵੀ ਧਿਆਨ ਦੀ ਮੰਗ ਕਰਦਾ ਹੈ, ਜਦੋਂ ਉਹ ਮੁਖਰਜੀ ਦੇ ਮਾਧਿਅਮ ਰਾਹੀਂ ਆਖਦੇ ਹਨ:

ਨੰਬਰ ਇਕ: "ਪੰਜਾਬ ਵਿਚ ਹਾਲੇ ਵੀ ਅੰਗਰੇਜ਼ ਨਾਲ ਟੱਕਰ ਲੈਣ ਦੀ ਸ਼ਕਤੀ ਹੈ। ਪੰਜਾਬ ਦੇ ਸਰਦਾਰਾਂ ਨੂੰ ਉਭਾਰੋ।"

ਨੰਬਰ ਦੋ: "ਗ਼ਦਰ ਵਾਲਿਆਂ ਨੇ ਬਹਾਦਰ ਸ਼ਾਹ ਨੂੰ ਹਿੰਦੁਸਤਾਨ ਦਾ ਸ਼ਹਿਨਸ਼ਾਹ ਵਿਗਿਆਪਤ ਕਰਕੇ ਬੜੀ ਭਾਰੀ ਗ਼ਲਤੀ ਕੀਤੀ ਸੀ। ਉਨ੍ਹਾਂ ਨੂੰ ਚਾਹੀਦਾ ਸੀ, ਪੰਜਾਬ ਵਿਚ ਦਲੀਪ ਸਿੰਘ ਨੂੰ ਮਹਾਰਾਜਾ ਵਿਗਿਆਪਤ ਕਰ ਕੇ ਸਿੱਖ ਸਿਪਾਹੀਆਂ ਨੂੰ ਉਭਾਰਦੇ।"

ਸੁਆਲ ਹੈ ਕਿ ਕੀ ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਦਾ ਮਹਾਰਾਜਾ ਵਿਗਿਆਪਤ ਕਰਨਾ ਹਿੰਦੁਸਤਾਨ ਦੀ ਡਿਊਟੀ ਸੀ, ਜਾਂ ਫੇਰ ਪੰਜਾਬ ਦੀ। ਹਿੰਦੁਸਤਾਨ ਨੇ ਹਿੰਦੁਸਤਾਨ ਦੀ ਮਿੱਥ ਉਸਾਰੀ ਰਾਹੀਂ ਆਜ਼ਾਦ ਹਿੰਦੁਸਤਾਨ ਦੀ ਮਿਥ ਜਾਂ ਉਸੇ ਮਿੱਥ ਦੀ ਪੂਰਤੀ ਲਈ ਇਕ ਏਕਤਾ ਵਿਚ ਬੱਝ ਕੇ ਆਜ਼ਾਦੀ ਹਾਸਲ ਵੀ ਕਰ ਲਈ।

ਦੂਸਰੇ ਪਾਸੇ ਪੰਜਾਬੀ ਲੋਕ ਅਜਿਹੀ ਕਿਸੇ ਮਿਥ ਜਾਂ ਇਮੈਜੀਨੇਸ਼ਨ ਦੀ ਉਸਾਰੀ ਨਾ ਕਰ ਸਕੇ ਜਿਸ ਦੇ ਆਧਾਰ 'ਤੇ ਪੰਜਾਬ ਨੂੰ ਆਜ਼ਾਦ ਕਰਵਾਇਆ ਜਾ ਸਕਦਾ। ਅਜਿਹੀ ਮਿਥ ਦੀ ਗੈਰ ਹਾਜ਼ਰੀ ਵਿਚ ਪੰਜਾਬੀ (ਅਤੇ ਸਿੱਖ ਵੀ) ਹਿੰਦੁਸਤਾਨੀ ਮਿਥ ਅਤੇ ਇਮੈਜੀਨੇਸ਼ਨ ਦਾ ਅਨਿੱਖੜਵਾਂ ਅੰਗ ਬਣ ਕੇ ਇਸੇ ਲਈ ਲੜ ਮਰੇ।

ਇਸ ਸਭ ਕਾਸੇ ਦੇ ਬਾਵਜੂਦ ਸੇਖੋਂ ਸਾਹਿਬ ਦਾ ਵਿਸ਼ਵਾਸ ਸੀ ਕਿ ਪੰਜਾਬੀ ਇਕ ਹੋਣਹਾਰ ਕੌਮ ਹੈ, ਭਾਵ ਕਿ ਇਹ ਭਵਿੱਖ ਵਿਚ ਇਕ ਪ੍ਰੌੜ ਕੌਮ ਬਣ ਸਕਦੀ ਹੈ।

ਦਲੀਪ ਸਿੰਘ: ਪਰ ਵਿਕਟਰ, ਮੇਰੀ ਕੌਮ ਦੇ ਲੋਕ ਬੜੇ ਬਹਾਦਰ ਸਨ। ਉਨ੍ਹਾਂ ਲੜਾਈਆਂ ਵਿਚ ਜਿਸ ਬਹਾਦਰੀ ਨਾਲ ਸੰਤ ਸਿੰਘ ਸਿਪਾਹੀ ਲੜੇ, ਉਸ ਦੀਆਂ ਮਿਸਾਲਾਂ ਦੁਨੀਆਂ ਦੇ ਇਤਿਹਾਸ ਵਿਚ ਬਹੁਤ ਘੱਟ ਮਿਲਦੀਆਂ ਹਨ।

ਵਿਕਟਰ: ਹਾਂ, ਇਹ ਗੱਲ ਠੀਕ ਹੈ ਪਰ ਇਕ ਕੌਮ ਦੇ ਸਾਧਾਰਨ ਲੋਕਾਂ ਦਾ ਬਹਾਦਰ ਹੋਣਾ ਕੇਵਲ ਉਸ ਕੌਮ ਦੇ ਹੋਣਹਾਰ ਹੋਣ ਦਾ ਹੀ ਸਬੂਤ ਹੈ। ਉਹ ਕੌਮ ਅਸਲ ਵਿਚ ਹਾਲੀਂ ਆਪਣੇ ਬਚਪਨ ਵਿਚ ਹੈ, ਤੇ ਬਚਪਨ ਵਿਚ ਰਾਜ ਦੀ ਕੀਮਤ-ਕਦਰ ਨਹੀਂ ਹੁੰਦੀ, ਜਿਵੇਂ ਤੈਨੂੰ ਨਹੀਂ ਸੀ।

ਦਲੀਪ ਸਿੰਘ: ਮੇਰੀ ਕੌਮ ਦੇ ਹੋਣਹਾਰ ਹੋਣ ਤੋਂ ਤੇਰਾ ਭਾਵ?

ਵਿਕਟਰ: ਮੇਰਾ ਭਾਵ ਇਹ ਹੈ ਕਿ ਭਵਿੱਖ ਵਿਚ ਕਿਸੇ ਸਮੇਂ ਜਾ ਕੇ ਉਹ ਕੌਮ ਪ੍ਰੌੜ ਹੋ ਸਕਦੀ ਹੈ। ਉਸ ਕੌਮ ਪਾਸੋਂ ਭਵਿੱਖ ਵਿਚ ਕੋਈ ਆਸ ਰੱਖੀ ਜਾ ਸਕਦੀ ਹੈ, ਵਰਤਮਾਨ ਵਿਚ ਨਹੀਂ।

ਸੇਖੋਂ ਸਾਹਿਬ ਦੇ ਇਸ ਨਾਟਕ ਵਿਚ ਸਪਸ਼ਟ ਸੰਕੇਤ ਮਿਲਦੇ ਹਨ ਕਿ ਉਹ ਇਸ ਗੱਲ ਵਲ ਪੂਰੀ ਤਰ੍ਹਾਂ ਸੁਚੇਤ ਸਨ ਕਿ ਸਮਾਂ ਬਦਲ ਰਿਹਾ ਹੈ। ਨਵੇਂ ਸੰਕਟ ਅਤੇ ਨਵੀਆਂ ਚੁਣੌਤੀਆਂ ਉਤਪੰਨ ਹੋ ਰਹੀਆਂ ਹਨ। ਇਮੈਜੀਨੇਸ਼ਨ ਬਦਲ ਰਹੇ ਹਨ। ਅਜਿਹੇ ਪਲਾਂ ਵਿਚ ਕੌਮੀ ਨਿਰਮਾਣ ਲਈ ਲੋਕਾਂ ਦੇ ਇਮੈਜੀਨੇਸ਼ਨ ਨੂੰ ਫੜਨ ਲਈ ਵੱਖਰੀ ਤਰ੍ਹਾਂ ਦੇ ਉਪਰਾਲਿਆਂ ਦੀ ਲੋੜ ਹੋਵੇਗੀ। ਜਿਸਦੀ ਦਲੀਪ ਸਿੰਘ ਸਮੇਤ ਅੱਜ ਦੀ ਪੰਥਕ ਸੋਚ ਵਿਚ ਬਹੁਤ ਵੱਡੀ ਘਾਟ ਹੈ। ਇਸੇ ਲਈ ਰਾਣੀ ਦਲੀਪ ਸਿੰਘ ਉਸਦੇ ਮਰਨ ਸਮੇਂ ਉਸ ਨੂੰ ਆਖਦੀ ਹੈ:

ਰਾਣੀ ਦਲੀਪ ਸਿੰਘ: ਠੀਕ ਹੈ, ਦਲੀਪ ਸਿੰਘ, ਤੂੰ ਵੀਹ ਸਾਲ ਤੋਂ ਅੰਗਰੇਜ਼ੀ ਸਾਮਰਾਜ ਨਾਲ ਅਸੰਤੁਸ਼ਟ ਚਲਿਆ ਆਉਂਦਾ ਹੈਂ। ਤੂੰ ਕਦੀ ਮੈਜਨੀ ਨੂੰ ਨਾ ਮਿਲਿਆ। ਗੇਰੀ ਬਾਲਡੀ ਪਾਸ ਨਾ ਗਿਆ। ਤੂੰ ਪੋਲ ਕੌਮਪ੍ਰਸਤਾਂ ਨਾਲ ਕੋਈ ਸੰਬੰਧ ਨਾ ਬਣਾਇਆ। ਤੂੰ ਮਾਰਕਸ ਐਂਗਲਜ਼ ਨੂੰ ਜਾਣਦਾ ਤੱਕ ਨਹੀਂ। (ਮੈਜਨੀ ਮਹਾਨ ਇਤਾਲਵੀ ਕੌਮਪ੍ਰਸਤ ਸੀ। ਅਸਲ ਵਿਚ ਜਦੋਂ ਮਹਾਰਾਜਾ ਦਲੀਪ ਸਿੰਘ ਲੰਡਨ ਜਾਂ ਵਲਾਇਤ ਵਿਚ ਰਹਿ ਰਿਹਾ ਸੀ ਉਹ ਵੱਡੀ ਸਮਾਜੀ ਉਥਲਪੁਥਲ ਦਾ ਸਮਾਂ ਸੀ। ਉਸ ਸਮੇਂ ਮਾਰਕਸ, ਐਂਗਲਜ਼, ਮੈਜਨੀ ਅਤੇ ਉੱਘੇ ਰੂਸੀ ਅਰਾਜਕਤਾਵਾਦੀ ਆਗੂ ਮਾਈਕਲ ਬਕੂਨਿਨ ਸਮੇਤ ਸਾਰੇ ਹੀ ਉਥੇ ਸਰਗਰਮ ਸਨ।) ਦਰਅਸਲ ਰਾਣੀ ਦਲੀਪ ਸਿੰਘ ਦੇ ਮਾਧਿਅਮ ਰਾਹੀਂ ਸੇਖੋਂ ਸਾਹਿਬ ਇਹ ਗੱਲਾਂ ਦਲੀਪ ਸਿੰਘ ਨੂੰ ਹੀ ਨਹੀਂ, ਅਜੋਕੀ ਪੰਥ/ਪੰਜਾਬ ਦੀ ਲੀਡਰਸ਼ਿਪ ਨੂੰ ਵੀ ਆਖ ਰਹੇ ਹਨ।

ਇਕ ਹੋਰ ਗੱਲ ਦੇਖੋ। ਜਦੋਂ ਦਲੀਪ ਸਿੰਘ ਆਖਦਾ ਹੈ ਕਿ ਮੈਂ ਕੀ ਕਰ ਸਕਦਾ ਹਾਂ? ਮੇਰੇ ਪਾਸ ਕਿਹੜੀਆਂ ਫ਼ੌਜਾਂ ਨੇ ਤਾਂ ਮਹਾਰਾਣੀ ਜਿੰਦਾਂ ਜੁਆਬ ਦਿੰਦੀ ਹੈ:

ਮਹਾਰਾਣੀ: ਪੰਜਾਬ ਦਾ ਬੰਦਾ ਬੰਦਾ ਤੇਰੀ ਫੌਜ ਹੈ, ਪੁੱਤਰ! ਪੰਜਾਬ ਦਾ ਰੁਖ ਝਾੜ, ਅੱਕ ਤੱਕ ਤੈਨੂੰ ਲੰਮੀਆਂ ਬਾਹਾਂ ਕਰੀਂ ਉਡੀਕਦੇ ਨੇ। ਤੈਨੂੰ ਫੌਜਾਂ ਦਾ ਘਾਟਾ ਹੈ। ਤੂੰ ਇਕ ਵਾਰੀ ਪੰਜਾਬ ਵਿਚ ਚੱਲ ਕੇ ਚੰਘਾੜ ਤਾਂ ਸਹੀ, ਸ਼ੇਰ ਦਿਆ ਬੱਚਿਆ, ਫੇਰ ਦੇਖ ਕੀ ਕੀ ਕੌਤਕ ਵਰਤਦੇ ਨੇ। ਮਹਾਰਾਣੀ ਦੀ ਇਸ ਆਵਾਜ਼ ਵਿਚ ਸੰਤ ਸਿੰਘ ਅਤੇ ਫੌਜੀ ਸਿੰਘ ਦੇ ਸ਼ਬਦ ਸ਼ਾਮਲ ਹਨ।

ਤੀਜਾ: ਮਹਾਰਾਜ, ਤੁਸੀਂ ਪੰਜਾਬ ਪਹੁੰਚੋ, ਸਾਰਾ ਦੇਸ਼ ਤੁਹਾਨੂੰ ਉਡੀਕ ਰਿਹਾ ਹੈ ਕਿ ਕਦੋਂ ਸਾਡਾ ਰਾਜਾ ਆਵੇ ਤੇ ਆਪਣਾ ਰਾਜ ਭਾਗ ਸੰਭਾਲੇ।

ਪਹਿਲਾ: ਮਹਾਰਾਜ, ਤੁਸੀਂ ਪੰਜਾਬ ਵਿਚ ਪੈਰ ਤਾਂ ਪਾਓ। ਫੇਰ ਅੰਗਰੇਜ਼ ਦੇ ਪੈਰ ਕੀਹਨੇ ਲੱਗਣ ਦੇਣੇ ਨੇ।

ਪਰ ਜਦੋਂ ਮਹਾਰਾਜਾ ਦਲੀਪ ਸਿੰਘ ਅੰਮ੍ਰਿਤ ਛੱਕ ਕੇ ਅਤੇ ਸਿੰਘ ਸਜ ਕੇ ਪੰਜਾਬ ਨੂੰ ਆਜ਼ਾਦ ਕਰਵਾਉਣ ਲਈ ਸਿੱਖ ਸਰਦਾਰਾਂ ਤੋਂ ਸਹਿਯੋਗ ਦੀ ਮੰਗ ਕਰਦਾ ਹੈ ਤਾਂ ਸਿੱਖ ਸਰਦਾਰਾਂ ਪਾਸੋਂ ਜੋ ਜੁਆਬ ਮਿਲਦਾ ਹੈ, ਉਹ ਅਸੀਂ ਉਨ੍ਹਾਂ ਦੀ ਚਿੱਠੀ ਦੇ ਰੂਪ ਵਿਚ ਪੜ੍ਹ ਹੀ ਚੁੱਕੇ ਹਾਂ। ਇਹ ਸਿੱਖ ਸਰਦਾਰ ਪੰਜਾਬ ਦੇ ਲੈਫਟੀਨੈਂਟ ਗਵਰਨਰ ਦੀ ਪ੍ਰਧਾਨਗੀ ਹੇਠ ਵਿਚਾਰ ਕਰਦੇ ਹਨ। ਸਪਸ਼ਟ ਹੈ ਕਿ ਸਾਂਝੇ ਸੁਪਨੇ ਦੀ ਗ਼ੈਰਹਾਜ਼ਰੀ ਵਿਚ ਕੁਝ ਵੀ ਕੰਮ ਨਹੀਂ ਆਉਂਦਾ। ਪੰਜਾਬ ਨੂੰ ਇਕ ਅਜਿਹੇ ਡਰੀਮ ਦੀ ਲੋੜ ਸੀ ਜਿਸ ਦੀ ਪੂਰਤੀ ਲਈ ਪੰਜਾਬ ਦੀਆਂ ਵੱਖ ਵੱਖ ਅਤੇ ਵਿਰੋਧੀ ਧਿਰਾਂ ਕੰਪੀਟ (ਮੁਕਾਬਲਾ) ਵੀ ਕਰਨ ਅਤੇ ਕੋਆਪਰੇਟ (ਸਹਿਯੋਗ) ਵੀ। ਅੱਜ ਪੰਜਾਬੀ ਭਾਈਚਾਰੇ ਜਾਂ ਕਿਸੇ ਵੀ ਕੌਮ ਲਈ 1958 ਵਿਚ ਲਿਖੇ ਸੰਤ ਸਿੰਘ ਸੇਖੋਂ ਦੇ ਇਸ ਨਾਟਕ 'ਮੁਇਆਂ ਸਾਰ ਨਾ ਕਾਈ' ਤੋਂ ਸਾਨੂੰ ਇਹੋ ਸੂਝ ਪ੍ਰਾਪਤ ਹੁੰਦੀ ਹੈ ਕਿ ਮਨੁੱਖਤਾ ਦੇ ਭਲੇ ਲਈ ਆਜ਼ਾਦੀ ਅਤੇ ਬਰਾਬਰੀ ਵਰਗੀਆਂ ਕਦਰਾਂ ਕੀਮਤਾਂ ਉਪਰ ਸਮਾਜ ਉਸਾਰੀ ਵਾਸਤੇ ਸਾਨੂੰ ਵਿਭਿੰਨ ਧਿਰਾਂ ਦੇ ਵਖਰੇਵਿਆਂ ਅਤੇ ਵਿਰੋਧਤਾਈਆਂ ਨੂੰ ਮਿਟਾਉਣ ਜਾਂ ਦਬਾਉਣ ਦੀ ਥਾਂ ਉਨ੍ਹਾਂ ਨੂੰ ਕੌਮੀ ਰਾਜ ਦੇ ਰੂਪ ਵਿਚ ਇਕ ਅਜਿਹੀ ਸਪੇਸ ਪ੍ਰਦਾਨ ਕਰਨ ਦੀ ਲੋੜ ਹੈ, ਜਿਥੇ ਉਹ ਸਾਂਝੇ ਉਦੇਸ਼ ਦੀ ਪ੍ਰਾਪਤੀ ਲਈ ਜਮਹੂਰੀ ਸੰਘਰਸ਼ ਵਿਚ ਬੱਝ ਕੇ ਅੱਗੇ ਵੱਧ ਸਕਣ।

## ਸੰਪਾਦਕ ਦੀ ਡਾਕ

# ਦਸਮ ਗ੍ਰੰਥ ਬਾਰੇ ਜਤਿੰਦਰ ਪੰਨੂ ਦੇ ਲੇਖ ਉਤੇ ਇਕ ਟਿੱਪਣੀ

ਮੈਂ ਜਤਿੰਦਰ ਪੰਨੂ ਦੇ ਲੇਖ ਪਿਛਲੇ ਲੰਮੈਂ ਸਮੈਂ ਤੋਂ ਲਗਾਤਾਰ ਪੜ੍ਹ ਰਿਹਾ ਹਾਂ। ਮੈਨੂੰ ਜੋ ਗੱਲ ਸਭ ਤੋਂ ਵੱਧ ਪ੍ਰਭਾਵਤ ਕਰਦੀ ਹੈ, ਉਹ ਹੈ ਉਸ ਦੀ ਸਪਸ਼ਟਤਾ। ਮੈਨੂੰ ਨਹੀਂ ਯਾਦ ਕਿ ਉਸ ਨੇ ਕਦੇ ਗੋਲ-ਮੋਲ ਗੱਲ ਕੀਤੀ ਹੋਵੇ। ਇਕ ਵੇਰ ਪਹਿਲਾਂ ਵੀ ਮੈਂ ਉਸ ਦੇ ਇਕ ਲੇਖ ਸਬੰਧੀ ਕੁਝ ਬੇਨਤੀਆਂ ਕੀਤੀਆਂ ਸਨ। ਅੱਜ ਫੇਰ ਮੈਂ ਆਪਣੀ ਰਾਏ ਸਾਂਝੀ ਕਰਨੀ ਚਾਹੁੰਦਾ ਹਾਂ।

ਪਿਛਲੇ ਹਫਤੇ ਦੇ ਲੇਖ, 'ਦਸਮ ਗ੍ਰੰਥ ਨੂੰ ਮਾਨਤਾ ਦੇਣ ਦਾ ਮਸਲਾ ਤੇ ਰਾਗੀ ਪ੍ਰੋ. ਦਰਸ਼ਨ ਸਿੰਘ' ਵਿਚ ਉਨ੍ਹਾਂ ਨੇ ਪ੍ਰੋ. ਦਰਸ਼ਨ ਸਿੰਘ ਵਲੋਂ ਕੀਤੀ ਕਥਾ ਦੇ ਹਵਾਲੇ ਨਾਲ ਲਿਖਿਆ ਹੈ, "ਪਰ ਉਹ ਕਾਂਡ ਕਿਸੇ ਤਰ੍ਹਾਂ ਵੀ ਗੁਰੂ ਗੋਬਿੰਦ ਸਿੰਘ ਜੀ ਨਾਲ ਨਹੀਂ ਜੁੜਦਾ...। ਇਸ ਕਰਕੇ ਪ੍ਰੋ. ਦਰਸ਼ਨ ਸਿੰਘ ਦੀ ਕਥਾ ਦੀ ਕਚਿਆਈ ਛੇਤੀ ਹੀ ਜ਼ਾਹਰ ਹੋ ਜਾਂਦੀ ਹੈ।" ਇਸ ਸਬੰਧੀ ਬੇਨਤੀ ਹੈ ਕਿ ਪ੍ਰੋ. ਪਿਆਰਾ ਸਿੰਘ ਪਦਮ ਦੀ ਲਿਖਤ, 'ਦਸਮ ਗ੍ਰੰਥ ਦਰਸ਼ਨ' (ਪੰਨਾ 44, 125 ਅਤੇ 131), ਗਿਆਨੀ ਹਰਬੰਸ ਸਿੰਘ ਦੀ ਲਿਖਤ 'ਦਸਮ ਗ੍ਰੰਥ ਦਰਪਣ' (ਪੰਨਾ 291, 303, ਅਤੇ 315), ਈਸ਼ਰ ਸਿੰਘ ਦੀ ਲਿਖਤ, 'ਜੀਵਨ ਸੁਮਾਰਗ' (ਪੰਨਾ 193, ਪ੍ਰਕਰਣ-21), ਭਾਈ ਰਣਧੀਰ ਸਿੰਘ ਦੀ ਲਿਖਤ, 'ਸ਼ਬਦ ਮੂਰਤਿ' (21-22), ਗਿਆਨੀ ਮਹਾਂ ਸਿੰਘ ਦੀ ਲਿਖਤ, ਦਸਮ ਗੁਰ ਗਿਰਾ ਸਰਵੇਖਣ' (ਪੰਨਾ 31), ਸ਼੍ਰੋਮਣੀ ਕਮੇਟੀ ਦਾ ਮਾਸਕ ਪੱਤਰ (ਫਰਵਰੀ 1959) 'ਗੁਰਮਤਿ ਪ੍ਰਕਾਸ਼' (ਪੰਨਾ 26-27) ਵੀ ਵੇਖ ਲੈਣੇ ਚਾਹੀਦੇ ਹਨ। ਇਹ ਸਾਰੀਆਂ ਲਿਖਤਾਂ ਇਹ ਸਾਬਤ ਕਰਦੀਆਂ ਹਨ ਕਿ 'ਨੂਪ ਕੌਰ ਦੀ ਕਥਾ' ਗੁਰੂ ਜੀ ਦੀ ਆਪਣੀ ਹੱਡਬੀਤੀ ਹੈ। ਪਿਆਰਾ ਸਿੰਘ ਪਦਮ (ਪੰਨਾ ਓਹੀ) ਅਤੇ ਕਵੀ ਸੰਤੋਖ ਸਿੰਘ ਰੁਤਿ 2 ਅੱਸੂ 4 'ਕਪਾਲ ਮੋਚਨ' ਦੀ ਸਾਖੀ ਨੂੰ ਵੀ ਗੁਰੂ ਜੀ ਦੀ ਆਪਣੀ ਹੀ ਸਾਬਤ ਕਰਦੇ ਹਨ। ਯਾਦ ਰਹੇ ਇਹ ਚਰਿਤ੍ਰ ਨੰ:71 ਹੈ ਜਿਥੇ ਰਾਜਾ ਲੋਕਾਂ ਦੀਆਂ ਪੱਗਾਂ ਲਾਹ ਕੇ ਵੇਚਦਾ ਹੈ।

ਗਿਆਨੀ ਸ਼ਵਿੰਦਰ ਸਿੰਘ ਸਾਬਕਾ ਜਥੇਦਾਰ ਤਖਤ ਸ੍ਰੀ ਕੇਸਗੜ ਸਾਹਿਬ ਨੇ 23 ਮਾਰਚ 2008 ਨੂੰ ਸੈਕਰਾਮੈਂਟੋ ਵਿਖੇ ਦਸਮ ਗ੍ਰੰਥ ਸਬੰਧੀ ਇਕ ਸੈਮੀਨਾਰ ਵਿਚ, ਨੂਪ ਕੌਰ ਵਾਲੀ ਸਾਖੀ ਬਾਰੇ ਜੋ ਕਿਹਾ ਸੀ ਉਹ ਵੀ ਵਿਚਾਰਨ ਵਾਲਾ ਹੈ। ਇਹ ਸੈਮੀਨਾਰ ਵੀ ਗੁਰਚਰਨਜੀਤ ਸਿੰਘ ਲਾਂਬਾ ਨੇ ਹੀ ਅਯੋਜਤ ਕੀਤਾ ਸੀ।

ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ।
ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ।
ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੈਯਹੁ।
ਪਰ ਨਾਰੀ ਕੀ ਸੇਜ ਭੂਲਿ
ਸੁਪਨੇ ਹੂੰ ਨ ਜੈਯਹੁ।51।

ਉਪਰੋਕਤ ਉਪਦੇਸ਼ ਜੋ ਪ੍ਰਚਾਰਕਾਂ ਵਲੋਂ ਅਨੰਦ ਕਾਰਜ ਵੇਲੇ ਦਿੱਤਾ ਜਾਂਦਾ ਹੈ ਇਹ ਵੀ ਇਸੇ ਸਾਖੀ ਵਿਚੋਂ ਹੀ ਲਿਆ ਗਿਆ ਹੈ। ਅਸਲ ਕਹਾਣੀ ਵਿਚ ਜਿਹੜਾ ਪਾਤਰ ਇਹ ਉਪਦੇਸ਼ ਦਿੰਦਾ ਹੈ ਉਹ ਪਾਤਰ ਹੀ ਜੁੱਤੀ ਆਦਿ ਛੱਡ ਕੇ ਭੱਜਣ ਦਾ ਯਤਨ ਕਰਦਾ ਹੈ ਪਰ ਫੜਿਆ ਜਾਂਦਾ ਹੈ। ਇਸ ਲਈ ਸ੍ਰੀ ਪੰਨੂ ਦੇ ਬਚਨਾਂ, "ਪਰ ਉਹ ਕਾਂਡ ਕਿਸੇ ਤਰ੍ਹਾਂ ਵੀ ਗੁਰੂ ਗੋਬਿੰਦ ਸਿੰਘ ਨਾਲ ਨਹੀਂ ਜੁੜਦਾ...। ਇਸ ਕਰਕੇ ਪ੍ਰੋ. ਦਰਸ਼ਨ ਸਿੰਘ ਦੀ ਕਥਾ ਦੀ ਕਚਿਆਈ ਛੇਤੀ ਹੀ ਜ਼ਾਹਰ ਹੋ ਜਾਂਦੀ ਹੈ।" ਨਾਲ ਮੈਂ ਸਹਿਮਤ ਨਹੀ ਹਾਂ। ਅਸੀਂ ਤਾਂ ਇਹ ਮੰਨਦੇ ਹਾਂ ਕਿ ਇਸ ਲਿਖਤ ਨਾਲ ਗੁਰੂ ਜੀ ਦਾ ਕੋਈ ਸਬੰਧ ਹੀ ਨਹੀਂ ਹੈ।

ਦੂਜੀ ਬੇਨਤੀ 'ਦੇਹਿ ਸ਼ਿਵਾ ਬਰ ਮੋਹਿ ਇਹੈ' ਸਬੰਧੀ ਇਹ ਹੈ ਕਿ ਇਹ ਠੀਕ ਹੈ ਕਿ ਅਗਿਆਨਤਾਵੱਸ ਅਸੀਂ ਇਸ ਨੂੰ ਗੁਰੂ ਜੀ ਦਾ ਉਚਾਰਨ ਕੀਤਾ ਹੋਇਆ ਸ਼ਬਦ ਮੰਨ ਲਿਆ ਹੈ। ਦਸਮ ਗ੍ਰੰਥ ਦੇ ਪੰਨਾ 99 'ਤੇ ਦਰਜ ਇਹ ਪੰਗਤੀਆਂ 'ਸ੍ਰੀ ਮਾਰ ਕੰਡੇ ਪੁਰਾਣ ਦੇ ਸ੍ਰੀ ਚੰਡੀ ਚਰਿਤ੍ਰ ਉਕਿਤ ਬਿਲਾਸ' ਜਿਸ ਦੇ ਕੁਲ 233 ਛੰਦ ਹਨ ਵਿਚ 231 ਨੰ. 'ਤੇ ਦਰਜ ਹਨ। ਜਦੋਂ ਅਸੀਂ ਪੂਰੇ ਪ੍ਰਸੰਗ ਨੂੰ ਪੜ੍ਹਦੇ ਹਾਂ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਸ਼ਿਵਾ ਜਿਸ ਤੋਂ ਬਰ ਮੰਗਿਆ ਜਾ ਰਿਹਾ ਹੈ ਕੋਈ ਹੋਰ ਨਹੀਂ ਸਗੋਂ ਪਾਰਵਤੀ ਜਾਂ ਦੁਰਗਾ ਹੀ ਹੈ।

ਇਹ ਦੋ ਨੁਕਤੇ ਮੈਂ ਸਾਂਝੇ ਕਰਨਾ ਚਾਹੁੰਦਾ ਸੀ। ਮੈਨੂੰ ਪੂਰੀ ਆਸ ਹੈ ਕਿ ਪਾਠਕ ਸ੍ਰੀ ਪੰਨੂ ਦਾ ਪੂਰਾ ਲੇਖ ਪੜ੍ਹਨ ਉਪਰੰਤ ਅਖੌਤੀ ਦਸਮ ਗ੍ਰੰਥ ਬਾਰੇ ਸੋਚਣ ਲਈ ਮਜਬੂਰ ਹੋ ਜਾਣਗੇ। ਜਿਉਂ-ਜਿਉਂ ਆਮ ਸੰਗਤਾਂ ਨੂੰ ਇਸ ਬਾਰੇ ਜਾਣਕਾਰੀ ਹੋਵੇਗੀ ਤਿਉਂ-ਤਿਉਂ ਇਸ ਦਾ ਵਿਰੋਧ ਵੱਧਦਾ ਜਾਵੇਗਾ। ਆਮ ਸੰਗਤਾਂ ਵਲੋਂ ਵਿਰੋਧ ਕਰਨ ਪਿਛੋਂ ਹੀ ਸਾਡੇ ਆਗੂਆਂ ਦੀ ਨੀਂਦ ਖੁੱਲ੍ਹੇਗੀ ਅਤੇ ਉਹ ਕੋਈ ਫੈਸਲਾ ਕਰਨਗੇ। ਇਹ ਸਮਾਂ ਹੁਣ ਕੋਈ ਬਹੁਤਾ ਦੂਰ ਨਹੀਂ ਹੈ।

**ਸਰਵਜੀਤ ਸਿੰਘ, ਸੈਕਰਾਮੈਂਟੋ**

---

## ਬਾਸੀ ਦਾ ਮਾਰਕੋਨੀ

14 ਨਵੰਬਰ ਦੇ 'ਪੰਜਾਬ ਟਾਈਮਜ਼' ਦੇ 'ਇੰਨੀ ਕੁ ਬਾਤ' ਵਿਚ ਬਲਜੀਤ ਬਾਸੀ ਨੇ 'ਸਾਡਾ ਮਾਰਕੋਨੀ' ਵਿਚ ਰੇਡੀਓ ਬਾਰੇ ਜੋ ਕੁੱਝ ਲਿਖਿਆ ਪੜ੍ਹ ਕੇ ਮੈਂ ਵੀ ਆਪਣੀ ਰੇਡੀਉ ਦੀ ਦੁਨੀਆਂ ਵਿਚ ਗਵਾਚ ਗਿਆ। ਮੈਂ ਰੇਡੀਓ ਦਾ ਡਾਈਹਾਰਡ ਫੈਨ ਹੁੰਦਾ ਸੀ। ਅੱਜ ਵੀ ਹਾਂ ਅਤੇ ਅੱਗੋਂ ਵੀ ਰਹਾਂਗਾ। ਸਾਡਾ ਜਗਰਾਉਂ ਸ਼ਹਿਰ ਵਿਚ ਰੇਡੀਉ ਸਰੋਤਿਆਂ ਦਾ ਕਲੱਬ ਹੁੰਦਾ ਸੀ। ਰੇਡੀਉ ਨੇ ਸਾਨੂੰ ਬਹੁਤ ਜਾਣਕਾਰੀ ਦਿੱਤੀ, ਨਵੇਂ ਦੋਸਤ ਦਿੱਤੇ। ਵਿਦੇਸ਼ੀ ਰੇਡੀਉ ਸਟੇਸ਼ਨਾਂ ਤੇ ਭਾਰਤੀ ਭਾਸ਼ਾਵਾਂ ਵਿਚ ਪ੍ਰੋਗਰਾਮ ਪੇਸ਼ ਹੋਣ ਲੱਗੇ ਤੇ ਅੱਜ ਵੀ ਹੋ ਰਹੇ ਹਨ। ਰੇਡੀਉ ਪ੍ਰੋਗਰਾਮਾਂ ਦੇ ਪਾਤਰ ਸਾਡੀ ਜ਼ਿੰਦਗੀ ਦਾ ਇੱਕ ਹਿੱਸਾ ਬਣ ਗਏ। ਅਜੋਕੇ ਯੁੱਗ ਵਿਚ ਟੀ.ਵੀ., ਕੇਬਲ, ਇੰਟਰਨੈਟ, ਸੈਟੇਲਾਈਟ ਅਤੇ ਹੋਰ ਸੰਚਾਰ ਸਾਧਨਾਂ ਨੇ ਕਾਫੀ ਕਬਜ਼ਾ ਕੀਤਾ ਹੋਇਆ ਹੈ ਪਰ ਰੇਡੀਉ ਨੇ ਹਮੇਸ਼ਾ ਵੱਖਰੀ ਪਛਾਣ ਰੱਖੀ ਹੈ। ਅੱਜ ਦੇ ਯੁੱਗ ਵਿਚ ਐਫ ਐਮ ਰੇਡੀਉ, ਐਚ ਡੀ ਰੇਡੀਉ ਲੋਕਾਂ ਵਿਚ ਕਾਮਯਾਬ ਹੋ ਰਹੇ ਹਨ। ਬਾਸੀ ਜੀ ਦੀ ਭਾਬੀ ਜੀ ਨੇ ਭਾਵੇਂ ਉਨ੍ਹਾਂ ਦੇ 'ਮਾਰਕੋਨੀ' ਨਾਲ ਸਾਗ ਰਿੰਨ੍ਹ ਲਿਆ ਪਰ ਇਹ ਉਸੇ ਮਾਰਕੋਨੀ ਦਾ ਚਮਤਕਾਰ ਹੈ ਜੋ ਰੇਡੀਉ ਅੱਜ ਤੱਕ ਲੋਕਾਂ ਵਿਚ ਹਰਮਨ ਪਿਆਰਾ ਹੈ ਅਤੇ ਅੱਗੇ ਵੀ ਰਹੇਗਾ।

**ਇੰਦਰਜੀਤ ਮੰਗਾ, ਪਿਟਸਬਰਗ**
**ਕੈਲੀਫੋਰਨੀਆ।**

---

## ਪੰਜਾਬ ਟਾਈਮਜ਼ ਦੀ ਉਡੀਕ

ਅਸੀਂ ਹਰ ਹਫਤੇ ਆਪਣੀ ਇਸ ਮਨ ਪਸੰਦ ਅਖਬਾਰ ਪੰਜਾਬ ਟਾਈਮਜ਼ ਨੂੰ ਇਸ ਤਰ੍ਹਾਂ ਉਡੀਕਦੇ ਹਾਂ ਜਿਵੇਂ ਕੋਈ ਫੌਜੀ ਵੀਰ ਸਰਹੱਦ ਉਤੇ ਪਹਿਰਾ ਦਿੰਦਿਆਂ ਆਪਣੇ ਘਰੋਂ ਆਈ ਚਿੱਠੀ ਨੂੰ ਉਡੀਕਦਾ ਹੈ। ਪੰਜਾਬ ਟਾਈਮਜ਼ ਨਾਲ ਸਾਡੀ ਸਾਂਝ ਕੁਝ ਇਸ ਤਰ੍ਹਾਂ ਦੀ ਪੈ ਗਈ ਹੈ ਜਿਵੇਂ ਮਾਂ-ਪਿਓ ਜਾਇਆਂ ਦੀ ਹੁੰਦੀ ਹੈ। ਇਸ ਦੇ ਕਾਲਮ ਦੁਖਦੀ ਰਗ, ਸ਼ੈਰੀ ਦੀ ਡੈਰੀ, ਅਸ਼ੋਕ ਭੌਰੇ ਦਾ ਗੱਲੀਂਬਾਤੀਂ, ਦੁਪਾਲਪੁਰ ਹੋਰਾਂ ਦਾ ਲਿਖਤੁਮ ਅਤੇ ਹੋਰ ਕਿੰਨੇ ਹੀ ਸਥਾਈ ਕਾਲਮ ਸਾਡੀ ਰੂਹ ਦੀ ਭੁੱਖ ਨੂੰ ਸ਼ਾਂਤ ਕਰਦੇ ਹਨ।

ਨਵੰਬਰ ਦੇ ਪਹਿਲੇ ਅੰਕ ਵਿਚ ਮਨਦੀਪ ਮਾਨ ਦਾ ਲੇਖ 'ਪੰਜਾਬੀ ਗਾਇਕੀ ਦਾ ਪ੍ਰਧਾਨ ਮੰਤਰੀ ਬਾਬਾ ਗੁਰਦਾਸ ਮਾਨ' ਪੜ੍ਹ ਕੇ ਰੂਹ ਖਿੜ ਗਈ। ਇਸ ਲੇਖ ਵਿਚ ਮਨਦੀਪ ਮਾਨ ਨੇ ਗੁਰਦਾਸ ਮਾਨ ਦੇ ਜਨਮ, ਬਚਪਨ, ਜੁਆਨੀ ਅਤੇ ਗਾਇਕੀ ਦੇ ਸਫਰ ਤੋਂ ਇਲਾਵਾ ਉਸ ਦੇ ਪਰਿਵਾਰ ਬਾਰੇ ਵੀ ਭਰਪੂਰ ਜਾਣਕਾਰੀ ਦਿੱਤੀ ਹੈ। ਇਸ ਵਿਚੋਂ ਕਾਫੀ ਜਾਣਕਾਰੀ ਮੇਰੇ ਵਰਗੇ ਹੋਰ ਬਹੁਤ ਸਾਰੇ ਪਾਠਕਾਂ ਨੂੰ ਬਿਲਕੁਲ ਨਹੀਂ ਹੋਵੇਗੀ। ਗੁਰਦਾਸ ਮਾਨ ਨੂੰ ਲੋਕ ਸੱਚ ਹੀ ਪੰਜਾਬੀ ਗਾਇਕੀ ਦਾ ਬਾਬਾ ਬੋਹੜ ਮੰਨਦੇ ਹਨ, ਉਹ ਬੋਹੜ ਜਿਸ ਦੀ ਛਾਂ ਉਮਰ ਵਧਣ ਨਾਲ ਹੋਰ ਵੀ ਸੰਘਣੀ ਹੋ ਜਾਂਦੀ ਹੈ। ਰੱਬ ਕਰੇ ਇਸ ਬੋਹੜ ਦੀ ਛਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਉਤੇ ਵੀ ਪੈਂਦੀ ਰਹੇ ਅਤੇ ਉਹ ਪੰਜਾਬੀ ਮਾਂ ਬੋਲੀ ਨਾਲ ਜੁੜੇ ਰਹਿਣ। ਮੈਂ ਪੰਜਾਬ ਟਾਈਮਜ਼ ਦੀ ਸਮੁੱਚੀ ਟੀਮ ਦਾ ਦਿਲੋਂ ਧੰਨਵਾਦੀ ਹਾਂ ਅਤੇ ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਪੰਜਾਬ ਟਾਈਮਜ਼ ਹੱਕ, ਸੱਚ ਅਤੇ ਇਨਸਾਫ ਨਾਲ ਹਮੇਸ਼ਾ ਅੱਗੇ ਵਧਦਾ ਰਹੇ।

**ਮੱਖਣਜੀਤ ਸਿੰਘ ਸੋਢੀ (ਨਡਾਲਾ)**
**ਸੈਨ ਹੋਜ਼ੇ, ਕੈਲੀਫੋਰਨੀਆ।**

---

## ਸੁਪਰਡੈਂਟ ਦੀ ਚੁਸਤੀ

ਅਮਰੀਕਾ ਆਉਣ ਤੋਂ ਕੁਝ ਦਿਨ ਪਹਿਲਾਂ ਮੈਂ ਆਪਣੇ ਘਰ ਅਖ਼ਬਾਰਾਂ 'ਤੇ ਨਜ਼ਰ ਮਾਰ ਰਿਹਾ ਸੀ ਤਾਂ ਇਕ ਖਬਰ ਨੇ ਮੇਰੇ ਦਿਲ 'ਤੇ ਗਹਿਰਾ ਅਸਰ ਕੀਤਾ ਅਤੇ ਮੈਂ ਸੋਚਣ ਲਈ ਮਜਬੂਰ ਹੋ ਗਿਆ, ਕੀ ਸਾਡੇ ਪੰਜਾਬ ਦੇ ਪ੍ਰੀਖਿਆ ਤੰਤਰ ਦੇ ਕੰਮਕਾਜ ਦਾ ਪੱਧਰ ਇੰਨਾ ਗਿਰ ਗਿਆ ਹੈ? ਕੀ ਇਸ 'ਤੇ ਮੁੜ ਵਿਚਾਰ ਕਰਨ ਦਾ ਸਵਾਲ ਖੜ੍ਹਾ ਹੋ ਗਿਆ ਹੈ? ਜਾਂ ਇਸ ਦਾ ਰੱਬ ਹੀ ਰਾਖਾ ਹੈ? ਖ਼ਬਰ ਇਸ ਪ੍ਰਕਾਰ ਸੀ। ਪੰਜਾਬ ਯੂਨੀਵਰਸਿਟੀ ਅਧੀਨ ਆਉਂਦੇ ਸਰਕਾਰੀ ਕਾਲਜ ਟਾਂਡਾ ਜ਼ਿਲਾ ਹੁਸ਼ਿਆਰਪੁਰ ਵਿਖੇ ਇਸੇ ਸਾਲ ਅਪ੍ਰੈਲ ਮਹੀਨੇ ਵਿਚ ਹੋਈਆਂ ਪ੍ਰੀਖਿਆਵਾਂ ਵਿਚ ਡਿਪਟੀ ਸੁਪਰਡੈਂਟ ਲਗਾਏ ਗਏ ਕਾਲਜ ਦੇ ਕਮਰਸ ਦੇ ਲੈਕਚਰਾਰ ਬਲਵਿੰਦਰ ਸਿੰਘ ਨੇ ਪ੍ਰੀਖਿਆ ਦੇ ਰਹੇ ਵਿਦਿਆਰਥੀਆਂ ਤੋਂ ਪੰਜ-ਪੰਜ ਹਜ਼ਾਰ ਰੁਪਏ ਲੈ ਕੇ ਨਿਰਾਲਾ ਗੋਰਖਧੰਦਾ ਕੀਤਾ। ਉਸਨੇ ਵਿਦਿਆਰਥੀਆਂ ਨੂੰ ਕਿਹਾ ਕਿ ਜੋ ਉਸ ਨੂੰ ਪੰਜ ਹਜਾਰ ਰੁਪਏ ਦੇਵੇਗਾ ਉਹ ਉਸਨੂੰ ਪਰਚੀਆਂ ਦੇ ਕੇ ਉਸਦਾ ਪੇਪਰ ਹੱਲ ਕਰਵਾਉਣ ਲਈ ਗਰੰਟੀ ਲੈਂਦਾ ਹੈ। ਜਿਨ੍ਹਾਂ ਵਿਦਿਆਰਥੀਆਂ ਨੇ ਉਸਨੂੰ ਪੈਸੇ ਨਹੀਂ ਦਿਤੇ ਸਨ ਅਤੇ ਆਪਣੀ ਮਿਹਨਤ ਦੇ ਆਸਰੇ ਆਪਣੀ ਪ੍ਰੀਖਿਆ ਪਾਸ ਕਰਨਾ ਚਾਹੁੰਦੇ ਸਨ, ਉਨ੍ਹਾਂ ਨੂੰ ਉਸ ਨੇ ਡਰਾਉਣਾ ਸ਼ੁਰੂ ਕਰ ਦਿੱਤਾ ਕਿ ਤੁਹਾਡਾ ਨੁਕਸਾਨ ਵੀ ਹੋ ਸਕਦਾ ਹੈ। ਪਤਾ ਲੱਗਾ ਹੈ ਕਿ ਉਸਨੇ ਕਈ ਵਿਦਿਆਰਥੀਆਂ ਦੇ ਹੱਲ ਕੀਤੇ ਪੇਪਰ ਤੇ ਲਕੀਰਾਂ ਵੀ ਫੇਰੀਆਂ ਸਨ। ਇਸ ਗੋਰਖਧੰਦੇ ਬਾਰੇ ਕਿਸੇ ਵਿਦਿਆਰਥੀ ਨੇ ਵਾਈਸ ਚਾਂਸਲਰ ਨੂੰ ਈ-ਮੇਲ ਕਰਕੇ ਸਾਰਾ ਚਿੱਠਾ ਲਿਖ ਮਾਰਿਆ। ਵਾਈਸ ਚਾਂਸਲਰ ਨੇ ਤੁਰੰਤ ਇਸਦੀ ਜਾਂਚ ਯੂਨੀਵਰਸਟੀ ਦੇ ਸੈਨੇਟਰ ਸ੍ਰੀ ਦਿਨੇਸ਼ ਤਲਵਾੜ ਨੂੰ ਸੌਂਪੀ, ਜਿਨ੍ਹਾਂ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨਾਲ ਗੱਲ ਕੀਤੀ ਤਾਂ ਦੋਸ਼ ਸਹੀ ਨਿਕਲਿਆ।

ਸ੍ਰੀ ਤਲਵਾੜ ਨੇ ਵੀ.ਸੀ. ਨੂੰ ਸੌਂਪੀ ਆਪਣੀ ਰਿਪੋਰਟ ਵਿਚ ਸਿਫਾਰਸ਼ ਕੀਤੀ ਹੈ ਕਿ ਮਾਮਲੇ ਦੀ ਵਿਆਪਕ ਜਾਂਚ ਕੀਤੀ ਜਾਵੇ। ਪੇਪਰ ਹੁਸ਼ਿਆਰਪੁਰ ਦੀ ਬਜਾਏ ਚੰਡੀਗੜ੍ਹ ਚੈੱਕ ਕੀਤੇ ਜਾਣ ਤੇ ਨਜਾਇਜ਼ ਫਾਇਦਾ ਲੈਣ ਵਾਲੇ ਵਿਦਿਆਰਥੀਆਂ ਦੀ ਸ਼ਨਾਖਤ ਕੀਤੀ ਜਾਵੇ। ਇਸ ਸਬੰਧ ਵਿਚ ਵੀ.ਸੀ. ਨੇ ਅਗਲੀ ਜਾਂਚ ਕਾਲਜ ਦੇ ਪ੍ਰਿੰਸੀਪਲ ਸ੍ਰੀ ਐਨ.ਕੇ. ਕੌਲ ਦੇ ਹਵਾਲੇ ਕਰਾ ਦਿੱਤੀ ਹੈ।

ਡਿਪਟੀ ਸੁਪਰਡੈਂਟ ਵਲੋਂ ਪੈਸੇ ਲੈ ਕੇ ਨਕਲ ਕਰਵਾਉਣ ਦਾ ਮਾਮਲਾ ਸ਼ਾਇਦ ਇੰਜ ਹੀ ਚਲਦਾ ਰਹਿੰਦਾ, ਜੇਕਰ ਉਹ ਪੈਸੇ ਨਾ ਦੇਣ ਵਾਲਿਆਂ ਨੂੰ ਬਖਸ਼ ਦਿੰਦਾ। ਦਰਅਸਲ ਇਕ ਅਜਿਹਾ ਵਿਦਿਆਰਥੀ ਜਿਸ ਨੇ ਪੈਸੇ ਨਹੀਂ ਦਿਤੇ ਸਨ ਪੇਪਰ ਦੇ ਕੇ ਚਲਾ ਗਿਆ। ਰਸਤੇ ਵਿਚ ਜਾ ਕੇ ਉਸਨੂੰ ਖਿਆਲ ਆਇਆ ਕਿ ਉਹ ਉਤਰ-ਕਾਪੀ 'ਤੇ ਆਪਣਾ ਵੇਰਵਾ ਤੇ ਰੋਲ ਨੰਬਰ ਤਾਂ ਲਿਖਣਾ ਹੀ ਭੁਲ ਗਿਆ ਹੈ। ਉਸਨੇ ਵਾਪਸ ਆ ਕੇ ਉਤਰ ਕਾਪੀ ਦੁਬਾਰਾ ਲਈ ਤਾਂ ਦੇਖਿਆ ਕਿ ਉਸਦੇ ਹੱਲ ਕੀਤੇ ਕਈ ਸਵਾਲਾਂ 'ਤੇ ਲੀਕਾਂ ਫੇਰ ਦਿੱਤੀਆਂ ਗਈਆਂ ਸਨ। ਤਦ ਉਸਨੂੰ ਸੁਪਰਡੈਂਟ ਦੀ ਗੱਲ ਸਮਝ ਲੱਗੀ ਕਿ ਪੈਸੇ ਨਾ ਦੇਣ ਵਾਲਿਆਂ ਦਾ ਨੁਕਸਾਨ ਕਿਸ ਤਰ੍ਹਾਂ ਹੋ ਸਕਦਾ ਹੈ। ਇਸੇ ਗੱਲ ਕਾਰਨ ਮਾਮਲਾ ਭਖਿਆ ਤੇ ਚੰਡੀਗੜ੍ਹ ਵਾਈਸ ਚਾਂਸਲਰ ਤਕ ਪੁੱਜਿਆ।

**ਹਰਬੰਸ ਸਿੰਘ ਕੁਲਾਰ**

# ਨਾਨਕ, ਨਾਮ ਅਭਿਆਸ ਅਤੇ ਗੁਰਦੁਆਰਾ

ਪਥਵਿਮ ਵਿਜਸਤਿ। ਕੋ ਧੱਮਪਦਮ ਸੁਦੇਸਿਤਮ"। ਅਰਥਾਤ ਸੰਸਾਰ ਦੇ ਮਾਰਗ ਨੂੰ ਕੌਣ ਫ਼ਤਿਹ ਕਰੇਗਾ? ਧਰਮ ਦਾ ਸੁਧ ਪੰਥ ਕੌਣ ਲੱਭੇਗਾ? ਅੱਗੇ ਇਸ ਦਾ ਜਵਾਬ ਵੀ ਦਿੱਤਾ ਗਿਆ ਹੈ: "ਸੇਖੋ ਪੱਥਵਿਮ ਵਿਜਸਤਿ। ਸੇਖੋ ਧਮਪਦਮ ਸੁਦੇਸਿਤਮ"। ਅਰਥਾਤ ਸਿੱਖ ਹੀ ਸੰਸਾਰ ਦੇ ਮਾਰਗ ਨੂੰ ਫ਼ਤਿਹ ਕਰੇਗਾ। ਸਿੱਖ ਹੀ ਸੁੱਧ ਧਰਮ ਨੂੰ ਅਨੁਭਵ ਵਿਚ ਲਿਆਵੇਗਾ। ਜੱਗ ਨੂੰ ਜਿਤਣਾ ਮਨ ਨੂੰ ਜਿਤਣਾ ਹੈ ਤੇ ਮਨ ਨੂੰ ਜਿਤਣਾ ਹੀ ਮਹਾਂ ਧਰਮ ਅਨੁਭਵ ਹੈ: "ਜਿਨ ਗੁਰ ਪਰਸਾਦੀ ਮਨੁ ਜੀਤਿਆ ਜਗੁ ਤਿਨਹਿ ਜਿਤਾਨਾ"। ਗੁਰਮਤਿ ਵਿਚ ਧਰਮ ਮਾਰਗ 'ਤੇ ਚਲਦਿਆਂ ਜੀਵਨ ਦੀ ਕਾਮਯਾਬੀ ਹਾਸਲ ਕਰਨਾ ਸਿੱਖ ਦਾ ਸਿਰਫ਼ ਨਿਜੀ ਮਸਲਾ ਨਹੀਂ, ਸਗੋਂ ਸਾਂਝਾ ਪ੍ਰਯੋਜਨ ਅਤੇ ਪ੍ਰਯਤਨ ਹੈ: "ਆਪਿ ਤਰਹਿ ਸੰਗਤਿ ਕੁਲ ਤਾਰਹਿ ਤਿਨ ਸਫਲ ਜਨਮੁ ਜਗਿ ਆਇਆ... ਆਪਿ ਤਰੈ ਕੁਲ ਸਗਲੇ ਤਾਰੇ ਗੁਰਮੁਖਿ ਜਨਮੁ ਸਵਾਰਣਿਆ"।

ਸੇਵਾ ਅਤੇ ਸਿਮਰਣ ਸਫ਼ਲ ਜੀਵਨ ਦਾ ਸਾਧਨ ਤਾਂ ਹੈ, ਪਰ ਇਸ ਦਾ ਸਥਾਨ ਕਿਹੜਾ ਹੈ? ਗੁਰੂ ਨਾਨਕ ਪਾਤਸ਼ਾਹ ਨੇ ਚਾਰ ਉਦਾਸੀਆਂ ਦੌਰਾਨ, ਭਾਈ ਗੁਰਦਾਸ ਜੀ ਦੇ ਹਵਾਲੇ ਅਨੁਸਾਰ, "ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਵੀ ਸਚਾ ਢੋਆ"। ਉਨ੍ਹਾਂ ਦੇ ਮੁਬਾਰਕ ਕਦਮਾਂ ਦੀ ਛਾਪ ਧਰਮ ਅਸਥਾਨ ਵਿਚ ਤਬਦੀਲ ਹੋ ਜਾਂਦੀ ਸੀ: "ਜਿਥੇ ਬਾਬਾ ਪੈਰੁ ਧਰੇ ਪੂਜਾ ਆਸਣੁ ਥਾਪਣਿ ਸੋਆ"। ਹਿੰਦੁਸਤਾਨ ਵਿਚ ਵਿਸਾਖੀ ਦੀ ਸੰਕ੍ਰਾਂਤੀ ਵਨਸਪਤੀ ਦੇ ਜੋਬਨ ਜਾਂ ਫ਼ਸਲਾਂ ਦੇ ਪੱਕ ਜਾਣ ਦੀ ਸੂਚਕ ਹੈ ਅਤੇ ਖ਼ੁਸ਼ੀਆਂ ਖੇੜਿਆਂ, ਮੌਜ ਮਸਤੀਆਂ ਤੇ ਮੇਲਿਆਂ ਦਾ ਤਿਉਹਾਰ ਹੈ। ਗੁਰੂ ਨਾਨਕ ਪਾਤਸ਼ਾਹ ਦੀ ਆਮਦ ਨੇ ਕਾਇਨਾਤ ਅੰਦਰ ਧਰਮ ਦੀ ਫ਼ਸਲ ਫਲੀ ਭੂਤ ਅਤੇ ਪੱਕ ਜਾਣ ਦੀ ਸੂਚਨਾ ਦਿਤੀ ਤੇ ਜਗਤ ਨੂੰ ਵਿਸਮਾਦੀ ਵਸੋਏ ਦੇ ਅਨੁਭਵ ਨਾਲ਼ ਸਰਸ਼ਾਰ ਕੀਤਾ: "ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ"। ਅਖ਼ੀਰ ਵਿਚ ਉਨ੍ਹਾਂ ਕਰਤਾਰਪੁਰ ਵਸਾਇਆ। ਇਸੇ ਤਰ੍ਹਾਂ ਦੂਜੇ ਪਾਤਸ਼ਾਹ ਨੇ ਖਡੂਰ ਸਾਹਿਬ, ਤੀਜੇ ਨੇ ਗੋਇੰਦਵਾਲ ਸਾਹਿਬ, ਚੌਥੇ ਨੇ ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਵੇਂ ਨੇ ਤਰਨਤਾਰਨ ਸਾਹਿਬ ਨਗਰ ਵਸਾਏ। ਹਰਗੋਬਿੰਦਪੁਰਾ, ਕੀਰਤਪੁਰ ਸਾਹਿਬ ਤੇ ਅਨੰਦਪੁਰ ਸਾਹਿਬ ਵਸਾਏ ਗਏ। ਇਹ ਸ਼ਹਿਰ ਲੋਕਾਂ ਦੇ ਰਹਿਣ ਦਾ ਸਾਧਨ ਮਾਤਰ ਹੀ ਨਹੀਂ ਸਨ, ਸਗੋਂ ਧਰਮ ਕੇਂਦਰਾਂ ਵਜੋਂ ਸਥਾਪਤ ਕੀਤੇ ਗਏ ਸਨ। ਸ਼ਹਿਰਾਂ ਦਰਮਿਆਨ ਧਰਮ ਪ੍ਰਚਾਰ ਦੇ ਸਥਾਨ ਨੂੰ ਸ਼ਰਧਾ ਪੱਖੋਂ ਪ੍ਰਮੁੱਖਤਾ ਦਿਤੀ ਗਈ। ਗੁਰੂ ਸਾਹਿਬਾਨ ਜਿਥੇ ਵੀ ਬਿਰਾਜਦੇ ਜਾਂ ਵਿਸਰਾਮ ਫ਼ੁਰਮਾਉਂਦੇ ਸਨ, ਉਥੇ ਜੁੜੀ ਸੰਗਤ ਵਿਚੋਂ ਕਿਸੇ ਅਭਿਆਸੀ ਦੀ ਦੇਖ ਰੇਖ ਜਾਂ ਸੇਵਾ-ਸੰਭਾਲ਼ ਹੇਠ ਧਰਮਸਾਲ ਦੀ ਸਥਾਪਨਾ ਕਰ ਦਿੰਦੇ ਸਨ। ਚੌਥੇ ਪਾਤਸ਼ਾਹ ਤੱਕ ਸਿੱਖੀ ਦੇ ਧਰਮ ਕੇਂਦਰਾਂ ਨੂੰ ਧਰਮਸਾਲ ਕਿਹਾ ਜਾਂਦਾ ਸੀ। ਪੰਜਵੇਂ ਪਾਤਸ਼ਾਹ ਨੇ ਅੰਮ੍ਰਿਤਸਰ ਵਿਚ ਸਿੱਖੀ ਦੇ ਧਰਮ ਕੇਂਦਰ ਨੂੰ ਹਰਿਮੰਦਰ ਦਾ ਨਾਂ ਦਿਤਾ। ਫਿਰ, ਕਾਹਨ ਸਿੰਘ ਨਾਭਾ ਮੁਤਾਬਕ, ਛੇਵੇਂ ਪਾਤਸ਼ਾਹ ਸਮੇਂ ਸਿੱਖੀ ਦੇ ਧਰਮ ਕੇਂਦਰਾਂ ਦਾ ਨਾਂ ਗੁਰਦੁਆਰਾ ਪ੍ਰਚਲਤ ਹੋਇਆ। ਇਹ ਗੁਰਦੁਆਰੇ ਨਾਮ ਦਾਨ ਅਤੇ ਸੇਵਾ ਸਿਮਰਣ ਦੇ ਕੇਂਦਰ ਸਨ। ਸਮੇਂ ਸਮੇਂ ਜੁੜਦੀ ਸੰਗਤ ਦੀ ਸੇਵਾ ਸੰਭਾਲ਼, ਪੱਕੇ ਤੌਰ ਪਰ ਨਿਯੁਕਤ ਸੇਵਾਦਾਰ ਦੇ ਖ਼ਰਚ ਅਤੇ ਇਮਾਰਤ ਦੇ ਰੱਖ ਰਖਾਉ ਲਈ ਸਿੱਖਾਂ ਵਿਚ ਦਸਵੰਧ ਦੀ ਪਿਰਤ ਪਾਈ ਗਈ। ਗੁਰੂ ਅੱਗੇ ਦਰਸ਼ਣੀ ਭੇਟਾ ਅਰਪਣ ਕਰਨ ਲਈ ਗੋਲਕ ਦਾ ਇੰਤਜ਼ਾਮ ਕੀਤਾ ਗਿਆ। ਜਿਵੇਂ ਜਿਵੇਂ ਦਸਵੰਧ ਦੀ ਪਿਰਤ ਅਤੇ ਦਰਸ਼ਣੀ ਭੇਟਾ ਵਿਚ ਚੋਖਾ ਵਾਧਾ ਹੁੰਦਾ ਗਿਆ, ਤਿਵੇਂ ਤਿਵੇਂ ਸੇਵਾ ਸਿਮਰਣ, ਸੰਗਤ ਦੀ ਸਾਂਭ ਸੰਭਾਲ ਅਤੇ ਇਮਾਰਤ ਦੇ ਰੱਖ ਰਖਾਉ ਵਿਚ ਤਰੱਕੀ ਹੁੰਦੀ ਰਹੀ। ਭਾਈ ਕਾਹਨ ਸਿੰਘ ਨਾਭੇ ਦੇ ਹਵਾਲੇ ਨਾਲ਼, ਗੁਰਦੁਆਰੇ, ਵਿਦਿਆਰਥੀਆਂ ਲਈ ਸਕੂਲ, ਜਗਿਆਸੂਆਂ ਲਈ ਉਪਦੇਸ਼ ਅਚਾਰੀਆ, ਰੋਗੀਆਂ ਲਈ ਸ਼ਫ਼ਾਖ਼ਾਨੇ, ਔਰਤਾਂ ਦੀ ਇਜ਼ਤ ਆਬਰੂ ਲਈ ਦੁਰਗਾਰੂਪ ਅਤੇ ਤੀਰਥ ਯਾਤਰੀਆਂ ਲਈ ਵਿਸ਼ਰਾਮਘਰ ਜਾਂ ਮੁਸਾਫ਼ਰਖ਼ਾਨੇ ਸਥਾਪਤ ਹੋਣੇ ਸ਼ੁਰੂ ਹੋ ਗਏ।



ਜਦ ਤੋਂ ਮੈਕਾਲਿਫ਼ ਜਿਹੇ ਵਿਦਵਾਨਾਂ ਵਲੋਂ, ਕਾਲੋਨੀਅਲ ਦ੍ਰਿਸ਼ਟੀ ਤੋਂ, ਸਿੱਖੀ ਦੀ ਵਿਆਖਿਆ ਹੋਣੀ ਸ਼ੁਰੂ ਹੋਈ ਹੈ, ਉਦੋਂ ਤੋਂ ਸਿੱਖ ਧਰਮ ਆਪਣੇ ਆਦਿ ਜੁਗਾਦਿ ਜਾਂ ਸਨਾਤਨੀ ਮੂਲ਼ ਨਾਲ਼ੋਂ ਨਿਲੰਬਤ ਹੋ ਕੇ, ਸਾਂਝੀਵਾਲਤਾ ਦੇ ਅਸੂਲ ਨੂੰ ਵਿਸਾਰ ਕੇ, ਆਪਣੇ ਨਿਆਰੇਪਣ ਨੂੰ ਵਖਰੇਵੇਂ ਦੀ ਸੁਰ ਵਿਚ ਢਾਲ਼ ਕੇ, ਰੂਹਾਨੀਅਤ ਦੇ ਸਰਸਬਜ਼ ਬਾਗ਼ ਨੂੰ ਬੁੱਧੀ ਦੇ ਹਵਾਲੇ ਕਰਕੇ, ਪੱਛਮੀ ਤਰਜ਼ਿ ਜ਼ਿੰਦਗੀ ਨੂੰ ਤਰੱਕੀ ਦੀ ਜਾਮਨ ਅਨੁਮਾਨ ਕੇ, ਗੁਰਬਾਣੀ ਦੀ ਮੰਤਰ ਪਰੰਪਰਾ ਨੂੰ ਕੇਵਲ ਅਰਥ ਦੇ ਅਧੀਨ ਕਰਕੇ, ਪਰਮੇਸਰ ਤੋਂ ਭੁਲਣ ਵਾਲ਼ੀਆਂ ਮਾਰੂ ਅਲਾਮਤਾਂ ਦਾ ਸ਼ਿਕਾਰ ਹੋਈ ਜਾ ਰਿਹਾ ਹੈ। ਨੈਸ਼ਨਲ ਪ੍ਰੋਫੈਸਰ ਔਫ਼ ਸਿਖਇਜ਼ਮ ਸਿਰਦਾਰ ਕਪੂਰ ਸਿੰਘ ਅਤੇ ਵਿਦਿਆ ਮਾਰਤੰਡ ਭਾਈ ਸਾਹਿਬ ਧਰਮਾਨੰਤ ਸਿੰਘ ਜੀ ਨੇ ਇਸ ਤਰ੍ਹਾਂ ਦੇ ਸਪਸ਼ਟ ਇਸ਼ਾਰੇ ਕੀਤੇ ਹਨ। ਉਪਨਿਸ਼ਦਾਂ ਦੇ ਰਜੂ ਸਰਪ ਦੀ ਤਰ੍ਹਾਂ ਹੁਣ ਰੋਗ ਨੂੰ ਇਲਾਜ਼ ਅਤੇ ਇਲਾਜ਼ ਨੂੰ ਰੋਗ ਸਮਝਿਆ ਜਾ ਰਿਹਾ ਹੈ।

ਸਿੱਖ ਸਮਾਜ ਵਿਚ ਤਿੰਨ ਪ੍ਰਕਾਰ ਦੇ ਗੁਰੂ ਘਰ ਹਨ- ਇਤਿਹਾਸਕ ਗੁਰਦੁਆਰੇ, ਸਿੰਘ ਸਭਾ ਗੁਰਦੁਆਰੇ ਅਤੇ ਡੇਰੇ। ਪਰ ਹੁਣ, ਉਕਤ ਮਨੋਬਿਰਤੀ ਅਧੀਨ, ਗੁਰਦੁਆਰੇ ਸੇਵਾ ਸਿਮਰਣ ਦੇ ਕੇਂਦਰਾਂ ਨਾਲ਼ੋਂ ਆਮਦਨ ਦੇ ਵਸੀਲੇ, ਤੇ ਸੈਰ ਸਪਾਟੇ ਦੇ ਕੇਂਦਰ ਬਣਦੇ ਜਾ ਰਹੇ ਹਨ। ਹੁਣ ਕੋਈ ਵਿਰਲਾ ਹੀ ਗੁਰੂ ਘਰ ਹੋਵੇਗਾ, ਜਿਸ ਨੂੰ ਧਰਮਸਾਲ ਆਖਿਆ ਜਾ ਸਕੇ। ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਇਤਿਹਾਸਕ ਗੁਰਦੁਆਰੇ ਹੁਣ ਸਰਕਾਰੀ ਦਫ਼ਤਰ ਵਧੇਰੇ ਜਾਪਦੇ ਹਨ। ਸਿੰਘ ਸਭਾ ਗੁਰਦੁਆਰੇ ਪੰਚਾਂ-ਸਰਪੰਚਾਂ, ਲੰਬੜਦਾਰਾਂ ਤੇ ਚੌਧਰੀਆਂ ਦੀ ਹਉਮੈ ਦੇ ਅਖਾੜੇ ਬਣ ਗਏ ਹਨ। ਡੇਰਿਆਂ ਬਾਬਤ ਕੁਛ ਨਾ ਹੀ ਕਹੀਏ, ਚੁੱਪ ਭਲੀ ਹੈ।

ਪੱਛਮੀ ਮਨੁੱਖਵਾਦ (Humanism) ਨੂੰ ਮਾਨਵਵਾਦ ਦੇ ਭੁਲੇਖੇ ਵਿਚ ਸਿੱਖੀ ਦਾ ਸਗੋਤੀ ਜਾਂ ਪਰਿਆਇ ਸਮਝਿਆ ਜਾ ਰਿਹਾ ਹੈ, ਜਿਸ ਦੀ ਪਾਹ ਨਾਲ਼, ਇਕ ਮਹੀਨ ਕਿਸਮ ਦੀ ਨਾਸਤਿਕਤਾ ਅਧੀਨ, ਸਿੱਖੀ ਦੀ ਵਿਆਖਿਆ ਦਾ ਰੁਝਾਨ ਪਣਪ ਰਿਹਾ ਹੈ, ਜਿਸ ਦੇ ਫਲਸਰੂਪ, ਸੇਵਾ ਸਿਮਰਣ ਦੀ ਅਹਿਮੀਅਤ ਅਤੇ ਭਾਵਨਾ ਘਟਦੀ ਜਾ ਰਹੀ ਹੈ। ਰੱਬ ਕੇਂਦ੍ਰਿਤ ਸਿੱਖ ਸਮਾਜ ਮਨੁੱਖ ਕੇਂਦ੍ਰਿਤ ਬਣਦਾ ਜਾ ਰਿਹਾ ਹੈ। ਜਿਵੇਂ ਜਿਵੇਂ ਗੁਰਦੁਆਰੇ ਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦੇ ਮਨੋਰਥ ਤੋਂ ਦੂਰ ਹੁੰਦੇ ਜਾ ਰਹੇ ਹਨ, ਉਵੇਂ ਉਵੇਂ ਗੁਰੂ ਘਰਾਂ ਪ੍ਰਤੀ ਸ਼ਰਧਾ, ਸਤਿਕਾਰ ਅਤੇ ਆਸਥਾ ਘਟਦੀ ਜਾ ਰਹੀ ਹੈ ਅਤੇ ਗੁਰੂ ਘਰਾਂ ਦੇ ਨੁਮਾਇੰਦਿਆਂ ਪ੍ਰਤੀ ਵਿਸ਼ਵਾਸ ਖੀਣ ਹੋ ਰਿਹਾ ਹੈ। ਅਕਸਰ ਸੁਣਿਆ ਜਾਂਦਾ ਹੈ ਕਿ ਗੁਰਦੁਆਰੇ ਪੱਕੇ ਹੋਈ ਜਾ ਰਹੇ ਹਨ ਅਤੇ ਸਿੱਖੀ ਕੱਚੀ ਹੁੰਦੀ ਜਾ ਰਹੀ ਹੈ। ਮੁਹੰਮਦ ਇਕਬਾਲ ਸਾਹਿਬ ਦੀ ਕਵਿਤਾ ਫ਼ੁਰਮਾਨਿ ਖ਼ੁਦਾ ਦੀਆਂ ਇਹ ਸਤਰਾਂ ਵੀ ਇਹੀ ਕਹਿੰਦੀਆਂ ਜਾਪਦੀਆਂ ਹਨ:

ਮੈਂ ਨਾਖ਼ੁਸ਼ੋ ਬੇਜ਼ਾਰ ਹੂੰ ਮਰਮਰ ਕੀ ਸਿਲੋਂ ਸੇ,
ਮੇਰੇ ਲੀਏ ਮਿੱਟੀ ਕਾ ਹਰਮ ਔਰ ਬਨਾ ਦੋ।

---

***ਵਿਸ਼ਵ ਦਾ ਰੁਹਾਨੀ ਅਨੁਭਵ ਦੋ ਧਾਰਾਵਾਂ, ਆਰੀਅਨ ਅਤੇ ਸਾਮੀ, ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਵਿਸ਼ਵ ਦੇ ਸਮੁੱਚੇ ਅਧਿਆਤਮਕ ਸਫ਼ਰ ਦੀ ਸਾਂਝੀਵਾਲਤਾ ਅਤੇ ਸੰਪੰਨਤਾ ਦੇ ਪ੍ਰੋਖ ਇਸ਼ਾਰੇ ਨਾਨਕ ਨਾਮ ਵਿਚ ਸਮੋਏ ਹੋਏ ਹਨ। ਇਹ ਇਕ ਅਜਿਹਾ ਨਾਮ ਹੈ ਜਿਸ ਵਿਚ ਕੁੱਲ ਕਾਇਨਾਤ ਦੇ ਸਾਂਝੇ ਧਰਮ ਵਲ ਖ਼ੂਬਸੂਰਤ ਇਸ਼ਾਰਾ ਨਿਹਿਤ ਹੈ।***

## ਖਰਾ ਹੋਕਾ

# ਮੁਟਾਪਾ ਬਣੇਗਾ ਮਹਾਂਮਾਰੀ

**ਪ੍ਰਿੰ. ਸਰਵਣ ਸਿੰਘ**

ਕੀ ਮਹਾਂਮਾਰੀ ਤੀਜੀ ਵਿਸ਼ਵ ਜੰਗ ਕਾਰਨ ਹੋਵੇਗੀ? ਦਹਿਸ਼ਤਵਾਦੀਆਂ ਕਾਰਨ? ਜਾਂ ਕੁਦਰਤੀ ਆਫ਼ਤਾਂ ਕਾਰਨ? ਨਹੀਂ, ਇਨ੍ਹਾਂ ਨਾਲ ਏਨੀ ਮਹਾਂਮਾਰੀ ਸ਼ਾਇਦ ਨਾ ਹੋਵੇ। ਇਹ ਹੋਵੇਗੀ ਬਿਨਾ ਹੱਥ ਪੈਰ ਹਿਲਾਏ ਵਾਧੂ ਖਾਣ ਪੀਣ ਤੇ ਆਪ ਸਹੇੜੇ ਮੁਟਾਪੇ ਕਾਰਨ। ਅੰਕੜੇ ਮਿਲੇ ਹਨ ਕਿ ਇਕੱਲੇ ਅਮਰੀਕਾ ਵਿਚ ਮੁਟਾਪੇ ਕਾਰਨ ਹਰ ਸਾਲ ਚਾਰ ਲੱਖ ਤੋਂ ਵੱਧ ਮਨੁੱਖ ਮਰਨੇ ਸ਼ੁਰੂ ਹੋ ਗਏ ਹਨ। ਕੁਲ ਦੁਨੀਆਂ 'ਚ ਤਾਂ ਕਰੋੜ ਤੋਂ ਵੱਧ ਹੋ ਗਏ ਹੋਣਗੇ। 'ਮੈਨਜ਼ ਫਿਟਨੈਸ' ਮੈਗਜ਼ੀਨ ਦੀ ਵਿਸ਼ੇਸ਼ ਰਿਪੋਰਟ ਵਿਚ ਤੱਤ ਕੱਢਿਆ ਗਿਆ ਹੈ ਕਿ ਪਿਛਲੇ ਦਸਾਂ ਸਾਲਾਂ ਵਿਚ ਹੀ ਮੋਟੇ ਬੰਦਿਆਂ ਦੀ ਗਿਣਤੀ ਪਹਿਲਾਂ ਨਾਲੋਂ ਦੁੱਗਣੀ ਹੋ ਗਈ ਹੈ। ਜੇ ਕੋਈ ਬਾਨ੍ਹਣੂ ਨਾ ਬੰਨ੍ਹਿਆ ਗਿਆ ਤਾਂ ਅਗਲੇ ਦਸਾਂ ਸਾਲਾਂ 'ਚ ਚੌਗੁਣੀ ਹੋ ਸਕਦੀ ਹੈ। ਫਿਰ ਅੱਠ ਗੁਣਾਂ। ਅਮਰੀਕਾ 'ਚ ਇਸ ਸਮੇਂ ਬਾਰਾਂ ਕਰੋੜ ਸੱਤਰ ਲੱਖ ਲੋਕ ਮੁਟਾਪੇ ਦਾ ਸ਼ਿਕਾਰ ਹਨ।

ਵੀਹ ਤੋਂ ਚੌਤੀ ਸਾਲ ਦੀ ਉਮਰ ਦੇ ਵਿਅਕਤੀ ਭਰ ਜੁਆਨੀ 'ਚ ਹੁੰਦੇ ਹਨ। ਕੰਮਾਂ ਕਾਰਾਂ 'ਚ ਪੂਰੇ ਸਰਗਰਮ। ਮੁਟਾਪਾ ਉਨ੍ਹਾਂ ਦੇ ਨੇੜੇ ਨਹੀਂ ਢੁੱਕਣਾ ਚਾਹੀਦਾ। ਫਿਰ ਵੀ 1988 ਤਕ ਚੌਦਾਂ ਫੀਸਦੀ ਅਮਰੀਕੀ ਜੁਆਨ ਮੁਟਾਪੇ ਦੀ ਜੱਦ ਵਿਚ ਆ ਗਏ ਸਨ। 2000 ਵਿਚ ਅਜਿਹੇ ਅਮਰੀਕਨਾਂ ਦੀ ਗਿਣਤੀ ਚੌਵੀ ਫੀਸਦੀ ਹੋ ਗਈ ਤੇ ਇਹ ਲਗਾਤਾਰ ਵਧ ਰਹੀ ਹੈ। ਜਿਥੇ ਜੁਆਨ ਹੀ ਏਡੀ ਵੱਡੀ ਤਾਦਾਦ 'ਚ ਮੁਟਾਪੇ ਦੇ ਸ਼ਿਕਾਰ ਹੋ ਜਾਣ ਉਥੇ ਅਧਖੜਾਂ ਤੇ ਬੁੱਢਿਆਂ ਦਾ ਕੀ ਹਾਲ ਹੋਵੇਗਾ?

ਹਾਲ ਹੁਣ ਇਹ ਹੈ ਕਿ ਕੁਲ ਦੁਨੀਆਂ ਦੀ ਆਬਾਦੀ ਦਾ ਪੰਜਵਾਂ ਹਿੱਸਾ ਮੁਟਾਪੇ ਦੇ ਜਾਲ ਵਿਚ ਫਸ ਗਿਆ ਹੈ-ਘੱਟੋ ਘੱਟ ਸਵਾ ਅਰਬ ਲੋਕ। ਇੱਕੀਵੀਂ ਸਦੀ ਦੀ ਸਭ ਤੋਂ ਵੱਡੀ ਜੰਗ ਦਹਿਸ਼ਤਵਾਦ ਦੀ ਥਾਂ ਮੁਟਾਪੇ ਦੇ ਖਿਲਾਫ ਲੜਨੀ ਪਵੇਗੀ। ਮੁਟਾਪੇ ਦਾ ਸਭ ਤੋਂ ਵੱਡਾ ਕਾਰਨ ਖਾਣ ਪੀਣ ਦੀ ਵਾਧ ਤੇ ਸਰੀਰਕ ਮੁਸ਼ੱਕਤ ਦੀ ਘਾਟ ਹੈ। ਕਦੇ ਛੱਤੀ ਪ੍ਰਕਾਰ ਦੇ ਭੋਜਨ ਸੁਣਿਆਂ ਕਰਦੇ ਸਾਂ। ਹੁਣ ਇਕੱਲੇ ਅਮਰੀਕਾ 'ਚ ਹਰ ਸਾਲ 3000 ਤਰ੍ਹਾਂ ਦੇ ਨਵੇਂ ਲੇਬਲਾਂ ਵਾਲੇ ਖਾਧ ਪਦਾਰਥ ਮਾਰਕਿਟ ਵਿਚ ਆ ਰਹੇ ਹਨ। ਖਾਣਿਆਂ ਤੇ ਪੀਣਿਆਂ ਦੀ ਏਡੀ ਵੱਡੀ ਮਾਰਕਿਟ ਹੈ ਕਿ ਹਰ ਰੋਜ਼ ਅਰਬਾਂ ਡਾਲਰਾਂ ਦਾ ਵਣਜ ਵਪਾਰ ਹੋ ਰਿਹੈ। ਸਾਢੇ ਛੇ ਸੌ ਕਰੋੜ ਦੀ ਜਨ ਸੰਖਿਆ ਪ੍ਰਤੀ ਜੀਅ ਰੋਜ਼ ਇਕ ਤੋਂ ਦਸ ਡਾਲਰ ਤਕ ਦਾ ਭੋਜਨ ਵੀ ਪੇਟ ਵਿਚ ਪਾਵੇ ਤਾਂ ਅੰਦਾਜ਼ਾ ਲਾ ਲਓ ਕੁਲ ਕਿੰਨੇ ਦਾ ਪਿਆ?

ਭੋਜਨ ਬਣਾਉਣ ਵਾਲੀਆਂ ਵਧੇਰੇ ਕੰਪਨੀਆਂ ਨੂੰ ਮੁਨਾਫ਼ੇ ਲਈ ਮਨੁੱਖ ਦੇ ਸੁਆਦ ਦਾ ਫਿਕਰ ਹੈ ਨਾ ਕਿ ਸਿਹਤ ਦਾ। ਸੁਆਦ ਬੜੀ ਲੁਭਾਉਣੀ ਸ਼ੈਅ ਹੈ। ਸੁਆਦਾਂ ਨੇ ਦੁਨੀਆਂ ਪੱਟੀ ਪਈ ਹੈ। ਖਾਣ-ਪੀਣ ਦੇ ਸੁਆਦ ਦੀ ਮਨੁੱਖੀ ਕਮਜ਼ੋਰੀ ਦਾ ਫਾਇਦਾ ਉਠਾਉਂਦਿਆਂ ਖਾਣੇ ਤਿਆਰ ਕਰਨ ਵਾਲੀਆਂ ਕੰਪਨੀਆਂ ਉਹਦੀ ਬਲੈਕਮੇਲ ਕਰ ਰਹੀਆਂ ਹਨ। ਦੂਜੇ ਬੰਨੇ ਸੁਆਦਾਂ ਦੇ ਪੱਟੇ ਮਨੁੱਖ ਦੀਆਂ ਆਪ ਸਹੇੜੀਆਂ ਬਿਮਾਰੀਆਂ ਦਾ ਫਾਇਦਾ ਉਠਾਉਂਦੀਆਂ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਮਾਲਾਮਾਲ ਹੋ ਰਹੀਆਂ ਹਨ। ਇਹ ਸਮਝ ਲਓ ਕਿ ਮਨੁੱਖ ਦੇ ਪੇਟ ਵਿਚ ਬੇਲੋੜੀ ਖਾਧ ਸਮੱਗਰੀ ਪਾਉਣ ਵਾਲਿਆਂ ਦੀਆਂ ਪੰਜੇ ਘਿਉ 'ਚ ਹਨ ਤੇ ਪਿਛੋਂ ਦਵਾਈਆਂ ਵੇਚਣ ਵਾਲਿਆਂ ਦੇ ਵੀ ਦੋਹੀਂ ਹੱਥੀਂ ਲੱਡੂ ਹਨ।

ਮਨੁੱਖ ਜਿਵੇਂ-ਜਿਵੇਂ ਅਧੁਨਿਕ ਮਸ਼ੀਨੀ ਸਹੂਲਤਾਂ ਉਤੇ ਨਿਰਭਰ ਹੋਈ ਜਾ ਰਿਹੈ ਉਹਦੀ ਸਰੀਰਕ ਮਿਹਨਤ ਘਟਦੀ ਜਾ ਰਹੀ ਹੈ। ਕਈਆਂ ਦਾ ਜ਼ੋਰ ਤਾਂ ਸਿਰਫ਼ ਚਾਬੀ ਘੁਮਾਉਣ, ਬਟਨ ਦੱਬਣ ਤੇ ਗੱਡੀ ਤੋਂ ਉਤਰਨ ਚੜ੍ਹਨ ਤਕ ਹੀ ਲੱਗ ਰਿਹੈ। ਕਈ ਕੰਮ ਰਿਮੋਟ ਕੰਟਰੋਲ ਨਾਲ ਹੀ ਕੀਤੇ ਜਾ ਰਹੇ ਨੇ। ਬੰਦਾ ਸਰੀਰਕ ਜ਼ੋਰ ਲਾ ਕੇ ਅੰਦਰਲੀਆਂ ਕਲੋਰੀਆਂ ਬਾਲਣ ਦੀ ਥਾਂ ਬਾਹਰਲਾ ਤੇਲ ਬਾਲੀ ਜਾ ਰਿਹੈ ਅਤੇ ਬੈਟਰੀਆਂ ਤੇ ਬਿਜਲੀ ਨਾਲ ਬੁੱਤੇ ਸਾਰੀ ਜਾ ਰਿਹੈ। ਬੰਦੇ ਦੇ ਢਿੱਡ 'ਚ ਪਾਈਆਂ ਜਾ ਰਹੀਆਂ ਕਲੋਰੀਆਂ ਚਰਬੀ 'ਚ ਬਦਲੀ ਜਾ ਰਹੀਆਂ ਨੇ ਜਿਸ ਨਾਲ ਮੁਟਾਪਾ ਦਿਨੋ ਦਿਨ ਹੋਰ ਵਧੀ ਜਾ ਰਿਹੈ।

ਬਹੁਤੇ ਲੋਕਾਂ ਨੂੰ ਇਹ ਵੀ ਪਤਾ ਨਹੀਂ ਕਿ ਮੁਟਾਪਾ ਹੁੰਦਾ ਕਿਉਂ ਹੈ ਤੇ ਮੁਟਾਪੇ ਨਾਲ ਬਿਮਾਰੀਆਂ ਕਿਉਂ ਲੱਗਦੀਆਂ ਹਨ? ਉਨ੍ਹਾਂ ਨੂੰ ਸਮਝਾਉਣ ਦੀ ਲੋੜ ਹੈ ਕਿ ਮੁਟਾਪਾ ਅਨੇਕਾਂ ਬਿਮਾਰੀਆਂ ਦੀ ਮਾਂ ਹੈ। ਬਹੁਤੇ ਬਲੱਡ ਪ੍ਰੈਸ਼ਰ, ਸ਼ੂਗਰ ਰੋਗ, ਜੋੜਾਂ ਦੇ ਦਰਦ, ਹਾਰਟ ਅਟੈਕ ਤੇ ਸਟਰੋਕ ਮੁਟਾਪੇ ਕਾਰਨ ਹਨ। ਡਾਕਟਰ ਦਰਜਨਾਂ ਬਿਮਾਰੀਆਂ ਗਿਣਾ ਸਕਦੇ ਹਨ। ਮੋਟਾ ਬੰਦਾ ਵੈਸੇ ਵੀ ਆਲਸੀ ਹੋ ਜਾਂਦੈ ਜਿਸ ਨਾਲ ਕੰਮਾਂ ਕਾਰਾਂ ਦਾ ਨੁਕਸਾਨ ਹੁੰਦੈ। ਉਹ ਖਾਂਦਾ-ਪੀਂਦਾ ਵੱਧ ਐ ਤੇ ਕਮਾਉਂਦਾ ਘੱਟ ਐ। ਬਿਮਾਰ ਹੋ ਕੇ ਤਾਂ ਉਹ ਪਰਿਵਾਰ ਅਤੇ ਸਮਾਜ 'ਤੇ ਦੂਹਰਾ ਭਾਰ ਬਣ ਜਾਂਦੈ। ਬਿਮਾਰ ਬੰਦਾ ਆਪ ਹੀ ਦੁਖੀ ਨਹੀਂ ਹੁੰਦਾ ਸਗੋਂ ਹੋਰਨਾਂ ਨੂੰ ਵੀ ਦੁਖੀ ਕਰਦੈ।

ਪਹਿਲੀ ਲੋੜ ਤਾਂ ਇਹ ਹੈ ਕਿ ਲੋਕਾਂ ਨੂੰ ਸਰੀਰ ਦੇ ਵਾਧੂ ਭਾਰ ਪ੍ਰਤੀ ਸੁਚੇਤ ਕੀਤਾ ਜਾਵੇ। ਸਰੀਰਕ ਭਾਰ ਕੋਈ ਰਾਤੋ ਰਾਤ ਨਹੀਂ ਵਧ ਜਾਂਦਾ। ਇਹ ਹੌਲੀ-ਹੌਲੀ ਵਧਦਾ ਹੈ ਪਰ ਜਦੋਂ ਵਧ ਜਾਵੇ ਤਾਂ ਘਟਾਉਣਾ ਕਾਫੀ ਔਖਾ ਹੁੰਦੈ। ਇਸ ਲਈ ਆਰੰਭ ਤੋਂ ਹੀ ਸਭ ਨੂੰ ਸਰੀਰਕ ਭਾਰ ਬਾਰੇ ਜਾਗ੍ਰਿਤ ਕਰ ਦੇਣਾ ਚਾਹੀਦੈ। ਸਕੂਲੀ ਪੜ੍ਹਾਈ ਤੇ ਸਿਖਲਾਈ ਵਿਚ ਵਿਦਿਆਰਥੀਆਂ ਨੂੰ ਦੱਸਿਆ ਜਾਣਾ ਚਾਹੀਦੈ ਕਿ ਮੁਟਾਪੇ ਤੋਂ ਕਿਵੇਂ ਬਚਿਆ ਜਾ ਸਕਦੈ? ਮੁਟਾਪੇ ਨੂੰ ਖਤਰਨਾਕ ਬਿਮਾਰੀ ਸਮਝਣਾ ਚਾਹੀਦੈ। ਪੰਜਾਬੀਆਂ ਵਿਚ ਆਮ ਕਰ ਕੇ ਗੋਲ ਮਟੋਲ ਤੇ ਮੋਟੇ ਬੱਚਿਆਂ ਨੂੰ ਸਲਾਹਿਆ ਜਾਂਦੈ ਜੋ ਬੜਾ ਗਲਤ ਰੁਝਾਨ ਹੈ। ਅਜਿਹੇ ਬੱਚਿਆਂ ਨੂੰ ਸਗੋਂ ਚੇਤੰਨ ਕਰਨ ਦੀ ਲੋੜ ਹੈ।

ਸਰੀਰਕ ਭਾਰ ਦਾ ਸੰਬੰਧ ਸਰੀਰਕ ਕੰਮ ਕਾਰ ਤੇ ਖਾਧ ਖੁਰਾਕ ਨਾਲ ਹੈ। ਜਿਹੋ ਜਿਹਾ ਕਿਸੇ ਦਾ ਘੱਟ ਜਾਂ ਵਧ ਜ਼ੋਰ ਵਾਲਾ ਕੰਮ ਹੋਵੇ ਉਹਦੇ ਮੁਤਾਬਿਕ ਉਹਨੂੰ ਖਾਣ-ਪੀਣ ਕਰਨਾ ਚਾਹੀਦੈ।



ਇਹ ਨਹੀਂ ਹੋਣਾ ਚਾਹੀਦਾ ਕਿ ਦਿਹਾਤੀ 'ਚ ਕਲੋਰੀਆਂ ਤਾਂ ਹਜ਼ਾਰ ਬਾਰਾਂ ਸੌ ਹੀ ਬਲਦੀਆਂ ਹੋਣ ਪਰ ਪੇਟ 'ਚ ਦੋ ਢਾਈ ਹਜ਼ਾਰ ਪਾਈਆਂ ਜਾਂਦੀਆਂ ਰਹਿਣ। ਜਿੰਨੀਆਂ ਕਲੋਰੀਆਂ ਢਿੱਡ 'ਚ ਪਾਈਆਂ ਜਾਣ ਉਨੀਆਂ ਬਾਲੀਆਂ ਵੀ ਜਾਣ। ਮੋਟੇ ਬੰਦੇ ਸਗੋਂ ਵਧੇਰੇ ਬਾਲਣ ਤਾਂ ਕਿ ਉਨ੍ਹਾਂ ਦਾ ਵਾਧੂ ਬੋਝ ਘਟਣ ਲੱਗੇ। ਉਹ ਦਿਹਾਤੀ 'ਚ ਬਾਰਾਂ ਸੌ ਕਲੋਰੀਆਂ ਜੋਗਾ ਖਾਣ ਪੀਣ ਪਰ ਸਰੀਰਕ ਮਿਹਨਤ ਏਨੀ ਕਰਨ ਕਿ ਦੋ ਹਜ਼ਾਰ ਕਲੋਰੀਆਂ ਬਲ ਜਾਣ। ਭਾਰ ਘਟਾਉਣ ਬਾਰੇ ਸਾਰੀਆਂ ਸਲਾਹਾਂ ਤੇ ਉਪਾਵਾਂ ਦਾ ਨਿਚੋੜ ਇਹੋ ਹੈ ਕਿ ਖਾਓ ਪੀਓ ਘੱਟ ਤੇ ਸਰੀਰਕ ਮਿਹਨਤ ਕਰੋ ਵੱਧ। ਜਿਹੜੇ ਹਰ ਵੇਲੇ ਹੀ ਮੂੰਹ ਮਾਰਦੇ ਰਹਿੰਦੇ ਹਨ ਉਹ ਹਰ ਵੇਲੇ ਹੀ ਬਿਮਾਰ ਹੋਏ ਰਹਿੰਦੇ ਹਨ।

ਅਸੀਂ ਅਕਸਰ ਵੇਖਦੇ ਹਾਂ ਕਿ ਕੰਮ ਕਰਨ ਵਾਲਿਆਂ ਨੂੰ ਰੋਗ ਘੱਟ ਲੱਗਦੇ ਹਨ ਪਰ ਵਿਹਲੜਾਂ ਨੂੰ ਲੱਗੇ ਹੀ ਰਹਿੰਦੇ ਹਨ। ਖੁਰਾਕ ਦੀ ਘਾਟ ਕਾਰਨ ਘੱਟ ਬਿਮਾਰੀਆਂ ਲੱਗਦੀਆਂ ਹਨ ਜਦ ਕਿ ਵਾਧ ਕਾਰਨ ਵੱਧ ਲੱਗਣ ਲੱਗ ਪਈਆਂ ਹਨ। ਹੁਣ ਭੁੱਖ ਨਾਲ ਉਨੇ ਬੰਦੇ ਨਹੀਂ ਮਰਦੇ ਜਿੰਨੇ ਵੱਧ ਖਾਣ ਨਾਲ ਮਰਦੇ ਹਨ। ਦੁਨੀਆਂ ਵਿਚ ਖਾਧ ਪਦਾਰਥ ਬਹੁਤ ਹੋ ਗਏ ਹਨ ਤੇ ਹੋਰ ਵੀ ਹੁੰਦੇ ਜਾਣੇ ਹਨ। ਲੋਕਾਂ ਨੂੰ ਵੱਡੀ ਪੱਧਰ 'ਤੇ ਸਿਖਿਅਤ ਕਰਨਾ ਪਵੇਗਾ ਕਿ ਉਹ ਕੀ ਖਾਣ ਤੇ ਕੀ ਨਾ ਖਾਣ? ਨਾਲ ਇਹ ਵੀ ਕਿ ਉਹ ਉਹੀ ਕੁਝ ਖਾਣ ਪੀਣ ਜੀਹਦੇ ਨਾਲ ਨਰੋਏ ਤਾਂ ਰਹਿਣ ਪਰ ਮੋਟੇ ਨਾ ਹੋਣ।

ਅਮਰੀਕਾ ਵਿਚ ਇਕ ਸਰਵੇਖਣ ਕੀਤਾ ਗਿਆ ਹੈ ਕਿ ਲੋਕ ਮੋਟੇ ਕਿਉਂ ਹੋ ਰਹੇ ਹਨ? ਪਤਾ ਲੱਗਾ ਹੈ ਕਿ 54 ਫੀਸਦੀ ਲੋਕ ਵਾਧੂ ਭੋਜਨ ਕਰਨ ਦੀਆਂ ਭੈੜੀਆਂ ਆਦਤਾਂ ਕਰਕੇ ਮੋਟੇ ਹੁੰਦੇ ਹਨ। 28 ਫੀਸਦੀ ਕਸਰਤ ਦੀ ਘਾਟ ਕਾਰਨ ਮੋਟੇ ਹੋ ਜਾਂਦੇ ਹਨ। 18 ਫੀਸਦੀ ਦੇ ਮੋਟੇ ਹੋਣ ਦਾ ਕਾਰਨ ਸਿਹਤ ਸੰਭਾਲ ਤੋਂ ਅਣਜਾਣ ਹੋਣਾ ਤੇ ਖਾਣਿਆਂ ਪੀਣਿਆਂ ਦੇ ਫੈਸ਼ਨ ਦਾ ਸ਼ਿਕਾਰ ਹੋ ਕੇ ਜੰਕ ਫੂਡ ਯਾਨਿ ਜਮਾਈ ਹੋਈ ਬੇਹੀ ਖੁਰਾਕ ਖਾ ਪੀ ਬਹਿਣਾ ਹੈ। ਖਾਣਿਆਂ ਪੀਣਿਆਂ ਦੀਆਂ ਖਿੱਚਪਾਊ ਐਡਾਂ ਨੇ ਬਹੁਤ ਸਾਰੇ ਬੱਚੇ ਤੇ ਜੁਆਨ ਪੱਟ ਧਰੇ ਹਨ। ਜਨਾਨੀਆਂ ਵਧੇਰੇ ਸਮਾਂ ਰਸੋਈ 'ਚ ਰਹਿੰਦੀਆਂ ਹੋਣ ਕਾਰਨ ਖਾਣ ਪੀਣ ਦੀਆਂ ਵਸਤਾਂ ਨੂੰ ਵਧੇਰੇ ਮੂੰਹ ਮਾਰ ਬਹਿੰਦੀਆਂ ਹਨ। ਇਹੋ ਕਾਰਨ ਹੈ ਕਿ ਜਨਾਨੀਆਂ 'ਚ ਮੁਟਾਪਾ ਮਰਦਾਂ ਨਾਲੋਂ ਵੀ ਵਧਦਾ ਜਾ ਰਿਹੈ।

ਪਿਛਲੇ ਕੁਝ ਸਾਲਾਂ ਤੋਂ ਭਾਰ ਘਟਾਉਣ ਦੇ ਗੁਰ ਤੇ ਦਵਾ ਦਾਰੂ ਦੇ ਨੁਸਖ਼ੇ ਅਰਬਾਂ-ਖਰਬਾਂ ਡਾਲਰਾਂ ਦਾ ਕਾਰੋਬਾਰ ਬਣ ਚੁੱਕੇ ਹਨ। ਵਾਧੂ ਭਾਰ ਘਟਾਉਣ ਦੀ ਪੂਰੀ ਇੰਡਸਟਰੀ ਹੋਂਦ ਵਿਚ ਆ ਗਈ ਹੈ। ਕਿਧਰੇ ਮੈਗਜ਼ੀਨ ਤੇ ਕਿਤਾਬਾਂ ਛਪ ਰਹੀਆਂ ਨੇ ਤੇ ਕਿਧਰੇ ਕਸਰਤੀ ਮਸ਼ੀਨਾਂ ਦੀਆਂ ਕਾਢਾਂ ਕੱਢੀਆਂ ਜਾ ਰਹੀਆਂ ਨੇ। ਯੋਗਾ ਦੇ ਕੈਂਪ ਲੱਗ ਰਹੇ ਹਨ। ਭਾਰ ਘਟਾਊ ਖਾਣੇ ਤਿਆਰ ਕੀਤੇ ਜਾ ਰਹੇ ਹਨ। ਭਾਰ ਘਟਾਉਣ ਵਾਲੀਆਂ ਦਵਾਈਆਂ-ਬੂਟੀਆਂ ਦੀ ਖੋਜ ਹੋ ਰਹੀ ਹੈ ਤੇ ਵਾਧੂ ਭਾਰ ਸਰੀਰ ਤੋਂ ਕੱਟ ਦੇਣ ਲਈ ਸਰਜਰੀਆਂ ਹੋ ਰਹੀਆਂ ਹਨ। ਭਾਰ ਘਟਾਉਣ ਦੇ ਮਾਹਿਰ ਵਕੀਲਾਂ ਵਾਂਗ ਫੀਸਾਂ ਲੈਣ ਲੱਗੇ ਹਨ। ਸਰੀਰਕ ਭਾਰ ਸਾਵਾਂ ਕਰਨ ਵਾਲੇ ਕਲਿਨਿਕ ਖੁੱਲ੍ਹ ਰਹੇ ਹਨ ਤੇ ਡਾਕਟਰ ਅਜਿਹੀ ਗੋਲੀ ਤਿਆਰ ਕਰਨ ਵਿਚ ਮਸਰੂਫ਼ ਹਨ ਜੀਹਦੇ ਸੇਵਨ ਨਾਲ ਵਾਧੂ ਭਾਰ ਘਟ ਸਕੇ। ਅਜਿਹੀ ਕਰਾਮਾਤੀ ਗੋਲੀ ਬਣਾਉਣ ਲਈ ਕਰੋੜਾਂ ਡਾਲਰਾਂ ਦੇ ਪ੍ਰੋਜੈਕਟ ਚੱਲ ਰਹੇ ਹਨ।

ਮੁਟਾਪੇ ਦਾ ਮਸਲਾ ਬੇਸ਼ੱਕ ਗੁੰਝਲਦਾਰ ਹੈ ਪਰ ਆਖ਼ਰ ਨੂੰ ਇਹਦਾ ਹੱਲ ਕਰਨਾ ਹੀ ਪੈਣਾ ਹੈ। ਨਹੀਂ ਤਾਂ 20-22 ਸਾਲ ਦੀ ਉਮਰ ਵਿਚ ਹੀ ਹਾਰਟ ਅਟੈਕ ਹੋਣੇ ਸ਼ੁਰੂ ਹੋ ਜਾਣਗੇ ਜੋ ਕਿਤੇ ਕਿਤੇ ਹੋਣ ਵੀ ਲੱਗ ਪਏ ਹਨ। ਜਿਨ੍ਹਾਂ ਦਾ ਭਾਰ ਵਧ ਗਿਆ ਹੋਵੇ ਜੇ ਉਹ ਕੋਸ਼ਿਸ਼ ਕਰਨ ਤਾਂ ਇਹ ਘਟਾਇਆ ਵੀ ਜਾ ਸਕਦੈ। ਪਰ ਇਹਦੇ ਲਈ ਵਿੱਲ ਪਾਵਰ ਮਜ਼ਬੂਤ ਹੋਣੀ ਚਾਹੀਦੀ ਹੈ। ਵਿੱਲ ਪਾਵਰ ਯਾਨਿ ਦ੍ਰਿੜ ਇਰਾਦੇ ਤੋਂ ਬਿਨਾ ਭਾਰ ਘਟਾਇਆ ਜਾਣਾ ਮੁਸ਼ਕਲ ਹੈ। ਮਨਮਰਜ਼ੀਆਂ ਕਰਨ ਵਾਲੇ ਮੌਜੀ ਬੰਦੇ ਅਜਿਹਾ ਨਹੀਂ ਕਰ ਸਕਦੇ। ਭਾਰ ਘਟਾਉਣ ਬਾਰੇ ਯੋਗੀਆਂ, ਡਾਕਟਰਾਂ, ਕਿਤਾਬਾਂ ਤੇ ਮੈਗਜ਼ੀਨਾਂ ਦੇ ਹਜ਼ਾਰਾਂ ਗੁਰ ਹਨ ਜਿਨ੍ਹਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਪਰ ਸਭ ਤੋਂ ਸਸਤੇ ਤੇ ਸਹੀ ਗੁਰ ਉਂਗਲਾਂ 'ਤੇ ਗਿਣੇ ਜਾਣ ਜੋਗੇ ਹੀ ਹਨ।

ਤੀਵੀਆਂ ਤੇ ਮਰਦਾਂ ਦੇ ਕੱਦ ਕਾਠ ਅਤੇ ਉਮਰ ਮੁਤਾਬਿਕ ਚਾਰਟ ਬਣੇ ਹੋਏ ਹਨ ਜਿਨ੍ਹਾਂ ਵਿਚ ਉਨ੍ਹਾਂ ਦਾ ਆਦਰਸ਼ ਭਾਰ ਦਰਸਾਇਆ ਹੋਇਆ ਮਿਲ ਜਾਂਦਾ ਹੈ। ਮੋਟੇ ਤੌਰ 'ਤੇ ਜਿੰਨੇ ਇੰਚ ਕਿਸੇ ਦਾ ਕੱਦ ਹੋਵੇ ਉਨੇ ਕੁ ਕਿਲੋਗਰਾਮ ਵਜ਼ਨ ਆਦਰਸ਼ ਭਾਰ ਸਮਝਿਆ ਜਾਂਦੈ। ਔਰਤਾਂ ਦਾ ਰਤਾ ਕੁ ਘੱਟ ਤੇ ਪੁਰਸ਼ਾਂ ਦਾ ਰਤਾ ਕੁ ਵੱਧ। ਸਾਢੇ ਪੰਜ ਫੁੱਟੀ ਔਰਤ ਸੱਠ ਕਿਲੋ ਤੋਂ ਥੱਲੇ ਰਹੇ ਤੇ ਛੇ ਫੁੱਟਾ ਮਰਦ ਅੱਸੀ ਕਿਲੋ ਤੋਂ ਨਾ ਟੱਪੇ। ਅੱਜ ਕੱਲ੍ਹ ਭਾਰ ਤੋਲਣ ਵਾਲੀਆਂ ਮਸ਼ੀਨਾਂ ਆ ਗਈਆਂ ਹਨ ਜੋ ਸਰੀਰ ਵਿਚਲੇ ਪਾਣੀ ਤੇ ਚਰਬੀ ਦੀ ਮਿਕਦਾਰ ਵੀ ਦੱਸ ਦਿੰਦੀਆਂ ਹਨ। ਸਰੀਰ ਵਿਚ ਵਧੇ ਪਾਣੀ ਦਾ ਮੁਟਾਪਾ ਤਾਂ ਛੇਤੀ ਕਾਬੂ ਕੀਤਾ ਜਾ ਸਕਦੈ ਜਦ ਕਿ ਚਰਬੀ ਖੋਰਨੀ ਤਕੜੀ ਤਪੱਸਿਆ ਮੰਗਦੀ ਹੈ। ਚਰਬੀ ਬਣਦੀ ਵੀ ਦੇਰ ਨਾਲ ਹੈ ਤੇ ਖੁਰਦੀ ਵੀ ਦੇਰ ਨਾਲ ਹੈ। ਪਰ ਇਹ ਖੁਰ ਜ਼ਰੂਰ ਜਾਂਦੀ ਹੈ ਜੇ ਕੋਈ ਦ੍ਰਿੜ ਇਰਾਦਾ ਧਾਰ ਲਵੇ।

ਪਹਿਲਾ ਗੁਰ ਇਹ ਹੈ ਕਿ ਹਰ ਕੋਈ ਕਲੋਰੀ ਕਾਨਸ਼ਸ ਯਾਨਿ ਭੋਜਨ ਦੀਆਂ ਕਲੋਰੀਆਂ ਤੋਂ ਚੇਤੰਨ ਹੋਵੇ। ਅਜਿਹੇ ਚਾਰਟ ਆਮ ਮਿਲ ਜਾਂਦੇ ਹਨ ਜਿਨ੍ਹਾਂ ਵਿਚ ਖਾਧ ਪਦਾਰਥਾਂ ਦੀਆਂ ਕਲੋਰੀਆਂ ਬਣਾ ਕੇ ਦੱਸੀਆਂ ਹੁੰਦੀਆਂ ਹਨ। ਬਹੁਤ ਸਾਰੇ ਮੁਲਕਾਂ ਵਿਚ ਖਾਣ-ਪੀਣ ਦੀ ਹਰ ਸਮੱਗਰੀ ਦੇ ਲੇਬਲ ਉਤੇ ਲਿਖਿਆ ਹੁੰਦੈ ਕਿ ਇਹਦੇ ਵਿਚ ਕਿੰਨੀਆਂ ਕਲੋਰੀਆਂ ਦੀ ਖੁਰਾਕ ਹੈ। ਬਾਕੀ ਖੁਰਾਕੀ ਅੰਸ਼ ਵੀ ਲਿਖੇ ਹੁੰਦੇ ਹਨ। ਸਾਨੂੰ ਪੰਜਾਬੀਆਂ ਨੂੰ ਮੋਟੇ ਤੌਰ 'ਤੇ ਸਮਝ ਲੈਣਾ ਚਾਹੀਦਾ ਹੈ ਕਿ ਤਲਿਆ ਹੋਇਆ ਪਰੌਂਠਾ ਤਿੰਨ ਸੌ ਕਲੋਰੀਆਂ ਦਾ ਹੋ ਸਕਦਾ ਹੈ ਜਦ ਕਿ ਓਡੀ ਹੀ ਅਣਚੋਪੜੀ ਰੋਟੀ ਸੌ ਕਲੋਰੀਆਂ ਦੀ ਵੀ ਨਹੀਂ ਹੁੰਦੀ। ਕੱਚਾ ਪਿਆਜ਼ ਸਲਾਦ ਆਦਿ ਸੌ ਕਲੋਰੀਆਂ ਦਾ ਵੀ ਨਹੀਂ ਹੁੰਦਾ ਜਦ ਕਿ ਤੜਕੇ ਵਾਲੀ ਦਾਲ ਦੀ ਕੌਲੀ ਹੀ ਤਿੰਨ ਸੌ ਕਲੋਰੀਆਂ ਦੀ ਬਣ ਜਾਂਦੀ ਹੈ। ਘਿਓ ਦਾ ਚਮਚਾ ਪਾਉਣ ਨਾਲ ਉਹੀ ਚਾਰ ਸੌ ਕਲੋਰੀਆਂ ਤੋਂ ਟੱਪ ਜਾਂਦੀ ਹੈ। ਜਿਨ੍ਹਾਂ ਦੀਆਂ ਆਦਤਾਂ ਦਾਲ ਸਬਜ਼ੀ ਵਿਚ ਘਿਓ ਮੱਖਣ ਪਾਉਣ ਦੀਆਂ ਹਨ ਉਨ੍ਹਾਂ ਨੂੰ ਛੱਡ ਦੇਣ ਵਿਚ ਹੀ ਉਨ੍ਹਾਂ ਦਾ ਭਲਾ ਹੈ। ਥੰਧੇ ਤੇ ਮਿੱਠੇ ਵਿਚ ਸਭ ਤੋਂ ਵੱਧ ਕਲੋਰੀਆਂ ਹੁੰਦੀਆਂ ਹਨ। ਮੋਟੇ ਵਿਅਕਤੀਆਂ ਨੂੰ ਥੰਧਾ, ਮਿੱਠਾ ਤੇ ਲੂਣ ਹਰ ਹਾਲਤ ਵਿਚ ਘਟਾ ਦੇਣਾ ਚਾਹੀਦੈ।

ਤਲੇ ਹੋਏ ਖਾਣੇ, ਮਠਿਆਈਆਂ ਤੇ ਸਲੂਣੇ ਨਾ ਖਾਣ ਦਾ ਇਹੋ ਮਤਲਬ ਹੈ ਕਿ ਥੰਧੇ, ਮਿੱਠੇ ਤੇ ਲੂਣ ਦੀ ਵਰਤੋਂ ਘੱਟ ਕੀਤੀ ਜਾਵੇ। ਮੋਟੇ ਬੰਦੇ ਫਲ ਤੇ ਸਬਜ਼ੀਆਂ ਦੀ ਵਰਤੋਂ ਕਰ ਕੇ ਵਜ਼ਨ ਘਟਾ ਸਕਦੇ ਹਨ। ਉਨ੍ਹਾਂ ਨੂੰ ਰੋਟੀਆਂ ਵੀ ਘਟਾਉਣੀਆਂ ਚਾਹੀਦੀਆਂ ਹਨ ਤੇ ਦੁੱਧ ਵੀ ਪਤਲਾ ਮਲਾਈ ਲੱਥਾ ਪੀਣਾ ਚਾਹੀਦੈ। ਜਦੋਂ ਤਕ ਭਾਰ ਕਾਬੂ ਵਿਚ ਨਹੀਂ ਆਉਂਦਾ ਹਰ ਤਰ੍ਹਾਂ ਦਾ ਮਿੱਠਾ, ਹਰ ਤਰ੍ਹਾਂ ਦਾ ਡੇਅਰੀ ਪਦਾਰਥ, ਹਰ ਤਰ੍ਹਾਂ ਦਾ ਮਾਸ ਤੇ ਸੁੱਕਾ ਮੇਵਾ ਖਾਣਾ ਬੰਦ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਬਜ਼ੀ, ਸਲਾਦ ਤੇ ਫਲ ਜਿੰਨੇ ਮਰਜ਼ੀ ਖਾ ਲੈਣ। ਕਈਆਂ ਨੇ ਇਕ ਹਫ਼ਤੇ ਵਿਚ ਹੀ ਸਬਜ਼ੀਆਂ ਫਲਾਂ 'ਤੇ ਰਹਿ ਕੇ ਪੰਜ ਤੋਂ ਦਸ ਪੌਂਡ ਤਕ ਵਾਧੂ ਭਾਰ ਘਟਾਇਆ ਹੈ।

ਜਿੰਨਾ ਕੁਝ ਕੋਈ ਖਾਂਦਾ ਪੀਂਦਾ ਹੈ ਉਹਦੀਆਂ ਕਲੋਰੀਆਂ ਗਿਣਦੇ ਰਹਿਣਾ ਚਾਹੀਦੈ। ਜਿੰਨੀਆਂ ਕਲੋਰੀਆਂ ਢਿੱਡ ਵਿਚ ਪਾਈਆਂ ਨੇ ਜੇ ਉਨੀਆਂ ਹੀ ਬਾਲੀਆਂ ਜਾਂਦੀਆਂ ਨੇ ਤਾਂ ਨਾ ਭਾਰ ਘਟੇਗਾ ਤੇ ਨਾ ਵਧੇਗਾ। ਜੇ ਹਜ਼ਾਰ ਕਲੋਰੀਆਂ ਪਾ ਕੇ ਸਰੀਰਕ ਸਰਗਰਮੀ ਨਾਲ ਡੇਢ ਦੋ ਹਜ਼ਾਰ ਬਾਲ ਦਿੱਤੀਆਂ ਜਾਣ ਤਾਂ ਭਾਰ ਘਟਣਾ ਸ਼ੁਰੂ ਹੋ ਜਾਵੇਗਾ। ਭਾਰ ਘਟ ਜਾਣ ਪਿਛੋਂ ਵੀ ਪੂਰੀ ਇਹਤਿਹਾਤ ਰੱਖਣੀ ਚਾਹੀਦੀ ਹੈ। ਜਿੰਦਣ ਕਲੋਰੀਆਂ ਵੱਧ ਲੈ ਲਈਆਂ ਗਈਆਂ ਤੇ ਸਰੀਰਕ ਮਿਹਨਤ ਘੱਟ ਕੀਤੀ ਗਈ ਉਦਣ ਭਾਰ ਫਿਰ ਵਧ ਜਾਵੇਗਾ।

ਵਰਤ ਰੱਖ ਕੇ ਭਾਰ ਘਟਾਉਣ ਜਾਂ ਡੰਗ ਭੰਨੀ ਜਾਣ ਨਾਲ ਭਾਰ ਘਟਾਉਣਾ ਕੋਈ ਵਧੀਆ ਤਰੀਕਾ ਨਹੀਂ। ਇਸ ਤਰ੍ਹਾਂ ਘਟਾਇਆ ਭਾਰ ਖਾਣ ਪੀਣ ਨਾਲ ਫਿਰ ਵਧ ਜਾਂਦਾ ਹੈ। ਵਧੀਆ ਤਰੀਕਾ ਇਹੋ ਹੈ ਕਿ ਮੋਟੇ ਬੰਦੇ ਆਪਣੀ ਖਾਧ ਖੁਰਾਕ ਦੀ ਸਹੀ ਚੋਣ ਕਰਨ, ਕਲੋਰੀਆਂ ਘਟਾ ਦੇਣ ਤੇ ਸਰੀਰਕ ਕਸਰਤ ਵਧਾ ਦੇਣ। ਲੰਮੇ ਸਮੇਂ ਦਾ ਪ੍ਰੋਗਰਾਮ ਬਣਾਉਣ ਜਿਹੜਾ ਸਾਲਾਂ ਬੱਧੀ ਚੱਲ ਸਕੇ। ਸਰੀਰਕ ਭਾਰ ਹੌਲੀ-ਹੌਲੀ ਲਗਾਤਾਰ ਘਟਾਇਆ ਜਾਵੇ ਤੇ ਆਦਰਸ਼ ਭਾਰ 'ਤੇ ਲਿਆ ਕੇ ਟਿਕਾਅ ਲਿਆ ਜਾਵੇ। ਇਸ ਅਮਲ ਵਿਚ ਹਰ ਵੇਲੇ ਚੇਤੰਨ ਰਹਿਣ ਦੀ ਲੋੜ ਹੈ।

ਪੰਜਾਬੀਆਂ ਖਾਸ ਕਰ ਸਿੱਖਾਂ ਲਈ ਕੜਾਹ ਪ੍ਰਸ਼ਾਦ ਦੀ ਦੇਗ ਤੇ ਥੰਧੇ ਮਿੱਠੇ ਵਾਲਾ ਲੰਗਰ ਵੀ ਉਨ੍ਹਾਂ ਦਾ ਮੁਟਾਪਾ ਵਧਾਉਣ ਵਿਚ ਸਹਾਈ ਹੋ ਰਿਹੈ। ਅਕਸਰ ਵੇਖੀਦੈ ਕਿ ਆਮ ਬਜ਼ੁਰਗ ਤੇ ਬੁੜ੍ਹੀਆਂ ਤਲੇ ਹੋਏ ਪਕੌੜੇ, ਸਮੋਸੇ, ਬਰਫ਼ੀ, ਲੱਡੂ, ਜਲੇਬੀਆਂ, ਦੁੱਧ ਪੱਤੀ ਵਾਲੀ ਚਾਹ, ਪਨੀਰ ਵਾਲੀ ਸਬਜ਼ੀ ਤੇ ਤੜਕੇ ਵਾਲੀ ਦਾਲ ਨਾਲ ਚੋਪੜੇ ਫੁਲਕੇ ਛਕ ਬਹਿੰਦੇ ਹਨ। ਛਕਦੇ ਵੀ ਕੁੱਖਾਂ ਕੱਢਣ ਤਕ ਹਨ ਤੇ ਉਤੋਂ ਦੀ ਪਾਣੀ ਦੀ ਥਾਂ ਦੁੱਧ ਪੀ ਲੈਂਦੇ ਹਨ। ਫਿਰ ਘਰ ਮਗਰੋਂ ਪਹੁੰਚਦੇ ਹਨ ਤੇ ਡਾਕਟਰ ਦੇ ਜਾਣ ਦੀ ਅਪਾਇੰਟਮੈਂਟ ਪਹਿਲਾਂ ਬਣਵਾਉਂਦੇ ਹਨ। ਧੀਆਂ ਪੁੱਤਰਾਂ ਨੂੰ ਦੂਹਰੇ ਚੱਕਰ ਲਾਉਣੇ ਪੈਂਦੇ ਹਨ। ਪਹਿਲਾਂ ਗੁਰਦਵਾਰੇ ਲਿਜਾਣ ਦੇ ਤੇ ਫਿਰ ਡਾਕਟਰ ਨੂੰ ਵਿਖਾਣ ਦੇ। ਡਾਕਟਰ ਟੈਸਟ ਲਿਖ ਦਿੰਦਾ ਹੈ ਜਿਸ ਨਾਲ ਲੈਬਾਰਟਰੀਆਂ ਦੇ ਗੇੜੇ ਲੱਗਦੇ ਹਨ। ਕਿਸੇ ਗੇੜੇ ਗੁਰਦੁਆਰੇ ਦੇ ਲੰਗਰ ਦਾ ਫਿਰ ਗੇੜਾ ਲੱਗ ਜਾਂਦੈ ਤੇ ਭਾਈਏ ਹੋਰਾਂ ਤੋਂ ਪਲੇਟ ਫਿਰ ਊਣੀ ਨਹੀਂ ਰੱਖੀ ਜਾਂਦੀ। ਪਿਛਲੀ ਵਾਰ ਗੁਲਾਬ ਜਾਮਣਾਂ ਦਾ ਗੇੜ ਬਣਿਆ ਹੁੰਦੈ, ਐਤਕੀਂ ਰਸਗੁੱਲਿਆਂ ਦਾ ਗੇੜ ਲੱਗ ਜਾਂਦੈ। ਇਸ ਗੇੜ 'ਚ ਸਾਰਾ ਟੱਬਰ ਈ ਗਧੀਗੇੜ ਪਿਆ ਰਹਿੰਦੈ!

ਦਾਰੂ ਦਾ ਸੇਵਨ ਕਰਨ ਵਾਲਿਆਂ ਨੂੰ ਪਤਾ ਹੀ ਹੋਵੇਗਾ ਕਿ ਦਾਰੂ ਵਿਚ ਬਹੁਤ ਜ਼ਿਆਦਾ ਕਲੋਰੀਆਂ ਹੁੰਦੀਆਂ ਹਨ। ਸ਼ਰਾਬ ਗੁੜ ਦਾ ਹੀ ਬਦਲਿਆ ਰੂਪ ਹੈ। ਪਊਆ ਪੀਣ ਦਾ ਮਤਲਬ ਹੈ ਪਾਈਆ ਗੁੜ ਖਾਣਾ। ਜਿਹੜੇ ਪਿਆਕੜ ਪਊਏ ਨਾਲ ਹੋਰ ਉਰਾ ਪਰਾ ਛਕ ਜਾਂਦੇ ਹਨ ਉਹ ਵਾਧੂ ਬੋਝ ਹੁੰਦੇ। ਉਹ ਆਪ ਹੀ ਹਿਸਾਬ ਲਾ ਲੈਣ ਕਿ ਕਿੰਨੀਆਂ ਕਲੋਰੀਆਂ ਸੰਘੋਂ ਲੰਘਾਉਂਦੇ ਹਨ?

ਚੰਗਾ ਹੋਵੇ ਜੇ ਵੱਧ ਤੋਂ ਵੱਧ ਤੁਰਿਆ, ਵਰਜ਼ਿਆ ਤੇ ਦੌੜਿਆ ਜਾਵੇ। ਜਿਹੋ ਜਿਹੀ ਵੀ ਕਸਰਤ ਹੁੰਦੀ ਹੈ ਕੀਤੀ ਜਾਵੇ। ਘਰਾਂ ਵਿਚ ਪੌੜੀਆਂ ਹਨ ਜਿਨ੍ਹਾਂ ਉਤੇ ਜਿੰਨਾ ਹੋ ਸਕੇ ਚੜ੍ਹਿਆ ਉਤਰਿਆ ਜਾਵੇ। ਯੋਗਾ ਦੇ ਆਸਣ ਕੀਤੇ ਜਾਣ। ਪ੍ਰਾਣਾਯਾਮ ਤੇ ਕਪਾਲਭਾਤੀ ਜਿੰਨੀ ਵਾਰ ਵੀ ਹੋਵੇ ਭਾਰ ਘਟਾਉਣ ਤੇ ਤੰਦਰੁਸਤ ਰਹਿਣ ਲਈ ਠੀਕ ਹੈ। ਖੜ੍ਹੇ ਖੜੋਤੇ ਬੁੜ੍ਹਕਣਾ ਬਹੁਤ ਵਧੀਆ ਕਸਰਤ ਹੈ। ਜਿਹੋ ਜਿਹੀ ਕਿਸੇ ਦੀ ਸਰੀਰਕ ਹਾਲਤ ਹੈ ਤੇ ਜਿਹੋ ਜਿਹੀ ਵੀ ਕੋਈ ਸਰੀਰਕ ਹਿਲਜੁੱਲ ਕਰ ਸਕਦੈ ਉਹ ਉਸ ਨੂੰ ਕਰਦੇ ਰਹਿਣਾ ਚਾਹੀਦੈ। ਜਿਹੜਾ ਬਜ਼ੁਰਗ ਹਰ ਰੋਜ਼ ਦੋ ਕਿਲੋਮੀਟਰ ਦੀ ਸੈਰ ਕਰਦੈ ਉਹ ਦੋ ਸਾਲ ਉਮਰ ਵਧਾ ਸਕਦੈ, ਜਿਹੜਾ ਪੰਜ ਕਿਲੋਮੀਟਰ ਕਰਦੈ ਉਹ ਪੰਜ ਸਾਲ ਤੇ ਜਿਹੜਾ ਦਸ ਕਿਲੋਮੀਟਰ ਤੁਰ ਸਕਦੈ ਉਹ ਦਸ ਸਾਲ ਵੱਧ ਜਿਉਂ ਸਕਦੈ। ਪੱਛਮੀ ਮੁਲਕਾਂ ਵਿਚ ਬਜ਼ੁਰਗਾਂ ਨੂੰ ਬੁਢਾਪਾ ਪੈਨਸ਼ਨ ਲੱਗਦੀ ਹੈ ਇਸ ਲਈ ਉਨ੍ਹਾਂ ਨੂੰ ਤਾਂ ਗੋਰਿਆਂ ਵਾਂਗ ਸੈਰ ਸਪਾਟੇ 'ਤੇ ਚੜ੍ਹਿਆ ਹੀ ਰਹਿਣਾ ਚਾਹੀਦੈ।

ਆਖਰ ਵਿਚ ਮੈਂ ਉਹ ਗੁਰ ਵੀ ਦੱਸਣਾ ਚਾਹਾਂਗਾ ਜਿਹੜਾ ਇਕ ਪਾਰਟੀ ਵਿਚ ਕਿਸੇ ਹੰਢੇ ਵਰਤੇ ਸਿਆਣੇ ਨੇ ਦੱਸਿਆ ਸੀ। ਉਹ ਸਡੌਲ ਜੁੱਸੇ ਵਾਲਾ ਹਸਮੁੱਖ ਸੱਜਣ ਸੀ ਜੋ ਮਹਿਫ਼ਲ ਦਾ ਸ਼ਿੰਗਾਰ ਬਣਿਆ ਹੋਇਆ ਸੀ। ਦਾੜ੍ਹੀ ਭਾਵੇਂ ਬੱਗੀ ਸੀ ਪਰ ਦਿਲ ਜਵਾਨ ਸੀ। ਉਹ ਹੋਰਨਾਂ ਪਿਆਕੜਾਂ ਵਾਂਗ ਮੀਟ ਤੇ ਪਕੌੜਿਆਂ ਨੂੰ ਮੂੰਹ ਨਹੀਂ ਸੀ ਮਾਰ ਰਿਹਾ ਤੇ ਆਪਣੇ ਇਕ ਦੋ ਹਾੜਿਆਂ ਤਕ ਹੀ ਸੀਮਤ ਸੀ। ਉਹ ਜਾਂਦਾ ਜਾਂਦਾ ਲੱਖ ਰੁਪਏ ਦੀ ਗੱਲ ਦੱਸ ਗਿਆ ਅਖੇ ਜਿਹੜਾ ਬੰਦਾ ਤੀਜੇ ਪੈੱਗ ਤੇ ਤੀਜੀ ਰੋਟੀ ਨੂੰ ਨਾਂਹ ਕਰ ਸਕਦੈ ਉਹ ਦਸ ਵਰ੍ਹੇ ਵੱਧ ਜਿਉਂ ਸਕਦੈ। ਇਹ ਹੁਣ ਜਿਉਣ ਵਾਲਿਆਂ 'ਤੇ ਨਿਰਭਰ ਕਰਦੈ ਕਿ ਉਹ ਵੱਧ ਜਿਊਣਾ ਚਾਹੁੰਦੇ ਨੇ ਜਾਂ ਘੱਟ?

# ਵਿਵਰਜਤ ਰਿਸ਼ਤਿਆਂ ਦਾ ਕਹਾਣੀਕਾਰ

# ਪ੍ਰੇਮ ਪ੍ਰਕਾਸ਼

-ਮੋਹਨ ਭੰਡਾਰੀ

## ਰਾਤ ਦੇ ਉਣੀਂਦਰੇ ਨੇ ਮਾਰਿਆ

**ਇਹ** ਲੇਖਨੁਮਾ ਬਿਆਨ ਮੈਂ ਆਪਣੀ ਜ਼ਮੀਰ ਦੇ ਰੂ-ਬ-ਰੂ ਹੋ ਕੇ ਦੇ ਰਿਹਾਂ, ਕਿਉਂਕਿ ਮੇਰੀ ਨਜ਼ਰ 'ਚ ਇਸ ਤੋਂ ਵੱਡੀ ਹੋਰ ਕੋਈ ਕਚਹਿਰੀ ਨਹੀਂ ਤੇ ਇਸਦੇ ਸਾਹਮਣੇ ਕਿਸੇ ਧਾਰਮਿਕ ਗ੍ਰੰਥ 'ਤੇ ਹੱਥ ਰੱਖਕੇ ਇਹ ਸਹੁੰ ਵੀ ਚੁੱਕਣੀ ਨਹੀਂ ਪੈਂਦੀ, 'ਮੈਂ ਜੋ ਕਹਾਂਗਾ, ਸੱਚ ਕਹਾਂਗਾ, ਸੱਚ ਦੇ ਸਿਵਾਏ ਕੁਝ ਨਹੀਂ ਕਹਾਂਗਾ।' ਜਦੋਂ ਕੋਈ ਇਹ ਸ਼ਪਥ ਲੈ ਰਿਹਾ ਹੁੰਦੈ ਤਾਂ ਉਹਦੇ ਧੁਰ ਅੰਦਰ ਕਿਤੇ ਜ਼ਮੀਰ ਹੱਸ ਰਹੀ ਹੁੰਦੀ ਐ।' ਜਿਵੇਂ ਆਪਣੀ ਮੂਕ ਭਾਸ਼ਾ ਵਿਚ ਕਹਿ ਰਹੀ ਹੋਵੇ, ''ਇਹ ਬੰਦਾ ਨਿਰਾ ਫਰਾਡ ਐ ਤੇ ਡਰਾਮਾ ਕਰ ਰਿਹੈ।' ਇਹੋ ਜਿਹੀ ਕਚਹਿਰੀ ਵਿਚ, ਇਉਂ ਸੱਚ ਦਾ ਕਚੀਹਰਾ ਹੁੰਦਿਆਂ ਤੇ ਉਸਦੇ ਝੂਠਾ ਪੈਂਦਿਆਂ ਦੇਖ ਬੰਦਾ ਪ੍ਰੇਮ ਪ੍ਰਕਾਸ਼ ਹੋ ਕੇ ਰਹਿ ਜਾਂਦੈ।

ਇਹੀ ਹੈ ਪ੍ਰੇਮ ਪ੍ਰਕਾਸ਼ ਦਾ ਸੰਕਟ।

ਕਈ ਵੇਰਾਂ ਮੇਰਾ ਜੀਅ ਕਰਦੈ ਕਿ ਉਹਨੂੰ ਪ੍ਰੇਮ ਪ੍ਰਕਾਸ਼ ਦੀ ਥਾਂ ਸੰਕਟ ਮੱਲ ਆਖਾਂ। ਕਿਉਂਕਿ ਜਿੱਥੋਂ ਤੱਕ ਮੇਰੀ ਜਾਣਕਾਰੀ ਹੈ, ਉਹ ਆਪਣੇ, ਆਪਣੇ ਘਰਦਿਆਂ, ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ, ਸਹੇਲੀਆਂ, ਨੌਕਰਸ਼ਾਹ-ਮਾਲਕਾਂ, ਸਾਹਿਤਕ ਸਭਾਵਾਂ ਤੇ ਸੰਸਥਾਵਾਂ ਅਤੇ ਖ਼ੁਦ ਕਹਾਣੀ ਲਈ ਸੰਕਟ ਬਣਿਆ ਰਿਹਾ। ਹੁਣ ਵੀ ਹੈ। ਉਹ ਇਹੋ ਜਿਹਾ ਛਲੇਡਾ ਹੈ, ਜਿਹੜਾ ਸਮਝਦੈ ਕਿ ਉਹਨੂੰ ਕੋਈ ਨਹੀਂ ਸਮਝਦਾ। ਜੇ ਕੋਈ ਇਕ ਅੱਧ ਸਮਝਦਾ ਵੀ ਹੈ ਤਾਂ ਲੋਕ ਉਹਨੂੰ ਨਹੀਂ ਸਮਝਦੇ। ਇਹ ਇਕ ਅਬੁੱਝ ਅਤੇ ਅਦਭੁਤ ਅੜਾਉਣੀ ਹੈ।

'ਰਹੱਸ' ਉਹਦਾ ਮੂਲਮੰਤਰ ਹੈ।

ਉਹਦੀ ਸ਼ਖ਼ਸੀਅਤ ਮੋਟੇ ਤੌਰ 'ਤੇ ਇਹਨਾਂ ਚਾਰ ਸ਼ਬਦਾਂ ਵਿਚ ਫੈਲੀ ਹੋਈ ਹੈ-' 'ਸੰਕਟ', 'ਟੈਨਸ਼ਨ', 'ਡਿਪਰੈਸ਼ਨ' ਅਤੇ 'ਉਲਝਣ'। ਜੇ ਤੁਹਾਨੂੰ ਸਪੱਸ਼ਟ ਹੋਣ, ਸਮਝਣ ਵਿਚ ਕੋਈ ਉਲਝਣ ਹੋਵੇ ਤਾਂ ਘੁਟਣ 'ਚੋਂ ਨਿਕਲ, ਹਵਾਹਾਰੇ ਬੈਠਕੇ ਸੋਚੋ। ਫਿਰ ਇਹਨਾਂ ਚਾਰੇ ਸ਼ਬਦਾਂ ਦੀਆਂ ਥਾਵਾਂ ਬਦਲਕੇ ਦੇਖ ਲਓ। ਵਿਚੋਂ ਨਿਕਲੂਗਾ ਓਹੀ : ਮਾਰ ਖੁੰਡ੍ਹਾ, ਬੋਤੇ ਵਰਗਾ ਖੋਰੀ, ਬਦਲੇਖੋਰ, ਕਿਸੇ ਦੀ ਕੀਤੀ ਜਾ ਕਹੀ ਮਾੜੀ ਗੱਲ ਨੂੰ ਚਿੱਤ 'ਚ ਰੱਖਣ ਵਾਲਾ, ਅੜਬ, ਨਿਰਦਈ, ਨਿਰਮੋਹਾ, ਪ੍ਰਸੰਸਾਮਈ ਸ਼ਬਦਾਂ ਦਾ ਕੰਜੂਸ, ਮੀਸਣਾ, ਤੋਤਾ ਚਸ਼ਮ, ਹਰ ਗੱਲ 'ਚ ਅਗਲੇ ਨੂੰ ਖੂੰਜੇ ਲਾਉਣ ਲਈ ਕਾਹਲਾ ਤੇ ਆਪਣੀ ਪੁਗਾਉਣ ਵਾਲਾ ਧੱਕੜ ਕਹਾਣੀਕਾਰ ਪ੍ਰੇਮ ਪ੍ਰਕਾਸ਼। ਇਸ ਸਬੰਧੀ ਇੱਕ ਸੱਜਰਾ ਕਿੱਸਾ ਸੁਣੋ ਜਿਸਦਾ ਪਿਛੋਕੜ ਬੇਹਾ ਹੈ;

ਅਸੀਂ ਲਗਭਗ ਪਿਛਲੇ ਚਾਲੀ ਵਰ੍ਹਿਆਂ ਤੋਂ ਮਿਲਦੇ ਰਹੇ ਆਂ, ਘਰਾਂ ਵਿਚ, ਦੋਸਤਾਂ ਦੀਆਂ ਮਹਿਫਲਾਂ ਵਿਚ, ਕਹਾਣੀ ਦਰਬਾਰਾਂ ਵਿਚ ਅਤੇ ਗੋਸ਼ਟੀਆਂ ਵਿਚ। ਇਸਦੇ ਬਾਵਜੂਦ, ਸਾਡੀ ਨੇੜੇ-ਨੇੜੇ, ਢੁੱਕ-ਢੁੱਕ ਬੈਠਿਆਂ ਦੀ ਮੈਨੂੰ ਕੋਈ ਤਸਵੀਰ ਨਾ ਲੱਭੀ। ਫੇਰ ਮੈਂ ਉਹਨੂੰ ਲਿਖਿਆ, 'ਮੈਂ ਤੇਰਾ ਰੇਖਾ-ਚਿੱਤਰ ਲਿਖਣਾ ਚਾਹੁਨੈਂ। ਆਪਣੀ ਦੋਨਾਂ ਦੀ ਕੋਈ ਤਸਵੀਰ ਭੇਜ।' ਉਹਨੇ ਜਿਹੜੀ ਤਸਵੀਰ ਭੇਜੀ, ਉਸ ਵਿਚ ਉਹ ਐਨ ਕੇਂਦਰੀ ਥਾਂ ਮੱਲੀਂ ਖੜ੍ਹੈ। ਖਚਰੀ ਤੇ ਮਚਲੀ ਮੁਸਕਰਾਹਟ ਬਿਖੇਰਦਿਆਂ ਤੇ ਮੈਂ ਖੂੰਜੇ ਲੱਗਿਆ ਖੜ੍ਹਾਂ! ਖੁੱਲ੍ਹਾ, ਖੁਲਾਸਾ, ਖੁਸ਼! ਖੂੰਜੇ ਲਾਉਣ ਦੀ ਉਹਦੀ ਕੋਸ਼ਿਸ਼ 'ਤੇ ਮੈਂ ਇਤਰਾਜ਼ ਕੀਤਾ, ਤਾਂ ਜਨਾਬ ਨੇ ਫਰਮਾਇਆ, 'ਤੇਰੇ ਨਾਲ ਇਕ ਫੋਟੋ ਚੰਗੀ ਵੀ ਸੀ। ਫੋਟੋਆਂ ਦੇਖੀਆਂ, ਉਹ ਲੱਭੀ ਨਹੀਂ। ਇੱਕ-ਦੋ ਰੋਪੜ 'ਚ ਦਿਲ (ਲਾਲ ਸਿੰਘ ਦਿਲ) ਦੇ ਸਨਮਾਨ ਦੀਆਂ ਮਿਲੀਆਂ। ਇਹਨਾਂ 'ਚ ਵੀ ਤੈਨੂੰ ਓਹੀ ਸ਼ਿਕਾਇਤ ਹੋਵੇਗੀ ਜਿਹੜੀ ਏਸ 'ਚ ਹੈ।-ਜਿਹੋ ਜਿਹੀਆਂ ਲੱਭੀਆਂ, ਠੀਕ ਨੇ।-ਇਹਨਾਂ ਨਾਲ ਈ ਸਾਰ ਲੈ। ਅਖ਼ਬਾਰਾਂ ਵਾਸਤੇ ਇਹੀ ਠੀਕ ਨੇ।' ਲੰਬਾ ਸਮਾਂ ਅਖ਼ਬਾਰਾਂ 'ਚ ਕੰਮ ਕਰਦਿਆਂ ਇਹਨਾਂ ਪ੍ਰਤੀ ਉਹਦੀ ਅਲਰਜੀ ਤੀਬਰ ਹੋਈ। ਉਹ ਹੋਰ ਵੀ ਸਨਕੀ ਅਤੇ ਦਕਿਆਨੂਸੀ ਹੋ ਗਿਆ। ਓਦੋਂ, ਓਥੇ ਦੀ ਸਸਤੀ ਤੇ ਹਲਕੀ ਪੱਤਰਕਾਰੀ, ਅਣਸੁਖਾਵਾਂ ਵਾਤਾਵਰਣ, ਕੰਮ ਕਰਨ ਦਾ ਕੁਵਕਤ ਕੁਵੇਲਾ, ਮਾਲਕਾਂ ਨਾਲ ਖਿੱਚੋਤਾਣ ਨੇ ਉਹਨੂੰ ਚਿੜਚਿੜਾ ਤੇ ਅੱਖੜ ਬਣਾਕੇ ਰੱਖ ਦਿੱਤਾ। ਉਪੱਦਰੀ ਤੇ ਹਿੰਸਕ। ਅਜਿਹਾ ਬੰਦਾ ਜੋ ਕਦੇ ਚੰਗੇ ਬੰਦੇ ਨਾਲ ਵੀ ਮੰਦਾ ਵਿਹਾਰ ਕਰਦਿਆਂ ਤ੍ਰਿਪਤੀ ਮਹਿਸੂਸ ਕਰੇ। ਓਪਰੇ ਅਤੇ ਅਣਜਾਣ ਬੰਦੇ ਨੂੰ ਇਹ ਬਹੁਤ ਖ਼ਤਰਨਾਕ ਵਤੀਰਾ ਲੱਗ ਸਕਦੈ। ਸ਼ਾਇਦ ਇਹ ਘੱਟ ਲੱਗੇ ਜੇ ਉਹਦੇ ਆਤਮ-ਕਥਨ 'ਬੰਦੇ ਅੰਦਰ ਬੰਦੇ' ਵਿਚੋਂ ਉਹਦੀਆਂ ਇਹ ਸਤਰਾਂ ਪੜ੍ਹੀਆਂ ਹੋਣ :....ਮੈਂ ਆਪਣੇ ਤੌਰ 'ਤੇ ਇਹ ਨੌਕਰੀ ਕਰਦਾ ਹੋਇਆ ਆਪਣੇ ਆਪ ਨੂੰ ਜ਼ਲੀਲ ਜਿਹਾ ਮਹਿਸੂਸ ਕਰਦਾ ਸੀ।

ਪਿਛਲੇ ਦੋ ਵਰ੍ਹੇ ਮੈਂ ਅੰਤਾਂ ਦੀ ਟੈਨਸ਼ਨ 'ਚ ਕੱਟੇ ਸਨ। ਮੈਨੂੰ ਤੰਗ ਕਰਨ ਲਈ ਮੇਰੀ ਰਾਤ ਦੀ ਡਿਊਟੀ ਪੱਕੇ ਤੌਰ 'ਤੇ ਲਾ ਦਿੱਤੀ ਗਈ ਸੀ। ਜੀਹਦੇ ਨਾਲ ਮੈਨੂੰ ਨੀਂਦ ਨਾ ਆਉਣ ਦੀ ਬੀਮਾਰੀ ਹੋ ਗਈ ਸੀ। ਮੈਂ ਗੋਲੀ ਖਾ ਕੇ ਸੌਣ ਲੱਗ ਪਿਆ ਸੀ। ਅਕਸਰ ਡੀਪ੍ਰੈਸ਼ਨ ਰਹਿੰਦੀ ਸੀ। ਮਾਲਕ ਮੇਰੇ ਕੰਮ ਤੋਂ ਖੁਸ਼ ਸਨ ਪਰ ਸੁਭਾਅ ਤੋਂ ਔਖੇ ਸਨ।' ਪੰਜਾਬ ਵਿਚ ਅਤਿਵਾਦ ਦਾ ਸਿਖ਼ਰ ਹੋਣ ਕਾਰਨ ਉਹ ਡਿਊਟੀ ਪਿੱਛੋਂ ਦਫ਼ਤਰ ਹੀ ਸੌਂਦਾ, ਮਸ਼ੀਨਾਂ ਦੇ ਖੜਕੇ, ਸ਼ੋਰ-ਸ਼ਰਾਬੇ ਵਿਚ ਜਦੋਂ ਨੀਂਦ ਟਲ ਜਾਣੀ ਤਾਂ ਸਾਥੀਆਂ ਨਾਲ ਲਚਰ ਗੱਪਾਂ ਮਾਰਨ ਦਾ ਉਹਨੂੰ ਭੁਸ ਪੈ ਗਿਆ। ਚਲੋ ਤੁਹਾਡੀ ਟੈਨਸ਼ਨ ਘਟਾਈਏ ਤੇ ਇਕ ਲਤੀਫ਼ਾ ਸੁਣਾਈਏ : ਬਕੌਲ ਭੂਸ਼ਨ ਧਿਆਨਪੁਰੀ-ਹਿੰਦ ਸਮਾਚਾਰ ਦੀ ਬਿਲਡਿੰਗ ਸਾਹਮਣੇ ਸੀ ਆਰ.ਪੀ.ਐਫ. ਵਾਲਿਆਂ ਉਹਦੀ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ। ਪਛਾਣ-ਪੱਤਰ ਦਿਖਾਉਣ ਦੇ ਬਾਵਜੂਦ। ਸੁਖ ਨਾਲ ਸ਼ਕਲ ਵੀ ਉਹਦੀ ਨਮਾਜ਼ੀਆਂ ਵਰਗੀ ਹੈ। ਜਦੋਂ ਨਾ ਹਟੇ ਤਾਂ ਉਹਨੇ ਆਪਣਾ ਕੁੜਤਾ, ਬੁਗਚਾ ਤੇ ਜਾਕਟ ਲਾਹਕੇ ਉਹਨਾਂ ਮੂਹਰੇ ਵਗਾਹ ਕੇ ਮਾਰੇ। 'ਪੈਂਟ ਵੀ ਲਾਹ ਦਿਆਂ?' ਕਹਿ ਕੇ ਤਪਿਆ-ਖਪਿਆ ਉਹ ਪੌੜੀਆਂ ਚੜ੍ਹ ਗਿਆ। ਕੁੱਝ ਚਿਰ ਪਿੱਛੋਂ ਪੁਲਸੀਏ ਆਪਣੀ ਗਲਤੀ ਮਹਿਸੂਸ ਕਰਦਿਆਂ ਕੱਪੜੇ ਦੇਣ ਆਏ ਤਾਂ ਉਹ ਭੱਜਕੇ ਪਿਆ, ''ਚੋਪੜੇ (ਵਿਜੇ ਕੁਮਾਰ ਚੋਪੜਾ, ਅਖ਼ਬਾਰ ਦਾ ਮਾਲਕ) ਨੂੰ ਦਿਓ ਜਾ ਕੇ। ਜੀਹਨੇ ਥੋਡੀ ਡਿਊਟੀ ਲਗਵਾਈ ਏ!'' ਸਿਆਲ ਦੀ ਠੰਡੀ ਰੁੱਤ ਵਿਚ ਉਹਦਾ ਨੰਗਾ ਪਿੰਡਾ ਭਾਫਾਂ ਛੱਡ ਰਿਹਾ ਸੀ।



ਉਸ ਅਨੁਸਾਰ ਚੋਪੜਾ ਸਾਹਿਬ ਅਤੇ ਉਹ ਜਦੋਂ ਵੀ ਆਹਮੋ-ਸਾਹਮਣੇ ਹੋਏ ਦੋਨਾਂ ਨੂੰ ਟੈਨਸ਼ਨ ਹੋਈ। ਉਹ 7 ਅਪ੍ਰੈਲ 1990 ਨੂੰ ਹਿੰਦ ਸਮਾਚਾਰ ਦੀ ਸਬ ਐਡੀਟਰੀ ਤੋਂ ਰਿਟਾਇਰ ਹੋਇਆ ਤੇ ਮੁੜਕੇ ਕਿਤੇ ਨੌਕਰੀ ਨਹੀਂ ਕੀਤੀ। ਅਖ਼ਬਾਰ ਦੇ ਦਫ਼ਤਰ ਵਿਚ ਉਹਦੇ ਮਾੜੇ ਹਾਲਾਤ ਬਾਰੇ ਰਤਾ ਕੁ ਹੋਰ ਦੱਸ ਦਿਆਂ ਤਾਂ ਟੈਨਸ਼ਨ ਮਹਿਸੂਸ ਨਾ ਕਰਨਾ, ਪਲੀਜ਼! ਆਪਸਦਾਰੀ ਦੀ ਗੱਲ ਐ, ਇਹ ਸਮਝਕੇ ਮਾਫ ਕਰ ਦਿਓ ਕਿ ਇਹ ਮੇਰਾ ਝੱਲ ਐ। ਨਾਲੇ ਇਸਤੋਂ ਉਹਦੀ ਤੁਣਕ-ਮਿਜਾਜ਼ੀ ਦਾ ਰਤਾ, ਪਤਾ ਲੱਗ ਜਾਵੇਗਾ। ਰਿਟਾਇਰਮੈਂਟ ਤੋਂ ਲਗਫਗ ਦਸ ਵਰ੍ਹੇ ਪਹਿਲਾਂ ਮਿਤੀ 14-7-1980 ਨੂੰ ਉਹਨੇ ਮੈਨੂੰ ਲਿਖਿਆ, 'ਮੈਨੂੰ ਹੁਣ ਯਾਦ ਨਹੀਂ ਪਈ ਕਿਹੜੀ ਗੱਲ ਤੈਨੂੰ ਚੁਭਣ ਵਾਲੀ ਲਿਖੀ ਗਈ। ਮੇਰਾ ਮਕਸਦ ਹਰਗਿਜ਼ ਇਹ ਨਹੀਂ ਸੀ। ਹੋ ਸਕਦਾ ਹੈ ਕੋਈ ਟਿੱਚਰ ਕਰ ਹੋ ਗਈ ਹੋਵੇ। ਚਲ ਕੋਈ ਨਾ, ਮੈਂ ਤੈਥੋਂ ਕੁਝ ਵਰ੍ਹੇ ਵੱਡਾ ਹਾਂ। ਆਪਣੇ-ਆਪ ਨੂੰ ਛੋਟਾ ਭਾਈ ਮੰਨਕੇ ਜਰ ਲੈ। ਤੇਰੀ ਇਹ ਗੱਲ ਠੀਕ ਹੈ ਕਿ ਮੇਰੇ ਦਫਤਰ ਦਾ ਮਾਹੌਲ ਸੁਖਾਵਾਂ ਨਹੀਂ। ਮੇਰਾ ਕੰਮ ਵੀ ਚੰਗਾ ਨਹੀਂ। ਪਰ ਲਗਦੈ, ਇਹ ਹਾਲ ਮੇਰਾ ਹਰ ਥਾਂ ਹੋਣਾ ਸੀ। ਮੈਂ ਨੌਂ ਸਾਲ ਟੀਚਰ ਰਿਹਾ, ਓਥੇ ਵੀ ਇਹੀ ਹਾਲ ਸੀ। ਮੇਰੇ 'ਚ ਤਲਖ਼ੀ ਦੀ ਕੋਈ ਹੱਦ ਨਹੀਂ ਸੀ। ਤਦੇ ਮੈਂ ਦੋ-ਤਿੰਨ ਪੇਸ਼ੇ ਬਦਲੇ। ਹੁਣ ਫੇਰ ਬਦਲਣਾ ਚਾਹੁੰਦਾ ਹਾਂ। ਤੇਰੇ ਦਫ਼ਤਰ 'ਚ ਵੀ ਮੇਰਾ ਇਹੀ ਹਾਲ ਹੋਣਾ।-ਸ਼ੁਕਰ ਹੈ...ਹੁਣ ਮੇਰੇ 'ਚ ਅੰਤਾਂ ਦਾ ਸੰਜਮ ਪੈਦਾ ਹੋ ਗਿਆ ਹੈ। ਹੁਣ ਮੈਂ ਕਦੇ ਉਲਾਰ ਨਹੀਂ ਹੁੰਦਾ। ਤੈਨੂੰ ਚਿੱਠੀ ਲਿਖਣ ਵੇਲੇ ਵੀ ਨਹੀਂ ਸੀ।'

ਉਹ ਚਿੱਠੀ ਸੀ ਕੋਈ? ਚਿੱਠਾ ਸੀ! (ਜਿਸਦਾ ਕੱਚਾ ਚਿੱਠਾ ਫੋਲਾਂ ਤਾਂ ਗੱਲ ਤੂਲ ਫੜ ਜਾਏਗੀ। ਤੇ ਉਹਦੇ ਕਾਲਜੇ ਲੜ ਜਾਏਗੀ। ਸੋ ਸੰਖੇਪ 'ਚ ਇੰਝ ਹੈ- 'ਮੇਰੀ ਕਹਾਣੀ 'ਏਨਾ ਵੱਡਾ ਅਪਮਾਨ' (ਹੁਣ ਇੱਕ ਨਿੱਕਾ ਜਿਹਾ ਹਾਦਸਾ) ਪੜ੍ਹਕੇ 'ਚੰਗੀ ਕਹਾਣੀ' ਜੀਹਦੇ ਬਾਰੇ ਇਕਦਮ ਕੋਈ ਗੱਲ ਕਹਿਣੀ ਔਖੀ ਚਿਤਾਰਦਿਆਂ ਉਹਨੇ ਕਈ ਪਤੇ ਦੀਆਂ ਗੱਲਾਂ ਕਹੀਆਂ ਜਿਹੜੀਆਂ ਬਾਅਦ 'ਚ ਬਿਹਤਰ ਲਿਖਣ 'ਚ ਸਹਾਈ ਹੋਈਆਂ ਪਰ ਵਿਚ-ਵਿਚ ਤਿੱਖੀ ਚੁੰਜ ਵਾਲੀਆਂ ਠੁੰਗਾਂ ਵੀ ਮਾਰੀਆਂ, 'ਇਹ ਗੱਲ ਰੜਕੀ, ਔਹ ਰੜਕੀ, ਲੱਗਿਆ ਇਹ ਵਿਰਦੀ ਦੀ ਸੰਗਤ ਦਾ ਅਸਰ ਹੈ।' ਫੇਰ ਇਕ ਕਸਵੀਂ ਡੂੰਘੀ ਠੁੰਗ, 'ਕੁਝ ਦਿਨ ਹੋਏ ਤੇਰਾ ਜ਼ਿਕਰ ਚੱਲਿਆ ਤਾਂ ਮੈਂ ਕਿਹਾ ਉਹ ਮੇਰੇ ਨਾਲੋਂ ਕਿਤੇ ਵੱਧ ਮਕਬੂਲ ਤੇ ਇਨਾਮ-ਯਾਫਤਾ ਲੇਖਕ ਹੈ।' ਇਹੋ ਜਿਹਾ ਸਿਫਤੀ ਫ਼ਿਕਰਾ ਸੁਣ-ਪੜ੍ਹਕੇ ਕੋਈ ਸਿੱਧਰਾ ਲੇਖਕ ਖੁਸ਼ੀ ਵਿਚ ਝੂਮਣ ਲੱਗ ਪਏ। ਪਰ ਮੈਂ ਜਾਣਦਾ ਸੀ- 'ਉਹ ਪ੍ਰੇਮ ਪ੍ਰਕਾਸ਼ ਐ ਤੇ ਕਿੱਥੋਂ ਬੋਲਦੈ!'

ਕਿਤੇ ਇਕ ਪੰਗੈ! ਉਸ ਬੰਦੇ ਅੰਦਰ ਇਕ ਹੋਰ ਬੰਦੈ ਤੇ ਉਹਦੀ ਗੱਲ ਅੰਦਰ ਹੋਰ ਗੱਲ। ਜਿਸਦਾ ਕਈ ਬੰਦਿਆਂ ਨੂੰ ਬਾਅਦ ਵਿਚ ਪਤਾ ਲਗਦੈ। ਉਹਦੀ ਖਚਰੀ ਮੁਸਕਰਾਹਟ ਅਤੇ ਮੱਥੇ ਦੀਆਂ ਤਿਉੜੀਆਂ ਵਿਚ ਸ਼ਰਾਰਤੀ ਕਹਾਣੀਆਂ ਅੰਗੜਾਈ ਲੈਂਦੀਆਂ ਦਿਖਾਈ ਦੇ ਜਾਂਦੀਆਂ ਨੇ। ਬੱਸ ਦੇਖਣ ਵਾਲੀ ਅੱਖ ਚਾਹੀਦੀ ਐ। ਮਾੜੀ ਮੋਟੀ ਅੱਖ ਨੂੰ ਉਹ ਕੱਖ ਨਹੀਂ ਸਮਝਦਾ।

ਉਹਦੇ ਵਤੀਰੇ ਵਿਚ ਮੜਕ ਤੇ ਸੀਨੇ ਵਿਚ ਰੜਕ ਰਹਿੰਦੀ ਐ। ਉਹਨੂੰ ਕਹਾਣੀ ਦਾ ਜਿੰਨਾ ਭੇਤ ਆਉਂਦਾ ਹੈ, ਉਸ ਤੋਂ ਕਿਤੇ ਵਧ ਉਹ ਜਤਾਉਂਦਾ ਹੈ। ਇਉਂ ਸਿਖਾਂਦਰੂਆਂ ਉੱਤੇ ਰੋਅਬ ਪਾਉਂਦਾ ਹੈ। ਉਹਦੀ ਨੋਕ-ਝੋਕ 'ਚੋਂ ਕਦੇ-ਕਦੇ ਚੁਭਵਾਂ ਸੁਆਦ ਵੀ ਆਉਂਦਾ ਹੈ। ਇਕ ਦਾ ਸੁਆਦ ਤਾਂ ਤੁਸੀਂ ਵੀ ਲੈ ਲਓ। ਜਲੰਧਰ ਸ਼ਹਿਰ ਕੇ ਬਿੱਚ ਮਾਂ ਉਸਦੀ, ਕਿਸੇ ਸਮੇਂ ਰਹੇ ਲੰਗੋਟੀਏ ਯਾਰਾਂ ਲੇਖਕਾਂ ਨਾਲ ਅਣਬਣ ਹੋਈ ਤਾਂ ਉਹਨੇ ਨਵੀਂ ਸਭਾ ਸਜਾ ਲਈ। ਮੀਟਿੰਗ ਲਈ ਸੱਦਾ-ਪੱਤਰ ਸੋਚ-ਸਮਝਕੇ ਤਿਆਰ ਕੀਤਾ ਤੇ ਛਪਵਾ ਲਿਆ। ਇਕ ਸਤਰ ਮੋਟੇ ਅੱਖਰਾਂ 'ਚ ਇਉਂ ਸੀ- 'ਸਾਡੀ ਸਭਾ ਗੈਰ ਸਰਕਾਰੀ ਏ!' ਉਹਦੀ ਖੁੰਦਕ ਹੱਦਾਂ ਬੰਨੇ ਟੱਪ ਜਾਂਦੀ ਐ। ਉਹਦਾ ਵਿਹਾਰ ਕਦੇ-ਕਦੇ ਏਨਾ ਰੁੱਖਾ ਹੋ ਜਾਂਦੈ ਕਿ ਅਗਲਾ ਇੰਝ ਸੋਚਣ ਲਈ ਮਜਬੂਰ ਹੋ ਜਾਂਦੈ: 'ਵਾਰਿਸ ਸ਼ਾਹ ਨਾ ਏਸ ਦਾ ਰਸਾ ਮਿੱਠਾ, ਇਹ ਤਾਂ ਕਾਠ ਕਮਾਦ ਦੀ ਗੰਠ ਹੈ ਨੀਂ'। ਇਸ ਸਬੰਧੀ ਦੋ ਮਿਸਾਲਾਂ ਦੇਣ ਦੀ ਆਗਿਆ ਦਿਓ। ਪਹਿਲ ਪ੍ਰਿਥਮੇ ਮੈਂ ਲਿਖਿਆ 'ਮੇਰੇ ਸਹੁਰਾ ਸਾਹਿਬ ਦੀ ਮੌਤ ਹੋ ਗਈ, ਫਲਾਣੀ ਤਾਰੀਖ਼ ਨੂੰ!' ਜਨਾਬ ਦਾ ਜਵਾਬ ਆਇਆ, 'ਮੈਨੂੰ ਅਫਸੋਸ ਨਹੀਂ ਕਰਨਾ ਆਉਂਦਾ' ਦੂਜੀ ਵਾਰ ਮੈਂ ਸੱਦਾ-ਪੱਤਰ ਭੇਜਿਆ, 'ਮੇਰੇ ਬੇਟੇ ਰਾਹੁਲ ਦਾ ਵਿਆਹ ਹੈ। ਪਰਿਵਾਰ ਸਮੇਤ ਪਧਾਰਨ ਦੀ ਕ੍ਰਿਪਾਲਤਾ ਕਰਨੀ ਜੀ।' ਉਸਦਾ ਫਰਮਾਨ ਆਇਆ, 'ਰਾਤ ਦਾ ਵਿਆਹ ਨੀਂ ਅਟੈਂਡ ਹੁੰਦਾ। ਮੈਂ ਖਾ-ਪੀ ਵੀ ਨਹੀਂ ਸਕਦਾ।' ਫੇਰ ਆਉਣ ਦਾ ਫ਼ਾਇਦਾ?'

ਉਹ ਮਰਦ ਲੇਖਕ ਹੈ। ਗੱਲ ਤਾਂ ਯਕੀਨ ਦੀ ਹੈ। ਏਨਾ ਜ਼ਰੂਰ ਆਖਾਂਗਾ ਕਿ ਉਹ ਪਿਆਰ ਵਿਚ ਅਗਲੇ ਦਾ ਓੜਕ ਲੈਂਦਾ ਏ। ਉਹਦੇ ਨਾਲ ਆਖ਼ਰ ਤੱਕ ਨਿਭਣਾ ਤੇ ਪੁੱਗਣਾ ਆਸਾਨ ਨਹੀਂ। ਜਿਹੜੇ ਬੰਦੇ ਅੱਕ-ਥੱਕ ਤੇ ਹਾਰ ਹੁੱਟ ਕੇ ਅੱਧ-ਵਿਚਾਲੇ ਰਹਿ ਜਾਂਦੇ ਨੇ, ਉਹਨਾਂ ਦੀਆਂ ਰੂਹਾਂ ਵਿਚੋਂ, ਕੋਈ ਹਾਉਕੇ-ਹਾਵੇ ਲੈਂਦੀ ਇਉਂ ਕੁਰਲਾਏਗੀ। 'ਮੈਂ ਤੋ ਤੁਮ ਸੰਗ ਪ੍ਰੀਤ ਲਗਾਕੇ, ਹਾਰ ਗਈ ਸੱਜਣਾ!'

ਉਸਦੇ ਅੰਦਰ ਨਰਮ ਮਰਮ ਤੇ ਰਹਿਮਦਿਲ ਇਨਸਾਨ ਵੀ ਹੈ। ਮੋਮ ਵਾਂਗ ਪਿਘਲ ਜਾਣ ਵਾਲਾ। ਅਤਿ ਸੰਵੇਦਨਸ਼ੀਲ, ਅਤਿ ਹੱਸਾਸ। ਮੇਰੇ ਇਸੇ ਪੁੱਤ ਦੀ ਨਿਗਾਹ ਇਕ ਵੇਰਾ ਏਨੀ ਕਮਜ਼ੋਰ ਹੋ ਗਈ ਕਿ ਸਾਨੂੰ ਹੱਥਾਂ ਪੈਰਾਂ ਦੀ ਪੈ ਗਈ। ਪਤਾ ਲੱਗਣ 'ਤੇ ਉਹਨੇ ਤੁਰਤ ਲਿਖਿਆ, 'ਰਾਹੁਲ ਦੀ ਨਜ਼ਰ ਵਾਲੀ ਗੱਲ ਚਿੰਤਾ ਵਾਲੀ ਏ। ਮੇਰਾ ਖ਼ਿਆਲ ਏ ਚੰਡੀਗੜ੍ਹ ਦੇ ਸਾਰੇ ਚੰਗੇ ਡਾਕਟਰਾਂ ਨੂੰ ਦਿਖਾ ਲਈਆਂ ਹੋਣਗੀਆਂ। ਅੰਮ੍ਰਿਤਸਰ ਦੇ ਡਾ. ਦਲਜੀਤ ਸਿੰਘ ਨੂੰ ਇਕ ਵਾਰ ਜ਼ਰੂਰ ਦਿਖਾ ਲਈਆਂ ਜਾਣ। ਮੈਂ ਨਾਲ ਚੱਲਾਂਗਾ।' ਇੰਝ ਹੀ ਉਹਨੇ ਮੇਰੇ ਬੀਮਾਰ ਹੋਣ ਸਮੇਂ ਤੁਰਤ ਮਦਦ ਦੀ ਪੇਸ਼ਕਸ਼ ਕੀਤੀ ਸੀ। ਕਿਸੇ ਹੋਰ ਸਮੇਂ ਉਹਦਾ ਹਿਰਦਾ ਦ੍ਰਵਤ ਹੋਇਆ ਤਾਂ ਆਪਣਾ ਬੇਲੀ ਸਮਝ ਉਹਨੇ ਦੁੱਖੜਾ ਰੋਇਆ, 'ਮੈਂ ਆਪਣੇ ਆਪ ਨਾਲ ਖਿਝਦਾ ਤੇ ਧੋਖੇ ਦਿੰਦਾ ਰਿਹਾ-ਮੈਂ ਲੁਕ ਲੁਕ ਰੋਂਦਾ ਰਿਹਾ-ਫੇਰ ਆਪਣੇ ਹੁਜਰੇ 'ਚ ਬਹਿਕੇ ਧਾਹਾਂ ਮਾਰਕੇ ਰੋਇਆ...ਹੰਝੂ ਸੁੱਕ ਗਏ...ਤਾਂ ਵਾਲ ਪੁੱਟੇ...ਕੱਪੜੇ ਪਾੜ ਸੁੱਟੇ...ਅਜੀਬ ਆਵਾਜ਼ਾਂ ਕੱਢੀਆਂ...ਹੋਕਾਂ ਲਾਈਆਂ...ਉਹਨੀਂ ਦਿਨੀਂ ਮੈਂ ਰਜਨੀਸ਼ ਪੜ੍ਹਦਾ ਰਿਹਾ ਸੀ...ਬੁਖਾਰ ਹੋਵੇ ਤਾਂ ਡਾਕਟਰ ਕੋਲ ਜਾਂਦੇ ਹਾਂ-ਬੀਮਾਰੀ ਲੱਗੇ ਤਾਂ ਲੁਕਾਂਦੇ ਹਾਂ....ਹੈ ਤਾਂ ਇਹ ਮਾਨਸਿਕ ਰੋਗ ਹੀ।'

ਇਹੋ ਜਿਹੇ ਫ਼ਿਕਰੇ ਤਾਂ ਉਹਦੇ ਬਹੁਤ ਸਾਰੇ ਖ਼ਤਾਂ 'ਚ ਨੇ। 'ਸੰਕਟ' ਤਾਂ ਮੇਰੇ ਨਾਲ ਹੀ ਜੰਮਿਆਂ ਸੀ। ਮਾਨਸਿਕ ਸੰਤੁਲਨ ਏਨਾ ਵਿਗੜਿਆ ਪਿਆ ਏ ਕਿ ਕੁਝ ਵੀ ਪੜ੍ਹਨ ਜਾਂ ਲਿਖਣ ਨੂੰ ਦਿਲ ਨਹੀਂ ਕਰਦਾ। ਪਿਛਲੇ ਦਿਨੀਂ ਮੈਂ ਮਾਨਸਿਕ ਤੌਰ 'ਤੇ ਕਾਫੀ ਉਲਝ ਗਿਆ ਸੀ-ਮਾਨਸਿਕ ਉਲਝਣਾਂ ਭਜਾਈਂ ਲਈ ਫਿਰਦੀਆਂ ਰਹੀਆਂ।'

ਉਹ ਦੋ ਵੇਰਾਂ ਬੇਹੋਸ਼ ਹੋ ਕੇ ਡਿਗਿਆ। ਇਕ ਵੇਰਾਂ ਭਾਪਾ ਪ੍ਰੀਤਮ ਸਿੰਘ ਨੂੰ ਉਹਨੇ ਬਾਥਰੂਮ ਵਿਚ ਬੇਸੁਰਤ ਹੋ ਕੇ ਡਿਗਣ ਦੀ ਦਰਦਭਰੀ ਵਾਰਤਾ ਕੁਝ ਇਸ ਅੰਦਾਜ਼ ਵਿਚ ਲਿਖੀ ਕਿ ਉਨ੍ਹਾਂ ਨੇ ਮਦਦ ਵਜੋਂ ਉਸਨੂੰ ਦਸ ਹਜ਼ਾਰ ਰੁਪਏ ਭੇਜ ਦਿੱਤੇ ਤੇ ਉਹਦੀ ਚਿੱਠੀ ਹੂ-ਬ-ਹੂ 'ਆਰਸੀ' ਵਿਚ ਛਾਪ ਦਿੱਤੀ। ਨਾਲੇ ਪੁੰਨ ਨਾਲੇ ਫਲੀਆਂ! ਇਹ ਸਤਰਾਂ ਲਿਖਦਿਆਂ ਮੇਰੇ ਮਨ ਉੱਤੇ ਅੰਤਾਂ ਦਾ ਬੋਝ ਹੈ। ਦੁੱਖ ਦਾ ਅਹਿਸਾਸ ਦੁੱਖ ਤੋਂ ਵੀ ਵਧ ਮਾਰੂ ਹੁੰਦਾ ਹੈ। ਉਹ ਟਰੈਂਕੁਲਾਈਜ਼ਰ ਖਾ ਕੇ ਸੌਂਦਾ ਏ। ਏਸ ਦੁੱਖ ਦਾ ਮਾਰਿਆ ਉਹ ਲਿਖਦਾ ਏ। 'ਡਾਕਟਰ ਦੀ ਦੁਕਾਨ 'ਤੇ-ਡਾਕਟਰ ਮਰੀਜ਼ ਦੇਖਣ ਲੱਗ ਪਿਆ। ਓਥੇ ਬੈਠਿਆਂ ਮੈਂ ਲਿਖਿਆ- 'ਐਵਰੀਵਨ ਵਾਂਟਸ ਏ ਕਿੱਕ। ਇਟ ਮੇਂ ਬੀ ਆਫ ਫੇਮ, ਵੈਲਥ, ਵੋਮਨ ਔਰ ਵਾਈਨ। ...ਐਵਰੀ ਵਨ ਇਜ਼ ਅਗੇਂਸਟ ਦੋਜ਼, ਹੂ ਹੈਵ ਗੌਟ ਕਿੱਕ।' ਇਹ ਗੱਲ ਮੈਂ ਸਾਹਿਬ ਦੀ ਗੰਭੀਰ ਪਾਠਕ ਇਕ ਮਨੋਵਿਗਿਆਨੀ ਲੇਡੀ ਡਾਕਟਰ ਮਿਸ ਗਲਪੀ ਉਰਫ ਕਲਪੀ ਨੂੰ ਸੁਣਾਈ ਤੇ ਆਖਿਆ, 'ਮੈਡਮ, ਇਹ ਸਤਰਾਂ ਲਿਖਣ ਤੋਂ ਬਾਅਦ ਉਹ ਆਪਣੇ ਇਕ ਮਿੱਤਰ ਨਵੀਨ ਦੇ ਘਰ ਗਿਆ ਤੇ ਤਵਾ ਲਾ ਕੇ ਗੀਤ ਦਾ ਇਹ ਮੁੱਖੜਾ ਲਗਾਤਾਰ ਸੁਣਦਾ ਰਿਹਾ, 'ਅਨੋਖਾ ਲਾਡਲਾ, ਖਲੁਣ ਕੋ ਮਾਂਗੇ ਚਾਂਦ ਰੇ...!' ਉਹ ਸੁਣਦਿਆਂ ਹੀ ਆਪ ਮੁਹਾਰੇ ਬੋਲੀ, 'ਵ੍ਹਾਅ...! ਈਦਰ ਹੀ ਇਜ਼ ਮੈਂਟਲੀ ਸਿੱਕ ਔਰ ਹੈਵ ਰੈਂਡ ਦੋਸਤੋਵਿਸਕੀ।' ਮੈਂ ਆਖਿਆ 'ਆਈ ਡੋਂਟ ਨੋ...ਮੇ ਬੀ, ਮੇ ਬੀ...ਬਟ ਸਰਟਨਲੀ ਹੀ ਇਜ਼ ਏ ਗੁੱਡ ਰਾਈਟਰ!' ਡਾਕਟਰਨੀ ਦੀ 'ਗੁੱਡ, ਗੁੱਡ' ਸੁਣਕੇ ਮੈਂ ਗਦ ਗਦ ਹੋ ਗਿਆ। ਜੇ ਮੈਂ ਉਸ ਪ੍ਰਿਅਦਰਸ਼ਨੀ ਗੁੱਡ ਲੇਡੀ ਨੂੰ ਕਹਿੰਦਾ, ਉਹ ਮੇਰੇ ਨਾਲੋਂ ਕਿਤੇ ਵੱਧ ਮਕਬੂਲ ਤੇ ਇਨਾਮ-ਯਾਫਤਾ ਲੇਖਕ ਹੈ।' ਤਾਂ ਪ੍ਰੇਮ ਨੇ ਪ੍ਰੇਮ ਨਾਲ ਕਹਿਣਾ ਸੀ 'ਬਈਮਾਨਾਂ! ਤੂੰ ਮੇਰਾ ਈ ਫ਼ਿਕਰਾ ਮੇਰੇ ਮੂੰਹ ਉੱਤੇ ਮਾਰਿਆ। ਬੜਾ ਖੋਰੀ ਏਂ!'

ਲਿਖੇ-ਪੜ੍ਹੇ ਪਾਠਕਾਂ ਨੂੰ ਬੇਨਤੀ ਹੈ ਕਿ ਅਸੀਂ ਦਸਤੋਵਸਕੀ ਦੀ ਪਹਿਲੀ ਪੁਸਤਕ ''ਪੂਅਰ ਪੀਪਲ' ਵਰਗੇ ਗ਼ਰੀਬ ਲੇਖਕ ਹਾਂ, ਉਹ ਸਾਡੀ 'ਪੂਅਰ ਇੰਗਲਿਸ਼' ਮਾਫ਼ ਕਰ ਦੇਣ। ਲਗਦੇ ਹੱਥ ਮਹਾਨ ਰੂਸੀ ਲੇਖਕ ਟਾਲਸਟਾਇ ਦੇ ਦੋ ਕਥਨ ਜ਼ਰੂਰ ਸੁਣ ਲੈਣ। ਉਹ ਇਕਣ ਆਖਦਾ ਏ; ''ਔਰਤ ਮਰਦ ਨਾਲੋਂ ਸਰੀਰਕ ਤੌਰ 'ਤੇ ਵਧੇਰੇ ਸੱਚੀ ਅਤੇ ਈਮਾਨਦਾਰ ਹੁੰਦੀ ਐ, ਪਰ ਉਹਦੀਆਂ ਸੋਚਾਂ ਝੂਠੀਆਂ ਹੁੰਦੀਆਂ ਨੇ। ਉਹ ਜਦੋਂ ਝੂਠ ਬੋਲਦੀ ਐ ਤਾਂ ਉਸਨੂੰ ਆਪਣੇ-ਆਪ ਉੱਤੇ ਵਿਸ਼ਵਾਸ ਨਹੀਂ ਹੁੰਦਾ, ਜਦੋਂਕਿ ਰੂਸੋ ਨੇ ਝੂਠ ਬੋਲਿਆ ਤੇ ਉਸ 'ਤੇ ਵਿਸ਼ਵਾਸ ਵੀ ਕੀਤਾ।''ਇਹ ਗੱਲ ਮੈਂ ਦਾਅਵੇ ਨਾਲ ਨਹੀਂ ਆਖ ਸਕਦਾ ਕਿ ਪ੍ਰੇਮ ਪ੍ਰਕਾਸ਼ ਕਿਸ ਕੈਟੇਗਰੀ ਵਿਚ ਆਉਂਦਾ ਹੈ।

ਉਹ ਮਰਦ ਲੇਖਕ ਹੈ। ਗੱਲ ਤਾਂ ਯਕੀਨ ਦੀ ਹੈ। ਏਨਾ ਜ਼ਰੂਰ ਆਖਾਂਗਾ ਕਿ ਉਹ ਪਿਆਰ ਵਿਚ ਅਗਲੇ ਦਾ ਓੜਕ ਲੈਂਦਾ ਏ। ਉਹਦੇ ਨਾਲ ਆਖ਼ਰ ਤੱਕ ਨਿਭਣਾ ਤੇ ਪੁੱਗਣਾ ਆਸਾਨ ਨਹੀਂ। ਜਿਹੜੇ ਬੰਦੇ ਅੱਕ-ਥੱਕ ਤੇ ਹਾਰ ਹੁੱਟ ਕੇ ਅੱਧ-ਵਿਚਾਲੇ ਰਹਿ ਜਾਂਦੇ ਨੇ, ਉਹਨਾਂ ਦੀਆਂ ਰੂਹਾਂ ਵਿਚੋਂ, ਕੋਈ ਹਾਉਕੇ-ਹਾਵੇ ਲੈਂਦੀ ਇਉਂ ਕੁਰਲਾਏਗੀ। 'ਮੈਂ ਤੋ ਤੁਮ ਸੰਗ ਪ੍ਰੀਤ ਲਗਾਕੇ, ਹਾਰ ਗਈ ਸੱਜਣਾ!' ਤੇ ਇਹ ਨਚੋੜ ਸਾਧੂ ਵਾਂਗ ਗੁਰਬਖਸ਼ ਸਿੰਘ 'ਪ੍ਰੀਤਲੜੀ' ਦੇ ਪਿਆਰ ਫ਼ਲਸਫ਼ੇ ਨੂੰ ਨਿੰਦਦਾ ਤੇ ਸ਼ਿਵ ਕੁਮਾਰ ਦੀ ਰੁਮਾਂਟਿਕ ਸ਼ਾਇਰੀ ਨੂੰ ਰੱਦ ਕਰਦਾ ਹੋਇਆ ਪ੍ਰੇਮਿਕਾ ਨੂੰ ਅਲਵਿਦਾ ਦਾ ਭਰਮ ਪਾਉਂਦਾ, ਪੁਕਾਰ ਉੱਠੇਗਾ, ''ਰੋਗ ਬਣਕੇ ਰਹਿ ਗਿਆ ਹੈ, ਪਿਆਰ ਤੇਰੇ ਸ਼ਹਿਰ ਦਾ!''

ਦੂਜਾ ਕਥਨ ਅਰਜ਼ ਹੈ, ਦਸਤੋਵਸਕੀ ਨੇ ਆਪਣੇ ਪਾਗਲ ਪਾਤਰਾਂ ਵਿਚੋਂ ਇਕ ਬਾਰੇ ਲਿਖਿਆ ਕਿ ਆਪਣੀ ਤਮਾਮ ਉਮਰ ਉਹਨੇ ਆਪਣੇ-ਆਪ ਨੂੰ ਅਤੇ ਹੋਰਨਾਂ ਨੂੰ ਸਜ਼ਾ ਦਿੱਤੀ ਕਿਉਂਕਿ ਉਹਨੇ ਉਹ ਫਰਜ਼ ਨਿਭਾਇਆ ਜਿਸ ਵਿਚ ਉਸਦਾ ਅਕੀਦਾ ਨਹੀਂ ਸੀ। ਉਹਨੇ ਇਹ ਆਪਣੇ ਬਾਰੇ ਲਿਖਿਆ ਜਾਂ ਇਹ ਕਹੀਏ ਕਿ ਅਜਿਹਾ ਉਹ ਸਹਿਜੇ ਹੀ ਆਪਣੇ ਬਾਰੇ ਕਹਿ ਸਕਦਾ ਸੀ।' ਇਸ ਕਥਨ ਬਾਰੇ ਰਤਾ ਹੋਰ ਸਪੱਸ਼ਟ ਹੋਣ ਲਈ ਟਾਲਸਟਾਇ ਦਾ ਇਹ ਤਬਸਰਾ ਪੜ੍ਹਨਾ ਜ਼ਰੂਰੀ ਹੈ। ਉਸਦੇ ਜਗਤ ਪ੍ਰਸਿੱਧ ਨਾਵਲ ਈਡੀਅਟ ਦੇ ਨਾਇਕ ਪ੍ਰਿੰਸ ਮਿਸ਼ਕਿਨ, ਜਿਸ ਨੂੰ ਫਿੱਟਾਂ ਪੈਂਦੀਆਂ ਨੇ ਦੇ ਬਾਰੇ ਚਰਚਾ ਕਰਦਿਆਂ, ਟਾਲਸਟਾਇ ਕਹਿੰਦਾ ਏ; ''ਦਸਤੋਵਸਕੀ ਵਿਚ ਜੁਰਅਤ ਹੀ ਨਹੀਂ ਸੀ ਕਿ ਉਹਨੂੰ ਨਰੋਆ ਤੇ ਸਿਹਤਮੰਦ ਦਿਖਾਉਂਦਾ। ਇਸ ਤੋਂ ਇਲਾਵਾ ਉਹ ਸਿਹਤਮੰਦ ਬੰਦਿਆਂ ਨੂੰ ਪਸੰਦ ਹੀ ਨਹੀਂ ਸੀ ਕਰਦਾ। ਉਹਦੇ ਅੰਦਰ ਇਹ ਗੱਲ ਘਰ ਕਰ ਗਈ ਸੀ-ਕਿਉਂਕਿ ਉਹ ਆਪ ਬੀਮਾਰ ਆਦਮੀ ਐ, ਇਸ ਲਈ ਸਾਰਾ ਜੱਗ ਈ ਬੀਮਾਰ ਐ...''

ਤੁਸੀਂ ਆਖੋਗੇ ਕਿ ਚੰਗਾ ਭਲਾ ਪ੍ਰੇਮ ਪ੍ਰਕਾਸ਼ ਬਾਰੇ ਪੜ੍ਹ ਰਹੇ ਸਾਂ, ਇਹ ਦਸਤੋਵਸਕੀ ਕਿੱਥੋਂ ਆ ਵੜਿਆ, ਵਿਚ? ਪ੍ਰੇਮ ਪ੍ਰਕਾਸ਼ ਦੀ ਸ਼ੈਲੀ ਵਿਚ ਹੀ ਕਹਾਂ, 'ਬੰਦੇ ਦੇ ਵਸ ਵਿਚ ਥੋੜ੍ਹਾ ਈ ਹੁੰਦਾ ਏ! ਇਹ ਤਾਂ ਹੋ ਜਾਂਦੇ ਏ।' 'ਰਹੱਸ' ਹੋਰ ਕੀਹਨੂੰ ਕਹਿੰਦੇ ਨੇ ਜੀ।' ਦਾਸ ਦੀ ਕੇਵਲ ਏਨੀ ਕੁ ਅਰਜ਼ ਹੈ ਕਿ ਉਪਰੋਕਤ ਕਥਨਾਂ ਦੀ ਰੌਸ਼ਨੀ ਵਿਚ ਪ੍ਰੇਮ ਪ੍ਰਕਾਸ਼ ਦੇ ਪਾਤਰਾਂ ਨੂੰ ਪੜ੍ਹੋ। ਦਸਤੋਵਸਕੀ ਬਾਰੇ ਤਾਂ ਮੈਂ ਬੜਾ ਸਮਝਾਇਆ ਅਤੇ ਆਗਾਹ ਕੀਤਾ ਗਿਆ ਸੀ. 'ਉਹ ਈਵਲ ਜੀਨੀਅਸ ਹੈ। ਮਨੁੱਖਾਂ ਦੇ ਮਨਾਂ ਅੰਦਰਲੀ ਮੈਲ ਅਤੇ ਕਾਲਖ਼ ਨੂੰ ਨੰਗਿਆਂ ਕਰਦੈ। ਉਸਦੀਆਂ ਲਿਖਤਾਂ ਉੱਤੇ ਬੈਨ ਲੱਗਿਆ। ਫੇਰ ਚੁੱਕਣਾ ਵੀ ਪੈ ਗਿਆ। ਸਭ ਤੋਂ ਬੜੀ ਗੱਲ ਉਹਨੂੰ ਮਿਰਗੀ ਦੀਆਂ ਫਿੱਟਾਂ ਪੈਂਦੀਆਂ ਸਨ।' ਇਹੋ ਜਿਹੀ ਦਲੀਲ ਨੂੰ ਫਿੱਟ-ਲਾਹਨਤ। ਪ੍ਰੇਮ ਪ੍ਰਕਾਸ਼ ਵਰਗੇ ਗੰਭੀਰ ਲੇਖਕ ਅੰਦਰ ਅਚਾਨਕ ਆਈ ਨਿਆਣੀ ਛੇੜਖਾਨੀ ਸੁਣਕੇ ਤੁਸੀਂ ਹੱਸੋਗੇ। ਪੁੱਛਦਾ ਏ, 'ਤੂੰ ਸਕੂਟਰ ਚਲਾਉਂਦਾ ਏਂ ਜਾਂ ਨਹੀਂ? ਜੇ ਨਹੀਂ ਚਲਾਉਂਦਾ ਤਾਂ ਤੇਰੇ 'ਤੇ ਲਾਹਨਤ।'

ਦੌਰੇ ਪੈਣ ਜਾਂ ਨਾ ਪੈਣ। ਸਕੂਟਰ ਚੱਲਣ ਜਾਂ ਨਾਂ ਚੱਲਣ। ਇਹ ਗੱਲ ਹਵਾ ਵਾਂਗ ਚੱਲਣੀ ਚਾਹੀਦੀ ਐ ਕਿ ਚੰਗੇ ਲੇਖਕ ਪੜ੍ਹੇ ਜਾਣ। ਏਥੋਂ ਤੱਕ ਕਿ ਪ੍ਰੇਮ ਪ੍ਰਕਾਸ਼ ਵੀ। ਉਹਦੀ ਕਹਾਣੀ 'ਭੈਂਗਾ' ਨਾਲ ਗੋਰਕੀ ਦੀ ਕਹਾਣੀ 'ਇਕ ਪਾਠਕ' ( ਏ ਰੀਡਰ) ਪੜ੍ਹੋਗੇ ਤਾਂ ਹੋਰ ਵੀ ਲੁਤਫ਼ ਆਏਗਾ।

ਚੈਖ਼ਵ ਦੀ ਇਕ ਕਹਾਣੀ ਏਂ, 'ਕੁੱਤੀ ਵਾਲੀ ਮਹਿਲਾ'। ਉਹ ਕਹਾਣੀ ਜਦੋਂ ਵੀ ਮੈਂ ਪੜ੍ਹੀ ਤਾਂ ਖ਼ਿਆਲ ਆਉਂਦਾ ਰਿਹਾ ਕਿ ਪ੍ਰੇਮ ਬਾਰੇ ਇਕ ਲੰਬੀ ਕਹਾਣੀ 'ਕੁੱਤੇ ਵਾਲਾ ਮਰਦ' ਲਿਖੀ ਜਾਣੀ ਚਾਹੀਦੀ ਐ। ਵਰ੍ਹਿਆਂ ਬੱਧੀ ਉਹਨੇ ਇਕ ਕੁੱਤਾ 'ਢੇਰ' ਰੱਖਿਆ। ਉਸ ਬਾਰੇ ਲਿਖਿਆ ਵੀ। ਹੁਣ ਜਦੋਂ ਕਦੇ ਉਹਦੀ ਗੱਲ ਚੱਲਦੀ ਏ ਤਾਂ ਉਹ ਭਾਵੁਕ ਹੋ ਜਾਂਦਾ ਏ। ਉਹ ਬੰਦਿਆਂ ਨਾਲੋਂ ਜਾਨਵਰਾਂ ਨੂੰ ਵਧ ਪਿਆਰ ਕਰਦਾ ਏ।

ਉਹਦਾ ਕਹਾਣੀ ਲਿਖਣ ਦਾ ਢੰਗ ਵੱਖਰਾ, ਅੱਡਰਾ ਅਤੇ ਨਿਵੇਕਲਾ ਏ। ਉਹ ਵੱਖ-ਵੱਖ ਸਮਿਆਂ 'ਤੇ ਆਏ ਖ਼ਿਆਲ ਲਿਖਦਾ ਰਹਿੰਦਾ ਏ। ਟੁਕੜਾ-ਟੁਕੜਾ, ਖਿਆਲ-ਖ਼ਿਆਲ। ਇਹ ਜਮ੍ਹਾਂ ਹੁੰਦੇ ਰਹਿੰਦੇ ਨੇ। ਫੇਰ ਉਹ ਉਹਨਾਂ ਨੂੰ ਤਰਤੀਬ ਦਿੰਦਾ ਹੈ। ਸਥਿਤੀ ਮੁਤਾਬਿਕ ਜੁਗਤਾਂ ਸੋਚਦਾ ਤੇ ਜੋੜਦਾ ਜਾਂਦਾ ਏ। ਇਕ ਕੋਰਾ ਕਾਗਜ਼ ਲੈ ਕੇ ਪਾਤਰਾਂ ਦੇ ਅਮਲ ਅਤੇ ਹਰਕਤਾਂ ਦਰਸਾਉਣ ਲਈ ਨਕਸ਼ਾ ਤਿਆਰ ਕਰਦਾ ਏ। ਤੰਗ ਹਨੇਰੀ ਗਲੀ, ਮਕਾਨ ਜਾਂ ਕੋਠੀ ਦਾ ਮੱਥਾ, ਸ਼ੇਰਮੁਖਾ ਹੋਵੇ ਜਾਂ ਗਊ-ਮੁਖਾ? ਅੰਦਰ ਵੜਨ ਲਈ ਵੱਖੀ ਵਿਚ ਚੋਰ ਦਰਵਾਜ਼ਾ ਜਾਂ ਫਾਟਕ, ਭੇਤਭਰੀ ਤਾਕੀ, ਘਚੋਰ, ਮੋਘਾ, ਚਿਲਮਨ ਤੇ ਵਿਵਰਜਤ ਹਰਕਤਾਂ ਕਰਦੇ ਵਿਅਕਤੀਆਂ ਦੀਆਂ ਲੱਤਾਂ, ਪੈਰ, ਬਾਹਾਂ, ਹੱਥ-ਯਾਨੀ ਕਿ ਸਾਫ ਛੁਪਤੇ ਭੀ ਨਹੀਂ, ਸਾਹਮਣੇ ਆਤੇ ਭੀ ਨਹੀਂ-ਦੀ ਪਿੱਠ ਭੂਮੀ ਬਣਾਉਂਦਾ ਏ। ਫੇਰ ਅਭਿਮੰਨਯੂੰ ਵਾਂਗ, ਉਸ ਖ਼ਿਆਲੀ ਕਿਲੇ ਅੰਦਰ ਖ਼ਿਆਲਾਂ-ਖ਼ਿਆਲਾਂ ਵਿਚ ਵੜਕੇ ਉਹ ਜ਼ਿਹਨੀ ਤੌਰ ਤੇ ਗੁੱਥਮ-ਗੁੱਥਾ ਹੁੰਦਾ ਰਹਿੰਦਾ ਏ। ਕਦੇ ਜਿੱਤਦਾ ਏ, ਕਦੇ ਹਾਰਦਾ ਏ-ਕਦੇ ਮਰਦਾ ਏ, ਮਾਰਦਾ ਏ। ਅੰਤ ਮੁੱਕੜੀ ਵਾਲਾ ਹਾਲ ਹੋ ਜਾਂਦਾ ਏ। ਇੰਝ ਉਹ ਵਾਰ-ਵਾਰ ਮਰਦਾ ਤੇ ਜਿਉਂਦਾ ਏ। ਉਹਨੇ ਰਲਕੇ ਕਹਾਣੀ ਲਿਖਣ ਦੀ ਕਈ ਵੇਰਾਂ ਮੈਨੂੰ ਪੇਸ਼ਕਸ਼ ਕੀਤੀ, ਪਰ ਉਹਦੇ ਗੁੰਝਲਦਾਰ ਨਕਸ਼ਿਆਂ ਵਿਚ ਉਲਝਣ ਤੋਂ ਮੈਂ ਡਰਦਾ ਰਿਹਾ ਤੇ ਹਾਮੀ ਨਾ ਭਰ ਸਕਿਆ। ਔਰਤ-ਮਰਦ ਦੇ ਵਿਵਰਜਤ ਰਿਸ਼ਤਿਆਂ ਦੀ ਕਥਾ ਅਨੰਤ ਏ। ਇਸੇ ਲਈ ਉਹਦਾ ਕਹਿਣਾ ਏਂ ਕਿ ਉਹ ਇਕੋ ਕਹਾਣੀ ਨੂੰ ਵਾਰ ਵਾਰ ਲਿਖਦਾ ਏ। ਸੰਸਾਰ ਪ੍ਰਸਿੱਧ ਰੂਸੀ ਕਹਾਣੀ ਲੇਖਕ ਅੰਤਨ ਚੈਖ਼ਵ, ਜਿਸਨੂੰ ਆਧੁਨਿਕ ਹੁਨਰੀ ਕਹਾਣੀ ਦਾ ਪਿਤਾਮਾ ਆਖਿਆ ਜਾਂਦਾ ਏ, ਨੇ ਇਕ ਵੇਰਾਂ ਅੱਕ ਕੇ ਕਹਿ ਦਿੱਤਾ ਸੀ ਕਿ ਕੋਈ ਔਰਤ ਮਰਦ ਦੇ ਰਿਸ਼ਤਿਆਂ ਦੀਆਂ ਕਹਾਣੀਆਂ ਕਿੱਥੋਂ ਤੱਕ ਲਿਖੀ ਜਾਏ। ਹੋਰ ਵਿਸ਼ੇ ਬਥੇਰੇ ਨੇ। ਕੁੱਤਿਆਂ ਉੱਤੇ ਲਿਖਿਆ ਜਾ ਸਕਦਾ ਏ। ਘੋੜਿਆਂ ਉੱਤੇ ਲਿਖੋ। ਪੱਕੇ ਤੌਰ ਤੇ ਤਾਂ ਨਹੀਂ ਕਿਹਾ ਜਾ ਸਕਦਾ ਪਰ ਹੋ ਸਕਦੈ ਪ੍ਰੇਮ ਪ੍ਰਕਾਸ਼ ਨੇ ਇਹੀ ਸੋਚਕੇ 'ਘੋੜਾ' ਕਹਾਣੀ ਲਿਖਣੀ ਸ਼ੁਰੂ ਕੀਤੀ ਹੋਵੇ। ਦੇਵਨੇਤ ਨਾਲ ਉਸ ਵਿਚੋਂ ਹਿਣਕਣ ਲੱਗ ਪਿਆ-ਮਰਦ ਘੋੜਾ। ਧੰਨ ਜਿਗਰਾ ਏ ਪ੍ਰੇਮ ਪ੍ਰਕਾਸ਼ ਦਾ। ਉਹ ਏਸ ਵਿਸ਼ੇ ਉੱਤੇ ਜਨੂੰਨ ਦੀ ਹੱਦ ਤੱਕ ਕਲਮ ਵਾਹੁੰਦਾ ਏ। ਤੇ ਰਹਿੰਦੀ ਉਮਰ ਤੱਕ ਵਾਹ ਸਕਦਾ ਏ। ਮੇਰੀ ਦੁਆ ਹੈ ਕਿ ਉਹ ਅਰਬੀ ਘੋੜੇ ਵਰਗਾ ਨਰੋਆ ਰਹੇ। ਕਦੇ-ਕਦੇ ਦੁਚਿੱਤੀ 'ਚ ਪੈ ਜਾਈਦਾ ਹੈ, ਜਦੋਂ ਉਹ ਆਖ ਦਿੰਦਾ ਏ, 'ਢਿੱਲਾ ਹੋਵਾਂ ਤਾਂ ਗੋਹਾ ਹੁੰਦਾ ਹਾਂ-ਤਕੜਾ ਹੋਵਾਂ ਤਾਂ ਲੋਹਾ।...ਏਸ ਉਮਰ 'ਚ ਬੰਦੇ ਦੇ ਆਲੇ-ਦੁਆਲੇ ਮੌਤ ਦੀਆਂ ਗੱਲਾਂ ਫੈਲੀਆਂ ਰਹਿੰਦੀਆਂ ਨੇ। ਭੂਸ਼ਨ ਲਿਖਣ ਵਾਲੇ ਦੁੱਖ ਤੋਂ ਛੁੱਟ ਗਿਆ ਏ-'



ਜਦੋਂ ਕੋਈ ਚੰਗਾ ਲਿਖ ਸਕਣ ਵਾਲਾ ਲਿਖਣੋਂ ਹਟਦਾ ਹੈ, ਭੂਸ਼ਨ ਵਰਗਾ...ਚੁੱਪ-ਚੁਪੀਤੇ ਤਾਂ ਇਹ ਹੈਰਾਨੀ ਵਾਲੀ ਗੱਲ ਨਹੀਂ, ਪਰ ਉਸ ਚੰਦਰੇ ਨੂੰ ਇਸ ਲੋਕ ਬੋਲੀ ਵਾਂਗ ਨਹੋਰਾ ਤਾਂ ਮਾਰਨਾ ਚਾਹੀਦਾ ਸੀ;

'ਮੈਂ 'ਕਾਲਣ ਹੋ ਗਈ ਵੇ
'ਕਾਲੀਆ ਤੇਰਿਆਂ ਦੁੱਖਾਂ ਦੀ ਮਾਰੀ'

ਭੂਸ਼ਨ ਦੀ ਗੱਲ ਚੱਲੀ ਐ ਤਾਂ ਉਹਦਾ ਇਹ ਤੋਤਕੜ ਵੀ ਸੁਣ ਲਵੋ। ਲਗਭਗ ਦਸ ਵਰ੍ਹੇ ਅਸੀਂ ਦੋਵੇਂ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਸੁਣਦੇ ਰਹੇ। ਉਹ ਸਾਡੀ ਰਾਏ ਬੜੇ ਧਿਆਨ ਨਾਲ ਸੁਣਦਾ ਤੇ ਕਦੇ-ਕਦੇ ਕਹਾਣੀ ਵਿਚ ਲੋੜੀਂਦੀਆਂ ਤਬਦੀਲੀਆਂ ਵੀ ਕਰ ਲੈਂਦਾ ਸੀ। ਖ਼ੈਰ! ਗੱਪਸ਼ੱਪ ਮਾਰਦਿਆਂ ਉਹ ਪ੍ਰਗਤੀਵਾਦੀਆਂ ਅਤੇ ਮਾਰਕਸੀ ਲੇਖਕਾਂ ਨੂੰ ਭੰਡਣ ਦਾ ਕੋਈ ਮੌਕਾ ਨਹੀਂ ਸੀ ਖੁੰਝਾਉਂਦਾ। ਇਕ ਦਿਨ ਉਹ ਤਵਾ ਲਾ ਕੇ ਤੁਰ ਗਿਆ। ਭੂਸ਼ਨ ਨੇ ਆਪਣੇ ਮਖ਼ਸੂਸ ਅੰਦਾਜ਼ ਵਿਚ ਵਿਅੰਗ ਕੀਤਾ, 'ਇਹ ਤਾਂ ਓਹ ਗੱਲ ਹੋਈ ਜਿਵੇਂ ਕੋਈ ਮੰਦਰ ਦਾ ਪੁਜਾਰੀ ਇਕ ਵਾਰ ਕਮਿਊਨਿਸਟਾਂ ਦਾ ਜਲਸਾ ਸੁਣ ਆਏ ਤੇ ਫੇਰ ਕਮਿਊਨਿਜ਼ਮ ਬਾਰੇ ਸਭ ਕੁਝ ਸਮਝ ਜਾਣ ਦਾ ਭਰਮ ਪਾਲਦਿਆਂ ਸਾਰੀ ਉਮਰ ਉਹਨਾਂ ਵਿਰੁੱਧ ਪ੍ਰਵਚਨ ਦਿੰਦਾ ਰਹੇ।' ਉਹ ਅੱਤਿ ਤੋਂ ਅੱਤਿ ਤੱਕ ਜਾਣ ਵਾਲਾ ਵਿਅਕਤੀ ਹੈ। ਗਭਲੀ ਹਾਲਤ ਵਿਚ ਉਹ ਖਿੱਚੋਤਾਣ ਮਹਿਸੂਸ ਕਰਨ ਲੱਗ ਪੈਂਦੇ।

ਉਹ ਖੱਬੀ ਤੋਂ ਅੱਤਿ ਖੱਬੀ ਸੋਚ ਵਲ ਤੇਜ਼ੀ ਨਾਲ ਵਧਿਆ। ਨਕਸਲਬਾੜੀ ਕਵੀਆਂ ਨੂੰ ਉਹਨੇ ਹੁੱਬਕੇ ਛਾਪਿਆ। ਉਹ ਅੰਡਰਗਰਾਊਂਡ ਹੋਏ ਤਾਂ ਕਈਆਂ ਨੂੰ ਆਪਣੇ ਘਰ ਛੁਪਾਕੇ ਰੱਖਿਆ। ਛਾਪਾ ਪਿਆ ਤਾਂ ਤਿੰਨ ਦਿਨ ਕੈਦ 'ਚ ਰਿਹਾ। ਰਿਹਾਅ ਹੋ ਕੇ ਆਇਆ ਤਾਂ ਮੈਨੂੰ ਲਿਖਿਆ, 'ਨਸ਼ਿਆਂ ਦੇ ਗੱਡੇ ਆ ਰਹੇ ਨੇ।' ਉਹਦੀ ਨਕਸਲੀ ਸਹੇਲੀ ਕੇਵਲ ਕੌਰ ਸੜ ਕੇ ਮਰ ਗਈ। ਨਿਰਾਸ਼ਾ ਦਾ ਦੌਰ ਸ਼ੁਰੂ ਹੋਇਆ। ਲਹਿਰ ਦਾ ਪਤਨ । ਉਹਨੇ 'ਦਸਤਾਵੇਜ਼' ਲਿਖ ਕੇ ਨਕਸਲਬਾੜੀਆਂ ਦੇ ਮਾੜੇ ਕਿਰਦਾਰ ਨੂੰ ਨਸ਼ਰ ਕੀਤਾ। ਮੈਂ ਪੁੱਛਿਆ, 'ਤੂੰ-ਉਹਨਾਂ ਦੀ ਚੜ੍ਹਤ ਦੀ ਕਹਾਣੀ ਕਿਉਂ ਨਾ ਲਿਖੀ? ਉਹਨਾਂ ਵਿਚ ਚੰਗੇ ਬੰਦੇ ਵੀ ਹੋਣਗੇ।' ਇਸਦਾ ਉਹਨੇ ਗੋਲ ਮੋਲ ਜਿਹਾ ਜਵਾਬ ਦਿੱਤਾ-ਸ਼ਾਇਦ ਇਹ ਕਿ ਉਸ ਦੌਰ ਦੀ ਉਹਨੂੰ ਸਪੱਸ਼ਟ ਸਮਝ ਨਹੀਂ ਸੀ ਪਈ। ਉਹਦੀ ਸ਼ਖਸੀਅਤ ਦਾ ਦੂਜਾ ਪੱਖ ਵੀ ਦਿਲਚਸਪੀ ਤੋਂ ਖਾਲੀ ਨਹੀਂ। ਇਕ ਨਵੰਬਰ 1979 ਨੂੰ ਉਸਨੇ ਲਿਖਿਆ ਸੀ, 'ਮੈਂ ਸੰਤਾਂ ਦੇ ਧਾਮ ਦੇਖਣਾ ਚਾਹੁੰਦਾ ਹਾਂ। ਮੇਰਾ ਵਿਸ਼ਵਾਸ ਹੈ ਕਿ ਭਾਰਤੀ ਸਮਾਜ ਨੂੰ ਸਮਝਣ ਵਾਸਤੇ, ਧਰਮਾਂ, ਅੰਧ-ਵਿਸ਼ਵਾਸਾਂ ਤੇ ਧਾਰਮਿਕ ਸੰਸਥਾਵਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ-ਮੈਂ ਉਹਨਾਂ ਵਿਚ ਰਹਿਕੇ ਦੇਖਣਾ ਚਾਹੁੰਦਾ ਹਾਂ। ...ਮੇਰੇ ਅੰਦਰ ਇਕ ਘੋਣਾ ਸਨਿਆਸੀ ਬੈਠਾ ਹੈ, ਇਹ ਤਾਂ ਮੈਨੂੰ ਓਧਰ ਨੂੰ ਖਿੱਚ ਰਿਹਾ ਹੈ। ਪਰ ਮਾਰਕਸਵਾਦ 'ਚ ਮੇਰਾ ਵਿਸ਼ਵਾਸ ਮੈਨੂੰ ਸਾਂਭੀ ਬੈਠਾ ਹੈ-ਕਦੇ ਆਵੇਂਗਾ ਤਾਂ ਗੱਲਾਂ ਕਰਾਂਗੇ। ਹਰਸਰਨ (ਹਰਸਰਨ ਸਿੰਘ ਨਾਟਕਕਾਰ) ਨੂੰ ਆਖੀਂ ਕਿ ਲਾਲ ਐਂਡ ਕੰਪਨੀ ਤੋਂ ਪੈਸੇ ਦੁਆ ਦੇਵੇ। ਇਸ ਕੰਪਨੀ ਬਾਰੇ ਮੈਨੂੰ ਹੁਣ ਕੁੱਝ ਯਾਦ ਨਹੀਂ। ਕੋਈ ਪਬਲਿਸ਼ਰ ਹੋਣਗੇ ਕਿਉਂਕਿ ਸਾਡੇ ਦਫਤਰ ਡੀ.ਪੀ.ਆਈ. ਵਿਚ ਐਡੀਟਰ ਹੋਣ ਸਦਕਾ ਉਸ ਦਾ ਪਬਲਿਸ਼ਰਾਂ ਵਿਚ ਬਹੁਤ ਅਸਰ ਰਸੂਖ ਸੀ।'

ਮੈਂ ਪਹਿਲਾਂ ਜ਼ਿਕਰ ਕਰ ਚੁੱਕਿਆਂ ਕਿ ਉਹ ਅੱਤਿ ਸੰਵੇਦਨਸ਼ੀਲ ਅਤੇ ਅਤਿ ਹੱਸਾਸ ਤਬੀਅਤ ਦਾ ਮਾਲਕ ਹੈ। ਉਸਦੀ ਇਸ ਗੱਲ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਸੀ, ਜਦੋਂ ਉਹਨੇ ਮੈਨੂੰ ਲਿਖਿਆ, ''ਇਕ ਦਿਲਦੀ ਗੱਲ ਦੱਸਾਂ-ਜਦ ਤੋਂ ਮੈਨੂੰ ਗ੍ਰਾਂਟ 'ਮੁਕਤੀ' ਛਾਪਣ ਵਾਸਤੇ ਮਿਲੀ ਹੈ, ਮੈਂ ਆਪਣੀਆਂ ਨਜ਼ਰਾਂ ਵਿਚ ਵੀ ਘਟੀਆ ਹੋ ਗਿਆ ਹਾਂ। ਸੱਚ ਜਾਣੀਂ ਮੈਂ ਸ਼ਰਮਸ਼ਾਰ ਹਾਂ। ਭਾਵੇਂ ਇਹਨੂੰ ਠੀਕ ਸਾਬਤ ਕਰਨ ਲਈ ਮੇਰੇ ਕੋਲ ਦਲੀਲਾਂ ਹਨ, ਪਰ ਜਿਵੇਂ ਕਹਿੰਦੇ ਹੁੰਦੇ ਨੇ ਅੰਦਰਲਾ ਨਹੀਂ ਮੰਨਦਾ।...ਤੈਨੂੰ ਇਕ ਗੱਲ ਸੁਣਾਵਾਂ। ਇਕ ਮਜ਼ਦੂਰ ਨੇ ਕਿਸੇ ਦੇ ਘਰ ਕੰਮ ਕੀਤਾ। ਘਰ ਵਾਲੀ ਨੇ ਉਹਨੂੰ ਚਾਹ ਪਿਲਾ ਦਿੱਤੀ। ਜਦ ਉਹ ਸ਼ਾਮ ਨੂੰ ਪੈਸੇ ਦੇਣ ਲੱਗੇ ਤਾਂ ਇਕ ਘੰਟਾ, ਓਵਰ ਟਾਇਮ ਦੇ ਪੈਸੇ ਨਾ ਦੇਣ। ਘਰਵਾਲੀ ਕਹਿੰਦੀ, ਜਿਹੜੀ ਤੈਨੂੰ ਚਾਹ ਪਿਲਾਈ-ਲੱਡੂ ਖਲਾਏ।' ਮਜ਼ਦੂਰ ਕਹਿੰਦਾ, 'ਬੀਬੀ ਥੋਡੇ ਘਰ ਦਾਤਣ ਹੈ?' ਉਹਨੇ ਪੁੱਛਿਆ, 'ਤੈਂ ਕੀ ਕਰਨੀ ਹੈ?' ਕਹਿੰਦਾ, ਮੈਂ ਤੇਰੀ ਚਾਹ ਕੱਢਣੀ ਹੈ!' ਮੇਰਾ ਇਹੀ ਹਾਲ ਹੈ।'' ਕੁੱਝ ਸਮਾਂ ਬੀਤਣ ਪਿੱਛੋਂ ਮੈਂ ਹੈਰਾਨ ਰਹਿ ਗਿਆ ਜਦੋਂ ਉਹਨੇ ਫੇਰ ਕਿਹਾ, 'ਮੈਂ ਕਿਤਾਬਾਂ ਛਪਵਾਉਣ ਲਈ ਕਾਹਲਾਂ ਹਾਂ। ਜੀਹਦਾ ਕਾਰਨ ਇਹ ਹੈ ਕਿ ਸਮਾਂ ਲੰਘਣ ਤੇ ਗ੍ਰਾਂਟ ਨਹੀਂ ਮਿਲਦੀ।'

ਉਹ ਸਮਾਜ ਵਿਚ ਫ਼ੈਲੇ ਭ੍ਰਿਸ਼ਟਾਚਾਰ, ਸਮਾਜਕ ਕੁਰੀਤੀਆਂ, ਊਚ-ਨੀਚ ਅਤੇ ਲੋਕਾਂ ਦੇ ਹੋ ਰਹੇ ਸ਼ੋਸ਼ਣ ਬਾਰੇ ਕਿਉਂ ਨਹੀਂ ਲਿਖਦਾ?

ਹਾਂ, ਉਹਨੇ ਆਪਣੇ ਪਰਚੇ 'ਲਕੀਰ' ਦੇ 'ਸ਼ੀਲਤਾ/ਅਸ਼ਲੀਲਤਾ', 'ਜਾਤਾਂ-ਪਾਤਾਂ' ਅਤੇ ਹੋਰ ਕਈ ਮਸਲਿਆਂ ਬਾਰੇ ਵਿਸ਼ੇਸ਼ ਅੰਕ ਕੱਢੇ। ਕਹਾਣੀ ਬਾਰੇ ਲਗਾਤਾਰ ਬਹਿਸਾਂ ਕਰਵਾਈਆਂ ਤੇ ਕਹਾਣੀ ਦੀ ਗੱਲ ਅੱਗੇ ਤੋਰੀ। ਬਹਿਸਾਂ ਵਿਚ ਉਹਨੂੰ ਗੱਲਾਂ-ਬਾਤਾਂ ਦਾ ਰੁਖ਼ ਮੋੜਨ ਦੀ ਮੁਹਾਰਤ ਹਾਸਿਲ ਹੈ। ਇਹਨਾਂ ਵਿਚ ਭਾਗ ਲੈਣ ਵਾਲੇ ਆਮ ਕਰਕੇ ਅਤੇ ਉਹਦਾ ਟੇਪ ਰਿਕਾਰਡਰ ਖਾਸ ਕਰਕੇ ਉਹਦੇ ਕਹਿਣੇ ਵਿਚ ਹੁੰਦੇ ਨੇ। ਟੇਪ ਰਿਕਾਰਡਰ ਤਾਂ ਬਹੁਤਾ ਈ ਖ਼ਰਾਬ ਹੈ...ਜਦੋਂ ਕੋਈ ਉਹਦੀ ਨਾ ਪਸੰਦ ਗੱਲ ਕਰੋ ਓਦੋਂ ਈ ਖਰਾਬ ਹੋ ਜਾਂਦੈ।

ਸਾਡੇ ਸਮਕਾਲੀਆਂ ਵਿਚ ਹਿੰਦੂ-ਸੰਸਕ੍ਰਿਤੀ, ਸਭਿਆਚਾਰ, ਇਤਿਹਾਸ ਅਤੇ ਮਿਥਿਹਾਸ ਦਾ ਵਰਨਣ ਉਹਨੇ ਆਪਣੀਆਂ ਕਹਾਣੀਆਂ ਵਿਚ ਖ਼ੂਬ ਕੀਤਾ ਹੈ। ਉਰਦੂ ਸਾਹਿਤ, ਖਾਸ ਕਰਕੇ ਸਆਦਤ ਹਸਮ ਮੰਟੋ ਦੀਆਂ ਕਹਾਣੀਆਂ ਤੋਂ ਉਹ ਪ੍ਰਭਾਵਿਤ ਹੈ। ਇਸੇ ਲਈ ਔਰਤ-ਮਰਦ ਦੇ ਰਿਸ਼ਤਿਆਂ ਜੋ ਵਿਆਹੋਂ ਬਾਹਰੇ ਹੋਣ, ਬਾਬਤ ਉਹਨੇ ਬਹੁਤੀਆਂ ਕਹਾਣੀਆਂ ਲਿਖੀਆਂ। ਹੁਣ ਵੀ ਲਿਖ ਰਿਹੈ। ਮੇਰੀ ਤਮੰਨਾ ਹੈ ਕਿ ਉਹ ਕੁਝ ਇਹੋ ਜਿਹੀਆਂ ਕਹਾਣੀਆਂ ਲਿਖੇ ਜੋ ਮੰਟੋ ਦੀਆਂ 'ਟੋਭਾ ਟੇਕ ਸਿੰਘ,' 'ਬਾਬੂ ਗੋਪੀ ਨਾਥ', 'ਮੋਜੇਲ', 'ਖ਼ੁਸ਼ੀਆਂ', 'ਮੰਮੀ', ਅਤੇ 'ਹੱਤਕ' ਕਹਾਣੀਆਂ ਦੀਆਂ ਬੁਲੰਦੀਆਂ ਛੋਹਣ। ਉਹਦੀਆਂ ਕਹਾਣੀਆਂ 'ਤਾਸ਼', 'ਡੈਡਲਾਈਨ', 'ਸ਼ਵੇਤਾਂਬਰ ਨੇ ਕਿਹਾ ਸੀ' ਵਿਸ਼ੇਸ਼ ਤੌਰ ਤੇ ਚਰਚਾ ਦਾ ਕੇਂਦਰ ਬਣੀਆ ਰਹੀਆਂ। 'ਤਾਸ਼' ਦੀਆਂ ਇਹ ਸਤਰਾਂ ਤੁਹਾਡੀ ਨਜ਼ਰ ਨੇ-''ਤਾਸ਼ ਹੱਥਾਂ 'ਚ ਫੜੀ ਮੈਂ ਲੇਟਿਆ ਰਿਹਾ-ਚਿਤਾ ਚਿਣੀ ਗਈ ਸੀ। ਮੇਰੇ ਵਲ ਦੋ ਮੋਟੀਆਂ ਲੱਕੜਾਂ ਦੇ ਵਿਚਕਾਰਲੀ ਥਾਂ ਵਿਚੀਂ ਉਹਦੇ ਨਿੱਕੇ ਜਿਹੇ ਹੱਥ ਦੀ ਮੁੱਠੀ ਬੰਦ ਸੀ। ਗੋਰੀ ਚਿੱਟੀ, ਪਰ ਆਕੜੀ ਹੋਈ, ਜਿਵੇਂ ਵੱਡੇ ਭਰਾ ਤੋਂ ਡਰਦੇ ਨੇ ਪੰਜੀ ਲੁਕਾਈ ਹੋਵੇ।-ਢਕ ਦੇਣੀ ਚਾਹੀਦੀ ਸੀ, ਪਰ ਮੈਂ ਕਿਸੇ ਨੂੰ ਆਖ ਨਾ ਸਕਿਆ।

ਲਾਂਬੂ ਲੱਗਿਆ ਤਾਂ ਹੱਥ ਇਕ ਦਮ ਨੀਲਾ ਪੈ ਗਿਆ। ਫੁੱਲਣ ਲੱਗਾ-ਮੁਠੀ ਦੀਆਂ ਉਂਗਲਾਂ ਹੌਲੀ ਹੌਲੀ ਖੁੱਲ੍ਹਦੀਆਂ-ਖੁਲ੍ਹਦੀਆਂ ਖੁੱਲ੍ਹ ਗਈਆਂ। ਹੱਥ ਬਹੁਤ ਫੁੱਲ ਗਿਆ। ਉਂਗਲਾਂ ਪਸਮੇ ਥਣਾਂ ਵਾਂਗ ਆਕੜ ਗਈਆਂ। ਲਾਟ ਲੱਗੀ ਤਾਂ ਉਹ ਇਕਦਮ ਕਾਲਾ ਪੈ ਗਿਆ।

ਲਾਟ ਹਟੀ, ਹੱਥ ਸੁੰਗੜ ਰਿਹਾ ਸੀ। ਉਂਗਲਾਂ ਹੌਲੀ-ਹੌਲੀ ਮੁੜਨ ਲੱਗੀਆਂ। ਮੁੱਠੀ ਬਣ ਗਈਆਂ। ਸਾਰਾ ਹੱਥ ਅੱਗ ਦੀ ਲਪੇਟ ਵਿਚ ਲੁਕ ਗਿਆ। ਕਦੇ-ਕਦੇ ਕੁਝ ਦਿਸਦਾ, ਸੜਿਆ ਖਿੰਘਰ ਜਿਹਾ-ਤੇ ਲੁਕ ਜਾਂਦਾ।' ਏਨੀ ਤਿੱਖੀ ਨੀਝ, ਕੋਮਲਭਾਵੀ ਮਨ ਦੀ ਸਥਿਤੀ ਅਤੇ ਹਿਰਦੇ ਨੂੰ ਛੋਂਹਦਾ ਵਰਨਣ ਦੇਖਕੇ ਜੀਅ ਕਰਦੇ ਕਿ ਲੇਖਕ ਦਾ ਹੱਥ ਚੁੰਮ ਲਈਏ। ਅਜਿਹੇ ਦ੍ਰਿਸ਼ ਕਿਤੇ-ਕਿਤੇ ਮਿਲਦੇ ਨੇ। ਨਹੀਂ ਤਾਂ ਉਹ ਕਹਾਣੀਆਂ ਉਤੇ ਏਨੀ ਜਾਨ ਮਾਰਦੈ ਕਿ ਉਹਨਾਂ ਦੀ ਜਾਨ ਕੱਢ ਲੈਂਦੈ। ਇਉਂ ਕਰਨ ਨਾਲ ਉਹਨਾਂ ਦੀ ਸਾਦਗੀ ਅਤੇ ਮਾਸੂਮੀਅਤ ਦਮ ਤੋੜ ਜਾਂਦੀ ਹੈ। ਇਹ ਓਦੋਂ ਹੁੰਦੈ ਜਦੋਂ ਉਹਦਾ ਦਿਮਾਗ ਦਿਲ ਉੱਤੇ ਹਾਵੀ ਹੋ ਜਾਂਦੈ। ਜੁਗਤਾਂ ਦੀ ਬਹੁਤਾਤ ਕਹਾਣੀ ਦੀ ਆਤਮਾ ਨੂੰ ਢਕ ਦਿੰਦੀ ਹੈ। ਅਸਧਾਰਨਤਾ ਦਾ ਬਹੁਤਾ ਲੋਭ ਅਤੇ ਲਾਲਸਾ, ਉਚੇਚ ਵਲ ਜਾਣ ਵਾਲਾ ਰਾਹ ਹੈ। ਅਜਿਹੇ ਰਾਹਾਂ ਦੇ ਰਾਹੀ ਉਲਝਣ, ਭਟਕਣ ਅਤੇ ਸੰਕਟ ਵਿਚ ਨਾ ਪੈਣ ਤਾਂ ਹੋਰ ਕੀ ਕਰਨਗੇ? ਉਹਨਾਂ ਲਈ ਦੁਆ ਹੀ ਕੀਤੀ ਜਾ ਸਕਦੀ ਹੈ।

ਉਹ ਅਮੀਰ ਘਰ ਜੰਮਿਆਂ ਗ਼ਰੀਬ ਲੇਖਕ ਹੈ। ਨਿੱਕੀ ਰਜਵਾੜਾਸ਼ਾਹੀ ਦੀ ਰਹਿੰਦ-ਖੂੰਹਦ। ਆਰੀਆ ਸਮਾਜੀ ਪਿਓ, ਵੱਡੇ ਭਰਾ ਦਾ ਬੇਰਹਿਮੀ ਨਾਲ ਕੁੱਟਿਆ ਹੋਇਆ। ਘਰੋਂ, ਸਕੂਲੋਂ ਕੱਢਿਆ ਹੋਇਆ। ਰਿਸ਼ਤੇਦਾਰਾਂ ਵਲੋਂ ਛੱਡਿਆ ਹੋਇਆ। ਹਿਸਾਬ ਦੇ ਮਾਸਟਰ ਦਾ ਬੇ-ਹਿਸਾਬਾ ਮਾਰਿਆ-ਕੁੱਟਿਆ ਹੋਇਆ। ਪੱਤਰਕਾਰੀ ਦਾ ਮਿੱਧਿਆ ਹੋਇਆ। ਹੱਤਕਾਂ, ਬੇਇੱਜ਼ਤੀਆਂ, ਜ਼ਲਾਲਤਾਂ ਬਰਦਾਸ਼ਤ ਕਰਨ ਵਾਲਾ ਵਿਅਕਤੀ ਜੇ 'ਲਕੀਰ' ਵਿਚ ਹੋਰਨਾਂ ਲੇਖਕਾਂ ਨਾਲ ਕਦੇ ਕਦੇ ਤਿੱਖੇ ਜੁਮਲੇ ਕਰਕੇ ਭੈੜਾ ਵਿਹਾਰ ਕਰਦੈ ਤਾਂ ਦਰ-ਗੁਜ਼ਰ ਕਰ ਦੇਣਾ ਚਾਹੀਦੈ। ਓਕਣ ਜਿੱਕਣ ਉਹਨੇ ਆਪਣੇ ਕਠੋਰ ਪਿਓ ਦੇ ਮਰਨ ਸਮੇਂ ਕੀਤਾ ਤੇ ਕਹਾਣੀ ਲਿਖੀ, 'ਜਾਹ ਤੈਨੂੰ ਮਾਫ ਕੀਤਾ।' ਇਸ ਕਹਾਣੀ ਨੂੰ ਪੜ੍ਹਕੇ ਤੁਹਾਨੂੰ ਉਸ ਨਾਲ ਮੁੜ ਪਿਆਰ ਹੋਣ ਲੱਗ ਪਵੇਗਾ। ਭਾਵੇਂ ਉਹ ਪਿਆਰ ਵਿਚ ਓੜਕ ਲੈ ਲਵੇ।

## ਪੁੱਤ ਰੱਜ ਕੇ ਖਾਓ ਤੇ ਝਾੜ ਕੇ ਪਹਿਨੋ

**–ਡੇਵਿਡ ਐਲਿਨ ਲੌਂਗਫੈਲੋ**

ਗੁਰਬਤ ਅਤੇ ਬੇਵੱਸੀ ਇਨਸਾਨ ਨੂੰ ਕੀ ਬਣਾ ਦਿੰਦੀ ਹੈ, ਕਦੇ ਕਦੇ ਅੰਦਾਜ਼ਾ ਲਾਉਣਾ ਵੀ ਅਸੰਭਵ ਹੋ ਜਾਂਦਾ ਹੈ। ਕਈ ਵਾਰ ਸੰਘਰਸ਼ ਦੇ ਰਾਹ 'ਤੇ ਚੱਲਦੇ ਹੋਏ ਵੀ ਹਾਲਾਤ ਸੁਧਰਨ ਦਾ ਨਾਂਅ ਨਹੀਂ ਲੈਂਦੇ। ਅੱਜ ਦੀ ਰੋਟੀ ਸ਼ੁਕਰ ਗੁਜਾਰੀ ਕਰ ਕੇ ਖਾਣੀ ਹਜ਼ਾਰ ਦਰਜੇ ਬਿਹਤਰ ਹੈ, ਕਿਉਂਕਿ ਥਾਲ ਵਿਚ ਤਿੰਨ ਵਸਤੂ ਪਇਓ, ਸਭ ਸੰਤੋਖ ਵਿਚਾਰ, ਵਰਗੀ ਧੁਨ ਵਿਚ ਜੀਊਣ ਵਾਲੇ ਦੀਵਾਨਿਆਂ ਦੀ ਕੋਈ ਕਮੀ ਨਹੀਂ। ਸਵਾਲ ਉੱਠਦਾ ਹੈ ਕਿ ਅਜਿਹੇ ਲੋਕਾਂ ਲਈ ਜ਼ਿੰਦਗੀ ਕਿੰਨੀ ਕੁ ਅਰਥਪੂਰਨ ਹੈ? ਆਪਣੀਆਂ ਹੀ ਇੱਛਾਵਾਂ ਦਾ ਗੁਲਾਮ ਬਣ ਕੇ ਜੀਊਣਾ ਤੇ ਦੂਸਰਿਆਂ ਦੇ ਕੰਮ ਆਉਣ ਤੋਂ ਗੁਰੇਜ਼ ਕਰਨਾ ਕੋਈ ਸੁਚੱਜਾ ਜੀਵਨ ਨਹੀਂ, ਬਲਕਿ ਇਕ ਜਨੂੰਨੀ ਸਿਰੜਪਣ ਹੈ। ਕਾਮਿਕ ਅਵੈੜਪਣ ਦੀ ਖੁੱਲ ਮਿਲ ਜਾਣ ਕਾਰਨ ਸਾਡੇ ਦੇਸ਼ ਦਾ ਸਮਾਜਿਕ ਢਾਂਚਾ ਕੁੰਭੀ ਨਰਕ ਤੋਂ ਵੀ ਵਧ ਸੜ੍ਹਿਆਂਦ ਭਰਿਆ ਹੋ ਜਾਵੇਗਾ। ਅਸੀਂ ਉਦਰੇਵੇਂ ਭਰੀ ਪ੍ਰਾਚੀਨ ਗੱਲ ਨੂੰ ਹੀ ਵਿਵੇਕਸ਼ੀਲ ਹੋ ਕੇ ਚੇਤੇ ਕਰ ਲਈਏ ਤਾਂ ਕਾਫੀ ਹੈ। ਚੌਪਾਲਾ ਦੀ ਅੱਗ ਸੇਕਦੇ ਸਾਡੇ ਪੁਰਖੇ ਮਰਦਾਨਗੀ ਨੂੰ ਲਲਕਾਰਦੇ ਅਕਸਰ ਕਹਿੰਦੇ ਸਨ, ਚੱਲ ਸਾਲਾ ਗਾਂ...ਕਿਸੇ ਥਾਂ ਦਾ। ਜੋ ਔਰਤਾਂ ਅਜਿਹੇ ਕਲੱਬ ਚਲਾਉਂਦੀਆਂ ਹਨ, ਉਹ ਲੈਜ਼ਬੀਅਨ ਕਹਾ ਕੇ ਬਹੁਤ ਫ਼ਖਰ ਮਹਿਸੂਸ ਕਰਦੀਆਂ ਹਨ। ਅੰਗਰੇਜ਼ੀ ਸਾਹਿਤ ਵਿਚ ਲੈਜ਼ਬੀਅਨ ਨੂੰ ਬਹੁਤ ਘਿਰਣਾ ਨਾਲ ਦੇਖਿਆ ਜਾਂਦਾ ਹੈ, ਜਦੋਂਕਿ ਸ਼ੀਫਰਡਜ਼ (ਸਹਏਪਹਇਰਦ'ਸ ਸੌਨਗ) ਰਾਂਝਿਆਂ ਦੇ ਗੀਤ ਹਨ। ਗੁਣਭਰੀ ਦੀਵਾਨਗੀ ਵਿਚ ਦੀਨਤਾ, ਸ਼ਰਾਫ਼ਤ ਅਤੇ ਕਿਰਿਆਤਮਕ ਵੇਦਨਾ ਹੈ, ਕਿਸੇ ਦੀ ਤੜਫ ਨੂੰ ਅਹਿਸਾਸਾਂ ਵਿਚ ਪਰਖਣ ਦੀ ਹਿੰਮਤ। ਲਫੰਗਗੀਰਾਂ ਦੀ ਮਸਤੀ ਪਸ਼ੂ-ਬਿਰਤੀ ਦੀ ਮੁਢਲੀ ਝਲਕ ਹੈ, ਇਕ ਮਦਹੋਸ਼ੀ ਦਾ ਪਾਗਲਪਣ, ਜਿਸ ਵਿਚ ਆਤਮ-ਗਿਲਾਨੀ ਨਹੀਂ, ਵਿਵੇਕ ਨਹੀਂ, ਸਿਰਫ਼ ਇਕ ਵਹਿਣ ਹੈ ਅਤੇ ਇਸ ਵਹਿਣ ਵਿਚ ਪਤਾ ਨਹੀਂ ਕੀ ਗੰਦ-ਮੰਦ ਨਿਕਲਦਾ ਹੈ।

ਆਓ, ਦੇਖਦੇ ਹਾਂ ਕਿ ਸਾਡਾ ਨਾਇਕ ਮਾਮਾ ਸ਼ਕੁੰਨੀ ਹੈ, ਹੁਸਨ ਇਸ਼ਕ ਦਾ ਚੋਰ ਕੈਦੋ ਜਾਂ ਸਿਰਫ਼ ਸ਼ੈਕਸਪੀਅਰ ਦਾ ਕਿਰਦਾਰ ਫਾਲਸਟਾਫ ਜਾਂ ਡਿਊਡ ਹੈ। ਉਸ ਦਾ ਹਾੜ੍ਹ ਦੇ ਜਵਾਨ ਦਿਨਾਂ ਦੀ ਧੁੱਪ ਵਰਗਾ ਚਿੱਟਾ ਬਾਣਾ, ਕਲੀਆਂ ਵਾਲਾ ਮਲਵਈ ਕੁੜਤਾ ਅਤੇ ਵੈਲੀਆਂ ਵਰਗਾ ਰਵਾਇਤੀ ਚਾਦਰਾ ਹੈ, ਜਿਸਨੂੰ ਦੇਖ ਕੇ ਪਿੰਡ ਦੀਆਂ ਸਵਾਣੀਆਂ ਬੁੱਲ੍ਹ ਟੇਰ ਕੇ ਹਾਮੀ ਭਰਦੀਆਂ ਹਨ। ਚਾਦਰੇ ਉੱਤੇ ਲਮਕਦੇ ਸਿਆਲਕੋਟੀ ਲੜ ਹਿੱਲਦੇ, ਕਿਸੇ ਚੰਚਲੋ ਦੇ ਲੱਕ ਦੀ ਨਕਲ ਉਤਾਰਦੇ ਹਨ। ਕਲਹਿਰੀ ਮੋਰ ਵਰਗੀ ਮਸਤਾਨੀ ਚਾਲ ਅਤੇ ਕੱਪੜੇ ਦੀਆਂ ਇਕੱਠੀਆਂ ਹੋਈਆਂ ਤੈਹਾਂ ਰਗੜ ਖਾ ਕੇ ਖਸਰ-ਖਸਰ ਦੀ ਆਵਾਜ਼ ਪੈਦਾ ਕਰਦੀਆਂ ਹਨ, ਜਿਵੇਂ ਕਸੂਰੀ 'ਤੇ ਸੁੱਚ ਪੱਟ ਰਗੜ ਖਾ ਕੇ ਚੰਗਿਆੜਿਆਂ ਦਾ ਭੁਲੇਖਾ ਪਾਉਂਦਾ ਹੈ। ਇਹ ਆਵਾਜ਼ ਸੁਣ ਕੇ ਦੁੱਲੇ ਦੀ ਮਾਂ ਲੱਧੀ ਮੇਹਰੂ ਪੋਸਤੀ ਨੂੰ ਵੀ ਅਸੀਸ ਦੇਣ ਲੱਗਿਆਂ ਕਾਣ ਨਾ ਰੱਖਦੀ, ''ਪੁੱਤ, ਰੱਜ ਕੇ ਖਾਓ, ਝਾੜ ਕੇ ਪਹਿਨੋ।'' ਵਾਸਤਵਿਕ ਰੂਪ ਵਿਚ ਇਹ ਕਲੰਦਰੀ ਫ਼ਕੀਰਾਂ ਦੀ ਅਸੀਸ ਸੀ। ਚਾਦਰੇ ਦੇ ਵੱਟ ਝਨਾਂ ਦੀਆਂ ਲਹਿਰਾਂ ਵਾਂਗ ਪਿੱਛੇ ਅਤੇ ਅੱਗੇ ਡਿੱਗਦੇ। ਤੁਰਲੇ ਵਾਲੀ ਪੱਗ ਦਾ ਪਿਛਲਾ ਲੜ ਕਿਸੇ ਹੰਕਾਰੇ ਹੋਏ ਜਗੀਰਦਾਰ ਦੀ ਤਰ੍ਹਾਂ ਇੱਕਦਮ ਖੜਾ ਰਹਿੰਦਾ। ਕੁੰਦਨ ਲਾਲ ਸਹਿਗਲ ਵਰਗੀਆਂ ਮੁੱਛਾਂ, ਮੁੱਛਾਂ ਵਿਚਕਾਰ ਕਲੰਦਰੀ ਖਤਨਾਂ, ਜਿਵੇਂ ਜਲਾਲ-ਉ-ਦੀਨ ਰੂਮੀ ਨਵੀਂ ਸੂਫੀ ਕਵਿਤਾ ਦਾ



ਪੈਗਾਮ ਲੈ ਕੇ ਆਇਆ ਹੋਵੇ। ਜਾਂ ਤਾਂ ਇਹ ਕਿਸੇ ਨਾਸ ਪਿੱਟੀ ਦਾ ਸਤਾਇਆ ਸ਼ਾਹ ਵਰਿਆਮ ਸੀ ਜਾਂ ਫਿਰ ਛਲਣੀ ਹੋਏ ਕਲੇਜੇ ਦੀ ਕਿਸੇ ਮੋਰੀ ਵਿਚੋਂ ਸਿਰਨਾਵਾਂ ਲੱਭ ਰਿਹਾ ਸੀ। ਉਸਦੇ ਹੱਥ ਵਿਚ ਡੰਡੇ 'ਤੇ ਫਿੱਟ ਕੀਤਾ ਇਕ ਬੋਰਡ ਸੀ 'ਗੋਲੀ ਅੰਦਰ ਦਮ ਜਲੰਧਰ, ਚੂਹੇ ਭਜਾਓ ਅਨਾਜ ਬਚਾਓ।'' ਮਸਤੀ ਭਰੇ ਅੰਦਾਜ਼ ਵਿਚ ਮਿਰਜ਼ੇ ਜੱਟ ਦੀ ਤਰ੍ਹਾਂ ਉਹ ਤੁਰਲਾ ਹਿਲਾਉਂਦਾ ਤੇ ਲੰਮੀ ਹੇਕ ਦਾ ਹੋਕਾ ਦੇਣ ਵਿਚ ਰੁਝ ਜਾਂਦਾ ''ਆਪਣੇ ਹੀ ਨਹੀਂ, ਆਪਣੇ ਗੁਆਂਢੀਆਂ ਦੇ ਵੀ ਖਤਮ ਕਰੋ।' ਉਸ ਦੇ ਹੱਥ ਵਿਚ ਚੂਹੇ ਮਾਰ ਗੋਲੀਆਂ ਦੇ ਕਿੰਨੇ ਹੀ ਪੈਕਟ ਫੜੇ ਹੁੰਦੈ। ਹੋਕਾ ਦਿੰਦਾ ਉਹ ਨੀਝ ਲਗਾ ਕੇ ਖਿਲਾਅ ਵਿਚ ਟਿਕ ਟਿਕੀ ਲਗਾ ਕੇ ਦੇਖਦਾ, ਜਿਵੇਂ ਕਪਾਲ ਕਿਰਿਆ ਰਾਹੀਂ ਜਮਦੂਤ ਦੇ ਸਿੰਗਾਂ 'ਤੇ ਲਟਕਦਾ ਨਵਾਂ ਮੁਰਦਾ ਪਛਾਣ ਰਿਹਾ ਹੋਵੇ। ਉਹ ਆਪਣੀ ਨਜ਼ਰ ਬਾਜ਼ਾਰ ਦੀ ਕਿਸੇ ਸੋਹਣੀ ਔਰਤ 'ਤੇ ਨਾ ਟਿਕਾਉਂਦਾ। ਬੱਸ ਇਕ ਹੀ ਕੋਣ ਤੋਂ ਦੇਖਦੇ-ਦੇਖਦੇ ਉਸ ਦੀਆਂ ਅੱਖਾਂ ਦਾ ਬੱਗਾਪਣ ਸਾਫ਼ ਦਿਸਣ ਲੱਗ ਪੈਂਦਾ। ਇਉਂ ਲੱਗਦਾ, ਜਿਵੇਂ ਉਹ ਜਮਾਂਦਰੂ ਟੀਰਾ ਹੋਵੇ, ਪਰ ਅਜਿਹੀ ਕੋਈ ਕਮੀ ਨਹੀਂ ਸੀ। ਉਸ ਬਾਰੇ ਨਾ ਤਾਂ ਕੋਈ ਉਸ ਨੂੰ ਪੁੱਛਦਾ ਅਤੇ ਨਾ ਹੀ ਜਾਣਨ ਦੀ ਕੋਸ਼ਿਸ਼ ਕਰਦਾ। ਵਾਸਤਵਿਕ ਰੂਪ ਵਿਚ ਇਹ ਭਗਤ ਜੀ ਦੀ ਸਹਿਣਸ਼ੀਲਤਾ ਦਾ ਆਦਰਸ਼ ਸੀ। ਸ਼ਹਿਰ ਦੀ ਟਰੈਫਿਕ ਦੀ ਕਾਵਾਂ-ਰੌਲੀ ਵਿਚ ਜਾਂ ਅੰਤਾਂ ਦੀ ਗਰਮੀ ਬਰਦਾਸ਼ਤ ਕਰਦਾ ਕੋਈ ਦੂਸਰੇ ਨੂੰ ਕਿਸੇ ਦੁਕਾਨਦਾਰ ਦਾ ਪਤਾ ਪੁੱਛਣ ਦੀ ਹਿੰਮਤ ਕਰੇ ਤਾਂ ਭਗਤ ਜੀ ਬਹੁਤ ਠਰ੍ਹੰਮੇ ਨਾਲ ਕਹਿੰਦੇ, ''ਔਹ ਸਾਹਮਣੇ ਐ ਜਾਨੇ-ਆਲਮ।''

ਮੈਨੂੰ ਉਰਦੂ ਭਾਸ਼ਾ ਦੇ ਇਹ ਅਲੰਕਾਰ ਬਹੁਤ ਸੋਹਣੇ ਲੱਗਦੇ। ਕਈ ਵਾਰ ਫੂਕਬਾਜ਼ਾਂ ਦੀ ਮਹਿਫ਼ਲ ਵਿਚ ਲੈਣੇ ਦੇ ਦੇਣੇ ਪੈ ਜਾਂਦੇ ਹਨ। ਲੋਕ ਕੀ ਆਖਣਗੇ ਕਿ ਚੂਹਿਆਂ ਦੀਆਂ ਗੋਲੀਆਂ ਵੇਚਣ ਵਾਲੇ ਨਾਲ ਦੋਸਤੀ ਪੈ ਗਈ। ਸਾਡਾ ਸਮਾਜ ਸਭਿਆਚਾਰ ਦੇ ਨਾਂਅ ਉੱਤੇ ਪਾਗਲਾਂ ਵਾਲੀ ਨਕਲਬਾਜ਼ੀ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ। ਮੈਂ ਇਸਨੂੰ ਹਮੇਸ਼ਾ ਕਟੋਰੀ ਕਲਚਰ (ਛੋਟਏਰਏ ਛੁਲਟੁਰਏ) ਕਹਿੰਦਾ ਹਾਂ, ਅਰਥਾਤ ਸਮਾਜ ਦੇ ਉੱਚ ਵਰਗ ਦੀ ਚੰਡਾਲ ਚੌਕੜੀ, ਜੋ ਇਛਾਵਾਂ ਦੀ ਗੁਲਾਮ ਹੈ। ਕੁੱਤੇ-ਬਿੱਲੀਆਂ ਪਾਲ ਕੇ ਉਨ੍ਹਾਂ ਦਾ ਮੂੰਹ ਚੁੰਮਣਾ ਉਹਨਾਂ ਸ਼ੌਕ ਹੈ। ਅਜਿਹਾ ਹੋਛਾ ਸੱਭਿਆਚਾਰ ਹਮੇਸ਼ਾ ਘਾਤਕ ਸਾਬਤ ਹੁੰਦਾ ਹੈ। ਮੁੱਕਦੀ ਗੱਲ ਇਹ ਕਿ ਮੈਨੂੰ ਵੀ ਉਸ ਤੋਂ ਪੁੱਛਣ ਦੀ ਹਿੰਮਤ ਨਾ ਪਈ।

ਗਿਆਨ ਦੀ ਜਿਗਿਆਸਾ ਦੀ ਜਦ ਚਿਣਗ ਉੱਠਦੀ ਹੈ ਤਾਂ ਆਪਣਾ ਆਪ ਬੇਕਾਬੂ ਜਿਹਾ ਹੋ ਜਾਂਦਾ ਹੈ। ਹੁਣ ਮੇਰੀ ਸਮੱਸਿਆ ਸੀ ਕਿ ਉਸ ਦਾ ਨਾਮ ਕੀ ਹੈ? ਧਰਮ ਕੀ ਹੈ? ਖਪਤਕਾਰ ਯੁੱਗ ਵਿਚ ਹਰ ਕੋਈ ਵੱਡੇ ਰੁਤਬੇ ਜਾਂ ਸ਼ੋਹਰਤ ਨਾਲ ਜੀਊਣਾ ਚਾਹੁੰਦਾ ਹੈ। ਇਕ ਸਧਾਰਨ ਗੁਰਦਵਾਰੇ ਦਾ ਰਾਗੀ ਪ੍ਰੋਫੈਸਰ ਕਹਾਉਂਦਾ ਹੈ। ਸਾਡਾ ਨਾਇਕ ਵੀ ਕੁਝ ਹੋ ਸਕਦਾ ਹੈ। ਭਗਤ ਜੀ ਬਾਜ਼ਾਰ ਦੀ ਇਕ ਨੁਕਰੇ ਛੋਲੇ-ਪੂਰੀ ਖਾ ਰਹੇ ਸਨ ਕਿ ਅਚਾਨਕ ਤੁਕਾਂ ਦੁਹਰਾਉਣ ਲੱਗ ਪਏ। ਕੀਹਨੇ ਆਵਾਜ਼ ਮਾਰੀ ਸੀ?...ਕਿਸ ਨੇ ਮੁੜ ਆਉਣਾ ਸੀ?...ਚੰਦਰਿਆ ਮਨਾਂ, ਤੂੰ ਕੋਈ ਦਿਲ ਨੂੰ ਵਰਾਉਣਾ ਸੀ? ਫਿਰ ਸ਼ੁਰੂ ਹੋਇਆ ਫਕੀਰਾਂ ਵਾਲੀਆਂ ਨਾਨ-ਸਟਾਪ ਬਰਕਤਾਂ ਦਾ ਸਿਲਸਿਲਾ ਤੇ ਸਰਬੱਤ ਦਾ ਭਲਾ। ਉਸਦੇ ਸ਼ਬਦਾਂ ਵਿਚ ਕਹਿਰ ਦੀ ਦਇਆ ਸੀ, ''ਅੱਜ ਦੇ ਦਿਨ ਕੋਈ ਵੀ ਭੁੱਖਾ ਸੌਣ ਲਈ ਮਜਬੂਰ ਨਾ ਹੋਵੇ, ਨਹੀਂ ਤਾਂ ਤੇਰੀ ਹੀ ਬੇਇੱਜ਼ਤੀ ਹੈ।''

ਇਸ ਪਾਖੰਡ ਭਰੀ ਦੁਨੀਆਂ ਵਿਚ ਰੱਬ ਦੇ ਰੂਪ ਪਛਾਣਨੇ ਔਖੇ ਹਨ। ''ਬਾਬਾ ਜੀ ਕਿਸੇ ਮਜ਼ਾਰ ਦੇ ਪੀਰ ਹੋ?'' ''ਨਹੀਂ, ਅਜਿਹਾ ਕੁਝ ਵੀ ਨਹੀਂ, ਮੈਂ ਇਕ ਕਲਾਕਾਰ ਦਾ ਬਾਪ ਹਾਂ।'' ਉਸਨੇ ਕਿਹਾ। ਹੁਣ ਫਿਰ ਸਾਨੂੰ ਸਮਝਣਾ ਮੁਸ਼ਕਲ ਸੀ ਕਿ ਕਲਾਕਾਰ ਮੁੰਡਾ ਹੈ ਜਾਂ ਕੁੜੀ। ਗਰਮੀ ਦੇ ਦਿਨ ਢਲੇ ਅਜਿਹੇ ਬਾਜ਼ਾਰਾਂ ਵਿਚ ਭੀੜ ਅਕਸਰ ਵਧ ਜਾਂਦੀ ਹੈ। ਭੀੜ ਦੇ ਸਮੁੰਦਰ ਵਿਚ ਉਸਦੀ ਸ਼ਖਸੀਅਤ ਦੀ ਵਿਲੱਖਣਤਾ ਕਿਸੇ ਰੋਸ਼ਨ ਚਿਰਾਗ ਤੋਂ ਘੱਟ ਨਹੀਂ ਸੀ।

# ਜ਼ਖ਼ਮੀ ਦਰਿਆ

## ਲੜੀਵਾਰ ਨਾਵਲ

ਕਰਮਜੀਤ ਸਿੰਘ ਕੁੱਸਾ

**ਭਾਗ - 1**

ਬਾਹਰੋਂ ਖਿੜਕ ਕੋਲ ਕਿਸੇ ਦੀ ਬਿੜਕ ਤਾੜ ਕੇ ਸਾਹਬ ਕੁਰ ਨੇ ਕੰਧੋਲੀ ਉਪਰ ਦੀ ਸਿਰ ਚੁੱਕ ਕੇ ਵੇਖਿਆ, ਚਿਲਕਦੀ ਧੁੱਪ ਵਿਚ ਉਸ ਨੂੰ ਕੋਈ ਓਪਰਾ ਤੀਹਾਂ ਕੁ ਸਾਲਾਂ ਦਾ ਮੁੰਡਾ ਖੜ੍ਹਾ ਦਿਸਿਆ। ਸਿਰ ਉਪਰਲੀ ਢਲ ਗਈ ਚਾਦਰ ਨੂੰ ਰੁਖ਼ ਸਿਰ ਕਰਦਿਆਂ ਉੱਠ ਕੇ ਖਿੜਕ ਨਜ਼ਦੀਕ ਜਾ ਕੇ ਪੋਲੀ ਆਵਾਜ਼ ਵਿਚ ਪੁੱਛਿਆ, "ਆ ਭਾਈ?"

ਧੁੱਪ ਲੂਸੇ ਚਿਹਰੇ ਉਪਰ ਫਿੱਕੀ ਜਿਹੀ ਮੁਸਕਾਨ ਨਿੱਤਰ ਆਈ।

"ਮੈਂ ਚਾਚੀ ਐਥੋਂ ਈ ਆਂ, ਉਧਰਲੇ ਪਾਸਿਓਂ।"

"ਹੱਛਿਆ...!" ਸਾਹਬ ਕੁਰ ਰਤਾ ਕੁ ਪਾਸੇ ਹਟਦੀ ਹੋਈ ਬੋਲੀ ਆਉਣ ਵਾਲਾ ਕੱਚੀ ਜਿਹੀ ਭਾਅ ਮਾਰਦਾ ਅੰਦਰ ਆਉਂਦਿਆਂ ਬੋਲਿਆ, "ਮੈਂ ਚਾਚੀ, ਥੋਡੇ ਛੋਟੇ ਮੁੰਡੇ ਧੀਰੇ ਕੋਲੋਂ ਆਇਆਂ!"

"ਹੱਛਿਆ...!" ਸਾਹਬ ਕੁਰ ਦੇ ਝੁਰੜਾਏ ਚਿਹਰੇ ਉਪਰ ਖੁਸ਼ੀ ਦੀ ਲਹਿਰ ਦੌੜ ਗਈ, ਉਸ ਨੇ ਚੰਗੀ ਤਰ੍ਹਾਂ ਰਾਹ ਛੱਡ ਕੇ ਵਿਹੜੇ ਦੇ ਇਕ ਪਾਸੇ ਖੜਾ ਮੰਜਾ ਡਾਹ ਦਿੱਤਾ।

"ਕਿਵੇਂ ਐ! ਕਿੱਥੇ ਐ, ਬਿੱਲੂ, ਹੁਣ ਓਹੋ!"

"ਮੇਰੇ ਨਾਲ ਈ ਐ, ਅਸੀਂ ਤਾਂ ਕਈ ਮਹੀਨਿਆਂ ਤੋਂ ਕੱਠੇ ਆਂ! ਸ਼ੈਤ ਤੂੰ ਚਾਚੀ ਮੈਨੂੰ ਪਛਾਣਿਆਂ ਨ੍ਹੀਂ...! ਮੈਂ ਜੀਤ ਆਂ ਮੱਕੀ ਚੱਬ ਕਹਿੰਦੇ ਐ ਸਾਨੂੰ।" ਸਾਹਬ ਕੁਰ ਦੇ ਚਿਹਰੇ ਦੀ ਨੁਹਾਰ ਛਿੱਥੀ ਜਿਹੀ ਹੋ ਗਈ ਸੀ।

"ਬਿੱਲੂ, ਮੁੰਡੇ-ਖੁੰਡੇ ਤਾਂ ਇਕ ਦੂਜੇ ਨੂੰ ਜਾਣਦੇ ਕਰਦੇ ਹੁੰਦੇ ਐ! ਸਾਡਾ ਬੁੜੀਆਂ ਦਾ ਥੋਨੂੰ ਪਤਾ ਈ ਐ, ਧੰਦਾ ਈ ਨ੍ਹੀਂ ਮੁਕਦਾ!...ਚਲ ਚੰਗਾ, ਤੇਰੇ ਨਾਲ ਐ!...ਚੰਗਾ ਭਲਾ ਕੰਮ ਕਰਦਾ ਸੀਗਾ, ਖ਼ਬਰ ਨ੍ਹੀਂ ਕੀ ਬੁਰਾ ਦਿਖਾਲੀ ਦੇ ਗਿਆ, ਹਾਂ ਹਾਂ ਅਖੇ ਮੈਂ ਕਿਉਂ ਐਥੇ ਰਹਾਂ! ਮੇਰਾ ਨ੍ਹੀ ਬਾਹਰ ਘੁੰਮਣ-ਫਿਰਨ ਨੂੰ ਜੀਅ ਕਰਦਾ। ਮਖਿਆ ਤੂੰ ਘੁੰਮ ਲੈ! ਕਿੰਨੇ ਮਹੀਨੇ ਹੋ ਗੇ, ਘਰੋਂ ਗਏ ਨੂੰ! ਕੋਈ ਉਤਰ ਪਤਾ ਨ੍ਹੀਂ! ਮੇਰਾ ਕਾਲਜਾ ਫੇਰ ਖੁੱਸਦੈ!"

"ਚਾਚੀ ਮਾਵਾਂ ਨ੍ਹੀਂ ਝੱਲ ਸਕਦੀਆਂ! ਪੁੱਤ ਭਾਵੇਂ...ਨਾਲੇ ਇਹ ਤਾਂ...।"

ਜੀਤ ਨੇ ਟੁੱਟਵੀਆਂ ਜਿਹੀਆਂ ਗੱਲਾਂ ਕੀਤੀਆਂ, ਗੱਲ ਪੂਰੀ ਬਣਦੀ ਤਾੜ ਕੇ ਉਹ ਚੁੱਪ ਹੋ ਗਿਆ। ਸਾਹਬ ਕੁਰ ਨੇ ਅੱਖਾਂ 'ਚ ਆਈ ਭਿੱਜੀ ਲਿਸ਼ਕ ਸਾਂਭਦਿਆਂ ਫਿਰ ਪੁੱਛਿਆ, "ਹੁਣ ਕਿੱਥੇ ਐ?"

"ਰਾਂਚੀ ਐ! ਅਸੀਂ ਇਕੋ ਗੱਡੀ 'ਤੇ ਆਂ! ਹੁਣ ਤਾਂ ਉਹ ਪੂਰਾ ਡਰੈਵਰ ਬਣ ਗਿਆ।" ਫਿਰ ਉਸ ਜੇਬ 'ਚੋਂ ਬਟੂਆ ਕੱਢ ਕੇ ਸੌ ਸੌ ਦੇ 5 ਨੋਟ ਅੱਗੇ ਕੀਤੇ, ਸਾਹਬ ਕੁਰ ਨੇ ਚੁੰਨ੍ਹੀ ਦੇ ਲੜ ਨਾਲ ਫੜਦਿਆਂ ਉਸ ਦੇ ਚਿਹਰੇ ਦੀ ਰੰਗਤ ਮੁੜ ਸਾਂਵੀ ਹੋ ਗਈ, ਪਲ ਕੁ ਉਸ ਦੇ ਅੰਦਰ ਕੋਈ ਗੱਲ ਨਾ ਬਣੀ, ਮਨ ਵਿਚ ਪਸਰਿਆ ਵੈਰਾਗ ਹੁਣ ਖੁਸ਼ੀ 'ਚ ਵਟ ਗਿਆ, ਉਹ ਹੰਭਲਾ ਮਾਰ ਕੇ ਉੱਠੀ।

"ਤੂੰ ਬੈਠ ਮੱਲ, ਚਾਹ ਬਣਾ ਕੇ ਲਿਆਉਨੀ ਆਂ, ਮੈਂ ਤਾਂ ਗੱਲਾਂ ਗੱਲਾਂ 'ਚ ਭੁੱਲ ਈ ਗਈ।"

"ਚਾਹ ਨੀ ਚਾਚੀ, ਚਾਹ ਦੀ ਤਾਂ ਲੋੜ ਨ੍ਹੀਂ! ਮਖਿਆ ਮੈਂ ਪਹਿਲਾਂ ਚਾਚੀ ਕੋਲ ਜਾ ਆਵਾਂ! ਰਾਤ ਈ ਮੈਂ ਤਾਂ ਆਇਆਂ, ਦਿਨ ਛਿਪੇ।"

"ਲੈ ਹੈ ਭਾਈ, ਚਾਹ ਨੂੰ ਆਪਾਂ ਕਿਤੋਂ ਕੁਸ਼ ਲੈਣ ਜਾਣੈਂ।" ਸਾਹਬ ਕੁਰ ਉਸਦੀ ਅਣਸੁਣੀ ਕਰਦਿਆਂ, ਉਸ ਨੂੰ ਹੱਥ ਮਾਰ ਕੇ ਬਹਾਉਂਦਿਆਂ ਚੁੱਲ੍ਹੇ ਵਿਚ ਛਿਟੀਆਂ ਦਾ ਰੁੱਗ ਮਰੋੜ ਕੇ ਡਾਹੁੰਦਿਆਂ ਬੋਲਦੀ ਰਹੀ, "ਨਾਲੇ ਤੂੰ ਜੇ ਐਨਾ ਸੋਚਿਆ, ਚਾਚੀ ਤੇਰੀ ਚਾਹ ਜੋਗੀ ਵੀ ਨ੍ਹੀਂ।"

"ਮਖਿਆ, ਚਾਚੀ ਤਾਂ ਫਿਕਰ 'ਚ ਡੁੱਬੀ ਫਿਰਦੀ ਹੋਣੀ ਐਂ।"

ਜੀਤ ਨੂੰ ਛਿਟੀਆਂ ਦੇ ਤੜਾਕਿਆਂ ਵਿਚ ਅੱਗ ਮੱਚਣ ਦੀ ਆਵਾਜ਼ ਸੁਣਾਈ ਦਿੱਤੀ, ਪਰ ਉਹ ਅਵੇਸ਼ ਵਿਚ ਆਇਆ ਆਪ ਮੁਹਾਰਾ ਬੋਲ ਰਿਹਾ ਸੀ, "ਪਹਿਲਾਂ ਮੈਨੂੰ ਬਿਹਾਰ 'ਚ ਮਿਲਿਆ! ਭੁੰਦੜੀ ਆਲਿਆਂ ਦੀ ਗੱਡੀ 'ਤੇ ਸੀ! ਉਨ੍ਹਾਂ ਨੇ ਸਾਲਿਆਂ ਨੇ ਗੱਡੀ ਈ ਨਾ ਫੜਾਈ! ਮਖਿਆ ਤੂੰ ਮੇਰੇ ਪਿੰਡ ਦਾ ਮੁੰਡਾ ਐਂ! ਮੇਰੇ ਨਾਲ ਆ ਜਾ! ਗੱਡੀ ਸਿੱਖਣ ਦਾ ਕੀ ਐ, ਦੋਂਹ ਮਹੀਨੀ ਬੰਦਾ ਗੱਡੀ ਸਿੱਖ ਜਾਂਦੈ!"

"ਵੇ ਬਿੱਲੂ, ਅਸੀਂ ਤਾਂ ਪਿੱਟ ਕੇ ਮਰ'ਗੇ ਬਈ ਜੇ ਤੂੰ ਗੱਡੀ ਈ ਚਲਾਉਣੀ ਸੀ ਘਰ ਦੀ ਚਲਾ ਲੈਂਦਾ! ਉਦੋਂ ਆਖਿਆ ਕਰੇ, ਮੈਂ ਤਾਂ ਖੇਤੀ ਕਰੂੰ! ਹੁਣ ਆਖਿਆ ਕਰੇ, ਅਖੇ ਮੇਰਾ ਤਾਂ ਮੇਰੇ ਚਿੱਤ 'ਚ ਈ ਰਹਿ ਗਿਆ, ਬਈ ਮੈਂ ਵੀ ਬਾਹਰ ਅੰਦਰ ਦੇਖਣਾ! ਮਖ ਘਰ ਦੀ ਨੂੰ ਸ਼ਰੀਕ ਚੱਟ ਗੇ, ਹੁਣ ਲੋਕਾਂ ਦੀਆਂ 'ਤੇ ਫਾਂਟਾਂ ਭੰਨਾਉਂਦੇ ਫ਼ਿਰਦੇ ਐ!

"ਚਾਚੀ ਗੱਡੀ ਤਾਂ ਘਰ ਦੀ ਨਾਲੋਂ ਸਗੋਂ ਬਾਹਰਲੀ ਚੰਗੀ ਰਹਿੰਦੀ ਐ! ਘਰ ਦੀ ਤਾਂ ਟੁੱਟ-ਭੱਜ ਈ ਨ੍ਹੀਂ ਲੋਟ ਆਉਂਦੀ, ਬਾਹਰਲੀ ਟੁੱਟੂ, ਭੱਜੂ, ਮਾਲਕ ਦੀ ਭੱਜੂ! ਸਾਨੂੰ ਕੋਈ ਚਿੰਤਾ ਤਾਂ ਨ੍ਹੀ! ਮੌਜ ਨਾਲ ਕੰਨ ਟੇਢਾ ਕਰ ਕੇ ਪੈ ਰਹੀਦੈ!"

ਜੀਤ ਦੇ ਜਾਣ ਬਾਦ ਸਾਹਬ ਕੁਰ ਨੇ ਚੁੰਨ੍ਹੀ ਦੇ ਲੜ ਬੱਧੇ ਰੁਪਈਏ ਖੋਲ੍ਹ ਕੇ ਗਿਣੇ, ਪੂਰਾ 5 ਸੌ ਸੀ, ਉਸ ਰੁਪਈਏ ਦੋਵੇਂ ਹੱਥਾਂ 'ਚ ਫੜ੍ਹ ਕੇ ਹਿੱਕ ਨਾਲ ਲਾ ਕੇ ਨਿੱਘ ਮਹਿਸੂਸ ਕੀਤਾ। ਖੁਸ਼ੀ ਨਾਲ ਸਾਰੀ ਦੇਹ 'ਚ ਝਰਨਾਟ ਫਿਰ ਗਈ, ਸੰਦੂਕ ਖੋਲ੍ਹ ਕੇ ਡੱਬੇ ਵਿਚ ਰੱਖ ਦਿੱਤੇ। ਲੱਤਾਂ 'ਚ ਤਾਕਤ ਮਹਿਸੂਸ ਕਰਦਿਆਂ, ਉਹ ਖਿੜਕ ਵਲ ਗਈ, ਬਾਹਰ ਭੜੀਂਹ ਉਪਰ ਗੁਟਾਰਾਂ ਚੁੰਜਾਂ ਨਾਲ ਪਾਥੀਆਂ ਫਰੋਲ ਰਹੀਆਂ ਸਨ। ਉਹਨੇ ਹੱਥ ਖੜਾ ਕਰਕੇ 'ਹਾਅਤ' ਕਰਿਆ, ਕੁਝ ਗੁਟਾਰਾਂ ਉਸੇ ਤਰ੍ਹਾਂ ਚਰਚੋਲਰ ਪਾਉਂਦੀਆਂ ਰਹੀਆਂ, ਡਲਾ ਮਾਰ ਕੇ ਉਡਾਉਣ ਲਈ ਉਸ ਦਾ ਹੱਥ ਉੱਠਿਆ ਹੀ, ਸ਼ੋਰੀ ਬਾਣੀਏ ਦੀ ਭਾਰੀ ਜਿਹੀ ਸ਼ਾਂਤੀ ਨੇ ਆਉਂਦਿਆਂ ਕਿਹਾ, "ਬੇਬੇ ਕਿਉਂ ਮਾਰਨੀ ਐਂ! ਰੱਬ ਦੇ ਜੀਅ-ਜੰਤ ਐ ਵਿਚਾਰੇ!"

"ਕੁੜੇ ਸ਼ਾਂਤੀ, ਜਮਾਂ ਨੀ ਛੱਡਦੀਆਂ! ਆ ਜਾ, ਅੱਜ ਕਿਧਰੋਂ! ਚਾਹ ਬਣਾ ਲੈਨੇ ਆਂ!"

"ਨਾ ਬੱਸ ਬੇਬੇ, ਜੀਂਦੀ ਵੱਸਦੀ ਰਹਿ, ਭਗਵਾਨ ਬਹੁਤਾ ਦੇਵੇ। ਪੈਸੇ ਲੈਣੇਂ ਐ ਕਈ ਘਰਾਂ ਤੇ, ਦੋ ਦੋ ਸਾਲ ਕੇ ਖੜੇ ਐ। ਗੁੱਡੀ ਕਿੱਥੇ ਐ!"

"ਗੁੱਡੀ ਬਾਹਰਲਿਆਂ ਦੇ ਗਈ ਐ! ਆ ਜਾ ਬਹਿ ਕੇ ਦੁੱਖ ਸੁੱਖ ਕਰਦੇ ਆਂ।"

"ਬੇਬੇ ਦੁਖ ਸੁਖ ਕਾਸ ਕਾ ਕਰਨਾ ਹੋਇਐ। ਦਿਨ ਰਾਤ ਮਾਰ ਕਾਟ ਹੋਈ ਜਾਂਦੀ ਐ। ਤੇਰਾ ਬੇਟਾ ਜਗਰਾਮਾਂ ਨੂੰ ਗਿਆ! ਮਨ ਨੂੰ ਚਿੰਤਾ ਲੱਗੀ ਰਹਿੰਦੀ ਐ।" ਫਿਰ ਅੱਗੇ ਪਿੱਛੇ ਝਾਕ ਕੇ ਸਾਹਬ ਕੁਰ ਦੇ ਨੇੜੇ ਹੋ ਕੇ ਬੋਲੀ, "ਤੇਰਾ ਬੇਟਾ ਸੁਣ ਕੇ ਆਇਆ ਇਕ ਅਤਿਵਾਦੀ ਨੇ ਜੁਆਕ ਦੇ ਢਿੱਡ 'ਚ ਛੁਰਾ ਮਾਰਿਐ!...ਬੱਸ ਵਿਚ...ਏਕ ਜਨਾਨੀ ਬੱਸ ਮੇਂ ਜਵਾਕ ਲਈ ਬੈਠੀ ਸੀ। ਜੁਆਕ ਨੇ ਪੇਸ਼ਾਬ ਕਰ-ਤਾ, ਉਹਦੇ ਉਪਰ।" ਸਾਹਬ ਕੁਰ ਨੇ ਸ਼ਾਂਤੀ ਦੀਆਂ ਮੋਟੀਆਂ ਅੱਖਾਂ ਵਿਚ ਹੈਰਾਨੀ ਚੜ੍ਹਿਆ ਭੈਅ ਤੱਕਿਆ, ਉਸ ਦਾ ਸੀਨਾ ਵੀ ਧੱਕ ਧੱਕ ਕਰਨ ਲੱਗ ਪਿਆ। ਸ਼ਾਂਤੀ ਨੇ ਫਿਰ ਇਧਰ ਉਧਰ ਵੇਖ ਕੇ ਫੁਸੀ ਆਵਾਜ਼ ਵਿਚ ਆਖਿਆ, "ਉਹ ਮੁੰਡਾ ਤਾਂ ਆਖੈ, ਏਸ ਬੱਚੇ ਨੇ ਮੇਰੇ ਉਪਰ ਮੂਤਰਿਆ ਕਿਉਂ।"

"ਫੇਰ?" ਸਾਹਬ ਕੁਰ ਸੱਚਮੁੱਚ ਡਰ ਗਈ।

"ਫੇਰ ਕਿਆ, ਉਸ ਮੁੰਡੇ ਨੇ ਕੱਢ ਕੇ ਛੁਰਾ ਬੱਚੇ ਦੇ ਢਿੱਡ 'ਚ ਮਾਰਿਆ!" ਨਾਲ ਹੀ ਸ਼ਾਂਤੀ ਨੇ ਬਾਂਹ ਉਗਾਸ ਥੱਲੇ ਨੂੰ ਕਰ ਦਿੱਤੀ।

"ਹਾਏ ਹਾਏ!" ਸਾਹਬ ਕੁਰ ਨੇ ਡੂੰਘਾ ਸਾਹ ਖਿੱਚਿਆ, "ਵੇ ਤੈਨੂੰ ਲੋਹੜਾ ਪੈ ਜੇ!"

"ਫੇਰ ਬੇਬੇ, ਡਰੈਵਰ ਚਲਾਕੀ ਕਰਕੇ ਬੱਸ ਠਾਣੇ ਮੇਂ ਲੈ ਗਿਆ।" ਸ਼ਾਂਤੀ ਨੇ ਹੱਥ ਦੀ ਮੁੱਠੀ ਖੱਬੇ ਤੋਂ ਚੁੱਕਦਿਆਂ ਹਵਾ ਵਿਚ ਲਹਿਰਾਈ, ਸਾਹਬ ਕੁਰ ਅੱਖਾਂ ਫੈਲਾਈ ਚਿਹਰੇ 'ਤੇ ਭੈਅ ਪਸਾਰੀ ਅਵਾਕ ਖਲੋਤੀ ਰਹੀ, ਤੁਰਨ ਲਈ ਪੈਰ ਚੁੱਕਦੀ ਹੋਈ ਸ਼ਾਂਤੀ ਫਿਰ ਬੋਲੀ, "ਬੇਬੇ ਤੇਰੇ ਕੋਲ ਕਿਸ ਬਾਤ ਦਾ ਲੁੱਕ ਐ! ਤੇਰਾ ਬੇਟਾ ਓਸ ਦਿਨ ਦਾ ਡਰਿਆ ਹੋਇਐ! ਰਾਤ ਕੋ ਡਰ ਡਰ ਉਠਦਾ ਐ! ਕਹਿੰਦਾ ਐ, ਜੀਂਦ ਈ ਚਲੇ ਜਾਨੇ ਆਂ!"

"ਨਾ ਕੁੜੇ, ਜੀਂਦ ਹੁਣ ਥੋਡਾ ਕੀ ਐ! ਬੁੜ੍ਹਾ ਤਾਂ ਥੋਡਾ ਐਥੇ ਕੌਣ ਵੇਲਿਆਂ ਦਾ ਵਸਦਾ ਐ।"

ਸ਼ਾਂਤੀ ਗੱਲਾਂ ਕਰਦੀ ਕਰਦੀ ਦੂਰ ਨਿਕਲ ਗਈ। ਸਾਹਬ ਕੁਰ ਉਥੇ ਹੀ ਡਰੀ ਸਹਿਮੀ ਖੜੀ ਸੀ। ਅਚਾਨਕ ਗੁਟਾਰਾਂ ਦੇ ਚਰਚੋਲਰ ਨਾਲ ਉਸ ਦੀ ਸੁਰਤੀ ਮੁੜੀ, ਗੁਟਾਰਾਂ ਦਾ ਝੁੰਡ ਉਸ ਦੀ ਅਹੁਲਣ ਨਾਲ ਫੁਰਰ ਕਰਕੇ ਉੱਡ ਗਿਆ, ਪਥਕਣ ਵਿਚ ਜਾ ਕੇ ਪੈਰਾਂ ਨਾਲ ਫਰੋਲੀਆਂ ਪਾਥੀਆਂ ਥਾਪੜਦੀ ਹੋਈ, ਪਰਾਂਹ ਬੈਠੇ ਗੁਟਾਰਾਂ ਦੇ ਝੁੰਡ ਵਲ ਵੇਖਦੀ ਬੁੜ ਬੁੜ ਕਰਦੀ ਰਹੀ। ਘਰ ਆ ਕੇ ਮੰਜੇ ਕੋਲ ਪਏ ਚਾਹ ਵਾਲੇ ਜੂਠੇ ਗਲਾਸ ਚੁੱਕਦਿਆਂ ਧੀਰਾ ਉਸ ਦੇ ਜਿਹਨ ਵਿਚ ਉਤਰ ਆਇਆ, "ਚੱਲ ਤੂੰ ਵੀ ਆਪ ਦੇ ਸਿਰੇ ਹੋਇਐਂ! ਨਿੱਤ ਟਿੰਡ 'ਚ ਕਾਨਾ ਪਾ ਕੇ ਬਹਿ ਜਾਂਦਾ ਸੀ। ਗੋਲਾ ਧੰਦਾ ਕਰਨ ਨੂੰ ਮੈਂ ਇਨ੍ਹਾਂ ਦਾ ਸੀਰੀ ਆਂ! ਨਾ ਬਣ ਸੀਰੀ! ਆਪਦੀ ਕਮਾ ਤੇ ਖਾਹ!...ਤੇਰੇ ਚਿੱਤ 'ਚ ਡਮੱਕ ਨਾ ਰਹੇ! ਤਾਏ ਦੀ ਧੀ ਚੱਲੀ, ਮੈਂ ਕਿਉਂ ਰਹਿਗੀ ਕੱਲੀ!"

ਦਿਨ ਛਿਪਣ ਤੋਂ ਪਹਿਲਾਂ ਜਦੋਂ ਹਰਪਾਲ ਸ਼ਹਿਰੋਂ ਮੁੜ ਕੇ ਆਇਆ, ਸਾਹਬ ਕੁਰ ਨੇ ਉਹਦੇ ਚਿਹਰੇ ਵਲ ਗਹੁ ਨਾਲ ਤੱਕਿਆ, ਚਿਹਰਾ ਭਗਰੂਣਿਆਂ ਲੱਗਿਆ। ਵਿਹੜੇ ਵਿਚ ਦੁਪਹਿਰ ਦੀ ਤਪਸ਼ ਦਾ ਅਸੁਖਾਵਾਂ ਜਿਹਾ ਅਹਿਸਾਸ ਮਹਿਸੂਸ ਹੋਇਆ। ਸੁੱਖੀ ਹਾਰੇ ਵਿਚੋਂ ਛੋਲਿਆਂ ਦੀ ਦਾਲ ਵਾਲਾ ਕੁੱਜਾ ਕੱਢਦੀ ਹੋਈ ਉਨ੍ਹਾਂ ਵਲ ਝਾਕੀ, ਹਰਪਾਲ ਪਹਿਲਾਂ ਡਹੇ ਪਏ ਮੰਜੇ ਉੱਤੇ ਬਹਿ ਗਿਆ, ਸਾਹਬ ਕੁਰ ਨੇ ਪਾਣੀ ਦਾ ਗਲਾਸ ਲਿਆ ਕੇ ਦਿੰਦਿਆਂ ਪੁੱਛਿਆ, "ਬਣ ਗਿਆ ਕੰਮ?" ਹਰਪਾਲ ਨੇ ਪਾਣੀ ਪੀ ਕੇ ਗਲਾਸ ਥੱਲੇ ਰੱਖਦਿਆਂ ਪਸੀਨੇ ਅਤੇ ਗਰਮੀ ਨਾਲ ਤਪੇ ਹੋਏ ਚਿਹਰੇ ਉਪਰ ਹੱਥ ਫੇਰਿਆ, ਸਾਹਬ ਕੁਰ ਵਲ ਪਲਕਾਂ ਚੁੱਕ ਕੇ ਵੇਖਦਿਆਂ ਹੌਲੀ ਜਿਹੀ ਪਾਵੇ ਦਾ ਸਿਰਾਹਣਾ ਲਾ ਕੇ ਪੈ ਗਿਆ, ਨੀਲੇ ਆਕਾਸ਼ ਹੇਠ ਤੋਤਿਆਂ ਦੀ ਡਾਰ ਚੁੱਘੀਆਂ ਭਰਦੀ ਜਾ ਰਹੀ ਸੀ। ਥੋੜੇ ਸਮੇਂ ਬਾਅਦ ਸਾਹਬ ਕੁਰ ਨੇ ਫਿਰ ਪੁੱਛਿਆ, "ਹੋਰ ਤਾਂ ਸੁੱਖ ਸਾਂਦ ਐ!"

ਹਰਪਾਲ ਇਕ ਦਮ ਆਪਣੀ ਮਾਂ ਵਲ ਝਾਕਿਆ, ਮਾਈ ਨੇ ਉਸ ਦੀ ਭਵੰਤਰੀ ਤੱਕਣੀ ਵਲ ਵਿੰਹਦਿਆਂ ਕਿਹਾ, "ਅੱਜ ਸ਼ੋਰੀ ਬਾਣੀਏ ਦੀ ਸ਼ਾਂਤੀ ਆਈ ਸੀ, ਉਹ ਤਾਂ ਬਲਾਅ ਕੁਸ਼ ਦੱਸ ਕੇ ਗਈ ਐ ਅਖੇ ਉਥੇ ਤਾਂ...।" ਸਾਹਬ ਕੁਰ ਨੇ ਉਹੀ ਘਟਨਾ ਦੁਹਰਾਉਣੀ ਸ਼ੁਰੂ ਕਰ ਦਿੱਤੀ। ਦਾਲ ਘੋਟਦੀ ਸੁੱਖੀ ਨੇ ਵੀ ਕੰਨ ਚੁੱਕ ਕੇ ਉਨ੍ਹਾਂ ਵਲ ਤਾੜ ਲਾਈ। ਸਾਰੀ ਗੱਲ ਸੁਣ ਕੇ ਹਰਪਾਲ ਦੇ ਚਿਹਰੇ ਉੱਤੇ ਹਾਸਾ ਉਭਰ ਆਇਆ, "ਐਵੇਂ ਅਫਵਾਹ ਐ! ਐਹੋ ਜੇ ਕਾਹਨੂੰ ਐ। ਐਵੇਂ ਭੌਂਕਦੀ ਫਿਰਦੀ ਐ, ਪੰਨਸੇਰੀ ਜ੍ਹੀ! ਇਹਨੂੰ ਅੰਮਾਂ ਨੂੰ ਪਹਿਲਾਂ ਈ ਡਰ ਪੈ ਗਿਆ।"

"ਭਾਈ ਉਹਨੇ ਤਾਂ ਮੈਨੂੰ ਡਰਾ ਈ ਦਿੱਤਾ! ਮਖ ਜੇ ਇਉਂ ਹੋਣ ਲੱਗ ਪਿਆ, ਦੁਨੀਆਂ ਦਾ ਵਸੇਬਾ ਕਿਵੇਂ ਹੋਊ।"

"ਲੈ! ਇਉਂ ਕੀ ਹੋਣ ਲੱਗਿਐ।" ਹਰਪਾਲ ਧੁਰਲੀ ਮਾਰ ਕੇ ਮੰਜੇ ਤੋਂ ਉੱਠਿਆ, ਨਲਕਾ ਗੇੜ ਕੇ ਨਹਾਉਣ ਲੱਗ ਪਿਆ। ਉਸ ਇਕ ਦੋ ਵਾਰ ਸਾਹਬ ਕੁਰ ਵਲ ਵੇਖਿਆ, ਉਹ ਉਸੇ ਮੁਦਰਾ ਵਿਚ ਬੈਠੀ ਸੀ। ਜਿਹੜੀ ਗੱਲ ਉਹ ਸਿੱਧਵਾਂ ਤੋਂ ਸੁਣ ਕੇ ਆਇਆ ਸੀ, ਉਹ ਏਨੀ ਦਿਲ ਕੰਬਾਊ ਸੀ, ਉਹ ਖੁਦ ਭੈਅ ਨਾਲ ਸੁੰਗੜ ਗਿਆ ਸੀ, ਉਦੋਂ ਹੀ ਖਿੜਕ ਖੜਕਿਆ, ਗੁਰਬਖਸ਼ ਰੇਹੜੀ ਲੈ ਕੇ ਅੰਦਰ ਆਇਆ।

"ਪਿਹਾ ਲਿਆਏ?" "ਹਾਂਅ" ਆਖ ਕੇ ਉਹਨੇ ਵੱਢਾ ਰੇਹੜੀ ਵਿਚੋਂ ਕੱਢ ਕੇ ਖੁਰਲੀ ਉੱਤੇ ਬੰਨ੍ਹ ਦਿੱਤਾ, ਫਿਰ ਸਿਰ ਉਪਰੋਂ ਪਰਨਾ ਖੋਲ੍ਹ ਕੇ ਪਹਿਲਾਂ ਝਾੜਿਆ, ਦੋਬਾਰਾ ਬੰਨ੍ਹਦਿਆਂ ਪੁੱਛਿਆ, "ਤੂੰ ਅੱਜ ਸ਼ਹਿਰ ਗਿਆ ਸੀ, ਕੁਸ਼ ਸੁਣਿਐ?"

"ਹਾਂ ਕਹਿੰਦੇ ਐ ਭੱਠੇ ਵਾਲੇ ਲਾਲੇ ਮਾਰ ਤੇ।"

"ਵੇ ਕਦੋਂ?" ਸਾਹਬ ਕੁਰ ਨੇ ਪੁੱਛਿਆ।

"ਤਾਂ ਫੇਰ ਸੱਚੀ ਐ ਗੱਲ। ਡੋਗਰ ਅਮਲੀ ਮਸ਼ੀਨ 'ਤੇ ਦੱਸਦਾ ਸੀ। ਮੈਂ ਆਖਿਆ ਇਹ ਕੰਜਰ ਗੱਪੀ ਐ। ਨਿੱਤ ਆਖੂ, ਅਮਲੀਆ, ਅੱਜ ਫੇਰ ਇਕ ਹੋਰ ਦਾ ਝੱਗਾ ਮੇਚ ਕਰ ਤਾ!"

"ਓਇ ਲਾਲੇ ਵੀ ਕਿਹੜਾ ਘੱਟ ਸੀ!" ਹਰਪਾਲ ਨੇ ਖਿਝ ਕੇ ਆਖਿਆ, "ਜਦੋਂ ਮੋਗੇ ਗੁਰਦੁਆਰੇ 'ਚ ਮੁਕਾਬਲਾ ਹੋਇਐ! ਇਨ੍ਹਾਂ ਨੇ ਸੀ.ਆਰ.ਪੀ. ਵਾਲਿਆਂ ਨੂੰ ਕੈਂਪਾਂ ਕੋਲੇ ਪਿਆਏ"

"ਫੇਰ ਬਾਣੀਏ ਵੀ ਪੰਗੇ ਲੈਂਦੇ ਐ! ਜਾਣ ਜਾਣ ਕੇ ਸੱਪਾਂ ਦੀਆਂ ਖੁੱਡਾਂ 'ਚ ਹੱਥ ਪਾਉਂਦੇ ਐ।" ਸਾਹਬ ਕੁਰ ਨੂੰ ਆਪਣੇ ਅੰਦਰ ਤਣਾਅ ਕੁਝ ਘੱਟ ਹੋਇਆ ਮਹਿਸੂਸ ਹੋਇਆ, "ਬਈ ਥੋਨੂੰ ਰੋਟੀ ਨ੍ਹੀਂ ਹਜਮ ਆਉਂਦੀ, ਠੰਢੇ ਪਿਆਇਆਂ ਬਿਨਾ? ਜਾਨ ਗੁਆ'ਲੀ! ਹੁਣ ਤੀਮੀਆਂ ਰੋਣਗੀਆਂ ਜਣਦਿਆਂ ਨੂੰ ਬਹਿ ਕੇ।"

"ਬਾਣੀਆਂ ਨੇ ਤਾਂ ਇਉਂ ਕਰਨਾ ਈ ਐ।" ਗੁਰਬਖਸ਼ ਫਿਰ ਬੋਲਿਆ, "ਐਥੇ ਜੱਟ ਨ੍ਹੀਂ ਪੰਗੇ ਲੈਣੋਂ ਹੱਟਦੇ। ਨਾਲੇ ਪਤੈ ਬਈ ਜੀਹਦੇ ਉਹ ਖਿੱਤ ਪੈ ਗੇ...।...ਤਿਹਾੜੇ ਆਲੇ ਜੋਰੇ ਨੇ ਪਿੱਛੇ ਜੇ੍ਹ...ਉਨ੍ਹਾਂ ਦਾ ਇਕ ਬੰਦਾ ਫੜਵਾ ਦਿੱਤਾ!"

"ਫੇਰ ਉਹਦਾ ਕੀ ਬਣਿਐ?"

"ਇਹੋ ਜਿਹਿਆਂ ਦਾ ਬਣਨਾ ਕੀ ਹੁੰਦੈ! ਸਿੰਘਾਂ ਨੇ ਖਹਿੜਾ ਈ ਨ੍ਹੀਂ ਛੱਡਿਆ ਉਹਦਾ! ਸੋਧ ਕੇ ਛੱਡਿਆ!"

"ਦੁਨੀਆਂ ਨੇ ਖ਼ਤਮ ਹੋਣਾ, ਕਿਮੇ ਹੋ ਜੇ।" ਸਾਹਬ ਕੁਰ ਨੇ ਉਠਦਿਆਂ ਆਖਿਆ, "ਚਲ ਨੀ ਭਾਈ ਰੋਟੀ ਲੱਗੀਏ।"

"ਰੋਟੀ ਮੈਂ ਲਗਦੀ ਆਂ, ਤੂੰ ਚਾਸ਼ਨੀ ਕਰ ਲੈ!"

ਗੁਰਬਖਸ਼ ਨੇ ਸਾਰਿਆਂ ਵਲ ਮੁਸਕਰਾ ਕੇ ਵੇਖਿਆ, "ਕੋਈ ਖਾਸ ਗੱਲ ਐ?"

ਹਰਪਾਲ ਬਾਲਟੀ ਗੁਸਲਖਾਨੇ ਵਿਚ ਰੱਖ ਕੇ ਨਹਾਉਣ ਲੱਗ ਪਿਆ।

"ਪਾਪਾ ਜੀ, ਬੁੱਝੋ ਤਾਂ ਭਲਾ!"

ਗੁਰਬਖਸ਼ ਨੇ ਅੰਦਾਜ਼ਾ ਲਾਉਣਾ ਚਾਹਿਆ, ਪਰ ਕੁਝ ਪਿੜ ਪੱਲੇ ਨਾ ਪਿਆ, ਸਾਹਬ ਕੁਰ ਨੇ ਹੁੱਬ ਕੇ ਦੱਸਿਆ, "ਧੀਰੇ ਨੇ ਪੈਸੇ ਭੇਜੇ ਐ।"

"ਬੱਲੇ!" ਗੁਰਬਖਸ਼ ਦਾ ਬੋਲ ਖੁਸ਼ੀ ਵਿਚ ਕੁਦਰਤੀ ਉੱਚਾ ਹੋ ਗਿਆ, "ਤਾਂ ਤਾਂ ਬਈ... ਕਮਾਲ ਹੋ ਗੀ! ਕਿੰਨੇ ਕੁ?"

"ਕਿੰਨੇ ਹੋਣ, ਮੇਰੇ ਪੁੱਤ ਦੇ ਪੈਸੇ ਐ!"

"ਪੁੱਤ ਤੇਰਾ ਕੱਲੀ ਦੈ!"

"ਨਾ ਹੋਵੇ।"

ਗੁਰਬਖਸ਼ ਖੁਸ਼ੀ ਨਾਲ ਸਰੂਰਿਆ ਗਿਆ, "ਫੇਰ ਤਾਂ ਅੱਜ ਤਰਾਰਾ ਕਰਨ ਵਾਲਾ ਦਿਨ ਐ!"

ਸਾਹਬ ਕੁਰ ਹੱਸੀ, "ਬਿੱਲੀ ਨੂੰ ਚੂਹਿਆਂ ਦੇ ਸੁਫਨੇ।" ਸੁਖੀ ਨੇ ਚੁੱਲ੍ਹੇ 'ਤੇ ਤਵਾ ਧਰਦਿਆਂ ਖੁਸ਼ੀ ਨਾਲ ਮਟਕਦਿਆਂ ਕਿਹਾ, "ਅੱਜ ਤਾਂ ਬਈ ਬੇਜੀ ਬਣਦਾ ਈ ਐ!"

"ਮੇਰੀ ਧੀ ਨੇ ਲੱਖ ਰੁਪਈਏ ਦੀ ਗੱਲ ਕੀਤੀ ਐ!" ਗੁਰਬਖਸ਼ ਨੇ ਲਾਚੜਦਿਆਂ ਵਿਹੜੇ ਵਿਚ ਘੁੰਮਦਿਆਂ ਕਹਿਕਹਾ ਲਾਇਆ, ਸਾਹਬ ਕੁਰ ਬੋਲੀ, "ਖੁਆਜੇ ਦਾ ਗੁਆਹ ਡੱਡੂ!-ਧੀ ਨੇ ਪਿਉ ਦਾ ਪੱਖ ਈ ਕਰਨੈ!"

ਹਰਪਾਲ ਨੇ ਨਹਾ ਕੇ ਤਣੀਂ ਉਪਰ ਗਿੱਲਾ ਪਰਨਾ ਖਿਲਾਰ ਕੇ ਪਾਉਂਦਿਆਂ ਗੁਰਬਖਸ਼ ਵਲ ਤਿਰਛੀ ਨਜ਼ਰ ਦੇਖਿਆ, ਗੁਰਬਖਸ਼ ਸਾਹਬ ਕੁਰ ਤੋਂ ਪੈਸੇ ਫੜ੍ਹ ਕੇ ਪਾਲ ਵਲ ਝਾਕਿਆ, "ਤੂੰ ਸਵੇਰੇ ਕਿਤੇ ਜਾਣੈਂ?"

"ਨਹੀਂ।"

"ਫੇਰ ਤੂੰ ਭਲਕੇ ਤਾਰੇ ਤਖਾਣ ਨੂੰ ਨਾਲ ਲੈ ਕੇ ਮੋਟਰ ਵਾਲੀ ਫੰਡੇਸ਼ਨ ਬਣਵਾ ਲੈ, ਜਮਾਂ ਹਿੱਲੀ ਪਈ ਐ! ਮੇਰਾ ਉਹਨੂੰ ਆਖਿਆ ਹੋਇਐ!"

"ਚੰਗਾ!"

"ਨਾਲੇ ਖੂਹੀ ਦੀ ਇਕ ਪਾਸਿਓਂ ਕੰਧ ਵੀ ਬਹਿੰਦੀ ਜਾਂਦੀ ਐ।"

"ਉਹਨੂੰ ਤਾਂ ਫੇਰ ਅੱਜ ਪੁੱਛਣਾ ਸੀ!" ਸਾਹਿਬ ਕੁਰ ਨੇ ਉੱਚੀ ਆਵਾਜ਼ ਵਿਚ ਆਖਿਆ।



"ਨਹੀਂ ਮੇਰਾ ਉਹਨੂੰ ਕਿਹਾ ਵਾ।"

"ਥੋਡਾ ਕਿਹਾ-ਕੁਹਾ ਐਹੋ ਜਿਆ ਈ ਹੁੰਦਾ ਐ! ਕੇਰਾਂ ਉਹਨੂੰ ਆਹ ਖਿੜਕ ਕਰਨ ਲਈ ਆਖਿਆ ਸੀ, ਔਤਰੇ ਦੇ ਵਿੰਗੇ ਜੇ੍ਹ ਨੇ ਅੱਜ ਕੱਲ੍ਹ ਕਰਦਿਆਂ ਈ ਮਹੀਨਾ ਲੰਘਾ'ਤਾ ਸੀ। ਜੀਹਨੇ ਫੀਮ ਦਾ ਗੋਲਾ ਦੇ-ਤਾ, ਓਸੇ ਦੇ ਨਾਲ ਤੁਰ ਜਾਂਦੈ।"

"ਐਨਾ ਨਿਕੰਮਾ ਨ੍ਹੀਂ ਜਿੰਨਾ ਤੂੰ ਸਮਝਦੀ ਐਂ!"

"ਨਿਕੰਮਾ ਨਹੀਂ ਤਾਂ ਹੋਰ ਜਣਦਿਆਂ ਦਾ ਸਿਰ ਐ! ਸਾਰੀ ਉਮਰ ਟੱਬਰ ਨੇ ਦਰਾਣੀਆਂ ਜਠਾਣੀਆਂ ਦਾ ਗੋਲਾ ਧੰਦਾ ਕੀਤਾ ਐ।"

***

ਜਿਸ ਦਿਨ ਹਰਪਾਲ ਖੇਤ ਤਾਰੇ ਮਿਸਤਰੀ ਤੋਂ ਬੇੜੀ ਬਣਵਾ ਰਿਹਾ ਸੀ, ਉਸ ਦਿਨ ਗੁਰਬਖਸ਼ ਦੁਪਹਿਰ ਦੀ ਰੋਟੀ ਲੈ ਕੇ ਆਇਆ, ਹਰਪਾਲ ਨੇ ਬਜੁਰਗ ਦੇ ਚਿਹਰੇ ਵਲ ਸਰਸਰੀ ਦੇਖਿਆ, ਉਸਦੀ ਗੰਦਮੀ ਰੰਗਤ ਦੀ ਨੁਹਾਰ ਹਰਾਸੀ ਹੋਈ ਜਾਪੀ। ਉਸਨੇ ਚੁੱਪ ਚਾਪ ਔਲੂ ਕੋਲ ਰੋਟੀਆਂ ਵਾਲਾ ਪੋਣਾ ਅਤੇ ਲੱਸੀ ਦਾ ਡੋਲਣਾ ਰੱਖਦਿਆਂ ਥੜੀ ਦੀ ਚਿਣਾਈ ਵਲ ਦੇਖਿਆ। ਤਾਰੇ ਨੇ ਕਰੰਡੀ ਤਸਲੇ ਵਿਚ ਹੀ ਰੱਖਦਿਆਂ ਹੱਥ ਇਕ ਦੂਸਰੇ ਨਾਲ ਮਾਰ ਕੇ ਝਾੜੇ, ਔਲੂ ਕੋਲ ਜਾ ਕੇ ਗੁਰਬਖਸ਼ ਨੂੰ ਪੁੱਛਿਆ, "ਹੋਰ ਤਾਂ ਬਾਈ ਖੈਰ ਸੁੱਖ ਐ?"

"ਖੈਰ ਸੁੱਖ ਕਾਹਦੀ ਹੋਣੀ ਐ!" ਗੁਰਬਖਸ਼ ਨੇ ਹੌਲੀ ਜਿਹੀ ਕਿਹਾ, "ਰਾਤ ਐਧਰ ਬਠਿੰਡੇ ਵਲ ਕਹਿੰਦੇ 30-35 ਪਲੇਟਫਾਰਮ ਈ ਫੂਕ-ਤੇ!"

"ਹੱਛਿਆ! ਤਾਰਾ ਇਕ ਦਮ ਹੱਥ ਧੋਣੇ ਛੱਡ ਕੇ ਬੋਲਿਆ, "ਕੱਠੇ ਈ 30-35" ਉਹਨੇ ਆਪਣੇ ਅੰਦਰ ਕੁਝ ਹਾੜਦਿਆਂ ਸਿਰ ਹਿਲਾਇਆ, "ਕੋਈ ਸਮਝ ਨ੍ਹੀ ਲਗਦੀ, ਇਹ ਹੁੰਦਾ ਕੀ ਫਿਰਦਾ ਐ!"

"ਖਲਕਤ ਬਾਹਲੀ ਵਧਗੀ, ਦੁਨੀਆਂ ਨੇ ਮੁੱਕਣੈ!"

ਹਰਪਾਲ ਨੇ ਤ੍ਰਬਕ ਕੇ ਆਪਣੇ ਬਾਪ ਵਲ ਵੇਖਿਆ, ਉਸਦਾ ਹੱਥ ਕੌਲੀਆਂ ਵਿਚ ਟੀਂਡਿਆਂ ਦੀ ਸਬਜੀ ਪਾਉਂਦਿਆਂ ਰਤਾ ਕੁ ਥਿੜਕਿਆ! ਉਦੋਂ ਹੀ ਔਲੂ ਕੋਲ ਤਿੰਨ ਗੁਟਾਰਾਂ ਲੜਦੀਆਂ-ਭਿੜਦੀਆਂ ਤੂਤ ਉੱਤੋਂ ਡਿੱਗੀਆਂ, ਉਨ੍ਹਾਂ ਦਾ ਚੀਕ-ਚਿਹਾੜਾ ਸੁਣ ਕੇ ਉਹ ਸਾਰੇ ਜਣੇ ਉਧਰ ਵੇਖਣ ਲੱਗ ਪਏ। ਦੋਂਹ ਗੁਟਾਰਾਂ ਨੇ ਤੀਸਰੀ ਨੂੰ ਢਾਹਿਆ ਹੋਇਆ ਸੀ, ਇਕ ਬੇਦਰਦੀ ਨਾਲ ਢਾਹੀ ਹੋਈ ਦੇ ਠੂੰਗੇ ਮਾਰ ਰਹੀ ਸੀ। ਤਾਰਾ ਬੁੱਕ ਵਿਚਲਾ ਪਾਣੀਂ ਉਨ੍ਹਾਂ ਵਲ ਉਛਾਲਦਿਆਂ ਭੈਂਕਰਿਆ, "ਥੋਡੀ ਭੈਣ ਦੀ...।" ਪਰ ਪੰਛੀ ਉਸੇ ਤਰ੍ਹਾਂ ਲੜਾਈ ਵਿਚ ਰੁਝੇ ਰਹੇ।

"ਹੈ ਸਾਲਾ, ਸੱਚੀਮੁੱਚੀ ਦਾ ਕਲਜੁਗ, ਬੰਦਿਆਂ ਤਾਂ ਇਕ ਦੂਜੇ ਦੇ ਲਹੂ ਦੇ ਤਿਹਾਏ ਹੋਏ ਈ ਐ, ਆਹ ਜਨੌਰ ਈ ਅੱਤ ਚੱਕੀ ਫਿਰਦੇ ਐ।"

ਹਰਪਾਲ ਨੇ ਲਗਾਤਾਰ ਬੋਲ ਰਹੇ ਤਾਰੇ ਵਲ ਦੇਖਿਆ, ਗੁਟਾਰਾਂ ਉੱਡ ਕੇ ਮੁੜ ਤੂਤ ਉਪਰ ਦੀ ਇਕ ਦੂਸਰੀ ਦੇ ਮਗਰ ਵਾਹੋ ਦਾਹ ਹੋ ਗਈਆਂ। ਗੁਰਬਖਸ਼ ਨੇ ਪੋਣੇ ਦੀ ਗੰਢ ਖੋਲ੍ਹ ਕੇ ਰੋਟੀਆਂ ਫੜਾ ਦਿੱਤੀਆਂ। ਰੋਟੀ ਖਾਂਦਿਆਂ ਚੁੱਪ ਟਿਕੀ ਹੋਈ ਸੀ। ਤਾਰਾ ਵਿਚ ਦੀ ਇਕ ਅੱਧੀ ਗੱਲ ਕਰ ਰਿਹਾ ਸੀ।

"ਹੁਣ ਤਾਂ ਦੂਜੇ ਤੀਜੇ ਈ ਕੋਈ ਨਾ ਕੋਈ ਵਾਰਦਾਤ ਹੋ ਜਾਂਦੀ ਐ! ਭਲਾ ਰੌਲਾ ਕਾਹਦਾ ਐ?...।"

ਗੱਲ ਹਾਲੇ ਉਹਦੇ ਮੂੰਹ 'ਚ ਹੀ ਸੀ, ਪਿੰਡ ਵਲੋਂ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ, ਉਹ ਤਿੰਨੇ ਜਣੇ ਅਹਿਲ ਹੋ ਗਏ, ਬੁਰਕੀਆਂ ਉਨ੍ਹਾਂ ਦੇ ਸੰਘ ਵਿਚ ਹੀ ਰੁਕ ਗਈਆਂ, ਸਾਰਿਆਂ ਨੇ ਇਕ ਦੂਸਰੇ ਵਲ ਭੈਭੀਤ ਹੋ ਕੇ ਵੇਖਿਆ। ਪਿੰਡ ਵਾਲੇ ਵੱਡੇ ਬੋਹੜ ਉਪਰ ਬੇਥਾਹ ਜਾਨਵਰ ਕੁਰਲਾਟ ਪਾਉਂਦੇ ਉੱਡ ਖਲੋਤੇ, ਗੋਲੀਆਂ ਦੀ ਆਵਾਜ਼ ਇਕ ਦਮ ਫੇਰ ਸੁਣਾਈ ਦਿਤੀ, ਇਸ ਵਾਰ ਮੋਰਾਂ ਨੇ ਲੰਮੀਆਂ ਦਿਲ-ਵਿੰਨਵੀਆਂ ਲੇਰਾਂ ਵਿਚ ਕੁਰਲਾਉਣਾ ਸ਼ੁਰੂ ਕਰ ਦਿਤਾ। ਹਰਪਾਲ ਰੋਟੀ ਛੱਡ ਕੇ ਖੜਾ ਹੋ ਗਿਆ। ਤਾਰਾ ਵੀ ਹੜਬਈ ਚਿਹਰਾ ਅਹਿਲ ਕਰੀ ਬੈਠਾ ਰਿਹਾ, ਪੰਛੀ ਅਜੇ ਵੀ ਪਿੰਡ ਉਪਰ ਉੱਡ ਰਹੇ ਸਨ।

"ਕੋਈ ਕਾਰਾ ਹੋ ਗਿਆ!" ਗੁਰਬਖਸ਼ ਡਰੀ ਹੋਈ ਆਵਾਜ਼ ਵਿਚ ਬੋਲਿਆ ਅਤੇ ਆਸੇ ਪਾਸੇ ਵੇਖਿਆ। ਖੇਤਾਂ ਵਿਚੋਂ ਲੋਕ ਕੰਮ ਛੱਡ ਕੇ ਪਿੰਡ ਵਲ ਦੇਖ ਰਹੇ ਸਨ। ਉਸਦੇ ਅੰਦਰੋਂ ਅਚਾਨਕ ਨਿਕਲਿਆ, "ਅੱਗ ਪਿੰਡ 'ਚ ਵੀ ਪਹੁੰਚ ਗੀ।

"ਧੁਖਦੀ ਬਾਹਲੇ ਦਿਨਾਂ ਤੋਂ ਐ!" ਤਾਰਾ ਸਿੱਧਾ ਪਿੰਡ ਵਲ ਝਾਕ ਰਿਹਾ ਸੀ, "ਕੀ ਹੋਇਆ ਹੋਊ ਭਲਾ?"

"ਰੱਬ ਈ ਜਾਣੇਂ, ਕੁਸ਼ ਵੀ ਹੋ ਸਕਦੈ!"

ਪਿੰਡ ਵਲੋਂ ਫਿਰ ਰੌਲੇ ਦੀਆਂ ਕੁਝ ਚਿਲਕਵੀਆਂ ਆਵਾਜ਼ਾਂ ਸੁਣਾਈ ਦਿਤੀਆਂ। ਪਲ ਕੁ ਮਗਰੋਂ ਚੁੱਪ-ਚਾਂਅ ਹੋ ਗਈ। ਹਰਪਾਲ ਨੂੰ ਜਾਪਿਆ, ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਰੋਟੀ ਖਾ ਲੈਣ ਮਗਰੋਂ ਗੁਰਬਖਸ਼ ਨੇ ਭਾਂਡੇ ਬੰਨ੍ਹ ਕੇ ਅੰਦਰ ਜਾ ਕੇ ਵੇਖਿਆ, "ਕੰਮ ਤਾਂ ਥੋੜਾ ਈ ਰਹਿ ਗਿਆ।"

"ਕੰਮ ਤਾਂ ਬਾਈ ਨਿਬੜਿਆ ਈ ਲੈ, ਤੂੰ ਵਹਿਮ ਨਾ ਕਰ!"

"ਮੈਂ ਫੇਰ ਥੋਡੀ ਚਾਹ ਫੜ ਲਿਆਵਾਂ!"

"ਮਰਜੀ ਐ ਤੇਰੀ!" ਤਾਰੇ ਨੇ ਥੜੀ ਕੋਲ ਬਹਿੰਦਿਆਂ ਕਰਾਰ ਨਾਲ ਆਖਿਆ, "ਬਿੰਦ-ਝੱਟ ਨੂੰ ਅਸੀਂ ਖੂਹੀ ਵਲ ਹੁੰਨੇ ਆਂ।"

"ਚੰਗਾ!" ਗੁਰਬਖਸ਼ ਦਾ ਥੋੜੀ ਵਾਟ ਤੋਂ ਬੋਲ ਸੁਣ ਕੇ ਤਾਰੇ ਨੇ ਅੰਦਰੋਂ ਈ ਆਖਿਆ, "ਨਾਲੇ ਆਹ ਭੜਾਕਿਆਂ ਜਿਆਂ ਦਾ ਪਤਾ ਲਿਆਵੀਂ!"

ਹਰਪਾਲ ਨੇ ਵਿੰਗੜ ਜਿਹੇ ਤਾਰੇ ਵਲ ਵੇਖਿਆ, ਉਹ ਤਸਲੇ ਵਿਚਲਾ ਸੀਮੈਂਟ ਕਰੰਡੀ ਨਾਲ ਇਕੱਠਾ ਕਰ ਰਿਹਾ ਸੀ। ਤਸਲੇ ਨਾਲ ਟਕਰਾਉਂਦੀ ਕਰੰਡੀ ਉਸਨੂੰ ਆਪਣੇ ਅੰਦਰ ਵਾਢ ਕਰਦੀ ਮਹਿਸੂਸ ਹੋਈ।

"ਛੋਟਿਆ, ਊਂ ਇਹ ਘਾਣੀ ਬਣਦੀ ਕੀ ਫਿਰਦੀ ਐ?" ਉਸ ਤਸਲੇ ਵਿਚਲਾ ਸਾਰਾ ਸੀਮੈਂਟ ਥੜੀ ਉੱਤੇ ਉਲੱਦ ਦਿਤਾ, ਅੱਗੋਂ ਕੋਈ ਜਵਾਬ ਨਾ ਆਉਣ ਤੇ ਫੇਰ ਪੁੱਛਿਆ, "ਹੈਂ?"

"ਖੂਹੀ ਵਲ ਹੋਈਏ ਫੇਰ?" ਹਰਪਾਲ ਨੇ ਥੜੀ ਵਲ ਵੇਖਦਿਆਂ ਪੁੱਛਿਆ।

"ਹੁੰਨੇ ਆਂ!" ਤਾਰਾ ਉਸ ਵਲ ਝਾਕਿਆ, "ਦੁਨੀਆਂ ਦਾ ਬਣੂੰ ਕੀ?"

"ਚਲ ਆਪਾਂ ਨੂੰ ਕੀ?" ਹਰਪਾਲ ਨੇ ਤਸਲਾ ਚੁੱਕ ਕੇ ਬਾਹਰ ਪੱਲੀ ਉੱਤੇ ਰਲਾਏ ਸੀਮੈਂਟ ਕੋਲ ਰੱਖਦਿਆਂ ਹੌਲੀ ਜਿਹੀ ਆਖਿਆ।

*(ਬਾਕੀ ਅਗਲੇ ਅੰਕ 'ਚ)*

# ਹੀਰੋਇਨ ਦੀ ਪਰਿਭਾਸ਼ਾ ਨੂੰ ਬਦਲ ਦਿੱਤਾ ਸੀ ਜ਼ੀਨਤ ਅਮਾਨ ਨੇ

ਹਿੰਦੀ ਸਿਨੇਮਾ 'ਚ ਅਜਿਹੀਆਂ ਅਭਿਨੇਤਰੀਆਂ ਦੀ ਗਿਣਤੀ ਘੱਟ ਰਹੀ ਹੈ, ਜਿਨ੍ਹਾਂ ਨੇ ਆਪਣੇ ਖਾਸ ਅੰਦਾਜ਼ ਤੋਂ ਸਿਨੇਮਾ 'ਚ ਤਬਦੀਲੀਆਂ ਕੀਤੀਆਂ। ਅਭਿਨੇਤਰੀ ਜ਼ੀਨਤ ਅਮਾਨ ਨੂੰ ਹਿੰਦੀ ਫਿਲਮ ਜਗਤ ਵਿਚ ਅਜਿਹੀ ਅਭਿਨੇਤਰੀ ਦੇ ਰੂਪ 'ਚ ਸ਼ਾਮਲ ਕੀਤਾ ਜਾਂਦਾ ਹੈ, ਜਿਸ ਨੇ ਹਿੰਦੀ ਸਿਨੇਮਾ ਦੀ ਹੀਰੋਇਨ ਦੀ ਪਰਿਭਾਸ਼ਾ ਨੂੰ ਬਦਲ ਦਿੱਤਾ। ਅੱਜ ਫਿਲਮੀ ਲਾਈਨ ਵਿਚ ਸਫਲਤਾ ਪਾਉਣ ਲਈ ਹਰ ਅਭਿਨੇਤਰੀ ਨੂੰ ਜ਼ੀਨਤ ਦੇ ਬਣਾਏ ਰਸਤੇ 'ਤੇ ਤੁਰਨਾ ਹੀ ਪੈਂਦਾ ਹੈ।



ਜ਼ੀਨਤ ਦਾ ਜਨਮ 19 ਨਵੰਬਰ 1951 ਨੂੰ ਜਰਮਨੀ ਵਿਚ ਹੋਇਆ। ਉਸਦੇ ਪਿਤਾ ਅਮਾਨ-ਉੱਲਾਹ ਨੇ ਮੁਗਲੇ ਆਜ਼ਮ ਤੇ ਪਾਕੀਜ਼ਾ ਵਰਗੀਆਂ ਸੁਪਰ ਹਿੱਟ ਫਿਲਮਾਂ ਵਿਚ ਬਤੌਰ ਲੇਖਕ ਕੰਮ ਕੀਤਾ ਸੀ ਪਰ ਸਿਰਫ 13 ਸਾਲ ਦੀ ਉਮਰ 'ਚ ਜ਼ੀਨਤ ਦੇ ਸਿਰ ਤੋਂ ਪਿਤਾ ਦਾ ਸਾਇਆ ਉਠ ਗਿਆ ਅਤੇ ਉਸਦੀ ਮਾਂ ਉਸਨੂੰ ਜਰਮਨੀ ਲੈ ਗਈ ਪਰ ਲਗਭਗ 5 ਸਾਲ ਤੱਕ ਜਰਮਨੀ 'ਚ ਰਹਿਣ ਤੋਂ ਬਾਅਦ ਜ਼ੀਨਤ ਮੁੰਬਈ ਆ ਗਈ। ਮੁੰਬਈ ਆਉਣ ਤੋਂ ਬਾਅਦ ਜ਼ੀਨਤ ਨੇ ਇਥੇ ਬੈਚਲਰ ਦੀ ਸਿੱਖਿਆ ਪੂਰੀ ਕੀਤੀ ਅਤੇ ਅਗੇ ਪੜ੍ਹਨ ਲਈ ਕੈਲੀਫੋਰਨੀਆ ਯੂਨੀਵਰਸਿਟੀ ਵਿਚ ਚਲੀ ਗਈ।

ਜ਼ੀਨਤ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਮਸ਼ਹੂਰ ਰਸਾਲੇ 'ਫੈਮਿਨਾ' ਤੋਂ ਬਤੌਰ ਪੱਤਰਕਾਰ ਦੇ ਰੂਪ 'ਚ ਕੀਤੀ ਪਰ ਜਲਦੀ ਹੀ ਉਸਦਾ ਮਨ ਇਸ ਤੋਂ ਅੱਕ ਗਿਆ ਅਤੇ ਉਹ ਮਾਡਲਿੰਗ ਦੇ ਖੇਤਰ 'ਚ ਚਲੀ ਗਈ ਅਤੇ ਮਿਸ ਇੰਡੀਆ ਪ੍ਰਤੀਯੋਗਿਤਾ 'ਚ ਉਹ ਦੂਜੇ ਨੰਬਰ 'ਤੇ ਰਹੀ। 1971 ਵਿਚ ਓ.ਪੀ. ਰਲਹਨ ਦੀਆਂ ਫਿਲਮਾਂ 'ਹਲਚਲ' 'ਤੇ ਹੰਗਾਮਾ' 'ਚ ਕੰਮ ਕਰਨ ਦਾ ਮੌਕਾ ਮਿਲਿਆ ਪਰ ਫਿਲਮਾਂ ਸਫਲ ਨਹੀਂ ਹੋ ਸਕੀਆਂ। ਉਸ ਤੋਂ ਬਾਅਦ ਇਸੇ ਸਾਲ 'ਹਰੇ ਰਾਮਾ ਹਰੇ ਕ੍ਰਿਸ਼ਨਾ' ਨੇ ਵੱਡੀ ਸਫਲਤਾ ਦਿੱਤੀ। ਇਸ ਫਿਲਮ ਵਿਚ ਜ਼ੀਨਤ ਨੇ ਦੇਵਾਨੰਦ ਦੀ ਭੈਣ ਦੀ ਭੂਮਿਕਾ ਨਿਭਾਈ ਸੀ। ਇਸ ਫਿਲਮ ਵਿਚ ਵਧੀਆ ਅਭਿਨੈ ਲਈ ਜ਼ੀਨਤ ਅਮਾਨ ਨੂੰ ਸਰਵਸ਼੍ਰੇਸ਼ਠ ਸਹਾਇਕ ਅਭਿਨੇਤਰੀ ਦਾ ਪੁਰਸਕਾਰ ਵੀ ਮਿਲਿਆ। ਇਸ ਤੋਂ ਬਾਅਦ 1973 'ਚ ਫਿਲਮ 'ਯਾਦੋਂ ਕੀ ਬਾਰਾਤ' ਨੇ ਉਸ ਨੂੰ ਸਟਾਰ ਦੇ ਰੂਪ ਵਿਚ ਸਥਾਪਤ ਕਰ ਦਿੱਤਾ। 1977 'ਚ ਨਾਸਿਰ ਹੁਸੈਨ ਦੀ ਫਿਲਮ 'ਹਮ ਕਿਸੀ ਸੇ ਕਮ ਨਹੀਂ' ਵਿਚ ਕੰਮ ਕੀਤਾ। 1978 ਵਿਚ ਰਾਜ ਕਪੂਰ ਦੀ ਫਿਲਮ 'ਸਤਿਅਮ ਸ਼ਿਵਮ ਸੁੰਦਰਮ' ਵਿਚ ਕੰਮ ਕੀਤਾ। ਇਸ ਫਿਲਮ ਵਿਚ ਜ਼ੀਨਤ ਨੇ ਦਿਲ ਖੋਲ੍ਹ ਕੇ ਅੰਗ ਪ੍ਰਦਰਸ਼ਨ ਕੀਤਾ। ਫਿਰ ਚੈਨ, ਇਨਸਾਫ ਕਾ ਤਰਾਜ਼ੂ, ਕੁਰਬਾਨੀ, ਦਿ ਗ੍ਰੇਟ ਗੈਂਬਲਰ, ਲਾਵਾਰਿਸ, ਦੋਸਤਾਨਾ, ਮਹਾਨ ਵਰਗੀਆਂ ਸੁਪਰ ਹਿੱਟ ਫਿਲਮਾਂ ਵਿਚ ਕੰਮ ਕੀਤਾ। ਹੇਮਾ ਮਾਲਿਨੀ ਤੋਂ ਇਲਾਵਾ ਜ਼ੀਨਤ ਉਨ੍ਹਾਂ ਦੁਰਲਭ ਅਭਿਨੇਤਰੀਆਂ 'ਚ ਸ਼ਾਮਿਲ ਹੈ, ਜਿਸ ਨੇ ਰਾਜ ਕਪੂਰ, ਦੇਵਾਨੰਦ, ਅਮਿਤਾਭ, ਮਨੋਜ ਕੁਮਾਰ, ਧਰਮਿੰਦਰ, ਰਾਜੇਸ਼ ਖੰਨਾ, ਜਤਿੰਦਰ, ਸ਼ਸ਼ੀ ਕਪੂਰ ਆਦਿ ਵੱਡੇ ਨਾਇਕਾਂ ਨਾਲ ਕੰਮ ਕੀਤਾ।

# ਸ਼ਿਲਪਾ ਦੇ ਵਿਆਹ 'ਚ ਬੈਨ ਹੋ ਗਏ ਅਕਸ਼ੈ ਦੇ ਗਾਣੇ

ਸ਼ਿਲਪਾ ਸ਼ੈਟੀ ਦੇ ਵਿਆਹ 'ਤੇ ਲੱਗਭਗ 30 ਫਿਲਮੀ ਹਸਤੀਆਂ ਸੱਦੀਆਂ ਗਈਆਂ ਪਰ ਇਨ੍ਹਾਂ ਵਿਚ ਅਕਸ਼ੈ ਕੁਮਾਰ ਤੇ ਟਵਿੰਕਲ ਸ਼ਾਮਲ ਨਹੀਂ ਸਨ। ਅਸਲ ਵਿਚ ਇਕ ਦਹਾਕਾ ਪਹਿਲਾਂ ਅਕਸ਼ੈ ਤੇ ਸ਼ਿਲਪਾ ਦਾ ਜ਼ਬਰਦਸਤ ਇਸ਼ਕ ਚੱਲਿਆ ਸੀ ਅਤੇ ਗੱਲ ਵਿਆਹ ਤਕ ਪਹੁੰਚੀ ਹੋਈ ਸੀ ਪਰ ਐਨ ਅਖੀਰ 'ਤੇ ਅਕਸ਼ੈ ਬਦਲ ਗਿਆ। ਇਸ ਤਰ੍ਹਾਂ ਇਸ ਇਸ਼ਕ ਦਾ ਅੰਤ ਹੋ ਗਿਆ। ਰਾਜ ਕੁੰਦਰਾ ਨੇ ਸਖਤੀ ਨਾਲ ਕਿਹਾ ਹੋਇਆ ਸੀ ਕਿ ਵਿਆਹ ਵਿਚ ਅਕਸ਼ੈ ਨੂੰ ਨਾ ਸੱਦਿਆ ਜਾਵੇ। ਸੂਤਰਾਂ ਅਨੁਸਾਰ ਕੁਝ ਸਾਲ ਪਹਿਲਾਂ ਸ਼ਿਲਪਾ ਤੇ ਅਕਸ਼ੈ ਨੇ ਮਿਲ ਕੇ ਮਤਭੇਦ ਖਤਮ ਕਰ ਲਏ ਸਨ। ਫਿਰ ਸ਼ਿਲਪਾ ਦੇ ਯੂ.ਕੇ. ਵਿਚ 'ਬਿੱਗ ਬ੍ਰਦਰ' ਸ਼ੋਅ ਵਿਚ ਜੇਤੂ ਰਹਿਣ ਪਿੱਛੋਂ 'ਦਿ ਨਿਊਜ਼ ਆਫ ਦਿ ਵਰਲਡ' ਨੇ ਸ਼ਿਲਪਾ ਤੇ ਅਕਸ਼ੈ ਬਾਰੇ ਇਕ ਅਜਿਹੀ ਕਹਾਣੀ ਛਾਪ ਦਿੱਤੀ ਕਿ ਅਕਸ਼ੈ ਗੁੱਸੇ ਨਾਲ ਲਾਲ ਹੋ ਉੱਠਿਆ ਅਤੇ ਮੈਗਜ਼ੀਨ ਵਿਰੁਧ ਕੇਸ ਠੋਕਣ ਤਕ ਦੀਆਂ ਗੱਲਾਂ ਕਰਨ ਲੱਗਾ।

ਦਿਲਚਸਪ ਗੱਲ ਇਹ ਰਹੀ ਕਿ ਸ਼ਿਲਪਾ ਦੇ ਬਾਕੀ ਦੇ ਸਾਰੇ ਦੋਸਤ-ਸਹੇਲੀਆਂ ਤਾਂ ਨਾ ਸੱਦੇ ਗਏ ਪਰ ਸਲਮਾਨ ਨੂੰ ਸੱਦ ਲਿਆ ਗਿਆ। ਵਿਆਹ ਦੀ ਰਿਸੈਪਸ਼ਨ ਰਾਤ ਵੇਲੇ ਹੋਈ ਜਿਸ ਵਿਚ ਆਰ.ਡੀ.ਬੀ. ਤੇ ਰਿਸ਼ੀ ਰਿੱਚ ਨੇ ਮੁਫਤ ਪ੍ਰੋਗਰਾਮ ਪੇਸ਼ ਕੀਤੇ। ਪਕਵਾਨਾਂ ਵਿਚ ਭਾਰਤੀਆਂ ਤੋਂ ਇਲਾਵਾ ਪੱਛਮੀ (ਇਟੈਲੀਅਨ) ਤੇ ਏਸ਼ੀਆਈ (ਥਾਈ ਤੇ ਚੀਨੀ) ਸ਼ਾਮਲ ਸਨ। ਇਸ ਮੌਕੇ 80 ਕਿੱਲੋ ਦਾ ਬਹੁਤ ਸ਼ਾਨਦਾਰ ਤੇ ਚਾਕਲੈਟ ਸਮੇਤ ਕਈ ਫਰੂਟਸ ਤੇ ਗਿਰੀਆਂ ਵਾਲਾ ਕੇਕ ਵੀ ਕੱਟਿਆ ਗਿਆ। ਸ਼ਿਲਪਾ ਸ਼ੈਟੀ ਨੇ ਬੇਸ਼ੱਕ ਆਪਣੇ ਪੁਰਾਣੇ ਦੋਸਤ ਅਕਸ਼ੈ ਕੁਮਾਰ ਨੂੰ ਵਿਆਹ ਵਿਚ ਸੱਦਾ ਨਹੀਂ ਦਿੱਤਾ, ਪਰ ਵਿਆਹ ਵਿਚ ਆਏ ਬੈਂਡ ਵਾਲਿਆਂ ਨੇ ਅਕਸ਼ੈ ਦੀ ਮੌਜੂਦਗੀ ਦਾ ਅਹਿਸਾਸ ਕਰਾ ਹੀ ਦਿਤਾ। ਇਹ ਅਹਿਸਾਸ ਸ਼ਿਲਪਾ ਦੇ ਪਰਿਵਾਰ ਦੇ ਲੋਕਾਂ ਤੇ ਚਹੇਤਿਆਂ 'ਤੇ ਸਾਫ ਨਜ਼ਰ ਆ ਰਿਹਾ ਸੀ।

ਹੋਇਆ ਇਸ ਤਰ੍ਹਾਂ ਕਿ ਦੁਪਹਿਰ 3 ਵਜੇ ਦੇ ਨੇੜੇ ਬ੍ਰਾਸ ਬੈਂਡ ਵਾਲਿਆਂ ਨੇ ਅਕਸ਼ੈ ਅਤੇ ਸ਼ਿਲਪਾ ਦੀ ਫਿਲਮ 'ਧੜਕਨ' ਦਾ ਮਸ਼ਹੂਰ ਗੀਤ 'ਦੂਲਹੇ ਕਾ ਚਿਹਰਾ ਸੁਹਾਨਾ ਲਗਤਾ ਹੈ' ਵਜਾਉਣਾ ਸ਼ੁਰੂ ਕਰ ਦਿਤਾ ਪਰ ਉਨ੍ਹਾਂ ਨੇ ਥੋੜ੍ਹਾ ਹੀ ਗਾਣਾ ਵਜਾਇਆ ਸੀ ਕਿ ਕੁਝ ਲੋਕ ਦੌੜਦੇ ਹੋਏ ਬਾਹਰ ਆਏ ਅਤੇ ਉਨ੍ਹਾਂ ਨੂੰ ਇਹ ਗਾਣਾ ਵਜਾਉਣ ਤੋਂ ਮਨ੍ਹਾਂ ਕਰ ਦਿਤਾ। ਮੰਨਿਆ ਜਾ ਰਿਹਾ ਹੈ ਕਿ ਗਾਣੇ ਨੂੰ ਬੰਦ ਕਰਵਾਉਣ ਦੇ ਨਿਰਦੇਸ਼ ਸ਼ਿਲਪਾ ਅਤੇ ਰਾਜ ਦੇ ਪਰਿਵਾਰ ਦੇ ਲੋਕਾਂ ਨੇ ਹੀ ਦਿਤੇ ਸਨ। ਉਥੇ ਮੌਜੂਦ ਇਕ ਵਿਅਕਤੀ ਮੁਤਾਬਕ ਇਹ ਗੱਲ ਸੁਣ ਕੇ ਬੈਂਡ ਵਾਲੇ ਤਾਂ ਹੈਰਾਨ ਰਹਿ ਗਏ ਕਿ ਉਨ੍ਹਾਂ ਤੋਂ ਕੀ ਗਲਤੀ ਹੋ ਗਈ। ਉਹ ਸਵਾਲੀਆ ਨਿਗਾਹਾਂ ਨਾਲ ਮਨ੍ਹਾਂ ਕਰਨ ਵਾਲੇ ਲੋਕਾਂ ਦੇ ਚਿਹਰਿਆਂ ਵਲ ਦੇਖ ਰਹੇ ਸਨ। ਮਨ੍ਹਾਂ ਕਰਨ ਵਾਲੇ ਲੋਕ ਕਾਫੀ ਗੁੱਸੇ ਵਿਚ ਨਜ਼ਰ ਆ ਰਹੇ ਸਨ। ਫੇਰ ਉਨ੍ਹਾਂ ਨੇ ਸਾਫ-ਸਾਫ ਕਿਹਾ-ਅਕਸ਼ੈ ਦੀ ਫਿਲਮ ਦਾ ਗਾਣਾ ਨਾ ਵਜਾਓ। ਉਸਦੇ ਬਾਅਦ ਬੈਂਡ ਵਾਲਿਆਂ ਨੂੰ ਕਿਹਾ ਗਿਆ ਕਿ ਉਨ੍ਹਾਂ ਨੂੰ ਗਾਣਿਆਂ ਦੀ ਲਿਸਟ ਦਿਤੀ ਜਾਵੇਗੀ ਅਤੇ ਪੂਰੀ ਸ਼ਾਮ ਉਹੀ ਗਾਣੇ ਵੱਜਣੇ ਚਾਹੀਦੇ ਹਨ ਅਤੇ ਜਦੋਂ ਤਕ ਲਿਸਟ ਨਾ ਮਿਲੇ ਉਦੋਂ ਤਕ ਵਜਾਉਣਾ ਬੰਦ ਕਰ ਦਿਓ। ਵਿਚਾਰੇ ਬੈਂਡ ਵਾਲੇ ਚੁੱਪ-ਚਾਪ ਖੜ੍ਹੇ ਦੇਖਦੇ ਰਹੇ। ਫੇਰ ਉਨ੍ਹਾਂ ਨੂੰ ਸ਼ਾਮ 5 ਵਜੇ ਇਕ ਲਿਸਟ ਦੇ ਦਿਤੀ ਗਈ। ਇਸ ਲਿਸਟ ਵਿਚ ਅਕਸ਼ੈ ਦੀ ਕਿਸੇ ਫਿਲਮ ਦਾ ਕੋਈ ਗਾਣਾ ਨਹੀਂ ਸੀ।





# ਹਰ ਕਦਮ ਫੂਕ ਫੂਕ ਕੇ ਪੁੱਟਦੀ ਹੈ ਕੈਟਰੀਨਾ ਕੈਫ



ਕੈਟਰੀਨਾ ਕੈਫ ਦਾ ਪਰਿਵਾਰ ਬਹੁਤ ਵੱਡਾ ਹੈ। ਕੈਟਰੀਨਾ ਦੇ ਪਿਤਾ (ਮੁਹੰਮਦ ਕੈਫ) ਭਾਰਤੀ ਕਸ਼ਮੀਰੀ ਮੁਸਲਿਮ ਅਤੇ ਮਾਂ ਈਸਾਈ ਹੈ। ਸੱਤ ਬੇਟੀਆਂ ਅਤੇ ਇਕ ਬੇਟੇ ਵਾਲੇ ਇਸ ਪਰਿਵਾਰ ਦਾ ਮੁੱਖ ਆਧਾਰ ਕੈਟਰੀਨਾ ਦੀ ਮਾਂ ਸੁਜੈਨ ਟਰਕਵੇਟ ਹੈ। ਹਾਵਰਡ ਯੂਨੀਵਰਸਿਟੀ ਤੋਂ ਗਰੈਜੂਏਟ ਸੁਜੈਨ ਪੇਸ਼ੇ ਤੋਂ ਵਕੀਲ ਹੈ, ਪਰ ਇਨ੍ਹਾਂ ਦਿਨਾਂ ਵਿਚ ਚੇਨਈ ਵਿਚ ਸਮਾਜ ਸੇਵਾ ਕਰ ਰਹੀ ਹੈ। 16 ਜੁਲਾਈ 1984 ਨੂੰ ਹਾਂਗਕਾਂਗ ਵਿਚ ਕੈਟਰੀਨਾ ਦਾ ਜਨਮ ਹੋਇਆ। ਕੈਟਰੀਨਾ ਜਦ ਬਹੁਤ ਛੋਟੀ ਸੀ, ਉਦੋਂ ਉਸਦੇ ਮਾਤਾ-ਪਿਤਾ ਦੇ ਵਿਚ ਦੂਰੀਆਂ ਵਧ ਗਈਆਂ। ਪਿਛਲੇ ਦਿਨਾਂ ਵਿਚ ਮੀਡੀਆ ਨਾਲ ਹੋਈ ਮੁਲਾਕਾਤਾਂ ਵਿਚ ਕੈਟਰੀਨਾ ਦੀ ਮਾਂ ਸੁਜੈਨ ਟਰਕਵੇਟ ਨੇ ਉਸ ਬਾਰੇ ਕਈ ਦਿਲਚਸਪ ਗੱਲਾਂ ਦੱਸੀਆਂ। ਕੁਝ ਰੌਚਕ ਗੱਲਾਂ ਉਨ੍ਹਾਂ ਦੀ ਜ਼ੁਬਾਨ ਤੋਂ ਸੁਣਦੇ ਹਾਂ-ਹੀਰੋਇਨ ਦੇ ਤੌਰ 'ਤੇ ਕੈਟਰੀਨਾ ਦੀ ਸਫਲਤਾ ਤੋਂ ਮੈਂ ਖੁਸ਼ ਹਾਂ। ਉਸਨੂੰ ਅਗੇ ਵਧਦੇ ਵੇਖ ਕੇ ਮੈਨੂੰ ਜ਼ਰਾ ਵੀ ਹੈਰਾਨੀ ਨਹੀਂ ਹੁੰਦੀ। ਕੈਟਰੀਨਾ ਸ਼ੁਰੂ ਤੋਂ ਹੀ ਆਪਣੇ ਕੈਰੀਅਰ ਨੂੰ ਲੈ ਕੇ ਸਜੱਗ ਸੀ। ਕੈਟ ਦੇ ਜਨਮ ਦੇ ਸਮੇਂ ਵਿਚ ਮੈਂ ਉਸ ਦੇ ਪਿਤਾ ਦੇ ਨਾਲ ਲੰਦਨ ਵਿਚ ਸਾਂ। ਫਿਰ ਸਾਨੂੰ ਹਵਾਈ ਸੈਟਲ ਹੋਣਾ ਪਿਆ। ਕੈਟ ਦੇ ਬਚਪਨ ਦੇ ਕੁਝ ਸਾਲ ਹਵਾਈ ਵਿਚ ਬੀਤੇ ਹਨ। ਉਸਦੇ ਬਾਅਦ ਮੈਂ ਬੱਚਿਆਂ ਦੇ ਨਾਲ ਆਪਣੇ ਦੇਸ਼ ਲੰਦਨ ਚਲੀ ਆਈ। ਕੈਟ ਦੀ ਐਜੂਕੇਸ਼ਨ ਇਥੇ ਹੋਈ। ਸ਼ੁਰੂ ਤੋਂ ਹੀ ਮੈਂ ਉਸ ਵਿਚ ਸਹਿਣਸ਼ੀਹਲਤਾ, ਸਮਰੱਥਾ ਅਤੇ ਕਾਬਲੀਅਤ ਦਾ ਚੰਗਾ ਸੰਤੁਲਨ ਦੇਖਿਆ ਹੈ। ਉਸਨੇ ਕੀ ਕਰਨਾ ਹੈ, ਉਹ ਪਹਿਲਾਂ ਤੋਂ ਤੈਅ ਕਰ ਲੈਂਦੀ ਹੈ। ਫਿਰ ਉਹ ਉਸੇ ਦਿਸ਼ਾ ਵਿਚ ਅਗੇ ਵੱਧਦੀ ਹੈ। ਸਕੂਲੀ ਸਿਖਿਆ ਦੇ ਦੌਰਾਨ ਵੀ ਉਸ ਨੇ ਤੈਅ ਕਰ ਲਿਆ ਸੀ ਕਿ ਉਸ ਨੇ ਗਲੈਮਰ ਵਰਲਡ ਵਿਚ ਜਾਣਾ ਹੈ, ਪਰ ਇਸ ਬਾਰੇ ਉਸਨੇ ਮੈਨੂੰ ਕੁਝ ਨਹੀਂ ਦੱਸਿਆ। ਅਸਲ ਵਿਚ ਸਰਪ੍ਰਾਈਜ਼ ਦੇ ਕੇ ਮੈਨੂੰ ਖੁਸ਼ ਕਰਨਾ ਉਸ ਨੂੰ ਬਖੂਬੀ ਆਉਂਦਾ ਹੈ। ਜਦ ਉਹ 14 ਸਾਲ ਦੀ ਵੀ ਨਹੀਂ ਹੋਈ ਸੀ, ਇਕ ਏਜੰਟ ਦੇ ਜ਼ਰੀਏ ਉਸ ਨੂੰ ਮਾਡਲਿੰਗ ਦਾ ਚੰਗਾ ਆਫਰ ਮਿਲਿਆ। ਉਸਦੀ ਇੱਛਾ ਨੂੰ ਦੇਖਦੇ ਹੋਏ ਮੈਂ ਉਸ ਨੂੰ ਮਨ੍ਹਾਂ ਨਹੀਂ ਕੀਤਾ। ਇਹ ਇਕ ਜਵੈਲਰੀ ਕੰਪੇਨ ਸੀ, ਜੋ ਬਹੁਤ ਪਸੰਦ ਕੀਤੀ ਗਈ। ਲੰਦਨ ਫੈਸ਼ਨ ਵੀਕ ਵਿਚ ਹਿੱਸਾ ਲੈਣ ਦੇ ਬਾਅਦ ਉਸਦੀ ਮਾਡਲਿੰਗ ਦੀ ਗੱਡੀ ਬਹੁਤ ਚੰਗੀ ਤਰ੍ਹਾਂ ਨਾਲ ਚੱਲਣ ਲੱਗੀ। ਮੈਂ ਉਸਦੀ ਸਫਲਤਾ ਦਾ ਸਾਰਾ ਸਿਹਰਾ ਉਸ ਦੀ ਥਿੰਕਿੰਗ ਪਾਵਰ ਨੂੰ ਦੇਣਾ ਚਾਹਾਂਗੀ। ਉਹ ਹਰ ਕੰਮ ਨੂੰ ਕਰਨ ਤੋਂ ਪਹਿਲਾਂ ਬਹੁਤ ਜ਼ਿਆਦਾ ਸੋਚਦੀ ਹੈ। ਉਸ ਦੀ ਇਸ ਆਦਤ ਦੇ ਲਈ ਕਈ ਵਾਰ ਮੈਂ ਉਸਨੂੰ ਝਿੜਕ ਵੀ ਦਿੰਦੀ ਹਾਂ। ਇੰਨਾ ਕੀ ਸੋਚਣਾ! ਕਰਨਾ ਹੈ ਤਾਂ ਕਰਨਾ ਹੈ। ਪਰ ਉਸਦਾ ਜਵਾਬ ਬਹੁਤ ਸਥਿਰ ਹੁੰਦਾ ਹੈ, 'ਮੈਂ ਸੋਚ ਰਹੀ ਸੀ ਕਿ ਮੈਂ ਜੇਕਰ ਇਹ ਕਰਦੀ ਹਾਂ, ਤਾਂ ਇਸ ਦਾ ਬਾਅਦ ਦਾ ਰਿਜ਼ਲਟ ਕੀ ਹੋਵੇਗਾ।' ਮੇਰਾ ਖ਼ਿਆਲ ਹੈ, ਇਸ ਤਰ੍ਹਾਂ ਦੀ ਥਿੰਕਿੰਗ ਪਾਵਰ ਬਹੁਤ ਘੱਟ ਲੋਕਾਂ ਵਿਚ ਹੁੰਦੀ ਹੈ। ਉਸਦੇ ਸੁਝਾਅ ਬਹੁਤ ਤਾਰਕਿਕ ਹੁੰਦੇ ਹਨ। ਜਦ ਮੈਂ ਉਸ ਤੋਂ ਇਹ ਪੁੱਛਦੀ ਹਾਂ ਕਿ ਉਸ ਨੂੰ ਇਹ ਸਭ ਕੁਝ ਕਿਵੇਂ ਪਤਾ ਲੱਗਿਆ, ਤਾਂ ਉਸਦਾ ਜਵਾਬ ਹੁੰਦਾ ਹੈ, ਮੈਂ ਇਦਾਂ ਦਾ ਕਿਤੇ ਪੜ੍ਹਿਆ ਸੀ। ਉਸਦਾ ਵੱਸ ਚਲੇ ਤਾਂ, ਉਹ ਹਮੇਸ਼ਾ ਕਿਤਾਬਾਂ ਦੇ ਨਾਲ ਚਿਪਕੀ ਰਹਿ ਸਕਦੀ ਹੈ। ਆਪਣੇ ਲੰਦਨ ਅਤੇ ਇੰਡੀਆਂ ਦੇ ਘਰ ਵਿਚ ਉਸ ਨੇ ਇਕ ਪਰਸਨਲ ਲਾਇਬਰੇਰੀ ਬਣਾ ਰੱਖੀ ਹੈ। ਉਸਨੂੰ ਰੋਮਾਂਟਿਕ, ਬਾਇਓਗ੍ਰਾਫੀ, ਮਿਸਟ੍ਰੀ, ਪਾਮਿਸਟ੍ਰੀ ਆਦਿ ਹਰ ਤਰ੍ਹਾਂ ਦੀਆਂ ਕਿਤਾਬਾਂ ਪੜ੍ਹਨ ਦਾ ਸ਼ੌਕ ਹੈ। ਉਹਨੂੰ ਬੁਕ ਗਿਫਟ ਕਰਨ ਦਾ ਬਹੁਤ ਸ਼ੌਕ ਹੈ।

ਕਿਤਾਬਾਂ ਤੋਂ ਉਸ ਦਾ ਮਨ ਹਟਦਾ ਹੈ, ਤਾਂ ਪੇਂਟਿੰਗ ਵਿਚ ਰੁਝ ਜਾਂਦੀ ਹੈ। ਕਿਤਾਬਾਂ ਦੀ ਤਰ੍ਹਾਂ ਪੇਂਟਿੰਗ ਗਿਫਟ ਕਰਨ ਦਾ ਵੀ ਉਸ ਨੂੰ ਬਹੁਤ ਸ਼ੌਕ ਹੈ। ਉਸ ਨੇ ਗਾਂਧੀ ਜੀ ਦੀ ਇਕ ਬਹੁਤ ਚੰਗੀ ਪੇਂਟਿੰਗ ਡਾਇਰੈਕਟਰ ਵਿਪੁਲ ਸ਼ਾਹ ਨੂੰ ਭੇਂਟ ਕੀਤੀ ਸੀ। ਇਹ ਪੇਂਟਿੰਗ ਮੈਨੂੰ ਬਹੁਤ ਪਸੰਦ ਸੀ। ਉਸ ਨੇ ਮੇਰੇ ਨਾਲ ਵਾਅਦਾ ਕੀਤਾ ਹੈ ਗਾਂਧੀ ਜੀ ਦੀ ਇਕ ਪੇਂਟਿੰਗ ਬਣਾ ਕੇ ਉਹ ਮੈਨੂੰ ਗਿਫਟ ਕਰੇਗੀ। ਅਸਲ ਵਿਚ ਗਾਂਧੀ ਜੀ ਮੈਨੂੰ ਪ੍ਰੇਰਣਾ ਦਾਇਕ ਲਗਦੇ ਹਨ। ਜਿੱਥੋਂ ਤੱਕ ਕੈਟਰੀਨਾ ਦੀ ਗੱਲ ਹੈ ਉਹ ਹੁਣ ਪੂਰੀ ਤਰ੍ਹਾਂ ਨਾਲ ਭਾਰਤ ਦੀ ਹੋ ਚੁੱਕੀ ਹੈ। ਮੈਂ ਖੁਸ਼ ਹਾਂ ਕਿ ਉਸ ਨੇ ਬਾਲੀਵੁੱਡ ਦੀ ਸਿਆਸਤ ਤੋਂ ਖੁਦ ਨੂੰ ਦੂਰ ਰੱਖਿਆ ਹੈ।

ਉਸਦੇ ਕਈ ਦੋਸਤਾਂ ਨੂੰ ਤੁਸੀਂ ਜਾਣਦੇ ਹੋਵੋਗੇ, ਪਰ ਉਸਦੇ ਨੰਨ੍ਹੇ ਦੋਸਤਾਂ ਦੀ ਲਿਸਟ ਵੀ ਬਹੁਤ ਲੰਬੀ ਹੈ। ਬੱਚਿਆਂ ਦੇ ਪ੍ਰਤੀ ਉਸਦਾ ਬਹੁਤ ਲਗਾਵ ਹੈ। ਉਹ ਜਿਸ ਦੇਸ਼ ਵਿਚ ਵੀ ਜਾਂਦੀ ਹੈ, ਉਥੋਂ ਦੇ ਛੋਟੇ ਬੱਚਿਆਂ ਨੂੰ ਆਪਣਾ ਦੋਸਤ ਬਣਾ ਲੈਂਦੀ ਹੈ। ਉਨ੍ਹਾਂ ਨਾਲ ਗੱਲਾਂ ਕਰਨ ਦੇ ਲਈ ਉਸ ਨੇ ਬਾਕਾਇਦਾ ਅਲਗ ਫੋਨ ਰੱਖਿਆ ਹੈ। ਮੈਂ ਹਿੰਦੀ ਨਾ ਦੇ ਬਰਾਬਰ ਸਮਝਦੀ ਹਾਂ, ਪਰ ਅੱਜ ਉਸ ਨੂੰ ਹਿੰਦੀ ਬੋਲਦੇ ਸੁਣਕੇ ਹੈਰਾਨ ਰਹਿ ਜਾਂਦੀ ਹਾਂ। ਮੈਨੂੰ ਸਰਪ੍ਰਾਈਜ਼ ਦੇਣਾ ਤਾਂ ਹੁਣ ਜਿਵੇਂ ਉਸਦੀ ਆਦਤ ਬਣ ਗਈ ਹੈ। ਅਸੀਂ ਸਾਰੇ ਪਰਿਵਾਰ ਦੇ ਮੈਂਬਰ ਲੰਦਨ ਵਿਚ ਕ੍ਰਿਸਮਸ ਦੇ ਮੌਕੇ ਜਰੂਰ ਮਿਲਦੇ ਹਾਂ।

# ਕੁਰਬਾਨ 'ਚ ਕਰੀਨਾ ਤੇ ਸੈਫ ਦੇ ਯਾਦਗਾਰੀ ਰੋਲ

ਨਾ ਫਨਾਅ ਤੇ ਨਾ ਹੀ ਕੁਰਬਾਨ ਖੁਦ ਆਪਣੀ ਜ਼ਮੀਨ 'ਤੇ ਖੜ੍ਹੀ ਹੈ। ਦੋ ਅਜਨਬੀ ਅਵੰਤਿਕਾ (ਕਰੀਨਾ) ਅਤੇ ਅਹਿਸਾਨ (ਸੈਫ) ਇਕ ਕੈਬ ਨੂੰ ਫੜਨ ਦੀ ਕੋਸ਼ਿਸ਼ ਵਿਚ ਇਕ ਦੂਜੇ ਨਾਲ ਟਕਰਾਅ ਜਾਂਦੇ ਹਨ। ਇਕ ਵਾਰ ਫਿਰ ਯੂਨੀਵਰਸਿਟੀ ਵਿਚ ਉਨ੍ਹਾਂ ਦੇ ਰਸਤੇ ਕੱਟ ਜਾਂਦੇ ਹਨ ਤੇ ਪਿਆਰ ਪੁੰਗਰ ਪੈਂਦਾ ਹੈ। ਅਮਰੀਕਾ ਵਿਚ ਆਪਣਾ ਭਵਿੱਖ ਬਣਾਉਣ ਦੀ ਇਛਾ ਵਿਚ ਉਹ ਇਕ ਭਾਰਤੀ ਗੁਆਂਢ ਵਿਚ ਠਹਿਰ ਜਾਂਦੇ ਹਨ ਅਤੇ ਛੇਤੀ ਹੀ ਚੀਜ਼ਾਂ ਰਫਤਾਰ ਫੜਨ ਲੱਗ ਪੈਂਦੀਆਂ ਹਨ। ਅਵੰਤਿਕਾ ਨੂੰ ਅਚਾਨਕ ਸੂਚਨਾ ਮਿਲਦੀ ਹੈ ਜਿਹੜੀ ਉਸਦੇ ਜੀਵਨ ਨੂੰ ਖਤਰੇ ਵਿਚ ਪਾ ਦਿੰਦੀ ਹੈ, ਜਦਕਿ ਅਹਿਸਾਨ ਦੀ ਸ਼ਨਾਖਤ ਵੀ ਪੂਰੀ ਤਰ੍ਹਾਂ ਬਦਲ ਜਾਂਦੀ ਹੈ। ਅਮਰੀਕਾ ਵਿਚ ਇਕ ਅਤਿਵਾਦੀ ਹਮਲੇ ਵਿਚ ਕੈਮਰਾਮੈਨ ਰਿਆਜ਼ (ਵਿਵੇਕ) ਦੇ ਸ਼ਾਮਲ ਹੋਣ ਦੀ ਖ਼ਬਰ ਨਿਊਜ਼ ਨੈੱਟਵਰਕ ਵਿਚ ਆਉਂਦੀ ਹੈ, ਜਦੋਂ ਉਹ ਆਪਣੀ ਗਰਲਫਰੈਂਡ ਨਾਲ ਛੇੜਖਾਨੀ ਕਰਨ ਵਾਲੇ ਦੀ ਭਾਲ ਵਿਚ ਹੁੰਦਾ ਹੈ।

ਕੁਰਬਾਨ ਕਈ ਜਜ਼ਬਾਤੀ ਮੁੱਦਿਆਂ ਨੂੰ ਵੀ ਟੁੰਬਦੀ ਹੈ, ਜਿਵੇਂ ਕਿ 9/11 ਤੋਂ ਬਾਅਦ ਇਸਲਾਮੀ ਕੱਟੜਵਾਦ, ਵਿਸ਼ਵ ਭਰ ਵਿਚ ਮੁਸਲਮਾਨਾਂ ਵਿਰੁਧ ਅਮਰੀਕਾ ਦਾ ਗੁੱਸਾ ਅਤੇ ਸਮਕਾਲੀ 'ਜਿਹਾਦ' ਦਾ ਬਦਲ ਰਿਹਾ ਮੁਹਾਂਦਰਾ। ਫਿਲਮ ਦੇ ਸ਼ੁਰੂ ਤੋਂ ਹੀ ਇਸ ਨੂੰ ਮਸਾਲੇਦਾਰ ਬਣਾਉਣ 'ਤੇ ਧਿਆਨ ਦਿੱਤਾ ਗਿਆ ਹੈ। ਵਿਸ਼ੇ ਵਸਤੂ ਵਲ ਉਸਦਾ ਸਟਾਈਲ ਅਤੇ ਪਹੁੰਚ ਕਾਫੀ ਪੁਖਤਾ ਹੈ ਅਤੇ ਡੂੰਘਾਈ ਨਾਲ ਖੋਜ ਕਹਾਣੀ ਦੀ ਬਣਤਰ ਵਿਚ ਸਹਾਈ ਹੁੰਦੀ ਹੈ। ਮੁੱਖ ਕਹਾਣੀ ਵਿਚ ਹੋਰ ਲਘੂ ਕਹਾਣੀਆਂ ਅਤੇ ਗੀਤ ਫਿਲਮ ਨੂੰ ਰੌਚਕ ਬਣਾਉਣ ਦਾ ਕੰਮ ਬਾਖੂਬੀ ਕਰਦੇ ਹਨ। ਨਿਰਦੇਸ਼ਕ ਰੈਂਸਿਲ



ਡੀ ਸਿਲਵਾ ਇਸਨੂੰ ਯਥਾਰਥਕ ਬਣਾਉਣ ਦਾ ਹਰ ਸੰਭਵ ਯਤਨ ਕਰਦਾ ਹੈ। ਉਸਦੀਆਂ ਪਹਿਲੀਆਂ ਪੇਸ਼ਕਾਰੀਆਂ ਦੇ ਉਲਟ ਕੁਰਬਾਨ ਇਕ ਮੁੱਦਾ ਮੁੱਖੀ ਹੋਣ ਦੀ ਬਜਾਏ ਕਲਪਿਤ ਅਤੇ ਨੰਗੇ ਸੱਚ ਨੂੰ ਪੇਸ਼ ਕਰਦੀ ਹੈ। ਫਿਲਮ ਦੇ ਡਾਇਲਾਗ ਕਾਫੀ ਟੁੰਬਵੇਂ ਅਤੇ ਚੋਟਦਾਰ ਹਨ।

ਅਹਿਸਾਨ ਦੀ ਕਲਾਸ ਵਿਚ ਰਿਆਜ਼ ਅਤੇ ਉਸਦੇ ਅਮਰੀਕੀ ਹਮ-ਜਮਾਤੀ 'ਚ ਬਹਿਸ ਹੁੰਦੀ ਹੈ, ਜਿਸ ਵਿਚ ਅਮਰੀਕੀ ਮੁੰਡਾ ਕਹਿੰਦਾ ਹੈ "ਜੇ ਮੇਰੇ ਦੇਸ਼ ਨੂੰ ਪਸੰਦ ਨਹੀਂ ਕਰਦੇ ਤਾਂ ਇਸਨੂੰ ਛੱਡ ਦਿਓ"। ਇਸ ਜਵਾਬ ਵਿਚ ਰਿਆਜ਼ ਜਵਾਬੀ ਚੋਟ ਕਰਦਾ ਹੈ, "ਯਕੀਨਨ ਅਸੀਂ ਚਲੇ ਜਾਵਾਂਗੇ, ਪਹਿਲਾਂ ਤੁਸੀਂ ਸਾਡਾ ਦੇਸ਼ ਛੱਡੋ।" ਇਸ ਤਰ੍ਹਾਂ ਦੇ ਪਲ ਫਿਲਮ ਨੂੰ ਦੂਜੀਆਂ ਤੋਂ ਵੱਖ ਕਰਦੇ ਹਨ। ਕਰੀਨਾ ਅਤੇ ਸੈਫ ਆਪਣੀਆਂ ਭੂਮਿਕਾਵਾਂ ਵਿਚ ਮਿਸਾਲੀ ਹਨ। ਸੈਫ ਪੂਰੀ ਫਿਲਮ ਵਿਚ ਛਾਇਆ ਹੋਇਆ ਹੈ, ਜਦਕਿ ਕਰੀਨਾ ਦੀ ਮਾਸੂਮੀਅਤ ਉਸ ਦੀਆਂ ਅੱਖਾਂ ਤੋਂ ਝਲਕਦੀ ਹੈ।

# ਬਾਲੀਵੁੱਡ ਨੂੰ 300 ਕਰੋੜ ਦਾ ਨੁਕਸਾਨ

ਬਾਲੀਵੁੱਡ ਦੇ ਫਿਲਮ ਨਿਰਮਾਤਾਵਾਂ ਦੇ ਲਈ 2009 ਵੀ ਚੰਗਾ ਸਾਬਿਤ ਨਹੀਂ ਹੋਇਆ। ਬਾਕਸ ਆਫਿਸ 'ਤੇ ਫਿਲਮਾਂ ਦੇ ਮੂਧੇ ਮੂੰਹ ਡਿੱਗਣ ਕਰਕੇ ਇਸ ਸਾਲ ਹੁਣ ਤਕ 300 ਕਰੋੜ ਰੁਪਏ ਦਾ ਨੁਕਸਾਨ ਹੋ ਚੁਕਿਆ ਹੈ। ਹਾਲਾਂਕਿ ਜਲਦੀ ਹੀ ਰਿਲੀਜ਼ ਹੋਣ ਵਾਲੀਆਂ ਚਾਰ ਵੱਡੀਆਂ ਫਿਲਮਾਂ 'ਤੇ ਇੰਡਸਟਰੀ ਦੀ ਉਮੀਦ ਜਿੰਦਾ ਹੈ।

ਫਨ ਸਿਨੇਮਾ ਦੇ ਸੀ.ਈ.ਓ. ਵਿਸ਼ਾਲ ਕਪੂਰ ਨੇ ਦੱਸਿਆ ਕਿ ਇਹ ਸਾਲ ਨਿਰਮਾਤਾਵਾਂ ਲਈ ਚੰਗਾ ਨਹੀਂ ਰਿਹਾ ਹੈ। ਲਗਭਗ 90 ਪ੍ਰਤੀਸ਼ਤ ਫਾਈਨੈਂਸਰਾਂ ਨੂੰ ਭਾਰੀ ਨੁਕਸਾਨ ਚੁੱਕਣਾ ਪਿਆ ਹੈ। ਜਾਣਕਾਰ ਦੇ ਮੁਤਾਬਿਕ ਇਸਦੇ ਪਿਛੇ ਤਿੰਨ ਕਾਰਨ ਹਨ। ਪਹਿਲੀ ਤਿਮਾਹੀ ਵਿਚ ਫਿਲਮ ਨਿਰਮਾਤਾਵਾਂ ਅਤੇ ਮਲਟੀਪਲੈਕਸ ਮਾਲਿਕਾਂ ਵਿਚ ਹੋਈ ਖਿਚੋਤਾਣ ਦੇ ਕਾਰਨ ਕੋਈ ਫਿਲਮ ਰਿਲੀਜ਼ ਨਹੀਂ ਹੋਈ। ਇਸ ਵਿਚ ਤਿੰਨ ਮਹੀਨੇ ਤਕ ਬਾਕਸ ਆਫਿਸ 'ਤੇ ਕਮਾਈ ਜ਼ੀਰੋ ਰਹੀ। ਦੂਜਾ, ਕਮਾਈ ਨਾ ਹੋਣ ਦੇ ਕਾਰਨ ਲੋਕਾਂ ਨੇ ਬਾਜ਼ਾਰ ਤੋਂ ਜ਼ਿਆਦਾ ਵਿਆਜ ਦਰ 'ਤੇ ਪੈਸਾ ਚੁਕਿਆ। ਸਾਰਵਜਨਕ ਖੇਤਰ ਦੇ ਬੈਂਕਾਂ ਨੇ 14 ਤੋਂ 15 ਅਤੇ ਨਿਜੀ ਫਾਈਨੈਂਸਰਾਂ ਨੇ 18 ਤੋਂ 24 ਫੀਸਦੀ ਵਿਆਜ 'ਤੇ ਇਹ ਰਕਮ ਦਿੱਤੀ ਸੀ। ਫਿਲਮ ਰਿਲੀਜ਼ ਨਾ ਹੋਣ ਦੇ ਬਾਵਜੂਦ ਵੀ ਵਿਆਜ ਅਦਾਇਗੀ ਵਿਚ ਨਿਰਮਾਤਾਵਾਂ ਨੂੰ ਕੋਈ ਰਿਆਇਆ ਨਹੀਂ ਮਿਲੀ। ਮੰਦੇ ਦੇ ਦੌਰ ਵਿਚ ਵੀ ਨਿਰਮਾਤਾਵਾਂ ਵਲੋਂ 'ਬਲੂ' ਅਤੇ 'ਲੰਦਨ ਡਰੀਮ' ਜਿਹੀਆਂ ਫਿਲਮਾਂ ਨੂੰ ਉੱਚੀਆਂ ਕੀਮਤਾਂ 'ਤੇ ਵੇਚਣ ਅਤੇ ਸਿਤਾਰਿਆਂ ਵਲੋਂ ਜ਼ਿਆਦਾ ਮਿਹਨਤਾਨਾ ਲੈਣ ਤੋਂ ਵੀ ਬੁਰਾ ਅਸਰ ਪਿਆ। ਇਹ ਫਿਲਮਾਂ ਆਪਣੀ ਲਾਗਤ ਤੱਕ ਨਹੀਂ ਕੱਢ ਸਕੀਆਂ।



INDIA
CALL ਕਾਲ ਕਰਨ ਲਈ
ਵਧੀਆ ਅਤੇ ਭਰੋਸੇਮੰਦ ਸਰਵਿਸ
GT COMMUNICATION INC.
CRYSTAL CLEAR CONNECTIONS
100 ਘੰਟੇ ਸਿਰਫ 100 ਡਾਲਰ
ਵਿੱਚ ਬਿਨਾਂ ਕਿਸੇ ਪਿਨ ਤੋਂ ਗੱਲ ਕਰੋ
SAME RATES FOR :
England,Canada,Australia,New Zealand, Austria,Holland,Germany,France
NO CONNECTION FEE
NO MONTHLY FEE
NO MAINTENANCE FEE
NO HIDDEN CHARGES
ਹੋਰ ਜਾਣਕਾਰੀ ਲੈਣ ਲਈ ਕੈਲੀਫੋਰਨੀਆ ਦੀ
ਕੰਪਨੀ ਨੂੰ ਟੋਲ ਫਰੀ ਨੰਬਰ 'ਤੇ ਕਾਲ ਕਰੋ
1-800-914-1013




ਰੈਸਟੋਰੈਂਟ, ਰਿਟੇਲ ਸਟੋਰ, ਸੈਲੂਨ
ਅਤੇ ਹੋਰ ਬਿਜ਼ਨਸਾਂ ਲਈ
ਬਿਹਤਰੀਨ ਕੈਸ਼ ਰਜਿਸਟਰ
ਸਾਡਾ ਸਿਸਟਮ ਜਰਮਨੀ ਵਿੱਚ ਬਣਿਆ ਹੋਇਆ ਕਿਊਰੀਅਨ ਕੰਪਨੀ ਦਾ ਹੈ
Sharp ER A-450T for $399.00 + Tax Factory Drop Ship
*Limited Time Offer
Programming not included
For Convenience Store, Billiard Club, Pizza Parlors
Fine Dinning, Fast Food
We are authorized Dealer for Sharp
Touch Screen
with linux
No Windows
No Fans
No Hard Drive to Crash
No Freezing
No Heating up
No Moving Parts
No Headaches
User Friendly
Our Main POS System is the Quorion POS System made in Germany
Think of Speed and Quality
Think of Made in Germany
Designed by: QUIK SIGNS-661-703-8795, 661-900-7357
And with our DVRUNLIMITED COMPANY we offer DVR systems and integration of DVR to POS. Also we have just added POSMB PAYMENT SOLUTIONS for your CREDIT CARD, and DEBIT processing.
Free Training and 12 months of Free Technical Support for every Complete POS System.
ਕਾਲ ਕਰੋ: 916-216-4200 (ਟੋਨੀ ਸੰਧੂ)




DOES WORRIES KEEPING YOU AWAKE!!
WATCH YOUR BUSINESS ANY PLACE ANY TIME
We Install Anywhere in california
We have Wide Range of Quality Cameras
We Have Professional Technicians.
Customer Satisfaction Is Our Priority.
INTEREST FREE LOAN FOR ONE YEAR (for qualifying customers only)
FREE
CASH REGISTER INTERFACE WITH PURCHASE OF OUR DVR SYSTEM
FOR FREE ESTIMATES CALL US TODAY!!
1.800.780.0032
WWW.DVRUNLIMITED.COM